gitized by Panjab Digital Library | www.panjabdigilib.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਟੀਕਾਕਾਰ ਦੀ ਆਗਯਾ ਬਿਨਾਂ ਕੋਈ ਨਾਂ ਛਾਪੇ।

[ਜਿਲਦ] [ਪੰਜਵੀਂ

੧ ੴ ਸਤਿਗੁਰਪ੍ਰਸਾਦਿ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

ਜਿਸ ਵਿਚ

## ਤਿਲੰਗ, ਸੂਹੀ, ਬਿਲਾਵਲ, ਗੌਂਡ ਰਾਗ ਤਕ ਟੀਕਾ ਹੈ।

ਪ੍ਰਕਾਸ਼ਕ


## ਟੀਕਾਕਾਰ ਬਿਸ਼ਨ ਸਿੰਘ ਗਿਆਨੀ

ਮਾਸਟਰ ਖਾਲਸਾ ਕਾਲਜ ਅਮ੍ਰਿਤਸਰ



ਸਰਦਾਰ ਬੁਧ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਦ੍ਵਾਰਾ
'ਸ੍ਰੀ ਗੁਰੁਮਤ ਪ੍ਰੈਸ' ਅਮ੍ਰਿਤਸਰ ਵਿਖੇ ਛਪਿਆ ॥

ਮੱਘਰ ਸੰ: ੧੯੮੭ ਬਿ:, ਨਵੰਬਰ ੧੯੩੦ ਮੋਖ ੫) ਡਾਕ ਖਰਚ ਵਖਰਾ



Digitized by Panjab Digital Library | www.panjabdigilib.org

*Digitized by Panjab Digital Library | www.panjabdigilib.org*

੧ ੴ ਸਤਿਗੁਰਪ੍ਰਸਾਦਿ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

## ਜਿਲਦ ਪੰਜਵੀਂ

## ਤਿਲੰਗ, ਸੂਹੀ, ਬਿਲਾਵਲ, ਗੌਂਡ ਰਾਗ ਤਕ

ਦਾ

## ਅੱਖਰ ਕ੍ਰਮ ਅਨੁਸਾਰ ਤਤਕਰਾ


(ੳ)

ਉਜਲ ਕੈਹਾ ੩੪
ਉਮਕਿਓ ਹੀਉ ੭੧
ਉਰਝਿ ਰਹਿਓ ੧੫੭
ਉਦਮ ਮਤਿ ੩੦੫
ਉਦਮ ਕਰਤ ੩੭੪
ਉਪਮਾ ਜਾਤ ਨ ੪੫੯
ਉਨ ਕਉ ਖਸਮ ੫੬੭
ਊਚੇ ਮੰਦਰ ੨੯੬

(ਅ)

ਅਨਿਕ ਬੀਂਗ ੯੩
ਅਬਿਚਲ ਨਗਰ ੨੪੦
ਅਵਤਰ ਆਇ ੨੭੭
ਅਮਲ ਸਿਰਾਨੋ ੨੭੯
ਅਤੁਲ ੨੯੮
ਅਨਦ ਮੂਲ ੩੧੧
ਅਹੰਬੁਧਿ ੩੫੧
ਅਟਲ ਬਚਨ ੩੬੦
ਅਵਰ ਉਪਾਵ ੩੮੧
ਅਰਦਾਸ ਸੁਣੀ ੩੮੭
ਅਪਣੇ ਬਾਲਕ ੩੯੧
ਅਗਮ ਰੂਪ ੪੦੨
ਅਚੁਤ ਪੂਜਾ ੪੧੦
ਅਪਨਾ ਪ੍ਰਭ ੪੧੭
ਅਪਨੇ ਸੇਵਕ ੪੨੬
ਅਚਰਜ ਕਥਾ ੫੮੧
ਅਸਮੇਧ ਜਗਨੇ ੬੦੩
ਅ ਵਹੁ ਸਜਣਾ ੧੭੭
ਆਵਹੁ ਸੰਤ ਜਨਹ ੨੧੫
ਆਪੇ ਸਬਦ ੨੯੩
ਆਵਹੁ ਸੰਤ ੩੦੮
ਆਪ ਉਪਾਵਨ ੩੨੩
ਆਗੈ ਪਾਛੈ ੪੨੭
ਆਪਹਿ ਮੇਲ ੪੨੯
ਆਪੇ ਆਪ ੪੪੩
ਆਦਿਤਵਾਰ ੪੭੪
ਆਦਿ ਪੁਰਖ ੪੭੯
ਆਕਾਸ ਗਗਨ ੫੮੮
ਆਜ ਨਾਮੇ ੬੧੦
ਐਸੇ ਕਾਹੇ ੪੦੫


Digitized by Panjab Digital Library | www.panjabdigilib.org

| | |
|---|---|
| ਐਸੀ ਕਿਰਪਾ | ੪੨੩ |
| ਐਸੀ ਦੀਖਿਆ | ੪੨੪ |
| ਐਸੋ ਏਹ ਸੰਸਾਰ | ੫੨੯ |
| ਐਸਾ ਹਰਿ | ੫੪੮ |
| ਅੰਤਰਿ ਵਸੈ | ੩੩ |
| ਅਮ੍ਰਿਤ ਬਚਨ | ੧੦੧ |
| ਅੰਦਰ ਸਚਾ | ੧੫੪ |
| ਅੰਤਰ ਪਿਆਸ | ੪੫੪ |
| **(ੲ)** | |
| ਇਹੁ ਤਨ ਮਾਇਆ | ੪ |
| ਇਆਨੜੀਏ | ੬ |
| ਇਹ ਸਾਗਰ | ੩੬੭ |
| ਇਨ ਮਾਇਆ | ੫੩੭ |
| ਏਕ ਕੋਟ | ੨੮੨ |
| ਏਕ ਰੂਪ | ੩੨੨ |
| ਏਕ ਟੇਕ | ੩੬੨ |
| ਏਕਮ ਏਕੰਕਾਰ | ੪੬੫ |
| **(ਸ)** | |
| ਸਭਿ ਆਏ ਹੁਕਮ | ੫੧ |
| ਸਤਿਗੁਰ ਪਾਸ | ੧੧੦ |
| ਸਗਲ ਤਿਆਗ | ੧੨੩ |
| ਸਭ ਅਵਗੁਣ | ੧੨੪ |
| ਸਬਦ ਸਚੈ | ੧੯੪ |
| ਸਤਿਗੁਰ ਪੁਰਖ | ੨੦੬ |
| ਸਹ ਕੀ ਸਾਰ | ੨੮੩ |
| ਸਰਬ ਕਲਿਆਣ | ੩੧੫ |
| ਸਗਲ ਮਨੋਰਥ | ੩੨੯ |
| ਸਰਬ ਨਿਧਾਨ | ੩੩੪ |
| ਸਗਲ ਅਨੰਦ | ੩੩੮ |
| ਸਤਿਗੁਰ ਕਰ ਦੀਨੇ | ੩੪੦ |
| ਸਹਿਜ ਸਮਾਧ | ੩੪੨ |
| ਸ੍ਰਵਨੀ ਸੁਨਉ | ੩੫੯ |
| ਸਰਬ ਸਿਧ | ੩੮੬ |
| ਸਤਿਗੁਰ ਸਬਦ | ੩੯੭ |
| ਸਦਾ ਸਦਾ | ੪੦੮ |
| ਸਤਿਗੁਰ ਪਰਚੈ | ੪੫੧ |
| ਸਖੀ ਆਉ | ੪੯੮ |
| ਸਰੀਰ ਸਰੋਵਰ | ੫੩੮ |
| ਸਫਲ ਜਨਮ | ੫੪੧ |
| ਸਤ ਕਰਤਾ | ੫੫੫ |
| ਸਾਧ ਸੰਗ | ੯੯ |
| ਸਾਜਨ ਪੁਰਖ | ੨੩੧ |
| ਸਾਹਿਬ ਤੇ ਸੇਵਕ | ੨੯੯ |
| ਸਾਂਤ ਪਾਈ | ੩੩੬ |
| ਸਾਧ ਸੰਗਤ | ੩੫੭ |
| ਸਿਮਰ ਸਿਮਰ | ੮੩ |
| ਸਿਮ੍ਰਿਤ ਬੇਦ | ੧੬੫ |
| ਸਿਮਰ ਸਿਮਰ | ੩੭੯ |
| ਸਿਮਰ ਸਿਮਰ | ੩੮੪ |
| ਸਿਮਰਤ ਨਾਮ | ੪੧੦ |
| ਸੁਖ ਸੋਹਿਲੜਾ | ੧੮੯ |
| ਸੁਣ ਬਾਵਰੇ | ੨੨੧ |
| ਸੁਖ ਨਿਧਾਨ | ੩੧੬ |
| ਸੁਨੀਅਤ ਪ੍ਰਭ | ੩੯੪ |
| ਸੁਲਹੀ ਤੇ | ੪੧੨ |
| ਸੂਖ ਮਹਲ | ੭੯ |
| ਸੇਵਾ ਥੋਰੀ | ੭੩ |
| ਸੇ ਸੰਜੋਗ | ੯੭ |
| *ਸੂਹੇ ਵੇਸ | ੨੪੯ |


*ਸੂਹੀ ਦੀ ਵਾਰ ਹੈ ਇਸ ਵਾਰ ਵਿਚ ਬਹੁਤ ਸਾਰਾ ਹਾਲ ਮਨਮੁਖ ਇਸਤ੍ਰੀ ਦਾ ਤੇ ਜਗਤ ਰਚਨਾ ਦਾ ਹੈ

Digitized by Panjab Digital Library | www.panjabdigilib.org

(ਬ)


| | |
|---|---|
| ਬਹਤੀ ਜਾਤ | ੯੮ |
| ਬਾਜੀਗਰ ਜੈਸੇ | ੬੫ |
| ਬਿਖੈ ਬਨ ਫੀਕਾ | ੩੨੦ |
| ਬਿਨੁ ਸਾਧੂ ਜੋ | [illegible]੫੩ |
| *ਇਨੁ ਹਰਿ ਕਾਮਿ ਨ | ੩੯੮ |
| ਬਿਨ ਭੈ ਭਗਤੀ | ੪੨੮ |
| ਬਿਦਿਆ ਨ ਪੜਉ | ੫੩੦ |
| ਬੁਰੇ ਕਾਮ ਕਉ | ੭੫ |
| ਬੇਦ ਕਤੇਬ | ੨੮ |
| ਬੇੜਾ ਬੰਧ | ੨੮੯ |
| ਬੈਕੁੰਠ ਨਗਰ | ੯੨ |
| ਬੋਲਹੁ ਭਈਆ | ੩੧੨ |
| ਬੰਧਨ ਕਾਟੇ | ੩੬੮ |
| ਬੰਧਨ ਕਾਟੇ | ੩੭੨ |


(ਭ)


| | |
|---|---|
| ਭਉ ਤੇਰਾ ਭਾਂਗ | ੩ |
| ਭਲੀ ਸੁਹਾਵੀ | ੧੦੪ |
| ਭਰਿ ਜੋਬਨਿ | ੧੭੨ |
| ਭਗਤ ਜਨਾ ਕੀ | ੧੯੧ |
| ਭਵ ਸਾਗਰ | ੫੭੫ |
| ਭਾਂਡਾ ਧੋਇ ਬੈਸ | ੩੨ |
| ਭਾਂਡਾ ਹਛਾ ਸੋਇ | ੩੯ |
| ਭਾਗਠੜੇ ਹਰਿ | ੧੧੮ |
| ਭਾਗ ਸੁਲਖਣਾ | ੪੯੬ |
| ਭੁਜਾ ਬਾਂਧਿ | ੫੮੯ |


*ਇਸ ਪਾਠ ਵਿਚ ਗਲਤੀ ਨਾਲ ਬਿਨ ਦੀ ਥਾਂ ਇਨ ਛਪਿਆ ਹੈ ਸੋ ਪਾਠਕ ਪ੍ਰੇਮੀ ਸੋਧ ਲੈਣ ॥


| | |
|---|---|
| ਭੂਲੇ ਮਾਰਗ | ੩੨੪ |
| ਭੈ ਸਾਗਰੋ ਭੈ | ੨੩੮ |
| ਭੈ ਤੇ ਉਪਜੈ | ੩੬੯ |
| ਭੈਰਉ ਭੂਤ | ੬੦੯ |
| ਮਨ ਰਾਮ ਨਾਮ | ੪੫ |
| ਮਹਾ ਅਗਨਿ | ੧੧੬ |
| ਮਨਹੁ ਨ ਨਾਮ | ੧੩੩ |
| ਮੰਨ ਮੰਦਰ | ੨੯੨ |
| ਮਮਤਾ ਮੋਹ | ੩੩੬ |
| ਮਨ ਮਹਿ | ੩੩੯ |
| ਮਹਾ ਤਪਤ | ੩੬੪ |
| ਮਨ ਤਨ | ੩੮੩ |
| ਮਰ ਮਰ ਜਨਮੇ | ੩੯੦ |
| ਮਨ ਕਿਆ ਕਹਿਤਾ | ੪੦੩ |
| ਮਨ ਤਨ ਰਸਨਾ | ੪੦੬ |
| ਮਨ ਤਨ ਅੰਤਰ | ੪੦੮ |
| ਮਨ ਕਾ ਕਹਿਆ | ੪੩੮ |
| ਮਾਣਸ ਜਨਮ | ੧੨੯ |
| ਮਾਰੇਹਿ ਸੁ, ਵੇ, ਜਨ, | ੨੧੯ |
| ਮਾਤ ਪਿਤਾ | ੩੨੬ |
| ਮਾਤ ਗਰਭ | ੩੩੨ |
| ਮਾਤ ਪਿਤਾ | ੩੩੩ |
| ਮਾਟੀ ਤੇ ਜਿਨ | ੩੬੧ |
| ਮਿਹਰਵਾਨ ਸਾਹਿਬ | ੧੫ |
| ਮਿਥਨ ਮੋਹ | ੧੫੯ |
| ਮਿਠਬੋਲੜਾ ਜੀ | ੨੪੬ |
| ਮ੍ਰਿਤ ਮੰਡਲ | ੩੪੩ |
| ਮਿਰਤ ਹਸੈ | ੩੪੯ |
| ਮੀਰਾਂ ਦਾਨਾਂ | ੧੭ |
| ਮੀਤ ਸਾਜਨ | ੯੧ |
| ਮੀਤ ਹਮਾਰੇ | ੩੮੭ |


Digitized by Panjab Digital Library | www.panjabdigilib.org

| | |
|---|---|
| ਮੁਕੰਦ ਮੁਕੰਦ | ੬੧੩ |
| ਮੂ ਲਾਲਨ | ੪੧੯ |
| ਮੇਰਾ ਮਨ ਰਾਤਾ | ੧੮੩ |
| ਮੇਰੇ ਮੋਹਨ | ੩੯੨ |
| ਮੇਰਾ ਹਰਿ ਪ੍ਰਭ | ੪੮੯ |
| ਮੈ ਅੰਧੁਲੇ ਕੀ | ੨੯ |
| ਮੈ ਮਨ ਤੇਰੀ | ੩੧੮ |
| ਮੈ ਨਾਹੀ | ੪੨੧ |
| ਮੈ ਮਨ ਤਨ | ੪੫੬ |
| ਮੈ ਮਨ ਚਾਉ | ੪੮੭ |
| ਮੋਹਿ ਨਿਰਗੁਨ | ੩੩੦ |
| ਮੋਹਨ ਨੀਦ | ੬੩੦ |
| ਮੋਰੀ ਅਹੰ | ੪੩੧ |
| ਮੋਕਉ ਤਾਰਿਲੇ | ੬੦੫ |
| ਮੋਹਿ ਲਾਗਤੀ | ੬੦੬ |
| ਮੰਦ ਕਚਜੀ | ੧੬੭ |
| ਮੁੰਧ ਨਵੇਲੜੀਆ | ੪੮੪ |
| ਮੰਗਲ ਸਾਜ | ੪੯੩ |
| **(ਯ)** | |
| ਯਕ ਅਰਜ | ੧ |

| | |
|---|---|
| **(ਰ)** | |
| ਰਹਣ ਨ ਪਾਵਹਿ | ੮੧ |
| ਰਾਮ ਮੰਡਲ | ੧੦੯ |
| ਰਾਖਹੁ ਆਪਣੀ | ੩੪੭ |
| ਰਾਖ ਲੀਏ | ੩੯੫ |
| ਰਾਖ ਲੀਏ | ੪੨੧ |
| ਰਾਖ ਸਦਾ ਪ੍ਰਭ | ੪੨੬ |
| ਰਾਖਲੇਹੁ | ੫੩੪ |
| ਰਾਮ ਰਾਮ ਸੰਗ | ੫੬੬ |
| ਰੋਗ ਗਇਆ | ੩੩੯ |
| ਰੋਗ ਮਿਟਾਇਆ | ੩੮੯ |
| **(ਲ)** | |
| ਲਾਲਨ ਰਾਵਿਆ | ੭੭ |
| ਲਾਲ ਰੰਗ | ੩੪੬ |
| ਲੋਭ ਮੋਹ | ੮੫ |
| ਲੋਕਨ ਕੀਆ | ੩੪੪ |
| **(ਵ)** | |
| ਵਿਸਰਹਿ ਨਾਹੀ | ੧੧੨ |


## ਨੋਟ

**ਚੌਥੀ ਸੈਂਚੀ** ਦੇ ਤਤਕਰੇ ਵਿਚ (ਨਿ ਦੇ (ਨਿਰਗੁਨਿਆਨੋ) ੪੨੨ ਦੀ ਥਾਂ ੨੪੨ ਗਲਤੀ ਨਾਲ ਛਪ ਗਿਆ ਹੈ ਗੁਣੀ ਜਨ ਭੁਲ ਸੋਧ ਲੈਣ ॥

ਬਿਸ਼ਨ ਸਿੰਘ ਗਜਾਨੀ

—੦—

Digitized by Panjab Digital Library | www.panjabdigilib.org

# ਤਿਲੰਗ, ਸੂਹੀ, ਬਿਲਾਵਲ, ਗੌਂਡ ਰਾਗ

ਦਾ

# ਭਾਵਾਰਥ ਤਤਕਰਾ


| | |
|---|---|
| **(ਅ)** | |
| ਆਦਮੀ ਅਤੇ ਪਸ਼ੂ | ੫੮੭ |
| ਅੰਨ (ਅਨਾਜ) | ੬੦੧ |
| **(ਸ)** | |
| ਸਤੀਆਂ | ੨੫੭ |
| ਸੰਤ | ੫੭੭-੫੮੬ |
| **(ਹ)** | |
| ਹਰਿ ਧਨ | ੫੬-੫੨੧ |
| **(ਕ)** | |
| ਕਲਜੁਗ (ਚਾਰ ਜੁਗ) | ੩੦੦ |
| ਕਾਇਆਂ | ੧੩੮ |
| ਕਾਮ ਆਦਿਕ | ੫੬੮ |
| **(ਗ)** | |
| ਗੁਰੂ | ੫੬੨ |
| **(ਜ)** | |
| ਜੀਵ ਪ੍ਰਮੇਸਰ ਦਾ ਰੂਪ ਹੈ | ੫੮੧ |
| **(ਤ)** | |
| ਤੀਰਥ | ੨੬੫ |
| **(ਧ)** | |
| ਧਰਮ ਰਾਜਾ | ੨੮੩ |
| **ਨ** | |
| ਨੀਚ ਜਾਤੀ | ੫੩ |
| ਨਿੰਦਕ | ੫੮੫-੬੧੫ |
| **ਪ** | |
| ਪਥਰ | ੭੬ |
| ਭਗਤ | ੪-੫੦੯-੫੪੩ |
| **ਮ** | |
| ਮਾਇਆ | ੫੩੭-੫੯੪ |
| **ਵ** | |
| ਵਟਨ | ੩੧੦ |
| ਵੇਦ | ੨੭੨ |


**ਤਤਕਰਾ ਸਮਾਪਤ**

**ਜਿਲਦ ਪੰਜਵੀਂ**

ਟੀਕਾਕਾਰ ਬਿਸ਼ਨ ਸਿੰਘ ਗਿਆਨੀ
- ਖਾਲਸਾ ਕਾਲਜ ਅੰਮ੍ਰਿਤਸਰ

Digitized by Panjab Digital Library | www.panjabdigilib.org

# ਜਰੂਰੀ ਬੇਨਤੀ

ਪਿਆਰੇ ਪ੍ਰੇਮੀ ਪਾਠਕੋ ਜੇ ਕੋਈ ਸਜਣ ਆਪ ਨੂੰ ਇਹ ਆਖੇ ਕਿ ਗਿਆਨੀ ਬਿਸ਼ਨ ਸਿੰਘ ਨੇ ਹੁਣ ਅਗੇ ਦੋ ਜਿਲਦਾਂ ਨਹੀਂ ਛਾਪਣੀਆਂ ਤਾਂ ਤੁਸਾਂ ਸੱਚ ਨ ਸਮਝਣਾਂ ਇਹ ਸਜਣ ਤੁਹਾਨੂੰ ਧੋਖਾ ਦੇਂਦਾ ਹੋਵੇਗਾ ਜਰੂਰ ਜਰੂਰ ਦੋ ਜਿਲਦਾਂ ਛੇਤੀ ਤੋਂ ਛੇਤੀ ਛਪਣਗੀਆਂ ਆਪ ਹੌਸਲਾ ਰਖੋ ਧੀਰਜ ਕਰੋ ਇਹ ਕੰਮ ਕਾਹਲੀ ਦਾ ਨਹੀਂ ਹੈ ਬੜਾ ਭਾਰਾ ਜੁਮੇਵਾਰੀ ਦਾ ਕੰਮ ਹੈ ਅਰ ਬਹੁਤ ਰੁਪਏ ਦਾ ਖਰਚ ਹੈ ॥

ਸੋ ! ਆਪਨੂੰ ਧੀਰਜ ਰਖਣੀ ਚਾਹੀਦੀ ਹੈ ॥

ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ
ਅਮ੍ਰਿਤਸਰ

Digitized by Panjab Digital Library | www.panjabdigilib.org

ਸੋਹਿਲੜਾ ਹਰਿ ੨੦੪
ਸੋਈ ਮਲੀਨ ੩੬੫
ਸੰਤ ਪ੍ਰਸਾਦਿ ੧੦੦
ਸੰਤਾ ਕੇ ਕਾਰਜ ੨੪੩
ਸੰਤਨ ਕੈ ੩੯੫
ਸੰਤ ਸਰਨ ੪੦੩
ਸੁੰਦਰ ਸਾਂਤ ੫੦੨
ਸੰਤ ਕਾ ਲੀਆ ੫੭੭
ਸੰਤਨ ਕੈ ੫੮੨
ਸੰਤ ਮਿਲੈ ੫੮੬


## ( ਹ )


ਹਰਿ ਕੀਆ ਕਥਾ ੨੧
ਹਰਿ ਜਸੁ ਰੇ ੨੭
ਹਲੇ ਯਾਰਾ ੩੦
ਹਰਿ ਹਰਿ ਨਾਮ ੪੬
ਹਰਿ ਨਾਮਾ ਹਰਿ ਰੰਙ ਹੈ ੪੭
ਹਰਿ ਹਰਿ ਕਰਹਿ ੪੯
ਹਰਿ ਕ੍ਰਿਪਾ ਕਰੈ ੫੧
ਹਰਿ ਕਾ ਸੰਤ ੧੦੬
ਹਰਿ ਜੀ ਸੂਖਮ ੧੪੮
ਹਮ ਘਰ ਸਾਜਨ ੧੭੫
ਹਰਿ ਹਰੇ ਹਰਿਗੁਣ ੧੯੯
ਹਰਿ ਪਹਿਲੜੀ ਲਾਵ ੨੦੯
ਹਰਿ ਚਰਨ ੨੨੪
ਹਰਿ ਜਪੇ ਹਰਿ ਮੰਦਰ ੨੩੫
ਹਮ ਮੂਰਖ ੩੦੬
ਹਮਰਾ ਚਿਤ ੩੦੭
ਹਰਿ ਭਗਤਾ ਕਾ ੩੭੧
ਹਰਿ ਹਰਿ ਹਰਿ ੩੮੦
ਹਰਿ ਹਰਿ ਨਾਮ ੩੯੯
ਹਰਿ ਕੇ ਚਰਨ ੪੨੦
ਹਰਿ ਕੇ ਨਾਮ ੪੩੩
ਹਰਿ ਹਰਿ ਨਾਮ ੪੪੫
ਹਰਿ ਪ੍ਰਭੁ ੪੯੧
ਹਰਿ ਖੋਜਹੁ ੫੦੪
ਹਰਿ ਉਤਮ ੫੦੬
ਹਰਿ ਸਿਮਰਤ ੫੪੯
ਹਰਿ ਅੰਤਰਜਾਮੀ ੫੫੨
ਹਰਿ ਦਰਸਨ ਕਉ ੫੫੩
ਹਰਿ ਹਰਿ ਨਾਮ ੫੭੭
ਹਰਿ ਹਰਿ ਕਰਤ ੬੦੪


## (ਕ)


ਕਰਤੇ ਕੁਦਰਤੀ ੧੬
ਕਉਣ ਤਰਾਜੀ ੪੪
ਕਵਨ ਕਾਜ ੮੨
ਕਰਮ ਧਰਮ ੧੧੩
ਕਚਾ ਰੰਗ ੧੨੬
ਕਰਿ ਕਿਰਪਾ ੨੩੩
ਕਵਨ ਜਾਨੈ ੩੩੧
ਕਵਨ ਸੰਜੋਗ ੩੩੫
ਕਵਨ ਕਵਨ ੩੭੩
ਕਰ ਧਰ ਮਸਤਕ ੩੮੨
ਕਲ ਕਲੇਸ ੫੬੯
ਕਰਿ ਕਿਰਪਾ ੫੭੩
ਕਰ ਨਮਸਕਾਰ ੫੮੩
*ਕਾਇਆ ਕਾਮਣਿ ੧੩੮


*ਦੇਖੋ ਕਾਇਆਂ ਦੀ ਬਾਬਤ ਚੌਥੀ ਸੈਂਚੀ ਦਾ ਦੂਸਰਾ ਹਿਸਾ ਸਫਾ ੧੩੮ ਓਹ ਭਗਤ ਜੀ ਦਾ ਸ਼ਬਦ ਹੈ॥

Digitized by Panjab Digital Library | www.panjabdigilib.org

ਕਾਹੂ ਸੰਗ ਨ ੩੪੧
ਕਿਆ ਗੁਣ ਤੇਰੇ ੭੨
ਕਿਆ ਹਮ ਜੀਅ ੪੦੧
ਕੀਤਾ ਕਰਣਾ ੬੪
ਕੀਤਾ ਲੋੜਹਿ ੬੭
ਕੀਤਾ ਲੋੜਹਿ ੩੫੬
ਕੂਟਨ ਸੋਇ ਜੁ ੫੯੯
ਕੋਈ ਆਣ ਮਿਲਾਵੈ ੧੫੦
ਕੋਊ ਹਰਿ ਸਮਾਨ ੫੩੪

(ਖ)

ਖਤ੍ਰੀ ਬ੍ਰਾਹਮਣ ੩੧੦
ਖਸਮ ਮਰੈ ੫੯੪
ਖਾਕ ਨੂਰ ਕਰਦੰ ੧੩
ਖੋਜਤ ਖੋਜਤ ੩੭੭

(ਗ)

ਗੁਰਮਤਿ ਨਗਰੀ ੫੦
ਗੁਰ ਕੈ ਬਚਨ ੮੪
ਗੁਰ ਪ੍ਰਮੇਸਰ ੮੮
ਗੁਰ ਅਪਨੇ ੮੯
ਗੁਣ ਗੋਪਾਲ ੯੨
ਗੁਰ ਪੂਰੇ ੯੬
ਗੁਰਮੁਖ ਹਰਿ ੨੧੪
ਗੁਰ ਸੰਤ ਜਨੋ ੨੧੭
ਗੁਰ ਬਚਨੀ ੨੯੫
ਗੁਰਮੁਖ ਪ੍ਰੀਤ ੩੦੨
ਗੁਰ ਪੂਰਾ ੩੨੭
ਗੁਰ ਕਾ ਸ਼ਬਦ ੩੨੮
ਗੁਰ ਪੂਰਾ ੩੮੮
ਗੁਰ ਪੂਰੈ ੪੦੭
ਗੁਰਮੁਖ ਅਗਮ ੪੪੮
ਗੁਰ ਕੀ ਮੂਰਤਿ ੫੬੨
ਗੁਰੂ ਗੁਰੂ ਗੁਰ ੫੬੪
ਗੁਰ ਮੇਰੀ ਪੂਜਾ ੫੬੫
ਗੁਰ ਕੇ ਚਰਨ ੫੭੦
ਗ੍ਰਿਹ ਵਸ ੬੯
ਗ੍ਰਿਹ ਤਜ ੫੩੧
ਗ੍ਰਿਹ ਸੋਭਾ ੫੯੫
ਗੋਬਿੰਦਾ ਗੁਣ ੧੦੨
ਗੋਬਿੰਦਾ ਗੁਣ ੨੨੬
ਗੋਬਿੰਦ ਗੋਬਿੰਦ ੪੦੦
ਗੋਬਿੰਦ ਸਿਮਰ ੪੧੮

(ਘ)

ਘਰਕਾ ਕਾਜ ੧੦੦
ਘਰ ਮਹਿ ਠਾਕਰ ੭੬
ਘਟ ਘਟ ਅੰਤਰ ੮੩

(ਚ)

ਚਰਨ ਭਏ ੩੫੨
ਚਰਨ ਕਮਲ ੫੪੦
ਚੇਤਨਾ ਹੈ ਤਉ ੨੫

(ਜ)

ਜਪ ਤਪ ਕਾ ੩੭
ਜਬ ਕਿਛੁ ਨ ੧੧੭
ਜਲ ਢੋਵਉ ੩੬੬
ਜਗ ਕਊਆ ੪੪੦
ਜਨਮ ਮਰਨ ੫੩੯
ਜਾਗ ਲੇਹੁ ਰੇ ੨੬
ਜਾਕੈ ਦਰਸਿ ੮੦


Digitized by Panjab Digital Library | www.panjabdigilib.org

ਜਾ ਤੂ ਤਾ ਮੈ ੧੬੯
ਜਾਮੈ ਭਜਨ ੪੩੪
ਜਾਕੈ ਸੰਗ ੫੬੫
ਜਾਕਉ ਰਾਖੈ ੫੭੯
ਜਿਨ ਕੀਆ ਤਿਨ ੧੮
ਜਿਨ ਕਉ ਭਾਂਡੇ ੩੮
ਜਿਹਵਾ ਹਰਿ ੫੨
ਜਿਥੈ ਹਰਿ ਅਰਾਧੀਐ ੫੬
ਜਿਸਨੋ ਹਰਿ ੫੮
ਜਿਨਕੈ ਅੰਤਰ ੬੨
ਜਿਨ ਮੋਹੇ ੧੦੭
ਜਿਸਕੈ ਸਿਰ ੧੨੨
ਜਿਉ ਆਰਣਿ ੧੩੧
ਜਿਨ ਡਿਠਿਆ ੧੬੧
ਜਿਨ ਕੀਆ ਤਿਨ ੧ .੦
ਜਿਸ ਊਪਰ ੩੩੮
ਜਿਨ ਤੂੰ ਬੰਧ ੩੭੫
ਜਿਸਤੇ ਉਪਜਿਆ ੪੧੪
ਜਿਉ ਭਾਵੈ ਤਿਉ ੪੨੫
ਜਿਹ ਕੁਲ ੫੪੨
ਜਿਤਨੇ ਸਾਹ ੫੫੧
ਜੀਵਤ ਮਰੈ ਬੁਝੈ ੮੭
ਜੀਅ ਜੰਤ ੩੭੮
ਜੀਅ ਜੁਗਤ ੩੮੪
ਜੀਵਉ ਨਾਮ ੪੨੯
ਜੀਅ ਪ੍ਰਾਨ ਕੀਏ ੫੫੭
ਜੁਗ ਚਾਰੇ ਧਨ ੧੯੬
ਜੇ ਭੁਲੀ ਜੇ ਚੁਕੀ ੧੬੪
ਜੇ ਲੋੜਹਿ ਵਰ ੨੦੧
ਜੇ ਮਨ ਚਿਤ ੫੪੬
ਜੇ ਓਹ ਅਠਸਠ ੬੧੪
ਜੈਸੀ ਮੈ ਆਵੈ ੯
ਜੈਸੇ ਮੰਦਰ ਮਹਿ ੫੯੮
ਜੋਗੀ ਹੋਵੈ ਜੋਗਵੈ ੪੧
ਜੋਗ ਨ ਖਿੰਥਾ ੪੨
ਜੋ ਕਿਛ ਕਰੈ ੧੧੫
ਜੋ ਦੀਸੈ ਗੁਰ ਸਿਖੜਾ ੧੭੦
ਜੋ ਦਿਨ ਆਵਹਿ ੨੮੫

(ਟ)

ਟਹਲ ਕਰਉ ੩੫੫

(ਡ)

ਡੰਡਾ ਮੁੰਦਾ ੫੩੬

(ਤ)

ਤਉ ਮੈ ਆਇਆ ੧੦੯
ਤਪਿ ਤਪਿ ੨੮੭
ਤਨ ਮਨ ਧਨ ੩੨੫
ਤਨ ਧਨ ਜੋਬਨ ੪੧੬
ਤਾਪ ਸੰਤਾਪ ੩੪੧
ਤਾਤੀ ਵਾਉ ੩੯੦
ਤ ਪ ਲਾਹਿਆ ੩੯੬
ਤਾਪ ਪਾਪ ਤੇ ੪੧੩
ਤਿਨੀ ਅੰਤਰਿ ੫੪
ਤਿਸ ਬਿਨ ੧੦੨
ਤ੍ਰਿਸਨ ਬੁਝੀ ੩੭੦
ਤੁਧ ਬਿਨ ਦੂਜਾ ੧੪
ਤੁਧ ਚਿਤ ਆਏ ੧੨੧
ਤੁਮ ਸਮਰਥਾ ੪੨੨
ਤੂੰ ਕਰਤਾ ੬੧
ਤੂੰ ਜੀਵਨ ੭੮


Digitized by Panjab Digital Library | www.panjabdigilib.org

ਤੂੰ ਠਾਕਰੋ ੨੨੮
ਤੂ ਸੁਲਤਾਨ ੨੯੦
ਤੂਟੇ ਤਾਗੇ ੫੯੩
ਤੇਰੇ ਕਵਨ ੫੯
ਤੇਰਾ ਭਾਣਾ ੧੧੧

(ਥ)

ਥਰਹਰ ਕੰਪੈ ੨੭੮
ਥਾਕੇ ਨੈਨ ੨੮੧

(ਦ)

ਦਰਸਨ ਦੇਖ ੯੦
ਦਰਸਨ ਕਉ ੧੦੩
ਦਰਸਨ ਦੇਖਤ ੪੧੫
ਦਰ ਮਾਂਦੇ ਠ ਢੇ ੫੩੫
ਦਾਸ ਤੇਰੇ ਕੀ ੩੮੫
ਦਾਰਦ ਦੇਖ ੫੪੧
ਦੀਨ ਛਡਾਇ ੯੪
ਦੁਨੀਆ ਨ ਸਾਲਾਹਿ ੧੪੧
ਦੁਖ ਹਰਤਾ ੪੩੨
ਦੋਸ ਨ ਕਾਹੂ ੩੪੮
ਦੋਵੈ ਥਾਵ ਰਖੇ ੪੧੪

(ਧ

ਧਨ ਸੋਹਾਗਨਿ ੬੮
ਧਰਤਿ ਸੁਹਾਵੀ ੩੮੯
ਧ੍ਰਿਗ ਧ੍ਰਿਗ ੨੯੬
ਧੀਰਉ ਦੇਖਿ ੪੦੯
ਧੂਪ ਦੀਪ ੫੭੧
ਧੰਨ ਗੁਪਾਲ ੬੦੧

ਨਦਰੀ ਆਵੈ ੩੧੩
ਨਰੂ ਮਰੈ ੫੮੭
ਨਾਮੈ ਹੀ ਤੇ ਸਭੁ ੧੩੫
ਨਾਮ ਸੰਗ ਕੀਨੋ ੫੫੯
ਨਾਮ ਨਿਰੰਜਨ ੫੭੮
ਨਾ ਇਹ ਮਾਨਸ ੫੯੦
ਨਾਦ ਭ੍ਰਮੈ ਜੈਸੇ ੬੦੪
ਨਿਤ ਨਿਹਫਲ ੧੧
ਨਿੰਦਕ ਐਸੇ ੪੦੪
ਨਿਕਟ ਵਸੈ ੪੩੫
ਨਿਤ ਉਠ ੫੩੨
ਨ੍ਰਿਪ ਕੰਨਿਆ ੫੪੪
ਨਿਮਾਨੇ ਕਉ ਜੋ ੫੬੦
ਨੀਚ ਜਾਤਿ ੫੩

(ਪ)

ਪ੍ਰਭ ਜੀ ਤੂੰ ੩੯੩
ਪ੍ਰਭ ਜਨਮ ੪੬੧
ਪ੍ਰਾਤਹਕਾਲ ੯੫
ਪਾਰਬ੍ਰਹਮ ੧੧੯
ਪਾਣੀ ਪੱਖਾ ੩੫੮
ਪਾਰਬ੍ਰਹਮ ਪ੍ਰਭ ੪੧੮
ਪਿੰਗਲ ਪਰਬਤ ੩੫੦
ਪ੍ਰੀਤ ਪ੍ਰੀਤ ਗੁਰੀਆ ੧੦੭
ਪੂਰਾ ਥਾਟ ੩੦੦
ਪੂਰੇ ਗੁਰ ਤੇ ੩੦੩
ਪੂਰੇ ਗੁਰ ਕੀ ੪੧੨
ਪੇਖਤ ਚਾਖਤ ੮੬

(ਫ)

ਫਾਕਿਓ ਮੀਨ ੫੫੬


Digitized by Panjab Digital Library | www.panjabdigilib.org

## ਰਾਗੁ ਤਿਲੰਗ ਮਹਲਾ ੧ ਘਰੁ ੧

## ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
## ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਬਾਬਾ ਕਾਲੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੌਲਵੀ ਪਾਸ ਪੜ੍ਹਨ ਬੈਠਾਇਆ, ਸਾਰਿਆਂ ਇਲਮਾਂ ਦੇ ਮਾਲਕ ਨੂੰ ਮੌਲਵੀ ਫਾਰਸੀ ਪੜ੍ਹਾਉਣ ਲਗਾ ਗੁਰੂ ਜੀ ਆਪ ਹੀ ਸਭ ਕੁਛ ਪੜ੍ਹੇ ਹੋਏ ਸਨ ਜੋ ਕੁਝ ਮੌਲਵੀ ਪੜ੍ਹਾਵੇ ਗੁਰੂ ਜੀ ਛੇਤੀ ਨਾਲ ਸੁਣਾ ਦੇਣ ਮੌਲਵੀ ਬੜਾ ਹੈਰਾਨ ਹੁੰਦਾ। ਇਕ ਦਿਨ ਗੁਰੂ ਜੀ ਨੇ ਸੰਸਾਰ ਨੂੰ ਮਿਥਿਆ ਦਸਦਿਆਂ ਹੋਇਆਂ ਮੌਲਵੀ ਨੂੰ ਉਪਦੇਸ਼ ਦੇਕੇ ਨਿਹਾਲ ਕੀਤਾ॥

ਯਕ=ਇਕ। ਗੁਫਤਮ=ਕਹਿੰਦਾ ਹਾਂ ਮੈਂ। ਪੇਸ਼=ਅਗੇ। ਦਰ=ਵਿਚ। ਗੋਸ=ਕੰਨ। ਕੁਨ=ਕਰ ਭਾਵ ਸੁਣ। ਹਕ=ਸਚ। ਕਬੀਰ=ਵਡਾ। ਫਾਨੀ=ਨਾਸ। ਅਜਰਾਈਲ=ਫਰੇਸ਼ਤਾ। ਗਿਰਫਤਹ=ਫੜਨਾ। ਹੇਚ=ਕੁਛ ਨਹੀਂ। ਦਾਨੀ=ਜਾਣੀ। ਜਨ=ਇਸਤ੍ਰੀ। ਪਿਸਰ=ਪੁਤ੍ਰ। ਪਦਰ=ਪਿਓ। ਕਸ=ਕਿਸੇ। ਨੇਸ=ਨਹੀ। ਬਿਅਫਤਮ=ਡਿੱਗਣਾਮੇਰਾ। ਚੂ=ਜਦੋਂ। ਸਵਦ=ਹੋਵੇਗਾ। ਸਬ=ਰਾਤ। ਗਸਤਮ=ਬੀਤਦੇ ਹਨ। ਦਰ=ਅੰਦਰ। ਹਵਾ=ਵਾਸ਼ਨਾ। ਗਾਹੇ=ਕਦੀ। ਮਮ=ਮੇਰਾ। ਈ=ਇਕੁਰ। ਚਿਨੀ=ਜੈਸਾ। ਬਦ=ਮਾੜਾ। ਬਖਤ=ਨਸੀਬ॥ ਹਮ=ਵੀ। ਚੁ=ਇੱਕੁਰ। ਬਖੀਲ=ਈਰਖਾ ਵਾਲਾ। ਗਾਫਲ=ਬੇਖਬਰ। ਬੇ ਨਜ਼ਰ=ਭਲੇ ਬੁਰੇ ਨੂੰ ਨਹੀਂ ਵੇਖਦਾ ਹੈ। ਬੇਬਾਕ=ਡਰ ਤੋਂ ਬਿਨਾ।

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥**
**ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥**

ਹੇ ਪ੍ਰਮੇਸਰ ਮੈਂ ਤੇਰੇ ਅਗੇ ਇਕ ਬੇਨਤੀ ਕਰਦਾ ਹਾਂ ਤੂੰ ਕੰਨਾਂ ਵਿਚ ਸੁਣ ਤੂੰ ਸਚਾ, ਵਡਾ, ਕਿਰਪਾਲੂ, ਐਬਾਂ ਤੋਂ ਬਿਨਾ ਸਾਰਿਆਂ ਦੀ ਪਾਲਕ ਕਰਨ ਵਾਲਾ ਹੈਂ ॥

Digitized by Panjab Digital Library | www.panjabdigilib.org

**ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚ ਨ ਦਾਨੀ ॥ ੧ ॥ ਰਹਾਉ ॥**

ਇਹ ਜੇਹੜਾ ਦੁਨੀਆਂ ਵਿਚ ਰਹਿਣਾ ਹੈ ਸੋ ਨਾਸ ਰੂਪ ਹੈ ਭਾਵ ਜੀਵਣਾ ਝੂਠਾ ਹੈ ਨਿਸਚੇ ਕਰਕੇ ਦਿਲ ਵਿਚ ਇਹ ਗਲ਼ ਜਾਣੀ ਹੈ। ਮੇਰੇ ਸਿਰ ਦੇ ਵਾਲ ਜਮ ਨੇ ਫੜੇ ਹੋਏ ਹਨ ਪਰ ਮੇਰੇ ਦਿਲ ਨੇ ਇਹ ਗਲ ਕੁਛ ਨਹੀਂ ਜਾਣੀ ਹੈ ॥

**ਜਨ ਪਿਸਰ ਪਦਰ ਬਿਰਾਦਰਾ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥**

ਇਸਤ੍ਰੀ, ਪੁਤ, ਪਿਓ, ਭਾਈ ਇਹਨਾਂ ਵਿਚੋਂ ਕਿਸੇ ਨੇ ਵੀ ਹਥ ਨਹੀ ਫੜਨਾ ਹੈ ਭਾਵ ਸਹੈਤਾ ਨਹੀਂ ਕਰਨੀ ਹੈ। ਓੜਕ ਨੂੰ ਜਦੋਂ ਮੇਰਾ ਡਿਗਣਾ ਹੋਵੇਗਾ ਭਾਵ ਮਰਨਾ, ਤਦੋਂ ਕੋਈ ਵੀ ਰਖਿਆ ਕਰਨ ਵਾਲਾ ਨਹੀਂ ਹੋਵੇਗਾ ॥

**ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥ ੩ ॥**

ਬੁਰੀਆਂ ਵਾਸ਼ਨਾਂ ਦੇ ਕਰਦਿਆਂ ਹੋਇਆਂ ਮੇਰੇ ਦਿਨ ਰਾਤ ਬੀਤਦੇ ਹਨ ਮਾੜਿਆਂ ਕਰਮਾਂ ਦੇ ਖਿਆਲ ਕਰਦਿਆਂ ਹੋਇਆਂ ਭਾਵ ਹੇ ਪ੍ਰਮੇਸਰ ਤੇਰੀ ਬੰਦਗੀ ਤੋਂ ਬਿਨਾ ਦਿਨ ਗੁਜਰਦੇ ਹਨ। ਕਦੀ ਵੀ ਮੈਂ ਚੰਗੀ ਕਾਰ ਨਹੀ ਕੀਤੀ ਜਿਕੁਰ ਦਾ ਦਸਿਆ ਹੈ ਇਕੁਰ ਦਾ ਮੇਰਾ ਹਾਲ ਹੈ ॥

**ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ ॥ ੪ ॥੧॥**

ਮੈਂ ਖੋਟਿਆਂ ਕਰਮਾਂ ਵਾਲਾ ਹਾਂ ਇਕੁਰ ਹੀ ਈਰਖਾ ਵਾਲਾ, ਸੁਸਤ, ਅੰਨ੍ਹਾ ਨਿਡਰ ਹਾਂ ਭਾਵ ਬਹੁਤ ਔਗਣਾਂ ਦਾ ਭਰਿਆ ਹੋਇਆ ਹਾਂ। ਗੁਰੂ ਜੀ ਆਖਦੇ ਹਨ। ਹੇ ਪ੍ਰਮੇਸਰ ਮੈਂ ਤੇਰਾ ਦਾਸ ਹਾਂ, ਤੇਰੇ ਦਾਸਾਂ ਦੇ ਪੈਰਾਂ ਦੀ ਧੂੜ ਮੰਗਦਾ ਹਾਂ ॥

{ ਗੁਰੂ ਜੀ ਏਮਨਾ ਬਾਦ ਗਏ, ਬਾਬਰ ਮਿਲਿਆ, ਬਾਬਰ ਨੇ ਗੁਰੂ ਜੀ ਨੂੰ ਬਹੁਤ ਬਰਕਤ ਵਾਲਾ ਵੇਖਕੇ ਭੰਗ ਦੀ ਭੇਟਾ ਚਾੜ੍ਹੀ ਗੁਰੂ ਜੀ ਭੰਗ ਨੂੰ ਵੇਖਕੇ ਪਰਮੇਸ਼ਰ ਅਗੇ ਬੇਨਤੀ ਕਰਦੇ ਹੋਏ ਬਾਬਰ ਨੂੰ ਉਪਦੇਸ਼ ਦੇਕੇ ਨਿਹਾਲ ਕਰ - ਹਨ, ਜੇਹੜੇ ਫਕੀਰ ਖੱਲ ਵਿਚ }

Digitized by Panjab Digital Library | www.panjabdigilib.org

ਭੰਗ ਅਤੇ ਕਾਸਾ ਆਦਿਕ ਰਖਕੇ ਮੰਗਦੇ ਹਨ ਉਕਰ ਦਾ ਰੂਪਕ ਅਲੰਕਾਰ ਹੈ, ਬਾਬਰ ਨੇ ਪੁਛਿਆ ਆਪ ਕਿਸਤਰਾਂ ਦੇ ਫਕੀਰ ਹੋ ਤਾਂ ਗੁਰੂ ਜੀ ਉਚਾਰਿਆ॥

## ਤਿਲੰਗ ਮਹਲਾ੧ ਘਰੁ ੨

## ੧ ਓ ਸਤਿ ਗੁਰ ਪ੍ਰਸਾਦਿ॥

ਕਰ=ਹਥ । ਕਾਸਾ=ਕਟੋਰਾ । ਸਮਾਇ=ਇਛਾ । ਮਿਰਗ ਮੈ=ਕਸਤੂਰੀ । ਹਰਣਾ=ਹਰਣ ਦੀ ਖੱਲ । ਪਰਮਲ=ਚੰਦਨ, ਸੁਗੰਧੀ । ਘਿਅ=ਘਿਓ । ਪਟ=ਰੇਸ਼ਮ ਦਾ ਕਪੜਾ ।

**ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾਨੀਤ ।੧॥**

ਹੇ ਪ੍ਰਮੇਸ਼ਰਾ ਜੇਹੜਾ ਤੇਰਾ ਡਰ ਹੈ ਏਹੋ ਹੀ ਮੇਰੇ ਪਾਸ ਭੰਗ ਹੈ ਜੋ ਭੰਗ ਦੇ ਰੱਖਣ ਵਾਲੀ ਖੱਲ ਹੁੰਦੀ ਹੈ ਓਹ ਮੇਰਾ ਚਿਤ ਹੈ ਭਾਵ ਮੇਰੇ ਮਨ ਵਿਚ ਤੇਰਾ ਡਰ ਹੈ। ਉਸ ਡਰ ਰੂਪ ਭੰਗ ਵਿਚ ਮੈਂ ਮਸਤ ਹੋਕੇ ਸੰਸਾਰ ਤੋਂ ਤਿਆਗੀ ਹੋਇਆ ਹਾਂ ਮੈਨੂੰ ਤੇਰੇ ਦਰਸ਼ਨ ਦੀ ਭੁਖ ਲਗੀ ਹੋਈ ਹੈ, ਮੇਰਾ ਹਥ ਹੀ ਕਾਸਾ ਹੈ ਜੇਹੜਾ ਮੈਂ ਆਪਦੇ ਅਗੇ ਪਸਾਰਿਆ ਹੋਇਆ ਹੈ। ਮੈ ਰੋਜ ਰੋਜ ਤੇਰੇ ਸਤਸੰਗ ਰੂਪ ਦਰਵਾਜ਼ੇ ਉਤੇ ਮੰਗਦਾ ਹਾਂ॥

**ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥ ੧ ॥ ਰਹਾਉ ॥**

ਮੈਂ ਤੇਰੇ ਦਰਸ਼ਨ ਦੀ ਇਛਿਆ ਕਰਦਾ ਹਾਂ। ਮੈਂ ਤੇਰੇ ਦਰਵਾਜ਼ੇ ਦਾ ਮੰਗਤਾ ਹਾਂ ਮੈਨੂੰ ਦਰਸ਼ਨ ਰੂਪ ਭਿੱਖਿਆ ਪਾਓ॥

**ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥**

ਤੇਰੇ ਪਿਆਰੇ ਭਗਤ ਕਿਸਤਰਾਂ ਦੇ ਹਨ ਜਿੱਕੁਰ ਕੇਸਰ ਦਾ ਫੁਲ, ਕਸਤੂਰੀ, ਮਿਰਗਾਨ, ਇਹਨਾਂ ਪਵਿਤ੍ਰ ਵਸਤੂਆਂ ਦਾ ਸਾਰੀਆਂ ਜਾਤੀਆਂ ਦੇ ਨੀਚਾਂ ਉਚਾਂ ਆਦਮੀਆਂ ਸਰੀਰਧਾਰੀਆਂ ਦੇ ਹਥਾਂ ਉਤੇ ਚੜਨਾ ਹੁੰਦਾ ਹੈ ਪਰ ਕਿਸੇ ਮਾੜੀ

Digitized by Panjab Digital Library | www.panjabdigilib.org

ਜਾਤੀ ਦੇ ਹਥ ਨਾਲ ਖਰਾਬ ਨਹੀਂ ਹੁੰਦੀਆਂ ਹਨ ਇਕੁਰ ਹੀ ਸਾਰੀਆਂ ਜਾਤੀਆਂ ਦੇ ਭਗਤ ਪਵਿੱਤ੍ਰ ਹਨ ॥ ਇਕੁਰ ਹੀ ਭਗਤਾਂ ਦੀ ਜੋਤ* ਹੈ ਜਿਕੁਰ ਚੰਦਨ ਇਕ ਵਾਂਸ ਤੋਂ ਬਿਨਾ ਸਾਰਿਆਂ ਰੁੱਖਾਂ ਨੂੰ ਚੰਦਨ ਕਰ ਦੇਂਦਾ ਹੈ ਇੱਕੁਰ ਹੀ ਭਗਤ ਸਾਰਿਆਂ ਆਦਮੀਆਂ ਨੂੰ ਸੁਗੰਧੀ ਵਾਲਾ ਜਾਂ ਮੈਲ ਆਦਿਕ ਵਿਸ਼ਿਆਂ ਤੋਂ ਰਹਿਤ ਕਰਦੇ ਹਨ ॥

**ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ ੨ ॥**

ਭਾਂਵੇ ਘਿਓ ਕਿਸੇ ਭਾਂਡੇ ਵਿਚ ਹੋਵੇ, ਰੇਸ਼ਮ ਭਾਵੇਂ ਕਿਸੇ ਕੀੜੇ ਤੋਂ ਹੋਵੇ ਉਸ ਭਾਂਡੇ ਕਰਕੇ ਘਿਓ ਅਤੇ ਰੇਸ਼ਮ ਨੂੰ ਨਿੰਦਿਆ ਕਰਕੇ ਕੋਈ ਵੀ ਮਾੜਾ ਨਹੀਂ ਆਖਦਾ ਹੈ। ਇੱਕੁਰ ਹੀ ਭਗਤ ਭਾਵੇਂ ਕਿਸੇ ਵਰਨ ਵਿਚ ਹੋਵੇ ਉਸਦੀ ਨਿੰਦਿਆ ਕੋਈ ਨਹੀਂ ਕਰਦਾ ਹੈ ਓਹ ਸਾਰਿਆਂ ਨੂੰ ਪਵਿਤ੍ਰ ਕਰਨ ਵਾਲਾ ਹੁੰਦਾ ਹੈ। ਹੇ ਨਾਮੀ ਪ੍ਰਮੇਸਰ ਜੇਹੜੇ ਤੇਰੇ ਅਗੇ ਨਿਵੇਂ ਹਨ ਭਾਵ ਤੇਰੇ ਅਗੇ ਮਥਾ ਟੇਕਦੇ ਹਨ ਅਤੇ ਤੇਰੇ ਸਰੂਪ ਵਿਚ ਬ੍ਰਿਤੀ ਲਗਾ ਰਹੇ ਹਨ। ਗੁਰੂ ਜੀ,ਮੈਂ ਓਨਾਂ ਸੰਤਾਂ ਦੁਆਰੇ ਆਪ ਦੇ ਦਰਸ਼ਨ ਰੂਪ ਭਿਖਿਆ ਨੂੰ ਪਾਵਾਂ ਭਾਵ ਓਨਾਂ ਦੀ ਕਿਰਪਾ ਨਾਲ ਮੈਨੂੰ ਵੀ ਭਿਖਿਆ ਮਿਲੇ ॥

## ਤਿਲੰਗ ਮਹਲਾ ੧ ਘਰੁ ੩

## ੧ ਓ ਸਤਿ ਗੁਰ ਪ੍ਰਸਾਦਿ ॥

(ਜੀਵ ਰੂਪ ਇਸਤ੍ਰੀ, ਰੂਪਕਾਲੰਕਾਰ, ਸਨਮੁਖ ਬੇਨਤੀ)

ਪਾਹਿਆ=ਪਾਣ। ਧਨ=ਇਸਤ੍ਰੀ। ਸੇਜੈ=ਸੇਜ। ਰੰਞਣਿ=ਮੱਟੀ।
ਥੀਐ=ਹੋਵੇ। ਕਾਮਣਿ=ਇਸਤ੍ਰੀ। ਰਾਵੇਇ=ਭੋਗਦਾ।

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥ ੧॥**

---

*ਜੋਤ=ਸੋਭਾ, ਕੀਰਤੀ, ਇਹ ਅਰਥ ਹੈ ॥

Digitized by Panjab Digital Library | www.panjabdigilib.org

ਹੇ ਮੇਰੇ ਪਿਆਰੇ ਪਤੀ ਇਹ ਸਰੀਰ ਮਨ ਰੂਪ ਬਸਤਰ ਮਾਇਆ ਛਲ ਰੂਪ ਪਾਣ ਨਾਲ ਆਕੜਿਆ ਹੋਇਆ ਹੈ ਭਾਵ ਸਰੀਰ ਨੂੰ ਮਾਇਆ ਦੀ ਪਾਣ ਲਗੀ ਹੋਈ ਹੈ ਅਤੇ ਲੋਭ ਰੂਪ ਰੰਗ ਨਾਲ ਰੰਗਾਇ ਲਿਆ ਭਾਵ ਰੰਗਿਆ ਹੋਇਆ ਹੈ। ਹੇ ਮੇਰੇ ਪਿਆਰੇ ਪਤੀ ਇਕੁਰ ਦਾ ਚੋਲਾ ਲੋਭ ਨਾਲ ਰੰਗਿਆ ਹੋਇਆ ਤੈਨੂੰ ਨਹੀਂ ਭਾਂਦਾ ਹੈ ਤਾਂ ਇਹ ਜਗਜਾਸੂ ਰੂਪ ਇਸਤ੍ਰੀ ਸਰਧਾ ਰੂਪ ਸੇਜ ਉਤੇ ਹੋਕੇ ਤੇਰੇ ਪਾਸ ਕਿਸਤਰਾਂ ਜਾਵੇ ਭਾਵ ਪਦਾਰਥਾਂ ਦੇ ਲਾਲਚ ਵਾਲਾ ਆਦਮੀ ਪਰਮੇਸਰ ਦੇ ਪਾਸ ਕਦੀ ਨਹੀ ਜਾ ਸਕਦਾ ਹੈ ॥

**ਹਉਂ ਕੁਰਬਾਨੈ ਜਾਉ ਮਿਹਰਵਾਨਾ ਹਉਂ ਕੁਰਬਾਨੈ ਜਾਉ ॥ ਹਉਂ ਕੁਰਬਾਨੈ ਜਾਉ ਤਿਨਾ ਕੈ ਲੈਨ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹਉਂ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥**

ਹੇ ਮੇਰੇ ਮਿਹਰਬਾਨ ਮੈਂ ਤੇਰੇ ਉਤੋਂ ਦੀ ਮਨ ਤਨ ਕਰਕੇ ਕੁਰਬਾਨ ਜਾਂਦਾ ਹਾਂ ਜੇਹੜੇ ਭਗਤ ਤੇਰਾ ਨਾਮ ਲੈਂਦੇ ਹਨ ਮੈਂ ਓਹਨਾਂ ਦੇ ਉਤੋਂ ਦੀ ਵੀ ਕੁਰਬਾਨ ਜਾਂਦਾ ਹਾਂ ਜੇਹੜੇ ਤੇਰਾ ਨਾਮ ਲੈਂਦੇ ਹਨ ਮੈਂ ਓਹਨਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ ॥

**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥**

ਹੇ ਮੇਰੇ ਪਿਆਰੇ ਜੇ ਇਹ ਸਰੀਰ ਰੂਪ ਮੱਟੀ ਹੋਵੇ ਭਾਵ ਚੰਗਿਆਂ ਕਰਮਾਂ ਵਾਲਾ ਆਦਮੀ ਹੋਵੇ ਨਾਮ ਰੂਪ ਮਜੀਠ ਦਾ ਰੰਗ ਇਸ ਸਰੀਰ ਰੂਪ ਮੱਟੀ ਵਿਚ ਪਾਈਏ ਜੇਹੜਾ ਰੰਗਣ ਵਾਲਾ ਸਾਹਿਬ ਸਤਿਗੁਰੂ ਹੈ ਸੋ ਉਸ ਨਾਮ ਰੂਪ ਮਜੀਠ ਦੇ ਰੰਗ ਵਿਚ ਅੰਤਸ਼ਕਰਣ ਰੂਪ ਚੋਲੇ ਨੂੰ ਜੇ ਕਦੀ ਰੰਗ ਵੀ ਦੇਵੇ ਤਾਂ ਇੱਕੁਰ ਦਾ ਚੰਗਾ ਰੰਗ ਚੜ੍ਹੇ ਜੋ ਕਦੀ ਨਾ ਵੇਖਿਆ ਹੋਵੇ ਭਾਵ ਅਸਲੀ ਆਤਮ ਅਨੰਦ ਆਵੇ ॥

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥ ੩ ॥**

ਜਿਨਾਂ ਮਹਾਤਮਾਂ ਦੇ ਅੰਤਸ਼ਕਰਨ ਰੂਪ ਚੋਲੇ ਰੰਗੇ ਹੋਇ ਹਨ ਹੇ ਮੇਰੇ ਪਿਆਰੇ ਪਤੀ ਓਹਨਾਂ ਸੁਹਾਗਣ ਇਸਤ੍ਰੀਆਂ ਸੰਤਾਂ ਪਾਸ ਤੂੰ ਸਦਾ ਹੀ ਵੱਸਦਾ ਹੈਂ। ਗੁਰੂ ਜੀ ਆਖਦੇ ਹਨ ਹੇ ਪ੍ਰਮੇਸ਼ਰ ਮੇਰੀ ਇਹ ਇਕ ਬੇਨਤੀ ਹੈ ਜੇਕਰ ਓਨਾਂ

Digitized by Panjab Digital Library | www.panjabdigilib.org

ਸੰਤਾਂ ਦੇ ਚਰਨਾਂ ਦੀ ਧੂੜ ਮੈਨੂੰ ਮਿਲੇ ਤਾਂ ਮੈਂ ਸਫਲ ਹੋਵਾਂ ॥

**ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇਹੀ ਰਾਵੇਇ ॥ ੪ ॥ ੧ ॥ ੩ ॥**

ਉਸ ਧੂੜ ਨਾਲ ਫਿਰ ਮੇਰੀ ਇੱਕੁਰ ਦੀ ਨਜਰ ਹੋ ਜਾਵੇ ਜੋ ਸਾਰੇ ਰੂਪ ਆਪ ਨੂੰ ਹੀ ਵੇਖਾਂ, ਤੂੰ ਆਪ ਹੀ ਨਾਮ ਰੂਪ ਮਜੀਠ ਵਿਚ ਰੰਗ ਕੇ ਗਿਆਨਦ੍ਰਿਸ਼ਟੀ ਦਿੰਦਾ ਹੈਂ ਜਾਂ ਆਪ ਹੀ ਪ੍ਰਗਟ ਕਰਦਾ ਹੈਂ ਆਪ ਹੀ ਰੰਗ ਵਿਚ ਰੰਗਦਾ ਹੈਂ ਇਕਰ ਆਪ ਹੀ ਕਿਰਪਾ ਦ੍ਰਿਸਟੀ ਕਰਦਾ ਹੈਂ। ਗੁਰੂ ਜੀ, ਹੇ ਪ੍ਰਮੇਸ਼ਰ ਜਦੋਂ ਇਹ ਇਸਤ੍ਰੀ ਤੈਨੂੰ ਪਤੀ ਨੂੰ ਚੰਗੀ ਲਗਦੀ ਹੈ ਤਾਂ ਤੂੰ ਆਪੇ ਹੀ ਇਸਨੂੰ ਆਪਣੇ ਨਾਲ ਮਿਲਾ ਲੈਂਦਾ ਹੈਂ ।

## ਤਿਲੰਗ ਮਃ ੧

ਧਨ=ਇਸਤ੍ਰੀ । ਬਾਲੀ=ਇਸਤ੍ਰੀ । ਕਰਣਪਲਾਹ=ਰੋਣਾਂ ਦੁਖੀ ਹੋਣਾਂ, ਸੋਚਾਂ ਵਿਚ ਪੈਕੇ ਸੋਚਣਾ । ਧਾਵੈ=ਦੌੜੇ। ਕਾਮਣਿ=ਇਸਤ੍ਰੀ । ਪਰਮਲ=ਚੰਦਨ ਸੁਗੰਧੀ । ਸਭਰਾਈ=ਪਟਰਾਣੀ ਜਾਂ ਭੈਣਾਂ ਭਰਾਵਾਂ ਸਮੇਤ । ਅਹਿਨਸ=ਦਿਨ ਰਾਤ। ਭਾਇ=ਪ੍ਰੇਮ । ਬਿਚਖਣ=ਸਿਅਣੀ ਜਾਂ ਵਿਸ਼ੇਸ਼ ਕਰਕੇ ਗਿਆਨ ਵੈਰਾਗ ਅੱਖਾਂ ਵਾਲੀ ॥

**ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥ ੧ ॥**

ਹੇ ਬੇਸਮਝ ਜੀਵ ਰੂਪ ਇਸਤ੍ਰੀ ਤੂੰ ਕੀ ਹੰਕਾਰ ਕਰਦੀ ਏਂ ॥ ਤੇਰੇ ਆਪਣੇ ਸਰੀਰ ਅੰਦਰ ਹੀ ਪਰਮੇਸ਼ਰ ਹੈ ਤੂੰ ਉਸਦੇ ਅਨੰਦ ਨੂੰ ਕਿਉਂ ਨਹੀਂ ਮਾਣਦੀਹੈਂ॥ ਹੇ ਕਮਲੀਏ ਇਸਤ੍ਰੀਏ ਪਤੀ ਨੇੜੇ ਹੈ ਤੂੰ ਕੀ ਬਾਹਰ ਲੱਭਦੀ ਏਂ ॥ ਪ੍ਰਮੇਸ਼ਰ ਦਾ ਡਰ ਅਕਲ ਰੂਪ ਅੱਖਾਂ ਵਿਚ ਸਲਾਈਆਂ ਪਾ ਅਤੇ ਪ੍ਰੇਮ ਦਾ ਸ਼ਿੰਗਾਰਕਰ। ਹੇ ਇਸਤ੍ਰੀ ਤਾਂ ਤੂੰ ਉਸ ਪਤੀ ਨਾਲ ਮਿਲੀ ਹੋਈ ਜਾਣੀ ਜਾਵੇਂਗੀ ਜਦੋਂ ਉਹ ਪਤੀ ਤੇਰੇ ਨਾਲ ਪਿਆਰ ਧਾਰਨ ਕਰੇਗਾ ॥

Digitized by Panjab Digital Library | www.panjabdigilib.org

ਇਆਣੀਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥ ੨ ॥

ਜਦੋਂ ਉਸ ਪ੍ਰਮੇਸਰ ਨੂੰ ਚੰਗੀ ਨਹੀਂ ਲਗਦੀ ਹੈ ਤਾਂ ਇਹ ਬੇਸਮਝ ਇਸਤ੍ਰੀ, ਡਰ ਤੇ ਪ੍ਰੇਮ ਤੋਂ ਬਿਨਾ ਕੀ ਕਰ ਸਕਦੀ ਹੈ ਭਾਵ ਪ੍ਰੇਮ ਤੋਂ ਬਿਨਾ ਪਤੀ ਨੂੰ ਚੰਗੀ ਨਹੀਂ ਲਗਦੀ ॥ ਉਚੀ ਉਚੀ ਰੋਂਦੀ ਹੈ ਜਾਦੂ ਟੂਣੇ ਆਦਿਕ ਅਨੇਕਾਂ ਜਤਨ ਵੀ ਭਾਵੇਂ ਕਰਦੀ ਹੈ ਪਰ ਪ੍ਰਮੇਸਰ ਦੀ ਕਿਰਪਾ ਬਿਨਾਂ ਇਕੁਰ ਦੀ ਓਹ ਇਸਤ੍ਰੀ ਪਤੀ ਦੇ ਸਰੂਪ ਨੂੰ ਕਦੀ ਨਹੀਂ ਪਾ ਸਕਦੀ ਹੈ ॥ ਭਾਵੇਂ ਜੇ ਬਥੇਰਾ ਭੱਜੀ ਫਿਰੇ ਪਰ ਚੰਗਿਆਂ ਕਰਮਾਂ ਬਿਨਾ ਕੁਛ ਵੀ ਨਹੀਂ ਪਾਈਦਾ ਹੈ ॥ ਖਾਣ ਦਾ ਲਾਲਚ ਜਮਾ ਕਰਨ ਦਾ ਲੋਭ ਅਤੇ ਹੰਕਾਰ ਆਦਿਕ ਵਿਕਾਰਾਂ ਦੀ ਮਸਤੀ ਕਰਕੇ ਮਾਇਆ ਵਿਚ ਸਮਾਈ ਹੋਈ ਭਾਵ ਲਗੀ ਹੋਈ ਹੈ ॥ ਇੱਕੁਰ ਦੀਆਂ ਵਿਕਾਰਾਂ ਵਾਲੀਆਂ ਗੱਲਾਂ ਕਰਕੇ ਪਤੀ ਨੂੰ ਨਹੀ ਪਾਈਦਾ ਹੈ ਇਸ ਲਈ ਬੇਸਮਝ ਇਸਤ੍ਰੀ ਮੂਰਖ ਹੋਈ ਹੋਈ ਹੈ ॥

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥ ਜਾਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥ ੩ ॥

ਵਾਹੈ=ਓਹ ਜੇਹੜੀਆਂ ਸੰਤਾਂ ਰੂਪ ਸੁਹਾਗਣੀਆਂ ਇਸਤ੍ਰੀਆਂ ਹਨ ਓਨਾਂ ਦੇ ਪਾਸ ਜਾਕੇ ਪੁਛੋ ਜੋ ਕੇਹੜੀਆਂ ਗੱਲਾਂ ਨਾਲ ਮਾਲਕ ਨੂੰ ਪਾਈਦਾ ਹੈ ॥

(ਅਗੋਂ ਓਹ ਸੁਹਾਗਣੀਆਂ ਇਸਤ੍ਰੀਆਂ ਬੋਲਦੀਆਂ ਹਨ) ਜੋ ਕੁਛ ਓਹ ਪ੍ਰਮੇਸਰ ਕਰੇ ਉਸਨੂੰ ਭਲਾ ਕਰਕੇ ਮੰਨੀਏ ਅਤੇ ਹਿਕਮਤਾਂ=ਸਿਆਣਪਾਂ ਤੇ ਹੁਕਮ ਦੂਰ ਕਰ ਦੇਈਏ ॥ ਜਿੰਨਾ ਸਤਿਗੁਰਾਂ ਨਾਲ ਪ੍ਰੇਮ ਕਰਨ ਨਾਲ ਗਿਆਨ ਪਦਾਰਥ ਪ੍ਰਾਪਤ ਹੁੰਦਾ ਹੈ ਤਾਂ ਓਨਾਂ ਦੇ ਹੀ ਚਰਨਾਂ ਨਾਲ ਚਿਤ ਨੂੰ

Digitized by Panjab Digital Library | www.panjabdigilib.org

ਲਾਈਏ ॥ ਜੋ ਮਾਲਕ ਆਖੇ ਓਹੋ ਹੀ ਕਰੀਏ ਤਨ ਮਨ ਆਪਣਾ ਉਸਦੇ ਅਗੇ ਧਰ ਦੇਈਏ ਇਕੁਰ ਦੀ ਧਾਰਨਾ ਰੂਪ ਚੰਦਨ ਦੀ ਸੁਗੰਧੀ ਦਾ ਲੈਣਾ ਕਰੀਏ ॥ ਇਕੁਰ ਓਹ ਸੁਹਾਗਣੀਆਂ ਇਸਤ੍ਰੀਆਂ ਆਖਦੀਆਂ ਹਨ । ਹੇ ਭੈਣੇ ਇੱਕੁਰ ਦੀਆਂ ਗੱਲਾਂ ਕਰਕੇ ਉਸ ਪਤੀ ਨੂੰ ਪਾਈਦਾ ਹੈ ॥

**ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥ ੪ ॥ ੨ ॥ ੪ ॥**

ਹੰਕਾਰ ਨੂੰ ਦੂਰ ਕਰੀਏ ਤਾਂ ਮਾਲਕ ਨੂੰ ਪਾਈਦਾ ਹੈ ਹੋਰ ਚਤਰਾਈ ਕੀ ਹੈ ਭਾਵ ਕੁਛ ਨਹੀਂ ਹੈ ॥ ਜਦੋਂ ਓਹ ਪ੍ਰਮੇਸਰ ਕਿਰਪਾ ਦ੍ਰਿਸ਼ਟੀ ਕਰਕੇ ਵੇਖਦਾ ਹੈ ਤਾਂ ਓਹ ਦਿਨ ਲੇਖੇ ਵਿਚ ਪੈਂਦਾ ਹੈ ਭਾਵ ਓਹ ਦਿਨ ਸਫਲ ਹੁੰਦਾ ਹੈ ਫਿਰ ਉਸ ਇਸਤ੍ਰੀ ਨੇ ਨੌ ਨਿਧੀ ਰੂਪ ਪ੍ਰੀਤੀ ਪਾ ਲਈ ਹੈ ॥
ਜੇਹੜੀ ਆਪਣੇ ਮਾਲਕ ਨੂੰ ਪਿਆਰੀ ਹੈ ਓਹੋ ਹੀ ਸੁਹਾਗਣ ਹੈ । ਗੁਰੂ ਜੀ, ਓਹੋ ਹੀ ਪਟਰਾਣੀ ਜਾਂ ਭੈਣਾਂ ਭਰਾਵਾਂ ਵਾਲੀ ਹੈ ਭਾਵ ਚੰਗਿਆਂ ਗੁਣਾਂ ਵਾਲੀ ਹੈ ॥ ਇਕੁਰ ਜੇਹੜੀ ਅਨੰਦ ਵਿਚ ਰੱਤੀ ਹੈ ਅਤੇ ਸ਼ਾਂਤੀ ਵਿਚ ਮਸਤ ਹੋਈ ਹੈ ਦਿਨੇ ਰਾਤ ਪ੍ਰੇਮ ਵਿਚ ਸਮਾ ਰਹਿੰਦੀ ਹੈ ॥ ਓਹੋ ਇਸਤ੍ਰੀ ਸੁੰਦਰ ਹੈ ਓਹੋ ਹੀ ਸਿਆਣੀ ਹੈ ਅਤੇ ਓਹੋ ਹੀ ਗਿਆਨ ਵੈਰਾਗ ਚੰਗੀਆਂ ੨ ਅੱਖਾਂ ਵਾਲੀ ਹੈ ॥

—o—

ਸ੍ਰੀ ਗੁਰੂ ਨਾਨਕ ਦੇਵ ਜੀ ਏਮਨਾਵਾਦ ਗਏ, ਨੱਗਰ ਤੋਂ ਬਾਹਰ ਉਤਰੇ, ਮਰਦਾਨਾ ਭੋਜਨ ਵਾਸਤੇ ਨੱਗਰ ਵਿਚ ਗਿਆ ਪਠਾਣਾਂ ਨੇ ਨਿਰਾਦਰ ਕੀਤਾ ਇਹਨਾ ਪਠਾਣਾਂ ਨਾਲ ਜੋ ਭਾਵੀ ਹੋਣੀ ਹੈ, ਬਾਬਰ ਨੇ ਆਉਣਾ ਹੈ ਓਹ ਭਵਿਖਤ ਵਾਕ ਭਾਈ ਲਾਲੋ ਜੋ ਉਸ ਵੇਲੇ ਗੁਰੂ ਜੀ ਪਾਸ ਆਇਆ ਸੀ ਉਸ ਨੂੰ ਸੁਣਾਉਂਦੇ ਹਨ ॥

Digitized by Panjab Digital Library | www.panjabdigilib.org

## ਤਿਲੰਗ ਮਹਲਾ ੧

ਅਗਦ=ਨਕਾਹ । ਸਨਾਤੀ=ਨੀਵੀਜਾਤੀ । ਕੁੰਗੂ=ਕੇਸਰ । ਮਾਸਪੁਰੀ=ਸ਼ਹਿਰ ਵਿਚ ਮਾਸ ਹੀ ਮਾਸ ਹੋਵੇਗਾ ਭਾਵ ਬਹੁਤ ਮਰਨਗੇ। ਰਵਾਈ=ਮਲਾਈ । ਤਪਾਵਸ=ਨਿਆਇ । ਮਸੋਲਾ=ਮਸਲਾ। ਅਠਤਰੇ=੧੫੭੮ । ਸਤਾਨਵੇ=੧੭੯੭ । ਮਰਦ ਕਾ ਚੇਲਾ=ਸ੍ਰੀ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਜਾਂ ਸ੍ਰੀ ਗੁਰੂ ਤੇਗ ਬਹਾਦਰ ਜੀਦਾ ਪੁਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ॥

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥**

ਹੇ ਭਾਈ ਲਾਲੋ ਜਿਕੁਰ ਦੀ ਪਰਮੇਸਰ ਦੀ ਦੱਸੀ ਹੋਈ ਬਾਣੀ ਮੈਨੂੰ ਯਾਦ ਆਉਂਦੀ ਹੈ ਉਕਰ ਦਾ ਮੈ ਤੈਨੂੰ ਗਿਆਨ ਕਥਨ ਕਰਦਾ ਹਾਂ ॥ ਇਹਨਾਂ ਪਠਾਣਾਂ ਦੇ ਪਾਪਾਂ ਰੂਪ ਕਰਮਾਂ ਦੀ ਜੰਞ ਨਾਲ ਲੈਕੇ ਬਾਬਰ ਇਹਨਾਂ ਪਠਾਣਾਂ ਉਤੇ ਹੁਣ ਕਾਬਲ ਤੋਂ ਚੜ੍ਹਾਈ ਕਰਕੇ ਦੌੜਿਆ ਹੈ ਅਤੇ ਐਥੇ ਆਕੇ ਜੋਰ ਨਾਲ ਡੰਡ ਭਾਵ ਰੁਪਏ ਮੰਗੇਗਾ ਜਾਂ ਇਹਨਾਂ ਦੀਆਂ ਇਸਤ੍ਰੀਆਂ ਮੰਗੇਗਾ, ਸਤ੍ਰ ਦੂਰ ਕਰੇਗਾ ॥

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ। ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥**

ਹੇ ਭਾਈ ਲਾਲੋ ਸ਼ਰਮ ਤੇ ਧਰਮ ਦੋਵੇਂ ਛਪ ਖਲੋਣਗੇ ਅਤੇ ਏਥੇ ਝੂਠ ਹੀ ਪ੍ਰਧਾਨ ਹੋਕੇ ਫਿਰੇਗਾ ਭਾਵ ਡਰਦੇ ਮਾਰੇ ਲੋਕ ਝੂਠ ਬੋਲਣਗੇ। ਸਮਝੋ ਹੁਣ ਕਾਜੀਆਂ ਬ੍ਰਾਹਮਣਾ ਦੀ ਗੱਲ ਰੈਹ ਚੁੱਕੀ ਭਾਵ ਕਾਜੀਆਂ ਬ੍ਰਾਹਮਣਾਂ ਨੂੰ ਕੋਈ ਨ ਪੁਛੇਗਾ ਨਕਾਹ ਸ਼ੈਤਾਨ ਹੀ ਪੜ੍ਹੇਗਾ ਭਾਵ ਪਰਾਈਆਂ ਇਸਤ੍ਰੀਆਂ ਨਾਲ ਖਰਾਬੀਆਂ ਕਰਨਗੇ ॥

**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ ੧ ॥**

ਜੇਹੜੀਆਂ ਮੁਸਲਮਾਨੀਆਂ ਪੜਦਿਆਂ ਵਿਚ ਬੈਠਕੇ ਕਤਾਬਾਂ ਪੜਦੀਆਂ ਹਨ ਓਹ

Digitized by Panjab Digital Library | www.panjabdigilib.org

ਇਸ ਕਸ਼ਟ ਦੇ ਵੇਲੇ ਹੇ ਖੁਦਾ ਕੀ ਹੋਇਆ ਜਾਂ ਖੁਦਾ ਦੇ ਵਾਸਤੇ ਪਾਉਣ-ਗੀਆਂ ॥ ਜੇਹੜੀਆਂ ਸ਼ਹਿਰ ਵਿਚ ਹਿੰਦਣੀਆਂ ਹਨ ਅਤੇ ਹੋਰ ਨੀਵੀਆਂ ਜਾਤੀਆਂ ਵਾਲੀਆਂ ਵੀ ਹਨ ਇਹ ਭੀ ਓਸੇ ਲੇਖੇ ਵਿਚ ਲਾਈਆਂ ਜਾਣਗੀਆਂ ਭਾਵ ਮੁਸਲਮਾਨੀਆਂ ਵਰਗਾ ਇਹਨਾਂ ਨੂੰ ਵੀ ਦੁਖ ਹੋਵੇਗਾ ॥

ਗੁਰੂ ਜੀ, ਉਸ ਵੇਲੇ ਖੂਨ ਦੇ ਸੋਹਿਲੇ ਗਾਏ ਜਾਣਗੇ ਭਾਵ ਘਰ ਘਰ ਵਿਚ ਰੋਣੇ ਦੀ ਅਵਾਜ਼ ਆਵੇਗੀ, ਲਹੂ ਦਾ ਕੇਸਰ ਪਏਗਾ ਭਾਵ ਉਸ ਵੇਲੇ ਸਾਰਿਆਂ ਦੇ ਕਪੜੇ ਲਹੂ ਵਰਗੇ ਹੋ ਜਾਣਗੇ ॥

## ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥

ਨਾਨਕ, ਮਾਲਕ ਦੇ ਗੁਣ ਗਾਂਦਾ ਹੈ ਜੋ ਇਸ ਸਾਰੇ ਸ਼ਹਿਰ ਵਿਚ ਮਾਸ ਹੀ ਮਾਸ ਭਾਵ ਮੁਰਦੇ ਹੋਣਗੇ ਮੈਂ ਇਹ ਸਚਾ ਮਸਲਾ ਆਖਿਆ ਹੈ ਭਾਵ ਘਰ ੨ ਵਿਚ ਮੁਰਦਿਆਂ ਦੀਆਂ ਗੱਲਾਂ ਹੋਣਗੀਆਂ ॥ ਜਿਸ ਪਰਮੇਸਰ ਨੇ ਇਹ ਦੁਨੀਆਂ ਪੈਦਾ ਕੀਤੀ ਹੈ ਅਤੇ ਸਾਰੀ ਥਾਂ ਥਾਂ ਅਨੰਦ ਵਿਚ ਮਿਲਾਈ ਹੈ ਭਾਵ ਅਨੰਦ ਕਰਦੀ ਫਿਰਦੀ ਹੈ ਸੋ ਓਹ ਕੱਲਾ ਹੀ ਬੈਹਕੇ ਸਾਰਿਆਂ ਤੋਂ ਵਖਰਾ ਹੋਇਆ ੨ ਆਪਣੀ ਸਾਰੀ ਰਚਨਾ ਨੂੰ ਵੇਖਦਾ ਹੈ ॥ ਓਹ ਸੱਚਾ ਮਾਲਕ ਹੈ ਉਸਦਾ ਨਿਆਇ ਵੀ ਸੱਚਾ ਹੈ ਅਤੇ ਓਹ ਸੱਚਾ ਹੀ ਨਿਆਇ ਕਰੇਗਾ ਸੋ ਇਹ ਮਸਲਾ ਅਸਾਂ ਸੱਚਾ ਆਖਿਆ ਹੈ ਜਾਂ ਓਹ ਇਨਸਾਫ ਦਾ ਮਸਲਾ ਕਰੇਗਾ ਭਾਵ ਪਾਪੀਆਂ ਨੂੰ ਪਾਪ ਦਾ ਫਲ ਦੇਵੇਗਾ ॥

## ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ । ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

ਜਦੋਂ ਇਹਨਾਂ ਦਾ ਸਰੀਰ ਰੂਪ ਕਪੜਾ ਟੁਕੜੇ ਟੁਕੜੇ ਹੋਵੇਗਾ ਤਦੋਂ ਇਹ ਹਿੰਦ-ਸਤਾਨੀ ਲੋਕ ਸਾਡੇ ਬਚਨਾਂ ਦਾ ਬੋਲ ਸੰਭਾਲਣ ਭਾਵ ਯਾਦ ਕਰਨਗੇ ॥ ਹੁਣ ਜੇਹੜਾ ੧੫੭੮ ਬਿ: ਮੰ: ਹੈ ਇਸ ਵਿਚ ਦਿੱਲੀ ਵਿੱਚ ਮੁਗਲ ਔਣਗੇ ਅਤੇ ੧੭੯੭ ਨੂੰ ਦਿਲੀ ਤੋਂ ਚਲੇ ਜਾਣਗੇ ਪਿਛੇ ਫੇਰ ਸ੍ਰੀਗੁਰੂ ਗੋਬਿੰਦਸਿੰਘ ਜੀ ਦਾ ਪੁਤ੍ਰ ਖਾਲਸਾ ਬਘੇਲ ਸਿੰਘ ਆਦਕ ਆਉਣਗੇ ਤੇ ਗੁਰ ਦੁਆਰੇ ਬਣਾਉਣਗੇ ਜਾਂ ਗੁਰੂ ਤੇਗ ਬਹਾਦਰ ਦਾ ਪੁਤ੍ਰ ਗੁਰੂ ਗੋਬਿੰਦ ਸਿੰਘ ਉਠੇਗਾ, ਧਰਮ ਪ੍ਰਚਾਰ ਕਰੇਗਾ ॥

Digitized by Panjab Digital Library | www.panjabdigilib.org

ਨਾਨਕ ਸੱਚ ਦੀ ਬਾਣੀ ਆਖਦਾ ਹੈ ਭਾਵ ਜੋ ਪ੍ਰਮੇਸਰ ਵਲੋਂ ਹੁਕਮ ਹੋਇਆ ਹੈ ਓਹ ਸੱਚ ਸੁਣਾਉਂਦਾ ਹੈ ਕਿਉਂ ਜੋ ਹੁਣ ਸੱਚ ਸੁਣਾਉਣ ਦਾ ਵੇਲਾ ਹੈ ਏਸੇ ਲਈ ਸੱਚ ਸੁਣਾਂਦੇ ਹਾਂ ਅਤੇ ਅਗੇ ਨੂੰ ਵੀ ਸਚ ਸੁਣਾਵਾਂਗੇ ॥

## ਤਿਲੰਗ ਮਹਲਾ ੪ ਘਰੁ ੨

## ੧ ਓ ਸਤਿ ਗੁਰ ਪ੍ਰਸਾਦਿ ॥

**ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥**
**ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥ ੧ ॥**

ਸਾਰੇ ਜੀਵ ਉਸ ਸਚੇ ਪ੍ਰਮੇਸਰ ਦੇ ਹੁਕਮ ਵਿਚ ਸੰਸਾਰ ਵਿਚ ਆਏ ਹਨ ਅਤੇ ਉਸੇ ਦੇ ਹੁਕਮ ਵਿਚ ਸਾਰੇ ਵਰਤਦੇ ਹਨ ॥ ਓਹ ਮਾਲਕ ਸੱਚਾ ਹੈ ਉਸਦਾ ਜਗਤ ਰੂਪ ਖੇਲ੍ਹ ਵੀ ਸੱਚਾ ਹੈ ਇਸ ਲਈ ਸਾਰਿਆਂ ਦੇ ਸਿਰ ਉਤੇ ਸੱਚਾ ਮਾਲਕ ਪ੍ਰਮੇਸਰ ਹੈ ਭਾਵ ਸਾਰਿਆਂ ਨਾਲੋਂ ਵੱਡਾ ਹੈ ॥

**ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥**
**ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥੧॥ ਰਹਾਉ ॥**

ਉਸ ਸਚੇ ਮਾਲਕ ਨੂੰ ਸਲਾਹੋ ਜੇਹੜਾ ਮਾਲਕ ਸਾਰਿਆਂ ਤੋਂ ਵੱਡਾ ਹੈ। ਉਸਦਾ ਕੋਈ ਸ਼ਰੀਕ ਨਹੀਂ ਹੈ ਉਸਦੀ ਬਰਾਬਰੀ ਦੇ ਲੇਖੇ ਵਿਚ ਕਿਸਨੂੰ ਗਿਣਾਂ ਭਾਵ ਉਸ ਵਰਗਾ ਹੋਰ ਕੋਈ ਨਹੀਂ ਹੈ ॥

**ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥**
**ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ ॥ ੨ ॥ ੧ ॥**

ਪੌਣ, ਪਾਣੀ, ਧਰਤੀ, ਅੱਗ, ਅਕਾਸ਼, ਸਾਰੇ ਘਰ ਅਤੇ ਮੰਦਰ ਭਾਵ ਆਦਮੀ ਇਹਨਾਂ ਪੰਜਾਂ ਤੱਤਾਂ ਦੀ ਬਣਾਵਟ ਪ੍ਰਮੇਸਰ ਦੀ ਬਣਾਈ ਹੋਈ ਬਣੀ ਹੈ ॥ ਗੁਰੂ ਜੀ,ਸਾਰੀ ਬਣਾਵਟ ਦੇ ਵਿਚ ਓਹ ਮਾਲਕ ਆਪ ਵਰਤਦਾ ਹੈ ਫਿਰ ਦਸੋ ਖਾਂ ਝੂਠ ਕਿਸ ਚੀਜ ਨੂੰ ਗਿਣੀਏ ਭਾਵ ਰਚਨਾ ਸਾਚ ਬਣੀ ॥

## ਤਿਲੰਗ ਮਹਲਾ ੪

ਬਫਾਵੈ=ਬੋਲਣਾ । ਵਲਵੰਚ=ਛਲ, ਠੱਗੀ । ਬਿਨਸੈ=ਨਾਸ । ਕੰਟਕ=ਕੰਡਾ, ਦੁਖਦਾਈ ॥

**ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥**

Digitized by Panjab Digital Library | www.panjabdigilib.org

723



**ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ ॥੧॥**

ਹੇ ਭੈੜੀ ਅਕਲ ਵਾਲਿਆ ਤੂੰ ਰੋਜ ਹੀ ਨਿਕੰਮੇ ਕੰਮਾਂ ਨੂੰ ਕਰਕੇ ਅਪਣੀ ਵਡਿਆਈ ਦੱਸਦਾ ਹੈਂ ਭਾਵ ਹੰਕਾਰ ਕਰਦਾ ਹੈਂ। ਸੰਸਾਰੀ ਪਦਾਰਥਾਂ ਨੂੰ ਕਮਾਂਦਾ ਹੈਂ ਨਾਮ ਨੂੰ ਭੁਲਾਂਦਾ ਹੈਂ ॥ ਜਦੋਂ ਛਲ ਕਰਕੇ ਝੂਠੀ ਮਾਇਆ ਨੂੰ ਲਿਆਉਂਦਾ ਹੈਂ ਤਦੋਂ ਇਹ ਜਾਣਦਾ ਹੈਂ ਕਿ ਮੈਂ ਜਗਤ ਨੂੰ ਜਿਤ ਲਿਆ ਹੈ ॥

**ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥ ਖਿਨਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ ੧ ॥ ਰਹਾਉ ॥**

ਇੱਕੁਰ ਦਾ ਖੇਡ ਰੂਪ ਸੰਸਾਰ ਝੂਠਾ ਹੈ ਆਦਮੀ ਇਸ ਵਿਚ ਲਗਕੇ ਪ੍ਰਮੇਸਰ ਦੇ ਨਾਮ ਨੂੰ ਯਾਦ ਨਹੀਂ ਕਰਦਾ ਹੈ। ਇਸ ਲਈ ਇਹ ਸਾਰਾ ਸੰਸਾਰ ਇਕ ਛਿਨ ਵਿਚ ਨਾਸ ਹੋ ਜਾਣ ਵਾਲਾ ਜਾਣਕੇ ਹੇ ਮੇਰੇ ਮਨ ਉਸ ਪ੍ਰਮੇਸਰ ਨੂੰ ਯਾਦ ਕਰ ॥

**ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ॥੨॥੨॥**

ਓਹ ਵੇਲਾ ਤੈਨੂੰ ਯਾਦ ਨਹੀਂ ਆਉਂਦਾ ਹੈ ਜਦੋਂ ਦੁਖਦਾਈ ਮੌਤ ਨੇ ਤੈਨੂੰ ਆਕੇ ਫੜ ਲੈਣਾ ਹੈ ॥ ਗੁਰੂ ਜੀ,ਉਸ ਆਦਮੀ ਨੂੰ ਪ੍ਰਮੇਸਰ ਜਮਾਂ ਦੇ ਡਰ ਤੋਂ ਛੁਡਾ ਲੈਂਦਾ ਹੈ ਜਿਸਦੇ ਦਿਲ ਵਿਚ ਗੁਰੂ ਦੀ ਕਿਰਪਾ ਨਾਲ ਪ੍ਰਮੇਸਰ ਦਾ ਨਾਮ ਆ ਵਸਦਾ ਹੈ ॥

{ ਆਲਮ ਮਸੂਲੀਆ ਜੇਹਲਮ,ਝਨਾ ਆਦਿ ਦਰਿਆ ਉਤੇ ਕਾਬਲ ਪਸ਼ੌਰ ਦੀਆਂ ਸੰਗਤਾਂ ਨੂੰ ਤੰਗ ਕਰਦਾ, ਮਸੂਲ ਵਿਚ ਚੰਗੀਆਂ ੨ ਵਸਤੂਆਂ ਮੰਗਦਾ ਇਕ ਦਿਨ ਸੰਗਤ ਨੂੰ ਰਾਤ ਦਰਿਆ ਦੇ ਕੰਢੇ ਉਤੇ ਰੋਕ ਛਡਿਆ ਦੇਵਨੇਤ ਰਾਤ ਨੂੰ ਆਲਮ ਨੂੰ ਬੜਾ ਡਰ ਆਇਆ ਤਾਂ ਓਹ ਸਾਰੀ ਸੰਗਤ ਨਾਲ ਗੁਰੂ ਜੀ ਦੇ ਪਾਸ ਆਇਆ ਗੁਰੂ ਜੀ ਉਸਦੇ ਪ੍ਰਥਾਇ ਸਬਦ ਆਖਿਆ ਹੈ ॥ }

## ਤਿਲੰਗ ਮਹਲਾ ੫ ਘਰੁ ੧

## ੧ ਓ ਸਤਿ ਗੁਰ ਪ੍ਰਸਾਦਿ ॥

ਨੂਰ=ਪ੍ਰਕਾਸ਼ । ਕਰਦੰ=ਕੀਤੀ । ਚਸਮ=ਅੱਖਾਂ । ਦੀਦੰ=ਵੇਖਣਾ ।
ਫਨਾਇ=ਨਾਸ । ਖ਼ੁਰਦਨੀ=ਖਾਂਦੀ । ਹਵਾਇ=ਵਾਸ਼ਨਾਂ ।

Digitized by Panjab Digital Library | www.panjabdigilib.org

ਗੈਬਾਨ=ਭੂਤ । ਹੈਵਾਨ=ਪਸੂ ।। ਕੁਸਤਨੀ=ਕੋਹਣਾ, ਮਾਰਨਾ । ਬਖੋਰਾਇ=ਖਾਣਾ । ਕਬਜ=ਮਾਇਆ । ਕਬਜਾ=ਰੋਕਣਾ । ਵਲੀ=ਪਿਉ । ਬਰਾਦਰਾ=ਭਰਾ । ਖਾਨਾਇ=ਘਰ । ਬਸਤਨੀ=ਬੰਨ੍ਹ । ਚਿਕਾਰੇ=ਕੀ ਕਰੇਂਗਾ । ਬਿਦਾਇ=ਦੱਸ ॥ ਬੁਗੋ=ਆਖਦੇ ਹਨ । ਪੇਸ਼ਿ=ਅੱਗੇ । ਬੰਦਾਹ=ਬੰਦੇ ॥

## ਖਾਕ ਨੂਰ ਕਰਦੰ ਆਲਮ ਦੁਨੀਆਇ ॥
## ਅਸਮਾਨ ਜਿਮੀ ਦਰਖਤ ਆਬ ਪੈਦਾਇਸ ਖੁਦਾਇ ॥ ੧ ॥

ਹੇ ਆਲਮ ! ਖੁਦਾ ਕਿਸਤਰਾਂ ਦਾ ਹੈ ਜਿਸਨੇ ਖਾਕ=ਧਰਤੀ ਤੋਂ ਆਦਿ ਲੈਕੇ ਸਾਰਿਆਂ ਪੰਜਾਂ ਤੱਤਾਂ ਵਿੱਚ ਨੂਰ=ਆਪਣੀ ਸ਼ਕਤੀ ਦਾ ਪ੍ਰਕਾਸ਼ ਮਿਲਾਕੇ ਦੁਨੀਆਂ ਕੀਤੀ ਹੈ ॥ ਅਕਾਸ਼, ਜਮੀਨ, ਰੁਖ, ਪਾਣੀ ਇਹ ਸਾਰੀ ਖੁਦਾ ਦੀ ਪੈਦਾ ਕੀਤੀ ਹੋਈ ਵਸਤੂ ਹੈ ॥

## ਬੰਦੇ ਚਸਮ ਦੀਦੰ ਫਨਾਇ ॥
## ਦੁਨੀਆਂ ਮੁਰਦਾਰ ਖੁਰਦਨੀ ਗਾਫਲ ਹਵਾਇ ॥ ੧ ॥ ਰਹਾਉ ॥

ਹੇ ਬੰਦੇ ਜੋ ਕੁਛ ਅੱਖਾਂ ਨਾਲ ਨਜ਼ਰ ਆਉਂਦਾ ਹੈ ਇਹ ਸਭ ਨਾਸ ਰੂਪ ਹੈ ॥ ਇਹ ਸਾਰੀ ਦੁਨੀਆਂ ਮੋਇਆਂ ਹੋਇਆਂ ਡੰਗਰਾਂ ਨੂੰ ਖਾਂਦੀ ਹੈ । ਭਾਵ ਹਰਾਮ ਖਾਣਾ ਖਾਂਦੀ ਹੈ । ਵਾਸ਼ਨਾ ਕਰਕੇ ਖੁਦਾ ਤੋਂ ਗਾਫਲ ਹੈ ਭਾਵ ਭੁੱਲੀ ਹੋਈ ਹੈ ॥

## ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥
## ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥ ੨ ॥

ਉਸ ਪਰਮੇਸਰ ਨੂੰ ਭੁਲਾਕੇ ਇਹ ਆਦਮੀ ਭੂਤਨਿਆਂ ਅਤੇ ਪਸੂਆਂ ਵਰਗੇ ਹੋਏ ਹੋਏ ਹਨ ਕਿਉਂਕਿ ਕੋਹ ਕੇ ਖਾਣਾ ਭਾਵ ਹਰਾਮ ਦਾ ਖਾਣਾ ਖਾਂਦੇ ਹਨ, ਪਾਪ ਨਾਲ ਖੋਹਕੇ ਖਾਂਦੇ ਹਨ । ਸਮਝੋ ਇੱਕੁਰ ਮੁਰਦਿਆਂ ਦਾ ਖਾਣਾ ਕਰਦੇ ਹਨ ॥ ਮਾਇਆ ਨੇ ਇਸ ਆਦਮੀ ਦਾ ਮਨ ਪ੍ਰਮੇਸਰ ਵੱਲੋਂ ਰੋਕ ਛੱਡਿਆ ਹੈ ਜਾਂ ਖਿੱਚ ਲਿਆ ਹੈ ਇਸ ਲਈ ਇਸ ਆਦਮੀ ਨੂੰ ਨਰਕ ਦੀ ਸਜਾ ਦੇਂਦਾ ਹੈ ॥

## ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥
## ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ ॥ ੩ ॥

ਨਿਆਮਤਾਂ ਦੇ ਦੇਣ ਵਾਲਾ ਪਿਓ, ਭਾਈ, ਸਭਾ, ਮੁਲਖ (ਜਗੀਰ) ਘਰ ਜਾਂ ਇਸਤ੍ਰੀ ਇਹਨਾਂ ਝੂਠਿਆਂ ਪਦਾਰਥਾਂ ਵਿਚ ਆਦਮੀ ਪ੍ਰੀਤੀ ਕਰਦਾ ਹੈ । ਦੱਸ ਖਾਂ ਜਦੋਂ ਜਮਾਂ ਨੇ ਤੈਨੂੰ ਬੰਨ੍ਹ ਲਿਆ ਤਾਂ ਤੂੰ ਕੀ ਕਰੇਂਗਾ ॥

Digitized by Panjab Digital Library | www.panjabdigilib.org

**ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥**
**ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥ ੪ ॥ ੧ ॥**

ਪਵਿੱਤ੍ਰ ਅੱਲਾ ਤੇਰੇ ਹਾਲ ਮਲੂਮ ਕਰਦਾ ਹੈ ਭਾਵ ਤੇਰਿਆਂ ਸਾਰਿਆਂ ਗੁਪਤ ਕੰਮਾਂ ਨੂੰ ਜਾਣਦਾ ਹੈ (ਇੱਕੁਰ ਆਦਮੀ ਜਮ ਤੋਂ ਛੁਟੇਗਾ ਤੇ ਇਕੁਰ ਉਸਦੀ ਕਲਿਆਣ ਹੋਵੇਗੀ) ਗੁਰੂ ਜੀ ਆਖਦੇ ਹਨ ਜੇਹੜੇ ਫਕੀਰ ਪ੍ਰਮੇਸਰ ਦੇ ਦਾਸ ਹਨ ਓਨਾਂ ਦੇ ਅੱਗੇ ਬੇਨਤੀ ਕਰ ਓਹ ਤੈਨੂੰ ਜਮ ਦੇ ਡਰ ਤੋਂ ਛਡਾਉਂਣਗੇ '।

(ਸਨਮੁਖ ਬੇਨਤੀ)

## ਤਿਲੰਗ ਘਰੁ ੨ ਮਹਲਾ ੫

**ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥**
**ਤੇਰਾ ਜੋਰੁ ਤੇਰੀ ਮਨਿ ਟੇਕ ॥ ਸਦਾ ਸਦਾ ਜਪਿ ਨਾਨਕ ਏਕ॥੧॥**

ਹੇ ਪ੍ਰਮੇਸਰ ਤੈਥੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ। ਹੇ ਪਰਮੇਸਰ ਜੋ ਤੂੰ ਕਰਦਾ ਹੈਂ ਸੋ ਹੁੰਦਾ ਹੈ। ਤੇਰਾ ਹੀ ਦਿਤਾ ਹੋਇਆ ਸਰੀਰ ਨੂੰ ਜ਼ੋਰ ਹੈ ਅਤੇ ਤੇਰੀ ਹੀ ਮੇਰੇ ਮਨ ਨੂੰ ਓਟ ਹੈ ॥ ਨਾਨਕ,ਸਦਾ ੨ ਤੈਨੂੰ ਇਕ ਨੂੰ ਜਪਦੇ ਹਾਂ ॥

**ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥**
**ਤੇਰੀ ਟੇਕ ਤੇਰਾ ਆਧਾਰੁ ॥ ੧ ॥ ਰਹਾਉ ॥**

ਹੇ ਪਾਰਬ੍ਰਹਮ ਦਾਤਾਰ ਤੂੰ ਸਾਰਿਆਂ ਤੋਂ ਸ਼੍ਰੋਮਣੀ ਹੈਂ। ਇਸ ਲੋਕ ਵਿਚ ਵੀ ਤੇਰੀ ਓਟ ਹੈ ਅਤੇ ਪ੍ਰਲੋਕ ਵਿਚ ਵੀ ਤੇਰਾ ਹੀ ਆਸਰਾ ਹੈ ॥

**ਹੈ ਤੂ ਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ ॥**
**ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ ਗੁਰਪਰਸਾਦਿ ਨਾਨਕ ਗੁਣ ਗਾਹਿ ॥ ੨ ॥**

ਭੂਤਕਾਲ,ਵਰਤਮਾਨਕਾਲ, ਭਵਿਖਤਕਾਲ ਵਿਚ ਤੂੰ ਹੀ ਹੈਂ ਭਾਵ ਹਰ ਸਮੇਂ ਵਿਚ॥ ਤੂੰ ਕਿਸਤਰਾਂ ਦਾ ਹੈਂ ਮਨ ਬਾਣੀ ਤੋਂ ਅਗੰਮ ਹੈਂ ਅਤੇ ਅਥਾਹ ਹੈਂ, ਉਚਾ ਤੇ ਵੱਡਾ ਬਿਅੰਤਹੈਂ। ਹੇ ਪ੍ਰਮੇਸਰ ਜੇਹੜੇ ਤੈਨੂੰ ਸੇਂਵਦੇ ਹਨ ਉਹਨਾਂ ਨੂੰ ਜਮ ਦਾ ਡਰ ਅਤੇ ਜਨਮ ਮਰਨ ਦਾ ਦੁਖ ਨਹੀਂ ਹੁੰਦਾ ਹੈ। ਨਾਨਕ,ਮੈਂ ਗੁਰੂ ਦੀ ਕਿਰਪਾ ਨਾਲ ਤੇਰੇ ਗੁਣ ਗਾਂਦਾ ਹਾਂ ॥

**ਜੋ ਦੀਸੈ ਸੋ ਤੇਰਾ ਰੂਪੁ ॥ ਗੁਣਨਿਧਾਨ ਗੋਵਿੰਦ ਅਨੂਪ ॥**

Digitized by Panjab Digital Library | www.panjabdigilib.org

**ਸਿਮਰਿਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾ-ਪਤਿ ਹੋਇ ॥ ੩ ॥**

ਹੇ ਪ੍ਰਮੇਸਰ ਜੋ ਮੈਨੂੰ ਦੀਹਦਾ ਹੈ ਸੋ ਤੇਰਾ ਰੂਪ ਹੈ। ਹੇ ਪ੍ਰਮੇਸਰ ਤੂੰ ਸੁੰਦਰ ਅਤੇ ਗੁਣਾਂ ਦਾ ਖਜਾਨਾ ਹੈਂ। ਹੇ ਸਿਮਰਨ ਵਾਲਿਆ ਤੇਰੇ ਸਿਮਰਨ ਨੂੰ ਓਹ ਆਦਮੀ ਸਿਮਰਦੇ ਹਨ। ਨਾਨਕ, ਜਿਨਾਂ ਨੂੰ ਵੱਡਿਆਂ ਪੁੰਨਾਂ ਨਾਲ ਸਿਮਰਨ ਮਿਲਦਾ ਹੈ ॥

**ਜਿਨਿ ਜਪਿਆ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥ ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤਜਨਾ ਕੀ ਬਾਛਉ ਧੂਰਿ ॥ ੪ ॥ ੨ ॥**

ਹੇ ਪ੍ਰਮੇਸਰ ਜਿਨਾਂ ਨੇ ਤੈਨੂੰ ਜਪਿਆ ਹੈ ਮੈਂ ਓਨਾਂ ਤੋਂ ਬਲਿਹਾਰ ਜਾਂਦਾ ਹਾਂ ਉਸਦੇ ਨਾਲ ਰਲਕੇ ਸਾਰਾ ਸੰਸਾਰ ਤਰ ਜਾਂਦਾ ਹੈ ॥ ਗੁਰੂ ਜੀ ਆਖਦੇ ਹਨ ਮੇਰੀ ਇਛਿਆ ਪੂਰੀ ਕਰ। ਮੈਂ ਸੰਤ ਜਨਾਂ ਦੀ ਧੂੜ ਚਾਹੁੰਦਾ ਹਾਂ ॥

(ਪ੍ਰਮੇਸਰ ਦੀ ਉਸਤਤੀ, ਭਜਨ ਕਰਨ ਦਾ ਉਪਦੇਸ਼)

## ਤਿਲੰਗ ਮਹਲਾ ੫ ਘਰੁ ੩

ਮੇਦਨੀ=ਧਰਤੀ । ਸਾਰ=ਸੰਭਾਲ । ਕੀਮ=ਕੀਮਤ ॥

**ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ ੧ ॥ ਰਹਾਉ ॥**

ਮੇਰਾ ਮਾਲਕ ਹਰ ਵੇਲੇ ਮੇਹਰਬਾਨ ਹੈ ॥ ਸਾਰਿਆਂ ਜੀਆਂ ਨੂੰ ਦਾਨ ਦੇਂਦਾ ਹੈ ॥

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥ ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥**

ਹੇ ਆਦਮੀਆਂ ਤੂੰ ਕਿਉਂ ਡੋਲਦਾ ਹੈਂ ਓਹ ਸਿਰਜਨਹਾਰ ਤੇਰੀ ਰਖਿਆ ਕਰੇਗਾ ਤੈਨੂੰ ਬਚਾ ਰਖੇਗਾ। ਜਿਸਨੇ ਤੇਰੀ ਉਤਪਤੀ ਕੀਤੀ ਹੈ ਓਹੋ ਹੀ ਤੈਨੂੰ ਆਸਰਾ ਦੇਂਦਾ ਹੈ ਭਾਵ ਖਾਣ ਪੀਣ ਦਾ ॥

**ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥**

Digitized by Panjab Digital Library | www.panjabdigilib.org

ਜਿਸਨੇ ਦੁਨੀਆਂ ਪੈਦਾ ਕੀਤੀ ਹੈ ਓਹੋ ਹੀ ਸਾਰਿਆਂ ਜੀਆਂ ਦੀ ਖਬਰ ਲੈਂਦਾ ਹੈ ਓਹ ਸੱਚਾਂ ਪਾਲਣਾ ਕਰਨ ਵਾਲਾ ਸਾਰਿਆਂ ਦਿਲਾਂ ਦਾ ਮਾਲਕ ਹੈ ॥

**ਕੁਦਰਤਿ ਕੀਮ ਨ ਜਾਣੀਐ ਵਡਾ ਵੇ ਪਰਵਾਹੁ ॥ ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥ ੩ ॥**

ਉਸ ਦੀ ਸ਼ਕਤੀ ਦੀ ਕੀਮਤ ਨਹੀਂ ਜਾਣੀ ਜਾਂਦੀ ਓਹ ਸਾਰਿਆਂ ਤੋਂ ਵੱਡਾ ਅਤੇ ਬੇ ਪਰਵਾਹ ਹੈ। ਜਿਤਨਾ ਚਿਰ ਤੇਰੇ ਸਰੀਰ ਵਿਚ ਸਾਸ ਹਨ ਹੇ ਬੰਦੇ ਉਤਨਾ ਚਿਰ ਤੂੰ ਉਸ ਪ੍ਰਮੇਸਰ ਦੀ ਬੰਦਗੀ ਕਰ ਭਾਵ ਹਰ ਵੇਲੇ ਨਾਮ ਜਪ ਅਤੇ ਇਕੁਰ ਬੇਨਤੀ ਕਰ ॥

**ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥ ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥**

ਹੇ ਪ੍ਰਮੇਸਰ ਤੂੰ ਸਮਰਥ ਹੈਂ ਮਨ ਬਾਣੀ ਤੋਂ ਪਰੇ ਹੈ ਜੀਵ ਅਤੇ ਸਰੀਰ ਤੇਰੀ ਰਾਸ ਹੈ ਭਾਵ ਸਭ ਕੁਛ ਤੇਰਾ ਦਿਤਾ ਹੋਇਆ ਹੈ॥ ਨਾਨਕ, ਮੈਂ ਤੇਰੀ ਕਿਰਪਾ ਨਾਲ ਹੀ ਸਦਾ ਸੁਖ ਪਾਇਆ ਹੈ ਸਾਡੀ ਸਦਾ ਹੀ ਇਹ ਬੇਨਤੀ ਹੈ ਕਿ ਤੇਰੀ ਸਰਨ ਮਿਲੇ ॥

## ਤਿਲੰਗ ਮਹਲਾ ੫ ਘਰੁ ੩

ਮੁਸਤਾਕ=ਮੋਹਤ । ਪਾਕ=ਪਵਿਤ੍ਰ । ਦੀਪ=ਦੀਵਾ । ਆਫੂ=ਮਾਫ । ਖੁਦਿ=ਆਪ । ਫਿਲਹਾਲ=ਨਾਸ । ਚੀਜ=ਪਦਾਰਥ, ਵਸਤਾਂ ॥

**ਕਰਤੇ ਕੁਦਰਤੀ ਮੁਸਤਾਕੁ ॥ ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ੧ ॥ ਰਹਾਉ ॥**

ਹੇ ਸ਼ਕਤੀਆਂ ਦੇ ਮਾਲਕਾ ਤੇਰੇ ਉਤੇ ਮੇਰੀ ਅਕਲ ਮੋਹਤ ਹੋ ਗਈ ਹੈ । ਦੋਹਾਂ ਲੋਕਾਂ ਵਿਚ ਇਕ ਤੂੰ ਰਾਖਾ ਹੈਂ ਸਾਰੀ ਦੁਨੀਆਂ ਤੋਂ ਇਕ ਤੂੰ ਹੀ ਪਵਿਤਰ ਹੈਂ ॥

**ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥ ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥ ੧ ॥**

ਛਿਨ ਵਿਚ ਰਚਨਾ ਬਣਾਕੇ ਇਸਥਿਤ ਕਰਦਾ ਹੈਂ ਅਤੇ ਛਿਨ ਵਿਚ ਨਾਸ ਕਰ ਦੇਂਦਾ ਹੈਂ ਤੇਰੇ ਨਿਰਗੁਨ ਸਰਗੁਨ ਰੂਪ ਸਾਰੇ ਹੀ ਅਸਚਰਜ ਹਨ । ਤੇਰਿਆਂ ਖੇਲਾਂ ਨੂੰ ਕੌਣ ਕੋਈ ਜਾਣ ਸਕਦਾ ਹੈ ਅਗਯਾਨ ਰੂਪ ਹਨੇਰੇ ਵਿਚ ਤੂੰਹੀਂ

Digitized by Panjab Digital Library | www.panjabdigilib.org

ਗਿਆਨ ਦੀਵੇ ਦਾ ਚਾਨਣ ਕਰ ਦੇਂਦਾ ਹੈਂ ॥

**ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ ॥**
**ਦਿਨਸੁ ਰੈਣਿ ਜਿ ਤੁਧੁ ਆਰਾਧੇ ਸੋ ਕਿਉ ਦੋਜਕਿ ਜਾਇ ॥ ੨ ॥**

ਹੇ ਮਿਹਰਬਾਨ ਖੁਦਾ ਅੱਲਾ ਤੂੰ ਸਭ ਦਾ ਪੂਜਨੀਕ ਹੈਂ ਤੂੰ ਆਪ ਹੀ ਸਾਰੇ ਜਹਾਨ ਅਤੇ ਖਲਕਤ ਦਾ ਮਾਲਕ ਹੈਂ ਭਾਵ ਦੋਹਾਂ ਲੋਕਾਂ ਦਾ ਮਾਲਕ ਹੈਂ॥ ਜੇਹੜੇ ਆਦਮੀ ਦਿਨ ਰਾਤ ਤੈਨੂੰ ਯਾਦ ਕਰਦੇ ਹਨ ਓਹ ਨਰਕ ਨੂੰ ਕਿਉਂ ਜਾਂਦੇ ਹਨ ਭਾਵ ਨਹੀਂ ॥

**ਅਜਰਾਈਲੁ ਯਾਰ ਬੰਦੇ ਜਿਸੁ ਤੇਰਾ ਆਧਾਰ ॥**
**ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥ ੩ ॥**

ਜਿਸ ਆਦਮੀ ਨੂੰ ਤੇਰਾ ਆਸਰਾ ਹੈ ਉਸ ਬੰਦੇ ਦਾ ਧਰਮ ਰਾਜਾ ਜਮ ਮਿਤ ਬਣ ਜਾਂਦਾ ਹੈ ॥ ਜੇਹੜੇ ਤੇਰੇ ਸੰਤਾਂ ਦਾ ਦਰਸਨ ਵੇਖਦੇ ਹਨ ਓਨਾਂ ਆਦਮੀਆਂ ਦੇ ਸਾਰੇ ਪਾਪ ਬਖਸ਼ੇ ਜਾਂਦੇ ਹਨ ॥

**ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ ॥**
**ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥ ੪ ॥ ੪ ॥**

ਇਹ ਸੰਸਾਰ ਦੇ ਸਾਰੇ ਪਦਾਰਥ ਨਾਸਵੰਤ ਹਨ ਸੱਚਾ ਤੇ ਸੁਖਦਾਈ ਤੇਰਾ ਨਾਮ ਹੈ॥ ਗੁਰੂ ਰਾਮਦਾਸ ਨੂੰ ਮਿਲਕੇ ਮੈਂ ਤੇਰੇ ਸਰੂਪ ਨੂੰ ਸਮਝਿਆ ਹੈ। ਹੁਣ ਇਕ ਤੈਨੂੰ ਹੀ ਸਦਾ ਗਾਂਦਾ ਹਾਂ॥

## ਤਿਲੰਗ ਮਹਲਾ ੫

ਮੀਰਾ=ਪਾਤਸਾਹ। ਦਾਨਾ=ਸਿਆਣਾ। ਮੁਹਬਤੇ=ਪ੍ਰੀਤੀ। ਬੰਦੀ=ਕੈਦ। ਮੋਚ=ਦੂਰ ਕਰਨਾ। ਖੁਦ=ਆਪ। ਦਸਤਗੀਰੀ=ਹਥ ਫੜਾ। ਦਿਲਾਵਰ=ਬਹਾਦਰ। ਬਸੈ=ਵਸਦੀ ਜਾਂ ਬਹੁਤ। ਖਾਲਕ=ਦੁਨੀਆਂ ਦਾ ਮਾਲਕ।

**ਮੀਰਾਂ ਦਾਨਾਂ ਦਿਲ ਸੋਚ ॥ ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥ ੧ ॥ ਰਹਾਉ ॥**

ਹੇ ਮੇਰੇ ਚਤਰ ਬਾਦਸ਼ਾਹ ਮੈਂ ਅਪਣੇ ਦਿਲ ਵਿਚ ਸਦਾ ਤੇਰੇ ਸਰੂਪ ਦੇ ਦਰਸ਼ਨ ਕਰਨ ਨੂੰ ਸੋਚਦਾ ਰਹਿੰਦਾ ਹਾਂ॥ ਤੇਰੀ ਪ੍ਰੀਤੀ ਮੇਰੇ ਮਨ ਤਨ ਵਿਚ ਵਸਦੀ ਹੈ ਤੂੰ ਸੱਚਾ ਬਾਦਸ਼ਾਹ ਹੈਂ, ਕੈਦ ਦੀਆਂ ਬੇੜੀਆਂ ਦੇ ਕਟਣ ਵਾਲਾ ਭਾਵ ਦੁਨੀਆਂ ਦੇ ਦੁਖਾਂ ਦੇ ਦੂਰ ਕਰਨ ਵਾਲਾ ॥

Digitized by Panjab Digital Library | www.panjabdigilib.org

**ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥**
**ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥ ੧ ॥**

ਹੇ ਮਾਲਕਾ ਜੇਹੜਾ ਤੇਰਾ ਦੀਦਾਰ ਵੇਖਣਾ ਹੈ ਭਾਵ ਸਾਰੀ ਦੁਨੀਆਂ ਨੂੰ ਜੇਹੜਾ ਤੇਰਾ ਰੂਪ ਵੇਖਣਾ ਹੈ ਇਸ ਸਮਦ੍ਰਿਸ਼ਟੀ ਦਾ ਕੁਛ ਮੁਲ ਨਹੀਂ ਹੈ ॥ ਤੂੰ ਪਵਿਤ੍ਰ ਪਾਲਣਾ ਕਰਨ ਵਾਲਾ ਹੈਂ ਤੂੰ ਸਾਰਿਆਂ ਦਾ ਮਾਲਕ ਹੈਂ, ਵੱਡਾ ਹੈਂ, ਅਤੇ ਬਿਅੰਤ ਹੈਂ॥

**ਦਸਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥**
**ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ॥ ੨ ॥ ੫ ॥**

ਮੇਰੇ ਹਥ ਨੂੰ ਫੜਨਾ ਕਰ ਮੈਨੂੰ ਇਹ ਦਾਨ ਦੇਹ ਹੇ ਬਹਾਦਰ ਇਕ ਤੂੰ ਹੀ ਦੋਹਾਂ ਲੋਕਾਂ ਵਿਚ ਮੇਰਾ ਮਾਲਕ ਹੈਂ ॥ ਹੇ ਪ੍ਰਮੇਸ਼ਰ ਤੂੰ ਆਪਣੀ ਸ਼ਕਤੀ ਕਰਕੇ ਸਾਰਿਆਂ ਨੂੰ ਕਰਨ ਵਾਲਾ ਹੈਂ ਸਾਰੀ ਦੁਨੀਆਂ ਦਾ ਖਾਲਕ=ਮਾਲਕ ਹੈਂ ਮੈਂ ਨਾਨਕ ਨੇ ਸਦਾ ਤੇਰੀ ਓਟ ਫੜੀ ਹੈ ॥

(ਗੁਰ ਸਿਖ ਪ੍ਰਸ਼ਨੋਤਰੀ,ਰੂਪਕ ਅਲੰਕਾਰ)

**ਤਿਲੰਗ ਮਹਲਾ ੧ ਘਰੁ ੨**
**੧ ਓ ਸਤਿਗੁਰਪ੍ਰਸਾਦਿ ॥**

ਰਾਇਸਾ=ਜਪਣਾ, ਅਰਾਧਣਾ, ਯਾਦ ਕਰਨਾ ਕਰਾਉਣਾ ॥ ਰੈਣ=ਰਾਤ । ਰਾਵੀਐ=ਅਨੰਦ ਲਈਏ । ਵਧਵੀਂ ਏਹ=ਵਧ,ਬਹੁਤ ਚੰਗੀ । ਪੰਥ=ਰਸਤਾ । ਕਾਮਣਿ=ਇਸਤ੍ਰੀ । ਧਾਤ=ਸੋਨਾਂ ਚਾਂਦੀ ਆਦਿਕ । ਖਰ=ਖੋਤਾ ॥

**ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥**
**ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥ ੧ ॥**

ਜਿਸ ਪ੍ਰਮੇਸਰ ਨੇ ਜਗਤ ਨੂੰ ਪੈਦਾ ਕੀਤਾ ਹੈ ਓਸੇ ਨੇ ਹੀ ਵੇਖਿਆ ਭਾਵ ਪਾਲਣਾ ਕੀਤੀ ਹੈ ਉਸਨੂੰ ਕੀ ਆਖੀਏ ਹੇ ਭਾਈ ਓਹ ਸਾਰਿਆਂ ਦਾ ਮਾਲਕ ਹੈ ਉਸਦੇ ਉਤੇ ਕੋਈ ਹੁਕਮ ਨਹੀਂ ਕਰ ਸਕਦਾ ॥ ਓਹ ਆਪ ਹੀ ਸਾਰਿਆਂ ਦੇ ਕਰਮਾਂ ਨੂੰ ਜਾਣਦਾ ਹੈ ਅਤੇ ਆਪ ਹੀ ਫਲ ਦੇਂਦਾ ਹੈ ਜਿਸਨੇ ਇਹ ਜਗਤ ਰੂਪ ਵਾੜੀ ਲਾਈ ਹੈ ॥

**ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥੧॥ ਰਹਾਉ ॥**

ਉਸ ਪਿਆਰੇ ਨੂੰ ਜਿਸ ਵੇਲੇ ਮੈਂ ਮਨ ਬਾਣੀ ਨਾਲ ਯਾਦ ਕਰਾਂਗਾ ਤਾਂ ਉਸਤੋਂ ਸਦਾ

Digitized by Panjab Digital Library | www.panjabdigilib.org

ਸੁਖ ਹੋਵੇਗਾ ॥

**ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥**
**ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥ ੨ ॥**

ਹੇ ਭਾਈ ਜਿਸਨੇ ਪ੍ਰੇਮ ਨਾਲ ਮਾਲਕ ਨੂੰ ਨਹੀਂ ਜਪਿਆ ਹੈ ਓਹ ਬੇਸਮਝ ਇਸਤ੍ਰੀ ਪੱਛਾਤਾਪ ਕਰਦੀ ਹੈ ॥ ਜਦੋਂ ਇਹ ਉਮਰ ਰੂਪ ਰਾਤ ਬਤੀਤ ਹੋ ਜਾਵੇਗੀ ਤਾਂ ਹੱਥਾਂ ਨੂੰ ਮਰੋੜਕੇ ਸਿਰ ਨੂੰ ਫੇਰੇਗੀ ॥

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥ ੩ ॥**

ਜਦੋਂ ਜੀਵ ਰੂਪ ਸਾਰੀ=ਨਰਦ ਅਪਣੇ ਘਰ ਤੋਂ ਘੁਸ ਜਾਵੇਗੀ ਜਾਂ ਉਠ ਜਾਵੇਗੀ ਭਾਵ ਆਦਮੀ ਮਰ ਜਾਵੇਗਾ ਫਿਰ ਮਾਲਕ ਨੂੰ ਨਾ ਮਿਲਣ ਦਾ ਪਛਾਤਾਪ ਹੀ ਰਹਿ ਜਾਵੇਗਾ ॥ ਜਦੋਂ ਫ਼ੇਰ ਕਿਸੇ ਚੰਗੇ ਕਰਮ ਕਰਕੇ ਮਨੁਖ ਜਨਮ ਦੀ ਵਾਰੀ ਆਵੇਗੀ ਤਦੋਂ ਫੇਰ ਪ੍ਰੇਮ ਨਾਲ ਉਸ ਪਿਆਰੇ ਨੂੰ ਜਪਣਾ ਕਰੇਗੀ ਭਾਵ ਜਦੋਂ ਇਹ ਜਨਮ ਬਿਅਰਥ ਚਲਿਆ ਜਾਵੇ ਤਾਂ ਫਿਰ ਦੂਸਰੇ ਜਨਮ ਉਤੇ ਗਲ ਜਾ ਪੈਂਦੀ ਹੈ ਇਸ ਲਈ ਏਸੇ ਜਨਮ ਵਿਚ ਭਜਨ ਕਰੋ ॥

**ਕੰਤੁ ਲੀਆ ਸੋਹਾਗਣੀ ਮੈਤੇ ਵਧਵੀਏਹ ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸ ਧਰੇਹ ॥ ੪ ॥**

ਜਿਨਾਂ ਸੁਹਾਗਣੀਆਂ ਸੰਤਾਂ ਇਸਤ੍ਰੀਆਂ ਨੇ ਉਸ ਮਾਲਕ ਨੂੰ ਪਾ ਲਿਆ ਹੈ ਓਹ ਗੁਣਾਂ ਵਿਚ ਮੈਥੋਂ ਵਧ ਹਨ ॥ ਓਹ ਪ੍ਰੇਮ ਆਦਿਕ ਗੁਣ ਮੇਰੇ ਵਿਚ ਨਹੀਂ ਆਉਂਦੇ ਹਨ ਤਾਂ ਮੈਂ ਅਪਣੇ ਜੀ ਵਿਚ ਸੋਚਦੀ ਹਾਂ ਕਿਸਦੇ ਉਤੇ ਦੋਸ ਧਰਾਂ ਦੋਸ ਤਾਂ ਮੇਰੇ ਹੀ ਅੰਦਰ ਹਨ ॥

**ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥**
**ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥ ੫ ॥**

ਇਸ ਲਈ ਜਿਨਾਂ ਚੰਗੀਆਂ ਸਖੀਆਂ ਨੇ ਮਾਲਕ ਨੂੰ ਜਪਿਆ ਹੈ ਜਾਕੇ ਉਨਾਂ ਤੋਂ ਉਪਾ ਪੁਛਾਂਗੀ ॥ ਉਨਾਂ ਦੇ ਪੈਰੀਂ ਲਗਕੇ ਬੇਨਤੀ ਕਰਾਂਗੀ ਅਤੇ ਰਸਤਾ ਪੁਛ ਲਵਾਂਗੀ ॥

**ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥**
**ਗੁਣਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥ ੬ ॥**

Digitized by Panjab Digital Library | www.panjabdigilib.org

ਗੁਰੂ ਜੀ,ਉਸ ਮਾਲਕ ਦਾ ਹੁਕਮ ਪਛਾਣੇ ਭਾਵ ਮੰਨੇ ਅਤੇ ਉਸਦੇ ਡਰ ਰੂਪ ਚੰਦਨ ਨੂੰ ਲਾਵੇ। ਚੰਗੀ ਇਸਤ੍ਰੀ ਇੱਕੁਰ ਦੇ ਚੰਗਿਆਂ ਗੁਣਾਂ ਰੂਪ ਕਾਮਣ=ਜਾਦੂ ਟੂਣੇ ਕਰੇ ਤਾਂ ਉਸ ਪਿਆਰੇ ਪਤੀ ਨੂੰ ਪਾ ਲਵੇਗੀ॥

**ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥**
**ਜੇ ਬਹੁ ਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ ੭ ॥**

ਹੇ ਭਰਾ ਜੇਹੜਾ ਆਦਮੀ ਦਿਲ ਨਾਲ ਪ੍ਰਮੇਸਰ ਨੂੰ ਮਿਲਿਆ ਹੋਇਆ ਹੈ ਓਹ ਅਸਲੀ ਮਿਲਿਆ ਹੋਇਆ ਹੈ। ਅਤੇ ਓਹੋ ਹੀ ਮਿਲਿਆ ਹੋਇਆ ਆਖਿਆ ਜਾਂਦਾ ਹੈ॥ ਜੇਕਰ ਬਿਨਾਂ ਪ੍ਰੇਮ ਤੋਂ ਬਹੁਤਾ ਹੀ ਚਿਤ ਵਿਚ ਯਾਦ ਕਰਦੇ ਰਹੀਏ ਤਾਂ ਗੱਲਾਂ ਨਾਲ ਤਾਂ ਉਸਦਾ ਮੇਲ ਕਦੇ ਨਹੀਂ ਹੁੰਦਾ ਹੈ॥

**ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥**
**ਗੁਰਪਰਸਾਦੀ ਜਾਣੀਐ ਤਉ ਅਨਭਉ ਪਾਵੈ ॥ ੮ ॥**

ਜਿਸਤਰਾਂ ਕੋਈ ਸੋਨਾ ਆਦਿਕ ਧਾਤੂ ਟੁਟ ਭੱਜਕੇ ਫਿਰ ਧਾਤੂ ਦੇ ਨਾਲ ਹੀ ਮਿਲ ਜਾਂਦੀ ਹੈ ਇੱਕੁਰ ਹੀ ਜਿਸਦੀ ਪ੍ਰੀਤੀ ਪ੍ਰਮੇਸਰ ਵਲ ਦੌੜਦੀ ਹੈ ਓਹ ਪ੍ਰਮੇਸਰ ਨਾਲ ਮਿਲ ਜਾਂਦਾ ਹੈ॥ ਗੁਰਾਂ ਦੀ ਕਿਰਪਾ ਨਾਲ ਉਸਦੇ ਰੂਪ ਨੂੰ ਜਾਣਿਆਂ ਜਾਂਦਾ ਹੈ ਤਾਂ ਉਸਦੇ ਨ ਡਰਨ ਵਾਲੇ ਰੂਪ ਸਿਖ ਪਾ ਲੈਂਦਾ ਹੈ। ਭਾਵੇਂ ਓਹ ਦਿਲ ਅੰਦਰ ਹੈ ਪਰ ਗੁਰ ਬਿਨ ਗਿਆਨ ਨਹੀਂ ਹੈ ਇਸਨੂੰ ਸਪਸ਼ਟ ਕਰਦੇ ਹਨ॥

**ਪਾਨਾਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥**
**ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥ ੯ ॥**

ਜਿੱਕੁਰ ਭਾਵੇਂ ਪਾਨਾਂ ਦੀ ਵਾੜੀ ਘਰ ਵਿਚ ਹੀ ਹੋਵੇ ਪਰ ਖੋਤਾ ਉਹਨਾਂ ਪਾਨਾਂ ਦੀ ਸਾਰ ਨਹੀਂ ਜਾਣਦਾ ਹੈ ਇੱਕੁਰ ਹੀ ਆਦਮੀ ਸਮਝੋ ਭਾਵ ਪ੍ਰਮੇਸਰ ਅੰਦਰ ਹੈ ਪਰ ਗੁਰਾਂ ਬਿਨਾ ਸਮਝ ਨਹੀਂ ਹੈ॥ ਜਦੋਂ ਸੁਗੰਧੀ ਦਾ ਰਸ ਲੈਣ ਵਾਲਾ ਹੋਵੇ ਤਾਂ ਫੁੱਲਾਂ ਨੂੰ ਪਛਾਣਦਾ ਹੈ ॥

**ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥**
**ਸਹਜੇ ਸਹਜੇ ਮਿਲਿ ਰਹੈ ਅਮਰਾਪਦੁ ਪਾਵੈ ॥ ੧੦ ॥ ੧ ॥**

ਗੁਰੂ ਜੀ,ਗੁਰਾਂ ਦੇ ਉਪਦੇਸ਼ ਰੂਪ ਅੰਮ੍ਰਿਤ ਨੂੰ ਪੀਵੇ ਤਾਂ ਭਰਮ ਨੂੰ ਭਰਮ ਹੀ ਸਮਝ ਲੈਂਦਾ ਹੈ ਭਾਵ ਭਰਮ ਨੂੰ ਦੂਰ ਕਰ ਦੇਂਦਾ ਹੈ ਤਾਂ ਪ੍ਰਮੇਸਰ ਵਿਚ ਸਮਾ ਜਾਂਦਾ ਹੈ॥ ਸਹਿਜੇ ਹੀ ਸਹਜ ਭਾਵ ਸ਼ਾਂਤੀ ਵਿਚ ਸਰੀਰ ਦੇ ਹੁੰਦਿਆਂ ਭੀ ਮਿਲਿਆ ਰਹਿੰਦਾ ਹੈ ਤੇ ਸਰੀਰ ਛਡਕੇ ਵੀ ਅਮਰ ਪਦਵੀ ਨੂੰ ਪਾਂਦਾ ਹੈ

Digitized by Panjab Digital Library | www.panjabdigilib.org

ਭਾਵ ਪ੍ਰਮੇਸਰ ਨੂੰ ॥

(ਸਿਖਾਂ ਨੂੰ ਉਪਦੇਸ਼ ਗੁਰ ਪ੍ਰਮੇਸਰ ਦੀ ਉਸਤਤੀ)

## ਤਿਲੰਗ ਮਹਲਾ ੪

**ਹਰਿਕੀਆ ਕਥਾ ਕਹਾਣੀਆ ਗੁਰਿਮੀਤਿ ਸੁਣਾਈਆ ॥**
**ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿਜਾਈਆ ॥ ੧ ॥**

ਜੇਹੜੀਆਂ ਪ੍ਰਮੇਸਰ ਦੀ ਕਥਾ ਕਹਾਣੀਆਂ ਹਨ ਓਹ ਗੁਰੂ ਮਿਤ੍ਰ ਨੇ ਸੁਣਾਈਆਂ ਹਨ ਇੱਕੁਰ ਦੇ ਮੈਂ ਆਪਣੇ ਗੁਰੂ ਤੋਂ ਮਨ ਤਨ ਕਰਕੇ ਬਲਿਹਾਰ ਜਾਂਦਾ ਹਾਂ ॥

**ਆਇ ਮਿਲੁ ਗੁਰਸਿਖ ਆਇ ਮਿਲੁ**
**ਤੂ ਮੇਰੇ ਗੁਰੂ ਕੇ ਪਿਆਰੇ । ੧ ॥**

ਹੇ ਮੇਰੇ ਗੁਰੂ ਦੇ ਪਿਆਰੇ ਗੁਰੂ ਦੇ ਸਿਖ ਹੁਣ ਮੈਨੂੰ ਛੇਤੀ ਨਾਲ ਆਕੇ ਮਿਲ ਕਿਉਂਕਿ ਤੁਸੀਂ ਮੇਰੇ ਸਤਿਗੁਰਾਂ ਦੇ ਵਡੇ ਪਿਆਰੇ ਹੋ ॥

**ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥**
**ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥ ੨ ॥**

ਹੇ ਪ੍ਰਮੇਸਰ ਦੇ ਪਿਆਰੇ ਸੰਤੋ ਜੇਹੜੇ ਪ੍ਰਮੇਸਰ ਦੇ ਗੁਣ ਹਨ ਓਹ ਸਾਰੇ ਤੁਸਾਂ ਸਤਿਗੁਰਾਂ ਤੋਂ ਪਾਏ ਹਨ ਏਸੇ ਲਈ ਤੁਸੀ ਪਰਮੇਸਰ ਨੂੰ ਭਾਉਂਦੇ ਹੋ ॥ ਜਿਨ੍ਹਾਂ ਗੁਰੂ ਦੇ ਸਿਖਾਂ ਨੇ ਗੁਰੂ ਦਾ ਭਾਣਾ ਮੰਨਿਆਂ ਹੈ ਮੈ ਓਹਨਾਂ ਤੋਂ ਤਨ ਮਨ ਕਰਕੇ ਬਲਿਹਾਰ ਜਾਂਦਾ ਹਾਂ ॥

**ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥**
**ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ । ੩ ॥**

ਜਿਨ੍ਹਾਂ ਨੇ ਸਤਿਗੁਰੂ ਪਿਆਰਾ ਵੇਖਿਆ ਹੈ ਮੈਂ ਓਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਗੁਰੂ ਦੀ ਨੌਕਰੀ ਕੀਤੀ ਹੈ ਮੈਂ ਓਨਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ ॥

**ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥**
**ਗੁਰਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥**

ਹੇ ਭਰਾਵਾ ਪ੍ਰਮੇਸਰ ਦਾ ਨਾਮ ਹੀ ਤੇਰਾ ਦੁਖ ਦੂਰ ਕਰਨ ਵਾਲਾ ਹੈ ਸੋ ਇੱਕੁਰ ਦਾ ਨਾਮ ਗੁਰਾਂ ਦੀ ਸੇਵਾ ਕਰਕੇ ਪਾਈਦਾ ਹੈ ਅਤੇ ਜਿਨਾਂ ਨੇ ਨਾਮ ਪਾਇਆ ਹੈ

Digitized by Panjab Digital Library | www.panjabdigilib.org

ਓਨਾਂ ਦਾ ਸੰਸਾਰ ਤੋਂ ਤਰਨਾ ਹੋ ਜਾਂਦਾ ਹੈ ॥

**ਜੋ ਹਰਿਨਾਮੁ ਧਿਆਇਦੇ ਤੇ ਜਨ ਪਰਵਾਨਾ ॥**
**ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥ ੫ ॥**

ਜੇਹੜੇ ਉਸ ਪ੍ਰਮੇਸਰ ਦੇ ਨਾਮ ਨੂੰ ਯਾਦ ਕਰਦੇ ਹਨ ਓਹ ਦਾਸ ਪਰਵਾਨ ਹਨ ॥ ਗੁਰੂ ਜੀ, ਮੈਂ ਓਨਾਂ ਗੁਰ ਸਿਖਾਂ ਤੋਂ ਬਲਿਹਾਰ ਜਾਂਦਾ ਹਾਂ ਫਿਰ ਸਦਾ ਬਲਿਹਾਰ ਜਾਂਦਾ ਹਾਂ ॥

**ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥**
**ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿਫਲੁ ਪਾਵੈ ॥ ੬ ॥**

ਹੇ ਭਰਾਵਾ ਤੇਰੀ ਉਸਤਤੀ ਕੀਤੀ ਹੋਈ ਓਹੋ ਹੀ ਚੰਗੀ ਹੈ ਜੋ ਮਾਲਕ ਨੂੰ ਭਾਉਂਦੀ ਹੈ ॥ ਜੇਹੜੇ ਗੁਰਮੁਖ ਪ੍ਰਮੇਸਰ ਨੂੰ ਪਿਆਰਾ ਜਾਣਕੇ ਸੇਂਵਦੇ ਹਨ ਓਨਾਂ ਨੂੰ ਪ੍ਰਮੇਸਰ ਹਰ ਤਰਾਂ ਦੇ ਫਲ ਪ੍ਰਾਪਤ ਕਰ ਦੇਂਦਾ ਹੈ ਭਾਵ ਸਭ ਕੁਛ ਦੇਂਦਾ ਹੈ ॥

**ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥**
**ਓਇ ਜਪਿ ਜਪਿ ਪਿਆਰਾ ਜੀਵਦੇ ਹਰਿਨਾਮੁ ਸਮਾਲੇ ॥ ੭ ॥**

ਜਿੰਨਾਂ ਦੀ ਪ੍ਰਮੇਸਰ ਦੇ ਨਾਲ ਪ੍ਰੀਤੀ ਹੈ ਓਨਾਂ ਦਾ ਜੀਅ ਪ੍ਰਮੇਸਰ ਦੇ ਨਾਲ ਲਗਾ ਰਹਿੰਦਾ ਹੈ ॥ ਜੇਹੜਾ ਪ੍ਰਮੇਸਰ ਪਿਆਰਾ ਹੈ ਓਹ ਗੁਰਮੁਖ ਉਸਨੂੰ ਬਾਣੀ ਕਰਕੇ ਜਪ ਜਪਕੇ ਜੀਂਉਦੇ ਹਨ ਅਤੇ ਮਨ ਵਿਚ ਯਾਦ ਕਰਦੇ ਰਹਿੰਦੇ ਹਨ ॥

**ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥**
**ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥ ੮ ॥**

ਜਿੰਨਾਂ ਗੁਰਮੁਖਾਂ ਨੇ ਪ੍ਰਮੇਸਰ ਨੂੰ ਪਿਆਰਾ ਜਾਣਕੇ ਸੇਵਿਆ ਹੈ ਮੈਂ ਓਨਾਂ ਤੋਂ ਬਲਿ-ਹਾਰ ਜਾਂਦਾ ਹਾਂ ॥ ਓਹ ਗੁਰਮੁਖ ਆਪ ਤਾਂ ਸਾਰੇ ਪ੍ਰਵਾਰ ਸਮੇਤ ਜਨਮ ਮਰਨ ਦੇ ਦੁਖ ਤੋਂ ਛੁਟ ਗਏ ਹਨ ਅਤੇ ਹੋਰ ਜੋ ਓਨਾਂ ਦੇ ਸ਼ਰਨ ਆਇਆ ਹੈ ਸਭ ਨੂੰ ਸੰਸਾਰ ਦੇ ਦੁਖ ਤੋਂ ਛੁੜਾ ਲਿਆ ਹੈ ॥

**ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥**
**ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡਪੁੰਨੋ ॥ ੯ ॥**

ਸਤਿਗੁਰਾਂ ਨੇ ਪਿਆਰੇ ਪ੍ਰਮੇਸਰ ਨੂੰ ਸੇਵਿਆ ਹੈ ਏਸੇ ਲਈ ਗੁਰੂ ਧੰਨ ਧੰਨ ਹਨ ॥ ਜਿੰਨਾਂ ਸਤਿਗੁਰਾਂ ਨੇ ਮੈਨੂੰ ਪ੍ਰਮੇਸਰ ਦੇ ਮਿਲਨ ਦਾ ਰਸਤਾ

Digitized by Panjab Digital Library | www.panjabdigilib.org

ਦੱਸਿਆ ਹੈ ਓਹ ਸਤਿਗੁਰੂ ਵੱਡਿਆਂ ਪੁੰਨਾਂ ਦੇ ਕਰਨ ਵਾਲੇ ਹਨ ਜਾਂ ਬਹੁਤ ਪਵਿਤ੍ਰ ਹਨ ॥

**ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥**
**ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥ ੧੦॥**

ਜੇਹੜੇ ਗੁਰੂ ਦੇ ਸਿਖ ਇਕੁਰ ਦੇ ਸਤਿਗੁਰਾਂ ਨੂੰ ਸੇਂਵਦੇ ਹਨ ਓਹ ਆਦਮੀ ਵਡਿਆਂ ਪੁੰਨਾਂ ਵਾਲੇ ਜਾਂ ਪਵਿਤ੍ਰ ਹਨ ॥ ਗੁਰੂ ਜੀ, ਮੈਂ ਓਨਾਂ ਗੁਰਸਿਖਾਂ ਤੋਂ ਬਲਿਹਾਰ ਜਾਂਦਾ ਹਾਂ, ਸਦਾ ੨ ਬਲਿਹਾਰ ਜਾਂਦਾ ਹੈ ॥

**ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥**
**ਹਰਿਦਰਗਹ ਪੈਨਾਈਆ ਹਰਿ ਆਪਿ ਗਲਿਲਾਈਆ ॥ ੧੧ ॥**

ਇੱਕੁਰ ਦੀਆਂ ਜੇਹੜੀਆਂ ਗੁਰਮੁਖ ਪਿਆਰੀਆਂ ਸਖੀਆਂ ਸਹੇਲੀਆਂ ਹਨ ਓਹ ਪ੍ਰਮੇਸਰ ਨੂੰ ਆਪ ਹੀ ਚੰਗੀਆਂ ਲਗੀਆਂ ਹਨ ॥ ਓਹ ਪਰਮੇਸਰ ਦੀ ਦਰਗਾਹ ਵਿਚ ਇਜ਼ਤ ਦੇ ਸਹਿਤ ਹੋਈਆਂ ਹਨ ਭਾਵ ਉਨਾ ਨੂੰ ਜਸ ਰੂਪ ਪੁਸ਼ਾਕਾ ਪਹਿ-ਰਾਇਆ ਗਿਆ ਹੈ ਜਾਂ ਓਹ ਚੰਗਿਆਂ ਗੁਣਾਂ ਦੇ ਸਿੰਗਾਰ ਕਰਕੇ ਸਜੀਆਂ ਹੋਈਆਂ ਹਨ ਹੇ ਪ੍ਰਮੇਸਰ ਓਹ ਤੂੰ ਆਪ ਹੀ ਅਪਣੇ ਗਲ ਨਾਲ ਲਾ ਲਈਆਂ ਹਨ ॥

**ਜੋ ਗੁਰਮੁਖਿ ਨਾਮ ਧਿਆਇਦੇ ਤਿਨ ਦਰਸਨ ਦੀਜੈ ॥**
**ਹਮ ਤਿਨ ਕੇ ਚਰਨ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥ ੧੨ ॥**

ਹੇ ਪ੍ਰਮੇਸਰਾ ਜੇਹੜੇ ਗੁਰਮੁਖ ਤੇਰੇ ਨਾਮ ਨੂੰ ਯਾਦ ਕਰਦੇ ਹਨ ਮੈਨੂੰ ਓਨਾਂ ਦਾ ਦਰਸ਼ਨ ਦੇਹ ॥ ਅਸੀ ਓਨਾਂ ਦੇ ਚਰਨਾਂ ਨੂੰ ਧੋਂਦੇ ਰਹੀਏ ਅਤੇ ਓਹਨਾਂ ਦੇ ਚਰਨਾਂ ਦੀ ਧੂੜੀ ਨੂੰ ਪਾਣੀ ਵਿਚ ਘੋਲ ੨ ਕੇ ਪੀਵੀਏ ॥

**ਪਾਨ ਸੁਪਾਰੀ ਖਾਤੀਆ ਮੁਖ ਬੀੜੀਆ ਲਾਈਆ ॥**
**ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥ ੧੩ ॥**

(ਬੇਮੁਖਾਂ ਦੀ ਦਸ਼ਾ) ਜੇਹੜੀਆਂ ਇਸਤ੍ਰੀਆਂ ਮੂੰਹ ਨਾਲ ਪਾਨ ਸੁਪਾਰੀਆਂ ਖਾਂਦੀਆਂ ਹਨ ਅਤੇ ਮੂੰਹ ਉਤੇ ਪਾਨਾਂ ਦੀਆਂ ਬੀੜੀਆ ਜਾਂ ਲਾਲ ਰੰਗ ਦੀਆਂ ਬਿੰਦੀਆਂ ਲਾਈਆਂ ਹੋਈਆਂ ਹਨ ॥ ਓਨਾਂ ਨੇ ਪ੍ਰਮੇਸਰ ਦੇ ਨਾਮ ਨੂੰ ਕਦੀ ਯਾਦ ਨਹੀ ਕੀਤਾ ਉਹ ਜਮ ਨੇ ਫੜਕੇ ਨਰਕਾਂ ਨੂੰ ਤੋਰ ਦਿਤੀਆਂ ਹਨ ਭਾਵ ਨਰਕਾਂ ਵਿਚ ਸੁਟ ਦਿਤੀਆਂ ਹਨ ॥

**ਜਿਨ ਹਰਿਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥**

Digitized by Panjab Digital Library | www.panjabdigilib.org

**ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥**

ਜਿੰਨਾਂ ਨੇ ਪ੍ਰਮੇਸਰ ਦੇ ਨਾਮ ਨੂੰ ਰਿਦ ਉਰ=ਵਿਚ ਧਾਰਕੇ ਯਾਦ ਕੀਤਾ ਹੈ ॥ ਤਿਨਾਂ ਗੁਰਸਿਖਾਂ ਗੁਰੂ ਦੇ ਪਿਆਰਿਆਂ ਦੇ ਨੇੜੇ ਜਮ ਨਹੀ ਆ ਸਕਦਾ ਹੈ ॥

**ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥**
**ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥**

ਪ੍ਰਮੇਸਰ ਦਾ ਨਾਮ ਸੁਖਾਂ ਦਾ ਖਜਾਨਾ ਹੈ ਪਰ ਇਸ ਗਲ ਨੂੰ ਕੋਈ ਗੁਰਮੁਖ ਹੀ ਜਾਣਦਾ ਹੈ। ਗੁਰੂ ਜੀ, ਜਿੰਨਾਂ ਨੂੰ ਸਤਿਗੁਰੂ ਮਿਲਿਆ ਹੈ ਓਹ ਖੁਸ਼ੀਆਂ ਦੇ ਅਨੰਦ ਨੂੰ ਮਾਣਦੀਆਂ ਹਨ ॥

**ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥**
**ਹਉ ਗੁਰਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥**

ਸਤਿਗੁਰੂ ਨੂੰ ਨਾਮ ਦਾ ਦਾਤਾ ਆਖਿਆ ਜਾਂਦਾ ਹੈ ਜੇਹੜਾ ਪ੍ਰਸੰਨ ਹੋਕੇ ਮੈਨੂੰ ਨਾਮ ਕੀ ਦਾਤ ਕਰਦਾ ਹੈ॥ ਜਿੰਨਾਂ ਸਤਿਗੁਰਾਂ ਨੇ ਨਾਮ ਦਾਨ ਦਿਤਾ ਹੈ ਮੈ ਓਨਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥

**ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥**
**ਹਉ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥੧੭॥**

ਜੇਹੜਾ ਸਤਿਗੁਰੂ ਪ੍ਰਮੇਸਰ ਦਾ ਸੁਨੇਹਾ ਦੇਣ ਵਾਲਾ ਹੈ ਓਹ ਧੰਨ ਹੈ ਮੈਂ ਉਸ ਤੋ ਬਲਿਹਾਰ ਜ ਦਾ ਹਾਂ ਤੇ ਸ਼ਾਬਾਸ਼ੇ ਆਖਦਾ ਹਾਂ ॥ ਮੈਂ ਸਤਿਗੁਰਾਂ ਦੇ ਸਰੀਰੀ ਨੂੰ ਵੇਖ ਵੇਖਕੇ ਖੁਸ਼ੀ ਹੋਇਆ ਹਾਂ ॥

**ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥**
**ਜਿਨੁ ਸੁਣਿ ਸਿਖਾ ਗੁਰ ਮੰਨਿਆ ਤਿਨਾ ਭੁਖ ਸਭਿ ਜਾਵੀ ॥੧੮॥**

ਸਤਿਗੁਰਾਂ ਦੀ ਜਬਾਨ ਸਦਾ ਅੰਮ੍ਰਿਤ ਰੂਪ ਪ੍ਰਮੇਸਰ ਦੇ ਨਾਮ ਨੂੰ ਬੋਲਦੀ ਸੋਭਦੀ ਹੈ। ਜਿੰਨਾਂ ਗੁਰਸਿਖਾਂ ਨੇ ਗੁਰਾਂ ਦਾ ਉਪਦੇਸ਼ ਸੁਣਕੇ ਮੰਨਿਆਂ ਹੈ ਓਨਾਂ ਦੀ ਹਰ ਤਰਾਂ ਦੀ ਭੁਖ ਦੂਰ ਹੋ ਜਾਂਦੀ ਹੈ ॥

**ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥**
**ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚਿ ਲੈ ਜਾਈਐ ॥੧੯॥**

ਹੇ ਸੰਤੋ ਜੇਹੜਾ ਪ੍ਰਮੇਸਰ ਦਾ ਰਸਤਾ ਆਖਿਆ ਜਾਂਦਾ ਹੈ ਦਸੋ ਖਾਂ ਉਸ ਰਸਤੇ

Digitized by Panjab Digital Library | www.panjabdigilib.org

ਵਿਚ ਕਿਸ ਰੀਤੀ ਨਾਲ ਜਾਈਦਾ ਹੈ ਭਾਵ ਪਾਸ ਪਹੁੰਚ ਦੀ ਲੋੜ ਹੈ (ਅਗੇ ਉਤਰ ਹੈ)॥ ਹੇ ਭਰਾਵਾ ਪ੍ਰਮੇਸਰ ਦਾ ਨਾਮ ਹੀ ਤੇਰਾ ਸਹਾਇਕ ਹੈ ਇਸ ਲਈ ਪ੍ਰਮੇ-ਸਰ ਦਾ ਨਾਮ ਹੀ ਲੈਕੇ ਪ੍ਰਮੇਸਰ ਦੇ ਪਾਸ ਜਾਈਦਾ ਹੈ॥

**ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥**
**ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ ॥ ੨੦ ॥**

ਜਿਨਾਂ ਗੁਰਮੁਖਾਂ ਨੇ ਪ੍ਰਮੇਸਰ ਨੂੰ ਯਾਦ ਕੀਤਾ ਹੈ ਓਹ ਸ਼ਾਹੂਕਾਰ ਸਾਰਿਆਂ ਤੋਂ ਵਡੇ ਜਾਣੇ ਜਾਂਦੇ ਹਨ॥ ਜਿਨਾਂ ਗੁਰਾਂ ਦੇ ਬਚਨ ਮੇਰੇ ਹਿਰਦੇ ਵਿਚ ਮਿਲੇ ਹੋਏ ਹਨ ਮੈਂ ਓਨਾਂ ਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ [ ਪ੍ਰਮੇਸਰ ਪਾਸ ਬੇਨਤੀ ਹੈ ] ॥

**ਤੂੰ ਠਾਕੁਰੁ ਤੂ ਸਾਹਿਬੋ ਤੂ ਹੈ ਮੇਰਾ ਮੀਰਾ ॥**
**ਤੁਧ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥ ੨੧ ॥**

ਹੇ ਪ੍ਰਮੇਸਰ ਤੂੰ ਹੀ ਮੇਰਾ ਮਾਲਕ ਹੈਂ ਤੂੰ ਹੀ ਪਾਤਸ਼ਾਹਾਂ ਦਾ ਪਾਤਸ਼ਾਹ ਸਾਰਿਆਂ ਦਾ ਮਾਲਕ ਹੈਂ॥ ਤੈਨੂੰ ਤੇਰੀ ਬੰਦਗੀ ਹੀ ਸਦਾ ਚੰਗੀ ਲਗਦੀ ਹੈ ਅਤੇ ਤੂੰ ਗੁਣਾਂ ਦਾ ਸਮੁੰਦਰ ਹੈਂ॥

**ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥**
**ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ੨੨ ॥ ੨ ॥**

ਹੇ ਭਰਾ ਆਪੇ ਹੀ ਪ੍ਰਮੇਸ਼ਰ ਇਕ ਰੰਗ=ਇਕ ਰੂਪ ਹੈ ਅਤੇ ਆਪੇ ਹੀ ਬਹੁਤਿਆਂ ਰੰਗਾਂ ਵਾਲਾ ਭਾਵ ਸਰਗੁਣ ਸਰੂਪ ਹੈ॥ ਗੁਰੂ ਜੀ, ਜੇਹੜੀ ਪ੍ਰਮੇਸਰ ਨੂੰ ਭਾਂਦੀ ਹੈ ਓਹੋ ਹੀ ਗਲ ਚੰਗੀ ਹੈ॥

(ਸ੍ਰੀ ਗੁਰੂ ਤੇਗ ਬਹਾਦਰ ਜੀ ਵੈਰਾਗ ਵਾਲੀ ਬਾਣੀ ਉਚਾਰਦੇ ਹਨ)

## ਤਿਲੰਗ ਮਹਲਾ ੯ ਕਾਫੀ

## ੴ ਸਤਿ ਗੁਰ ਪ੍ਰਸਾਦਿ ॥

**ਚੇਤਨਾ ਹੈ ਤਉ ਚੇਤਲੈ ਨਿਸਿਦਿਨ ਮੈਂ ਪ੍ਰਾਨੀ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ੧ ॥ ਰਹਾਉ॥**

Digitized by Panjab Digital Library | www.panjabdigilib.org

ਹੇ ਆਦਮੀ ਪ੍ਰਮੇਸਰ ਦਾ ਸਿਮਰਨ ਕਰਨਾ ਹੈ ਤਾਂ ਹੁਣ ਇਕ ਰਾਤ ਦਿਨ ਕਰਲੈ ਛਿਨ ਛਿਨ ਵਿਚ ਉਮਰ ਬੀਤਦੀ ਜਾਂਦੀ ਹੈ ਜਿਸਤਰਾਂ ਟੁਟੇ ਹੋਏ ਘੜੇ ਵਿਚੋਂ ਪਾਣੀ ਵਗਦਾ ਹੈ ॥

**ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥**
**ਝੂਠੈ ਲਾਲਚਿ ਲਾਗ ਕੈ ਨਹਿ ਮਰਨੁ ਪਛਾਨਾ ॥੧॥**

ਹੇ ਮੂਰਖ ਬੇ ਸਮਝ ਆਦਮੀ ਪ੍ਰਮੇਸਰ ਦੇ ਗੁਣ ਕਿਉਂ ਨਹੀਂ ਗਾਂਦਾ ਹੈਂ । ਸੰਸਾਰ ਦੇ ਝੂਠਿਆਂ ਪਦਾਰਥਾਂ ਵਿਚ ਲਗਕੇ ਮੌਤ ਨੂੰ ਨਹੀਂ ਪਛਾਣਿਆ ਹੈ ॥

**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥**
**ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥ ੧॥**

ਅਜੇ ਵੀ ਕੁਛ ਵਿਗੜਿਆ ਨਹੀ ਹੈ ਜੋ ਪ੍ਰਮੇਸਰ ਦੇ ਗੁਣਾਂ ਨੂੰ ਗਾ ॥ ਗੁਰੂ ਜੀ, ਅਜੇ ਵੀ ਉਸ ਪ੍ਰਮੇਸਰ ਦਾ ਭਜਨ ਕਰਨ ਨਾਲ ਤੂੰ ਨਿਡਰ ਪਦ ਨੂੰ ਪਾਵੇਂਗਾ ਭਾਵ ਡਰ ਤੋਂ ਰਹਿਤ ਹੋ ਜਾਵੇਂਗਾ ॥

## ਤਿਲੰਗ ਮਹਲਾ ੯

੭੨੭ **ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ ॥**
**ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ਰਹਾਉ॥**

ਹੇ ਮਨਾ ਉਸ ਪ੍ਰਮੇਸਰ ਦੇ ਭਜਨ ਕਰਨ ਵਿਚ ਜਾਗ ਲੈ ਉਸ ਤੋਂ ਗਾਫਲ ਹੋਕੇ ਕਿਉਂ ਸੁਤਾ ਹੈਂ ॥ ਜੇਹੜਾ ਸਰੀਰ ਤੇਰੇ ਨਾਲ ਪੈਦਾ ਹੋਇਆ ਹੈ ਮਰਨ ਦੇ ਵੇਲੇ ਓਹ ਵੀ ਤੇਰੇ ਨਾਲ ਨਹੀ ਹੋਇਆ ਹੈ ॥

**ਮਾਤ ਪਿਤਾ ਸੁਤ ਬੰਧ ਜਨ ਹਿਤ ਜਾ ਸਿਉ ਕੀਨਾ ॥**
**ਜੀਉ ਛੁਟਿਓ ਜਬ ਦੇਹ ਤੇ ਡਾਰ ਅਗਨਿ ਮੈ ਦੀਨਾ ॥੧॥**

ਮਾਤਾ, ਪਿਤਾ, ਪੁਤ੍ਰ, ਭਰਾ, (ਅਤੇ ਇਸਤਰੀ ਆਦਿਕ) ਜਿੰਨਾਂ ਸਰਬੰਧੀਆਂ ਦੇ ਨਾਲ ਤੂੰ ਪ੍ਰੇਮ ਕੀਤਾ ਹੈ ॥ ਜਦੋਂ ਜੀਵ ਦੇਹ ਤੋਂ ਛੁਟਿਆ ਭਾਵ ਵਖਰਾ ਹੋਇਆ ਤਾਂ ਉਨਾਂ ਸਰਬੰਧੀਆਂ ਨੇ ਸਰੀਰ ਨੂੰ ਅਗ ਵਿਚ ਸੁਟ ਦਿਤਾ।

**ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ ਨਾਨਕ ਹਰਿ ਗੁਨ ਗਾਇਲੈ ਸਭ ਸੁਫਨ ਸਮਾਨਉ ॥ ੨ ॥ ੨ ॥**

ਇਸ ਲਈ ਜੀਊਂਦਿਆਂ ਤਕ ਹੀ ਇਸ ਜਗਤ ਦੇ ਸਰਬੰਧੀਆਂ ਦਾ ਵਿਹਾਰ ਹੈ

Digitized by Panjab Digital Library | www.panjabdigilib.org

ਤੁਸੀਂ ਇੱਕੁਰ ਰਿਦੇ ਵਿਚ ਜਾਣੋ ॥ ਗੁਰੂ ਜੀ, ਪ੍ਰਮੇਸਰ ਦੇ ਗੁਣ ਗਾ ਲੈ ਪ੍ਰਮੇ-ਸਰ ਤੋਂ ਬਿਨਾ ਸਾਰੇ ਪਦਾਰਥ ਸੁਫਨੇ ਵਰਗੇ ਝੂਠੇ ਹਨ ॥

## ਤਿਲੰਗ ਮਹਲਾ ੯

**ਹਰਿ ਜਸੁ ਰੇ ਮਨਾ ਗਾਇਲੈ ਜੋ ਸੰਗੀ ਹੈ ਤੇਰੋ ॥**
**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨਿ ਲੈ ਮੇਰੋ ॥੧॥ ਰਹਾਉ ॥**

ਹੇ ਮਨਾ ਪ੍ਰਮੇਸਰ ਦੇ ਜਸ ਨੂੰ ਗਾ ਲੈ ਜੋਹੜਾਹਰਿ ਜਸ ਤੇਰਾ ਸਾਥੀ ਹੈ ॥ ਇਹ ਮਨੁਖ ਦੇਹ ਦਾ ਸਮਾ ਬੀਤਦਾ ਜਾਂਦਾ ਹੈ ਇਸ ਲਈ ਮੇਰਾ ਕਹਿਣਾ ਮੰਨ ਲੈ ॥

**ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥**
**ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥੧॥**

ਇਹ ਸਾਰੀ ਸੰਪਤਾ=ਚੀਜ ਵਸਤ ਰਥ ਆਦਿਕ ਸਵਾਰੀ ਅਤੇ ਧਨ ਰਾਜ ਆਦਕ ਹੁਕਮ ਕਰਨਾ ਇਹਨਾਂ ਪਦਾਰਥਾਂ ਨਾਲ ਤੂੰ ਵੱਡਾ ਪ੍ਰੇਮ ਲਾਇਆ ਹੋਇਆ ਹੈ। ਸੋ ਜਿਸ ਵੇਲੇ ਕਾਲ ਦੀ ਫਾਹੀ ਤੇਰੇ ਗਲ ਵਿਚ ਆਕੇ ਪਈ ਤਾਂ ਇਹ ਧਨ ਸੰਪਤਾ ਸਭ ਕੁਛ ਪਰਾਇਆ ਹੋ ਜਾਣਾ ਹੈ ॥

**ਜਾਨਿ ਬੂਝਿਕੈ ਬਾਵਰੇ ਤੈ ਕਾਜੁ ਬਿਗਾਰਿਓ ॥**
**ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥**

ਹੇ ਬੌਰੇ ਆਦਮੀ ਤੂੰ ਜਾਣ ਬੁਝਕੇ ਅਪਣਾ ਕੰਮ ਵਿਗਾੜ ਲਿਆ ਹੈ ਭਾਵ ਮੁਕਤੀ ਹੋਣ ਦਾ ਕੰਮ ॥ ਪਾਪਾਂ ਨੂੰ ਕਰਦਾ ਹੋਇਆ ਤੂੰ ਕੁਛ ਸੰਕੋਚਿਆ ਨਹੀਂ ਹੈਂ ਭਾਵ ਮਨ ਵਿਚ ਸੰਗਿਆ ਨਹੀਂ ਹੈਂ ਅਤੇ ਨਾਹੀ ਚਿਤ ਤੋਂ ਹੰਕਾਰ ਨੂੰ ਦੂਰ ਕੀਤਾ ਹੈ ॥

**ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥**
**ਨਾਨਕ ਕਹਤ ਪੁਕਾਰਿਕੈ ਗਹੁ ਪ੍ਰਭ ਸਰਨਾਈ ॥ ੩ ॥ ੩॥**

ਹੇ ਭਰਾ ਜਿਕੁਰ ਗੁਰਾਂ ਨੇ ਮੈਨੂੰ ਉਪਦੇਸਿਆ ਹੈ ਉਸ ਉਪਦੇਸ ਨੂੰ ਸੁਣ ਲੈ ॥ ਗੁਰੂ ਜੀ, ਪੁਕਾਰਕੇ ਆਖਦੇ ਹਨ ਤੂੰ ਉਸ ਮਾਲਕ ਦੀ ਸਰਨ ਫੜ ॥

Digitized by Panjab Digital Library | www.panjabdigilib.org

# ਤਿਲੰਗ ਬਾਣੀ ਭਗਤਾਂ ਕੀ
## ਕਬੀਰ ਜੀ

੧ ੴ ਸਤਿਗੁਰ ਪ੍ਰਸਾਦਿ ॥

ਇਫਤਰਾ=ਜਾਲ ਵਾ ਦਿਖਲਾਵਾ ਵਾ ਬੇਫਾਇਦਾ । ਟੁਕੁ=ਥੋੜ੍ਹਾ ਜੇਹਾ ਚਿਰ । ਕਰਾਰੀ=ਇਸਥਿਤੀ, ਕਾਇਮ ॥ ਪਰੇਸਾਨੀ=ਸ਼ਰਮਿੰਦਗੀ, ਵਿਆਕੁਲਤਾ । ਸਿਹਰ=ਇੰਦ੍ਰਜਾਲ, ਮਦਾਰੀ ਦਾ ਤਮਾਸ਼ਾ । ਦਸਤ=ਹੱਥ । ਗੀਰੀ=ਫੜਨਾ ॥ ਦਰੋਗੁ=ਝੂਠ । ਹੱਕ=ਸੱਚ । ਖਾਲ਼ਕ=ਵਾਹਿਗੁਰੂ । ਮਿਆਨੇ=ਵਿੱਚ ॥ ਸਿਆਮ=ਕਾਲਾ ॥ ਲਹੰਗ=ਗੁਜ਼ਰਨਾ ਭਾਵ ਵੇਖਣਾ । ਗੁਸਲ=ਇਸਨਾਨ ॥ ਕਰਦਨ=ਕਰਨਾ । ਬੂਦ=ਸੀ ॥ ਫਕਰੁ=ਸਾਧਪੁਣਾ । ਦਾਇਮ=ਹਮੇਸ਼ਾਂ । ਚਸ਼ਮੇ=ਨੇਤ੍ਰ । ਕਰਮੁ=ਕਿਰਪਾ । ਕਰੀਮ=ਦਿਆਲੂ ॥

**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥**
**ਟੁਕੁ ਦਮੁ ਕਰਾਰੀ ਜਉ ਕਰਹੁ ਹਾਜਰਿ ਹਜੂਰ ਖੁਦਾਇ ॥ ੧ ॥**

ਹੇ ਭਾਈ ! ਬੇਦ ਕਤੇਬ ਇਫਤਰਾ ਹੈ ਇੱਕੁਰ ਦਿਲ ਦਾ ਫਿਕਰ ਨਹੀਂ ਜਾਂਦਾ ਭਾਵ ਵੇਦਾਂ ਕਤੇਬਾਂ ਦੇ ਬਚਨ ਠੱਗਾਂ ਵਾਂਗੂ ਹਨ, ਇਸ ਲਈ ਗੁਰਾਂ ਦੇ ਉਪਦੇਸ਼ ਤੋਂ ਬਿਨਾ ਦਿਲ ਦਾ ਸ਼ੱਕ ਨਹੀਂ ਜਾਂਦਾ ॥

ਥੋੜ੍ਹਾ ਜੇਹਾ ਚਿਰ ਜੇ ਤੂੰ ਮਨ ਵਾਹਿਗੁਰੂ ਵਿੱਚ ਟਿਕਾਵੇਂ ਤਾਂ ਪ੍ਰਗਟ ਹੀ ਵਾਹਿਗੁਰੂ ਤੇਰੇ ਪਾਸ ਹੈ ॥

**ਬੰਦੇ ਖੋਜੁ ਦਿਲ ਹਰਰੋਜ ਨਾ ਫਿਰੁ ਪਰੇਸਾਨੀ ਮਾਹਿ ॥**
**ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ ਰਹਾਉ॥**

ਹੇ ਬੰਦੇ ! ਤੂੰ ਵਾਹਿਗੁਰੂ ਨੂੰ ਆਪਣੇ ਦਿਲ ਵਿੱਚ ਹੀ ਹਰ ਰੋਜ ਖੋਜ ਅਤੇ (ਸੰਸਿਆਂ ਵਿੱਚ) ਵਿਆਕੁਲਤਾਈ ਵਿੱਚ ਨਾ ਪੈ ਇਹ ਜੇਹੜੀ ਦੁਨੀਆਂ ਹੈ ਸੋ ਮਦਾਰੀ ਦਾ ਤਮਾਸ਼ਾ ਹੈ, ਹੱਥ ਵਿੱਚ ਫੜਨ ਨੂੰ ਕੁਝ ਨਹੀਂ ਹੈ ਭਾਵ ਝੂਠੀ ਹੈ ॥

**ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥**
**ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥ ੨॥**

ਜੇਹੜਾ ਤੂੰ ਵੇਦਾਂ ਕਤੇਬਾਂ ਵਿਚੋਂ ਝੂਠ ਪੜ੍ਹ ਪੜ੍ਹ ਕੇ ਖੁਸ਼ੀ ਹੋਇਆ ਹੈਂ ਸੋ ਤੂੰ

Digitized by Panjab Digital Library | www.panjabdigilib.org

ਭੁਲਕੇ ਬਿਅਰਥ ਹੀ ਬਕਵਾਸ ਬਕਦਾ ਹੈਂ, ਵਾ ਬੇਖਬਰ ਬਕਵਾਦ ਬਕਦੇ ਹਨ ਅਤੇ ਉਨ੍ਹਾਂ ਵਿਚੋਂ ਝੂਠ ਨੂੰ ਪੜ੍ਹ ੨ ਕੇ ਖੁਸ਼ੀ ਹੁੰਦੇ ਹਨ, ਮੈਂ ਤੈਨੂੰ ਸਚ ਆਖਦਾ ਹਾਂ ਕਿ ਤੂੰ ਮੇਰੀ ਗੱਲ ਨੂੰ ਸੱਚ ਜਾਣ ਕਿ ਵਾਹਿਗੁਰੂ ਖਲਕਤ ਦੇ ਦਰਮਿਆਨ ਹੀ ਹੈ ਅਤੇ ਉਸਦੀ ਕੁਝ ਕਾਲੀ ਚਿੱਟੀ ਭੂਸਲੀ ਕ੍ਰਿਸ਼ਨ ਵਰਗੀ ਮੂਰਤੀ ਨਹੀਂ ਹੈ, ਭਾਵ ਏਨਾਂ ਮੂਰਤੀਆਂ ਵਿੱਚ ਨਹੀਂ ਹੈ ॥

## ਅਸਮਾਨ ਮ੍ਯਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
## ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥ ੩ ॥

ਰਿਦੇ ਰੂਪ ਅਸਮਾਨ ਵਿੱਚ ਵਾਹਿਗੁਰੂ ਰੂਪ ਦਰਿਆ ਨੂੰ ਵੇਖਕੇ ਤੁਸਾਂ ਇਸਨਾਨ ਕਰਨਾ ਸੀ ਸੋ ਅਫਸੋਸ ! ਤੁਸਾਂ ਨੇ ਨਾ ਕੀਤਾ, ਇਹ ਤੁਹਾਡੇ ਮੰਦ ਭਾਗ ਹਨ ਜੋ ਵੇਦਾਂ ਕਤੇਬਾਂ ਵਿੱਚ ਲਗਕੇ ਵਾਹਿਗੁਰੂ ਨੂੰ ਭੁਲਾ ਦਿੱਤਾ ॥

ਹਮੇਸ਼ਾ ਸਾਧਪੁਣਾ ਧਾਰਕੇ ਉਸ ਵਿਚ ਨੇਤ੍ਰ ਲਾ ਰੱਖ ਮਨ ਬੁਧੀ ਨੇਤ੍ਰਾਂ ਵਿਚ ਗੁਰਾਂ ਦਾ ਉਪਦੇਸ਼ ਵਾ ਗਿਆਨ ਸੁਰਮਾ ਲਗਾਵੇਂਗਾ ਤਾਂ ਓਹ ਦੂਰ ਨਹੀਂ ਫਿਰ ਦੇਖੇਂਗਾ ਕਿਉਂਕਿ ਓਹ ਜਿੱਥੇ ਕਿੱਥੇ ਹਰ ਇਕ ਜਗਾ ਵਿਚ ਪ੍ਰਗਟ ਹੈ ॥

## ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥
## ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥ ੪ ॥ ੧ ॥

ਵਾਹਿਗੁਰੂ ਪਾਕ ਤੋਂ ਪਾਕ ਹੈ ਸ਼ੱਕ ਕਰੇ ਜੇ ਕੋਈ ਦੂਸਰਾ ਹੋਵੇ, ਭਾਵ ਸਾਰੀਆਂ ਵਸਤੂ ਵਿੱਚ ਫੈਲਣ ਕਰਕੇ ਆਪ ਅਪਵਿਤ੍ਰ ਨਹੀਂ ਹੋਇਆ ਸਗੋਂ ਪਵਿਤ੍ਰਾਂ ਨੂੰ ਵੀ ਪਵਿਤ੍ਰ ਕਰਨ ਵਲਾ ਹੈ ਓਹ ਵਾਹਿਗੁਰੂ ਜਿਸ ਤੇ ਕਿਰਪਾ ਕਰਦਾ ਹੈ ਓਹੋ ਹੀ ਉਸ ਨੂੰ ਜਾਣਦਾ ਹੈ ॥

# ਨਾਮਦੇਵ ਜੀ

ਖੁੰਦਕਾਰਾ=ਸਹਾਰਾ, ਸੋਟੀ ॥ ਗਨੀ=ਧਨੀ ॥
ਦਿਹੰਦ=ਦਾਤਾ । ਬਿਸੀਆਰ=ਬਹੁਤਾ ।
ਦਿਗਰ=ਦੂਜਾ ॥ ਬੀਨਾ=ਦੇਖਣਾਂ ॥

## ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥
## ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥ ੧ ॥ ਰਹਾਉ ॥

ਮੈਂ ਅੰਨੇ ਦੀ ਓਟ ਤੇਰਾ ਨਾਮ ਹੀ ਸੋਟੀ ਹੈ, ਮੈਂ ਗਰੀਬ ਹਾਂ, ਮੈਂ ਬਹੁਤ ਮਸਕੀਨ ਹਾਂ ਮੈਨੂੰ ਤੇਰੇ ਨਾਮ ਦਾ ਹੀ ਆਸਰਾ ਹੈ ॥

Digitized by Panjab Digital Library | www.panjabdigilib.org

ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥
ਹਾਜਰਾ ਹਜੂਰਿ ਦਰਿ ਪੇਸਿ ਤੂ ਮਨੀ ॥ ੧ ॥

ਹੇ ਵਾਹਿਗੁਰੂ ! ਤੂੰ ਕ੍ਰਿਪਾਲੂ ਦਯਾਲੂ ਦੌਲਤਮੰਦ ਹੈਂ, ਪਾਸ ਤੇ ਪਾਸ ਹੀ ਪ੍ਰਗਟ ਤੂੰ ਅਗੇ ਮੇਰੇ ਹੈਂ ॥

ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥
ਦੇਹਿ ਲੇਹਿ ਏਕ ਤੂੰ ਦਿਗਰ ਕੋ ਨਹੀ ॥ ੨ ॥

ਤੂੰ ਦਰੀਆ ਤੂੰ ਦਾਤਾ ਤੂੰ ਬਾਹਲਾ ਧਨੀ ਹੈਂ ਦੇਣ ਵਾਲਾ ਇਕੋ ਤੂੰ ਹੀ ਹੈਂ ਹੋਰ ਦੂਸਰਾ ਕੋਈ ਨਹੀਂ ॥

ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥ ੩ ॥ ੧ ॥ ੨ ॥

ਤੂੰ ਦਾਨਾ ਹੈਂ ਤੂੰ ਬੀਨਾ ਹੈਂ ਭਾਵ ਅੰਦਰ ਬਾਹਰ ਦੀ ਗੱਲ ਜਾਨਣ ਵੇਖਣ ਵਾਲਾ ਹੈਂ ਮੈਂ ਕੀ ਵਿਚਾਰ ਕਰਾਂ, ਨਾਮੇ ਦਾ ਸੁਆਮੀ ਇਕ ਤੂੰ ਹੀ ਬਖਸ਼ਨ ਵਾਲਾ ਵਾਹਿਗੁਰੂ ਹੈਂ ॥

{ ਇਕ ਮੁਗਲ ਮੁਸਲਮਾਨ ਦੀ ਵਿਗਾਰ ਵਿਚ ਫਸਿਆ ਹੋਇਆ ਇਹ ਅਗਲਾ ਸ਼ਬਦ ਉਚਾਰਿਆ। ਭਗਤਾਂ ਨੇ ਸਾਰੇ ਲੋਕਾਂ ਨੂੰ ਵਾਹਿਗੁਰੂ ਦਾ ਰੂਪ ਜਾਤਾ ਹੋਇਆ ਸੀ ॥ }

ਨੀਕੀ=ਚੰਗੀ। ਆਲੇ=ਘਰ। ਆਲੇ ਬੇਗ=ਮੁਗਲ ਦਾ ਨਾਮ ॥
ਰਫਤੀ=ਜਾਵੇਂਗਾ,ਭਵਿੱਖਤ ਕਾਲ। ਮੇਰਵੀ=ਜਾਂਦਾ ਹੈਂ ਵਰਤਮਾਨ ਕਾਲ।ਚੰਦੀ=ਕਈ । ਆਲਮ=ਦੁਨੀਆਂ । ਲਖਾਨਾਂ=ਜਾਨਣਾਂ ॥
ਹਮ ਚਿਨੀ=ਅਜੇਹਾ ਅਥਵਾ ਅਸਚਰਜ। ਬਰਨਾਂ=ਕਥਨ ਕਰਾਂ ॥
ਕੁਜਾ=ਕਿਧਰੋਂ। ਬਗੋਈ=ਕਹਿਣਾ। ਆਮਦ=ਆਯਾ, ਭੂਤ ਕਾਲ ॥
ਅਸ=ਘੋੜ। ਗਜ=ਹਾਥੀ। ਨਰਿੰਦ=ਰਾਜਾ ॥

*ਹਲੇ ਯਾਰਾ ਹਲੇ ਯਾਰਾ ਖੁਸਿ ਖਬਰੀ ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਉ ॥

*ਭਗਤ ਜੀ ਕਪੜੇ ਧੋਕੇ ਚਲੇ ਆਉਂਦੇ ਸਨ ਤਾਂ ਦਿਲ ਵਿੱਚ ਚਾਹਿਆ ਕਿ ਇਕ ਘੋੜੀ ਹੋਵੇ ਸੋ ਵਛੇਰੀ ਚੁਕਣੀ ਪਈ ॥

Digitized by Panjab Digital Library | www.panjabdigilib.org

ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥ ੧ ॥ ਰਹਾਉ ॥

ਹੇ ਮਿਤ੍ਰ ! ਹੇ ਮਿਤ੍ਰ ! ਖੁਸ਼ਖਬਰੀ ਹੈ ਭਾਵ ਪ੍ਰਸੰਨ ਹੈਂ ?
ਮੈਂ ਚਾਰ ਵਾਰੀ ਦਲਿਹਾਰਨੇ ਜਾਂਦਾ ਹਾਂ ਏਹ ਤੇਰੀ ਵਿਗਾਰ ਵੀ ਮੈਨੂੰ ਚੰਗੀ ਲੱਗ ਦੀ ਹੈ ਅਤੇ ਤੇਰਾ ਨਾਮ ਵੀ ਆਲਾ ਵੱਡਾ ਹੈ ਭਾਵ ਚੰਗਾ ਲ਼ਗਦਾ ਹੈ ॥

ਕੂਜਾ ਆਮਦ ਕੂਜਾ ਰਫਤੀ ਕੂਜਾ ਮੇਰਵੀ ॥
ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥ ੧ ॥

ਹੇ ਵਾਹਿਗੁਰੂ ! ਜੋ ਤੂੰ ਪ੍ਰਗਟ ਹੋਇਆ, ਨਹੀਂ ਮਾਲੂਮ ਕਿ ਤੂੰ ਭੂਤ ਕਾਲ ਵਿਖੇ ਕਿੱਥੇ ਸੀ ਅਤੇ ਮੈਨੂੰ ਏਹ ਵੀ ਮਲੂਮ ਨਹੀਂ ਜੋ ਤੂੰ ਭਵਿੱਖਤ ਕਾਲ ਵਿਚ ਕਿੱਥੇ ਜਾਇੰਗਾ, ਹੇ ਅਕਾਲ ਪੁਰਖ ! ਪਰਮ ਪਿਆਰੇ ਹੁਣ ਮੈਨੂੰ ਛੱਡਕੇ ਤੂੰ ਕਿੱਥੇ ਜਾਂਦਾ ਹੈਂ । ਭਾਵ ਕਿਥੋਂ ਆਏ ਹੋ, ਕਿਥੇ ਗਏ ਸਾਓ ਅਰ ਕਿਧਰ ਨੂੰ ਜਾਓਗੇ ਹੇ ਦੁਵਾਰਕਾ ਨਗਰੀ ਦੇ ਵਾਸੀ ! ਤੂੰ ਮੈਨੂੰ ਸੱਚ ਕਹੋ ਅਰਥਾਤ ਹੇ ਸਰਬ ਵਿਆਪੀ ਵਾਹਿਗੁਰੂ ਤੂੰ ਮੈਨੂੰ ਸੱਚ ਕਹੋ ॥

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥
ਦ੍ਵਾਰਿਕਾ ਨਗਰੀ ਕਾਹੇਕੇ ਮਗੋਲ ॥ ੨ ॥

ਸੋਹਣੀ ਤੇਰੀ ਪਗੜੀ ਹੈ,ਮਿਠੇ ਤੇਰੇ ਬੋਲ ਹਨ, ਦੁਆਰਕਾ ਨਗਰੀ ਵਿਚ ਮੁਗਲ ਕਿਸਤਰਾਂ ਹੋ ਸਕਦਾ ਹੈ ਭਾਵ ਦੁਆਰਕਾ ਨਗਰੀ ਵਿਚ ਮੁਗਲ ਕਿਥੋਂ ਆਏ ?

ਚੰਦੀਂ ਹਜਾਰ ਆਲਮ ਏਕ ਲਖਾਨਾ ॥
ਹਮਚਿਨੀ ਪਾਤਿਸਾਹ ਸਾਵਲੇ ਬਰਨਾ॥ ੩ ॥

ਕਈ ਹਜ਼ਾਰ ਸ੍ਰਿਸ਼ਟੀ ਜੇਹੜੀ ਕੇਵਲ ਤੈਨੂੰ ਜਾਣ ਰਹੀ ਹੈ ਹੇ ਸਾਵਲੇ ਰੰਗ ਵਾਲੇ ਮੇਰੇ ਅਦਭੁਤ ਪਾਤਸ਼ਾਹ ! ਭਾਵ ਸਾਰੀ ਦੁਨੀਆਂ ਵਿੱਚ ਮੈਂ ਤੈਨੂੰ ਇਕ ਨੂੰ ਹੀ ਜਾਣਿਆ ਐਸੇ ਅਨੋਖੇ ਸਾਂਵਲੇ ਰੰਗ ਵਾਲਾ ਪਾਤਸ਼ਾਹ ਤੂੰ ਹੈਂ ॥

ਅਸਪਤਿ ਗਜਪਤਿ ਨਰਹ ਨਰਿੰਦ ॥
ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥ ੪ ॥ ੨ ॥ ੩ ॥

( ਸੱਤਾਂ ਮੂੰਹਾਂ ਵਾਲੇ ਘੋੜੇ ਦਾ ਪਤੀ ) ਸੂਰਜ ( ਐਰਾਵਤ ਹਾਥੀ ਦਾ ਪਤੀ) ਇੰਦ੍ਰ, ਆਦਮੀਆਂ ਦਾ ਰਾਜਾ ਨਾਮੇ ਦਾ ਸੁਆਮੀ ਵਾਹਿਗੁਰੂ ਸਾਰਿਆਂ ਦਾ ਹੀ ਮੀਰ ਪਾਤਸ਼ਾਹ ਕਿਆ ਪਾਤਸ਼ਾਹਾਂ ਦਾ ਪਾਤਸ਼ਾਹ ਵੱਡਾ ਪਾਤਸ਼ਾਹ ਮੁਕਤੀ ਦਾ ਦਾਤਾ ਹੈ ॥

Digitized by Panjab Digital Library | www.panjabdigilib.org

## ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

## ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

### (ਦੁਧ ਰਿੜਕਣਾ) ਰੂਪਕ ਅਲੰਕਾਰ

ਬੈਸਿ=ਬੈਠ ਵਾਸ਼ਨਾ । ਸਮਾਇਣ=ਜਾਗ । ਈਟੀ=ਗੁਲੀਆਂ ਜੋ ਦੁਧ ਰਿੜਕਣ ਲਗਿਆਂ ਰੱਸੀਆਂ ਨੂੰ ਇਨ੍ਹਕੇ ਹਥ ਵਿਚ ਫੜੀਦੀਆਂ ਹਨ । ਨੇਤ੍ਰਉ=ਨੇਤਰਾ। ਮਥੀਐ=ਰਿੜਕਣਾ । ਸੰਪਟ=ਡੱਬਾ । ਸਤ=ਸਤਸੰਗ ਸੱਚਾ । ਸਰ=ਤਾਲ । ਭਾਵਨ=ਸਰਧਾ । ਪਾਤੀ=ਪੱਤ ਫੁਲ । ਤ੍ਰਿਪਤ=ਪ੍ਰਸੰਨ ਕਰਨਾਗਰਵਤ=ਬੋਲਣਾ। ਮਿਲ ਜਾਣਾ । ਸਰਿ=ਬਰਾਬਰ । ਜੰਪੈ=ਜਪਦਾ ਹਾਂ ॥

**ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥**
**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥**

ਚੰਗੇ ਕੰਮਾਂ ਨੂੰ ਕਰਕੇ ਜੇਹੜਾ ਦਿਲ ਨੂੰ ਸਾਫ ਕਰਨਾ ਹੈ ਇਹ ਭਾਂਡਾ ਧੋਣਾ ਹੈ, ਜੇਹੜੀਆਂ ਚੰਗੀਆਂ ਵਾਸ਼ਨਾਂ ਧਾਰਨੀਆਂ ਹਨ ਇਹ ਉਸ ਭਾਂਡੇ ਨੂੰ ਧੂਪ ਦਿਓ ਜਦੋਂ ਪਹਿਲੇ ਇਕੁਰ ਦੇ ਕੰਮ ਕਰੋ ਤੇ ਤਾਂ ਫਿਰ ਤੁਸੀਂ ਦੁਧ ਨੂੰ ਜਾਓ ਸੋ ਅਗੇ ਦੁਧ ਦਾ ਹਾਲ ਹੈ । ਗੁਰ ਉਪਦੇਸ਼ ਸੁਣਨ ਰੂਪ ਜੇਹੜਾ ਕਰਮ ਹੈ ਇਹ ਦੁਧ ਹੈ ਅਤੇ ਚੰਗੀ ਪ੍ਰੀਤੀ ਜਾਗ ਹੈ ਜੇਹੜਾ ਸਾਰਿਆਂ ਤੋਂ ਨਿਰਾਸ ਹੋਣਾ ਹੈ ਇਹ ਦਹੀਂ ਜਮਾਉਣਾ ਹੈ ॥

**ਜਪਹੁ ਤ ਏਕੋ ਨਾਮਾ ॥**
**ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥**

ਸਾਰੀਆਂ ਗਲਾਂ ਛਡਕੇ ਜੇ ਜਪਣਾ ਹੈ ਤਾਂ ਇਕ ਨਾਮ ਜਪੋ ਨਾਮ ਬਿਨਾ ਹੋਰ ਸਾਰੇ ਕੰਮ ਬਿਅਰਥ ਹਨ ॥

**ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤਉ ਨੀਦ ਨ ਆਵੈ ॥**
**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧ ਅੰਮ੍ਰਿਤੁ ਪਾਵਹੁ ॥ ੨॥**

ਜੇਹੜਾ ਇਸ ਮਨ ਨੂੰ ਵੱਸ ਕਰਨਾ ਹੈ ਏਹੋ ਹੀ ਹਥ ਵਿਚ ਗੁਲੀਆਂ ਨੂੰ ਫੜੋ ਅਤੇ

Digitized by Panjab Digital Library | www.panjabdigilib.org

ਜੋ ਵੈਰਾਗ ਪ੍ਰੇਮ ਨਾਲ ਨੀਂਦ ਨਹੀਂ ਆਉਣੀ ਹੈ ਇਹ ਨੇਤਰਾ ਕਰੋ ਭਾਵ ਆਲਸ ਦੂਰ ਕਰੋ ॥ ਜਿਹੜਾ ਜ਼ਬਾਨ ਨਾਲ ਨਾਮ ਦਾ ਜਾਪ ਕਰਨਾ ਹੈ ਏਹੋ ਹੀ ਰਿੜਕਣਾ ਕਰੋ ਇਕੁਰ ਆਤਮ ਅਨੰਦ ਰੂਪ ਅੰਮ੍ਰਿਤ=ਘਿਓ ਨੂੰ ਪਾਓ ਭਾਵ ਲਾਭ ਲਓ।

**ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥**
**ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤੁ ਰਹੈ ॥ ੩ ॥**

ਜੇਹੜਾ ਮਨ ਦਾ ਜਿਤਣਾ ਹੈ ਇਹ ਡੱਬਾ ਬਣਾਓ ਅਤੇ ਸਤਸੰਗ ਤਾਲ ਵਿਚ ਇਸ-ਨਾਨ ਕਰਨਾ, ਸਰਧਾ ਆਦਿਕ ਪੱਤਾਂ ਫੁੱਲਾਂ ਨਾਲ ਪ੍ਰਮੇਸਰ ਨੂੰ ਪ੍ਰਸੰਨ ਕਰੋ, ਇਕੁਰ ਦੀ ਸਮਗ੍ਰੀ ਨਾਲ ਪੂਜਨ ਕਰੋ ॥ ਇਕੁਰ ਦਾਸ ਪ੍ਰਾਣਾਂ ਤਕ ਦੇਕੇ ਪੂਜਾ ਸੇਵਾ ਕਰੇ ਤਾਂ ਮਾਲਕ ਪ੍ਰਮੇਸਰ ਨਾਲ ਮਿਲਿਆ ਰਹੇਗਾ।

**ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮਸਰਿ ਅਵਰੁ ਨ ਕੋਈ ॥**
**ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥**

ਜੇਹੜੇ ਧਾਰਨਾ ਤੋਂ ਬਿਨਾਂ ਕਈ ਤਰਾਂ ਦੀਆਂ ਪੁਸਤਕਾਂ ਦਾ ਕਥਨ ਕਰਦੇ ਹਨ ਓਹ ਆਖ ਆਖਕੇ ਚਲੇ ਜਾਂਦੇ ਹਨ ਤੇਰੇ ਬਰਾਬਰ ਕੋਈ ਨਹੀ ਹੈ। ਗੁਰੂਜੀ, ਮੈਂ ਦਾਸ ਭਗਤੀ ਤੋਂ ਰਹਿਤ ਹੋਇਆ ੨ ਕਹਿੰਦਾ ਹਾਂ ਹੇ ਪ੍ਰਮੇਸਰ ਜੇਹੜਾ ਤੇਰਾ ਸੱਚਾ ਨਾਮ ਹੈ ਮੈਂ ਓਹੋ ਹੀ ਸਲਾਹੁਣਾ ਕਰਦਾ ਹਾਂ ॥

ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਬਰਾਜਮਾਨ ਸਨ, ਬਹੁਤ ਸਾਰੀ ਸੰਗਤ ਦਰਸ਼ਨ ਵਾਸਤੇ ਆਈ ਸੰਗਤ ਵਿਚੋਂ ਇਕ ਸਿਖ ਨੇ ਪ੍ਰਸ਼ਨ ਕੀਤਾ ਕਿ ਕਈ ਲੋਕ ਬਹੁਤ ਤਰਾਂ ਗਿਆਨ ਧਿਆਨ ਦਾ ਕਥਨ ਕਰਦੇ ਹਨ ਆਪ ਠੀਕ ਠੀਕ ਮਰਯਾਦਾ ਦਸੋ ਜਿਸਤਰਾਂ ਸਾਡਾ ਮਨ ਪ੍ਰਮੇਸਰ ਵਿਚ ਮੰਨ ਜਾਵੇ ਇਸ ਲਈ ਗੁਰੂ ਜੀ ਜੀਵ ਦੇ ਪਰਥਾਇ ਸਾਂਝਾ ਉਪਦੇਸ਼ ਕਰਦੇ ਹਨ ॥

## ਸੂਹੀ ਮਹਲਾ ੧ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

**ਅੰਤਰਿ ਵਸੈ ਨ ਬਾਹਰਿ ਜਾਇ ॥**

Digitized by Panjab Digital Library | www.panjabdigilib.org

**ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥ ੧ ॥**

ਹੇ ਮਨ ਪ੍ਰਮੇਸਰ ਅੰਦਰ ਹੀ ਵੱਸਦਾ ਹੈ ਉਸਨੂੰ ਲਭਣ ਵਾਸਤੇ ਤੂੰ ਬਾਹਰ ਨਾ ਜਾਹ ॥ ਅੰਮ੍ਰਿਤ ਨੂੰ ਛੱਡਕੇ ਵਿਸ਼ਿਆਂ ਰੂਪ ਜ਼ਹਿਰ ਨੂੰ ਕਿਉਂ ਖਾਂਦਾ ਹੈਂ ॥

**ਐਸਾ ਗਿਆਨ ਜਪਹੁ ਮਨ ਮੇਰੇ ॥**
**ਹੋਵਹੁ ਚਾਕਰ ਸਾਚੇ ਕੇਰੇ ॥ ੧ ॥ ਰਹਾਉ ॥**

ਹੇ ਮੇਰੇ ਮਨ ਇੱਕੁਰ ਦਾ ਗਿਆਨ=ਜਾਣਕੇ ਤੁਸੀਂ ਪ੍ਰਮੇਸਰ ਨੂੰ ਜਪੋ ॥ ਸਚੇ ਪ੍ਰਮੇਸਰ ਦੇ ਹੀ ਨੌਕਰ ਹੋ ਜਾਓ ॥

**ਗਿਆਨੁ ਧਿਆਨੁ ਸਭੁ ਕੋਈ ਰਵੈ ॥**
**ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ ੨ ॥**

ਗਿਆਨ ਧਿਆਨ ਦੀਆਂ ਗਲਾਂ ਤਾਂ ਹਰ ਕੋਈ ਬੋਲਦਾ ਹੈ । ਬਿਨਾ ਧਾਰਨਾ ਤੋਂ ਵਾਸ਼ਨਾ ਰੂਪ ਰੱਸੀ ਨਾਲ ਬੱਧਾ ਹੋਇਆ ਸਾਰਾ ਜਗਤ ਭੌਂਦਾ ਹੈ ਭਾਵ ਕਦੀਂ ਨਰਕ ਕਦੀਂ ਸੁਰਗ ਦੁਖ ਹੀ ਪਾਂਦਾ ਰਹਿੰਦਾ ਹੈ ।

**ਸੇਵਾ ਕਰੇ ਸੁ ਚਾਕਰ ਹੋਇ ॥**
**ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥ ੩ ॥**

ਜੇਹੜਾ ਪ੍ਰਮੇਸਰ ਦੀ ਸੇਵਾ ਕਰਦਾ ਹੈ ਓਹ ਉਸਦਾ ਨੌਕਰ ਹੁੰਦਾ ਹੈ । ਭਾਵ ਓਹ ਅਸਲੀ ਨੌਕਰ ਹੁੰਦਾ ਹੈ ॥ (ਓਹ ਪ੍ਰਮੇਸਰ ਹਰ ਥਾਂ ਵਿਚ ਹੈ) ਜਲ ਥਲ ਧਰਤੀ ਅਕਾਸ਼ ਵਿਚ ਓਹ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ ॥

**ਹਮ ਨਹੀ ਚੰਗੇ ਬੁਰਾ ਨਹੀ ਕੋਇ ॥**
**ਪ੍ਰਣਵਤਿ ਨਾਨਕੁ ਤਾਰੇ ਸੋਇ ॥ ੪ ॥ ੧ ॥ ੨ ॥**

ਜੇ ਤੁਸੀਂ ਇਕੁਰ ਦੀ ਧਾਰਨਾ ਧਾਰ ਲਓ ਕਿ ਦੁਨੀਆਂ ਵਿਚ ਅਸੀਂ ਤਾਂ ਚੰਗੇ ਨਹੀਂ ਹਾਂ ਅਤੇ ਕੋਈ ਵੀ ਸੰਸਾਰ ਵਿਚ ਬੁਰਾ ਨਹੀਂ ਹੈ ਸਾਰੇ ਪ੍ਰਮੇਸਰ ਦਾ ਰੂਪ ਹਨ । ਤਾਂ ਗੁਰੂ ਜੀ ਆਖਦੇ ਹਨ ਓਹ ਪ੍ਰਮੇਸਰ ਤੁਹਾਨੂੰ ਸੰਸਾਰ ਸਮੁੰਦਰ ਤੋਂ ਤਾਰ ਲਵੇਗਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਨੂੰ ਤਾਰਦੇ ਹੋਏ ਪੱਛਮ ਦਿਸ਼ਾ ਵਲ ਗਏ ਮੁਲਤਾਨ ਦੇ ਪਾਸ ਦੁਲੰਚੇ ਸ਼ਹਿਰ ਦੇ ਬਾਹਰ ਇਕ ਸਜਣ ਠਗ ਬੜਾ ਸੋਹਣਾ ਮੰਦਰ ਬਣਾਕੇ ਰਹਿੰਦਾ ਸੀ ਉਥੇ ਭੁਲ ਭੁਲੇਖੇ ਮਰਦਾਨਾ ਗਿਆ ਕਿ ਮੈਂ ਕੁਛ ਖਾ ਆਵਾਂ ਉਸ ਸਜਣ ਨੇ ਮਰਦਾਨੇ ਨੂੰ ਫੜਕੇ

ਅੰਦਰ ਦੇ ਲਿਆ ਕਿ ਇਸਦੇ ਪਾਸ ਬਹੁਤ ਮਾਲ ਹੈ ਮਾਰਕੇ ਖੋਹ ਲਵਾਂਗਾ ਸ੍ਰੀ ਗੁਰੂ ਜੀ ਛੇਤੀ ਨਾਲ ਬਾਲੇ ਨੂੰ ਨਾਲ ਲੈਕੇ ਓਥੇ ਜਾ ਪੁਜੇ ਉਸ ਆਦਮੀ ਦੀ ਭੈੜੀ ਕਰਤੂਤ ਵੇਖਕੇ ਗੁਰੂ ਜੀ ਨੇ ਸਬਦ ਉਚਾਰਿਆ।

## ਸੂਹੀ ਮਹਲਾ ੧ ਘਰੁ ੬

## ੴ ਸਤਿ ਗੁਰ ਪ੍ਰਸਾਦਿ ॥

ਮਸੁ=ਸਿਆਹੀ। ਚਿਤਵੀਆਹ=ਚਿਤ੍ਰਕਾਰੀ ਕੀਤੀਆਂ ਹੋਈਆਂ। ਡੂਗਰ=ਪਹਾੜ ॥

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥**

ਜਿਕੁਰ ਕੈਂਹਾਂ ਬੜਾ ਉਜਲ ਤੇ ਚਮਕਣ ਵਾਲਾ ਹੁੰਦਾ ਹੈ ਅਤੇ ਜਦੋਂ ਉਸਨੂੰ ਰਗੜੀਏ ਤਾਂ ਕਾਲੀ ਸਿਆਹੀ ਨਿਕਲਦੀ ਹੈ ॥ ਉਸ ਨੂੰ ਧੋਤਿਆਂ ਉਸ ਦੀ ਜੂਠ ਨਹੀਂ ਉਤਰਦੀ ਹੈ ਭਾਵੇਂ ਉਸ ਕੈਂਹੇਂ ਨੂੰ ਸੌ ਵਾਰ ਧੋਈਏ। (ਇਹ ਲਿਖਿਆ ਹੈ ਕਿ ਜੇ ਕੈਂਹਾਂ ਇਕ ਵਾਰੀ ਅਪਵਿਤ੍ਰ ਹੋ ਜਾਵੇ ਤਾਂ ਓਹ ਸੁਟਣ ਦੇ ਜੋਗ ਹੁੰਦਾ ਹੈ ਇਕੁਰ ਹੀ ਸੱਜਣ ਠਗਾ ਤੇਰੀ ਕਰਤੂਤ ਹੈ)॥

**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ੧ ॥ ਰਹਾਉ ॥**

ਅਸਲ ਸੱਜਣ ਤਾਂ ਓਹ ਨੇ ਜੇਹੜੇ ਪ੍ਰਮੇਸਰ ਪਾਸ ਚਲਦਿਆਂ ਹੋਇਆਂ ਨਾਲ ਚਲਣ ਭਾਵ ਚੰਗੇ ਕਰਮ ਹੀ ਸੱਜਣ ਹਨ ॥ ਜਿਥੇ ਪ੍ਰਲੋਕ ਵਿਚ ਲੇਖਾ ਮੰਗਿਆ ਜਾਣਾ ਹੈ ਓਥੇ ਓਹ ਖੜੇ ਦਿੱਸਨ ਭਾਵ ਦੁਖ ਤੋਂ ਬਚਾਉਣ ॥

**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥**
**ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ ॥ ੨ ॥**

ਕੱਚੇ ਕੋਠੇ, ਪੱਕੇ ਮੰਦਰ, ਦੋ ਮਜ਼ਲੀਆਂ ਅਟਾਰੀਆਂ ਆਸ ਪਾਸ ਤੋਂ ਬਹੁਤ ਹੀ ਚਿਤ੍ਰਕਾਰੀ ਕੀਤੀਆਂ ਹੋਈਆਂ ਹੋਣ ॥ ਜੇਹੜੀਆਂ ਵਿਚੋਂ ਸਖਣੀਆਂ ਹੋਣ ਓਹ ਤਾਂ ਢਠੀਆਂ ਦੇ ਬਰਾਬਰ ਹਨ ਜੇਹੜੀਆਂ ਕਿਸੇ ਦੇ ਕੰਮ ਨਹੀਂ ਆਈਆਂ ਭਾਵ ਜੇਹੜੀਆਂ ਸੁਖਦਾਈ ਹਨ ਓਹ ਚੰਗੀਆਂ ਹਨ ਹੋਰ ਸਾਰੀਆਂ ਵਿਅਰਥ ਹਨ ਇੱਕੁਰ ਹੀ ਤੇਰੀ ਬਨੌਟ ਹੈ ॥

Digitized by Panjab Digital Library | www.panjabdigilib.org

**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ ॥ ੩ ॥**

[ਹੋਰ ਮਸਾਲ]

ਜਿਕੁਰ ਬਗਲਿਆਂ ਦੇ ਚਿੱਟੇ ਕਪੜੇ ਹੁੰਦੇ ਹਨ ਭਾਵੇਂ ਓਹ ਤੀਰਥਾਂ ਦੇ ਉਤੇ ਵੀ ਰਹਿੰਦੇ ਹਨ ਤਾਂ ਵੀ ਘੁਟ ਘੁਟ ਭਾਵ ਜੀਆਂ ਨੂੰ ਮਾਰ ਮਾਰ ਕੇ ਖਾਂਦੇ ਹਨ ਇਸ ਲਈ ਓਹ ਬੱਗੇ ਨਹੀਂ ਕਹੇ ਜਾਂਦੇ ਭਾਵ ਕੋਈ ਵੀ ਓਨਾਂ ਨੂੰ ਹੰਸ ਨਹੀਂ ਆਖਦਾ ਇਕੁਰ ਹੀ ਭਾਵੇਂ ਤੇਰੇ ਚਿਟੇ ਕਪੜੇ ਹਨ ਪਰ ਤੂੰ ਪਰਮ ਹੰਸ ਨਹੀਂ ਹੈਂ ਪਾਖੰਡੀ ਹੈਂ ॥

**ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ ॥**
**ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ ॥ ੪ ॥**

[ਹੋਰ ਮਸਾਲ]

ਤੇਰਾ ਸਰੀਰ 'ਸਿੰਮਲ ਰੁਖ ਦੇ ਮੈ=ਬਰਾਬਰ ਹੈ (ਮੈ) ਮੇਰੇ ਵਰਗੇ, ਸੰਤ ਤੈਨੂੰ ਵੇਖਕੇ ਭੁਲ ਜਾਂਦੇ ਹਨ ਭਾਵ ਮੈਜਨ=ਤੋਤਿਆਂ ਵਲ ਇਸ਼ਾਰਾ ਹੈ ਤੋਤੇ ਵੇਖਕੇ ਭੁਲਦੇ ਹਨ ॥ ਸਿੰਮਲ ਦੇ ਜਿਤਨੇ ਫਲ ਹਨ ਓਹ ਕਿਸੇ ਵੀ ਕੰਮ ਨਹੀਂ ਆਉਂਦੇ ਹਨ ਉਕਰ ਦੇ ਨਿਕੰਮੇ ਗੁਣ ਮੇਰੇ ਸਰੀਰ ਵਿਚ ਹਨ ਭਾਵ ਤੇਰੇ ਸਰੀਰ ਵਿਚ (ਚੰਗੇ ਲੋਕ ਕਿਸੇ ਨੂੰ ਬੁਰਾ ਆਖਣ ਨਾਲੋਂ ਆਪਣੇ ਆਪ ਨੂੰ ਬੁਰਾ ਆਖਦੇ ਹਨ ਇਸ ਲਈ ਮੈਂ ਦੀ ਥਾਂ ਤੂੰ ਸੰਬੋਧਨ ਹੈ)॥

**ਅੰਧੁਲੇ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥**
**ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥ ੫ ॥**

ਇਕ ਅੰਨਾ ਆਦਮੀ ਹੈ ਫਿਰ ਉਸਨੇ ਬਹੁਤ ਸਾਰਾ ਭਾਰ ਚੁਕਿਆ ਹੋਇਆ ਹੈ ਅਤੇ ਫਿਰ ਉਸਨੇ ਬਹੁਤ ਸਾਰਾ ਪਹਾੜ ਦਾ ਰਸਤਾ ਲੰਘਣਾ ਹੈ ਭਾਵ ਇਕ ਪਾਪੀ ਆਦਮੀ ਨੇ ਜਮ ਦੇ ਰਸਤੇ ਜਾਣਾ ਹੈ ॥ ਪਹਾੜ ਚੜਨ, ਲਗਿਆਂ ਅਖੀਆਂ ਚਾਹੀਦੀਆਂ ਸਨ ਸੋ ਅਖੀਆਂ ਤਾਂ ਹੈਗੀਆਂ ਹੀ ਨਹੀ ਹਨ ਹਾਇ ਫਿਰ ਮੈਂ ਇਕੁਰ ਦਾ ਆਦਮੀ ਹੰਕਾਰ ਵਾਲਾ ਕਿਕੁਰ ਚੜਕੇ ਲੰਘਾਂ॥
ਭਾਵ ਗਜਾਨ ਆਦਿਕ ਨੇਤ੍ਰ ਚਾਹੀਦੇ ਸਨ ਜੋ ਕਾਮ ਆਦਿਕ ਪਹਾੜਾਂ ਨੂੰ ਲੰਘਿਆ ਜਾਂਦਾ ਭਾਵ ਤੂੰ ਬਹੁਤ ਹੰਕਾਰ ਵਾਲਾ ਹੈਂ ਕਿਸਤਰਾਂ ਚੜ੍ਹਕੇ ਲੰਘੇਗਾ ॥

**ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥**
**ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥ ੬ ॥ ੧ ॥੩॥**

Digitized by Panjab Digital Library | www.panjabdigilib.org

ਪ੍ਰਮੇਸਰ ਦੇ ਨਾਮ ਤੋਂ ਬਿਨਾਂ ਚਾਕਰੀਆਂ ਚੰਗਿਆਈਆਂ ਤੇ ਚਤਰਾਈਆਂ ਕਿਤ=ਕਿਸੇ ਵੀ ਕੰਮ ਨਹੀਂ ਹਨ ਅਥਵਾ ਚਾਕਰੀਆਂ ਚੰਗਿਆਈਆਂ ਅਤੇ ਹੋਰ ਚਤਰਾਈਆਂ ਕਿਸ ਕੰਮ ਹਨ ਭਾਵ ਕਿਸੇ ਕੰਮ ਨਹੀਂ ਹਨ॥ ਗੁਰੂ ਜੀ ਆਖਦੇ ਹਨ ਤੂੰ ਨਾਮ ਨੂੰ ਯਾਦ ਕਰ ਜਿਸ ਕਰਕੇ ਤੂੰ ਬੱਧਾ ਹੋਇਆ ਛੁਟ ਜਾਵੇਗਾ ਭਾਵ ਤੇਰਾ ਮਨ ਪਾਪਾਂ ਵਿਚ ਬੱਧਾ ਹੋਇਆ ਹੈ ਨਾਮ ਜਪਣ ਨਾਲ ਛੁਟਕਾਰਾ ਹੋਵੇਗਾ॥

(ਇਹ ਗਲ ਸੁਣਕੇ ਸਜਣ ਗੁਰੂ ਜੀ ਦੀ ਚਰਨੀਂ ਡਿੱਗ ਪਿਆ ਅਤੇ ਪਾਪਾਂ ਨੂੰ ਛੱਡਕੇ ਪ੍ਰਮੇਸਰ ਦਾ ਭਜਨ ਕਰਨ ਲੱਗਾ ਗੁਰੂ ਜੀ ਉਸਨੂੰ ਉਸ ਪਾਸੇ ਦਾ ਪ੍ਰਚਾਰਕ ਬਣਾ ਆਏ ਜੋ ਓਹ ਬਹੁਤ ਸਾਰਾ ਸਮਾਂ ਲੋਕਾਂ ਨੂੰ ਸਿਧੇ ਰਸਤੇ ਪਾਂਦਾ ਰਿਹਾ ਅੰਤ ਨੂੰ ਗੁਰ ਪੁਰੀ ਚਲਿਆ ਗਿਆ, ॥

## ਸੂਹੀ ਮਹਲਾ ੧

ਵਹੇਲਾ=ਸੁਖੱਲਾ॥ ਪੰਥ=ਰਸਤਾ। ਸੁਹੇਲਾ=ਸੁਖੱਲਾ॥ ਢੋਲਾ=ਪਿਆਰੇ॥

**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥ ੧ ॥**

ਜਪ ਤਪ ਦਾ ਬੇੜਾ ਬੰਨ੍ਹ ਭਾਵ ਬਣਾ ਜਿਸ ਕਰਕੇ ਤੂੰ ਸੰਸਾਰ ਤੋਂ ਸੁਖੱਲਾ ਲੰਘ ਜਾਵੇਂ॥ ਨਾਂ ਓਹ ਵੱਡਾ ਅੱਗ ਦਾ ਸਮੁੰਦ੍ਰ ਆਵੇਗਾ ਅਤੇ ਨਾ ਓਹ ਵਡੀ ਨਦੀ ਉਛਲੇਗੀ ਇੱਕੁਰ ਦਾ ਰਸਤਾ ਸੁਖੱਲਾ ਹੋ ਜਾਵੇਗਾ॥

**ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ**
**॥ ੧ ॥ ਰਹਾਉ ॥**

ਹੇ ਸਦਾ ਅਨੰਦ ਰੂਪ ਪਿਆਰੇ ਤੇਰਾ ਇਕ ਨਾਮ ਹੀ ਮਜੀਠੀ ਰੰਗ ਹੈ ਭਾਵ ਸਦਾ ਰਹਿਣ ਵਾਲਾ ਸੱਚਾ ਰੰਗ ਮਜੀਠ ਦਾ ਜੋ ਨਾਮ ਹੈ ਇਸ ਵਿਚ ਮੇਰਾ ਦਿਲ ਰੂਪ ਚੋਲਾ ਰੰਗਿਆ ਰਹੇ ਜਾਂ ਹੇ ਜੀਵ ਤੇਰਾ ਪਾਰ ਕਰਨ ਵਾਲਾ ਸਦਾ ਅਨੰਦ ਰੂਪ ਪਿਆਰੇ ਦਾ ਇਕ ਨਾਮ ਹੀ ਹੈ ਅਤੇ ਮੇਰਾ ਵੀ ਸਰੀਰ ਰੂਪ ਚੋਲਾ ਉਸ ਵਿਚ ਰੰਗਿਆ ਹੋਇਆ ਹੈ।

**ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥**
**ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ੨ ॥**

ਹੇ ਭਾਈ ਪਿਆਰਿਆ ਸੱਜਣਾਂ ਪ੍ਰਮੇਸਰ ਤੋਂ ਵਿਛੜ ਕੇ ਜੀਵ ਚੁਰਾਸੀ ਲੱਖ ਜੂਨ ਵਿਚ ਚੱਲੇ ਹੋਏ ਭਾਵ ਤੁਰੇ ਹੋਏ ਹਨ ਓਨਾਂ ਦਾ ਪ੍ਰਮੇਸਰ ਨਾਲ ਮੇਲਾ ਕਿਸਤਰਾਂ ਹੋਵੇ। ਜੇਕਰ ਆਦਮੀ ਦੇ ਰਿਦੇ ਰੂਪ ਗੰਡ ਵਿਚ ਗਿਆਨ ਵੈਰਾਗ ਆਦਿਕ ਗੁਣ ਹੋਣ ਤਾਂ ਓਹ ਪ੍ਰਮੇਸ਼ਰ ਆਪਣੇ ਨਾਲ ਮੇਲ ਲਵੇਗਾ॥

Digitized by Panjab Digital Library | www.panjabdigilib.org

**ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥**
**ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥ ੩ ॥**

ਜੇਹੜਾ ਗੁਰਾਂ ਦੁਆਰੇ ਪ੍ਰਮੇਸਰ ਨਾਲ ਮਿਲਿਆ ਹੋਵੇ ਓਹ ਮਿਲਿਆ ਹੋਇਆ ਫਿਰ ਵਖਰਾ ਨਹੀਂ ਹੁੰਦਾ ਹੈ ॥ ਓਸੇ ਮਿਲੇ ਹੋਏ ਨੇ ਹੀ ਆਪਣਾ ਜਨਮ ਮਰਨ ਦੂਰ ਕਰ ਲਿਆ ਹੈ ਅਤੇ ਓਹ ਸੱਚ ਰੂਪ ਹੈ ਭਾਵ ਪ੍ਰਮੇਸਰ ਦਾ ਸਰੂਪ ਹੈ ॥

**ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥**
**ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥ ੪ ॥**

ਜਿਨਾਂ ਨੇ ਹੰਕਾਰ ਨੂੰ ਮਾਰਕੇ ਦਿਲ ਵਿੱਚੋਂ ਖਿਆਲਾਂ ਨੂੰ ਦੂਰ ਕੀਤਾ ਹੈ ਅਤੇ ਸਰੀਰ ਜਾਂ ਮਨ ਰੂਪ ਚੋਲਾ ਓਹਨਾਂ ਨੇ ਸੀਤਾ ਭਾਵ ਚੰਗਿਆਂ ਗੁਣਾਂ ਵਾਲਾ ਕੀਤਾ ਹੈ। ਗੁਰਾਂ ਦੇ ਅੰਮ੍ਰਿਤ ਵਰਗੇ ਬਚਨਾਂ ਨੂੰ ਮੰਨਕੇ ਜਾਂ ਗੁਰਾਂ ਦੁਆਰੇ ਮਾਲਕ ਦੇ ਬਚਨਾਂ ਨੂੰ ਮੰਨਕੇ ਗਿਆਨ ਰੂਪ ਫਲ ਪਾਇਆ ਹੈ, ਓਨਾਂ ਦੇ ਬਚਨ ਹੀ ਅੰਮ੍ਰਿਤ ਰੂਪ ਹਨ ਭਾਵ ਮੌਤ ਤੋਂ ਰਹਿਤ ਕਰਨ ਵਾਲੇ ॥

**ਨਾਨਕੁ ਕਹੈ ਸਹੇਲੀਓ ਸਹੁ ਖਰਾ ਪਿਆਰਾ ॥**
**ਹਮ ਸਹਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥ ੫ ॥ ੨॥ ੪ ॥**

ਗੁਰੂ ਜੀ ਆਖਦੇ ਹਨ ਹੇ ਸਹੇਲੀਓ ਪ੍ਰਮੇਸਰ ਬਹੁਤ ਹੀ ਪਿਆਰਾ ਹੈ ਅਸੀ ਸਾਰੀਆਂ ਮਾਲਕ ਦੀਆਂ ਦਾਸੀਆਂ ਹਾਂ ਓਹ ਸੱਚਾ ਪ੍ਰਮੇਸਰ ਸਾਡਾ ਮਾਲਕ ਹੈ ॥

## ਸੂਹੀ ਮਹਲਾ ੧

ਭਾਉ=ਪ੍ਰੇਮ ॥ ਪਸਾਉ=ਦਾਤ ॥ ਸਰਪਰ=ਜਰੂਰ ॥ ਦੀਖਿਆ=ਉਪਦੇਸ਼ ॥ ਭਾਇ=ਆਗਿਆ ਅਨੁਸਾਰ । ਭੀਖਿਆ=ਭਿਖਿਆ ਮੰਗਣੀ ਭਾਵ ਜੂਨਾ ਵਿਚ ਭੌਣਾਂ ॥ ਦਰਵਾਣੀ=ਦੁਆਰਪਾਲ, ਚੌਕੀਦਾਰ ॥

**ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥**
**ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥**
**ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥ ੧ ॥**

ਜਿਨਾਂ ਦੇ ਦਿਲ ਰੂਪ ਭਾਂਡੇ ਵਿਚ ਪ੍ਰੇਮ ਹੈ ਓਨਾਂ ਨੂੰ ਪ੍ਰਮੇਸਰ ਸਵਾਰੇਗਾ। ਪ੍ਰਮੇਸਰ ਓਨਾਂ ਨੂੰ ਸੁਖਾਂ ਦੀ ਦਾਤ ਕਰੇਗਾ ਦੁਖਾਂ ਨੂੰ ਦੂਰ ਕਰੇਗਾ। ਇਸ ਵਿਚ ਰਤਾ ਵੀ ਸ਼ੱਕ ਨਹੀਂ ਹੈ ਜਰੂਰ ਤਾਰੇਗਾ ॥

Digitized by Panjab Digital Library | www.panjabdigilib.org

ਤਿਨਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥ ੨ ॥

ਜਿਨਾਂ ਨੂੰ ਚੰਗਾ ਲੇਖ ਲਿਖਿਆ ਸੀ ਓਹਨਾਂ ਨੂੰ ਗੁਰੂ ਆ ਮਿਲਿਆ ਹੈ ॥ ਓਨਾਂ ਨੂੰ ਹੀ ਪ੍ਰਮੇਸਰ ਨਾਮ ਅੰਮ੍ਰਿਤ ਦੀ ਗੁਰ ਸਿਖਿਆ ਦਿਤੀ ਹੈ । ਓਹ ਸਤਿਗੁਰਾਂ ਦੇ ਅਨੁਸਾਰ ਚਲਦੇ ਹਨ ਫਿਰ ਓਹ ਜੂਨੀਆਂ ਵਿਚ ਨਹੀਂ ਭੌਂਦੇ ਹਨ ॥

ਜਾਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥
ਛੁਟੈ ਤਾਕੈ ਬੋਲਿ ਸਾਹਿਬ ਨਦਰਿ ਜਿਸੁ ॥ ੩ ॥

ਜਿਨਾਂ ਨੂੰ ਪ੍ਰਮੇਸਰ ਦਾ ਦਰਸ਼ਨ ਹੋਇਆ ਹੈ ਅਤੇ ਓਹ ਸਰੂਪ ਦੇ ਪਾਸ ਹਨ ਫਿਰ ਓਹ ਦੂਸਰੇ ਕਿਸਦੇ ਅਗੇ ਨਿਵਦੇ ਹਨ ਭਾਵ ਨਹੀਂ ॥ ਜੇਹੜੇ ਪ੍ਰਮੇਸਰ ਦੇ ਦਰਵਾਜੇ ਦੇ ਚੌਕੀਦਾਰ ਹਨ ਓਨਾਂ ਨੂੰ ਕਦੀ ਵੀ ਕੋਈ ਹਿਸਾਬ ਨਹੀਂ ਪੁਛਦਾ ਹੈ । ਜਿਨਾਂ ਉਤੇ ਪ੍ਰਮੇਸਰ ਦੀ ਕਿਰਪਾ ਹੈ ਓਨਾਂ ਦੇ ਬਚਨਾਂ ਕਰਕੇ ਛੁਟੀਦਾ ਹੈ ਭਾਵ ਤਰਜਾਈਦਾ ਹੈ ॥

ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥
ਢਾਹਿ ਉਸਾਰੇ ਸਾਜਿ ਜਾਣੈ ਸਭਿ ਸੋਇ ॥
ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥ ੪ ॥ ੩ ॥ ੫ ॥

ਨਦਰੀ=ਪ੍ਰਮੇਸਰ । ਕਰਮ=ਕਿਰਪਾ ॥

ਓਹ ਪ੍ਰਮੇਸਰ ਆਦਮੀ ਨੂੰ ਆਪ ਹੀ ਇਸ ਜਗਤ ਵਿਚ ਆਣੇ=ਲਿਆਉਂਦਾ ਹੈ ਅਤੇ ਆਪ ਹੀ ਜੀਆਂ ਨੂੰ ਪ੍ਰਲੋਕ ਨੂੰ ਘੱਲਦਾ ਹੈ ਫਿਰ ਓਹ ਸੁਤੰਤ੍ਰ ਹੈ ਉਸ ਨੂੰ ਕੋਈ ਮਤ ਭਾਵ ਸਲਾਹ ਦੇਣ ਵਾਲਾ ਨਹੀਂ ਹੈ । ਢਾਹਣ ਦਾ ਤੇ ਉਸਾਰਨ ਦਾ ਓਹ ਪ੍ਰਮੇਸਰ ਸਾਰਾ ਸਾਜ ਆਪ ਹੀ ਜਾਣਦਾ ਹੈ ਭਾਵ ਮਾਰਨ ਵਾਲਾ ਪੈਦਾ ਕਰਨ ਵਾਲਾ ਓਹ ਆਪ ਹੀ ਹੈ ॥ ਗੁਰੂ ਜੀ, ਇਕੁਰ ਦੇ ਪ੍ਰਮੇਸਰ ਦੀ ਜਦੋਂ ਕਿਰਪਾ ਹੁੰਦੀ ਹੈ ਤਾਂ ਨਾਮ ਦੀ ਬਖਸ਼ਸ਼ ਹੁੰਦੀ ਹੈ ।

## ਸੂਹੀ ਮਹਲਾ ੧

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥

Digitized by Panjab Digital Library | www.panjabdigilib.org

ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ ਹਛਾ ਹੋਇਸੀ ॥

ਓਹੋ ਹੀ ਦਿਲ ਚੰਗਾ ਹੈ ਜੇਹੜਾ ਪ੍ਰਮੇਸਰ ਨੂੰ ਚੰਗਾ ਲਗਦਾ ਹੈ । ਜੇਹੜਾ ਬਹੁਤ ਪਾਪਾਂ ਕਰਕੇ ਮੈਲਾ ਹੈ ਓਹ ਹੋਰਨਾਂ ਜਤਨਾ ਨਾਲ ਧੋਇਆ ਹੋਇਆ ਸਾਫ ਨਹੀਂ ਹੁੰਦਾ ਹੈ ਗੁਰੂ ਸੇਵਾ ਨਾਲ ਸੁਧ ਹੁੰਦਾ ਹੈ । ਜੇ ਗੁਰੂ ਦੇ ਅਨੁਸਾਰ ਹੋਵੇ ਤੇ ਤਾਂ ਦਿਲ ਨੂੰ ਸਾਫ ਕਰਨ ਦੀ ਖਬਰ ਪਾਵੇਗਾ । ਏਸ ਦੁਆਰੇ ਭਾਵ ਗੁਰਾਂ ਦੇ ਰਸਤੇ ਧੋਵੇਗਾ ਤਾਂ ਸੁਧ ਹੋਵੇਗਾ ਇਕੁਰ ਹੀ ਚੰਗਾ ਹੋਵੇਗਾ ॥

ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥

ਦਿਲ ਨੂੰ ਮੈਲੇ ਤੋਂ ਹਛਿਆਂ ਕਰਨ ਦਾ ਵੀਚਾਰ ਆਪ ਪ੍ਰਮੇਸਰ ਨੇ ਸਾਰਿਆਂ ਸਿ- ਆਂ ਵਿਚ ਵਰਤਾਇਆ ਹੋਇਆ ਹੈ ਭਾਵ ਪ੍ਰਗਟ ਕੀਤਾ ਹੋਇਆ ਹੈ । ਇਸ ਗਲ ਨੂੰ ਮਤ ਕੋਈ ਆਦਮੀ ਜਾਣ ਲਵੇ ਕਿ ਅਗੇ ਜਾਕੇ ਮੰਦਿਆਂ ਕਰਮਾਂ ਵਾਲਾ ਜਗਾ ਪਾਵੇਗਾ ਭਾਵ ਆਦਰ ਮਿਲੇਗਾ ਭਾਵ ਕਦੀ ਨਹੀਂ । ਜਿਸਤਰਾਂ ਦੇ ਕਰਮ ਕਰੇਗਾ ਓਸੇ ਤਰਾਂ ਦਾ ਉਸਨੂੰ ਫਲ ਮਿਲੇਗਾ ॥

ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲੁ ਸਭਿ ਕੁਲ ਤਾਰਸੀ ॥ ੧ ॥੪॥੬॥

ਜੇਹੜਾ ਪ੍ਰਮੇਸਰ ਦੇ ਨਾਮ ਅੰਮ੍ਰਿਤ ਨੂੰ ਆਪ ਜਪਦਾ ਹੈ ਅਤੇ ਹੋਰਨਾਂ ਨੂੰ ਵਰਤਾਂਦਾ ਭਾਵ ਜਪਾਂਦਾ ਹੈ ਓਹ ਪ੍ਰਲੋਕ ਨੂੰ ਇਜ਼ਤ ਦੇ ਨਾਲ ਚਲਿਆ ਜਾਂਦਾ ਹੈ ਅਤੇ ਜਨਮ ਮਰਨ ਨੂੰ ਸਵਾਰ ਜਾਂਦਾ ਹੈ ਅਤੇ ਪਿਛੇ ਸੰਸਾਰ ਵਿਚ ਉਸਦੇ ਜਸ ਦਾ ਵਾਜਾ ਵਜਦਾ ਰਹਿੰਦਾ ਹੈ ॥ ਇਹ ਮਨੁਖ ਲੋਕ ਵਿਚਾਰਾ ਕੀ ਹੈ ਉਸਦੇ ਜਸ ਦਾ ਵਾਜਾ ਤਿੰਨਾਂ ਲੋਕਾਂ ਵਿਚ ਪ੍ਰਮੇਸਰ ਆਪ ਸੁਣਾਵੇਗਾ ॥ ਗੁਰੂ ਜੀ, ਓਹ ਆਪ ਤਾਂ ਨਿਹਾਲ ਭਾਵ ਦੁਖਾਂ ਤੋਂ ਰਹਿਤ ਹੋਇਆ ਹੈ ਨਾਲ ਸਾਰੀਆਂ ਕੁਲਾਂ ਨੂੰ ਵੀ ਉਸਨੇ ਤਾਰਿਆ ਹੈ ॥

Digitized by Panjab Digital Library | www.panjabdigilib.org

## ਸੂਹੀ ਮਹਲਾ ੧

**ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥**
**ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥ ੧ ॥**

ਜੇਹੜਾ ਜੋਗੀ ਹੁੰਦਾ ਹੈ ਓਹ ਜੋਗ ਦੀ ਕਿਰਿਆ ਕਰਦਾ ਹੈ ਜੇਹੜਾ ਭੋਗੀ ਹੁੰਦਾ ਹੈ ਓਹ ਤਰਾਂ ੨ ਦੇ ਖਾਣੇ ਖਾਕੇ ਫਿਰ ਖੁਸ਼ੀ ਹੁੰਦਾ ਹੈ ॥ ਜੇਹੜਾ ਤਪੀਆ ਹੁੰਦਾ ਹੈ ਓਹ ਤਪ ਕਰਦਾ ਹੈ ਜੇਹੜਾ ਤੀਰਥਾਂ ਉਤੇ ਨ੍ਹਾਣ ਵਾਲਾ ਹੈ ਓਹ ਤੀਰਥਾਂ ਵਿਚ ਮਲ ਮਲ ਕੇ ਨ੍ਹਾਂਦਾ ਹੈ॥

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥ ੧ ॥ ਰਹਾਉ ॥**

ਹੇ ਪ੍ਰਮੇਸਰਾ ਜੇ ਕੋਈ ਤੇਰਾ ਪ੍ਰੇਮੀ ਤੇਰਾ ਜਸ ਬੈਠਕੇ ਆਖੇ ਤਾਂ ਮੈਂ ਸੁਣਾਂ॥

**ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ ॥**
**ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ ੨ ॥**

ਜਿਮੀਦਾਰ ਜਿਸਤਰਾਂ ਦਾ ਬੀ ਬੀਜਦਾ ਹੈ ਓਸੇ ਹੀ ਤਰਾਂ ਦਾ ਵੱਢਦਾ ਹੈ ਭਾਵ ਜਿਕੁਰ ਦੇ ਕੰਮ ਕਰਦਾ ਹੈ ਉਕਰ ਦਾ ਫਲ ਅਗੇ ਆ ਖੜੋ ਦਾ ਹੈ ਦੁਖ ਸੁਖ ਮਿਲਦਾ ਹੈ, ਜਿਕੁਰ ਦਾ ਖੱਟਦਾ ਹੈ ਉਕਰ ਦਾ ਖਾਂਦਾ ਹੈ ਭਾਵ ਜੋ ਪਾਪ ਜਮਾਂ ਕਰਦਾ ਹੈ ਉਸਦਾ ਫਲ ਭੋਗਦਾ ਹੈ ॥ ਪਰ ਜੇਹੜਾ ਆਦਮੀ ਸਣ ਨੀਸਾਣੈ=ਸਹਤ ਪਰਵਾਨੇ ਦੇ ਜਾਂਦਾ ਹੈ ਜਾਂ ਜਾਵੇਗਾ ਉਸਦਾ ਓਥੇ ਹਿਸਾਬ ਨਹੀਂ ਪੁਛਿਆ ਜਾਵੇਗਾ ॥

**ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥**
**ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥ ੩ ॥**

ਜਿਸਤਰਾਂ ਦਾ ਆਦਮੀ ਕੰਮ ਕਰਦਾ ਹੈ ਉਸ ਤਰਾਂ ਦਾ ਹੀ ਉਸਦਾ ਨਾਮ ਆਖਿਆ ਜਾਂਦਾ ਹੈ ॥ ਪਰ ਹੇ ਪ੍ਰਮੇਸਰਾ ਜਿਸ ਸਾਸ ਵਿਚ ਤੂੰ ਚੇਤੇ ਨ ਆਵੇਂ ਓਹ ਸਾਸ ਬਿਰਥਾ ਜਾਂਦਾ ਹੈ ॥

**ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥ ੪ ॥ ੫ ॥ ੭ ॥**

ਇਸ ਸਰੀਰ ਨੂੰ ਮੁਲ ਦੇ ਨਾਲ ਵੇਚਦਿਆਂ ਇਕੁਰ ਦਾ ਵੇਚਾਂ ਕਿ ਬੈ ਕਰਦਿਆਂ ਪਰ ਜੇ ਕੋਈ ਗੁਰੂ ਵਿਕਦੇ ਨੂੰ ਲੈ ਲਵੇ ਤੇ ਤਾਂ ਵੇਚਾਂ ਭਾਵ ਹੰਕਾਰ ਨੂੰ ਛੱਡਕੇ ਗੁਰਾਂ ਦੀ ਸੇਵਾ ਕਰਾਂ ॥ ਗੁਰੂ ਜੀ, ਇਹ ਸਰੀਰ ਕਿਸੇ ਕੰਮ ਨਹੀਂ ਆਉਂਦਾ ਹੈ ਜਿਸ ਸਰੀਰ ਵਿਚ ਤੇਰਾ ਸੱਚਾ ਨਾਮ ਨਹੀਂ ਹੈ ॥

Digitized by Panjab Digital Library | www.panjabdigilib.org

(ਪ੍ਰਸ਼ਨੋਤਰੀ, ਸਿੱਧਾਂ ਨੇ ਆਖਿਆ ਗੁਰੂ ਜੀ ਜੋਗ ਦੀ ਜੁਗਤੀ ਦਸੋ)

## ਸੂਹੀ ਮਹਲਾ ੧ ਘਰੁ ੭

## ੧ ਓ ਸਤਿ ਗੁਰ ਪ੍ਰਸਾਦਿ ॥

ਮੁੰਦੀ=ਮੁੰਦ੍ਰਾਂ । ਮੂੰਡਿ=ਸਿਰ । ਵਾਈਐ=ਵਜਾਈਐ । ਅੰਜਨ=ਮਾਇਆ ।
ਸਮਸਰ=ਬਰਾਬਰ ।ਧਾਵਤ=ਦੌੜਦਾ । ਖਿੰਥਾ=ਖਫਨੀ ਜਾਂ ਗੋਦੜੀ ॥

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗਜੁਗਤਿ ਇਵ ਪਾਈਐ ॥ ੧ ॥**

ਖਫਨੀ ਪਾ ਲਈ, ਹਥ ਵਿਚ ਡੰਡਾ ਫੜ ਲਿਆ, ਸਰੀਰ ਨੂੰ ਸੁਆਹ ਮਲ ਲਈ, ਇੱਕਰ ਦੀਆਂ ਗੱਲਾਂ ਨਾਲ ਜੋਗ ਨਹੀਂ ਹੁੰਦਾ ਹੈ । ਕੰਨ ਪੜਾਕੇ ਮੁੰਦਰਾਂ ਪਾ ਲਈਆਂ, ਸਿਰ ਮੁਨਾ ਲਿਆ ਸਿੰਙੀਆਂ ਨੂੰ ਵਜੌਂਦੇ ਫਿਰੇ ਇਕੁਰਦਿਆਂ ਭੇਖਾਂ ਕਰਕੇ ਵੀ ਜੋਗ ਨਹੀਂ ਹੁੰਦਾ ਹੈ ॥

(ਪ੍ਰਸ਼ਨ ਜੋਗ ਕਿਸਤਰਾਂ ਹੁੰਦਾ ਹੈ–ਉਤਰ)

ਦੁਨੀਆਵੀ ਮਾਇਆ ਦੇ ਵਿਚ ਰਹਿੰਦਿਆਂ ਹੋਇਆਂ ਹੀ ਮਾਇਆ ਤੋਂ ਰਹਿਤ ਰਹੀਏ ਭਾਵ ਵਖਰਿਆਂ,ਜੋ ਕੁਛ ਹੋਵੇ ਉਸ ਵਿਚ ਖੁਸ਼ੀ ਰਹੀਏ, ਪ੍ਰਮੇਸਰ ਵਿਚ ਬ੍ਰਿਤੀ ਜੋੜੀਏ, ਇਕੁਰ ਜੋਗ ਦੀ ਜੁਗਤੀ ਪਾਈਦੀ ਹੈ ॥

**ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰ ਜਾਣੈ ਜੋਗੀ ਕਹੀਐ ਸੋਈ ॥ ੧ ॥ ਰਹਾਉ ॥**

ਹੋਰ ਗੱਲਾਂ ਨਾਲ ਜੋਗ ਦੀ ਜੁਗਤੀ ਪ੍ਰਾਪਤ ਨਹੀਂ ਹੁੰਦੀ ਹੈ ਇਕ ਨਜਰ ਕਰਕੇ ਸਾਰਿਆਂ ਨੂੰ ਬਰਾਬਰ ਜਾਣੇ ਓਹ ਜੋਗੀ ਆਖਿਆ ਜਾਂਦਾ ਹੈ ਭਾਵ ਪ੍ਰਮੇਸਰ ਨੂੰ ਸਾਰਿਆਂ ਵਿਚ ਜਾਣੇ ॥

**ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥**
**ਜੋਗੁ ਨ ਦੇਸਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥**

Digitized by Panjab Digital Library | www.panjabdigilib.org

**ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁਜੁਗਤਿ ਇਵ ਪਾਈਐ ॥ ੨ ॥**

ਸਤੀਆਂ ਦੀਆਂ ਮੜ੍ਹੀਆਂ ਅਤੇ ਮਸਾਣ ਭੂਮਕਾਂ ਵਿਚ ਬੈਠਣ ਨਾਲ ਜੋਗ ਨਹੀਂ ਹੁੰਦਾ ਹੈ ਅਤੇ ਤੜੀ ਲਾਕੇ ਅੱਖੀਆਂ ਮੀਟਣ ਨਾਲ ਵੀ ਜੋਗ ਨਹੀਂ ਹੁੰਦਾ ਹੈ ॥ ਅਥਵਾ ਦੇਸ ਤੇ ਹੋਰ ਦੇਸ ਦੇ ਅੰਦਰ ਭੌਣ ਨਾਲ ਵੀ ਜੋਗ ਨਹੀਂ ਹੁੰਦਾ ਹੈ ਅਤੇ ਤੀਰਥਾਂ ਉਤੇ ਨ੍ਹਾਉਣ ਨਾਲ ਵੀ ਪ੍ਰਮੇਸਰ ਵਿਚ ਜੁੜਣਾ ਨਹੀਂ ਹੁੰਦਾ ਹੈ ॥ (ਇਸਦਾ ਅਰਥ ਪਿਛੇ ਹੋ ਚੁਕਾ ਹੈ) ॥

**ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥**
**ਨਿਝਰੁ ਝਰੈ ਸਹਜਧੁਨਿ ਲਾਗੈ ਘਰ ਹੀ ਪਰਚਾ ਪਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗਜੁਗਤਿ ਇਵ ਪਾਈਐ ॥ ੩ ॥**

ਜਦੋਂ ਸਤਿਗੁਰੂ ਮਿਲਨ ਅਤੇ ਸੰਸਾ ਦੂਰ ਹੋ ਜਾਵੇ ਜੇਹੜਾ ਮਨ ਦਸਾਂ ਪਾਸਿਆਂ ਵਲ ਭੱਜਾ ਫਿਰਦਾ ਹੈ ਉਸਨੂੰ ਰੋਕ ਰਖੀਏ ਤਾਂ ਘਰ ਵਿਚ ਹੀ ਪ੍ਰੇਮ ਦਾ ਪਰਚਾ ਪਾ ਲਈਦਾ ਹੈ ॥ ਲਗਾਤਾਰ ਆਤਮ ਅਨੰਦ ਅੰਦਰ ਚੋਂਦਾ ਹੈ ਅਤੇ ਸਹਿਜੇ ਹੀ ਧੁਨਿ=ਧੁਨੀ, ਅਵਾਜ ਸ਼ਾਂਤ ਰਸ ਬ੍ਰਿਤ ਉਸ ਅਨੰਦ ਵਿਚ ਲਗੇਗੀ ॥ [ਇਸ ਦਾ ਅਰਥ ਹੋ ਚੁਕਾ ਹੈ ॥

**ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥ ੪ ॥ ੧॥ ੮॥**

ਗੁਰੂ ਜੀ, ਜੀਉਂਦਿਆਂ ਦੁਨੀਆਂ ਵਿਚ ਰਹਿੰਦਿਆਂ ਹੀ ਮਰੇ ਰਹੀਏ ਭਾਵ ਵਿਸ਼ਿਆਂ ਤੇ ਬੁਰਿਆਂ ਕੰਮਾਂ ਵਲੋਂ ਮਨ ਨੂੰ ਰੋਕੀਏ ਇਕੁਰ ਦਾ ਜੋਗ ਕਮਾਈਏ ਵਜਾਇਆਂ ਤੋਂ ਬਿਨਾਂ ਹੀ ਸਿੰਙੀ ਵੱਜੇ ਭਾਵ ਚਿਤ ਬ੍ਰਿਤੀ ਪ੍ਰਮੇਸ਼ਰ ਵਲ ਲਗੀ ਰਹੇ ਤਾਂ ਡਰ ਤੋਂ ਰਹਿਤ ਪਦ ਪਾ ਲਈਦਾ ਹੈ॥ (ਇਸਦਾ ਅਰਥ ਹੋ ਚੁਕਾ ਹੈ) ॥

{ ਸਾਲਸ ਰਾਇ ਜਵਾਹਰੀ ਨੂੰ ਸਾਹਮਣੇ ਬੈਠਿਆਂ ਵੇਖਕੇ ਪ੍ਰਮੇਸ਼ਰ ਦੇ ਸਨਮੁਖ ਬੇਨਤੀ। }

## ਸੂਹੀ ਮਹਲਾ ੧

ਤਰਾਜੀ=ਤੱਕੜੀ ॥ ਕੈ ਪਹਿ=ਕਿਸਦੇ ਪਾਸੋਂ ॥
ਦੀਖਿਆ=ਸਿਖਿਆ॥ ਤੁਲ=ਛੋਟਾਕੰਡਾ ॥ ਲੀਣਾ=ਮਿਲਿਆਹੋਯਾ॥

Digitized by Panjab Digital Library | www.panjabdigilib.org

## ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥
## ਕਉਣ ਗੁਰੂ ਕੈਪਹਿ ਦੀਖਿਆ ਲੇਵਾ ਕੈਪਹਿ ਮੁਲੁ ਕਰਾਵਾ ॥ ੧ ॥

ਕੇਹੜੀ ਤੱਕੜੀ ਕੇਹੜਾ ਕੰਡਾ ਜਾਂ ਕੇਹੜਾ ਵੱਟਾ ਅਤੇ ਤੇਰੇ ਤੋਲਣ ਵਾਸਤੇ ਕੇਹੜਾ ਸਰਾਫ ਸੱਦਾਂ ॥ ਕੇਹੜੇ ਗੁਰੂ ਪਾਸੋਂ ਸਿਖਿਆ ਲਵਾਂ ਕਿਹਦੇ ਪਾਸੋਂ ਮੁਲ ਕਰਾਵਾਂ ॥

## ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ । ੧॥ਰਹਾਉ॥

ਹੇ ਮੇਰੇ ਪਿਆਰੇ ਮੈਂ ਅੰਤ ਨਹੀਂ ਜਾਣ ਸਕਦਾ ਹਾਂ ਤੂੰ ਪਾਣੀ, ਸੁੱਕੀ ਥਾਂ, ਧਰਤੀ, ਅਕਾਸ਼ ਵਿਚ ਭਰਪੂਰ ਹੋਕੇ ਮਿਲਿਆ ਹੋਇਆ ਹੈਂ ਤੂੰ ਆਪੇ ਹੀ ਨਿਕਿਆਂ ਵਡਿਆਂ ਵਿਚ ਸਮਾਇਆ ਹੋਇਆ ਹੈਂ ।

## ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥
## ਘਟ ਹੀ ਭੀਤਰਿ ਸੋ ਸਹੁ ਤੋਲੀ ਇਨਿ ਬਿਧਿ ਚਿਤੁ ਰਹਾਵਾ ॥ ੨ ॥

ਸਾਫ ਮਨ ਤੱਕੜੀ ਹੋਵੇ ਚਿਤ ਵਟਾ ਹੋਵੇ ਤੇਰੀ ਸੇਵਾ ਕਮਾਵਾਂ ਏਹੋ ਹੀ ਉਸਤਾਦ ਹੋਵੇ ॥ ਦਿਲ ਦੇ ਵਿਚ ਹੀ ਓਹ ਜੇਹੜਾ ਪ੍ਰਮੇਸ਼ਰ ਹੈ ਉਸਨੂੰ ਤੋਲਾਂ ਭਾਵ ਵਿਚਾਰਾਂ ਇੱਕੁਰ ਚਿਤ ਨੂੰ ਰੋਕ ਰਖਾਂ ॥

## ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥
## ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ੩ ॥

ਪ੍ਰਮੇਸਰ ਆਪੇ ਹੀ ਪ੍ਰੇਮ ਰੂਪ ਕੰਡਾ ਹੈ ਅਤੇ ਆਪੇ ਹੀ ਤੋਲਣ ਵਾਲਾ ਵਿਚਾਰ ਰੂਪ ਵੱਟਾ ਹੈ ਅਤੇ ਆਪ ਹੀ ਅਕਲ ਰੂਪ ਤੱਕੜੀ ਹੈ ਅਤੇ ਆਪੇ ਹੀ ਵਿਚਾਰ ਕਰਨ ਵਾਲਾ ਹੈ ਆਪ ਹੀ ਕਰਮਾਂ ਨੂੰ ਵੇਖਦਾ ਹੈ ਆਪਹੀ ਉਸਦੇ ਫਲ ਨੂੰ ਸਮਝਦਾ ਹੈ ਆਪੇ ਹੀ ਵਣਜਣ ਵਾਲਾ ਸਿਖ ਹੈ ।

## ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
## ਤਾਕੀ ਸੰਗਤਿ ਨਾਨਕੁ ਰਹਦਾ ਕਿਉਕਰਿ ਮੂੜਾ ਪਾਵੈ ॥ ੪॥੨॥੯॥

ਹੇ ਪ੍ਰਮੇਸ਼ਰ ਮੇਰਾ ਮਨ ਛਿਨ ਵਿਚ ਕਈਆਂ ਖਿਆਲਾਂ ਵਿਚ ਆਉਂਦਾ ਹੈ ਤੇ ਛਿਨ ਵਿਚ ਜਾਂਦਾ ਹੈ, ਅੰਨ੍ਹਾ ਅਤੇ ਨੀਚ ਹੈ ਜਿਸ ਵਿਚੋਂ ਕਈ ਖਿਆਲ ਜਾਤਿ= ਪੈਦਾ ਹੁੰਦੇ ਹਨ ਜਾਂ ਨੀਵੀਂ ਜਾਤੀ ਵਾਲਾ ਤੇ ਪਰਦੇਸੀ ਭਾਵ ਪਤਾ ਨਹੀਂ ਕੇਹੜੇ ਦੇਸ ਦੇ ਰਹਿਣ ਵਾਲਾ ਹੈ ਕਦੀ ਕਿਧਰੇ ਚਲਿਆ ਜਾਂਦਾ ਹੈ ਕਦੀ ਕਿਧਰੇ ਇਕ ਥਾਂ

Digitized by Panjab Digital Library | www.panjabdigilib.org

ਟਿਕਿਆ ਨਹੀਂ ਰਹਿੰਦਾ ਹੈ ਇੱਕੁਰ ਦਾ ਮਨ ਹੈ। ਗੁਰੂ ਜੀ, ਇੱਕੁਰ ਦੇ ਮਨ ਦੀ ਸੰਗਤ ਮੈਂ ਰਹਿੰਦਾ ਹਾਂ, ਭਾਵ ਇਹ ਆਦਮੀ ਰਹਿੰਦਾ ਹੈ ਕਿਸਤਰਾਂ ਇਸ ਮੂਰਖ ਮਨ ਦੀ ਸੰਗਤ ਦੂਰ ਹੋਵੇ ਤੇ ਕਿਸਤਰਾਂ ਪ੍ਰਮੇਸ਼ਰ ਨੂੰ ਪਾਵੇ ॥

## ਰਾਗੁ ਸੂਹੀ ਮਹਲਾ ੪ ਘਰੁ ੧

## ੧ ਓ ਸਤਿ ਗੁਰ ਪ੍ਰਸਾਦਿ ॥

ਤ੍ਰਿਸ=ਤ੍ਰਿਸਨਾ, ਤੇਹ ॥ ਤ੍ਰਿਸ=ਓਨਾਂ ਦੀ ਪਿਆਸ ॥

**ਮਨਿ ਰਾਮਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥**
**ਸਭ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮਕੇ ॥ ੧ ॥**

ਗੁਰਾਂ ਦੇ ਉਪਦੇਸ਼ ਨਾਲ ਜਿਨਾਂ ਨੇ ਮਨ ਵਿਚ ਨਾਮ ਨੂੰ ਯਾਦ ਕੀਤਾ ਹੈ ॥ ਓਨਾਂ ਦੇ ਮਨ ਤਨ ਦੀਆ ਸਾਰੀਆਂ ਲੋੜਾਂ ਪੂਰੀਆਂ ਹੋ ਗਈਆਂ ਹਨ ਅਤੇ ਜਮ ਦੇ ਦੂਤਾਂ ਦਾ ਡਰ ਦੂਰ ਹੋ ਗਿਆ ਹੈ। ੧॥

**ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥ ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥ ੧ ॥ ਰਹਾਉ ॥**

ਹੇ ਮੇਰੇ ਮਨ ਪ੍ਰਮੇਸ਼ਰ ਦਾ ਨਾਮ ਜਪੋ ਤੇ ਗੁਣ ਗਾਓ। ਜਿਨਾਂ ਦੇ ਉਤੇ ਗੁਰੂ ਕਿਰਪਾਲੂ ਹੋਇਆ ਹੈ ਓਨਾਂ ਦੇ ਉਤੇ ਹੀ ਗੁਰੂ ਪ੍ਰਸੰਨ ਹੋਇਆ ਹੈ ਓਹਨਾਂ ਨੇ ਹੀ ਪ੍ਰਮੇਸਰ ਦੇ ਨਾਮ ਰਸ ਨੂੰ ਪੀਤਾ ਹੈ ਭਾਵ ਗਟ ਗਟ ਕੇ ਰਸ ਨੂੰ ਪੀਤਾ ਹੈ ਭਾਵ ਬਹੁਤ ਹੀ ਪ੍ਰਸੰਨ ਹੋਕੇ ਪੀਤਾ ਹੈ ਏਸੇ ਲਈ ਗੁਰਮੁਖਾਂ ਦੇ ਮਨ ਨੂੰ ਪ੍ਰਮੇਸਰ ਦੇ ਨਾਮ ਨੇ ਬਹੁਤਾ ਗਿਆਨ ਦੇ ਦਿਤਾ ਹੈ ॥੧॥

**ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥ ਹਰਿਕਿਰਪਾ ਧਾਰਿ ਮੇਲਹੁ ਸਤਿਸੰਗਤਿ ਹਮਧੋਵਹ ਪਗ ਜਨਕੇ॥੨॥**

ਸਤਿਗੁਰਾਂ ਦੀ ਉਤਮ ਸੰਗਤ ਵਿਚ ਮਿਲਕੇ ਪ੍ਰਮੇਸ਼ਰ ਮਾਲਕ ਦੇ ਗੁਣ ਗਾਉਂਦੇ ਹਨ। ਪਰਮੇਸਰ ਅਗੇ ਤੁਸੀਂ ਵੀ ਇਹ ਬੇਨਤੀ ਕਰੋ ਕਿ ਹੇ ਪ੍ਰਮੇਸ਼ਰ ਸਾਡੇ ਉਤੇ ਵੀ ਕਿਰਪਾ ਕਰੋ ਤੇ ਸੰਗਤ ਵਿਚ ਮੇਲੋ ਅਸੀਂ ਵੀ ਸੰਤਾਂ ਦੇ ਚਰਨ ਧੋਵਾਂਗੇ ॥

**ਰਾਮਨਾਮੁ ਸਭੁ ਹੈ ਰਾਮਨਾਮਾ ਰਸੁ ਗੁਰਮਤਿ ਰਸੁ ਰਸਕੇ ॥**

Digitized by Panjab Digital Library | www.panjabdigilib.org

**ਹਰਿਅੰਮ੍ਰਿਤੁ ਹਰਿਜਲੁ ਪਾਇਆ ਸਭ ਲਾਥੀ ਤਿਸ ਤਿਸਕੇ ॥ ੩ ॥**

ਸਾਰਿਆਂ ਨੂੰ ਸੁਖ ਦੇਣ ਵਾਲਾ ਪ੍ਰਮੇਸਰ ਦਾ ਨਾਮ ਹੈ ਏਸੇ ਲਈ ਪ੍ਰਮੇਸ਼ਰ ਦੇ ਨਾਮ ਨੂੰ ਗੁਰਾਂ ਦੀ ਸਿਖਿਆ ਨਾਲ ਪਰੇਮ ਕਰਕੇ ਜਪੀਏ ਅਤੇ ਰਸ ਦੇ ਰਸੀਏ ਹੋਈਏ॥ ਜਿਨਾਂ ਨੇ ਪ੍ਰਮੇਸਰ ਦਾ ਨਾਮ ਅੰਮ੍ਰਿਤ ਪਾਣੀ ਜਾ ਸੜਦਿਆਂ ਹੋਇਆਂ ਨੇ ਪਾਇਆ ਭਾਵ ਦਿਲ ਵਿਚ ਧਾਰਿਆ ਹੈ ਓਨਾਂ ਦੀ ਤ੍ਰਿਸ਼ਨਾਂ ਅਗ ਸਾਰੀ ਲਥ ਗਈ ਹੈ।

**ਹਮਰੀ ਜਾਤਿ ਪਾਤਿ ਗੁਰ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥ ਜਨ ਨਾਨਕੁ ਨਾਮੁ ਪਰਿਓ ਗੁਰ ਚੇਲਾ ਗੁਰਰਾਖਹੁ ਲਾਜ ਜਨ ਕੇ ॥ ੪ ॥ ੧ ॥**

ਸਾਡੀ ਸਾਰੀ ਜਾਤ ਪਾਤ ਗੁਰੂ ਹੀ ਹੈ ਅਸਾਂ ਗੁਰੂ ਅਗੇ ਸਿਰ ਵੇਚਿਆ ਹੈ ॥
ਗੁਰੂਜੀ ਸਾਡਾ ਨਾਮ ਗੁਰੂ ਕਾ ਚੇਲਾ ਪਿਆ ਹੈ ਤੇ ਗੁਰੂ ਜੀ, ਮੇਰੀ ਦਾਸ ਦੀ ਲਾਜਆ ਰਖੋ ॥

## ਸੂਹੀ ਮਹਲਾ ੪

ਪੁਰਖੋਤਮ=ਉੱਤਮ ਪੁਰਸ਼ ਪ੍ਰਮੇਸ਼ਰ ॥ ਬਿਨਸੇ=ਨਾਸ ॥ ਦਾਲਦ=ਦਲਿੱਦ੍ਰ॥ ਦਲਘਾ=ਦਲ, ਅਘਾ, ਪਾਪਾਂ ਦੇ ਦਲ ॥ ਸਮਘਾ=ਸਮਾਇਆ ॥ ਪਿਰਘਾ=ਪਿਆਰਾ ॥ ਕਲਘਾ=ਕਾਲ ਨਾਸ ਕਰਨ ਵਾਲਾ । ਫਲਘਾ=ਫਲ ਪਾਪ ॥ ਪਲਘਾ=ਪਾਲਣਾ ॥ ਤੁਮਘਾ=ਤੁਹਾਡੇ ॥ ਨਿਮਘਾ=ਥੋੜਾ ਚਿਰ ॥ ਘੁਮਘਾ=ਬਲਿਹਾਰੀ ॥

**ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ॥ ਭਉ ਜਨਮ ਮਰਣਾ ਮੇਟਿਓ ਗੁਰਸਬਦੀ ਹਰਿ ਅਸਥਿਰ ਸੇਵਿ ਸੁਖਿ ਸਮਘਾ ॥ ੧ ॥**

ਪ੍ਰਮੇਸਰ ਦਾ ਨਾਮ ਚੇਤੇ ਕਰਨ ਨਾਲ ਸਾਰੇ ਦਲਿੱਦ੍ਰ ਪਾਪਾਂ ਦੇ ਦਲ ਨਾਸ ਹੋ ਗਏ ॥ ਗੁਰੂ ਦੇ ਉਪਦੇਸ਼ ਨਾਲ ਜਨਮ ਮਰਨ ਦਾ ਡਰ ਦੂਰ ਕੀਤਾ ਇਸਥਿਤ ਰਹਿਣ ਵਾਲੇ ਪ੍ਰਮੇਸ਼ਰ ਨੂੰ ਸੇਵ ਕੇ ਸੁਖ ਵਿਚ ਸਮਾਇਆ ॥ ੧ ॥

**ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥
ਮੈ ਮਨ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੂਲਿ ਮਹਘਾ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਮੇਰੇ ਮਨ ਜੇਹੜਾ ਪ੍ਰਮੇਸਰ ਦਾ ਨਾਮ ਬਹੁਤ ਹੀ ਪਿਆਰਾ ਹੈ ਉਸਨੂੰ ਚੇਤੇ ਕਰ। ਮੈਂ ਆਪਣਾ ਮਨ ਤਨ ਗੁਰਾਂ ਅਗੇ ਭੇਟਾ ਕਰਕੇ ਰਖ ਦਿਤਾ ਹੈ ਇਸ ਸਿਰ ਨੂੰ ਵੇਚਕੇ ਜੇਹੜਾ ਪ੍ਰਮੇਸ਼ਰ ਦਾ ਨਾਮ ਬੜਾ ਮਹਿੰਗਾ ਹੈ ਓਹ ਮੁਲ ਲੈ ਲਿਆ ਹੈ, ਭਾਵ ਮੇਰਾ ਸਿਰ ਥੋੜੇ ਮੁਲ ਵਾਲਾ ਸੀ ਤੇ ਪ੍ਰਮੇਸ਼ਰ ਦਾ ਨਾਮ ਬਹੁਤ ਮੁਲ ਵਾਲਾ ਹੈ॥

**ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥ ਧਰਮਰਾਇ ਸਿਰਿ ਡੰਡੁ ਲਗਾਨਾ ਫਿਰ ਪਛੁਤਾਨੇ ਹਥੁ ਫਲਘਾ॥੨॥**

ਜੇਹੜੇ ਮਨੁਖਾਂ ਦੇ ਮਾਲਕ, ਰਾਜੇ ਬਣਕੇ ਰਸਾਂ ਦੇ ਅਨੰਦਾਂ ਨੂੰ ਮਾਣਦੇ ਹਨ ਓਹਨਾਂ ਸਾਰਿਆਂ ਨੂੰ ਜੇਹੜੇ ਨਾਮ ਤੋਂ ਇਨਾਂ ਜੀਆਂ ਨੂੰ ਮਾਰਨ ਵਾਲਾ ਕਾਲ ਫੜ ਕੇ ਲੈ ਗਿਆ ਹੈ॥ ਜਦੋਂ ਧਰਮ ਰਾਜਾ ਨੇ ਸਿਰ ਉਤੇ ਡੰਡਾ ਲਾਇਆ ਫੇਰ ਓਹ ਬੜੇ ਪਛੋਤਾਇ ਜਦੋਂ ਪਾਪਾਂ ਦਾ ਫਲ ਹਥ ਆਇਆ।

**ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ ਸਰਣਾਗਤਿ ਪੁਰਖ ਪ੍ਰਤਿਪਲਘਾ॥ ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਘਾ॥੩॥**

ਹੇ ਪ੍ਰਮੇਸਰਾ ਬਚਾ ਲੈ ਅਸੀਂ ਤੇਰੇ ਛੋਟੇ ਦਾਸ ਹਾਂ। ਹੇ ਪਾਲਨਾਂ ਕਰਨ ਵਾਲੇ ਪ੍ਰਮੇਸਰਾ ਮੈਂ ਤੇਰੀ ਸ਼ਰਨ ਆਇਆ ਹਾਂ॥ ਸੰਤਾਂ ਦਾ ਦਰਸਨ ਦੇਹ ਅਸੀਂ ਸੁਖ ਪਾਈਏ ਹੇ ਮਾਲਕਾ ਸਾਡੀ ਇੱਛਿਆ ਪੂਰੀ ਕਰ ਅਸੀਂ ਤੇਰੇ ਦਾਸ ਹਾਂ।

**ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ ਮੋਕਉ ਦੀਜੈ ਦਾਨੁ ਹਰਿ ਨਿਮਘਾ॥ ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ ਸਦ ਘੁਮਘਾ॥੪॥੨॥**

ਹੇ ਮਾਲਕ ਤੁਸੀਂ ਵਡੇ ਤਕੜੇ ਪੁਰਖ ਹੋ ਮੈਨੂੰ ਦਾਨ ਦਿਓ ਜੋ ਥੋੜਾ ਚਿਰ ਹੀ ਮੈਨੂੰ ਦਰਸ਼ਨ ਦਿਓ ॥ ਗੁਰੂ ਜੀ, ਦਾਸ ਨੂੰ ਨਾਮ ਮਿਲੇ ਤਾਂ ਇਹ ਸੁਖ ਪਾਵੇ ਮੈਂ ਨਾਮ ਉਤੋਂ ਸਦਾ ਬਲਿਹਾਰ ਜਾਂਦਾ ਹਾਂ।

## ਸੂਹੀ ਮਹਲਾ ੪

ਅੰਙ=ਅਗ, ਸਰੀਰ॥ ਸਹਲੰਙ=ਅਕੱਠਾ ਹੋਇਆ॥ ਦੁਹਚਾਰੀਆ=ਖੋਟੇ ਕਰਮਾਂ ਵਾਲੇ॥ ਪੰਙ=ਚਿੱਕੜ॥

**ਰਹਿ ਨਾਮਾ ਹਰਿ ਰੰਙੁ ਹੈ ਹਰਿ ਰੰਗੁ ਮਜੀਠੈ ਰੰਙੁ॥**

Digitized by Panjab Digital Library | www.panjabdigilib.org

**ਗੁਰ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥ ੧ ॥**

ਸਾਰਿਆਂ ਨਾਮਾਂ ਵਿਚੋਂ ਪ੍ਰਮੇਸਰ ਦਾ ਨਾਮ ਮਜੀਠ ਦੇ ਰੰਗ ਵਰਗਾ ਪੱਕਾ ਸੱਚਾ ਰੰਗ ਹੈ ਉਸ ਵਿਚ ਮਨ ਨੂੰ ਰੰਗ ॥ ਜਿੰਨਾ ਉਤੇ ਗੁਰਾਂ ਨੇ ਪ੍ਰਸੰਨ ਹੋਕੇ ਭਗਤੀ ਦਾ ਰੰਗ ਚੜ੍ਹਾਇਆ ਹੈ ਓਨਾਂ ਨੂੰ ਫਿਰ ਮੁੜਕੇ ਟੁਟਨਾ ਭਜਣਾਂ ਨਹੀ ਹੁੰਦਾ ਭਾਵ ਜੰਮਣਾ ਮਰਨਾ ਜਾਂ ਭੰਜ=ਵਿਘਨ ॥

**ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥ ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ ॥ ੧ ॥ ਰਹਾਉ ॥**

ਹੇ ਮੇਰੇ ਮਨ ਪ੍ਰਮੇਸਰ ਦੇ ਨਾਮ ਵਿਚ ਪ੍ਰੇਮ ਕਰ ਗੁਰਾਂ ਨੇ ਪ੍ਰਸੰਨ ਹੋਕੇ ਜਿਸਨੂੰ ਉਪਦੇਸ਼ ਦਿਤਾ ਹੈ ਓਹਨਾਂ ਨੂੰ ਨਿਸੰਗ ਹੀ ਪ੍ਰਮੇਸਰ ਰਾਜਾ ਮਿਲਿਆ ਹੈ ॥

**ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ ॥ ॥**
**ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ ॥ ੨ ॥**

ਜੇਹੜੀ ਮਨਮੁਖ ਇਸਤ੍ਰੀ ਬਹੁਤ ਮੂਰਖ ਹੈ ਉਸਨੂੰ ਇਸ ਸਰੀਰ ਵਿਚ ਆਉਣਾ ਜਾਣਾ ਹੀ ਰਹੇਗਾ ॥ ਉਸਨੂੰ ਪ੍ਰਮੇਸਰ ਮਾਲਕ ਚੇਤੇ ਨਹੀ ਆਇਆ ਹੈ ਉਸ-ਦੇ ਮਨ ਵਿਚ ਦੁਵੈਤ ਭਾਵ ਕੱਠਾ ਹੋਇਆ ੨ ਹੈ ॥

**ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ।**
**ਗੁਰਿ ਅੰਮ੍ਰਿਤਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥੩॥**

ਅਸੀਂ ਪਾਪਾਂ ਨਾਲ ਭਰੇ ਹੋਏ ਖੋਟੇ ਕਰਮਾ ਵਾਲੇ ਹਾਂ ਹੇ ਪ੍ਰਮੇਸਰਾ ਭਗਤਾਂ ਦੀ ਮਦਦ ਕਰਨ ਵਾਲਿਆ ਮੇਰੀ ਵੀ ਮਦਤ ਕਰ ॥ ਚੰਗੇ ਸਿਖ ਨੂੰ ਗੁਰੂ ਨੇ ਸਤਸੰਗ ਤਾਲ ਵਿਚ ਨੁਵਾਇਆ ਹੈ ਏਸੇ ਲਈ ਉਸਦੇ ਚਿਕੜ ਪਾਪ ਸਾਰੇ ਲੱਥ ਗਏ ਹਨ ॥

**ਹਰਿ ਦੀਨਾਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ ॥**
**ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥ ੪ ॥ ੩ ॥**

ਹੇ ਗਰੀਬਾਂ ਦੇ ਮਾਲਕਾ ਸਾਨੂੰ ਗਰੀਬਾਂ ਨੂੰ ਸਤ ਸੰਗਤ ਦੇ ਨਾਲ ਮੇਲ ॥ ਚੰਗਿਆਂ ਸਿਖਾਂ ਨੇ ਸਤ ਸੰਗਤ ਦੇ ਨਾਲ ਮਿਲਕੇ ਪ੍ਰਮੇਸਰ ਦੇ ਅਨੰਦ ਨੂ ਪਾਇਆ ਹੈ । ਗੁਰੂ ਜੀ, ਦਾਸਾਂ ਦਾ ਮਨ ਤਨ ਅਨੰਦ ਰੂਪ ਹੋਇਆ ਹੈ ॥

ized by Panjab Digital Library | www.panjabdigi

(ਮਨਮੁਖਾਂ ਦੇ ਕੰਮ)

## ਸੂਹੀ ਮਹਲਾ ੪

**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥**
**ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥ ੧ ॥**

ਉਤੋਂ ਤਾਂ ਹਰ ਹਰ ਕਰਦੇ ਹਨ ਪਰ ਮਨ ਅੰਦਰ ਕਪਟਾਂ ਦੇ ਵਿਹਾਰ ਕਮਾਂਦੇ ਹਨ ਇਸਕਰਕੇ ਦਿਲ ਸਾਫ ਨਹੀਂ ਹੁੰਦਾ ਕਰਮ ਤਾਂ ਰਾਤ ਦਿਨ ਵਿਖਾਵੇ ਦੇ ਬਹੁਤ ਕਰਦੇ ਹਨ ਪਰ ਓਨਾਂ ਨੂੰ ਸੁਫਨੇ ਵਿਚ ਵੀ ਸੁਖ ਨਹੀਂ ਹੁੰਦਾ ਹੈ ॥

**ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥**
**ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥ ੧ ॥ ਰਹਾਉ ॥**

ਹੇ ਫੋਕੇ ਗਿਆਨ ਵਾਲਿਆ ਗੁਰੂ ਤੋਂ ਬਿਨਾ ਭਗਤੀ ਨਹੀਂ ਹੋ ਸਕਦੀ ਹੈ ॥ ਜੇ ਭਾਵੇਂ ਸਭ ਕੋਈ ਚਾਹੇ ਪਰ ਫਿਰ ਵੀ ਕੋਰੇ ਕਪੜੇ ਉਤੇ ਰੰਗ ਕਦੀ ਨਹੀਂ ਚੜ ਸਕਦਾ ਹੈ ਭਾਵ ਸਾਫ ਮਨ ਹੋਵੇ ॥

**ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥**
**ਅੰਤਰਿ ਰੋਗ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥ ੨ ॥**

ਜਪ ਤਪ ਵਰਤ ਪੂਜਾ ਦੇ ਸੰਜਮ=ਜਤਨ ਤਾਂ ਬਹੁਤ ਕਰਦੇ ਹਨ ਪਰ ਮਨਮੁਖਾਂ ਦਾ ਹੰਕਾਰ ਰੋਗ ਨਹੀਂ ਜਾਂਦਾ ਹੈ ॥ ਮਨਮੁਖਾਂ ਦੇ ਅੰਦਰ ਹੰਕਾਰ ਰੋਗ ਬੜਾ ਵਡਾ ਹੈ ਏਸੇ ਲਈ ਦ੍ਵੈਤ ਭਾਵ ਨੇ ਓਨਾਂ ਦੀ ਚਿਤ ਬ੍ਰਿਤੀ ਖਰਾਬ ਕੀਤੀ ਹੋਈ ਹੈ ॥

**ਬਾਹਰਿ ਭੇਖ ਬਹੁਤ ਚਤੁਰਾਈ ਮਨੂਆ ਦਹਦਿਸਿ ਧਾਵੈ ॥**
**ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥**

ਬਾਹਰੋਂ ਤਾਂ ਵੱਡੀ ਚਤਰਾਈ ਨਾਲ ਭੇਖ ਬਣੌਂਦੇ ਹਨ ਪਰ ਓਨਾਂ ਦਾ ਮਨ ਤ੍ਰਿਸ਼ਨਾ ਕਰਕੇ ਦਸਾਂ ਪਾਸਿਆਂ ਵਲ ਦੌੜਦਾ ਫਿਰਦਾ ਹੈ ॥ ਮਨ ਹੰਕਾਰ ਵਿਚ ਲਿਬੜਿਆ ਹੋਇਆ ਗੁਰ ਉਪਦੇਸ਼ ਨੂੰ ਨਹੀਂ ਜਾਣਦਾ ਹੈ ਏਸੇ ਲਈ ਬਾਰ ੨ ਜੂਨੀਆਂ ਵਿਚ ਆਉਂਦਾ ਹੈ ॥

**ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥**
**ਗੁਰਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥ ੪ ॥ ੪ ॥**

Digitized by Panjab Digital Library | www.panjabdigilib.org

ਗੁਰੂ ਜੀ,ਜਿਸ ਉਤੇ ਪ੍ਰਮੇਸਰ ਕਿਰਪਾ ਕਰਦਾ ਹੈ ਓਹੋ ਹੀ ਸਮਝਦਾ ਹੈ ਅਤੇ ਓਹੋ ਹੀ ਨਾਮ ਨੂੰ ਧਿਆਂਦਾ ਹੈ ॥ ਗੁਰੂ ਕਿਰਪਾ ਨਾਲ ਇਕ ਨੂੰ ਜਾਣਦਾ ਤੇ ਇਕ ਵਿਚ ਸਮਾ ਜਾਂਦਾ ਹੈ ॥

## ਸੂਹੀ ਮਹਲਾ ੪ ਘਰੁ ੨

## ੧ ਓ ਸਤਿਗੁਰਪ੍ਰਸਾਦਿ ॥

**ਗੁਰਮਤਿ ਨਗਰੀ ਖੋਜਿ ਖੋਜਾਈ ॥**
**ਹਰਿ ਹਰਿ ਨਾਮੁ ਪਦਾਰਥੁ ਪਾਈ ॥ ੧ ॥**

ਗੁਰਾਂ ਦੀ ਸਿਖਿਆ ਲੈਕੇ ਦੇਹ ਰੂਪ ਨਗਰੀ ਬੜੀ ਸੋਚ ਵਿਚਾਰ ਨਾਲ ਢੂੰਢੀ ਹੈ ॥ ਪ੍ਰਮੇਸਰ ਦੇ ਨਾਮ ਪਦਾਰਥ ਦੀ ਸਮਝ ਪਾਈ ਹੈ ॥

**ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ ॥ ਤਿਸਨਾ ਅਗਨਿ ਬੁਝੀ ਖਿਨ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ ॥ ੧ ॥ ਰਹਾਉ ॥**

ਮੇਰੇ ਮਨ ਵਿਚ ਪ੍ਰਮੇਸਰ ਦੇ ਨਾਮ ਨੇ ਸ਼ਾਂਤੀ ਵਸਾਈ ਹੈ ॥ ਜਦੋਂ ਗੁਰੂ ਮਿਲੇ ਓਸੇ ਛਿਨ ਵਿਚ ਤ੍ਰਿਸ਼ਨਾ ਅੱਗ ਬੁਝ ਗਈ ਸਾਰਿਆਂ ਪਦਾਰਥਾਂ ਦੀ ਭੁਖ ਗੁਰਾਂ ਨੇ ਦੂਰ ਕਰ ਦਿਤੀ ॥

**ਹਰਿ ਗੁਣ ਗਾਵਾ ਜੀਵਾ ਮੇਰੀ ਮਾਈ ॥**
**ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ ॥ ੨ ॥**

ਹੇ ਮੇਰੀ ਮਾਂ ਭਾਵ ਸੰਤੋ ਜੇਹੜੇ ਦਿਆਲੂ ਗੁਰੂ ਹਨ ਓਨਾਂ ਨੇ ਮੈਨੂੰ ਨਾਮ ਦੇ ਗੁਣਾਂ ਦੀ ਪ੍ਰੀਤੀ ਪੱਕੀ ਕਰਾਈ ਹੈ ਏਸੇ ਲਈ ਮੈਂ ਪ੍ਰਮੇਸਰ ਦੇ ਗੁਣ ਗਾ ਕੇ ਜੀਉਂਦਾ ਹਾਂ ॥

**ਹਉ ਹਰਿ ਪ੍ਰਭੁ ਪਿਆਰਾ ਢੂਢ ਢੂਢਾਈ ॥**
**ਸਤਸੰਗਤਿ ਮਿਲਿ ਹਰਿਰਸੁ ਪਾਈ ॥ ੩ ॥**

ਮੈਂ ਮਾਲਕ ਨੂੰ ਪਿਆਰਾ ਜਾਣਕੇ ਉਸਦੇ ਰਸਤੇ ਨੂੰ ਲਭਦੀ ਹਾਂ ॥ ਸਤ ਸੰਗਤ ਵਿਚ ਮਿਲਕੇ ਜੇਹੜਾ ਪ੍ਰਮੇਸਰ ਰਸ=ਅਨੰਦ ਵਾਲਾ ਹੈ ਉਸ ਦੀ ਭਗਤੀ ਪਾਈਦੀ ਹੈ ॥

Digitized by Panjab Digital Library | www.panjabdigilib.org

ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ॥
ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ ॥ ੪ ॥ ੧ ॥ ੫ ॥

ਮੁੱਢ ਤੋਂ ਹੀ ਮੱਥੇ ਉਤੇ ਲੇਖ ਲਿਖਿਆ ਹੋਇਆ ਹੋਣ ਕਰਕੇ ਪ੍ਰਮੇਸਰ ਦੀ ਖਬਰ ਪਾਈ ਹੈ ॥ ਗੁਰੂ ਜੀ, ਹੇ ਭਰਾਵਾ ਜਿੰਨਾਂ ਉਤੇ ਗੁਰੂ ਕਿਰਪਾਲ ਹੋਇਆ ਹੈ ਓਨਾਂ ਨੂੰ ਪ੍ਰਮੇਸਰ ਮਿਲਿਆ ਹੈ ॥

(ਗੁਰੂ ਦੀ ਮਹਿਮਾ)

## ਸੂਹੀ ਮਹਲਾ ੪

ਚਲੂਲਾ=ਗਾਹੜਾ, ਸੰਘਣਾ, ਅਨੰਦ । ਮੁਗਧ=ਮੂਰਖ ॥

ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ॥
ਗੁਰਮੁਖਿ ਹਰਿ ਹਰਿ ਨਾਮਿ ਸਮਾਏ ॥ ੧ ॥

ਜਦੋਂ ਪ੍ਰਮੇਸਰ ਕਿਰਪਾ ਕਰਦਾ ਹੈ ਤਾਂ ਗੁਰਾਂ ਦੁਆਰੇ ਇਸ ਮਨ ਨੂੰ ਪ੍ਰਮੇਸਰ ਦੇ ਪ੍ਰੇਮ ਵਿਚ ਲਗਾਂਦਾ ਹੈ। ਨਾਮ ਜਪਕੇ ਪ੍ਰਮੇਸਰ ਵਿਚ ਸਮਾਂਦਾ ਹੈ।

ਹਰਿ ਰੰਗਿ ਰਾਤਾ ਮਨੁ ਰੰਗ ਮਾਣੇ ॥ ਸਦਾ ਅਨੰਦਿ ਰਹੈ ਦਿਨ ਰਾਤੀ ਪੂਰੈਗੁਰ ਕੈ ਸਬਦਿ ਸਮਾਣੇ ॥ ੧ ॥ ਰਹਾਉ ॥

ਜਿਨਾਂ ਦਾ ਮਨ ਪ੍ਰਮੇਸਰ ਦੇ ਪ੍ਰੇਮ ਵਿਚ ਰੰਗਿਆ ਹੋਇਆ ਹੈ ਅਤੇ ਆਤਮ ਅਨੰਦ ਨੂੰ ਮਾਣਦੇ ਹਨ ਇਕੁਰ ਦੇ ਪੂਰਿਆਂ ਗੁਰਾਂ ਦੇ ਉਪਦੇਸ਼ ਨਾਲ ਪ੍ਰਮੇਸਰ ਵਿਚ ਸਮਾਏ ਹਨ ਓਹ ਸਦਾ ਦਿਨੇ ਰਾਤ ਅਨੰਦ ਵਿਚ ਰਹਿੰਦੇ ਹਨ ॥

ਹਰਿ ਰੰਗ ਕਉ ਲੋਚੈ ਸਭੁ ਕੋਈ ॥
ਗੁਰਮੁਖਿ ਰੰਗੁ ਚਲੂਲਾ ਹੋਈ ॥ ੨ ॥

ਪ੍ਰਮੇਸਰ ਦੇ ਪ੍ਰੇਮ ਨੂੰ ਹਰ ਕੋਈ ਚਾਹੁੰਦਾ ਹੈ ਪਰ ਗੁਰਾਂ ਦੁਆਰੇ ਗਾਹੜੇ ਅਨੰਦ ਦੀ ਪਰਾਪਤੀ ਹੁੰਦੀ ਹੈ।

ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥
ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥ ੩ ॥

ਮਨਮੁਖ ਮੂਰਖ ਆਦਮੀ ਕੋਰਾ ਭਾਵ ਪ੍ਰੇਮ ਤੋਂ ਖਾਲੀ ਹੁੰਦਾ ਹੈ। ਜੇ ਭਾਵੇਂ ਸੈਂਕੜੇ ਵਾਰ ਚਾਹੇ ਤਾਂ ਗੁਰੂ ਤੋਂ ਬਿਨਾਂ ਕਿਸੇਤਰਾਂ ਵੀ ਪ੍ਰੇਮ ਨਹੀਂ ਹੁੰਦਾ ਹੈ। ਕੋਇ=ਕੋਈ ਹੋਰ ਯਤਨ ਕਰਨ ਨਾਲ।

Digitized by Panjab Digital Library | www.panjabdigilib.org

ਨਦਰਿ ਕਰੇ ਤਾ ਸਤਿਗੁਰੁ ਪਾਵੈ ॥
ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥ ੪ ॥ ੨ ॥ ੬ ॥

ਗੁਰੂ ਜੀ,ਜੇ ਸਤਿਗੁਰੂ ਕਿਰਪਾ ਦ੍ਰਿਸ਼ਟੀ ਕਰਨ ਤਾਂ ਜੇਹੜਾ ਪ੍ਰਮੇਸਰ ਰਸ ਰੂਪ ਹੈ ਪਾ ਲੈਂਦਾ ਹੈ ਅਤੇ ਫਿਰ ਪ੍ਰਮੇਸਰ ਦੇ ਅਨੰਦ ਵਿਚ ਸਮਾ ਜਾਂਦਾ ਹੈ।

(ਪ੍ਰਮੇਸਰ ਦਾ ਅਨੰਦ)

## ਸੂਹੀ ਮਹਲਾ ੪

ਅਘਾਇ=ਬਹੁਤ ਰੱਜਣਾ। ਕਤ=ਕੀ, ਕਿਉਂ। ਅਨਤ=ਹੋਰ।
ਸਾਦਿ=ਸੁਆਦ। ਮੁਰਾਰਿ=ਪ੍ਰਮੇਸਰ।

ਜਿਹਵਾ ਹਰਿ ਰਸਿ ਰਹੀ ਅਘਾਇ ॥
ਗੁਰਮੁਖਿ ਪੀਵੈ ਸਹਜ ਸਮਾਇ ॥ ੧ ॥

ਗੁਰਮੁਖਾਂ ਦੀ ਜਬਾਨ ਪ੍ਰਮੇਸ਼ਰ ਦੇ ਰਸ ਕਰਕੇ ਬਹੁਤ ਹੀ ਰੱਜੀ ਹੋਈ ਹੈ॥ ਜਿਹੜੇ ਗੁਰਾਂ ਦੁਆਰੇ ਉਸ ਰਸ ਨੂੰ ਪੀਂਦੇ ਹਨ ਓਹ ਸਹਿਜੇ ਹੀ ਪ੍ਰਮੇਸਰ ਵਿਚ ਸਮਾਂਦੇ ਹਨ॥

ਹਰਿਰਸੁ ਜਨ ਚਾਖਹੁ ਜੇ ਭਾਈ ॥
ਤਉ ਕਤ ਅਨਤ ਸਾਦਿ ਲੋਭਾਈ ॥ ੧ ॥ ਰਹਾਉ ॥

ਹੇ ਭਰਾਓ ਜੇ ਪ੍ਰਮੇਸਰ ਦੇ ਰਸ ਨੂੰ ਚਖੋ ਤਾਂ ਜੇਹੜੇ ਹੋਰ ਵਿਸ਼ਿਆਂ ਦੇ ਸਵਾਦ ਹਨ ਓਨਾਂ ਵਿਚ ਕਿਉਂ ਲੁਭਾਓ।

ਗੁਰਮਤਿ ਰਸ ਰਾਖਹੁ ਉਰ ਧਾਰਿ ॥
ਹਰਿ ਰਸਿ ਰਾਤੇ ਰੰਗਿ ਮੁਰਾਰਿ ॥ ੨ ॥

ਹੇ ਭਰਾਓ ਗੁਰਾਂ ਦੀ ਸਿਖਿਆ ਨਾਲ ਇਸ ਅਨੰਦ ਨੂੰ ਦਿਲ ਵਿਚ ਧਾਰ ਰਖੋ। ਜੇਹੜ ਪ੍ਰਮੇਸ਼ਰ ਦੇ ਪ੍ਰੇਮ ਵਿਚ ਰੰਗੇ ਹਨ ਓਹਨਾਂ ਨੂੰ ਪ੍ਰਮੇਸਰ ਦਾ ਅਨੰਦ ਮਿਲਿਆ ਹੈ।

ਮਨਮੁਖਿ ਹਰਿਰਸੁ ਚਾਖਿਆ ਨ ਜਾਇ ॥
ਹਉਮੈ ਕਰੈ ਬਹੁਤੀ ਮਿਲੈ ਸਜਾਇ ॥ ੩ ॥

ਮਨਮੁਖਾਂ ਤੋਂ ਪ੍ਰਮੇਸਰ ਦਾ ਅਨੰਦ ਨਹੀਂ ਚਖਿਆ ਜਾਂਦਾ ਹੈ ਓਹ ਹੰਕਾਰ ਕਰਦੇ ਹਨ ਏਸੇ ਲਈ ਪ੍ਰਲੋਕ ਵਿਚ ਓਨਾਂ ਨੂੰ ਬਹੁਤੀ ਸਜ਼ਾ ਮਿਲਦੀ ਹੈ।

Digitized by Panjab Digital Library | www.panjabdigilib.org

ਨਦਰਿ ਕਰੇ ਤਾ ਹਰਿ ਰਸੁ ਪਾਵੈ ॥
ਨਾਨਕ ਹਰਿ ਰਸਿ ਹਰਿ ਗੁਣ ਗਾਵੈ॥ ੪ ॥ ੩ ॥ ੭ ॥

ਜੇ ਗੁਰੂ ਕਿਰਪਾ ਕਰੇ ਤਾਂ ਪ੍ਰਮੇਸਰ ਦੇ ਪ੍ਰੇਮ ਨੂੰ ਪਾਂਦਾ ਹੈ। ਗੁਰੂ ਜੀ, ਪ੍ਰਮੇਸਰ ਦੇ ਅਨੰਦ ਸਰੂਪ ਨੂੰ ਪਾਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਂਦਾ ਹੈ।

(ਨਾਮ ਦੀ ਵਡਿਆਈ)

ਸੂਹੀ ਮਹਲਾ ੪ ਘਰੁ ੬

ੴ ਸਤਿਗੁਰ ਪ੍ਰਸਾਦਿ ॥

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥

ਨੀਚ ਜਾਤ ਵਾਲਿਆਂ ਨੇ ਪ੍ਰਮੇਸ਼ਰ ਨੂੰ ਜਪਦਿਆਂ ਹੋਇਆਂ ਉੱਤਮ ਪਦਵੀ ਪਾਈ ਹੈ ਜੇ ਤੁਹਾਨੂੰ ਇਸ ਗਲ ਦੀ ਪ੍ਰਤੀਤ ਨਹੀਂ ਹੈ ਤਾਂ ਬਿਦਰ ਭਗਤ ਜੇਹੜਾ ਕੈਰਵਾਂ ਪਾਂਡਵਾਂ ਵਿਚੋਂ ਦਾਸੀ ਦਾ ਪੁਤ ਸੀ ਉਸਨੂੰ ਪੁਛੋ ਭਾਵ ਉਸਦਾ ਪ੍ਰਸੰਗ ਮਹਾਂ ਭਾਰਤ ਵਿਚੋਂ ਪੜਕੇ ਵੇਖੋ ਜਿਸਦੇ ਘਰ ਕ੍ਰਿਸ਼ਨ ਮਹਾਰਾਜ ਦੁਰਜੋਧਨ ਨੂੰ ਛਡਕੇ ਜਾ ਉਤਰਿਆ ਸੀ ਭਾਵ ਕ੍ਰਿਸ਼ਨ ਨੇ ਦੁਰਯੋਧਨ ਵਰਗਿਆਂ ਨਾਲੋਂ ਬਿਦਰ ਨੂੰ ਬਹੁਤ ਚੰਗਾ ਸਮਝਿਆ ਸੀ।

ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥ ੧ ॥ ਰਹਾਉ ॥

ਹੇ ਭਰਾਓ ਸੰਤੋ ਜੇਹੜਾ ਪ੍ਰਮੇਸ਼ਰ ਅਕੱਥ ਹੈ ਉਸਦੀ ਕਥਾ ਸੁਣੋ ਓਹ ਕਥਾ ਕਿਸਤਰਾਂ ਦੀ ਹੈ ਜਿਸਦੇ ਸੁਣਨ ਨਾਲ ਸ਼ੱਕ, ਦੁਖ, ਭੁਖ,ਸਾਰੇ ਲਹਿ ਜਾਂਦੇ ਹਨ॥

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗ ਆਇ ॥੨ ॥

ਰਵਦਾਸ ਚੁਮਾਰ ਪ੍ਰਮੇਸਰ ਦੀ ਉਸਤਤਿ ਕਰਦਾ ਸੀ ਅਤੇ ਪ੍ਰਮੇਸਰ ਦੀ ਕੀਰਤੀ ਇਕ ਰਤਾ ਰਤਾ ਭਰ ਵਿਚ ਗਾਂਦਾ ਸੀ॥ ਓਹ ਪਤਤ=ਨੀਵੀਂ ਜਾਤ ਵਾਲਾ ਉਤਮ ਹੋਗਿਆ ਸੀ ਚਾਰ ਵਰਨ ਉਸਦੀ ਪੈਰੀਂ ਆ ਪਏ ਸਨ॥

Digitized by Panjab Digital Library | www.panjabdigilib.org

**ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥ ੩॥**

ਜਿਹਨੂੰ ਬੁਲਾਕੇ ਲੋਕ ਛੀਂਬਾ ਆਖਦੇ ਸਨ ਉਸ ਨਾਮ ਦੇਉ ਦੀ ਪ੍ਰਮੇਸਰ ਦੇ ਨਾਲ ਇੱਕੁਰ ਦੀ ਪ੍ਰੀਤੀ ਲੱਗੀ ਸੀ ਜੋ ਖਤ੍ਰੀਆਂ ਬ੍ਰਾਹਮਣਾਂ ਸਾਰਿਆਂ ਨੂੰ ਪਿੱਠ ਦੇਕੇ ਪ੍ਰਮੇਸਰ ਨੇ ਛਡਦਿੱਤਾ ਭਾਵ ਦੂਰ ਕਰ ਦਿਤਾ ਸੀ ਅਤੇ ਪ੍ਰਮੇਸਰਨੇ ਨਾਮ ਦੇਉ ਨੂੰ ਮੂੰਹ ਲਾ ਲਿਆ ਭਾਵ ਦੇਹਰੇ ਦਾ ਮੂੰਹ ਨਾਮਦੇਵ ਵਲ ਕਰ ਦਿਤਾ ਅਤੇ ਆਪ ਵੀ ਦਰਸਨ ਦਿਤਾ ॥

**ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥ ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿਰਾਇ॥ ੪ ॥ ੧ ॥ ੮ ॥**

ਜਿਤਨੇ ਪ੍ਰਮੇਸਰ ਦੇ ਸੇਵਕ ਭਗਤੀ ਕਰਨ ਵਾਲੇ ਹੋਏ ਹਨ ਜੇਹੜੇ ਮੁਖੀ ੨ ਅਠਾਹਟ ਤੀਰਥ ਹਨ ਓਨ੍ਹਾਂ ਦੇ ਨ੍ਹਾਉਣ ਦਾ ਜੇਹੜਾ ਫਲ ਹੈ ਓਨਾਂ ਭਗਤਾਂ ਦੇ ਮੱਥੇ ਉਤੇ ਪ੍ਰਮੇਸਰ ਨੇ ਤਿਲਕ ਕੱਢਿਆ ਹੈ ਭਾਵ ਓਹ ਭਗਤ ਸਾਰਿਆਂ ਤੀਰਥਾਂ ਤੋਂ ਸਿਰੋਮਣੀ ਆਖੇ ਜਾਂਦੇ ਹਨ ਓਨਾਂ ਦੇ ਦਰਸਨ ਨਾਲ ਸਾਰਿਆਂ ਤੀਰਥਾਂ ਦੇ ਨ੍ਹਾਉਣ ਦਾ ਫਲ ਆ ਮਿਲਦਾ ਹੈ। ਗੁਰੂ ਜੀ, ਜੇ ਪ੍ਰਮੇਸਰ ਰਾਜਾ ਮੇਰੇ ਉਤੇ ਕਿਰਪਾ ਕਰੇ ਤੇ ਤਾਂ ਓਨਾਂ ਭਗਤਾਂ ਦੇ ਚਰਨਾਂ ਨੂੰ ਰਾਤ ਦਿਨ ਹੱਥ ਲਾਈਏ ਤੇ ਮਿਲੀਏ॥

{ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੱਦੀ ਦੇਣ ਲਗਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਿਥੀਏ ਨੂੰ ਸਮਝਾਇਆ। }

## ਸੂਹੀ ਮਹਲਾ ੪

**ਤਿਨੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥ ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥ ੧ ॥**

ਓਨਾਂ ਨੇ ਦਿਲ ਵਿਚ ਪ੍ਰਮੇਸਰ ਨੂੰ ਅਰਾਧਿਆ ਹੈ ਜਿਨਾਂ ਦੇ ਮੁਢ ਤੋਂ ਹੀ ਮੱਥੇ ਉਤੇ ਲੇਖ ਲਿਖਿਆ ਹੈ ਓਨਾਂ ਦੀ ਚੁਗਲੀ ਕੋਈ ਕੀ ਕਰ ਸਕਦਾ ਹੈ ਜਿਨਾਂ ਦੀ ਮਦਦ ਕਰਨ ਵਾਲਾ ਮੇਰਾ ਪ੍ਰਮੇਸਰ ਹੈ।

**ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ**

Digitized by Panjab Digital Library | www.panjabdigilib.org

**ਜਨਮ ਕੇ ਸਭ ਦੂਖ ਨਿਵਾਰਣ ਹਾਰਾ ॥੧॥ ਰਹਾਉ ॥**

ਹੇ ਮੇਰੇ ਮਨ ਪ੍ਰਮੇਸਰ ਦੇ ਨਾਮ ਨੂੰ ਜਪ, ਪ੍ਰਮੇਸਰ ਕਿਸਤਰਾਂ ਦਾ ਹੈ । ਉਸਨੂੰ ਮਨ ਵਿਚ ਯਾਦ ਕਰੀਏ ਤੇ ਤਾਂ ਓਹ ਸਾਰੇ ਜਨਮਾਂ ਜਨਮਾਂ ਦੇ ਦੁਖਾਂ ਨੂੰ ਦੂਰ ਕਰਨ ਵਾਲਾ ਹੈ ॥

**ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤ ਭੰਡਾਰਾ ॥ ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤ ਪਲਤਿ ਮੁਹੁ ਕਾਰਾ ॥੨॥**

ਭਗਤਾਂ ਨੂੰ ਮੁਢ ਤੋਂ ਹੀ ਵਾਹਿਗੁਰੂ ਨੇ ਅੰਮ੍ਰਿਤ ਰੂਪ ਭਗਤੀ ਦਾ ਖ਼ਜ਼ਾਨਾ ਦਿਤਾ ਹੈ। ਜੇਹੜਾ ਮੂਰਖ ਹੁੰਦਾ ਹੈ ਓਹ ਓਨਾਂ ਭਗਤਾਂ ਦੀ ਰੀਸ ਕਰਦਾ ਹੈ ਅਤੇ ਉਸਦਾ ਦੋਹਾਂ ਲੋਕਾਂ ਵਿਚ ਮੂੰਹ ਕਾਲਾ ਹੁੰਦਾ ਹੈ ॥

**ਸੇ ਭਗਤ ਸੇ ਸੇਵਕਾ ਜਿਨ੍ਹਾਂ ਹਰਿ ਨਾਮੁ ਪਿਆਰਾ ॥ ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥੩॥**

ਓਹੋ ਹੀ ਭਗਤ ਓਹੋ ਹੀ ਸੇਵਕ ਹਨ ਜਿਨਾਂ ਨੂੰ ਪ੍ਰਮੇਸਰ ਦਾ ਨਾਮ ਪਿਆਰਾ ਲੱਗਦਾ ਹੈ। ਓਨਾਂ ਦੀ ਸੇਵਾ ਨਾਲ ਪ੍ਰਮੇਸਰ ਪਾਈਦਾ ਹੈ ਜੋ ਓਨ੍ਹਾਂ ਦੀ ਕੋਈ ਨਿੰਦਿਆ ਕਰਦਾ ਹੈ ਉਸ ਨਿੰਦਕ ਦੇ ਸਿਰ ਵਿਚ ਸੁਆਹ ਪੈਂਦੀ ਹੈ॥

**ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥ ਚਹੁ ਪੀੜ੍ਹੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥**

ਜਿਸ ਗੁਰੂ ਨਾਨਕ ਜੀ ਦੇ ਘਰ ਵਿਚ ਇਹ ਗਲ ਵਰਤੀ ਹੈ ਓਹ ਗੁਰੂ ਨਾਨਕ ਜੀ ਹੀ ਜਾਣਦੇ ਹਨ ਇਸ ਲਈ ਜਗਤ ਦੇ ਗੁਰੂ ਨਾਨਕ ਦੇਵ ਜੀ ਨੂੰ ਪੁਛਕੇ ਗੁਰਿਆਈ ਦਾ ਵਿਚਾਰ ਕਰਨਾ ਹੈ। ਗੁਰੂ ਜੀ ਆਖਦੇ ਹਨ ਹੇ ਮੇਰੇ ਪਿਆਰੇ ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਭਾਵ ਪਿਛਲੇ ਸਤਿਗੁਰਾਂ ਤਕ ਜੋ ਚਾਰ ਪੀਹੜੀਆਂ ਮੇਰੇ ਤਕ ਆਉਂਦੀਆਂ ਹਨ ਇਹਨਾ ਚਹੁੰਆਂ ਪੀਹੜੀਆਂ ਵਿਚੋਂ ਸਦਾ ਗੁਰ ਸਿਖਾਂ ਵਿਚ ਏਹੋ ਰੀਤੀ ਚਲੀ ਆਈ ਹੈ ਕਿ ਈਰਖਾ ਨਾਲ ਗੁਰੂ ਪਦ ਕਿਸੇ ਨੇ ਨਹੀ ਪਾਇਆ ਜਿੰਨਾਂ ਨੇ ਦਾਸ ਭਾਉ ਧਾਰਿਆ ਹੈ ਓਨਾਂ ਦਾ ਹੀ ਪ੍ਰਮੇਸਰ ਨੇ ਨਿਸਤਾਰਾ ਕੀਤਾ ਹੈ॥ ਆਦਿ ਜੁਗਾਦ=ਗੁਰੂ ਨਾਨਕ, ਗੁਰੂ ਅੰਗਦ ॥

Digitized by Panjab Digital Library | www.panjabdigilib.org

(ਨਾਮ ਧਨ ਕੀ ਮਹਿਮਾ)

## ਸੂਹੀ ਮਹਲਾ ੪

ਸੰਚੀਐ=ਕੱਠਾ ਕਰੀਏ । ਵਾਕਿ=ਗਲਾਂ ਨਾਲ ਜਾਂ ਓਨਾਂ ਦੇ ਪਾਸੋਂ । ਵਤੈ=ਵਕਤ । ਵਤੈ=ਵਤਰ । ਤਸਕਰੈ=ਚੋਰ । ਜਾਗਾਤੀ=ਮਸੂਲੀਆ । ਵਿਖ=ਕਦਮ, ਉਲਾਂਘ, ਪੈਰ ॥

**ਜਿਥੈ ਹਰਿ ਆਰਾਧੀਐ ਤਿਥੈ ਹਰਿਮਿਤੁ ਸਹਾਈ ॥ ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ॥੧**

ਜਿਥੇ ਪ੍ਰਮੇਸਰ ਨੂੰ ਯਾਦ ਕਰੀਏ ਓਥੇ ਹੀ ਸਾਰਿਆਂ ਦਾ ਮਿਤ੍ਰ ਪ੍ਰਮੇਸਰ ਸਹਾਈ ਹੁੰਦਾ ਹੈ ॥ ਗੁਰਾਂ ਦੀ ਕਿਰਪਾ ਨਾਲ ਪ੍ਰਮੇਸਰ ਮਨ ਵਿਚ ਵੱਸਦਾ ਹੈ ਹੋਰ ਕਿਸੇ ਤਰਾਂ ਲਿਆ ਨਹੀਂ ਜਾਂਦਾ ਹੈ ॥

**ਹਰਿਧਨੁ ਸੰਚੀਐ ਭਾਈ ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥ ੧ ॥ ਰਹਾਉ ॥**

ਹੇ ਭਰਾ ਪ੍ਰਮੇਸਰ ਦਾ ਨਾਮ ਧਨ ਕੱਠਾ ਕਰੀਏ ਜੇਹੜਾ ਲੋਕ ਪ੍ਰਲੋਕ ਵਿਚ ਸਹਾਈ ਹੁੰਦਾ ਹੈ ॥

**ਸਤਸੰਗਤੀ ਸੰਗਿ ਹਰਿਧਨੁ ਖਟੀਐ ਹੋਰਥੈ ਹੋਰਤੁ ਉਪਾਇ ਹਰਿਧਨੁ ਕਿਤੈ ਨ ਪਾਈ ॥ ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿਧਨੁ ਲਇਆ ਨ ਜਾਈ॥੨॥**

ਸਤਸੰਗਤ ਦੇ ਨਾਲ ਰਲਕੇ ਪ੍ਰਮੇਸਰ ਦਾ ਨਾਮ ਧਨ ਖਟਿਆ ਜਾਂਦਾ ਹੈ ਹੋਰ ਕਿਸੇ ਜਗਾ ਹੋਰ ਕਿਸੇ ਜਤਨ ਨਾਲ ਪ੍ਰਮੇਸਰ ਧਨ ਕਿਤੇ ਵੀ ਨਹੀਂ ਪਾਇਆ ਜਾਂਦਾ ਹੈ ਪ੍ਰਮੇਸਰ ਦੇ ਨਾਮ ਰਤਨ ਦਾ ਵਪਾਰੀ ਪ੍ਰਮੇਸਰ ਦੇ ਨਾਮ ਰਤਨ ਧਨ ਨੂੰ ਖਰੀਦਦਾ ਹੈ ਜੇਹੜੇ ਕਚੇ ਝੂਠੇ ਧਨ ਦੇ ਵਪਾਰੀ ਹਨ ਓਨਾਂ ਪਾਸੋਂ ਗੱਲਾਂ ਨਾਲ ਪ੍ਰਮੇਸਰ ਧਨ ਨਹੀ ਲਿਆ ਜਾਂਦਾ ਹੈ ॥

**ਹਰਿਧਨੁ ਰਤਨ ਜਵੇਹਰੁ ਮਾਣਕੁ ਹਰਿਧਨੈ ਨਾਲਿ ਅੰਮ੍ਰਿਤਵੇਲੇ ਵਤੈ ਹਰਿਭਗਤੀ ਹਰਿ ਲਿਵ ਲਾਈ ॥ ਹਰਿਧਨ ਅੰਮ੍ਰਿਤਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥ ਹਲਤਿ ਪਲਤਿ ਹਰਿਧਨੈ ਕੀ ਭਗਤਾ ਕਉ ਮਿਲੀ ਵਡਿਆਈ ॥ ੩ ॥**

Digitized by Panjab Digital Library | www.panjabdigilib.org

ਜਿੰਨਾਂ ਨੂੰ ਪ੍ਰਮੇਸਰ ਧਨ ਮਿਲਿਆ ਹੈ ਉਨਾਂ ਨੂੰ ਵੈਰਾਗ ਬਿਬੇਕ ਗਿਆਨ ਆ ਮਿਲਿਆ ਹੈ। ਏਸੇ ਲਈ ਓਨਾ ਮਨੁਖਾ ਜਨਮ ਵਿਚ ਜੋ ਅੰਮ੍ਰਿਤ ਵੇਲੇ ਦਾ ਚੰਗਾ ਵਕਤ ਹੈ ਭਾਵ ਸੁਵੇਰ ਦਾ ਵੇਲਾ ਇਸ ਵਿਚ ਪ੍ਰਮੇਸਰ ਧਨ ਨਾਲ ਭਗਤਾਂ ਨੇ ਪ੍ਰੀਤੀ ਲਾਈ ਹੈ ਅੰਮ੍ਰਤ ਵੇਲਾ=ਮਨੁਖਾ ਜਨਮ ਵਤਰ ਦਾ ਸਮਾਂ ਜਾਣਕੇ ਜੋ ਭਗਤਾਂ ਨੇ ਬੀਜਿਆ ਹੈ ਭਾਵ ਦਿਲ ਵਿਚ ਧਾਰਿਆ ਹੈ ਓਹ ਆਪ ਜਪਦੇ ਹੋਰਨਾਂ ਨੂੰ ਜਪਾਂਦੇ ਭਾਵ ਖਾਂਦੇ ਖਰਚਾਉਂਦੇ ਧਨ ਭਗਤਾਂ ਪਾਸੋਂ ਇਹ ਧਨ ਮੁਕਦਾ ਨਹੀਂ ਹੈ ਏਸੇ ਲਈ ਲੋਕ ਪ੍ਰਲੋਕ ਵਿਚੋਂ ਭਗਤਾਂ ਨੂੰ ਹਰ ਧਨ ਦੀ ਵਡਿਆਈ ਮਿਲੀ ਹੈ।

**ਹਰਿਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿਧਨੁ ਅਗਨੀ,ਤਸਕਰੈ, ਪਾਣੀਐ, ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥ ਹਰਿਧਨੁ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ॥ ੪ ॥**

ਪ੍ਰਮੇਸਰ ਧਨ ਨਿਡਰ ਤੇ ਸਦਾ ਰਹਿਣ ਵਾਲਾ ਹੈ ਤੇ ਸੱਚਾ ਹੈ ਇਹ ਹਰ ਧਨ ਅੱਗ ਕਰਕੇ ਸੜਦਾ ਨਹੀਂ, ਚੋਰ ਚੁਰਾ ਨਹੀਂ ਸਕਦਾ, ਪਾਣੀ ਡੋਬ ਨਹੀਂ ਸਕਦਾ ਜਮਦੂਤ ਆਦਿਕ ਜੇਹੜੇ ਹੋਰ ਵਿਘਨ ਹਨ ਕਿਸੇ ਦਾ ਗਵਾਇਆ ਹੋਇਆ ਨਹੀਂ ਜਾਂਦਾ ਹੈ। ਪ੍ਰਮੇਸਰ ਦੇ ਪਿਆਰਿਆਂ ਨੂੰ ਕਿਸੇ ਦਾ ਡਰ ਨਹੀਂ ਹੈ। ਪ੍ਰਮੇਸ਼ਰ ਧਨ ਦੇ ਨੇੜੇ ਉਚੱਕਾ ਵੀ ਨਹੀਂ ਆ ਸਕਦਾ ਹੈ ਇਸ ਧਨ ਨੂੰ ਜਮ ਮਸੂਲੀਆ ਵੀ ਮਸੂਲ ਨਹੀਂ ਲਗਾ ਸਕਦਾ ਹੈ।

**ਸਾਕਤੀ ਪਾਪਿ ਕਰਿਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥ ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥ ੫ ॥**

ਜਿਨਾਂ ਮਨਮੁਖਾਂ ਮਾਇਆ ਦੇ ਉਪਾਸ਼ਕਾਂ ਨੇ ਪਾਪ ਕਰਕੇ ਵਿਸ਼ਿਆਂ ਦੇ ਵਾਸਤੇ ਝੂਠਾ ਧਨ ਕੱਠਾ ਕੀਤਾ ਹੈ ਓਹ ਧਨ ਓਨਾਂ ਦੇ ਨਾਲ ਓੜਕ ਨੂੰ ਇਕ ਕਦਮ ਵੀ ਨਹੀਂ ਜਾਂਦਾ ਹੈ ਇਸ ਲੋਕ ਵਿਚ ਜਦੋਂ ਧਨ ਹਥੋਂ ਚਲਿਆ ਗਿਆ ਤਾਂ ਓਹ ਬੇਮੁਖ ਬੜੇ ਦੁਖੀ ਹੋਏ ਅਤੇ ਅਗੇ ਓਹ ਪ੍ਰਲੋਕ ਵਿੱਚ ਪ੍ਰਮੇਸਰ ਦੀ ਦਰਗਾਹ ਵਿੱਚ ਢੁਕਣੇ ਨਹੀਂ ਪਾਉਂਦੇ ਹਨ ਭਾਵ ਕੋਈ ਓਨਾਂ ਨੂੰ ਆਦਰ ਨਹੀਂ ਦੇਂਦਾ ਹੈ।

**ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ**

Digitized by Panjab Digital Library | www.panjabdigilib.org

# ਹਰਿਧਨੁ ਲਦਿ ਚਲਾਈ॥ ਇਸ ਹਰਿਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ ॥ ੬ ॥ ੩ ॥ ੧੦ ॥

ਇਹ ਜੇਹੜਾ ਅਮੋਲਕ ਹਰਿ ਧਨ ਹੈ ਇਸਦਾ ਸ਼ਾਹੂਕਾਰ ਆਪ ਪ੍ਰਮੇਸ਼ਰ ਹੈ ਹੇ ਸੰਤੋ ਜਿਸਨੂੰ ਗੁਰੂਦਵਾਰੇ ਇਸ ਹਰਿ ਧਨ ਦੀ ਸੁਦਾਗਰੀ ਦੇਂਦਾ ਹੈ ਓਹ ਲੱਦਕੇ ਲੈ ਚਲਦਾ ਹੈ। ਗੁਰੂ ਜੀ,ਜਿਸਨੂੰ ਪ੍ਰਮੇਸ਼ਰ ਧਨ ਦੀ ਸੋਝੀ ਗੁਰਾਂ ਨੇ ਪਾਈ ਹੈ ਉਸਦੇ ਪਾਸ ਹਰੀ ਧਨ ਦਾ ਘਾਟਾ ਕਦੀ ਨਹੀਂ ਆਉਂਦਾ ਹੈ ਭਾਵ ਓਹ ਸਦਾ ਦੇਂਦਾ ਹੈ ਉਪਦੇਸ਼ ਕਰਦਾ ਹੈ ਹਰੀ ਧਨ ਮੁਕਦਾ ਨਹੀਂ ਹੈ॥

## ਸੂਹੀ ਮਹਲਾ ੪

# ਜਿਸ ਨੋ ਹਰਿ ਸੁ ਪ੍ਰਸੰਨੁ ਹੋਇ ਸੋ ਹਰਿਗੁਣ ਰਵੈ ਸੋ ਭਗਤੁ ਸੋ ਪਰਵਾਨੁ ॥ ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ॥ ੧ ॥

ਜਿਸਦੇ ਉਤੇ ਪ੍ਰਮੇਸ਼ਰ ਪ੍ਰਸੰਨ ਹੁੰਦਾ ਹੈ ਓਹ ਪ੍ਰਮੇਸ਼ਰ ਦੇ ਗੁਣਾਂ ਨੂੰ ਉਚਾਰਦਾ ਹੈ ਓਹੋ ਹੀ ਭਗਤ ਹੈ ਓਹੋ ਹੀ ਮੰਨਿਆਂ ਪਰਮੰਨਿਆਂ ਹੈ ॥ ਉਸਦੀ ਮਹਿਮਾ ਕੀ ਦਸੀਏ ਜਿਸਦੇ ਦਿਲ ਵਿਚ ਪ੍ਰਮੇਸ਼ਰ ਵਸਿਆ ਹੈ ॥

# ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ ॥ ੧ ॥ ਰਹਾਉ ॥

ਹੇ ਮਨ ਗੁਰਾਂ ਨਾਲ ਮਿਲਕੇ ਧਿਆਨ ਨਾਲ ਪ੍ਰਮੇਸ਼ਰ ਦੇ ਗੁਣ ਗਾਈਏ ॥

# ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ ॥ ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲੁ ਸਭੁ ਅਗਿਆਨੁ ॥ ੨ ॥

ਓਹ ਗੁਰੂ ਹੈ ਜਿਸਦੀ ਕਿਰਪਾ ਨਾਲ ਪਰਮ ਨਿਧੀਆਂ ਦਾ ਖਜ਼ਾਨਾ ਪਾਈਦਾ ਹੈ ਓਸੇ ਗੁਰੂ ਦੀ ਸੇਵਾ ਕਰਨੀ ਸਫਲ ਹੈ॥ ਜੇਹੜੇ ਮਨਮੁਖ ਦੂਸਰੇ ਭਾਵ ਵਿਚ ਲਗਕੇ ਪਦਾਰਥਾਂ ਦੀ ਕਾਮਣਾ ਕਰਦੇ ਹਨ ਓਹ ਅਗਿਆਨ ਕਰਕੇ ਵਿਸ਼ਿਆਂ ਨੂੰ ਸੇਂਵਦੇ ਹਨ ਓਹ ਉਦਮ ਓਨਾਂ ਦਾ ਸਾਰਾ ਬਿਅਰਥ ਹੈ ॥

# ਜਿਸ ਨੋ ਪਰਤੀਤਿ ਹੋਵੈ ਤਿਸਕਾ ਗਾਵਿਆ ਥਾਇ ਪਵੈ ਸੋ ਦਰਗਹ ਪਾਵੈ ਮਾਨੁ ॥ ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ

Digitized by Panjab Digital Library | www.panjabdigilib.org

## ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ੩ ॥

ਜਿਸਨੂੰ ਗੁਰਾਂ ਉਤੇ ਭਰੋਸਾ ਹੈ ਓਸਦਾ ਗਾਵਿਆ ਹੋਇਆ ਸਾਰਾ ਥਾਂ ਭਾਵ ਲੇਖੇ ਪਵੇਗਾ, ਸਫਲ ਹੋਵੇਗਾ ਓਹੋ ਹੀ ਦਰਗਾਹ ਵਿਚ ਆਦਰ ਪਾਵੇਗਾ ਹੋਰ ਜਿਨਾਂ ਨੂੰ ਗੁਰੂ ਦੀ ਪ੍ਰਤੀਤ ਨਹੀਂ ਹੈ ਓਹ ਕਪਟੀ ਝੂਠੀ ੨ ਅਖੀਂ ਮੀਟ ਬਗਲੇ ਵਰਗਾ ਧਿਆਨ ਲਾਉਣ ਵਾਲੇ, ਲੋਕਾਂ ਨੂੰ ਠਗਣ ਵਾਸਤੇ ਬੈਠਦੇ ਹਨ ਓਹਨਾਂ ਦਾ ਜੋਹੜਾ ਝੂਠਾ ਹੰਕਾਰ ਹੈ ਓਹ ਸਾਰਾ ਉਤਰ ਜਾਂਦਾ ਹੈ ਭਾਵ ਜੋਹੜਾ ਓਹ ਆਪਣੇ ਆਪ ਚੰਗਾ ਬਣਦੇ ਹਨ ਓਹ ਓਨਾਂ ਦਾ ਪਾਜ ਖੁਲ ਜਾਂਦਾ ਹੈ ॥

## ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥ ਦਾਸਨਿਦਾਸੁ ਕਹੈ ਜਨ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥ ੪ ॥ ੪ ॥ ੧੧ ॥

(ਇਸ ਲਈ ਹੇ ਮਨ ਪਖੰਡ ਛਡਕੇ ਇਕਰ ਬੇਨਤੀ ਕਰ) ਹੇ ਪ੍ਰਮੇਸ਼ਰ ਇਹ ਜਿਤਨੀ ਚੇਤਨ ਸ਼ਕਤੀ, ਸਰੀਰਾਂ ਦਾ ਅਕਠ ਹੈ ਸਾਰਾ ਤੇਰਾ ਕੀਤਾ ਹੋਇਆ ਹੈ ਤੂੰ ਅੰਦਰ ਦੀ ਜਾਨਣ ਵਾਲਾ ਅਕਾਲ ਪੁਰਖ ਹੈਂ ॥ ਗੁਰੂ ਜੀ, ਮੈਂ ਦਾਸਾਂ ਦਾ ਦਾਸ ਹੋਕੇ ਆਖਦਾਹਾਂ ਹੇ ਪ੍ਰਮੇਸ਼ਰ ਜਿਸਤਰਾਂ ਦਾ ਤੂੰ ਕਰਾਂਦਾ ਹੈ ਉਸਤਰਾਂ ਦਾ ਹੀ ਮੈਂ ਬੋਲਣਾ ਕਰਦਾ ਹਾਂ ॥

(ਨਿੰਮ੍ਰਤਾ ਸਹਿਤ ਸਨਮੁਖ ਬੇਨਤੀ ਹੈ)

## ਸੂਹੀ ਮਹਲਾ ੪ ਘਰੁ ੭

## ੧ ਓ ਸਤਿਗੁਰਪ੍ਰਸਾਦਿ ॥

## ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥ ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕਰ ਊਚ ਭਗਵਾਨਾ ॥ ੧ ॥

ਹੇ ਮਾਲਕ ਤੇਰੇ ਕੇਹੜੇ ੨ ਗੁਣ ਕਿਸ ਕਿਸ ਤਰਾਂ ਆਖ ਆਖ ਕੇ ਗਾਵਾਂ ਹੇ ਮਾਲਕ ਤੂੰ ਗੁਣਾਂ ਦਾ ਖਜਾਨਾਂ ਹੈਂ ॥ ਤੁਹਾਡੀ ਮਹਿਮਾਂ ਮੈਂ ਕੁਛ ਨਹੀ ਆਖ ਸਕਦਾਹਾਂ ਹੇ ਮਾਲਕ ਤੂੰ ਸਾਰਿਆਂ ਤੋਂ ਉਚਾ ਪ੍ਰਮੇਸ਼ਰ ਹੈਂ ॥

Digitized by Panjab Digital Library | www.panjabdigilib.org

ਮੈ ਹਰਿ ਹਰਿ ਨਾਮੁ ਧਰ ਸੋਈ ॥ ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ ॥੧॥ ਰਹਾਉ ॥

ਹੇ ਪ੍ਰਮੇਸ਼ਰ ਜੇਹੜਾ ਤੇਰਾ ਨਾਮ ਹੈ ਓਹੋ ਹੀ ਮੇਰਾ ਆਸਰਾ ਹੈ ਜਿਸਤਰਾਂ ਤੈਨੂੰ ਚੰਗਾ ਲਗਦਾ ਹੈ ਓਸੇ ਤਰਾਂ ਤੂੰ ਮੈਨੂੰ ਬਚਾਕੇ ਰਖਲੈ ਹੇ ਮੇਰੇ ਮਾਲਕ ਮੇਰਾ ਤੇਰੇ ਬਿਨਾਂ ਹੋਰ ਕੋਈ ਰਾਖਾ ਨਹੀ ਹੈ ॥

ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸੇ ॥ ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸੇ ॥੨॥

ਹੇ ਮੇਰੇ ਮਾਲਕ ਮੇਰੇ ਸਰੀਰ ਦਾ ਬਲ ਅਤੇ ਦੀਬਾਣ=ਆਸਰਾ ਤੂੰ ਆਪ ਹੀ ਹੈਂ ਜਦੋਂ ਕੋਈ ਮੈਨੂੰ ਲੋੜ ਪੈਂਦੀ ਹੈ ਤਾਂ ਮੈਂ ਤੇਰੇ ਅਗੇ ਹੀ ਬੇਨਤੀ ਕਰਦਾ ਹਾਂ। ਮੈਨੂੰ ਹੋਰ ਕੋਈ ਜਗਾ ਨਜ਼ਰ ਨਹੀ ਆਉਂਦੀ ਹੈ ਜਿਸ ਪਾਸ ਜਾਕੇ ਬੇਨਤੀ ਕਰਾਂ, ਮੇਰਾ ਦੁਖ ਸੁਖ ਸਾਰਾ ਆਪ ਦੇ ਹੀ ਪਾਸ ਹੈ ਭਾਵ ਤੂੰ ਹੀ ਸੁਣਦਾ ਹੈਂ ॥

ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ ॥ ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥ ੩ ॥

ਇਹ ਤੇਰੀ ਪ੍ਰਗਟ ਹੀ ਕਰਾਮਾਤ ਹੈ ਕਿ ਧਰਤੀ ਪਾਣੀ ਵਿਚ ਵੇਖੀਦੀ ਹੈ ਅਤੇ ਧਰਤੀ ਵਿਚ ਪਾਣੀ ਵੇਖੀ ਦਾ ਹੈ ਪਰ ਤੁਹਾਡੀ ਇੱਕੁਰ ਦੀ ਸ਼ਕਤੀ ਹੈ ਜੋ ਪਾਣੀ ਧਰਤੀ ਨੂੰ ਗਾਲ ਨਹੀਂ ਸਕਦਾ ਹੈ ਅਤੇ ਲਕੜੀਆਂ ਦੇ ਵਿਚ ਵੀ ਅੱਗ ਰੱਖੀ ਹੋਈ ਹੈ, ਬਕਰੀ ਵਾਂਗ ਧਰਤੀ ਅਤੇ ਲਕੜੀ ਅਤੇ ਸ਼ੇਰ ਵਾਂਗ ਅੱਗ ਅਤੇ ਪਾਣੀ ਇਕੁਰ ਦਾ ਤਮਾਸ਼ਾ ਵੇਖਕੇ ਅਸੀਂ ਆਪਣੇ ਮਨ ਨੂੰ ਇਕੁਰ ਸਮਝਾਂਦੇ ਹਾਂ। ਹੇ ਮਨ ਪ੍ਰਮੇਸਰ ਨੂੰ ਜਪਕੇ ਸੰਸਾ ਅਤੇ ਭਰਮ ਦੂਰ ਕਰ ਭਾਵ ਬਕਰੀ ਤੇ ਸ਼ੇਰ ਦਾ ਇਕ ਜਗਾ ਕਠਿਆਂ ਰਖਣਾ ਬੜਾ ਔਖਾ ਹੈ ਪਰ ਇਹ ਸਾਰੀ ਸ਼ਕਤੀ ਪ੍ਰਮੇਸਰ ਦੀ ਹੀ ਹੈ ॥

ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ ॥ ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧਜਨਾ ਜਗਤੁ ਆਨਿ ਸਭੁ ਪੈਰੀ ਪਾਏ ॥੪॥੧॥੧੨॥

ਹੇ ਸੰਤੋ ਪ੍ਰਮੇਸਰ ਦੀ ਵਡਿਆਈ ਵੇਖੋ ਪ੍ਰਮੇਸਰ ਦਾਸਾਂ ਨੂੰ ਆਦਰ ਦਵਾਉਂਦਾ ਹੈ

Digitized by Panjab Digital Library | www.panjabdigilib.org

ਜਿਸਤਰਾਂ ਧਰਤੀ ਨੀਵੀਂ ਹੋਕੇ ਪੈਰਾਂ ਦੇ ਥੱਲੇ ਰਹਿੰਦੀ ਹੈ ਓਹੋ ਹੀ ਧੂੜੀ ਰੂਪ ਬਰੀਕ ੨ ਹੋਕੇ ਸਾਰਿਆਂ ਦੇ ਸਿਰ ਉਤੇ ਆਉਂਦੀ ਹੈ ਜਾਂ ਅੰਤ ਨੂੰ ਸਾਰਿਆਂ ਦਾ ਪੜਦਾ ਢੱਕਦੀ ਹੈ ਸਾਰੇ ਧਰਤੀ ਵਿਚ ਸਮਾ ਜਾਂਦੇ ਹਨ ॥ ਇਕੁਰ ਹੀ ਗੁਰੂ ਜੀ ਆਖਦੇ ਹਨ ਜੇੜੇ ਸਾਧ ਮਹਾਤਮਾ ਨਿੰਮ੍ਰਤਾ ਕਰਨ ਵਾਲੇ ਹਨ ਓਨਾਂ ਦੇ ਚਰਨਾਂ ਉਤੇ ਸਾਰੇ ਜਗਤ ਨੂੰ ਲਿਆਕੇ ਪ੍ਰਮੇਸਰ ਨਿਵਾਉਂਦਾ ਹੈ ॥

## ਸੂਹੀ ਮਹਲਾ ੪

**ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ ਕਿਆ ਤੁਧੁ ਪਹਿ ਆਖਿ ਸੁਣਾਈਐ ॥ ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਜੇਹਾ ਕੋ ਕਰੇ ਤੇਹਾ ਕੋ ਪਾਈਐ ॥ ੧ ॥**

ਹੇ ਪ੍ਰਮੇਸਰਾ ਤੂੰ ਸਰਿਆਂ ਦੇ ਕਰਨ ਵਾਲਾ ਸਭ ਕੁਛ ਆਪ ਹੀ ਜਾਣਦਾ ਹੈਂ ਤੇਰੇ ਪਾਸ ਆਪਣੀ ਬਿਰਥਾ ਆਖਕੇ ਕੀ ਸੁਣਾਈਏ। ਬੁਰਾ ਭਲਾ ਖਿਆਲ ਜਾਂ ਕੰਮ ਜਾਂ ਆਦਮੀ ਹਰ ਕੋਈ ਤੈਨੂੰ ਨਜ਼ਰ ਆਉਂਦਾ ਹੈ ਜਿਸਤਰਾਂ ਦਾ ਕੋਈ ਤੇਰੇ ਵਿਚ ਪ੍ਰੇਮ ਕਰਦਾ ਹੈ ਜਾਂ ਕੰਮ ਕਰਦਾ ਹੈ ਓਸੇਤਰਾਂ ਦਾ ਓਹ ਕੋਈ ਫਲ ਪਾ ਲੈਂਦਾ ਹੈ ॥

**ਮੇਰੇ ਸਾਹਿਬ ਤੂੰ ਅੰਤਰ ਕੀ ਬਿਧਿ ਜਾਣਹਿ ॥ ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਤੁਧੁ ਭਾਵੈ ਤਿਵੈ ਬੁਲਾਵਹਿ ॥ ੧ ॥ ਰਹਾਉ ॥**

ਹੇ ਮੇਰੇ ਮਾਲਕਾ ਤੂੰ ਅੰਦਰ ਦੀ ਸਾਰੀ ਰੀਤੀ ਨੂੰ ਜਾਣਦਾ ਹੈਂ ਬੁਰਾ ਭਲਾ ਸਭ ਕੁਛ ਤੈਨੂੰ ਸੁਝਦਾ ਹੈ ਜਿਕੁਰ ਆਪ ਨੂੰ ਭਾਉਂਦਾ ਹੈ ਓਸੇ ਹੀ ਤਰਾਂ ਤੁਸੀਂ ਬੁਲਾਂਦੇ ਹੋ ਭਾਵ ਜਿਸਦੇ ਉਤੇ ਕਿਰਪਾ ਹੁੰਦੀ ਹੈ ਉਸਨੂੰ ਨਾਮ ਜਪਾਂਦੇ ਹੋ ॥

**ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥ ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ ॥ ੨ ॥**

ਹੇ ਪ੍ਰਮੇਸਰਾ ਆਪ ਨੇ ਮਾਇਆ ਦਾ ਮੋਹ ਹੋਰ ਤਾਂ ਸਾਰਿਆਂ ਸਰੀਰਾਂ ਵਿਚ ਕੀਤਾ ਹੈ ਭਾਵ ਸਾਰਿਆਂ ਜੀਆਂ ਵਿਚ ਬਹੁਤ ਬੇ ਸਮਝੀ ਹੈ ਏਸੇ ਲਈ ਰਾਗ ਦ੍ਵੈਖ ਵਿਚ ਸਦਾ ਰਹਿੰਦੇ ਹਨ ਅਤੇ ਮਨੁਖ ਦੇਹੀ ਵਿਚ ਹੀ ਤੂੰ ਅਪਣੀ ਭਗਤੀ ਕਰਾਈ ਹੈ ਭਾਵ ਹੋਰ ਜੂਨੀਆਂ ਬਿਸਮਝ ਹਨ ਮਨੁਖ ਚਤੁਰ ਹੈ ॥ ਮਨੁਖਾਂ

Digitized by Panjab Digital Library | www.panjabdigilib.org

ਵਿਚੋਂ ਹੀ ਤੂੰ ਇਕਨਾਂ ਨੂੰ ਸਤਿਗੁਰਾਂ ਦਾ ਮਿਲਾਪ ਕਰਾਕੇ ਸੁਖ ਦੇਂਦਾ ਹੈਂ ਇਕਨਾਂ ਮਨਮੁਖਾਂ ਨੂੰ ਧੰਧਿਆਂ ਵਿਚ ਲਾਕੇ ਭੁਆਂਦਾ ਭਾਵ ਦੁਖੀ ਕਰਦਾ ਹੈਂ ਭਾਵ ਓਹ ਧੰਧੇ ਪਿਟਦੇ ਦੁਖੀ ਹੁੰਦੇ ਹਨ ॥

**ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥ ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ ਬਿਨੁ ਨਦਰੀ ਨਾਹੀ ਕੋ ਭੇਖੁ ॥ ੩ ॥**

ਹੇ ਮੇਰੇ ਕਰਤੇ ਹਰ ਕੋਈ ਤੇਰਾ ਕੀਤਾ ਹੋਇਆ ਹੈ ਤੂੰ ਸਾਰਿਆਂ ਦਾ ਮਾਲਕ ਹੈਂ ਤੂੰ ਹੀ ਸਾਰਿਆਂ ਦੇ ਸਿਰ ਉਤੇ ਲੇਖ ਲਿਖਿਆ ਹੈ ਜਿਸਤਰਾਂ ਦੀ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ ਓਸੇ ਹੀ ਤਰਾਂ ਦਾ ਆਦਮੀ ਹੁੰਦਾ ਹੈ ਅਤੇ ਬਿਨਾ ਤੇਰੀ ਕਿਰਪਾ ਤੋਂ ਕੋਈ ਵੀ ਭੇਖ=ਸਰੀਰ ਨਹੀਂ ਹੈ ਭਾਵ ਸਾਰੇ ਭੇਖ ਤੇਰੀ ਕਿਰਪਾ ਨਾਲ ਹੋ ਸਕਦੇ ਹਨ ॥

**ਤੇਰੀ ਵਡਿਆਈ ਤੂੰਹੈ ਜਾਣਹਿ ਸਭ ਤੁਧਨੋ ਨਿਤ ਧਿਆਏ । ਜਿਸਨੋ ਤੁਧੁ ਭਾਵੈ ਤਿਸਨੋ ਤੂੰ ਮੇਲਹਿ ਜਨ ਨਾਨਕ ਸੋ ਥਾਇ ਪਾਏ ॥ ੪ ॥ ੨ ॥ ੧੩ ॥**

ਜੇਹੜੀ ਤੇਰੀ ਮਹਿਮਾ ਹੈ ਸੋ ਤੂੰ ਆਪ ਹੀ ਜਾਣਦਾ ਹੈਂ । ਜਿਤਨੀ ਦੁਨੀਆਂ ਹੈ ਸਾਰੀ ਰਾਤ ਦਿਨ ਆਪ ਨੂੰ ਹੀ ਯਾਦ ਕਰਦੀ ਹੈ ॥ ਜਿਸਨੂੰ ਤੂੰ ਚਾਹੁੰਦਾ ਹੈਂ ਉਸਨੂੰ ਤੂੰ ਅਪਣੇ ਨਾਲ ਮੇਲਦਾ ਹੈਂ । ਗੁਰੂ ਜੀ, ਓਹੋ ਹੀ ਆਦਮੀ ਤੇਰੇ ਸਰੂਪ ਵਿਚ ਟਿਕਣਾ ਪਾਉਂਦਾ ਹੈ ਭਾਵ ਓਸੇ ਦਾ ਹੀ ਜਨਮ ਮਰਨ ਦੂਰ ਹੁੰਦਾ ਹੈ ॥

## ਸੂਹੀ ਮਹਲਾ ੪

**ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥ ਤੇ ਮੁਕਤੁ ਭਏ ਜਿਨ ਹਰਿਨਾਮੁ ਧਿਆਇਆ ਤਿਨ ਪਵਿਤੁ ਪਰਮਪਦੁ ਪਾਏ ॥ ੧ ॥**

ਜਿਨਾਂ ਦੇ ਰਿਦੇ ਵਿਚ ਮੇਰਾ ਪ੍ਰਮੇਸ਼ਰ ਵੱਸਿਆ ਹੈ ਓਨਾਂ ਦੇ ਸਾਰੇ ਰੋਗ ਦੂਰ ਹੋ ਗਏ ਹਨ ॥ ਜਿਨਾਂ ਨੇ ਵਾਹਿਗੁਰੂ ਨਾਮ ਧਿਆਇਆ ਹੈ ਓਹ ਮੁਕਤ ਹੋ ਗਏ ਹਨ ਅਤੇ ਓਨਾਂ ਨੇ ਜੇਹੜਾ ਪਵਿਤ੍ਰ ਪਰਮ ਪਦ=ਪ੍ਰਮੇਸਰ ਹੈ ਉਸਨੂੰ ਪਾ ਲਿਆ ਹੈ ॥

**ਮੇਰੇ ਰਾਮ ਹਰਿਜਨ ਆਰੋਗ ਭਏ ॥ ਗੁਰਬਚਨੀ ਜਿਨਾ ਜਪਿਆ**

Digitized by Panjab Digital Library | www.panjabdigilib.org

**ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥ ੧ ॥ ਰਹਾਉ ॥**

ਹੇ ਮੇਰੇ ਪਿਆਰੇ ਪਰਮੇਸਰ ਦੇ ਦਾਸ ਰੋਗ ਤੋਂ ਰਹਿਤ ਹੋ ਗਏ ਹਨ। ਗੁਰਾਂ ਦੇ ਉਪਦੇਸ਼ ਕਰਕੇ ਜਿਨਾਂ ਨੇ ਮੇਰਾ ਪ੍ਰਮੇਸਰ ਜਪਿਆ ਹੈ ਉਨਾਂ ਦੇ ਹੰਗਤਾ ਮਮਤਾ ਰੋਗ ਦੂਰ ਹੋ ਗਏ ਹਨ ॥

**ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥ ੨ ॥**

ਬ੍ਰਹਮਾਂ, ਬਿਸ਼ਨ, ਸ਼ਿਵ ਜੀ ਇਹ ਜੋਹੜੇ ਤਿੰਨਾਂ ਗੁਣਾਂ ਵਾਲੇ ਵੱਡੇ ਹਨ ਸੋ ਇਹ ਰੋਗੀ ਹਨ ਕਿਉਂਕਿ ਹੰਕਾਰ ਦੇ ਵਿਚ ਇਹਨਾਂ ਨੇ ਸਾਰੀ ਦੁਨੀਆਂ ਦੀ ਕਾਰ ਕੀਤੀ ਹੈ ਭਾਵ ਇਹ ਮਾਇਆ ਵਿਚ ਪਏ ਹੋਏ ਹਨ। ਜਿਸਨੇ ਇਹ ਸੰਸਾਰ ਦੇ ਆਦਮੀ ਜਾਂ ਬ੍ਰਹਮਾਂ ਆਦਿਕ ਪੈਦਾ ਕੀਤੇ ਹਨ ਉਸ ਪ੍ਰਮੇਸਰ ਨੂੰ ਇਹ ਵਿਚਾਰੇ ਯਾਦ ਹੀ ਨਹੀਂ ਕਰਦੇ ਹਨ ਭਾਵ ਬ੍ਰਹਮਾਂ ਆਦਿਕ ਪ੍ਰਮੇਸਰ ਨੂੰ ਭੁਲਾ ਬੈਠੇ ਹਨ ਪਰ ਗੁਰਮੁਖਾਂ ਨੂੰ ਪ੍ਰਮੇਸਰ ਨੇ ਯਾਦ ਕਰਨ ਦੀ ਸੋਝੀ ਪਾਈ ਹੈ ਜਾਂ ਗੁਰਮੁਖਾਂ ਨੇ ਆਪ ਇਸ ਗਲ ਦੀ ਖਬਰ ਪਾ ਲਈ ਹੈ ॥

**ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥ ਗੁਰਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥ ੩ ॥**

ਹੰਕਾਰ ਰੋਗ ਵਿਚ ਸਾਰਾ ਜਗਤ ਡੁੱਬਾ ਹੋਇਆ ਹੈ ਜਿਸਨੂੰ ਹੰਗਤਾ ਮਮਤਾ ਹੈ ਉਸੇ ਨੂੰ ਹੀ ਜਨਮ ਮਰਨ ਦਾ ਵੱਡਾ ਦਖ ਲੱਗਾ ਹੈ। ਗੁਰਾਂ ਦੀ ਕਿਰਪਾ ਨਾਲ ਕੋਈ ਵਿਰਲਾ ਹੀ ਇਸ ਦੁਖ ਤੋਂ ਛੁਟਦਾ ਹੈ ਜੋਹੜਾ ਇਸ ਦੁਖ ਤੋਂ ਛੁਟਿਆ ਹੈ ਉਸ ਤੋਂ ਮੈ ਬਲਿਹਾਰ ਜਾਂਦਾ ਹੈ ॥

**ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥ ੪ ॥ ੩ ॥ ੧੪ ॥**

ਜਿਸਨੇ ਇਹ ਦੁਨੀਆਂ ਬਣਾਈ ਹੈ ਓਹ ਪ੍ਰਮੇਸਰ ਇਸ ਦੁਨੀਆਂ ਦੀ ਗਤੀ=ਰੀਤੀ ਜਾਂ ਚਾਲ ਨੂੰ ਜਾਣਦਾ ਹੈ ਉਸ ਪ੍ਰਮੇਸਰ ਦੇ ਰੂਪ ਦਾ ਕੋਈ ਅੰਤ ਨਹੀਂ ਪਾ ਸਕਦਾ ਹੈ। ਗੁਰੂ ਜੀ, ਓਹ ਵਾਹਿਗੁਰੂ ਅਪਣਿਆਂ ਬਣਾਇਆਂ ਹੋਇਆਂ ਜੀਆਂ ਨੂੰ ਵੇਖਕੇ ਆਪੇਹੀ

Digitized by Panjab Digital Library | www.panjabdigilib.org

ਪ੍ਰਸੰਨ ਹੁੰਦਾ ਹੈ ਉਸ ਵਾਹਿਗੁਰੂ ਦਾ ਵਿਚਾਰ ਗੁਰਾਂ ਦੁਆਰਾ ਹੀ ਹੁੰਦਾ ਹੈ ਹੋਰ ਕੋਈ ਯਤਨ ਨਹੀਂ ਹੈ ॥

(ਸਨਮੁਖ ਬੇਨਤੀ)

## ਸੂਹੀ ਮਹਲਾ ੪

**ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥੧॥**

ਜੋ ਪਿੱਛੇ ਕੀਤਾ ਹੈ ਜੋ ਅਗੇ ਕਰਨਾ ਹੈ ਸਭ ਆਪਦੇ ਹੁਕਮ ਵਿਚ ਹੈ ਹੁਣ ਵੀ ਅਸੀਂ ਤਾਂ ਕਰੀਏ ਜੇ ਕਰਨ ਦੇ ਸਮਰੱਥ ਹੋਈਏ ਭਾਵ ਅਸੀਂ ਜੀਵ ਤਾਂ ਕੁਛ ਕਰ ਹੀ ਨਹੀਂ ਸਕਦੇ ਹਾਂ ॥ ਸਾਡਾ ਆਪਣਾ ਕੀਤਾ ਹੋਇਆ ਨਹੀਂ ਹੁੰਦਾ ਹੈ ਹੇ ਪ੍ਰਮੇਸ਼ਰਾ ਜਿਸਤਰਾਂ ਤੈਨੂੰ ਭਾਉਂਦਾ ਹੈ ਓਸੇਤਰਾਂ ਤੂੰ ਸਾਨੂੰ ਰੱਖ ਲੈ ॥

**ਮੇਰੇ ਹਰਿਜੀਉ ਸਭੁ ਕੋ ਤੇਰੈ ਵਸਿ। ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥ ੧ ॥ ਰਹਾਉ ॥**

ਹੇ ਮੇਰੇ ਮਾਲਕ ਸਭ ਕੋਈ ਤੇਰੇ ਵਸ ਹੈ ਸਾਡੇ ਵਿਚ ਕੁਛ ਜ਼ੋਰ ਨਹੀਂ ਹੈ ਜੋ ਅਸੀਂ ਵੀ ਕੁਛ ਕਰ ਸਕੀਏ ਜਿਸਤਰਾਂ ਤੈਨੂੰ ਭਾਂਦ ਹੈ ਓਸੇ ਤਰਾਂ ਤੂੰ ਸਾਡੇ ਔਗਣਾ ਨੂੰ ਬਖਸ਼ ਲੈ ॥

**ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥ ੨ ॥**

ਸਾਰਿਆਂ ਸਰੀਰਾਂ ਵਿਚ ਤੂੰ ਆਪੇ ਹੀ ਜਾਨ ਦਿਤਾ ਹੈ ਅਤੇ ਤੂੰ ਆਪ ਹੀ ਸਾਰਿ-ਆਂ ਜੀਆਂ ਨੂੰ ਕਰਮਾਂ ਅਨੁਸਾਰ ਕਾਰਾਂ ਵਿਚ ਲਾਇਆ ਹੈ ॥ ਜਿਸਤਰਾਂ ਦਾ ਤੂੰ ਹੁਕਮ ਕਰੇਂਗਾ ਓਸੇਤਰਾਂ ਦਾ ਅਸੀਂ ਕਰਮ ਕਮਾਵਾਂਗੇ ਜਿਸਤਰਾਂ ਦਾ ਤੂੰ ਮੁਢ ਤੋਂ ਇਹਨਾਂ ਦੇ ਮਥੇ ਉਤੇ ਲੇਖ ਲਿਖ ਛਡਿਆ ਹੈ ਉਕਰ ਦਾ ਹੀ ਦੁਖ ਸੁਖ ਭੋਗਦੇ ਹਨ ॥

**ਪੰਚ ਤਤੁ ਕਰਿ ਤੁਧ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥ ੩ ॥**

Digitized by Panjab Digital Library | www.panjabdigilib.org

ਤੂੰ ਪੰਜਾਂ ਤੱਤਾਂ ਨਾਲ ਸਾਰੀ ਦੁਨੀਆਂ ਬਣਾਈ ਹੈ ਹੇ ਭਾਈ ਛੇਵਾਂ ਤਤ ਕੋਈ ਬਣਾਓ ਜੇ ਕਿਸੇ ਦਾ ਕੀਤਾ ਕੁਛ ਹੋ ਜਾਵੇ ਭਾਵ ਨਹੀ ਹੁੰਦਾਹੈਂ ਏਸੇ ਲਈ ਸਾਰੇ ਆਦਮੀ ਕੁਛ ਨਹੀ ਕਰ ਸਕਦੇ ਹਨ। ਇਕਨਾਂ ਗੁਰਮੁਖਾਂ ਉਤੇ ਤੇਰੀ ਇਕਰ ਦੀ ਕਿਰਪਾ ਹੁੰਦੀ ਹੈ ਜੋ ਗੁਰਾਂ ਦਾ ਮੇਲ ਕਰਕੇ ਤੂੰ ਸਮਝਾ ਦੇਂਦਾ ਹੈਂ ਇਕ ਮਨਮੁਖਤਾ ਕਰਕੇ ਜੇਹੜੇ ਕਰਮ ਕਰਦੇ ਹਨ ਓਹ ਦਰਗਾਹ ਵਿਚ ਸਜਾ ਪਾਕੇ ਰੋਂਦੇ ਹਨ ॥

**ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥ ੪ ॥ ੪ ॥ ੧੫ ॥ ੨੪ ॥**

ਮੈਂ ਪ੍ਰਮੇਸਰ ਦੀ ਵਡਿਆਈ ਆਖ ਨਹੀ ਸਕਦਾ ਹਾਂ ਮੈਂ ਮੂਰਖਾਂ ਤੋਂ ਮੂਰਖ ਅਤੇ ਨੀਚ ਹਾਂ। ਗੁਰੂ ਜੀ, ਮੈਨੂੰ ਦਾਸ ਨੂੰ ਹੇ ਪ੍ਰਮੇਸਰ ਬਖਸ਼ ਲੈ ਮੈਂ ਬੇ ਸਮਝ ਆਪ ਦੀ ਸ਼ਰਨ ਆਇ ਪਿਆ ਹਾਂ ॥

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਤਾਲ ਪੁਟਣਾ ਅਰੰਭ ਕਰਾਇਆ ਤਾਂ ਇਕ ਜੋਗੀ ਜੋ ਰਾਜਾ ਜਨਕ ਦੇ ਵੇਲੇ ਦਾ ਬੈਠਾ ਹੋਇਆ ਸੀ ਹੇਠੋਂ ਸਮਾਧੀ ਲਾਈ ਇਕ ਮਠ ਵਿਚੋਂ ਨਿਕਲਿਆ ਓਹ ਗੁਰੂ ਜੀ ਦਾ ਦਰਸ਼ਨ ਕਰਕੇ ਬੜਾ ਖੁਸ਼ੀ ਹੋਇਆ ਉਸ ਪਰਥਾਇ ਗੁਰੂ ਜੀ ਨੇ ਸ਼ਬਦ ਉਚਾਰਿਆ ਹੈ

## ਰਾਗੁ ਸੂਹੀ ਮਹਲਾ ੫ ਘਰੁ ੧

## ੴ ਸਤਿਗੁਰਪ੍ਰਸਾਦਿ ॥

ਕਨਿਕ=ਸੋਨਾ। ਭੂਖਨ=ਗਹਿਣੇ ॥

**ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥ ੧ ॥**

ਜਿਸਤਰਾਂ ਬਾਜੀਗਰ ਨੇ ਬਾਜੀ ਪਾਈ। ਬਹੁਤ ਤਰਾਂ ਕਰਕੇ ਭੇਖਾਂ ਨੂੰ ਵਿਖਾਇਆ ਜਦੋਂ ਮੰਦਾਰੀਪਣੇ ਦਾ ਸਾਂਗ ਉਤਾਰਕੇ ਬਾਜੀ ਦਾ ਪਸਾਰਾ ਰੋਕ ਲਿਆ ਭਾਵ ਤਮਾਸ਼ਾ ਬੰਦ ਕਰ ਦਿਤਾ ਤਾਂ ਇਕ ਕੇਵਲ ਤਮਾਸ਼ਾ ਕਰਨ ਵਾਲਾ ਹੀ ਰਹਿ ਗਿਆ ਇਕਰ ਸਾਰੇ ਰੂਪਾਂ ਕਰਕੇ ਆਪ ਹੀ ਪ੍ਰਮੇਸ਼ਰ ਵੇਖਦਾ ਵਿਖਾਂਦਾ ਹੈ ਜਦੋਂ ਮਾਇਆ ਦਾ

Digitized by Panjab Digital Library | www.panjabdigilib.org

ਸੰਗ ਉਤਾਰ ਦੇਂਦਾ ਹੈ ਤਾਂ ਇਕ ਆਪ ਹੀ ਰਹਿ ਜਾਂਦਾ ਹੈ ॥

**ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥**
**ਕਤਹਿ ਗਇਓ ਉਹੁ ਕਤ ਤੇ ਆਇਓ । ੧ ॥ ਰਹਾਉ ॥**

(ਓਹ ਪਰਮੇਸ਼ਰ ਜੰਮਣ ਮਰਨ ਵਿਚ ਨਹੀ ਹੈ ਇਸ ਨੂੰ ਸਪਸ਼ਟ ਕਰਦੇ ਹਨ) ਜੇਹੜਾ ਰੂਪ ਇਹ ਜਗਤ ਵੇਖੀਦਾ ਹੈ ਸੋ ਇਹ ਕੀ ਰੂਪ ਹੈ "ਉਤਰ" ਇਹ ਜਗਤ ਨਾਸ ਹੋਣ ਵਾਲੇ ਰੂਪ ਵਿਚ ਆਇਆ ਹੈ ਅਤੇ ਚੇਤਨ ਕਿਥੇ ਗਿਆ ਹੈ ਅਤੇ ਕਿਥੋਂ ਆਇਆ ਸੀ ਭਾਵ ਓਹ ਜਨਮ ਮਰਨ ਤੋਂ ਰਹਿਤ ਹੈ ॥

**ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁਰੰਗਾ॥**
**ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ ॥੨॥**

ਜਿਕੁਰ ਪਾਣੀ ਤੋਂ ਅਨੇਕਾਂ ਬੁਲਬੁਲੇ ਉਠਦੇ ਹਨ ਉਹ ਪਾਣੀ ਦਾ ਰੂਪ ਹੀ ਹੁੰਦੇ ਹਨ। ਸੋਨੇ ਦੇ ਗਹਿਣੇ ਸੁਨਿਆਰੇ ਨੇ ਬਹੁਤ ਤਰਾਂ ਦੇ ਬਣਾਏ ਓਹ ਸਾਰੇ ਗਹਿਣੇ ਸੋਨੇ ਦਾ ਰੂਪ ਹੀ ਹਨ ਭਾਵ ਗਹਿਣੇ ਸੋਨਾਂ ਹੀ ਹਨ॥ ਬੀ, ਬੀਜ ਕੇ ਉਸ ਬੀ ਦਾ ਬਹੁਤ ਤਰਾਂ ਦਾ ਫਲ ਫੁਲ ਪੱਤਾਂ ਕਰਕੇ ਫੈਲਾਉ ਹੋਇਆ ਜਦੋਂ ਫਲ ਪੱਕਾ ਤਾਂ ਇਕ ਬੀ ਦਾ ਰੂਪ ਹੀ ਨਜ਼ਰ ਆਇਆ ਇਕਰ ਜਗਤ ਦੇ ਨਾਸ ਪਿਛੋਂ ਇਕ ਪ੍ਰਮਿਸਰ ਹੀ ਹੈ ॥

**ਸਹਸ ਘਟਾ ਮਹਿ ਏਕੁ ਅਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥**
**ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ ॥੩॥**

ਹਜਾਰਾਂ ਘੜਿਆਂ ਵਿਚ ਇਕ ਹੀ ਅਕਾਸ਼ ਹੈ ਜਦੋਂ ਸਾਰੇ ਘੜੇ ਟੁਟ ਜਾਣ ਤਾਂ ਅਕਾਸ਼ ਓਸੇ ਤਰਾਂ ਚਾਨਣ ਕਰਦਾ ਹੈ ਭਾਵ ਚਮਕਦਾ ਨਜ਼ਰ ਆਉਂਦਾ ਹੈ ਇਕਰ ਹੀ ਸਰੀਰਾਂ ਦੇ ਹੋਣ ਨਾਲ ਘਟਾਂ ਘਟਾਂ ਵਿਚ ਜੀਵ ਨਜ਼ਰ ਆਉਂਦੇ ਹਨ ਜਦੋਂ ਸਰੀਰ ਨਾਸ ਹੋਏ ਤਾਂ ਚੇਤਨ ਇਕ ਹੈ। ਭਰਮ, ਸ਼ੋਕ, ਮੋਹ, ਇਹ ਸਾਰੇ ਮਾਇਆ ਦੇ ਕੰਮ ਹਨ ਭਰਮ ਦੂਰ ਹੋ ਜਾਵੇ ਤਾਂ ਮਗਰੋਂ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ ॥

**ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥**
**ਗੁਰਿਪੂਰੈ ਹਉਮੈ ਮੈਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ੪ ॥ ੧ ॥**

ਉਹ ਪ੍ਰਮੇਸਰ ਅਬਿਨਾਸੀ ਹੈ ਨਾਸ ਨਹੀਂ ਹੁੰਦਾ ਹੈ ਨਾ ਕੋਈ ਆਂਉਦਾ ਹੈ

Digitized by Panjab Digital Library | www.panjabdigilib.org

ਨ ਕੋਈ ਜਾਂਦਾ ਹੈ ਭਾਵ ਜੰਮਨ ਮਰਨ ਤੋਂ ਰਹਿਤ ਹੈ [ਉਸ ਜੋਗੀ ਨੂੰ ਗੁਰੂ ਜੀ ਨੇ ਪੁਛਿਆ ਆਪ ਵੀ ਆਪਣਾ ਖਿਆਲ ਦਸੋ ਤਾਂ ਓਸ ਜੋਗੀ ਨੇ ਆਖਿਆ] ਹੇ ਪੂਰਨ ਰੂਪ ਗੁਰੂ ਜੀ ਆਪ ਨੇ ਮੇਰੀ ਹੰਗਤਾ ਰੂਪ ਮੈਲ ਧੋ ਦਿਤੀ ਹੈ ਹੁਣ ਆਪ ਦੀ ਕਿਰਪਾ ਨਾਲ ਮੇਰੀ ਪਰਮ ਗਤੀ ਭਾਵ ਚੰਗੀ ਹਾਲਤ ਹੋਗਈ ਹੈ ॥

(ਭਗਤੀ ਦਾ ਕਥਨ, ਸਨਮੁਖ ਬੇਨਤੀ)

## ਸੂਹੀ ਮਹਲਾ ੫

**ਕੀਤਾ ਲੋੜਹਿ ਸੋ ਪ੍ਰਭ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥ ਦਾਸ ਅਪਨੇ ਕੀ ਰਾਖਹੁ ਲਾਜ ॥੧॥**

ਹੇ ਮਾਲਕਾ ਜੋ ਤੂੰ ਕੀਤਾ ਚਾਹੁੰਦਾ ਹੈਂ ਓਹ ਹੁੰਦਾ ਹੈ । ਤੇਰੇ ਬਿਨਾਂ ਦੂਸਰਾ ਕੋਈ ਨਹੀ ਹੈ । ਜੇਹੜਾ ਆਦਮੀ ਤੈਨੂੰ ਸੇਂਵਦਾ ਹੈ ਉਸਦੇ ਤੂੰ ਸਾਰੇ ਕੰਮ ਪੂਰੇ ਕਰਦਾ ਹੈਂ । ਅਪਣਿਆਂ ਦਾਸਾਂ ਦੀ ਸਦਾ ਲਜਿਆ ਰਖਦਾ ਹੈਂ।

**ਤੇਰੀ ਸਰਣਿ ਪੂਰਨ ਦਇਆਲਾ॥ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ ॥੧॥ ਰਹਾਉ ॥**

ਪਾਲਨਾ ਕਰਨ ਨੂੰ ਤੇਰੇ ਬਿਨਾਂ ਹੋਰ ਕੇਹੜਾ ਸਮਰਥ ਹੈ ਭਾਵ ਕੋਈ ਨਹੀਂ ਹੈ ॥ ਹੇ ਪੂਰੇ ਦਿਆਲੂ ਅਸੀਂ ਤੇਰੀ ਸ਼ਰਨ ਹਾਂ ਭਾਵ ਤੇਰਾ ਆਸਰਾ ਲਿਆ ਹੈ

**ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥ ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥ ੨ ॥**

ਜਲਾਂ ਥਲਾਂ ਧਰਤੀ ਅਕਾਸ ਵਿਚ ਤੂੰ ਭਰਪੂਰ ਹੋਇਆ ੨ ਹੈਂ ॥ ਸਾਰਿਆਂ ਦੇ ਨੇੜੇ ਵਸਦਾ ਹੈਂ ਤੈਥੋਂ ਕੋਈ ਦੂਰ ਨਹੀਂ ਹੈ ॥ ਲੋਕਾਂ ਨੂੰ ਖੁਸ਼ੀ ਕਰਨ ਨਾਲ ਕੁਛ ਨਹੀ ਪਾਈਦਾ ਹੈ ਭਾਵ ਕੁਛ ਨਹੀ ਮਿਲਦਾ ਹੈ । ਜੇ ਸਾਡਾ ਮਨ ਤੇਰੇ ਸਚੇ ਨਾਮ ਵਿਚ ਲਗੇ ਤਾਂ ਹੰਗਤਾ ਜਾਂਦੀ ਹੈ ॥

**ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ । ਦੁਰਮਤਿ ਜਾਇ ਪਰਮਪਦੁ ਪਾਏ ॥ ਗੁਰਪਰਸਾਦੀ ਨਾਮੁ ਧਿਆਏ ॥ ੩ ।**

ਜਿਸਨੂੰ ਤੂੰ ਆਪਣੇ ਵਲ ਲਾ ਲੈਂਦਾ ਹੈਂ ਓਹ ਲਗਦਾ ਹੈ ॥ ਉਸਦੇ ਅੰਦਰ

Digitized by Panjab Digital Library | www.panjabdigilib.org

ਗਿਆਨ ਰਤਨ=ਚਾਨਣ ਕਰਦਾ ਹੈ। ਜੇਹੜੇ ਗੁਰਾਂ ਦੀ ਕਿਰਪਾ ਨਾਲ ਤੇਰੇ ਨਾਮ ਨੂੰ ਯਾਦ ਕਰਦੇ ਹਨ ਓਨਾਂ ਦੀ ਖੋਟੀ ਅਕਲ ਨਾਸ ਹੋ ਜਾਂਦੀ ਹੈ ਅਤੇ ਓਹ ਪਰਮ ਪਦ=ਮੁਕਤੀ ਨੂੰ ਪਾ ਲੈਂਦੇ ਹਨ ॥

**ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥ ਕਰਿ ਕਿਰਪਾ ਅਪਨੀ ਭਗਤੀ ਲਾਇ ॥ ਜਨ ਨਾਨਕ ਪ੍ਰਭੁ ਸਦਾ ਧਿਆਇ ॥ ੪ ॥ ੨ ॥**

ਮੈਂ ਦੋਵੇਂ ਹਥ ਜੋੜਕੇ ਬੇਨਤੀ ਕਰਦਾ ਹਾਂ ਜੋ ਤੈਨੂੰ ਚੰਗਾ ਲਗਦਾ ਹੈ ਤੇ ਤਾਂ ਤੂੰ ਰਾਸ ਲਿਆਉਂਦਾ ਹੈ ਭਾਵ ਮੰਨ ਲੈਂਦਾ ਹੈਂ ॥ ਗੁਰੂ ਜੀ, ਹੇ ਮਾਲਕਾ ਕਿਰਪਾ ਕਰਕੇ ਆਪਣੀ ਭਗਤੀ ਵਿਚ ਲਾ ਮੈਂ ਦਾਸ ਸਦਾ ਤੈਨੂੰ ਚੇਤੇ ਰਖਾਂ ॥

[ਸੁਹਾਗਣ ਸਖੀ ਰੂਪ ਸਿਆਣੀ ਛੋਟੀ ਸਖੀ ਰੂਪ ਸਿਖ ਨੂੰ ਉਪਦੇਸ਼ ਕਰਦੀ ਹੈ]

## ਸੂਹੀ ਮਹਲਾ ੫

ਰਲੀਆ=ਖੁਸ਼ੀਆਂ। ਗਹੇਲੀ=ਫੜੀ ਹੋਈ। ਰੈਣਿ=ਰਾਤ। ਅੰਕਿ=ਗਲ ॥

**ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥ ੧ ॥**

ਜੇਹੜੀ ਆਪਣੇ ਮਾਲਕ ਨੂੰ ਪਛਾਣਦੀ ਹੈ ਹੁਕਮ ਮੰਨਕੇ ਹੰਕਾਰ ਨੂੰ ਦੂਰ ਕਰਦੀ ਹੈ ਓਹੋ ਹੀ ਮਾਲਕ ਦੇ ਨਾਲ ਰਤੀ ਹੋਈ ਖੁਸ਼ੀਆਂ ਮਾਣਦੀ ਹੈ ਅਤੇ ਓਹ ਧੰਨ ਹੈ।

**ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ ੧ ॥ ਰਹਾਉ ॥**

ਹੇ ਸਖੀਏ ਮਾਲਕ ਦੇ ਮਿਲਨ ਦੀ ਨਿਸ਼ਾਨੀ ਸੁਣ। ਜੇਹੜੀ ਲੋਕ ਲਾਜ ਨੂੰ ਛਡਕੇ ਮਨ ਤਨ ਪ੍ਰਮੇਸਰ ਨੂੰ ਦੇਂਦੀ ਹੈ ਓਹ ਸੁਹਾਗਣੀ ਧੰਨ ਹੈ।

**ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਨਿ ਅੰਕਿ ਸਮਾਵੈ ॥ ੨ ॥**

ਸਿਆਣੀ ਸਖੀ ਇਆਣੀ ਸਖੀ ਨੂੰ ਸਮਝਾਂਦੀ ਹੈ ਜੋ ਸਖੀ ਉਸਦਾ ਕਿਹਾ ਕਮਾਂਦੀ ਹੈ ਓਹ ਆਪਣੇ ਮਾਲਕ ਨੂੰ ਭਾਂਦੀ ਹੈ ਓਹੋ ਸੁਹਾਗਣੀ ਪਤੀ ਦੇ ਗਲ ਨਾਲ ਲਗਦੀ ਹੈ ॥

Digitized by Panjab Digital Library | www.panjabdigilib.org

ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ ਕਰਮਹੀਨਿ ਮਨਮੁਖਿ ਦੁਖੁ ਪਾਵੈ ॥ ੩ ॥

ਜੇਹੜੀ ਹੰਕਾਰ ਨੇ ਫੜੀ ਹੋਈ ਭਾਵ ਹੰਕਾਰ ਵਿਚ ਫਸੀ ਹੋਈ ਹੈ ਓਹ ਪਤੀ ਨੂੰ ਨਹੀਂ ਪਾਉਂਦੀ ਹੈ । ਜਦੋਂ ਉਮਰ ਰੂਪ ਰਾਤ ਬੀਤ ਜਾਂਦੀ ਹੈ ਤਾਂ ਬਹੁਤ ਪਛਤਾਂਦੀ ਹੈ । ਪਤੀ ਨੂੰ ਪ੍ਰਸੰਨ ਕਰਨ ਰੂਪ ਕਰਮਾਂ ਤੋਂ ਹੀਣੀ ਹੈ ਏਸੇ ਲਈ ਮਨ-ਮੁਖਤਾ ਕਰਕੇ ਜਨਮ ਮਰਨ ਦੁਖ ਪਾਂਦੀ ਹੈ ॥

(ਪ੍ਰਸ਼ਨੋਤ੍ਰੀ)

ਬਿਨਉ ਕਰੀ ਜੇ ਜਾਣਾ ਦੂਰਿ ॥ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥ ੪ ॥ ੩ ।

ਹੇ ਛੋਟੀ ਸਖੀ ਤੇਰੇ ਵਾਸਤੇ ਮੈਂ ਕੀ ਬੇਨਤੀ ਕਰਾਂ ਤੇਰੇ ਵਾਸਤੇ ਮੈਂ ਤਾਂ ਬੇਨਤੀ ਕਰਾਂ ਜੇ ਮਾਲਕ ਨੂੰ ਦੂਰ ਜਾਣਦੀ ਹੋਵਾਂ ਮਾਲਕ ਤਾਂ ਅਬਨਾਸੀ ਹੈ ਓਹ ਤਾਂ ਸਾਰੇ ਪੂਰਨ ਹੋ ਰਿਹਾ ਹੈ ਗੁਰੂ ਜੀ, ਗੁਰਮੁਖ ਪ੍ਰਮੇਸਰ ਨੂੰ ਨੇੜੇ ਦੇਖਕੇ ਉਸਦੇ ਜਸ ਨੂੰ ਗਾਂਦੇ ਹਨ ॥

(ਸਨਮੁਖ ਬੇਨਤੀ)

## ਸੂਹੀ ਮਹਲਾ ੫

ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥ ਦਸ ਦਾਸੀ ਕਰਿ ਦੀਨੀ ਭਤਾਰਿ ॥ ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥ ੧ ॥

ਜੇਹੜਾ ਮੈਂ ਗੁਰਾਂ ਦੀ ਕਿਰਪਾ ਨਾਲ ਘਰ ਦਾ ਮਾਲਕ ਵਸ ਕੀਤਾ ਹੈ ਏਸੇ ਲਈ ਮਾਲਕ ਨੇ ਮੈਨੂੰ ਘਰ ਦੀ ਇਸਤ੍ਰੀ ਜਾਣਿਆਂ ਹੈ ॥ ਦਸ ਇੰਦ੍ਰੀਆਂ ਦਾਸੀਆਂ ਕਰ ਛਡੀਆਂ ਹਨ ਭਾਵ ਸਾਰੇ ਇੰਦ੍ਰੇ ਮਾਲਕ ਨੇ ਵਸ ਕਰ ਦਿਤੇ ਹਨ ॥ ਜਦੋਂ ਮੈਂ ਸਾਰੀ ਘਰ ਦੀ ਚੀਜ ਵਸਤ ਜੋੜੀ ਹੈ ਭਾਵ ਚੰਗੇ ਕੰਮ ਕੀਤੇ ਹਨ ਅਤੇ ਆਸਾ ਕਰਕੇ ਪਿਆਸੀ ਹੋਈ ੨ ਮੈਂ ਪਤੀ ਨੂੰ ਚਾਹੁੰਦੀ ਹਾਂ ॥

ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ ਮੁਰਾਰੇ ॥ ੧ ॥ ਰਹਾਉ ॥

ਸੁੰਦਰ ਦਿਆਲੂ ਸਿਆਣੇ ਸਰੂਪ ਵਾਲੇ ਮੁਰਦੈਂਤ ਨੂੰ ਮਾਰਨ ਵਾਲੇ ਪਿਆਰੇ

Digitized by Panjab Digital Library | www.panjabdigilib.org

ਮਾਲਕ ਦੇ ਮੈਂ ਕੇਹੜੇ ੨ ਗੁਣ ਆਖਾਂ ॥

**ਸਤੁ ਸੀਗਾਰ ਭਉ ਅੰਜਨ ਪਾਇਆ ॥ ਅੰਮ੍ਰਿਤਨਾਮੁ ਤੰਬੋਲੁ ਮੁਖਿ ਖਾਇਆ ॥ ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥ ੨ ॥**

ਚੰਗੀ ਸਮੱਗਰੀ ਕੇਹੜੀ ਹੈ ?

ਸਚ ਬੋਲਣਾ ਸਿੰਗਾਰ, ਅਤੇ ਡਰ ਰੂਪ ਸੁਰਮਾ ਪਾਇਆ ਹੈ। ਅੰਮ੍ਰਿਤ ਨਾਮ ਪਾਨਾਂ ਦਾ ਬੀੜਾ ਮੂੰਹ ਵਿਚ ਖਾਇਆ ਹੈ ॥ ਕੰਙਣ, ਕਪੜੇ, ਗਹਿਣੇ ਸਾਰੇ ਸੋਭਾ ਵਾਲੇ ਬਣੇ ਹੋਏ ਸੁਹੰਦੇ ਹਨ ਇਸਤ੍ਰੀ ਸਾਰਿਆਂ ਸੁਖਾਂ ਨੂੰ ਤਾਂ ਹੀ ਪਾਂਦੀ ਹੈ ਜਦੋਂ ਪਤੀ ਘਰ ਵਿਚ ਆਉਂਦਾ ਹੈ ਭਾਵ ਚੰਗੇ ਕੰਮ ਤਾਂ ਸਫਲ ਹਨ ਜਾਂ ਪ੍ਰਮੇਸ਼ਰ ਨੂੰ ਚੰਗੇ ਲੱਗਣ ॥

**ਗੁਣ ਕਾਮਣ ਕਰਿ ਕੰਤੁ ਰੀਝਾਇਆ । ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥ ਸਭ ਤੇ ਊਚਾ ਮੰਦਰੁ ਮੇਰਾ ॥ ਸਭਿ ਕਾਮਣਿ ਤਿਆਗੀ ਪ੍ਰਿਉ ਪ੍ਰੀਤਮ ਮੇਰਾ ॥ ੩ ॥**

ਚੰਗੇ ਗੁਣ ਕਾਮਣਿ=ਜਾਦੂ ਬਣਾਕੇ ਜਦੋਂ ਪਤੀ ਨੂੰ ਪ੍ਰਸੰਨ ਕੀਤਾ ਤਾਂ ਗੁਰੂ ਮਿਲ ਪਏ ਜਦੋਂ ਗੁਰਾਂ ਨੇ ਭਰਮ ਦੂਰ ਕਰ ਦਿਤਾ ਤਾਂ ਪਤੀ ਵਸ ਕਰ ਲਿਆ ਭਾਵ ਪ੍ਰਗਟ ਦਰਸਨ ਕੀਤੇ ॥ ਸਾਰਿਆਂ ਤੋਂ ਵਡਾ ਨਿਸਚਾ ਰੂਪ ਮੇਰਾ ਮੰਦਰ ਅਖਥਾਨ ਹੈ ਅਤੇ ਮੂਰਖ ਜੀਵ ਰੂਪ ਸਾਰੀਆਂ ਇਸਤ੍ਰੀਆਂ ਨੂੰ ਛਡਕੇ ਮਾਲਕ ਮੇਰਾ ਪਿਆਰਾ ਹੋਇਆ ਹੈ ॥

**ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥ ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥ ੪ ॥ ੪ ॥**

ਹੁਣ ਓਹ ਮਾਲਕ ਪ੍ਰਗਟ ਹੋਇਆ ਹੈ ਜਿਸ ਜੋਤੀ ਦਾ ਸੂਰਜ ਆਦਿਕਾਂ ਵਿਚ ਚਾਨਣ ਹੈ ਪਰ ਜਦੋਂ ਅਪਾਰ ਸਰਧਾ ਰੂਪ ਸੇਜ ਵਛਾਈ ਭਾਵ ਮਨ ਦੀ ਸਫਾਈ ਕੀਤੀ ਤਦੋਂ ਨਵੇਂ ਅਨੰਦ ਵਾਲਾ ਪਿਆਰਾ ਮਾਲਕ ਸੇਜਾ ਉਤੇ ਅਨੰਦ ਦੇਣ ਆਇਆ। ਗੁਰੂ ਜੀ,ਜਦੋਂ ਮਾਲਕ ਨੂੰ ਇਸਤ੍ਰੀ ਮਿਲੀ ਤਾਂ ਸਖ ਪਾਇਆ ॥

Digitized by Panjab Digital Library | www.panjabdigilib.org

(ਆਪਣੀ ਹਾਲਤ ਦਾ ਸੂਚਨਾ)

## ਸੂਹੀ ਮਹਲਾ ੫

ਉਮਕਿਓ=ਉਛਲਿਆ ਪ੍ਰੇਮ ਵਾਲਾ ਹੋਇਆ। ਚਰਿਓ=ਚੜ੍ਹਿਆ ਜਾਂ ਵਿਚਾਰਿਆ। ਪ੍ਰਿਅ=ਪਿਆਰਾ। ਗ੍ਰਿਹਿ=ਘਰ। ਹੀਅਰੋ=ਦਿਲ।

**ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥ ੧ ॥**

ਮਾਲਕ ਨੂੰ ਮਿਲਨ ਵਾਸਤੇ ਦਿਲ ਪ੍ਰੇਮ ਵਾਲਾ ਹੋਇਆ। ਲਭਦੇ ਹੋਏ ਨੇ ਵਿਚਾਰਿਆ ਕਿ ਕਿਤੇ ਮਾਲਕ ਨੂੰ ਜਾਕੇ ਵੇਖਾਂ॥ ਜਦੋਂ ਸੰਤ ਮਿਲੇ ਓਨਾਂ ਦਾ ਉਪਦੇਸ਼ ਸੁਨੇਹਾ ਸੁਣਦਿਆਂ ਹੀ ਸਰੀਰ ਘਰ ਵਿਚ ਚੰਗੇ ਕਰਮ ਕਰਕੇ ਮਨ ਦੀ ਸਫਾਈ ਸੇਜ ਵਛ ਈ। ਪਹਿਲੇ ਭਰਮ ਵਾਲਾ ਹੋਇਆ ਹੋਇਆ ਦੇਸਾਂ ਵਿਚੋਂ ਭੌਂਦਾ ਆਇਆ ਸਾਂ ਤਦੋਂ ਚੇਤਨ ਸੱਤਾ ਨਜ਼ਰ ਵਿਚ ਨਹੀ ਪਾਈ ਸੀ।

**ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝ ਕੁਰਬਾਨੋ ॥ ੧ ॥ ਰਹਾਉ ।**

ਪ੍ਰਮੇਸਰ ਨੂੰ ਮਿਲਿਆਂ ਬਿਨਾਂ ਮੈਂ ਗਰੀਬ ਦਾ ਦਿਲ ਕਿਕਰ ਧੀਰਜ ਵਾਲਾ ਹੋਵੇ ਮੈ ਇਕਰ ਬੇਨਤੀ ਕਰਦਾ ਸੀ ਕਿ ਹੇ ਮਿਤ੍ਰ ਤੂੰ ਮੈਨੂੰ ਮਿਲ ਮੈਂ ਤੈਥੋਂ ਬਲਿਹਾਰ ਜਾਂਦਾ ਹਾਂ॥

**ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥ ੨ ॥**

ਜੀਵ ਇਸਤ੍ਰੀ ਪਤੀ ਪ੍ਰਮੇਸਰ ਦੀ ਮਨ ਰੂਪ ਇਕ ਹੀ ਸੇਜ ਵਿਛੀ ਹੋਈ ਹੈ ਪਰ ਜੀਵ ਇਸਤ੍ਰੀ ਅਵਿਦਜਾ ਨੀਂਦ ਕਰਕੇ ਸੁਤੀ ਹੋਈ ਹੈ ਅਤੇ ਮਾਲਕ ਸਦਾ ਜਾਗਦਾ ਹੈ ਜੀਵ ਰੂਪ ਇਸਤ੍ਰੀ ਨੇ ਹੰਕਾਰ ਰੂਪ ਸ਼ਰਾਬ ਪੀਤੀ ਹੈ ਏਸੇ ਲਈ ਮਸਤ ਸੁਭਾਵ ਵਾਲੀ ਹੋਈ ਹੈ ਜੇ ਪਤੀ ਕਿਰਪਾ ਕਰਕੇ ਬੁਲਾਵੇ ਤਾਂ ਇਸਤ੍ਰੀ ਜਾਗਦੀ ਹੈ॥

**ਭਈ ਨਿਰਾਸੀ ਬਹੁਤ ਦਿਨ ਲਾਗੇ ॥ ਦੇਸਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ**

Digitized by Panjab Digital Library | www.panjabdigilib.org

757.



**ਪ੍ਰਭ ਮਿਲਹ ਸਭਾਗੇ ॥ ੩ ॥**

ਜੀਵ ਇਸਤ੍ਰੀ ਨਿਰਾਸੀ ਹੋ ਗਈ ਜਦੋਂ ਬਾਹਰ ਦੇ ਸਾਧਨ ਕਰਦਿਆਂ ਬਹੁਤ ਦਿਨ ਲਗ ਗਏ ਅਤੇ ਬਹੁਤ ਹੀ ਦੇਸਾਂ ਦੇਸਾਂ ਨੂੰ ਝਾਗੇ=ਲੰਘਿਆ ਜਾਂ ਬਾਹਰ ਦੇ ਸਾਧਨਾਂ ਰੂਪ ਦੇਸਾਂ ਵਿਚ ਪਰਮੇਸਰ ਦੇ ਚਰਨਾਂ ਵਿਚ ਮਿਲਿਆਂ ਬਿਨਾਂ ਇਕ ਛਿਨ ਭਰ ਵੀ ਰਹਿਣਾ ਨਹੀਂ ਪਾਉਂਦੀ ਹੈ ॥ ਹੇ ਮਾਲਕ ਜਦੋਂ ਤੁਸੀ ਕਿਰਪਾਲੂ ਹੋਕੇ ਮਿਲੋ ਤਾਂ ਅਸੀ ਵੀ ਭਾਗਾਂ ਵਾਲੇ ਹੋਈਏ। ਝਾਗੇ=ਲੰਘੇ। ਪਾਗੇ=ਮਿਲੇ।

**ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ੪ ॥**

ਜਦੋਂ ਪ੍ਰਮੇਸਰ ਨੇ ਕਿਰਪਾਲੂ ਹੋਕੇ ਮੈਨੂੰ ਸਤਸੰਗ ਵਿਚ ਮਿਲਾਇਆ ਤਾਂ ਸਾਰੀ ਤ੍ਰਿਸ਼ਨਾ ਬੁਝ ਗਈ ਅਤੇ ਪਤੀ ਨੂੰ ਦਿਲ ਵਿਚ ਹੀ ਪਾ ਲਿਆ ਅਤੇ ਸਾਧਨਾਂ ਰੂਪ ਸਾਰਾ ਸਿੰਗਾਰ ਵੀ ਹੁਣ ਮੈਨੂੰ ਸੋਹਣਾ ਲਗਾ ਹੈ ਭਾਵ ਸਾਧਨ ਸਫਲ ਹੋਏ। ਗੁਰੂ ਜੀ, ਜਦੋਂ ਗੁਰਾਂ ਨੇ ਭਰਮ ਦੂਰ ਕਰ ਦਿਤਾ॥

**ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲਿਓ ਕਪਾਟੁ ਤਾ ਮਨੁ ਠਹਰਾਈ ॥ ੧ ॥ ਰਹਾਉ ॥ ਦੂਜਾ ॥ ੫ ॥**

ਹੇ ਭਰਾ ਜਿਥੇ ਵੇਖਦਾ ਹਾਂ ਓਥੇ ਹੀ ਮਾਲਕ ਹੈ ਜਦੋਂ ਗੁਰਾਂ ਨੇ ਅਗਜਾਨ ਰੂਪ ਤਖਤਾ ਖੋਲਿਆ ਤਾਂ ਮਨ ਦੀ ਬ੍ਰਿਤੀ ਪ੍ਰਮੇਸਰ ਵਿਚ ਜਾ ਖੜੋਤੀ ॥

(ਬੇਨਤੀ)

## ਸੂਹੀ ਮਹਲਾ ੫

738 ਬੈਖਰੀਦ=ਮੁਲ ਲਿਆ ਹੋਇਆ। ਥਾਰੇ=ਤੁਹਾਡੇ। ਬਾਰੇ=ਬਲਿਹਾਰੇ।

**ਕਿਆ ਗੁਣ ਤੇਰੇ ਸਾਰਿ ਸਮਾਲੀ ਮੋਹਿ ਨਿਰਗੁਨ ਕੇ ਦਾਤਾਰੇ ॥ ਬੈਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥ ੧ ॥**

ਤੇਰੇ ਕੇਹੜੇ ੨ ਜਾਂ ਕੀ ਕੀ ਉਪਕਾਰ ਮੈਂ ਯਾਦ ਕਰਕੇ ਸੰਭਾਲਾਂ ਹੇ ਮੇਰੇ ਨਿਰਗੁਣਿਆਰੇ ਦੇ ਦਾਤੇ। ਮੁਲ ਦਾ ਖਰੀਦਿਆ ਹੋਇਆ ਦਾਸ ਕੀ ਚਤਰਾਈ ਕਰ ਸਕਦਾ ਹੈ। ਇਹ ਜੀਅ ਅਤੇ ਸਰੀਰ ਸਾਰੇ ਪਦਾਰਥ ਆਪ ਦੇ ਬਖਸ਼ੇ ਹੋਏ ਹਨ॥

**ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥**

Digitized by Panjab Digital Library | www.panjabdigilib.org

੧ ॥ ਰਹਾਉ ॥

ਹੇ ਪਿਆਰੇ, ਅਨੰਦੀ, ਪ੍ਰੀਤਮ ਮਨ ਨੂੰ ਮੋਹਨ ਵਾਲੇ ਅਸੀ ਤੇਰੇ ਦਰਸ਼ਨ ਤੋਂ ਬਲਿਹਾਰ ਜਾਂਦੇ ਹਾਂ ॥

**ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ ਸਦਾ ਸਦਾ ਉਪਕਾਰੇ ॥**
**ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥ ੨ ॥**

ਹੇ ਮਾਲਕਾ ਤੂੰ ਦਾਤਾ ਹੈਂ ਮੈਂ ਗਰੀਬ ਮੰਗਤਾ ਹਾਂ ਤੁਸੀ ਸਦਾ ਉਪਕਾਰ ਦੇ ਕਰਨ ਵਾਲੇ ਹੋ ॥ ਇਕੁਰ ਦਾ ਕੋਈ ਚੰਗਾ ਕੰਮ ਨਹੀਂ ਹੈ ਜੇਹੜਾ ਮੇਰੇ ਪਾਸੋਂ ਹੋ ਸਕੇ ਹੇ ਮੇਰੇ ਮਾਲਕ ਤੂੰ ਬਹੁਤ ਵਡਾ ਹੈਂ ॥

**ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥ ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥ ੩ ॥**

ਮੈ ਤੇਰੀ ਕੀ ਸੇਵ ਕਮਾਵਾਂ ਅਤੇ ਕੀ ਕੀ ਮੂਹੋਂ ਆਖਕੇ ਪ੍ਰਸੰਨ ਕਰਾਂ ਓਹ ਕੇੜੀ ਰੀਤੀ ਹੈ ਜਿਸ ਕਰਕੇ ਤੇਰਾ ਦਰਸ਼ਨ ਪਾਵਾਂ। ਤੇਰੀ ਮਰਜਾਦਾ ਨਹੀ ਪਾਈ ਜਾਂਦੀ ਹੈ ਅਤੇ ਜੇੜਾ ਤੇਰਾ ਕੀਤਾ ਹੋਇਆ ਸੰਸਾਰ ਹੈ ਇਸਦਾ ਵੀ ਅੰਤ ਨਹੀ ਲਿਆ ਜਾਂਦਾ ਹੈ ਤੇਰੇ ਚਰਨ ਕਮਲਾਂ ਨੂੰ ਮੈਂ ਮਨ ਵਿਚ ਤਰਸਦਾ ਹਾਂ॥

**ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥**
**ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥ ੪ । ੬ ॥**

ਆਪ ਤੋਂ ਦਾਨ ਪਾਵਾਂ ਮੈਂ ਢੀਠ ਹੋਕੇ ਮੰਗਦਾ ਹਾਂ ਭਾਵ ਝਕਦਾ ਨਹੀ ਹਾਂ ਸੰਤਾਂ ਦੀ ਚਰਨ ਧੂੜ ਮੇਰੇ ਮੂੰਹ ਉਤੇ ਲਗੇ ॥ ਗੁਰੂ ਜੀ, ਦਾਸਾਂ ਦੇ ਉਤੇ ਜਦੋਂ ਮਾਲਕ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ ਤਦੋਂ ਹੇ ਮੇਰੇ ਮਲਕਾ ਦਾਸ ਹਥ ਦੇਕੇ ਤਾਰ ਲਏ ਹਨ ॥

## ਸੂਹੀ ਮਹਲਾ ੫ ਘਰੁ ੩

## ੧ ੴ ਸਤਿਗੁਰਪ੍ਰਸਾਦਿ ॥

**ਸੇਵਾ ਥੋਰੀ ਮਾਂਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥ ੧ ॥**

Digitized by Panjab Digital Library | www.panjabdigilib.org

ਟਹਿਲ ਥੋੜੀ ਹੈ ਤੇ ਫਲ ਬਹੁਤਾ ਮੰਗਦਾ ਹੈ ਭਾਵ ਚੰਗੇ ਕੰਮ ਥੋੜੇ ਹਨ। ਪ੍ਰਮੇਸਰ ਦੇ ਸਰੂਪ ਨੂੰ ਤਾਂ ਪਾਂਦਾ ਨਹੀ ਹੈ ਅਤੇ ਆਖਦਾ ਹੈ ਮੈਂ ਪੁਜਿਆ ਹੋਇਆ ਭਾਵ ਪ੍ਰਮੇਸਰ ਨੂੰ ਮਿਲਿਆ ਹੋਇਆ ਹਾਂ॥

ਜੋ ਪ੍ਰਿਅ ਮਾਨੈ ਤਿਨ ਕੀ ਰੀਸਾ ॥
ਕੂੜੇ ਮੂਰਖ ਕੀਹਾ ਠੀਸਾ॥ ੧॥ ਰਹਾਉ ॥

ਜਹੜੇ ਮਾਲਕ ਪਤੀ ਨੇ ਆਪਣੇ ਦਾਸ ਮੰਨ ਲਏ ਹਨ ਮੂਰਖ ਓਨਾਂ ਦੀਆਂ ਰੀਸਾਂ ਕਰਦਾ ਹੈ। ਸੋ ਇਹ ਝੂਠੇ ਮੂਰਖ ਕੀਹਾ=ਦੀਆਂ ਠੀਸਾਂ=ਗੱਪਾਂ ਹੀ ਹਨ।

ਭੇਖ ਦਿਖਾਵੈ ਸਚੁ ਨ ਕਮਾਵੈ ॥
ਕਹਤੋ ਮਹਲੀ ਨਿਕਟਿ ਨ ਆਵੈ ॥ ੨ ॥

ਉਤੋਂ ਝੂਠੇ ਭੇਖ ਬਣਾਕੇ ਵਿਖਾਂਦਾ ਹੈ ਪਰ ਅੰਦਰੋਂ ਸਚ ਨੂੰ ਨਹੀ ਕਮੰਦਾ ਹੈ ਅਤੇ ਆਖਦਾ ਹੈ ਮੈ ਪ੍ਰਮੇਸਰ ਨੂੰ ਪਹੁੰਚਿਆ ਹੋਇਆ ਹਾਂ ਪਰ ਜਿਸ ਕਰਕੇ ਪਰਮੇਸਰ ਮਿਲਨਾ ਹੈ ਓਹਨਾਂ ਕੰਮਾਂ ਦੇ ਤਾਂ ਨੇੜੇ ਹੀ ਨਹੀਂ ਆਉਂਦਾ ਹੈ॥

ਅਤੀਤੁ ਸਦਾਏ ਮਾਇਆ ਕਾ ਮਾਤਾ ॥
ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥ ੩ ॥

ਉਤੋਂ ਤਾਂ ਸੰਤ ਸਦਾਂਦਾ ਹੈ ਪਰ ਅੰਦਰੋਂ ਮਾਇਆ ਵਿਚ ਮੱਤਾ ਹੋਇਆ ਹੈ। ਮਨ ਵਿਚ ਤਾਂ ਪ੍ਰੀਤ ਨਹੀ ਹੈ ਅਤੇ ਮੂੰਹੋਂ ਆਖਦਾਹੈ ਮੈਂ ਪ੍ਰਮੇਸ਼ਰਵਿਚ ਰੰਗਿਆ ਹੋਯਾਹਾਂ

ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥
ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥ ੪ ॥

(ਜੇ ਚੰਗਾ ਬਣਨਾ ਹੈ ਤਾਂ ਇਕੁਰ ਦੀ ਬੇਨਤੀ ਕਰੇ)

ਗੁਰੂ ਜੀ, ਹੇ ਮਾਲਕ ਮੇਰੀ ਇਕ ਬੇਨਤੀ ਸੁਣੋ ਮੈਂ ਭੈੜੀ ਚਾਲ ਖੋਟੀ ਰੀਤ ਵਾਲਾ, ਕਰੜੇ ਦਿਲ ਵਾਲਾ, ਕਾਮੀ ਆਦਮੀ ਹਾਂ ਮੈਨੂੰ ਮੁਕਤ ਕਰ ਲੈ ॥

ਦਰਸਨ ਦੇਖੇ ਕੀ ਵਡਿਆਈ ॥ ਤੁਮ ਸੁਖਦਾਤੇ ਪੁਰਖ ਸੁਭਾਈ ॥
।੧ ॥ ਰਹਾਉ ਦੂਜਾ ॥ ੧ ॥ ੭ ॥

ਤੁਹਾਡੇ ਦਰਸ਼ਨ ਵੇਖੇ ਦੀ ਇਹੋ ਹੀ ਵਡਿਆਈ ਹੈ। ਤੁਸੀ ਸੁਭਾਵਕ ਹੀ ਆਦਮੀਆਂ ਨੂੰ ਸੁਖ ਦੇਣ ਵਾਲੇ ਹੋ ॥

Digitized by Panjab Digital Library | www.panjabdigilib.org

(ਜੀਵ ਦੀ ਮੰਦਤਾ)

## ਸੂਹੀ ਮਹਲਾ ੫

**ਬੁਰੇ ਕਾਮ ਕਉ ਊਠਿ ਖਲੋਇਆ ॥**
**ਨਾਮ ਕੀ ਬੇਲਾ * ਪੈ ਪੈ ਸੋਇਆ ॥ ੧ ॥**

ਬੁਰੇ ਕੰਮ ਨੂੰ ਤਾਂ ਉਠ ਖੜੋਂਦਾ ਭਾਵ ਸਾਰੀ ਸਾਰੀ ਰਾਤ ਜਾਗਦਾ ਰਹਿੰਦਾ ਹੈ। ਜਦੋਂ ਨਾਮ ਜਪਣ ਦਾ ਵੇਲਾ (ਸੁਵੇਰ ਦਾ ਵੇਲਾ) ਹੁੰਦਾ ਹੈ ਤਾਂ ਉਸ ਵੇਲੇ ਸੁਤਾ ਪਿਆ ਰਹਿੰਦਾ ਹੈ।

**ਅਉਸਰੁ ਅਪਨਾ ਬੂਝੈ ਨ ਇਆਨਾ ॥**
**ਮਾਇਆ ਮੋਹ ਰੰਗਿ ਲਪਟਾਨਾ ॥ ੧ ॥ ਰਹਾਉ ॥**

ਇਕੁਰ ਦਾ ਮੂਰਖ ਹੈ ਜੋ ਅਪਣੇ ਤਰਨ ਦਾ ਸਮਾ ਨਹੀ ਸਮਝਦਾ ਹੈ ਮਾਇਆ ਦੇ ਮੋਹ ਕਰਕੇ ਰੰਗਾਂ ਦੇ ਵਿਸ਼ਿਆਂ ਵਿਚ ਚੰਬੜਿਆ ਹੋਇਆ ਹੈ ॥

**ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥**
**ਸਾਧ ਜਨਾ ਕਾ ਦਰਸੁ ਨ ਡੀਠਾ ॥੨ ॥**

ਜਦੋਂ ਲੋਭ ਨਾਲ ਮਾਇਆ ਦੀਆਂ ਵਾਸ਼ਨਾਂ ਉਠਦੀਆਂ ਹਨ ਉਸ ਵੇਲੇ ਪ੍ਰਸੰਨ ਹੋਕੇ ਫੂਲ ਬੈਠਦਾ ਹੈ ॥ ਸੰਤ ਜਨਾਂ ਦਾ ਦਰਸਨ ਵੀ ਨਹੀਂ ਵੇਖਦਾ ਹੈ

**ਕਬਹੂ ਨ ਸਮਝੈ ਅਗਿਆਨੁ ਗਵਾਰਾ ॥**
**ਬਹੁਰਿ ਬਹੁਰਿ ਲਪਟਿਓ ਜੰਜਾਰਾ ॥ ੧ ॥ ਰਹਾਉ ॥**

ਇਕੁਰ ਦਾ ਇਹ ਬੇ ਸਮਝ, ਮੂਰਖ ਹੈ ਕਦੀ ਵੀ ਨਹੀਂ ਸਮਝਦਾ ਹੈ ਮੁੜ ਮੁੜਕੇ ਜੰਜਾਲ ਵਿਚ ਚੰਬੜਦਾ ਹੈ ॥

**ਬਿਖੈ ਨਾਦ ਕਰਨ ਸੁਨਿ ਭੀਨਾ ॥**
**ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥ ੩ ॥**

*ਇਕ ਪੈ ਦਾ ਅਰਥ ਬਹੁੜੋ, ਫੇਰ ਹੈ ਜਾਂ ਪੈ, ਪੈ, ਮੁੜ ਮੁੜ ਕੇ ਪੈ ਜਾਂਦਾ ਹੈ ਜਦੋਂ ਕੋਈ ਉਠਾਂਦਾ ਹੈ ਕਿ ਉਠ ਸਵੇਰ ਹੋ ਗਿਆ ਹੈ ਤਾਂ ਫਿਰ ਲੰਮਾਂ ਪੈ ਜਾਂਦਾ ਹੈ।

Digitized by Panjab Digital Library | www.panjabdigilib.org

ਵਿਸ਼ਿਆਂ ਦੀ ਅਵਾਜ਼ ਕੰਨਾਂ ਨਾਲ ਸੁਣਕੇ ਅਨੰਦ ਵਿਚ ਭਿੱਜ ਜਾਂਦਾ ਹੈ ਭਾਵ ਖੁਸ਼ੀ ਹੁੰਦਾ ਹੈ ॥ ਪ੍ਰਮੇਸਰ ਦੇ ਜਸ ਨੂੰ ਸੁਣਦਿਆਂ ਹੀ ਮਨ ਵਿਚ ਆਲਸ ਕਰਦਾ ਹੈ ॥

## ਦ੍ਰਿਸਟਿ ਨਾਹੀ ਰੇ ਪੇਖਤ ਅੰਧੇ ॥ ਛੋਡਿ ਜਾਹਿ ਝੂਠੇ ਸਭਿ ਧੰਧੇ ॥ ॥ ੧ ॥ ਰਹਾਉ ॥

ਓਇ ਅੰਨਿਆਂ ਤੂੰ ਵਿਚਾਰ ਦੀ ਨਜ਼ਰ ਨਾਲ ਨਹੀਂ ਵੇਖਦਾ ਹੈਂ, ਸਾਰਿਆਂ ਝੂਠਿਆਂ ਧੰਧਿਆਂ ਨੂੰ ਛਡਕੇ ਚਲਿਆ ਜਾਵੇਂਗਾ ॥

## ਕਹੁ ਨਾਨਕ ਪ੍ਰਭ ਬਖਸ ਕਰੀਜੈ ॥
## ਕਰਿ ਕਿਰਪਾ ਮੋਹਿ ਸਾਧਸੰਗ ਦੀਜੈ ॥ ੪ ॥

ਗੁਰੂ ਜੀ, ਹੇ ਗੁਰੂ ਜੀ ਬਖਸ਼ਸ਼ ਕਰੋ ਕਿਰਪਾ ਕਰਕੇ ਮੈਨੂੰ ਸੰਤਾਂ ਦਾ ਸੰਗ ਦਿਓ ॥

## ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥
## ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥੧ ॥ਰਹਾਉ ॥ ੨ ॥੮ ॥

ਜਦੋਂ ਸੰਤਾਂ ਦੇ ਚਰਨਾਂ ਦੀ ਧੂੜ ਹੋਈਏ ਤੇ ਤਾਂਹੀ ਕੁਛ ਪਾਈਦਾ ਹੈ । ਜਿਸਨੂੰ ਇਹ ਸਮਝ ਆਈ ਹੈ ਉਸਨੇ ਨਾਮ ਦਾ ਜਪ ਲੈਣਾ ਕੀਤਾ ਹੈ ॥

(ਪੱਥਰ ਪੂਜਾ ਵਾਲੇ ਨੂੰ ਉਪਦੇਸ਼ ਹੈ)

## ਸੂਹੀ ਮਹਲਾ ੫

ਪਾਹਣ=ਪੱਥਰ । ਨੀਰ=ਪਾਣੀ । ਬਿਰੋਲੈ=ਰਿੜਕਦਾ ॥

## ਘਰ ਮਹਿ ਠਾਕੁਰੁ ਨਦਰਿ ਨ ਆਵੈ ॥
## ਗਲ ਮਹਿ ਪਾਹਣੁ ਲੈ ਲਟਕਾਵੈ ॥ ੧ ॥

ਜੇਹੜਾ ਪ੍ਰਮੇਸਰ ਦਿਲ ਵਿਚ ਹੈ ਓਹ ਨਜ਼ਰ ਨਹੀਂ ਆਉਂਦਾ ਹੈ । ਪੱਥਰ ਨੂੰ ਗਲ ਵਿਚ ਲੈਕੇ ਲਮਕਾ ਲੈਂਦਾ ਹੈ ॥

## ਭਰਮੇ ਭੂਲਾ ਸਾਕਤੁ ਫਿਰਤਾ ॥
## ਨੀਰੁ ਬਿਰੋਲੈ ਖਪਿ ਖਪਿ ਮਰਤਾ ॥ ੧ ॥ ਰਹਾਉ ॥

ਮਾਇਆ ਦਾ ਉਪਾਸ਼ਕ ਭਰਮ ਵਿਚ ਭੁਲਾ ਹੋਇਆ ਫਿਰਦਾ ਹੈ। ਪਾਣੀ ਨੂੰ ਰਿੜਕਦਾ ਹੈ ਭਾਵ ਬ੍ਰਿਅਰਥ ਕੰਮ ਕਰਦਾ ਹੈ ਅਤੇ ਖਪ ਖਪ ਕੇ ਮਰਦਾ ਹੈ ॥

Digitized by Panjab Digital Library | www.panjabdigilib.org

ਜਿਸੁ ਪਾਹਣ ਕਉ ਠਾਕੁਰੁ ਕਹਤਾ ॥
ਓਹੁ ਪਾਹਣੁ ਲੈ ਉਸ ਕਉ ਡੁਬਤਾ ॥ ੨ ॥

ਜਿਸ ਪੱਥਰ ਨੂੰ ਇਹ ਪ੍ਰਮੇਸਰ ਆਖਦਾ ਹੈ ਓਹ ਪੱਥਰ ਇਸਨੂੰ ਲੈਕੇ ਡੁਬ ਜਾਂਦਾ ਹੈ ਭਾਵ ਜੇਹੜਾ ਪੱਥਰ ਪੂਜ ਹੋਵੇ ਜੇ ਉਸਦੇ ਗਲ ਨਾਲ ਪੱਥਰ ਬੰਨਕੇ ਪਾਣੀ ਵਿਚ ਸੁਟ ਦੇਈਏ ਤਾਂ ਪੱਥਰ ਉਸ ਆਦਮੀ ਨੂੰ ਡੋਬ ਦੇਂਦਾਹੈ ਤਾਂ ਫਿਰ ਕੀ ਲਾਭ ਹੋਇਆ।

ਗੁਨਹਗਾਰ ਲੂਣ ਹਰਾਮੀ ॥
ਪਾਹਣ ਨਾਵ ਨ ਪਾਰ ਗਿਰਾਮੀ ॥ ੩ ॥

ਹੇ ਗੁਨਾਹਗਾਰ, ਹੇ ਲੂਣ ਹਰਾਮ ਤੂੰ ਪੱਥਰ ਦੀ ਬੇੜੀ ਉਤੇ ਚੜ੍ਹਕੇ ਕਿਸ-ਤਰਾਂ ਸੰਸਾਰ ਸਮੁੰਦਰ ਤੋਂ ਪਾਰ ਹੋਵੇਂਗਾ। ਭਾਵ ਨਹੀਂ ਪਾਰ ਹੋਵੇਂਗਾ । ਗਰਾਮੀ=ਪਿੰਡ ਭਾਵ ਸੰਸਾਰ ॥

ਗੁਰੁ ਮਿਲਿ ਨਾਨਕ ਠਾਕੁਰੁ ਜਾਤਾ ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥ ੪ ॥ ੩ ॥ ੯ ॥

ਗੁਰੂ ਨਾਲ ਮਿਲਕੇ ਪ੍ਰਮੇਸਰ ਨੂੰ ਜਾਣਿਆ ਹੈ । ਜਲਾਂ, ਥਲਾਂ, ਧਰਤੀ, ਅਕਾਸ਼ ਵਿਚ ਪੂਰਨ ਪ੍ਰਮੇਸਰ ਜੋ ਸਾਰਿਆਂ ਆਦਮੀਆਂ ਦਾ ਨਬੇੜਾ ਕਰਨ ਵਾਲਾ ਹੈ ਉਸ ਨੂੰ ਮੈਂ ਵੇਖਿਆ ਹੈ ਭਾਵ ਹਰ ਥਾਂ ਪ੍ਰਮੇਸਰ ਹੈ ॥

## ਸੂਹੀ ਮਹਲਾ ੫

ਲਾਲਨ=ਪਿਆਰਾ ਮਾਲਕ । ਰਾਵਿਆ=ਭੋਗਿਆ । ਗਤੀ=ਚਾਲ, ਰੀਤੀ । ਸੂਹਬ=ਲਾਲ । ਮਲੋਵਉ=ਮਲਾਂ । ਭਤੀਰੀ=ਧੀਰੀ । ਪਠਾਵਹੁ=ਘਲੋ । ਤਤੀਰੀ=ਓਥੇ । ਹਤੀ=ਨਾਸ ॥

ਲਾਲਨੁ ਰਾਵਿਆ ਕਵਨ ਗਤੀਰੀ ॥
ਸਖੀ ਬਤਾਵਹੁ ਮੁਝਹਿ ਮਤੀ ਰੀ ॥ ੧ ॥

ਤੂੰ ਪਿਆਰਾ ਕਿਸ ਰੀਤ ਨਾਲ ਭੋਗਿਆ ਹੈ ॥ ਹੇ ਸਖੀ ਓਹ ਸਿਖਿਆ ਮੈਨੂੰ ਵੀ ਦੱਸ ॥

ਸੂਹਬ ਸੂਹਬ ਸੂਹਵੀ ॥
ਅਪਨੇ ਪ੍ਰੀਤਮ ਕੈ ਰੰਗਿ ਰਤੀ ॥ ੧ ॥ ਰਹਾਉ ॥

ਲਾਲ ਲਾਲ ਬਹੁਤ ਲਾਲੀ ਵਾਲੀ ਹੈ ਜੋ ਆਪਣੇ ਮਾਲਕ ਦੇ ਪ੍ਰੇਮ ਵਿਚ ਰਤੀ ਹੋਈ ਹੈ ॥

Digitized by Panjab Digital Library | www.panjabdigilib.org

**ਪਾਵ ਮਲੋਵਹੁ ਸੰਗਿ ਨੈਨ ਭਤੀਰੀ ॥**
**ਜਹਾ ਪਠਾਵਹੁ ਜਾਉ ਤਤੀਰੀ ॥੨॥**

ਅਖਾਂ ਦੀ ਧੀਰੀ ਨਾਲ ਤੇਰੇ ਪੈਰਾਂ ਨੂੰ ਮਲਦੀ ਹਾਂ ॥ ਜਿਥੇ ਘਲੇਂਗੀ ਓਥੇ ਹੀ ਜਾਵਾਂਗੀ ॥

**ਜਪ ਤਪ ਸੰਜਮ ਦੇਉ ਜਤੀ ਰੀ ॥**
**ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ ਰੀ ॥੩॥**

ਜਪ ਤਪ ਇੰਦ੍ਰੀਆਂ ਨੂੰ ਰੋਕਣਾ ਅਤੇ ਜਤ ਵੀ ਦੇ ਦਿਆਂ ਭਾਵ ਇਹਨਾਂ ਚੰਗਿਆਂ ਕੰਮਾਂ ਦਾ ਹੰਕਾਰ ਛਡ ਦਿਆਂਗੀ ॥ ਹੇ ਸਖੀ ਮੈਨੂੰ ਪ੍ਰਾਣਾਂ ਦਾ ਮਾਲਕ ਪਤੀ ਇਕ ਅੱਖਾਂ ਦੇ ਫਰਕਣ ਜਿਤਨਾ ਚਿਰ ਮਿਲਾ ਦੇਹ ॥

**ਮਾਣੁ ਤਾਣੁ ਅਹੰਬੁਧਿ ਹਤੀ ਰੀ ॥**
**ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥**

ਫਿਰ ਚੰਗੀ ਸਖੀ ਆਖਦੀ ਹੈ ਜਿਸਨੇ ਮਾਨ, ਬਲ, ਹੰਕਾਰ ਵਾਲੀ ਅਕਲ ਨਾਸ ਕੀਤੀ ਹੈ। ਗੁਰੂ ਜੀ, ਓਹ ਇਸਤ੍ਰੀ ਸੁਹਾਗ ਵਾਲੀ ਭਾਵ ਮਾਲਕ ਵਾਲੀ ਹੈ॥

## ਸੂਹੀ ਮਹਲਾ ੫

**ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ॥**
**ਤੁਝਹੀ ਪੇਖਿ ਪੇਖਿ ਮਨੁ ਸਾਧਾਰਾ ॥੧॥**

ਹੇ ਪ੍ਰਮੇਸਰ ਮੇਰੇ ਮਾਲਕਾ ਤੂੰ ਮੇਰੇ ਜੀਵਾਉਣ ਵਾਲਾ ਹੈਂ ਅਤੇ ਤੂੰ ਮੇਰੇ ਪ੍ਰਾਣਾਂ ਦਾ ਆਸਰਾ ਹੈਂ ॥ ਤੈਨੂੰ ਵੇਖ ਵੇਖ ਕੇ ਮਨ ਸਹਿਤ ਆਸਰੇ ਦੇ ਹੁੰਦਾ ਹੈ ॥

**ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥**
**ਚਿਤਹਿ ਨ ਬਿਸਰਹਿ ਕਾਹੂ ਬੇਰਾ ॥੧॥ ਰਹਾਉ ॥**

ਤੂੰ ਮੇਰਾ ਸੱਜਣ ਹੈਂ ਤੂੰ ਮੇਰਾ ਪਿਆਰਾ ਹੈਂ। ਕਿਸੇ ਵੇਲੇ ਵੀ ਚਿਤ ਤੋਂ ਨ ਭੁਲ ॥

**ਬੈਖਰੀਦੁ ਹਉ ਦਾਸਰੋ ਤੇਰਾ ॥**
**ਤੂੰ ਭਾਰੋ ਠਾਕੁਰੁ ਗੁਣੀਗਹੇਰਾ ॥੨॥**

ਮੈਂ ਮੁਲ ਖਰੀਦਿਆ ਹੋਇਆ ਤੇਰਾ ਦਾਸ ਹਾਂ ॥ ਤੂੰ ਮੇਰਾ ਭਾਰਾ ਮਾਲਕ ਗੁਣਾਂ ਦਾ ਸਮੁੰਦਰ ਹੈਂ ॥

Digitized by Panjab Digital Library | www.panjabdigilib.org

ਕੋਟਿ ਦਾਸ ਜਾਕੈ ਦਰਬਾਰੇ ॥
ਨਿਮਖ ਨਿਮਖ ਵਸੈ ਤਿਨ ਨਾਲੇ ।੩॥

ਕ੍ਰੋੜਾਂ ਹੀ ਦਾਸ ਜਿਸ ਤੇਰੇ ਦਰਬਾਰ ਵਿਚ ਹਨ ਅਤੇ ਤੂੰ ਪਲ ੨ ਓਨਾਂ ਦੇ ਨਾਲ ਵੱਸਦਾ ਹੈਂ ॥

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥੧੧॥

ਮੈ ਕੁਛ ਨਹੀ ਤਾਂ ਸਭ ਕੁਛ ਤੇਰਾ ਹੀ ਹੈ ॥ ਗੁਰੂ ਜੀ, ਤਾਣੇ ਪੇਟੇ ਵਾਂਗ ਸਾਰਿਆਂ ਨਾਲ ਤੇਰਾ ਵਾਸਾ ਹੈ ॥

(ਪ੍ਰਮੇਸਰ ਤੇ ਸਤਸੰਗ ਦੀ ਮਹਿਮਾ)

ਸੂਹੀ ਮਹਲਾ ੫

ਸੂਖ ਮਹਲ ਜਾਕੇ ਊਚ ਦੁਆਰੇ ॥
ਤਾਮਹਿ ਵਾਸਹਿ ਭਗਤ ਪਿਆਰੇ ॥੧॥

ਪ੍ਰਮੇਸਰ ਦਾ ਮਹਿਲ ਸੁਖ ਵਾਲਾ ਹੈ ਅਤੇ ਉਸਦੇ ਸਤਸੰਗ ਦੁਆਰੇ ਉਚੇ ਭਾਵ ਚੰਗੇ ਹਨ ॥ ਉਸ ਸਤ ਸੰਗ ਦੇ ਵਿੱਚ ਪਿਆਰੇ ਭਗਤ ਵੱਸਦੇ ਹਨ ॥

ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ।

ਪ੍ਰਮੇਸਰ ਦੀ ਕਥਾ ਬਹੁਤ ਹੀ ਮਿੱਠੀ ਹੈ ਜੋ ਸਤਸੰਗ ਵਿਚ ਹੁੰਦੀ ਹੈ॥ ਓਹ ਸਾਧ ਸੰਗਤ ਕਿਸੇ ਵਿਰਲੇ ਨੇ ਹੀ ਅੱਖਾਂ ਨਾਲ ਵੇਖੀ ਹੈ॥

ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥੨॥

ਉਸ ਸਾਧ ਸੰਗਤ ਵਿਚ ਪ੍ਰਮੇਸਰ ਦੇ ਗੀਤ ਗਾਈਦੇ ਹਨ ਅਤੇ ਵਾਜੇ ਵੱਜਦੇ ਹਨ ਅਤੇ ਨਾਲ ਹੀ ਅਖਾਰੇ=ਜੋੜ ਮੇਲੇ ਹੁੰਦੇ ਹਨ ॥ ਉਸ ਥਾਂ ਵਿਚ ਸੰਤ ਪ੍ਰਮੇਸਰ ਨਾਲ ਪ੍ਰੇਮ ਕਰਦੇ ਹਨ॥

ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥
ਸਾਚਨਾਮ ਕੀ ਅੰਮ੍ਰਿਤ ਵਰਖਾ ॥੩॥

Digitized by Panjab Digital Library | www.panjabdigilib.org

ਸੱਚੇ ਨਾਮ ਅੰਮ੍ਰਿਤ ਦੀ ਵਰਖਾ ਹੋਣ ਨਾਲ ਉਸ ਥਾਂ ਵਿਚ ਮਰਨ, ਜੀਵਣ, ਸੋਗ, ਹਰਖ ਇਹ ਵਿਕਾਰ ਨਹੀ ਹਨ ॥

ਗੁਹਜ ਕਥਾ ਇਹ ਗੁਰ ਤੇ ਜਾਣੀ ॥
ਨਾਨਕੁ ਬੋਲੈ ਹਰਿ ਹਰਿ ਬਾਣੀ ।੪।੬॥੧੨॥

ਇਹ ਛਿਪੀ ਹੋਈ ਕਥਾ ਗੁਰੂ ਦੀ ਕਿਰਪਾ ਨਾਲ ਜਾਣੀ ਹੈ। ਗੁਰੂ ਜੀ,ਅਸੀਂ ਹਰਵੇਲੇ ਵਾਹਿਗੁਰੂ ੨ ਏਹੋ ਹੀ ਬਾਣੀ ਬੋਲਦੇ ਹਾਂ ।

## ਸੂਹੀ ਮਹਲਾ ੫

ਜਾਕੈ ਦਰਸਿ ਪਾਪ ਕੋਟਿ ਉਤਾਰੇ ॥
ਭੇਟਤ ਸੰਗਿ ਇਹੁ ਭਵਜਲੁ ਤਾਰੇ ॥ ੧ ॥

ਜਿਸਦੇ ਦਰਸਨ ਨਾਲ ਕ੍ਰੋੜਾਂ ਜਨਮਾਂ ਦੇ ਪਾਪ ਉਤਾਰੇ ਜਾਂਦੇ ਹਨ ॥ ਜੇ ਓਨਾਂ ਦੀ ਸਤ ਸੰਗਤ ਵਿਚ ਮਿਲ ਜਾਵੇ ਤਾਂ ਓਹ ਸੰਸਾਰ ਤੋਂ ਤਾਰ ਦੇਂਦੇ ਹਨ ॥

ਓਇ ਸਾਜਨ ਓਇ ਮੀਤ ਪਿਆਰੇ ॥
ਜੋ ਹਮ ਕਉ ਹਰਿਨਾਮੁ ਚਿਤਾਰੇ ॥ ੧ ॥ ਰਹਾਉ ॥

ਓਹੋ ਸਜਣ ਹਨ ਓਹੋ ਹੀ ਪਿਆਰੇ ਮਿੱਤ੍ਰ ਹਨ॥ ਜੋ ਸਾਨੂੰ ਪ੍ਰਮੇਸਰ ਦਾ ਨਾਮ ਚੇਤੇ ਕਰਾਉਣ ॥

ਜਾਕਾ ਸਬਦੁ ਸੁਨਤ ਸੁਖ ਸਾਰੇ ॥
ਜਾਕੀ ਟਹਲ ਜਮਦੂਤ ਬਿਦਾਰੇ ॥ ੨ ॥

ਜਿਸਦਾ ਉਪਦੇਸ਼ ਸੁਣਦਿਆਂ ਹੀ ਸਾਰੇ ਸੁਖ ਮਿਲਦੇ ਹਨ। ਜਿਸਦੀ ਸੇਵਾ ਨਾਲ ਜਮਦੂਤ ਮਾਰੇ ਜਾਂਦੇ ਹਨ॥

ਜਾਕੀ ਧੀਰਕ ਇਸੁ ਮਨਹਿ ਸਧਾਰੇ ॥
ਜਾਕੈ ਸਿਮਰਨਿ ਮੁਖ ਉਜਲਾਰੇ ॥ ੩ ॥

ਜਿਸਦੀ ਧੀਰਜ ਦਿਤੀ ਹੋਈ ਇਸ ਮਨ ਨੂੰ ਆਸਰੇ ਦੇ ਸਹਿਤ ਕਰਦੀ ਭਾਵ ਆਸਰਾ ਹੋ ਜਾਂਦਾ ਹੈ ॥ ਜਿਨਾਂ ਦੇ ਯਾਦ ਕਰਨ ਨਾਲ ਮੂੰਹ ਉਜਲਾ ਹੁੰਦਾ ਹੈ।

ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥
ਸਰਣਿ ਨਾਨਕ ਤਿਨ ਸਦ ਬਲਿਹਾਰੇ ॥ ੪ ॥ ੭ ॥ ੧੩ ॥

Digitized by Panjab Digital Library | www.panjabdigilib.org

ਜੇਹੜੇ ਮਾਲਕ ਦੇ ਦਾਸ ਹਨ ਓਹ ਮਾਲਕ ਨੇ ਆਪ ਸਵਾਰੇ ਹਨ ॥
ਗੁਰੂ ਜੀ, ਮੈਂ ਓਨਾਂ ਦੀ ਸਰਨ ਹੋਕੇ ਸਦਾ ਬਲਿਹਾਰ ਜਾਂਦਾ ਹਾਂ ॥

## ਸੂਹੀ ਮਹਲਾ ੫

ਰਹਣ ਨ ਪਾਵਹਿ ਸੁਰਿ ਨਰ ਦੇਵਾ ॥
ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥ ੧ ॥

ਦੇਵਤੇ ਅਤੇ ਰਾਜੇ ਰਹਿਣਾਂ ਨਹੀ ਪਾਂਦੇ ਹਨ। ਮੁਨੀ ਜਨ ਵੀ ਸੇਵਾ ਕਰਕੇ ਉਠ ਜਾਂਦੇ ਹਨ ॥

ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ ॥
ਸਾਧਸੰਗਿ ਤਿਨੀ ਦਰਸਨੁ ਪਾਇਆ ॥ ੧ ॥ ਰਹਾਉ ॥

ਜਿਨਾਂ ਨੇ ਤੇਰੀ ਸਾਧ ਸੰਗਤ ਦਾ ਦਰਸਨ ਪਾਇਆ ਹੈ ॥ ਓਨਾਂ ਨੇ ਪ੍ਰਮੇਸਰ ਦੇ ਨਾਮ ਨੂੰ ਧਿਆਇਆ ਹੈ ਅਤੇ ਓਹੋ ਹੀ ਆਦਮੀ ਜੀਉਂਦੇ ਦੇਖੀਦੇ ਹਨ ॥

ਬਾਦਿਸਾਹ ਸਾਹ ਵਾਪਾਰੀ ਮਰਨਾ ॥
ਜੋ ਦੀਸੈ ਸੋ ਕਾਲਹਿ ਖਰਨਾ ॥ ੨ ॥

ਬਾਦਸ਼ਾਹ, ਸ਼ਾਹੂਕਾਰ, ਵਪਾਰੀ ਸਾਰਿਆਂ ਨੇ ਮਰਨਾ ਹੈ। ਜੋ ਕੁਛ ਦੀਹਦਾ ਹੈ ਸਭ ਨੂੰ ਕਾਲ ਨੇ ਲੈ ਜਾਣਾ ਹੈ ॥

ਕੂੜੈ ਮੋਹਿ ਲਪਟਿ ਲਪਟਾਨਾ ॥
ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥ ੩ ॥

ਝੂਠੇ ਸਰਬੰਧੀਆਂ ਦੇ ਮੋਹ ਦੀ ਲਪਟਿ=ਵਾਸ਼ਨਾ ਵਿਚ ਚੰਬੜਿਆ ਹੋਇਆ ਹੈ ਜ ਬਹੁਤ ਹੀ ਲੰਪਟ ਹੋਕੇ ਬੱਧਾ ਹੋਇਆ ਹੈ ॥ ਓੜਕ ਨੂੰ ਜਦੋਂ ਛਡਕੇ ਚਲਿਆ ਜਾਂਦਾ ਹੈ ਤਾਂ ਬੜਾ ਪੱਛਾਤਾਪ ਕਰਦਾ ਹੈ ॥

ਕ੍ਰਿਪਾਨਿਧਾਨ ਨਾਨਕ ਕਉ ਕਰਹੁ ਦਾਤਿ ॥
ਨਾਮੁ ਤੇਰਾ ਜਪੀ ਦਿਨੁ ਰਾਤਿ ॥ ੪ ॥ ੮ ॥ ੧੪ ॥

ਗੁਰੂ ਜੀ, ਹੇ ਕ੍ਰਿਪਾਨਿਧੀ ਪ੍ਰਮੇਸਰ ਮੈਨੂੰ ਇਹ ਦਾਤ ਕਰ ॥ ਜ ਤੇਰਾ ਨਾਮ ਦਿਨ ਰਾਤ ਜਪਾਂ ॥

Digitized by Panjab Digital Library | www.panjabdigilib.org

(ਆਪਣਾ ਨਿਸਚਾ ਤੇ ਸਨਮੁਖ ਬੇਨਤੀ)

## ਸੂਹੀ ਮਹਲਾ ੫

**ਘਟ ਘਟ ਅੰਤਰਿ ਤੁਮਹਿ ਬਸਾਰੇ ॥**
**ਸਗਲ ਸਮਗ੍ਰੀ ਸੂਤਿ ਤੁਮਾਰੇ ॥ ੧ ॥**

ਤੁਸੀ ਸਾਰਿਆਂ ਦਿਲਾਂ ਅੰਦਰ ਵੱਸਦੇ ਹੋ ॥ ਸਾਰੀ ਸੰਸਾਰ ਰੂਪ ਸਮੱਗ੍ਰੀ ਤੁਹਾਡੀ ਚੇਤਨ ਸੱਤਾ ਰੂਪ ਸੂਤ੍ਰ ਦੇ ਆਸਰੇ ਹੈ ਭਾਵ ਪਰੋਈ ਹੋਈ ਹੈ ॥

**ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥**
**ਤੁਮਹੀ ਪੇਖਿ ਪੇਖਿ ਮਨੁ ਬਿਗਸਾਰੇ ॥ ੧ ॥ ਰਹਾਉ ॥**

ਤੂੰ ਪਿਆਰਾ ਹੈਂ ਤੂੰ ਪ੍ਰਾਣਾਂ ਦਾ ਆਸਰਾ ਹੈਂ । ਆਪ ਨੂੰ ਵੇਖ ੨ ਕੇ ਮਨ ਬੜਾ ਪ੍ਰਸੰਨ ਹੁੰਦਾ ਹੈ ॥

**ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥**
**ਓਟ ਗਹੀ ਅਬ ਸਾਧ ਸੰਗਾਰੇ ॥ ੨ ॥**

ਭਰਮ ਦੇ ਭਰਮਾਏ ਹੋਏ ਅਨੇਕਾਂ ਜੂਨੀਆਂ ਵਿਚ ਭਰਮ ਦੇ ਹਾਰ ਗਏ ਹਾਂ ਇਹ ਵਿਚਾਰਕੇ ਹੁਣ ਸਾਧ ਸੰਗਤ ਦੀ ਓਟ ਫੜੀ ਹੈ ॥

**ਅਗਮ ਅਗੋਚਰ ਅਲਖ ਅਪਾਰੇ ॥**
**ਨਾਨਕ ਸਿਮਰੈ ਦਿਨੁ ਰੈਨਾਰੇ ॥ ੩ ॥ ੯ ॥ ੧੫ ॥**

ਅਪੁੱਜ,ਨ ਦਿਸਣ ਵਾਲਾ, ਨ ਵੇਖਿਆ ਜਾਣ ਵਾਲਾ ਬਿਅੰਤ ਵਡਾ ਹੈ । ਗੁਰੂ ਜੀ, ਮੈਂ ਦਿਨ ਰਾਤ ਉਸ ਦਾ ਸਿਮਰਨ ਕਰਦਾ ਹਾਂ ॥

## ਸੂਹੀ ਮਹਲਾ ੫

**ਕਵਨ ਕਾਜ ਮਾਇਆ ਵਡਿਆਈ ॥**
**ਜਾਕਉ ਬਿਨਸਤ ਬਾਰ ਨ ਕਾਈ ॥ ੧ ॥**

ਮਾਇਆ ਦੀ ਵਡਿਆਈ ਕਿਸ ਕੰਮ ਹੈ ॥ ਜਿਸ ਨੂੰ ਨਾਸ ਹੁੰਦਿਆਂ ਕੋਈ ਦੇਰੀ ਨਹੀਂ ਲਗਦੀ ਹੈ ॥

**ਇਹ ਸੁਪਨਾ ਸੋਵਤੁ ਨਹੀ ਜਾਨੈ ॥**
**ਅਚੇਤ ਬਿਵਸਥਾ ਮਹਿ ਲਪਟਾਨੈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਇਹ ਜਗ ਝੂਠਾ ਹੈ ਬੇਸਮਝ ਆਦਮੀ ਸੁਤੇ ਹੋਏ ਇਹ ਨਹੀ ਜਾਣਦੇ ਹਨ। ਮੂਰਖਤਾਈ ਦੀ ਹਾਲਤ ਕਰਕੇ ਸੰਸਾਰ ਵਿਚ ਚੰਬੜੇ ਹੋਏ ਹਨ॥

ਮਹਾ ਮੋਹਿ ਮੋਹਿਓ ਗਾਵਾਰਾ॥
ਪੇਖਤ ਪੇਖਤ ਊਠਿ ਸਿਧਾਰਾ॥ ੨ ॥

ਮਹਾਂ ਮੋਹ=ਅਗਿਆਨ ਦਾ ਮੋਹਿਆ ਹੋਇਆ ਮੂਰਖ ਵੇਖਦਿਆਂ ਹੀ ਉਠਕੇ ਚਲਿਆ ਜਾਂਦਾ ਹੈ॥

ਊਚ ਤੇ ਊਚ ਤਾਕਾ ਦਰਬਾਰਾ॥
ਕਈ ਜੰਤ ਬਿਨਾਹਿ ਉਪਾਰਾ॥ ੩॥

ਉਚਿਆਂ ਤੋਂ ਉਚਾ ਜਿਸ ਪ੍ਰਮੇਸ਼ਰ ਦਾ ਦਰਬਾਰ ਉਚਾ ਹੈ॥ ਕਈ ਆਦਮੀ ਉਸਦੇ ਹੁਕਮ ਵਿਚ ਮਰਦੇ ਜੰਮਦੇ ਹਨ॥

ਦੂਸਰ ਹੋਆ ਨਾ ਕੋ ਹੋਈ॥
ਜਪਿ ਨਾਨਕ ਪ੍ਰਭ ਏਕੋ ਸੋਈ॥ ੪ ॥ ੧੦ ॥ ੧੬ ॥

ਉਸ ਪ੍ਰਮੇਸਰ ਵਰਗਾ ਨ ਕੋਈ ਹੋਇਆ ਹੈ ਨ ਕੋਈ ਹੋਵੇਗਾ। ਗੁਰੂ ਜੀ, ਇਕੁਰ ਦਾ ਜੇਹੜਾ ਓਹ ਇਕ ਮਾਲਕ ਹੈ ਉਸਨੂੰ ਜਪੋ॥

## ਸੂਹੀ ਮਹਲਾ ੫

ਸਿਮਰਿ ਸਿਮਰਿ ਤਾਕਉ ਹਉ ਜੀਵਾ॥
ਚਰਨ ਕਮਲ ਤੇਰੇ ਧੋਇ ਧੋਇ ਪੀਵਾ॥ ੧ ॥

ਉਸ ਪ੍ਰਮੇਸਰ ਨੂੰ ਯਾਦ ਕਰਕੇ ਜੀਉਂਦਾ ਹਾਂ॥ ਹੇ ਪ੍ਰਮੇਸਰਾ ਤੇਰੇ ਚਰਨ ਧੋ ਧੋ ਕੇ ਪੀਂਦਾ ਹਾਂ॥

ਸੋ ਹਰਿ ਮੇਰਾ ਅੰਤਰਜਾਮੀ॥
ਭਗਤ ਜਨਾ ਕੈ ਸੰਗਿ ਸੁਆਮੀ॥ ੧। ਰਹਾਉ॥

ਓਹ ਮਾਲਕ ਮੇਰਾ ਅੰਦਰ ਦੀ ਜਾਨਣ ਵਾਲਾ ਹੈ। ਓਹ ਮਾਲਕ ਭਗਤਾਂ ਦੇ ਨਾਲ ਰਹਿਣ ਵਾਲਾ ਹੈ॥

ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ॥
ਆਠ ਪਹਰ ਤੇਰੇ ਗੁਣ ਗਾਵਾ॥ ੨ ॥

Digitized by Panjab Digital Library | www.panjabdigilib.org

ਤੇਰਾ ਨਾਮ ਅੰਮ੍ਰਿਤ ਵਰਗਾ ਮਿੱਠਾ ਸੁਣ ੨ ਕੇ ਯਾਦ ਕਰਦਾ ਹਾਂ । ਹੇ ਪ੍ਰਮੇਸਰਾ ਅੱਠੇ ਪਹਿਰ ਤੇਰੇ ਗੁਣ ਗਾਂਦਾ ਹਾਂ ॥

ਪੇਖਿ ਪੇਖਿ ਲੀਲਾ ਮਨਿ ਆਨੰਦਾ ॥
ਗੁਣ ਅਪਾਰ ਪ੍ਰਭ ਪਰਮਾਨੰਦਾ ॥ ੩ ॥

ਤੇਰੀ ਲੀਲਾ ਨੂੰ ਵੇਖ ਵੇਖਕੇ ਮਨ ਬਹੁਤ ਅਨੰਦ ਹੋਇਆ ਹੈ । ਹੇ ਮਾਲਕ ਪਰਮ ਅਨੰਦ ਸਰੂਪ ਤੇਰੇ ਗੁਣ ਬਿਅੰਤ ਹਨ ॥

ਜਾਕੈ ਸਿਮਰਨਿ ਕਛੁ ਭਉ ਨ ਬਿਆਪੈ ॥
ਸਦਾ ਸਦਾ ਨਾਨਕ ਹਰਿ ਜਾਪੈ । ੪ ॥ ੧੧ ॥ ੧੭ ॥

ਜਿਸ ਮਾਲਕ ਦੇ ਜਪਣ ਨਾਲ ਕੋਈ ਡਰ ਨਹੀਂ ਵਿਆਪਦਾ ਹੈ । ਗੁਰੂ ਜੀ, ਹੇ ਪ੍ਰਮੇਸਰਾ ਅਸੀਂ ਸਦਾ ਤੈਨੂੰ ਜਪਦੇ ਹਾਂ ॥

ਸੂਹੀ ਮਹਲਾ ੫

ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥
ਰਸਨਾ ਜਾਪੁ ਜਪਉ ਬਨਵਾਰੀ ॥ ॥ ੧ ॥

ਗੁਰਾਂ ਦੇ ਬਚਨ ਕਰਕੇ ਰਿਦੇ ਵਿਚ ਧਿਆਨ ਧਾਰਦਾ ਹਾਂ । ਰਸਨਾਂ ਕਰਕੇ ਸੰਸਾਰ ਮਾਲੀ ਦਾ ਜਾਪ ਜਪਦਾ ਹਾਂ ॥

ਸਫਲ ਮੂਰਤਿ ਦਰਸਨ ਬਲਿਹਾਰੀ ॥
ਚਰਣ ਕਮਲ ਮਨ ਪ੍ਰਾਣ ਅਧਾਰੀ ॥ ੧ ॥ ਰਹਾਉ॥

ਪ੍ਰਮੇਸਰ ਦੀ ਮੂਰਤੀ ਦਾ ਸਫਲ ਦਰਸਨ ਹੈ ਇਸ ਲਈ ਬਲਿਹਾਰ ਜਾਂਦਾ ਹਾਂ। ਪ੍ਰਮੇ-ਸਰ ਦੇ ਚਰਨ ਕਮਲ ਮਨ ਤੇ ਪ੍ਰਾਣਾਂ ਦਾ ਆਸਰਾ ਹਨ ॥

ਸਾਧ ਸੰਗਿ ਜਨਮ ਮਰਣ ਨਿਵਾਰੀ ॥
ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥ ੨ ॥

ਸਾਧ ਸੰਗਤ ਕਰਕੇ ਜਨਮ ਮਰਨ ਦੂਰ ਕਰਦਾ ਹਾਂ ॥ ਕੰਨਾਂ ਨਾਲ ਅਮ੍ਰਿਤ ਕਥਾ ਸੁਣਦਾ ਹਾਂ ਮਨ ਨੂੰ ਆਸਰੇ ਵਾਲਾ ਕਰਦਾ ਹਾਂ ॥

ਕਾਮ ਕ੍ਰੋਧ ਲੋਭ ਮੋਹ ਤਜਾਰੀ ॥
ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥ ੩ ॥

Digitized by Panjab Digital Library | www.panjabdigilib.org

ਕਾਮ, ਕ੍ਰੋਧ, ਲੋਭ, ਮੋਹ ਛਡਿਆ ਹੈ ॥ ਨਾਮ ਜਪਣਾ, ਦਾਨ ਦੇਣਾ, ਇਸ-ਨਾਨ ਕਰਨਾ ਇਕੁਰ ਦੇ ਚੰਗਿਆਂ ਕੰਮਾਂ ਨੂੰ ਪੱਕਾ ਕੀਤਾ ਹੈ ॥

**ਕਹੁ ਨਾਨਕ ਇਹੁ ਤਤ ਬੀਚਾਰੀ ॥**
**ਰਾਮ ਨਾਮ ਜਪਿ ਪਾਰਿਉਤਾਰੀ ॥੪॥੧੨॥੧੮॥**

ਗੁਰੂ ਜੀ, ਅਸਾਂ ਤਾਂ ਇਹ ਗਲ (ਸਿੱਟਾ) ਵਿਚਾਰੀ ਹੈ। ਰਾਮ ਨਾਮ ਦਾ ਜਪ ਸੰਸਾਰ ਤੋਂ ਪਾਰ ਉਤਾਰਨ ਵਾਲਾ ਹੈ ॥

(ਜੀਆਂ ਦੇ ਔਗੁਣ ਸਨਮੁਖ ਬੇਨਤੀ)

## ਸੂਹੀ ਮਹਲਾ ੫

**ਲੋਭਿ ਮੋਹਿ ਮਗਨ ਅਪਰਾਧੀ ॥**
**ਕਰਣਹਾਰ ਕੀ ਸੇਵ ਨ ਸਾਧੀ ॥੧॥**

ਅਸੀ ਅਪਰਾਧੀ ਲੋਭ ਮੋਹ ਵਿਚ ਡੁਬੇ ਹੋਏ ਹਾਂ ॥ ਅਸਾਂ ਕਰਨ ਵਾਲੇ ਪ੍ਰਮੇਸਰ ਦੀ ਸੇਵਾ ਨਹੀਂ ਕੀਤੀ ਹੈ ॥

**ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥**
**ਰਾਖਿਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥**

ਹੇ ਮਾਲਕਾ ਤੇਰੇ ਸਾਰੇ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਹਨ। ਮੈਨੂੰ ਨਿਰ ਗੁਣਿਆਰੇ ਨੂੰ ਨਾਮ ਦਾਨ ਦੇਕੇ ਜਨਮ ਮਰਨ ਤੋਂ ਰਖ ਲਓ ॥

**ਤੂੰ ਦਾਤਾ ਪ੍ਰਭ ਅੰਤਰ ਜਾਮੀ ॥**
**ਕਾਚੀ ਦੇਹ ਮਾਨੁਖ ਅਭਿਮਾਨੀ ॥ ੨ ॥**

ਹੇ ਮਾਲਕ ਤੂੰ ਅੰਤਰਜਾਮੀ ਦਾਤਾ ਹੈਂ। ਇਹ ਮਨੁਖ ਕੱਚੀ ਦੇਹ ਵਿਚ ਰਹਿਕੇ ਹੰਕਾਰੀ ਹੋਇਆ ੨ ਹੈ ॥

**ਸੁਆਦ ਬਾਦ ਈਰਖ ਮਦ ਮਾਇਆ ॥**
**ਇਨ ਸੰਗਿ ਲਾਗਿ ਰਤਨਜਨਮੁ ਗਵਾਇਆ ॥੩॥**

ਸੁਆਦ, ਝਗੜੇ, ਈਰਖਾ, ਤੇ ਮਾਇਆ ਦਾ ਹੰਕਾਰ ਇਹਨਾਂ ਦੇ ਨਾਲ ਲਗਕੇ ਅਮੋਲਕ ਜਨਮ ਨੂੰ ਗਵਾਇਆ ਹੈ ॥

**ਦੂਖਭੰਜਨ ਜਗਜੀਵਨ ਹਰਿ ਰਾਇਆ ॥**

Digitized by Panjab Digital Library | www.panjabdigilib.org

ਸਗਲ ਤਿਆਗਿ ਨਾਨਕੁ ਸਰਣਾਇਆ ॥ ੪ ॥ ੧੩ ॥ ੧੯ ॥

ਦੁਖਾਂ ਦੇ ਨਾਸ ਕਰਨ ਵਾਲਾ ਜਗਤ ਦਾ ਜੀਵਾਉਣ ਵਾਲਾ ਪ੍ਰਮੇਸਰ ਰਾਜਾ ॥ ਗੁਰੂ ਜੀ, ਮੈਂ ਤਾਂ ਸਾਰਿਆਂ ਦਾ ਆਸਰਾ ਛੱਡਕੇ ਇਕ ਪ੍ਰਮੇਸਰ ਦੀ ਸ਼ਰਨ ਆਇਆ ਹਾਂ ॥

## ਸੂਹੀ ਮਹਲਾ ੫

ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ।
ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ । ੧ ॥

ਰੂਪ ਨੂੰ ਵੇਖਦਾ ਹੈਂ, ਰਸ ਨੂੰ ਚੱਖਦਾ ਹੈਂ ਮਾੜੀ ਬਾਣੀ ਨੂੰ ਬੋਲਦਾ ਹੈਂ । ਹੇ ਬੇਸਮਝ ਵਿਸ਼ਿਆਂ ਵਲੀ ਬਾਣੀ ਨੂੰ ਸੁਣਦਾ ਹੈਂ ਪ੍ਰਮੇਸਰ ਸਬੰਧੀ ਬਾਣੀ ਨੂੰ ਨਹੀਂ ਸੁਣਦਾ ਹੈਂ ਜਾਂ ਜਾਣ ਬੁਝਕੇ ਤੂੰ ਅੰਨਿਆਂ ਵਾਲੇ ਕੰਮ ਕਰਦਾ ਹੈਂ ਇਸ ਲਈ ਤੂੰ ਅੰਨਾ ਆਖੀਦਾ ਹੈਂ, ਸੁਣਦਾ ਤੇ ਹੈਂ ਪਰ ਸੁਣਦਾ ਨਹੀਂ ਹੈ ਭਾਵ ਲੋਕਾਂ ਨੂੰ ਮਰਦਿਆਂ ਵੇਖਦਾ ਹੈ ਅਤੇ ਪਿਛਲੇ ਲੋਕਾਂ ਤੋਂ ਮਰਣਾ ਸੁਣਦਾ ਵੀ ਹੈਂ ਪਰ ਨਿਸਚੇ ਨਹੀਂ ਕਰਦਾ ਹੈਂ ॥ ਜੇਹੜਾ ਪ੍ਰਮੇਸਰ ਜਾਂ ਕਾਲ ਨੇੜੇ ਵੱਸਦਾ ਹੈ ਉਸਨੂੰ ਤੂੰ ਦੂਰ ਜਾਣਦਾ ਹੈਂ ਹੇ ਪਾਪੀ ਤੂੰ ਪਾਪ ਹੀ ਕਮਾਂਦਾ ਹੈਂ ।

ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥
ਹਰਿ ਹਰਿ ਨਾਮੁ ਜਪਿ ਅੰਮ੍ਰਿਤਬਾਨੀ ॥ ੧ ॥ ਰਹਾਉ ॥

ਹੇ ਆਦਮੀ ਤੂੰ ਓਹ ਜਤਨ ਕਰ ਜਿਸ ਕਰਕੇ ਤੂੰ ਸੰਸਾਰ ਦੇ ਬੰਧਨਾਂ ਤੋਂ ਛੁਟ ਜਾਵੇਂ (ਜੀਵ ਨੇ ਪੁਛਿਆ ਮੈਂ ਕੀ ਕਰਾਂ) । ਉਤਰ-ਪ੍ਰਮੇਸਰ ਦੇ ਨਾਮ ਅੰਮ੍ਰਿਤ ਨੂੰ ਬਾਣੀ ਕਰਕੇ ਜਪ ॥

ਘੋਰ ਮਹਲ ਸਦਾ ਰੰਗਿ ਰਾਤਾ ॥
ਸੰਗਿ ਤੁਮਾਰੈ ਕਛੂ ਨ ਜਾਤਾ ॥ ੨ ॥

ਘੋੜਿਆਂ ਅਤੇ ਪਕਿਆਂ ਮਹੱਲਾਂ ਦੇ ਅਨੰਦ ਵਿਚ ਸਦਾ ਹੀ ਰੰਗਿਆ ਹੋਇਆ ਹੈਂ ॥ ਹੇ ਆਦਮੀ ਤੇਰੇ ਨਾਲ ਤਾਂ ਕੁਛ ਜਾਂਦਾ ਹੀ ਨਹੀਂ ਦੇਖੀਦਾ ਹੇ ॥

ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥
ਅਤਿ ਕੁਚੀਲ ਮਿਲੈ ਜਮਡਾਂਡਾ ॥ ੩ ॥

Digitized by Panjab Digital Library | www.panjabdigilib.org

ਜਿਸਨੂੰ ਤੂੰ ਪੋਚ ੨ ਭਾਵ ਪਾਲ ੨ ਕੇ ਰੱਖਦਾ ਹੈਂ ਇਹ ਸਰੀਰ ਤਾਂ ਮਿੱਟੀ ਦਾ ਭਾਂਡਾ ਹੈ ਭਾਵ ਰਤਾ ਕੁ ਠੋਕਰ ਲਗੀ ਤਾਂ ਟੁਟ ਗਿਆ ਬਹੁਤ ਹੀ ਮੈਲਾ ਹੈ ਮਲ ਮੂਤ ਆਦਿਕ ਮੈਲ ਨਾਲ ਭਰਿਆ ਹੋਇਆ ਹੈ। ਇਸ ਵਿਚ ਲਗਕੇ ਨਾਮ ਵਿਸਾਰਿਆ ਹੈ ਇਸ ਲਈ ਜਮ ਦਾ ਡੰਡਾ ਮਿਲੇਗਾ ਭਾਵ ਡੰਡਾ ਵਜੇਗਾ ॥

ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥
ਮਹਾ ਗਰਤ ਮਹਿ ਨਿਘਰਤ ਜਾਤਾ ॥ ੪ ॥

ਕਾਮ, ਕ੍ਰੋਧ, ਲੋਭ ਮੋਹ, ਨਾਲ ਬੰਨ੍ਹਿਆਂ ਹੋਇਆ ਹੈ। ਵਡਾ ਗਾਹੜਾ ਜੇਹੜਾ ਡੂੰਘਾ ਟੋਇਆ ਸੰਸਾਰ ਹੈ ਇਸ ਵਿਚ ਨਿੱਘਰਦਾ ਜਾਂਦਾ ਹੈ ॥

ਨਾਨਕ ਕੀ ਅਰਦਾਸਿ ਸੁਣੀਜੈ ॥
ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥ ੫ ॥ ੧੪ ॥ ੨੦ ॥

ਗੁਰੂ ਜੀ, ਜੀਵ ਆਖਦਾ ਹੈ ਹੇ ਮਾਲਕ ਮੇਰੀ ਬੇਨਤੀ ਸੁਣ। ਹੇ ਮਾਲਕ ਮੈਂ ਪੱਥਰ ਵਾਂਗ ਡੁਬਦਾ ਹਾਂ ਮੈਨੂੰ ਬਚਾਕੇ ਰਖ ਲੈ ॥

(ਸੰਸਾਰ ਤੋਂ ਤਰਨ ਦਾ ਜਤਨ)

ਸੂਹੀ ਮਹਲਾ ੫
ਜੀਵਤ ਮਰੈ ਬੁਝੈ ਪ੍ਰਭੁ ਸੋਇ ॥
ਤਿਸੁ ਜਨ ਕਰਮਿ ਪਰਾਪਤਿ ਹੋਇ ॥ ੧ ॥

ਜੇਹੜਾ ਸੰਸਾਰ ਵਲੋਂ ਜੀਉਂਦਾ ਹੀ ਮਰਦਾ ਹੈ ਉਸ ਆਦਮੀ ਉਤੇ ਪ੍ਰਮੇਸਰ ਦੀ ਕਿਰਪਾ ਪ੍ਰਾਪਤਿ ਹੁੰਦੀ ਹੈ ਅਤੇ ਓਹੋ ਹੀ ਮਾਲਕ ਨੂੰ ਜਾਣਦਾ ਹੈ ॥

ਸੁਣਿ ਸਾਜਨ ਇਉ ਦੁਤਰੁ ਤਰੀਐ ॥
ਮਿਲਿ ਸਾਧੂ ਹਰਿਨਾਮੁ ਉਚਰੀਐ ॥ ੧ ॥ ਰਹਾਉ ॥

ਹੇ ਮਿਤ੍ਰ, ਸੁਣ ਇਕੁਰ ਔਖੇ ਸੰਸਾਰ ਸਮੁੰਦਰ ਤੋਂ ਤਰੀਦਾ ਹੈ। ਸੰਤਾਂ ਨੂੰ ਮਿਲ ਕੇ ਪ੍ਰਮੇਸਰ ਦਾ ਨਾਮ ਉਚਾਰੀਏ ॥

ਏਕ ਬਿਨਾ ਦੂਜਾ ਨਹੀ ਜਾਨੈ ॥
ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥ ੨ ॥

ਸਿਖ ਇਕ ਪ੍ਰਮੇਸਰ ਤੋਂ ਬਿਨਾ ਦੂਸਰੇ ਨੂੰ ਨ ਜਾਣੇ। ਸਾਰਿਆਂ ਦਿਲਾਂ ਦੇ ਅੰਦਰ

Digitized by Panjab Digital Library | www.panjabdigilib.org

ਪ੍ਰਮੇਸਰ ਨੂੰ ਪਛਾਣੇ ॥

**ਜੋ ਕਿਛੁ ਕਰੈ ਸੋਈ ਭਲ ਮਾਨੈ ॥**
**ਆਦਿ ਅੰਤ ਕੀ ਕੀਮਤਿ ਜਾਨੈ ॥ ੩ ॥**

ਜੋ ਪ੍ਰਮੇਸਰ ਕਰੇ ਉਸਨੂੰ ਭਲਾ ਕਰਕੇ ਮੰਨੇ । ਜੇਹੜਾ ਪ੍ਰਮੇਸਰ ਆਦਿ ਅੰਤ ਹੈ ਉਸਦੀ ਕੀਮਤਿ=ਵਡਿਆਈ ਨੂੰ ਸਮਝੇ ਜਾਂ ਜਿਸਤਰਾਂ ਦਾ ਪ੍ਰਮੇਸਰ ਹੈ ਉਸ ਤਰਾਂ ਦਾ ਉਸ ਨੂੰ ਓਹ ਭਗਤ ਜਾਣਦਾ ਹੈ ॥

**ਕਹੁ ਨਾਨਕ ਤਿਸੁ ਜਨ ਬਲਿਹਾਰੀ ।**
**ਜਾਕੈ ਹਿਰਦ ਵਸਹਿ ਮੁਰਾਰੀ ॥ ੪ ॥ ੧੫ ॥ ੨੧ ॥**

ਗੁਰੂ ਜੀ, ਉਸ ਆਦਮੀ ਦੇ ਮੈਂ ਬਲਿਹਾਰ ਜਾਂਦਾ ਹਾਂ ਜਿਸਦੇ ਅੰਦਰ ਪ੍ਰਮੇਸਰ ਵਸਿਆ ਹੈ ॥

(ਗੁਰੂ ਪ੍ਰਮੇਸਰ ਹੈ)

## ਸੂਹੀ ਮਹਲਾ ੫

**ਗੁਰੁ ਪਰਮੇਸਰੁ ਕਰਣੈਹਾਰੁ ॥**
**ਸਗਲ ਸ੍ਰਿਸਟਿ ਕਉ ਦੇ ਆਧਾਰੁ । ੧ ।**

ਗੁਰੂ ਪ੍ਰਮੇਸਰ ਦੀ ਪ੍ਰਾਪਤੀ ਕਰਨ ਵਾਲਾ ਹੈ। ਸਾਰੀ ਦੁਨੀਆਂ ਨੂੰ ਆਸਰਾ ਦੇਣ ਵਾਲਾ ਹੈ ॥

**ਗੁਰ ਕੇ ਚਰਣ ਕਮਲ ਮਨ ਧਿਆਇ ॥**
**ਦੂਖੁ ਦਰਦੁ ਇਸੁ ਤਨ ਤੇ ਜਾਇ ॥ ੧ ॥ ਰਹਾਉ ॥**

ਹੇ ਭਰਾ ਗੁਰਾਂ ਦੇ ਚਰਨਾਂ ਕਮਲਾਂ ਨੂੰ ਮਨ ਵਿਚ ਯਾਦ ਕਰ ॥ ਤੇਰੇ ਇਸ ਸਰੀਰ ਤੋਂ ਦੁਖ ਦਰਿਦ੍ਰ ਦੂਰ ਹੋ ਜਾਣਗੇ ॥

**ਭਵਜਲਿ ਡੂਬਤ ਸਤਿਗੁਰੁ ਕਾਢੈ ॥**
**ਜਨਮ ਜਨਮ ਕਾ ਟੂਟਾ ਗਾਢੈ ॥ ੨ ॥**

ਸੰਸਾਰ ਸਮੁੰਦਰ ਵਿਚ ਡੁਬਦਿਆਂ ਜੀਆਂ ਨੂੰ ਸਤਿਗੁਰੂ ਕਢਦੇ ਹਨ। ਜੇਹੜਾ ਆਦਮੀ ਜਨਮ ੨ ਦਾ ਵਿਛੜਿਆ ਹੋਇਆ ਹੈ ਓਸਨੂੰ ਪ੍ਰਮੇਸਰ ਨਾਲ ਮਿਲਾ ਦੇਂਦੇ ਹਨ ॥

**ਗੁਰ ਕੀ ਸੇਵਾ ਕਰਹੁ ਦਿਨ ਰਾਤਿ ॥**

Digitized by Panjab Digital Library | www.panjabdigilib.org

ਸੂਖ ਸਹਜ ਮਨਿ ਆਵੈ ਸਾਂਤਿ ॥ ੩ ॥

ਹੇ ਭਰਾਓ ਗੁਰਾਂ ਦੀ ਸੇਵਾ ਦਿਨੇ ਰਾਤ ਕਰੋ ਤੁਹਾਨੂੰ ਸੁਖ ਮਿਲੇਗਾ ਅਤੇ ਮਨ ਵਿਚ ਸ਼ਾਂਤੀ ਆਵੇਗੀ ॥

ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥
ਨਾਨਕ ਗੁਰ ਕਉ ਸਦ ਬਲਿ ਜਾਵੈ ॥ ੪ ॥ ੧੬ ॥ ੨੨ ।

ਪਰ ਸਤਿਗੁਰਾਂ ਦੀ ਚਰਨ ਧੂੜ ਆਦਮੀ ਵਡਿਆਂ ਭਾਗਾਂ ਕਰਕੇ ਪਾਂਦਾ ਹੈ ॥
ਗੁਰੂ ਜੀ, ਗੁਰੂ ਤੋਂ ਸਦਾ ੨ ਬਲਿਹਾਰ ਜਾਵੀਏ ॥

ਸੂਹੀ ਮਹਲਾ ੫

ਗੁਰ ਅਪੁਨੇ ਊਪਰਿ ਬਲਿਜਾਈਐ ॥
ਆਠ ਪਹਰ ਹਰਿ ਹਰਿ ਜਸੁ ਗਾਈਐ ॥ ੧ ॥

ਅਪਣੇ ਗੁਰੂ ਤੋਂ ਬਲਹਾਰ ਜਾਈਏ। ਅਠੇ ਪਹਿਰ ਪ੍ਰਮੇਸਰ ਦਾ ਜਸ ਗਾਈਏ ।'

ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥

ਉਸ ਆਪਣੇ ਮਾਲਕ ਨੂੰ ਯਾਦ ਕਰੋ ॥
ਜੋਹੜਾ ਸਾਰਿਆਂ ਦਿਲਾਂ ਦਾ ਜਾਣੀ ਜਾਣ ਹੈ ॥

ਚਰਣ ਕਮਲ ਸਿਉ ਲਾਗੀ ਪ੍ਰੀਤਿ ॥
ਸਾਚੀ ਪੂਰਨ ਨਿਰਮਲ ਰੀਤਿ ॥ ੨ ॥

ਜਿਨਾਂ ਦੀ ਪ੍ਰਮੇਸਰ ਦੇ ਚਰਨ ਕਮਲਾਂ ਨਾਲ ਪ੍ਰੀਤ ਲਗੀ ਹੈ ॥
ਓਨਾਂ ਦੀ ਸੱਚੀ ਪੂਰਨ ਅਤੇ ਨਿਰਮਲ ਰੀਤੀ ਹੈ ॥

ਸੰਤਪ੍ਰਸਾਦਿ ਵਸੈ ਮਨ ਮਾਹੀ ॥
ਜਨਮ ਜਨਮ ਕੇ ਕਿਲਵਿਖ ਜਾਹੀ ॥ ੩ ॥

ਸੰਤਾਂ ਦੀ ਕਿਰਪਾ ਨਾਲ ਚੰਗੇ ਗੁਣ ਮਨ ਵਿਚ ਵਸਦੇ ਹਨ ॥
ਜਨਮਾਂ ੨ ਦੇ ਪਾਪ ਚਲੇ ਜਾਂਦੇ ਹਨ ॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥

Digitized by Panjab Digital Library | www.panjabdigilib.org

ਨਾਨਕੁ ਮਾਗੈ ਸੰਤਰਵਾਲਾ ॥੪॥੧੭॥ ੨੩॥

ਹੇ ਦੀਨ ਦਿਆਲ ਮਾਲਕ ਕਿਰਪਾ ਕਰ।
ਗੁਰੂ ਜੀ, ਮੈਂ ਸੰਤਾਂ ਦੀ ਧੂੜ ਮੰਗਦਾ ਹਾਂ॥

(ਅਰਦਾਸ)

## ਸੂਹੀ ਮਹਲਾ ੫

ਦਰਸਨੁ ਦੇਖਿ ਜੀਵਾ ਗੁਰ ਤੇਰਾ ॥
ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧ ॥

ਹੇ ਗੁਰੂ ਮੈਂ ਤੇਰਾ ਦਰਸ਼ਨ ਵੇਖਕੇ ਜੀਵਾਂ ਜਾਂ ਜੀਊਂਦਾ ਹਾਂ॥
ਏਸੇ ਲਈ ਹੇ ਮਾਲਕਾ ਮੇਰਾ ਕੰਮ ਪੂਰਾ ਹੋਵੇਗਾ ਭਾਵ ਸੌਰ ਜਾਵੇਗਾ॥

ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥
ਦੇਹਿ ਨਾਮੁ ਕਰਿ ਅਪਣੇ ਚੇਰੇ॥੧ ॥ ਰਹਾਉ ॥

ਹੇ ਮੇਰੇ ਮਾਲਕ ਇਹ ਮੇਰੀ ਬੇਨਤੀ ਸੁਣ।
ਆਪਣੇ ਚੇਲੇ ਜਾਣਕੇ ਸਾਨੂੰ ਆਪਣਾ ਨਾਮ ਦਿਓ॥

ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥
ਗੁਰਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥

ਆਪਣੀ ਸ਼ਰਨ ਵਿਚ ਰਖੋ ਤੁਹਾਨੂੰ ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਜਾਣਿਆ ਹੈ॥

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥
ਚਰਣ ਕਮਲ ਵਸਹਿ ਮੇਰੈ ਚੀਤਾ॥ ੩ ॥

ਹੇ ਮਾਲਕ ਸਾਰਿਆਂ ਦੇ ਦਾਤੇ ਆਪਦੇ ਚਰਨ ਕਮਲ ਮੇਰੇ ਚਿਤ ਵਿਚ ਵੱਸਣ।
ਹੇ ਮੇਰੇ ਮਾਲਕ ਮਿਤ੍ਰ ਮੇਰੀ ਬੇਨਤੀ ਸੁਣ॥

ਨਾਨਕੁ ਏਕ ਕਰੈ ਅਰਦਾਸਿ ॥
ਵਿਸਰੁ ਨਾਹੀ ਪੂਰਨ ਗੁਣਤਾਸ॥ ੪ ॥੧੮॥ ੨੪॥

ਗੁਰੂ ਜੀ, ਮੈਂ ਇਕ ਬੇਨਤੀ ਕਰਦਾ ਹਾਂ।
ਹੇ ਸਾਰਿਆਂ ਵਿਚ ਪੂਰਨ ਗੁਣਾਂ ਦੇ ਸਮੁੰਦਰ ਤੂੰ ਮੈਨੂੰ ਨ ਭੁਲ॥

Digitized by Panjab Digital Library | www.panjabdigilib.org

(ਪ੍ਰਮੇਸਰ ਸਰਬ ਰੂਪ ਹੈ)

## ਸੂਹੀ ਮਹਲਾ ੫

**ਮੀਤੁ ਸਾਜਨੁ ਸੁਤ ਬੰਧਪ ਭਾਈ ॥**
**ਜਤ ਕਤ ਪੇਖਉ ਹਰਿ ਸੰਗਿ ਸਹਾਈ ॥ ੧ ॥**

ਮਿਤ੍ਰ, ਸਜਣ, ਪੁਤ੍ਰ, ਸਰਬੰਧੀ ਭਰਾ ਵਰਗਾ ਪ੍ਰਮੇਸਰ ਹੈ ॥
ਜਿਥੇ ਕਿਥੇ ਵੇਖਦਾ ਹਾਂ ਓਥੇ ਮੇਰੇ ਨਾਲ ਹੋਕੇ ਮੇਰਾ ਸਹਾਈ ਹੁੰਦਾ ਹੈ ॥

**ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥**
**ਸੂਖ ਸਹਜ ਆਨੰਦ ਬਿਸਰਾਮ ॥ ੧ ॥ ਰਹਾਉ ॥**

ਮੇਰੀ ਜਾਤੀ, ਮੇਰੀ ਇਜ਼ਤ, ਧਨ ਵੀ ਪ੍ਰਮੇਸਰ ਦਾ ਨਾਮ ਹੀ ਹੈ ॥
ਜਿਸ ਪ੍ਰਮੇਸਰ ਦੇ ਨਾਮ ਤੋਂ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ ॥
ਹੁਣ ਅਸੀ ਹੋਰਨਾਂ ਨੂੰ ਵੀ ਉਸ ਅਨੰਦ ਵਿਚ ਟਿਕਾਣਾ ਦੇਂਦੇ ਹਾਂ ॥

**ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥**
**ਕੋਟਿ ਆਵਧ ਤਿਸੁ ਬੇਧਤ ਨਾਹਿ ॥ ੨ ॥**

ਜੇਹੜਾ ਪ੍ਰਮੇਸਰ ਦਾ ਜਪ ਹੈ ਇਹ ਅਸਾਂ ਸੰਜੋਅ ਪਹਿਰੀ ਹੈ ॥
ਖੋਟਿਆਂ ਬਚਨਾਂ ਵਰਗੇ ਕਰੋੜਾਂ ਹੀ ਸ਼ਸਤ੍ਰ ਉਸ ਕਰਕੇ ਸਾਨੂੰ ਵਿੰਨ ਦੇ ਨਹੀਂ ਹਨ।

**ਹਰਿ ਚਰਣ ਸਰਣ ਗੜ ਕੋਟ ਹਮਾਰੈ ॥**
**ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥ ੩ ॥**

ਜੇਹੜੀ ਪ੍ਰਮੇਸ਼ਰ ਦੇ ਚਰਨਾਂ ਦੀ ਸ਼ਰਨ ਹੈ ਇਹ ਸਾਡੇ ਕਿਲੇ ਕੋਟ ਹਨ ॥
ਜੇਹੜਾ ਦੁਖਦਾਈ ਜਮ ਹੈ ਸੋ ਸਮਾ ਪਾਕੇ ਓਹ ਸਾਨੂੰ ਮਾਰਦਾ ਨਹੀ ਹੈ॥
॥ ਬਿਦਾਰੈ=ਮਾਰਦਾ ਹੈ ॥

**ਨਾਨਕ ਦਾਸ ਸਦਾ ਬਲਿਹਾਰੀ ॥**
**ਸੇਵਕ ਸੰਤ ਰਾਜਾਰਾਮ ਮੁਰਾਰੀ ॥ ੪ ॥ ੧੯ ॥ ੨੫ ।**

ਗੁਰੂ ਜੀ, ਮੈਂ ਦਾਸ ਉਸਦੇ ਸਦਾ ਬਲਿਹਾਰ ਜਾਂਦਾ ਹਾਂ ॥
ਜਿਸ ਰਾਜਾ ਰਾਮ ਮੁਰਾਰੀ=ਪ੍ਰਮੇਸ਼ਰ ਦੇ ਸੰਤ ਦਾਸ ਹਨ ॥

Digitized by Panjab Digital Library | www.panjabdigilib.org

(ਚੰਗੀ ਸਖੀ ਨਿੱਕੀ ਸਖੀ ਨੂੰ ਉਤਮ ਸਖੀ ਪਾਸ ਜਾਣ ਦਾ ਉਪਦੇਸ਼ ਕਰਦੀ ਹੈ)

## ਸੂਹੀ ਮਹਲਾ ੫

ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥
ਅਨਦ ਬਿਨੋਦਿ ਮੰਗਲ ਸੁਖ ਤਾਹਾ ॥ ੧ ॥

ਗੁਪਾਲ ਮਾਲਕ ਦੇ ਗੁਣ ਰੋਜ ਹੀ ਗਾਈਏ ॥ ਬਹੁਤ ਅਨੰਦ ਸੁਖ, ਤਮਾਸ਼ੇ, ਉਤਸ਼ਾਹ, ਵਿਹਾਰਕ ਸੁਖ ਸਾਰਾ ਓਥੇ ਹੀ ਹੈ ॥

ਚਲੁ ਸਖੀਏ ਪ੍ਰਭੁ ਰਾਵਣ ਜਾਹਾ ॥
ਸਾਧ ਜਨਾ ਕੀ ਚਰਣੀ ਪਾਹਾਂ ॥ ੧ ॥ ਰਹਾਉ ॥

ਹੇ ਸਖੀਏ ਚਲ ਸੰਤਾਂ ਦੀ ਪੈਰੀਂ ਪੈਕੇ ਮਾਲਕ ਦਾ ਅਨੰਦ ਭੋਗਣ ਚਲੀਏ ॥

ਕਰਿ ਬੇਨਤੀ ਜਨ ਧੂਰਿ ਬਾਛਾਹਾ ॥
ਜਨਮ ਜਨਮ ਕੇ ਕਿਲਵਿਖ ਲਾਹਾਂ ॥ ੨ ॥

ਬੇਨਤੀ ਕਰਕੇ ਸੰਤਾਂ ਦੀ ਧੂੜ ਲੋੜੀਏ ॥ ਏਸੇ ਕਰਕੇ ਜਨਮਾਂ ੨ ਦੇ ਪਾਪਾਂ ਨੂੰ ਲਾਹੀਏ ॥

ਮਨੁ ਤਨੁ ਪ੍ਰਾਣ ਜੀਉ ਅਰ ਪਾਹਾ ॥
ਹਰਿ ਸਿਮਰਿ ਸਿਮਰਿ ਮਾਨੁ ਮੋਹ ਕਟਾਹਾ ॥

ਮਨ, ਤਨ, ਪ੍ਰਾਣ, ਜੀਉ ਦੇ ਦੇਈਏ ॥ ਪ੍ਰਮੇਸਰ ਨੂੰ ਯਾਦ ਕਰਕੇ ਮਾਨ ਤੇ ਮੋਹ ਨੂੰ ਕਟੀਏ ॥

ਦੀਨ ਦਇਆਲ ਕਰਹੁ ਉਤਸਾਹਾ ॥
ਨਾਨਕ ਦਾਸ ਹਰਿ ਸਰਣਿ ਸਮਾਹਾ ॥ ੪ ॥ ੨੦ ।੨੬ ।

ਹੇ ਦੀਨ ਦਿਆਲ ਸੰਤੋ ਸਾਡੇ ਘਰ ਇਹ ਉਤਸ਼ਾਹ ਕਰੋ । ਸਾਨੂੰ ਦਾਸਾਂ ਨੂੰ ਪ੍ਰਮੇਸਰ ਦੀ ਸ਼ਰਣ ਵਿਚ ਘੱਲਕੇ ਅਨੰਦ ਦਿਓ ॥

## ਸੂਹੀ ਮਹਲਾ ੫

ਬੈਕੁੰਠ ਨਗਰੁ ਜਹਾ ਸੰਤ ਵਾਸਾ ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥ ੧ ॥

ਜਿਥੇ ਸੰਤ ਵਾਸਾ ਕਰਦੇ ਹਨ ਓਹ ਬੈਕੁੰਠ ਨਗਰ ਹੈ ॥ ਓਹ ਮਾਲਕ ਦੇ

Digitized by Panjab Digital Library | www.panjabdigilib.org

ਚਰਨਾ ਕਮਲਾਂ ਦਾ ਰਿਦੇ ਵਿਚ ਨਿਵਾਸ ਕਰਦੇ ਹਨ ॥

ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥
ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ ਰਹਾਉ ॥

ਹੇ ਮੇਰੇ ਪਿਆਰੇ ਸੁਣ ਹਰ ਤਰਾਂ ਨਾਲ ਤੈਨੂੰ ਸੁਖ ਵਿਖਉਂਦੇ ਹਾਂ ਪ੍ਰਮੇਸਰ ਦੇ ਨਾਮ ਰੂਪ ਅਨੇਕ ਤਰਾਂ ਦੇ ਪੱਕੇ ਭੋਜਨ ਦਾ ਤੈਨੂੰ ਭੋਗ ਲਗਾਂਦੇ ਹਾਂ। ਬਿੰਜਨ-ਭੋਜਨ ॥

ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥
ਅਚਰਜ ਸਾਦ ਤਾਕੇ ਬਰਨੇ ਨ ਜਾਹੀ ॥੨॥

ਸੰਤਾਂ ਨਾਲ ਮਿਲਕੇ ਨਾਮ ਅੰਮ੍ਰਿਤ ਨੂੰ ਮਨ ਵਿਚ ਭੋਗ॥ ਉਸ ਨਾਮ ਅੰਮ੍ਰਿਤ ਦੇ ਅਸਚਰਜ ਸੁਆਦ ਹਨ ਆਖੇ ਨਹੀ ਜਾਂਦੇ ॥

ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥
ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥

ਜਿਨਾਂ ਨੇ ਪ੍ਰਮੇਸਰ ਦੀ ਸ਼ਰਨ ਤੱਕੀ ਹੈ ਓਨਾਂ ਦਾ ਲੋਭ ਮਰ ਗਿਆ ਹੈ ਤ੍ਰਿਸ਼ਨਾਂ। ਦੂਰ ਹੋ ਗਈ ਹੈ, ਮੰਦੀ ਅਕਲ ਥੱਕ ਗਈ ਹੈ॥

ਜਨਮ ਜਨਮ ਕੇ ਭੈ ਮੋਹ ਨਿਵਾਰੇ ॥
ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥

ਗੁਰੂ ਜੀ, ਜਿਨਾਂ ਦਾਸਾਂ ਉਤੇ ਮਾਲਕ ਨੇ ਕਿਰਪਾ ਦੇ ਹੱਥ ਰਖੇ ਹਨ ਓਨਾਂ ਦੇ ਜਨਮਾਂ ਜਨਮਾਂ ਦੇ ਡਰ, ਮੋਹ ਪ੍ਰਮੇਸਰ ਨੇ ਦੂਰ ਕਰ ਦਿਤੇ ਹਨ ॥

(ਸਨਮੁਖ ਬੇਨਤੀ)

## ਸੂਹੀ ਮਹਲਾ ੫

ਸੁਪਨਾ=ਝੂਠਾ ॥

ਅਨਿਕ ਬੀਂਗ ਦਾਸ ਕੇ ਪਰਹਰਿਆ ॥
ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥੧॥

ਅਨੇਕਾਂ ਵਿੰਗ ਦਾਸ ਦੇ ਦੂਰ ਕੀਤੇ ॥ ਹੇ ਮਾਲਕ ਤੂੰ ਕਿਰਪਾ ਕਰਕੇ ਦਾਸ ਨੂੰ ਆਪਣਾ ਬਣਾ ਲਿਆ ॥

ਤੁਮਹਿ ਛਡਾਇ ਲੀਓ ਜਨੁ ਅਪਨਾ ॥

Digitized by Panjab Digital Library | www.panjabdigilib.org

ਉਰਝਿ ਪਰਿਓ ਜਾਲੁ ਜਗੁ ਸੁਪਨਾ ॥ ੧ ॥ ਰਹਾਉ ॥

ਮੈ ਜਗਤ ਦੇ ਝੂਠੇ ਮੋਹ ਜਾਲ ਵਿਚ ਫਸਿਆ ਪਿਆ ਸਾਂ । ਤੁਸਾਂ ਅਪਣਾਂ ਦਾਸ ਜਾਣਕੇ ਜਨਮ ਮਰਨ ਤੋਂ ਛੁਡਾ ਲਿਆ ਹੈ ॥

ਪਰਬਤ ਦੋਖ ਮਹਾ ਬਿਕਰਾਲਾ ॥
ਖਿਨ ਮਹਿ ਦੂਰਿ ਕੀਏ ਦਇਆਲਾ ॥ ੨ ॥

ਜੇਹੜੇ ਪਹਾੜ ਵਾਂਗ ਬਹੁਤ ਵੱਡੇ ਡਰੌਣੇ ਦੋਖ ਸਨ ॥ ਓਹ ਦਿਆਲੂ ਨੇ ਛਿਨ ਵਿਚ ਦੂਰ ਕਰ ਦਿਤੇ ॥

ਸੋਗ ਰੋਗ ਬਿਪਤਿ ਅਤਿ ਭਾਰੀ ॥
ਦੂਰਿ ਭਈ ਜਪਿ ਨਾਮੁ ਮੁਰਾਰੀ ॥ ੩ ॥

ਸੋਗ, ਰੋਗ, ਅਤੇ ਜੋ ਬਹੁਤ ਭਾਰੀ ਬਿਪਤਾ ਸੀ ਪ੍ਰਮੇਸਰ ਦੇ ਨਾਮ ਜਪਣ ਨਾਲ ਦੂਰ ਹੋ ਗਈ ॥

ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥
ਹਰਿ ਚਰਣ ਗਹੇ ਨਾਨਕ ਸਰਣਾਇ ॥ ੪ ॥ ੨੨ ॥ ੨੮ ॥

ਕਿਰਪਾ ਦ੍ਰਿਸ਼ਟੀ ਧਾਰਕੇ ਤੂੰ ਲੜ ਨਾਲ ਲਾ ਲਿਆ । ਗੁਰੂ ਜੀ, ਗੁਰਾਂ ਦੀ ਸ਼ਰਨ ਆਕੇ ਤੇਰੇ ਪੈਰ ਫੜੇ ਹਨ ॥

## ਸੂਹੀ ਮਹਲਾ ੫

ਦੀਨੁ ਛਡਾਇ ਦੁਨੀ ਜੋ ਲਾਏ ॥
ਦੁਹੀ ਸਰਾਈ ਖੁਨਾਮੀ ਕਹਾਏ ॥ ੧ ॥

ਆਪਣੇ ਧਰਮ ਤੋਂ ਛੁਡਾਕੇ ਜੇਹੜੇ ਆਦਮੀ ਮੰਦਿਆਂ ਭਾਗਾਂ ਨੇ ਦੁਨੀਆਂ ਵਿਚ ਲਾਏ ਹਨ ॥ ਓਹ ਦੋਹਾਂ ਸਰਾਵਾਂ ਭਾਵ ਦੋਹਾਂ ਲੋਕਾਂ ਵਲ ਜਾਂ ਦੋਹਾਂ ਲੋਕਾਂ ਵਿਚ ਗੁਨਾਹੀ ਕਹਾਏ ਹਨ ।

ਜੋ ਤਿਸੁ ਭਾਵੈ ਸੋ ਪਰਵਾਣੁ ॥
ਆਪਣੀ ਕੁਦਰਤਿ ਆਪੇ ਜਾਣੁ ॥ ੧ ॥ ਰਹਾਉ ॥

ਜੋ ਪ੍ਰਮੇਸਰ ਨੂੰ ਭਾਂਦਾ ਹੈ ਓਹ ਚੰਗਾ ਹੈ ॥ ਹੇ ਪ੍ਰਮੇਸਰ ਤੂੰ ਆਪਣੀ ਸ਼ਕਤੀ ਨੂੰ ਆਪੇ ਹੀ ਜਾਣਦਾ ਹੈਂ ॥

Digitized by Panjab Digital Library | www.panjabdigilib.org

ਸਚਾ ਧਰਮ ਪੁੰਨੁ ਭਲਾ ਕਰਾਏ ॥
ਦੀਨ ਕੈ ਤੋਸੈ ਦੁਨੀ ਨ ਜਾਏ ॥ ੨ ॥

ਹੇ ਪ੍ਰਮੇਸਰ ਜਿਸ ਪਾਸੋਂ ਤੂੰ ਸਚਾ ਧਰਮ, ਪੁੰਨ, ਭਲਾ ਕੰਮ ਕਰਾਂਦਾ ਹੈਂ। ਧਰਮ ਦਾ ਖਰਚ ਪਲੇ ਬੰਨ੍ਹਣ ਨਾਲ ਓਸਦੀ ਮਾਇਆ ਵੀ ਨਹੀ ਜਾਂਦੀ ਹੈ ਭਾਵ ਪ੍ਰਮੇਸਰ ਦੇ ਪਿਆਰਿਆਂ ਦੇ ਮਗਰ ਮਾਇਆ ਲਗੀ ਫਿਰਦੀ ਹੈ॥

ਸਰਬ ਨਿਰੰਤਰਿ ਏਕੋ ਜਾਗੈ ॥
ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ।੩।

ਸਾਰਿਆਂ ਦੇ ਵਿਚ ਇਕ ਪ੍ਰਮੇਸਰ ਪ੍ਰਕਾਸਦਾ ਹੈ ॥ ਜਿਸ ੨ ਕੰਮ ਵਿਚ ਜੋ ਕੋਈ ਲਗਾਇਆ ਹੈ ਉਸ ੨ ਕੰਮ ਵਿਚ ਓਹ ਕੋਈ ਲਗਾ ਹੈ॥

ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥
ਨਾਨਕ ਬੋਲੈ ਬੋਲਾਇਆ ਤੇਰਾ ॥੪ ॥ ੨੩ ॥ ੨੯ ॥

ਮੇਰਾ ਸਚਾ ਮਾਲਕ ਅਪੁਜ ਤੇ ਬਹੁਤ ਦੂਰ ਹੈ॥
ਗੁਰੂ ਜੀ, ਇਹ ਆਦਮੀ ਤੇਰਾ ਬੁਲਾਇਆ ਬੋਲਦਾ ਹੈ॥

ਸੂਹੀ ਮਹਲਾ ੫ 743

ਪ੍ਰਾਤਹ ਕਾਲਿ ਹਰਿਨਾਮੁ ਉਚਾਰੀ ॥
ਈਤ ਊਤ ਕੀ ਓਟ ਸਵਾਰੀ ॥ ੧ ॥

ਜੇਹੜੇ ਸਵੇਰੇ ਉਠਕੇ ਪ੍ਰਮੇਸਰ ਦੇ ਨਾਮ ਨੂੰ ਉਚਾਰਨ ਵਾਲੇ ਹੋਏ ਹਨ। ਓਹਨਾਂ ਨੇ ਜੇਹੜੀ ਐਧਰ ਓਧਰ ਦੀ ਗਲ ਹੈ ਏਸੇ ਕੰਮ ਕਰਕੇ ਸਵਾਰ ਲਈ ਹੈ।

ਸਦਾ ਸਦਾ ਜਪੀਐ ਹਰਿਨਾਮ ॥
ਪੂਰਨ ਹੋਵਹਿ ਮਨ ਕੇ ਕਾਮ ॥ ੧ ॥ ਰਹਾਉ ॥

ਜੇ ਸਦਾ ਪ੍ਰਮੇਸਰ ਦੇ ਨਾਮ ਨੂੰ ਜਪੀਏ ਤਾਂ ਮਨ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ॥

ਪ੍ਰਭੁ ਅਬਿਨਾਸੀ ਰੈਣਿ ਦਿਨ ਗਾਉ ॥
ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥੨॥

ਜੇਹੜਾ ਮਾਲਕ ਮਰਦਾ ਨਹੀਂ ਹੈ ਰਾਤ ਦਿਨ ਉਸਦੇ ਗੁਣ ਗਾਓ॥
ਇਸ ਲੋਕ ਵਿਚ ਜੀਉਂਦਿਆਂ ਹੀ ਸਦਾ ਰਹਿਣ ਵਾਲਾ ਥਾਂ ਪਾ ਲਈਦਾ ਹੈ।

Digitized by Panjab Digital Library | www.panjabdigilib.org

743



ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥

ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥ ੩ ॥

ਉਸ ਮਾਲਕ ਨੂੰ ਸੇਵ ਜਿਸਦੇ ਘਰ ਕਿਸੇ ਗਲ ਦੀ ਵੋਟ ਨਹੀਂ ਆਉਂਦੀ ਹੈ ਭਾਵ ਉਸਦਾ ਖਜ਼ਾਨਾ ਮੁਕਦਾ ਨਹੀ ਹੈ ॥ ਆਪ ਖਾਂਦਿਆਂ ਹੋਰਨਾਂ ਨੂੰ ਖਵਾਂਦਿਆਂ ਭਾਵ ਉਪਦੇਸ਼ ਕਰਦਿਆਂ ਸਾਰੀ ਉਮਰ ਅਨੰਦ ਨਾਲ ਗੁਜਰਦੀ ਹੈ ॥

ਜਗ ਜੀਵਨ ਪੁਰਖੁ ਸਾਧ ਸੰਗਿ ਪਾਇਆ ॥

ਗੁਰਪ੍ਰਸਾਦਿ ਨਾਨਕ ਨਾਮੁ ਧਿਆਇਆ ॥ ੪॥੨੪॥੩੦ ॥

ਜਦੋਂ ਗੁਰਾਂ ਦੀ ਕਿਰਪਾ ਨਾਲ ਨਾਮ ਧਿਆਇਆ ।
ਤਾਂ ਸਾਧ ਸੰਗਤ ਦੁਆਰਾ ਜਗਤ ਜੀਵਣ ਪਰਮੇਸਰ ਪਾਇਆ ॥

ਸੂਹੀ ਮਹਲਾ ੫

ਗੁਰ ਪੂਰੇ ਜਬ ਭਏ ਦਇਆਲ ॥

ਦੁਖ ਬਿਨਸੇ ਪੂਰਨ ਭਈ ਘਾਲ ।੧॥

ਜਦੋਂ ਪੂਰੇ ਗੁਰੂ ਦਿਆਲੂ ਹੋਏ ।
ਤਾਂ ਮੇਰੀ ਸਾਰੀ ਸੇਵਾ ਸਫਲ ਹੋਈ ਅਤੇ ਦੁਖ ਨਾਸ ਹੋ ਗਏ ।

ਪੇਖਿ ਪੇਖਿ ਜੀਵਾ ਦਰਸੁ ਤੁਮਾਰਾ ॥

ਚਰਣ ਕਮਲ ਜਾਈ ਬਲਿਹਾਰਾ ॥

ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥੧॥ ਰਹਾਉ ॥

ਮੈਂ ਤੇਰਾ ਦਰਸਨ ਵੇਖ ੨ ਜੀਉਂਦਾ ਹਾਂ ।। ਚਰਨਾਂ ਕਮਲਾਂ ਤੋਂ ਬਲਿਹਾਰ ਜਾਂਦਾ ਹਾਂ ਹੇ ਪ੍ਰਮੇਸਰ ਤੇਰੇ ਬਿਨਾਂ ਮੇਰਾ ਕੌਣ ਹੈ ॥

ਸਾਧ ਸੰਗਤਿ ਸਿਉ ਪ੍ਰੀਤਿ ਬਣਿਆਈ ॥

ਪੂਰਬ ਕਰਮਿ ਲਿਖਤ ਧੁਰਿ ਪਾਈ ॥ ੨ ॥

ਹੁਣ ਸਾਡੀ ਸਾਧ ਸੰਗਤ ਨਾਲ ਪ੍ਰੀਤੀ ਬਣ ਆਈ ਹੈ ॥
ਜੇਹੜੀ ਧੁਰੋਂ ਕਰਮਾ ਦੀ ਲਿਖਤ ਸੀ ਏਸੇ ਲਈ ਸਤਸੰਗਤ ਪਾਈ ਹੈ ॥

ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥

ਜਾਲਿ ਨ ਸਾਕਹਿ ਤੀਨੇ ਤਾਪ ॥ ੩ ॥

Digitized by Panjab Digital Library | www.panjabdigilib.org

ਪ੍ਰਮੇਸਰ ਦਾ ਨਾਮ ਜਪਣ ਨਾਲ ਅਸਚਰਜ ਪ੍ਰਤਾਪ ਹੋਇਆ ਹੈ ॥
ਹੁਣ ਤਿੰਨ ਤਰਾਂ ਦੇ ਤਾਪ ਨਹੀ ਸਾੜ ਸਕਦੇ ਹਨ ॥

ਨਿਮਖ ਨ ਬਿਸਰਹਿ ਹਰਿ ਚਰਣ ਤੁਮਾਰੇ ॥
ਨਾਨਕੁ ਮਾਗੈ ਦਾਨੁ ਪਿਆਰੇ ॥ ੪ ॥ ੨੫ ॥

ਗੁਰੂ ਜੀ, ਹੇ ਪਿਆਰੇ ਮਾਲਕ ਮੈਂ ਤੈਥੋਂ ਏਹੋ ਹੀ ਦਾਨ ਮੰਗਦਾ ਹਾਂ ॥
ਜੋ ਪਲ ਭਰ ਵੀ ਤੁਹਾਡੇ ਚਰਨ ਨਾਂ ਭੁਲਣ ॥

## ਸੂਹੀ ਮਹਲਾ ੫

ਸੇ ਸੰਜੋਗ ਕਰਹੁ ਮੇਰੇ ਪਿਆਰੇ ॥
ਜਿਤੁ ਰਸਨਾ ਹਰਿਨਾਮ ਉਚਾਰੇ ॥ ੧ ॥

ਹੇ ਮੇਰੇ ਪਿਆਰੇ ਸੇ=ਓਨਾਂ ਸੰਤਾਂ ਨਾਲ ਮੇਰਾ ਮਿਲਾਪ ਕਰੋ ॥ ਜਿਸ ਕਰਕੇ ਮੇਰੀ ਜਬਾਨ ਤੇਰਾ ਨਾਮ ਉਚਾਰਨ ਕਰੇ ॥

ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥
ਸਾਧ ਗਾਵਹਿ ਗੁਣ ਸਦਾ ਰਸਾਲਾ ॥ ੧ ॥

ਹੇ ਮਾਲਕ ਦੀਨ ਦਿਆਲ ਮੇਰੀ ਬੇਨਤੀ ਸੁਣ ॥ ਜੇਹੜੇ ਸੰਤ ਸਦਾ ਤੇਰੇ ਸੁੰਦਰ ਗੁਣਾਂ ਨੂੰ ਗਾਂਦੇ ਹਨ ॥

ਜੀਵਨਰੂਪੁ ਸਿਮਰਣੁ ਪ੍ਰਭ ਤੇਰਾ ॥
ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥

ਹੇ ਮਾਲਕ ਤੇਰਾ ਸਿਮਰਨ ਹੀ ਜੀਵਨ ਰੂਪ ਹੈ ॥ ਜਿਸ ਉਤੇ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ । ਉਸਦੇ ਨੇੜੇ ਹੈਂ ॥

ਜਨ ਕੀ ਭੂਖ ਤੇਰਾ ਨਾਮ ਆਹਾਰੁ ॥
ਤੂੰ ਦਾਤਾ ਪ੍ਰਭ ਦੇਵਣਹਾਰੁ ॥ ੩ ॥

ਦਾਸਾਂ ਦੀ ਭੁਖ ਤੇਰਾ ਨਾਮ ਹੀ ਅੰਨ ਹੈ ॥ ਹੇ ਮਾਲਕ ਤੂੰ ਦਾਤਾ ਨਾਮ ਦੇ ਦੇਣ ਵਾਲਾ ਹੈਂ ॥

ਰਾਮ ਰਮਤ ਸੰਤਨ ਸੁਖ ਮਾਨਾ ॥
ਨਾਨਕ ਦੇਵਨਹਾਰ ਸੁਜਾਨਾ ॥ ੪ ॥ ੨੬ ॥ ੩੨ ॥

Digitized by Panjab Digital Library | www.panjabdigilib.org

ਪ੍ਰਮੇਸਰ ਨੂੰ ਉਚਾਰਦਿਆਂ ਹੋਇਆਂ ਸੰਤਾਂ ਨੇ ਸੁਖ ਮੰਨਿਆਂ ਹੈ। ਗੁਰੂ ਜੀ, ਤੈਨੂੰ ਹੀ ਦੇਣ ਵਾਲਿਆ ਜਾਣਿਆਂ ਹੈ ॥

ਸੂਹੀ ਮਹਲਾ ੫

ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥
ਮਿਥਿਆਮੋਹ ਬੰਧਹਿ ਨਿਤ ਪਾਰਚ ॥੧॥

ਉਮਰ ਰੁੜਦੀ ਜਾਂਦੀ ਹੈ ਪਰ ਇਹ ਮੂਰਖ ਕਦੀ ਵੀ ਨਜ਼ਰ ਨਹੀਂ ਕਰਦਾ ਹੈ ॥ ਝੂਠਿਆਂ ਪਦਾਰਥਾਂ ਦੇ ਮੋਹ ਦੇ ਬੰਧਨ ਵਿਚ ਪੈਕੇ ਰੋਜ ਪਾਰਚ ਭਾਵ ਪ੍ਰੇਮ ਕਰਦਾ ਹੈ ॥

ਮਾਧਵੇ ਭਜੁ ਦਿਨ ਨਿਤ ਰੈਣੀ ॥
ਜਨਮ ਪਦਾਰਥੁ ਜੀਤਿ ਹਰਿ-ਸਰਣੀ ॥ ੧ ॥ ਰਹਾਉ ॥

ਪਿਆਰੇ ਮਾਲਕ ਨੂੰ ਨਿਤ ਹੀ ਰਾਤ ਦਿਨ ਯਾਦ ਕਰ ॥ ਪ੍ਰਮੇਸਰ ਦੀ ਸ਼ਰਨ ਲੈਕੇ ਜੇਹੜਾ ਅਮੋਲਕ ਪਦਾਰਥ ਮਨੁਖਾ ਜਨਮ ਹੈ ਇਸਨੂੰ ਜਿੱਤ ਭਾਵ ਸਫਲ ਕਰ ॥

ਕਰਤ ਬਿਕਾਰ ਦੋਊ ਕਰ ਝਾਰਤ ॥
ਰਾਮਰਤਨੁ ਰਿਦ ਤਿਲੁ ਨਹੀ ਧਾਰਤ ॥ ੨ ॥

ਮੰਦਿਆਂ ਕਰਮਾਂ ਵਿਕਾਰਾਂ ਨੂੰ ਕਰਦਾ ਹੈ ਓੜਕ ਨੂੰ ਦੋਵੇਂ ਹਥ ਝਾੜ ਕੇ ਚਲਿਆ ਜਾਵੇਗਾ ॥ ਪ੍ਰਮੇਸਰ ਦੇ ਅਮੋਲਕ ਨਾਮ ਨੂੰ ਰਿਦੇ ਵਿਚ ਰਤਾ ਵੀ ਨਹੀਂ ਧਰਦਾ ਹੈ ॥

ਭਰਣ ਪੋਖਣ ਸੰਗਿ ਅਉਧ ਬਿਹਾਣੀ ॥
ਜੈ ਜਗਦੀਸ ਕੀ ਗਤਿ ਨਹੀ ਜਾਣੀ ॥ ੩ ॥

ਢਿਡ ਦੇ ਭਰਨ ਤੇ ਸਰੀਰ ਨੂੰ ਮੋਟਾ ਕਰਨ ਵਿਚ ਉਮਰ ਬੀਤੀ ਹੈ ਜਿਸ ਪ੍ਰਮੇਸਰ ਨਾ ਤੇਰੀ ਫਤਹ ਕਰਨੀ ਹੈ ਉਸ ਦੀ ਤੂੰ ਗਤੀ ਨਹੀਂ ਜਾਣੀ ਹੈ।

ਸਰਣਿ ਸਮਰਥ ਅਗੋਚਰ ਸੁਆਮੀ ॥
ਉਧਰੁ ਨਾਨਕ ਪ੍ਰਭੁ ਅੰਤਰਜਾਮੀ ॥ ੪ ॥ ੨੭ ॥ ੩੩॥

ਜੇਹੜਾ ਆਸਰਾ ਦੇਣ ਨੂੰ ਸਮਰੱਥ ਹੈ ਤੇ ਛੁਪਿਆ ਹੋਇਆ ਮਾਲਕ ਹੈ ॥ ਇਕਰ ਦੇ ਮਾਲਕ ਅੰਤਰਜਾਮੀ ਦਾ ਸਿਮਰਨ ਕਰਕੇ ਸੰਸਾਰ ਸਮੁੰਦ੍ਰ ਤੋਂ ਤਰ ॥

Digitized by Panjab Digital Library | www.panjabdigilib.org

(ਆਪਣਾ ਲਾਭ ਤੇ ਉਪਦੇਸ਼ ਹੈ)

## ਸੂਹੀ ਮਹਲਾ ੫

ਸਾਧਸੰਗਿ ਤਰੈ ਭੈ ਸਾਗਰੁ ॥
ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥ ੧ ॥

ਸਾਧ ਸੰਗਤ ਕਰਕੇ ਡਰਾਉਣਾ ਸੰਸਾਰ ਸਮੁੰਦਰ ਤਰਿਆ ਹੈ ॥ ਪ੍ਰਮੇਸਰ ਦਾ ਨਾਮ ਰਤਨਾਂ ਦੀ ਖਾਣ ਸਿਮਰਿਆ ਹੈ ॥

ਸਿਮਰਿ ਸਿਮਰਿ ਜੀਵਾ ਨਾਰਾਇਣਿ ॥ ਦੂਖ ਸੋਗ ਰੋਗ ਸਭਿ ਬਿਨਸੇ ਗੁਰਪੂਰੇ ਮਿਲਿ ਪਾਪ ਤਜਾਇਣ ॥ ੧ ॥ ਰਹਾਉ ॥

ਮੈਂ ਪ੍ਰਮੇਸਰ ਨੂੰ ਯਾਦ ਕਰਕੇ ਜੀਉਂਦਾ ਹਾਂ ॥ ਜਦੋਂ ਪੂਰਿਆਂ ਗੁਰਾਂ ਦੇ ਨਾਲ ਮਿਲੇ ਤਾਂ ਦੁਖ, ਰੋਗ, ਸੋਗ, ਸਾਰੇ ਨਾਸ ਹੋ ਗਏ ਅਤੇ ਪਾਪ ਜੇਹੜੇ ਦੁਖਾਂ ਦਾ ਘਰ ਸਨ ਓਹ ਵੀ ਛਡ ਦਿਤੇ ॥

ਜੀਵਨ ਪਦਵੀ ਹਰਿ ਕਾ ਨਾਉ ॥
ਮਨੁ ਤਨੁ ਨਿਰਮਲੁ ਸਾਚੁ ਸੁਆਉ ॥ ॥

ਪਦਵੀ=ਦਾਤਾ। ਜੀਵਨ=ਮੁਕਤੀ। ਸੁਆਉ=ਲਾਭ

ਮੁਕਤੀ ਦਾ ਦਾਤਾ ਪ੍ਰਮੇਸਰ ਦਾ ਨਾਮ ਜਾਣਿਆ ਹੈ ॥ ਸੱਚੇ ਨਾਮ ਦੇ ਲਾਭ ਕਰਕੇ ਮਨ ਤਨ ਨਿਰਮਲ ਹੋਇਆ ਹੈ।

ਆਠ ਪਹਰ ਪਾਰਬ੍ਰਹਮੁ ਧਿਆਈਐ ॥
ਪੂਰਬਿ ਲਿਖਤੁ ਹੋਇ ਤਾ ਪਾਈਐ ॥੩ ॥

ਅਠੇ ਪਹਿਰ ਪ੍ਰਮੇਸਰ ਨੂੰ ਧਿਆਈਏ ॥ ਪਿਛਲੇ ਜਨਮ ਦਾ ਚੰਗਾ ਲੇਖ ਲਿਖਿਆ ਹੋਇਆ ਹੋਵੇ ਤਾਂ ਧਿਆਉਣਾ ਪਾਈਦਾ ਹੈ ਭਾਵ ਨਾਮ ਜਪਣਾ ॥

ਸਰਣਿ ਪਏ ਜਪਿ ਦੀਨ ਦਇਆਲਾ ॥
ਨਾਨਕੁ ਜਾਚੈ ਸੰਤ ਰਵਾਲਾ ॥ ੪ ॥ ੨੮ ॥ ੩੪ ॥

ਗੁਰੂ ਜੀ, ਅਸੀਂ ਨਾਮ ਜਪਦੇ ਹੋਏ ਦੀਨ ਦਿਆਲੂ ਪ੍ਰਮੇਸਰ ਦੀ ਸਰਨ ਪਏ ਹਾਂ ਅਤੇ ਸੰਤਾਂ ਦੀ ਧੂੜ ਮੰਗਦੇ ਹਾਂ ॥

Digitized by Panjab Digital Library | www.panjabdigilib.org

## ਸੂਹੀ ਮਹਲਾ ੫

ਘਰ ਕਾ ਕਾਜੁ ਨ ਜਾਣੀ ਰੂੜਾ ॥
ਝੂਠੈ ਧੰਧੈ ਰਚਿਓ ਮੂੜਾ ॥ ੧ ॥

ਜੇਹੜਾ ਘਰ ਦਾ ਕੰਮ ਪ੍ਰਮੇਸਰ ਦਾ ਭਜਨ ਰੂੜਾ=ਸੁੰਦਰ ਹੈ ਓਹ ਨਹੀਂ ਜਾਣਦਾ ਹੈ। ਮੂਰਖ ਝੂਠਿਆਂ ਧੰਧਿਆਂ ਵਿਚ ਲਗਾ ਹੋਇਆ ਹੈ।।

ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥
ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥ ੧ ॥ ਰਹਾਉ ॥

ਜਿਸ ਕੰਮ ਵਿਚ ਤੂੰ ਲਾਉਂਦਾ ਹੈ ਉਸ ਕੰਮ ਵਿਚ ਜੀਆਂ ਦਾ ਲਗਣਾ ਹੁੰਦਾ ਹੈ ॥ ਜੇ ਤੂੰ ਹੀ ਕਿਰਪਾਲੂ ਹੋਕੇ ਨਾਮ ਦਾ ਜਪਣਾ ਦੇਵੇਂ ਤਾਂ ਹੀ ਤੇਰਾ ਨਾਮ ਜਪਣਾ ਕਰਾਂ ॥

ਹਰਿ ਕੇ ਦਾਸ ਹਰਿ ਸੇਤੀ ਰਾਤੇ ॥
ਰਾਮ ਰਸਾਇਣਿ ਅਨਦਿਨੁ ਮਾਤੇ ॥ ੨ ॥

ਪ੍ਰਮੇਸਰ ਦੇ ਦਾਸ ਪ੍ਰਮੇਸਰ ਦੇ ਨਾਲ ਰਤੇ ਹਨ ॥ ਜੇਹੜਾ ਪ੍ਰਮੇਸਰ ਰਸਾਂ ਦਾ ਘਰ ਹੈ ਉਸ ਵਿਚ ਰਾਤ ਦਿਨ ਮਸਤ ਰਹਿੰਦੇ ਹਨ ॥

ਬਾਹ ਪਕਰਿ ਪ੍ਰਭਿ ਆਪੇ ਕਾਢੇ ॥
ਜਨਮ ਜਨਮ ਕੇ ਟੂਟੇ ਗਾਢੇ ॥ ੩ ॥

ਜੇਹੜੇ ਆਪ ਤੋਂ ਜਨਮਾਂ ਜਨਮਾਂ ਦੇ ਟੁਟੇ ਹੋਏ ਭਾਵ ਵਿਛੜੇ ਹੋਇ ਸਨ ਓਹ ਤੁਸਾਂ ਆਪ ਗੰਢ ਭਾਵ ਮਿਲਾ ਲਏ ਹਨ ਅਤੇ ਅਕਲ ਰੂਪ ਬਾਂਹ ਫੜਕੇ ਆਪ ਹੀ ਮਾਲਕ ਨੇ ਕਢੇ ਹਨ ॥

ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ ॥
ਨਾਨਕ ਦਾਸ ਹਰਿ ਸਰਣਿ ਦੁਆਰੇ ॥ ੪ ॥ ੨੯ ॥ ੩੫ ॥

ਹੇ ਮਾਲਕ ਮੇਰੇ ਉਤੇ ਕਿਰਪਾ ਕਰਕੇ ਸੰਸਾਰ ਸਮੁੰਦਰ ਤੋਂ ਤਾਰ ਲੈ (ਗੁਰੂ ਜੀ, ਮੈਂ ਆਪਦੇ ਦਰਵਾਜੇ ਦੀ ਸਰਨ ਪਿਆ ਹਾਂ ॥

## ਸੂਹੀ ਮਹਲਾ ੫

ਸੰਤਪ੍ਰਸਾਦਿ ਨਿਹਚਲੁ ਘਰੁ ਪਾਇਆ ॥

Digitized by Panjab Digital Library | www.panjabdigilib.org

ਸਰਬ ਸੂਖ ਫਿਰਿ ਨਹੀ ਡੋੁਲਾਇਆ ॥ ੧ ॥

ਸੰਤਾਂ ਦੀ ਕਿਰਪਾ ਨਾਲ ਅਪਣਾ ਅਸਲੀ ਘਰ ਪਾਇਆ ਹੈ ॥ ਏਸੇ ਲਈ ਸਾਰੇ ਸੁਖ ਮਿਲ ਗਏ ਹਨ ਫਿਰ ਮਨ ਨੂੰ ਨਹੀਂ ਡੁਲਾਇਆ ਹੈ ॥

ਗੁਰੂ ਧਿਆਇ ਹਰਿਚਰਨ ਮਨਿ ਚੀਨੇ ॥
ਤਾਤੇ ਕਰਤੈ ਅਸਥਿਰੁ ਕੀਨੇ ॥ ੧ । ਰਹਾਉ ॥

ਗੁਰੂਦੁਆਰੇ ਪ੍ਰਮੇਸਰ ਦੇ ਚਰਨ ਮਨ ਵਿਚ ਧਿਆਉਣੇ ਜਾਣੇ ਹਨ । ਇਸ ਧਿਆਨ ਕਰਕੇ ਪ੍ਰਮੇਸਰ ਕਰਤੇ ਨੇ ਸਨੂੰ ਇਸਥਿਤ ਕੀਤਾ ਹੈ ॥

ਗੁਣ ਗਾਵਤ ਅਚੁਤ ਅਬਿਨਾਸੀ ॥
ਤਾਤੇ ਕਾਟੀ ਜਮ ਕੀ ਫਾਸੀ ॥ ੨ ॥

ਨ ਡਿਗਣ ਵਾਲੇ ਨ ਮਰਨ ਵਾਲੇ ਪ੍ਰਮੇਸਰ ਦੇ ਗੁਣ ਗਾਏ । ਏਸੇ ਲਈ ਜਮ ਦੀ ਫਾਹੀ ਕੱਟੀ ਗਈ ਹੈ ॥

ਕਰਿ ਕਿਰਪਾ ਲੀਨੇ ਲੜਿ ਲਾਏ ॥
ਸਦਾ ਅਨਦੁ ਨਾਨਕ ਗੁਣ ਗਾਏ ॥ ੩ ॥ ੨੦ ॥ ੩੬ ॥

ਪ੍ਰਮੇਸਰ ਨੇ ਕਿਰਪਾ ਕਰਕੇ ਚਰਨੀ ਲਾ ਲਿਆ ਹੈ ॥ ਗੁਰੂ ਜੀ, ਪ੍ਰਮੇਸਰ ਦੇ ਗੁਣ ਗਾਕੇ ਸਦਾ ਅਨੰਦ ਲਿਆ ਹੈ ॥

ਸੂਹੀ ਮਹਲਾ ੫

ਅੰਮ੍ਰਿਤ ਬਚਨ ਸਾਧ ਕੀ ਬਾਣੀ ॥ ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧ ॥ ਰਹਾਉ ॥

ਸੰਤਾਂ ਦੀ ਜਬਾਨ ਤੋਂ ਜੋ ਬਾਣੀ ਨਿਕਲਦੀ ਹੈ ਓਹ ਬਚਨ ਅੰਮ੍ਰਿਤ ਵਰਗੇ ਮਿੱਠੇ ਹਨ ॥ ਉਸ ਉਪਦੇਸ਼ ਨੂੰ ਜੇਹੜਾ ੨ ਕੋਈ ਜਪੇਗਾ ਉਸ ਦੀ ਮੁਕਤੀ ਹੋਵੇਗੀ ਭਾਵ ਜਾਤ ਕੁਜਾਤ ਕੋਈ ਜਪੇ ਸਭ ਤਰੇਗਾ ਰੋਜ਼ ਹੀ ਰਸਨਾ ਦੁਆਰਾ ਪ੍ਰਮੇਸਰ ਦਾ ਨਾਮ ਆਖਦਾ ਰਹੋ॥

ਕਲੀਕਾਲ ਕੇ ਮਿਟੇ ਕਲੇਸਾ ॥
ਏਕੋ ਨਾਮੁ ਮਨ ਮਹਿ ਪਰਵੇਸਾ ॥ ੧ ॥

ਇਕ ਪ੍ਰਮੇਸਰ ਦਾ ਨਾਮ ਮਨ ਦੇ ਅੰਦਰ ਆਇਆ ਹੈ ਏਸੇ ਲਈ ਕਲਜੁਗ ਦੇ ਸਮੇਂ ਦੇ ਸਾਰੇ ਕਲੇਸ ਦੂਰ ਹੋ ਗਏ ਹਨ ॥

Digitized by Panjab Digital Library | www.panjabdigilib.org

ਸਾਧੂ ਧੂਰਿ ਮੁਖਿ ਮਸਤਕਿ ਲਾਈ ॥
ਨਾਨਕ ਉਧਰੇ ਹਰਿ ਗੁਰ ਸਰਣਾਈ ॥ ੨ ॥ ੩੧ ॥ ੩੭ ॥

ਜੇਹੜੀ ਸੰਤਾਂ ਦੀ ਚਰਨ ਧੂੜ ਮੂਖੀ ਹੈ ਓਹ ਮਥੇ ਉਤੇ ਲਾਈ ਹੈ ॥ ਗੁਰੂ ਜੀ, ਜੇਹੜੇ ਗੁਰੂ ਪ੍ਰਮੇਸਰ ਦਾ ਰੂਪ ਹਨ ਓਨਾਂ ਦੀ ਸਰਨ ਲੈਕੇ ਤਰੇ ਹਾਂ ॥

ਸੂਹੀ ਮਹਲਾ ੫ ਘਰੁ ੩

ਗੋਬਿੰਦਾ ਗੁਣ ਗਾਉ ਦਇਆਲਾ ॥
ਦਰਸਨੁ ਦੇਹੁ ਪੂਰਨ ਕਿਰਪਾਲਾ ॥ ੧ ॥ ਰਹਾਉ ॥

ਹੇ ਦਿਆਲੂ ਗੋਬਿੰਦ ਮੈਂ ਤੇਰੇ ਗੁਣ ਗਾਵਾਂ ॥ ਹੇ ਪੂਰਨ ਕਿਰਪਾਲੂ ਮੈਨੂੰ ਦਰਸ਼ਨ ਦਿਓ ॥

ਕਰਿ ਕਿਰਪਾ ਤੁਮਹੀ ਪ੍ਰਤਿਪਾਲਾ ॥
ਜੀਉ ਪਿੰਡੁ ਸਭੁ ਤੁਮਰਾ ਮਾਲਾ ॥ ੧ ॥

ਕਿਰਪਾ ਕਰਕੇ ਤੁਸੀਂ ਹੀ ਸਾਰਿਆਂ ਦੀ ਪਾਲਣਾ ਕਰਦੇ ਹੋ ॥ ਜੀਅ, ਸਰੀਰ, ਮਾਲ ਮੈਂ ਸਭ ਕੁਛ ਆਪਦਾ ਦਿਤਾ ਹੋਇਆ ਜਾਣਿਆਂ ਹੈ ॥

ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥
ਨਾਨਕ ਜਾਚੈ ਸੰਤ ਰਵਾਲਾ ॥ ੨ ॥ ੩੨ ॥ ੩੮ ॥

ਗੁਰੂ ਜੀ, ਤੇਰੇ ਨਾਮ ਅੰਮ੍ਰਿਤ ਦਾ ਜਾਪ ਹੀ ਪ੍ਰਲੋਕ ਵਿਚ ਨਾਲ ਜਾਂਦਾ ਹੈ ॥ ਤੈਥੋਂ ਸੰਤਾਂ ਦੀ ਧੂੜ ਮੰਗਦਾ ਹਾਂ ॥

ਸੂਹੀ ਮਹਲਾ ੫

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਆਪੇ ਥੰਮੈ ਸਚਾ ਸੋਈ ॥੧॥

ਉਸ ਪ੍ਰਮੇਸਰ ਤੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ ॥ ਓਹ ਸੱਚਾ ਪ੍ਰਮੇਸਰ ਸਾਰਿਆਂ ਨੂੰ ਤਾਕਤ ਦੇਕੇ ਆਪੇ ਹੀ ਥੰਮ ਦਾ ਭਾਵ ਇਸਥਿਤ ਕਰਦਾ ਹੈ ॥

ਹਰਿ ਹਰਿ ਨਾਮੁ ਮੇਰਾ ਆਧਾਰੁ ॥
ਕਰਣ ਕਾਰਣ ਸਮਰਥੁ ਅਪਾਰੁ ॥ ੧ ॥ ਰਹਾਉ ॥

ਪ੍ਰਮੇਸਰ ਦਾ ਨਾਮ ਮੇਰਾ ਆਸਰਾ ਹੈ ॥ ਓਹ ਪ੍ਰਮੇਸਰ ਕਰਣ-ਸੰਸਾਰ ਦਾ

Digitized by Panjab Digital Library | www.panjabdigilib.org

ਕਾਰਜ ਹੈ, ਸਮਰੱਥ ਅਤੇ ਵੱਡਾ ਹੈ ॥

ਸਭ ਰੋਗ ਮਿਟਾਵੇ ਨਵਾ ਨਿਰੋਆ ॥
ਨਾਨਕ ਰਾਖਾ ਆਪੇ ਹੋਆ ॥ ੨ ॥ ੩੩ ॥੩੯॥

ਗੁਰੂ ਜੀ,ਜਿਸ ਉਤੇ ਕਿਰਪਾ ਕਰਕੇ ਰਾਖਾ ਹੋਇਆ ਹੈ ਇਸਦੇ ਸਾਰੇ ਰੋਗ ਮਿਟਾ ਦੇਂਦਾ ਹੈ ਅਤੇ ਉਸਨੂੰ ਨਵਾਂ ਨਰੋਆ ਕਰ ਦੇਂਦਾ ਹੈ ॥

## ਸੂਹੀ ਮਹਲਾ ੫

ਦਰਸਨ ਕਉ ਲੋਚੈ ਸਭੁ ਕੋਈ ॥
ਪੂਰੈ ਭਾਗਿ ਪਰਾਪਤਿ ਹੋਈ ॥ ੧ ॥ ਰਹਾਉ ॥

ਦਰਸ਼ਨ ਨੂੰ ਹਰ ਕੋਈ ਚਾਹੁੰਦਾ ਹੈ ਪਰ ਪੂਰਿਆਂ ਭਾਗਾਂ ਵਾਲਿਆਂ ਨੂੰ ਦਰਸ਼ਨ ਪ੍ਰਾਪਤ ਹੁੰਦਾ ਹੈ ॥

ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥
ਮਹਾ ਮੋਹਨੀ ਦੂਤਾ ਲਾਈ ॥ ੧ ॥

ਇਕ ਸਖੀ ਦੂਜੀ ਨੂੰ ਪੁਛਦੀ ਹੈ ਹੇ ਭੈਣੇ ਸ਼ਾਮ ਸੁੰਦਰ ਪਤੀ ਨੂੰ ਛਡਕੇ ਤੈਨੂੰ ਨੀਂਦ ਕਿਉਂ ਆਗਈ ਭਾਵ ਹੇ ਜੀਵ ਤੂੰ ਪ੍ਰਮੇਸਰ ਨੂੰ ਛਡਕੇ ਦੁਨੀਆਂ ਉਤੇ ਕਿਉਂ ਸੌਂ ਗਿਆ ਹੈਂ ॥ (ਉਤਰ ਹੈ) ਮਹਾਮੋਹਨੀ=ਮਾਇਆ ਨੇ ਕਾਮ ਆਦਿਕਾਂ ਦੀ ਡਾਰ ਮਗਰ ਲਾ ਦਿਤੀ ਹੈ (ਇਸ ਜੀਵ ਦੇ) ॥

ਪ੍ਰੇਮ ਬਿਛੋਹਾ ਕਰਤ ਕਸਾਈ ॥
ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥ ੨॥

ਓਹ ਕਸਾਈ ਕਾਮ ਆਦਿਕ ਪ੍ਰਮੇਸਰ ਦਾ ਵਿਛੋੜਾ ਕਰਦੇ ਹਨ ਭਾਵ ਵਿਛੋੜਦੇ ਹਨ ॥ ਇੱਕੁਰ ਦੇ ਓਹ ਬੇ ਤਰਸ ਜਾਲਮ ਹਨ ਓਨਾਂ ਪਾਸੋਂ ਜੀਆਂ ਦੀ ਦਯਾ ਨਹੀਂ ਪਾਈ ਜਾਂਦੀ ਹੈ ਭਾਵ ਕਾਮ ਆਦਿਕ, ਜੀਆਂ ਉਤੇ ਤਰਸ ਨਹੀਂ ਕਰਦੇ ॥

ਅਨਿਕ ਜਨਮ ਬੀਤੀਅਨ ਭਰਮਾਈ ॥
ਘਰਿ ਵਾਸੁ ਨ ਦੇਵੈ ਦੁਤਰ ਮਾਈ ॥ ੩ ॥

ਅਨੇਕਾਂ ਜਨਮ ਗੁਜਰ ਗਏ ਹਨ ਸੋ ਭੁਆਂਦੇ ਹੀ ਜਾਂਦੇ ਹਨ ਹੇ ਭਰਾ ਇਕੁਰ ਦਾ ਔਖਿਆਂ ਕਰਦੇ ਹਨ ਕਿ ਅਸਲੀ ਘਰਵਿਚ ਰਹਿਣ ਹੀ ਨਹੀਂ ਦੇਂਦੇ ਹਨ ਜਾਂ ਔਖੀ

Digitized by Panjab Digital Library | www.panjabdigilib.org

ਮਾਇਆ ਤਰੀ ਨਹੀਂ ਜਾਂਦੀ ਹੈ ॥

ਦਿਨੁ ਰੈਨਿ ਅਪਨਾ ਕੀਆ ਪਾਈ ॥
ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥ ੪ ॥

ਆਦਮੀ ਦਿਨ ਰਾਤ ਅਪਣੇ ਕੀਤੇ ਹੋਇ ਕੰਮ ਦਾ ਫਲ ਪਾਂਦਾ ਹੈ ॥
ਇਸ ਲਈ ਕਿਸ ਨੂੰ ਦੋਸ਼ ਦੇਈਏ, ਜਦੋਂ ਇਸਨੂੰ ਕਰਮ ਹੀ ਭੁਰਮਾਂਦੇ ਹਨ ॥

ਸੁਣਿ ਸਾਜਨ ਸੰਤ ਜਨ ਭਾਈ ॥
ਚਰਣ ਸਰਣ ਨਾਨਕ ਗਤਿ ਪਾਈ ॥੫॥ ੩੪ ॥ ੪੦ ।

ਇਸ ਲਈ ਸੁਣੋ ਹੇ ਸਜਣੋ ਮਿਤ੍ਰੋ ਭਰਾਓ ਸੰਤੋ । ਗੁਰੂ ਜੀ, ਪ੍ਰਮੇਸਰ ਦੇ ਚਰਨਾਂ ਦੀ ਸਰਨ ਜਾਕੇ ਹੀ ਮੁਕਤੀ ਪਾਈਦੀ ਹੈ॥

ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਨੂੰ ਜਾਂਦੇ ਸਨ ਰਸਤੇ ਵਿਚ ਹਨੇਰੀ ਤੇ ਮੀਂਹ ਆਗਿਆ, ਗੁਰੂ ਜੀ ਆਖਿਆ ਕਿਸੇ ਪਿੰਡ ਵਿਚ ਠਹਿਰਕੇ ਕਪੜੇ ਭਿੱਜਣ ਤੋਂ ਬਚਾ ਲਈਏ, ਖਾਨ ਪੁਰ ਇਕ ਪਠਾਣਾਂ ਦੇ ਪਿੰਡ ਵਿਚ ਇਕ ਸਿਖ ਨੂੰ ਘਲਿਆ ਓਹ ਅਗੇ ਕੰਜਰੀਆਂ ਦਾ ਤਮਾਸ਼ਾ ਵੇਖਦੇ ਤੇ ਸ਼ਰਾਬਾਂ ਪੀਂਦੇ ਸਨ ਓਨਾਂ ਸਿਖ ਨੂੰ ਮੋੜ ਘਲਿਆ ਗੁਰੂ ਜੀ ਥੋੜਾ ਜੇਹਾ ਅਗੇ ਗਏ ਤਾਂ ਇਕ ਥਾਂ ਭਾਈ ਹੇਮਾ ਸਿਖ ਟੁਟੀ ਹੋਈ ਛੰਨ ਵਿਚ ਰਹਿੰਦਾ ਸੀ, ਚੱਕੀ ਪੀਂਹਦਾ ਸੀ ਅਤੇ ਉਤੇ ਪਾਟੀ ਹੋਈ ਕੰਬਲੀ ਲਈ ਹੋਈ ਸੀ, ਗੁਰੂ ਜੀ ਓਥੇ ਚਲੇ ਗਏ ਉਸਨੇ ਅਗੋਂ ਛੇਤੀ ਨਾਲ ਉਠਕੇ ਆਪਣੀ ਕੰਬਲੀ ਸਿਰ ਤੋਂ ਲਾਹਕੇ ਗੁਰੂ ਜੀ ਨੂੰ ਵਿਛਾ ਦਿਤੀ ਤੇ ਬਹਾ ਲਿਆ, ਸੇਵਾ ਕਰਨ ਲਗਾ ਤਾਂ ਗੁਰੂ ਜੀ ਪਠਾਣਾਂ ਨੂੰ ਸਰਾਪ ਦਿਤਾ ਤੇ ਹੇਮੇ ਸਿਖ ਨੂੰ ਵਰ ਦਿਤਾ ਉਸ ਪ੍ਰਥਾਇ ਸ਼ਬਦ ਆਖਿਆ॥
ਇਹ ਗੁਰਦੁਆਰਾ ਖਡੂਰ ਸਾਹਿਬ ਦੇ ਨੇੜੇ ਹੈ ॥

ੴ ਰਾਗੁ ਸੂਹੀ ਮਹਲਾ ੫ ਘਰੁ ੪
੧ ਓ ਸਤਿ ਗੁਰ ਪ੍ਰਸਾਦਿ ॥

ਭਲੀ ਸੁਹਾਵੀ ਛਾਪਰੀ ਜਾਮਹਿ ਗੁਨ ਗਾਏ ।
ਕਿਤਹੀ ਕਾਜ ਨ ਧਉਲਹਰ ਜਿਤੁ ਹਰਿ ਬਿਸਰਾਏ ॥ ੧ ॥ਰਹਾਉ॥

ਓਹ ਛਪਰੀ ਬੜੀ ਸੋਹਣੀ ਹੈ ਹੇ ਪ੍ਰਮੇਸਰ ਜਿਸ ਵਿਚ ਤੇਰੇ ਗੁਣ ਗਾਏ ਜਾਂਦੇ

Digitized by Panjab Digital Library | www.panjabdigilib.org

ਹਨ ॥ ਓਹ ਮੰਦਰ ਕਿਸੇ ਕੰਮ ਨਹੀਂ ਜਿੰਨਾਂ ਵਿਚ ਵਸਕੇ ਹੇ ਪ੍ਰਮੇਸਰ ਤੈਨੂੰ ਭੁਲਾਇਆ ਹੈ ॥

**ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥**
**ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥ ੧ ॥**

ਉਸ ਗਰੀਬੀ ਵਿਚ ਹੀ ਅਨੰਦ ਹੈ ਜਿਸ ਵਿਚ ਸਾਧ ਸੰਗਤ ਦਾ ਮੇਲ ਹੋਕੇ ਹੇ ਪ੍ਰਮੇਸਰਾ ਤੂੰ ਚੇਤੇ ਜਾਂ ਚਿਤ ਵਿਚ ਯਾਦ ਆਉਂਦਾ ਹੈਂ ॥ ਇਹ ਵਡ-ਪੁਣਾ ਵਡਿਆਈ ਸੜ ਜਾਵੇ ਜਿਸ ਕਰਕੇ ਆਦਮੀ ਮਾਇਆ ਵਿਚ ਚੰਬੜੇ ਹੋਏ ਹਨ ॥

**ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥**
**ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥ ੨ ॥**

ਜੇ ਮਨ ਵਿਚ ਸੰਤੋਖ ਹੈ ਤਾਂ ਭਾਵੇਂ ਕੰਬਲੀ ਉਤੇ ਲੈਣੀ ਅਤੇ ਪੀਹਣਾ ਬਣਾਕੇ ਅੰਨ ਦਾ ਪੀਹਣਾ ਕਰੀਏ ਫਿਰ ਵੀ ਸੁਖ ਹੈ ॥ ਐਹੋ ਜੇਹਾ ਰਾਜ ਕਿਸੇ ਕੰਮ ਨਹੀਂ ਹੈ ਜਿਸ ਕਰਕੇ ਆਦਮੀ ਨੂੰ ਤ੍ਰਿਪਤ ਨ ਆਉਂਦਾ ਹੋਵੇ ਭਾਵ ਰਜਣਾ ਨ ਹੋਵੇ ॥

**ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥**
**ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥ ੩ ॥**

ਭਾਵੇਂ ਨੰਗਾ ਫਿਰਦਾ ਹੈ ਪਰ ਇਕ ਪ੍ਰਮੇਸਰ ਦੇ ਪ੍ਰੇਮ ਵਿਚ ਰੰਗਿਆ ਹੋਇਆ ਹੈ ਓਹ ਬਹੁਤ ਹੀ ਸੋਭਾ ਨੂੰ ਪਾਂਦਾ ਹੈ ॥ ਜਿਨਾਂ ਵਿਚ ਰਚਕੇ ਵਿਸ਼ਿਆਂ ਵਿਚ ਲੋਭਿਆ ਹੈ ਓਹ ਸੂਤੀ ਰੇਸ਼ਮੀ ਕਪੜੇ ਸਾਰੇ ਹੀ ਬਿਅਰਥ ਹਨ ॥

**ਸਭੁ ਕਿਛੁ ਤੁਮਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥**
**ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧ ॥**

ਹੇ ਮਾਲਕ ਸਭ ਕੁਛ ਆਪਦੇ ਹੱਥ ਵਿਚ ਹੈ ਆਪ ਹੀ ਜੀਆਂ ਨੂੰ ਪੈਦਾ ਕਰਕੇ ਕਰਮਾਂ ਅਨੁਸਾਰ ਆਪੇ ਕਰਮ ਕਰਾਉਂਦੇ ਹੋ। ਗੁਰੂ ਜੀ, ਮੈ ਆਪ ਪਾਸੋਂ ਇਹ ਦਾਨ ਪਾਵਾਂ ਜੋ ਸਾਸ ਸਾਸ ਆਪ ਨੂੰ ਯਾਦ ਕਰਦਾ ਰਹਾਂ ॥

(ਸਤਸੰਗ ਮੰਗਣਾ, ਬੇਨਤੀ ਕਰਨੀ)

## ਸੂਹੀ ਮਹਲਾ ੫

ਬੀਜਨਾ = ਪੱਖਾ। ਚਉਰ = ਚਾਰੋਂ ਤਰਫ ਜਾਂ ਚੌਰ ॥

Digitized by Panjab Digital Library | www.panjabdigilib.org

ਨਿਹਾਰਉ = ਵੇਖਾਂ ॥

**ਹਰਿ ਕਾ ਸੰਤੁ ਪਰਾਨ ਧਨ ਤਿਸਕਾ ਪਨਿਹਾਰਾ ॥**
**ਭਾਈ ਮੀਤ ਸੁਤ ਸਗਲ ਤੇ॥ਜੀਅਹੁ ਤੇ ਪਿਆਰਾ ॥੧ ।ਰਹਾਉ॥**

ਹੇ ਪ੍ਰਮੇਸ਼ਰਾ ਜੇਹੜਾ ਤੇਰਾ ਸੰਤ ਹੈ ਮੈ ਪ੍ਰਾਣ ਤੇ ਧਨ ਉਸਦਾ ਹੀ ਕੀਤਾ ਹੈ ਭਾਵ ਪ੍ਰਾਣਾ ਸਮਾਨ ਪਿਆਰਾ ਸਮਝਦਾ ਹਾਂ ਓਹ ਸੰਤ ਹੀ ਮੇਰਾ ਧਨ ਹੈ ਮੈ ਉਸਦਾ ਪਾਣੀ ਭਰਨ ਵਾਲਾ ਹਾਂ ॥ ਭਰਾ, ਮਿਤਰ, ਪੁਤਰ, ਇਹਨਾਂ ਸਾਰਿਆਂ ਅਤੇ ਆਪਣੇ ਜੀਆਂ ਨਾਲੋਂ ਵੀ ਸੰਤ ਪਿਆਰਾ ਹੈ ॥

**ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥**
**ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥ ੧ ॥**

ਹੇ ਪ੍ਰਮੇਸ਼ਰ ਮੇਰੇ ਦਿਲ ਵਿਚ ਇਹ ਚਾ ਹੈ ਕਿ ਕੇਸਾਂ ਦਾ ਪੱਖਾ ਬਣਾਕੇ ਸੰਤਾਂ ਉਤੇ ਚੌਰ ਝੁਲਾਵਾਂ ਜਾਂ ਪੱਖਾ ਝੱਲਾਂ ਤੇ ਚਾਰੋਂ ਪਾਸਿਆਂ ਵੱਲ ਕੇਸਾਂ ਦਾ ਚੌਰ ਬਣਾਕੇ ਫੇਰਾਂ, ਭਾਵ ਦਿਲ ਵਿਚ ਕੁਛ ਹੰਕਾਰ ਨ ਰੱਖਾਂ ॥ ਸਿਰ ਨੀਵਾਂ ਕਰਾਂ, ਪੈਰਾਂ ਦੇ ਥੱਲੇ, ਧੂੜ ਮੂੰਹ ਉਤੇ ਲਾਵਾਂ ਜਾਂ ਸਿਰ ਪੈਰਾਂ ਦੇ ਹੇਠਾਂ ਦਿਆਂ, ਅੱਖਾਂ ਨਾਲ ਦਰਸਨ ਵੇਖਾਂ ਅਤੇ ਮੂੰਹ ਉਤੇ ਚਰਨ ਧੂੜ ਲਾਵਾਂ ॥

**ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥**
**ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣਨਿਧਿ ਪਾਈ ॥ ੨ ॥**

ਮਿਠੇ ਬਚਨ ਬੋਲਾਂ, ਗਰੀਬਾਂ ਵਾਂਗ ਬੇਨਤੀ ਕਰਾਂ ॥ ਹੰਕਾਰ ਛੱਡਕੇ ਸ਼ਰਨੀ ਪਵਾਂ ਹੇ ਪ੍ਰਮੇਸਰ ਗੁਣਾਂ ਦੇ ਸਮੁੰਦ੍ਰ ਤਾਂ ਤੈਨੂੰ ਪਾਵਾਂ ਭਾਵ ਲੱਭਾਂ ॥

**ਅਵਿਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ ॥**
**ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰੰਬਾਰ ॥ ੩ ॥**

ਮੁੜ ੨ ਸੰਤਾਂ ਦਾ ਦਰਸ਼ਨ ਵੇਖਣਾਂ ਕਰਾਂ ॥ ਜੇਹੜੇ ਸੰਤਾਂ ਦੇ ਬਚਨ ਅੰਮ੍ਰਿਤ ਵਰਗੇ ਹਨ ਓਨਾਂ ਨੂੰ ਮਨ ਵਿਚ ਕੱਠਿਆਂ ਕਰਾਂ ਭਾਵ ਧਾਰਾਂ ਅਤੇ ਮੁੜ ਮੁੜ ਨਮਸਕਾਰ ਕਰਾਂ ॥

**ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ ॥**
**ਨਾਨਕਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ॥੪॥੨।੪੨**

ਮੈਂ ਮਨ ਵਿਚ ਏਹੋ ਹੀ ਆਸਾ ਕਰਦਾ ਹਾਂ ਅਤੇ ਚਿਤ ਵਿਚ ਵੀ ਏਹੋ ਹੀ ਯਾਦ ਕਰਦਾ ਹਾਂ ਕਿ ਜਦ ਕਦੀ ਮੰਗਾਂ ਤਾਂ ਸੰਤਾਂ ਦਾ ਸੰਗ ਹੀ ਮੰਗਾਂ, ਗੁਰੂ ਜੀ, ਹੇ

Digitized by Panjab Digital Library | www.panjabdigilib.org

ਮਾਲਕ ਮੇਰੇ ਉਤੇ ਦਯਾ ਕਰ ਜੋ ਤੇਰੇ ਦਾਸ ਹਨ ਮੈਂ ਓਨਾਂ ਦੀ ਚਰਨੀ ਲੱਗਾ ॥

## ਸੂਹੀ ਮਹਲਾ ੫

**ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥**
**ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ਰਹਾਉ॥**

ਹੇ ਪ੍ਰਮੇਸ਼ਰਾ ਜਿਸ ਤੇਰੀ ਇਸ ਮਾਇਆ ਨੇ ਬ੍ਰਹਮੰਡਾਂ ਦੇ ਸਾਰਿਆਂ ਖੰਡਾਂ ਵਿਚ ਰਹਿਣ ਵਾਲੇ ਸਾਰੇ ਜੀਅ ਵਸ ਕਰ ਲਏ ਹਨ ਓਸੇ ਵਿਚ ਮੈਂ ਪੈਂਦਾ ਹਾਂ ਭਾਵ ਮੇਰੇ ਵਰਗੇ ਜੀਵ ਪੈਂਦੇ ਹਨ ॥ ਹੇ ਪ੍ਰਮੇਸਰ ਇਸ ਮਾਇਆ ਤੋਂ ਮੈਨੂੰ ਵਸ਼ਈ ਆਦਮੀ ਨੂੰ ਆਪਣਾ ਨਾਮ ਦੇਕੇ ਰੱਖ ਲੈ ॥

**ਜਾਤੇ ਨਾਹੀ ਕੋ ਸੁਖੀ ਤਾਕੈ ਪਾਛੈ ਜਾਉ ॥**
**ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥**

ਜਿਸ ਤੇਰੀ ਇਸ ਮਾਇਆ ਤੋਂ ਕੋਈ ਵੀ ਸੁਖੀ ਨਹੀਂ ਹੋਇਆ ਹੈ ਮੈਂ ਵੀ ਉਸਦੇ ਮਗਰ ਜਾਂਦਾ ਹਾਂ ਭਾਵ ਮਾਇਆ ਕੱਠੀ ਕਰਨ ਵਾਸਤੇ ਭੱਜਾ ਫਿਰਦਾ ਹਾਂ ॥ ਜੇਹੜੇ ਪਦਾਰਥ ਸਾਰਿਆਂ ਨੂੰ ਛੱਡਕੇ ਚਲੇ ਜਾਂਦੇ ਹਨ ਮੈਂ ਬਾਰ ਬਾਰ ਓਨਾਂ ਵਿਚ ਚੰਬੜਦਾ ਹਾਂ ॥

**ਕਰਹੁ ਕਿਰਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥**
**ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥੨॥ ੩ ॥ ੪੩ ॥**

ਹੇ ਕਿਰਪਾ ਦੇ ਰੂਪ ਮੇਰੇ ਮਾਲਕ ਮੇਰੇ ਉਤੇ ਕਿਰਪਾ ਕਰੋ ਜੋ ਮੈਂ ਹਰ ਵੇਲੇ ਤੇਰੇ ਗੁਣ ਗਾਵਾਂ ॥ ਗੁਰੂ ਜੀ, ਹੇ ਮਾਲਕ ਮੇਰੀ ਇਹ ਬੇਨਤੀ ਹੈ ਜੋ ਮੈਂ ਸਾਧ ਸੰਗਤ ਵਿਚ ਮਿਲਿਆ ਰਹਾਂ ॥

## ਰਾਗ ਸੂਹੀ ਮਹਲਾ ੫ ਘਰੁ ੫ ਪੜਤਾਲ

746

### ੧ਓ ਸਤਿਗੁਰਪ੍ਰਸਾਦਿ ॥

ਕੂਰੀਆ=ਰਸਤੇ ਦੀ ਡੰਡੀ ॥ ਗੁਰੀਆ = ਵੱਡੀ

**ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥ ੧ ॥ ਰਹਾਉ ॥**

ਸਾਰੀਆਂ ਪ੍ਰੀਤਾਂ ਵਿਚੋਂ ਮੋਹਨ ਪਿਆਰੇ ਦੀ ਪ੍ਰੀਤੀ ਵੱਡੀ ਹੈ, ਇਸ ਲਈ ਹੇ ਮਨ ਇਕ ਪ੍ਰਮੇਸ਼ਰ ਨੂੰ ਜਪ,ਮੁਕਤੀ ਦੇ ਰਸਤੇ ਵਿਚ ਹੋਰ ਕੋਈ ਕੰਮ ਲੇਖੇ ਨਹੀਂ ਲੱਗੇ ਗਾ ॥ ਸੰਤਾਂ ਦਾ ਚਰਨੀ ਲੱਗ ਮਨ ਤੋਂ ਦ੍ਵੈਤ ਦੀ ਡੰਡੀ ਛੱਡ ਦੇਹ ਭਾਵ ਪੁੱਠੇ ਰਸਤੇ ਨ ਜਾਹ ॥

**ਨਿਰਗੁਨ ਹਰੀਆ ਸਰਗੁਨ ਧਰੀਆ ॥**
**ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿੰਨ ਕਰੀਆ ॥**
**ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥**
**ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥**

ਨਿਰਗੁਣ ਪ੍ਰਮੇਸਰ ਨੇ ਹੀ ਸਰਗੁਣ ਰੂਪ ਧਾਰਿਆ ਹੈ, ਅਤੇ ਦੋਹਾਂ ਰੂਪ ਅਨੇਕਾਂ ਕੋਠੀਆਂ ਵੱਖੋ ਵੱਖ ਕੀਤੀਆਂ ਹਨ ਭਾਵ ਚਹੁੰ ਜੁਗਾਂ ਵਿਚ ਜਾਂ ਚਹੁੰ ਖਾਣੀਆਂ ਕਰਕੇ ਤਿੰਨਾਂ ਲੋਕਾਂ ਵਿਚ ਵਖ ਵਖ ਕੀਤੀਆਂ ਹਨ, ਇਹਨਾਂ ਦੇ ਵਿਚ ਮਨ ਕੋਟਵਾਲ ਰਹਿੰਦਾ ਹੈ ਭਾਵ ਮਾਰੀਆਂ ਮਨ ਦੇ ਹੁਕਮ ਵਿਚ ਹਨ, ਇਹ ਮਨੁੱਖ ਸਰੀਰ ਪ੍ਰਮੇਸ਼ਰ ਦਾ ਖਾਸ ਮਕਾਨ ਹੈ, ਸਾਰੀਆਂ ਇੰਦ੍ਰੀਆਂ ਦੇ ਰਸਤੇ ਓਥੇ ਅਨੰਦ ਨੂੰ ਭੋਗਦਾ ਹੈ ਨ ਮਰਦਾ ਹੈ ਨ ਅੱਗ ਵਿਚ ਸੜਦਾ ਹੈ ॥

**ਕਿਰਤਨਿ ਜੁਰੀਆ ਬਹੁਬਿਧਿ ਫਿਰੀਆ ਪਰ ਕਉ ਹਿਰੀਆ ॥**
**ਬਿਖਨਾ ਘਿਰੀਆ ॥ ਅਬ ਸਾਧੂਸੰਗਿ ਪਰੀਆ ॥**
**ਹਰਿ ਦੁਆਰੈ ਖਰੀਆ ॥ ਦਰਸਨੁ ਕਰੀਆ ॥**
**ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥ ੨ ॥ ੧ ॥੪੪॥**

ਇੱਕੁਰ ਦਾ ਚੇਤਨ ਪ੍ਰਕਾਸ਼ਕ ਕਰਮਾਂ ਦੇ ਮੇਲ ਕਰਕੇ ਅਨੇਕ ਤਰਾਂ ਦੀਆਂ ਜੂਨੀਆਂ ਵਿਚ ਫਿਰਦਾ ਹੈ ਅਤੇ ਪਰਾਇਆਂ ਪਦਾਰਥਾਂ ਨੂੰ ਵੇਖਦਾ ਹੈ ਵਿਸ਼ਿਆਂ ਦਾ ਘੇਰਿਆ ਹੋਇਆ ਹੈ ਏਹੋ ਆਦਮੀ ਦਾ ਜੀਅ ਜਦੋਂ ਸਾਧ ਸੰਗਤ ਵਿਚ ਪੈ ਜਾਂਦਾ ਹੈ ਤਦੋਂ ਨ ਮਰਨ ਵਾਲਾ ਬਣ ਜਾਂਦਾ ਹੈ ਜੇਹੜੇ ਸੰਤ ਪ੍ਰਮੇਸਰ ਦੇ ਬੂਹੇ ਉਤੇ ਖੜੋਤੇ ਹਨ ਭਾਵ ਪ੍ਰਾਪਤੀ ਵਾਲੇ। ਗੁਰੂ ਜੀ,ਇਕੁਰ ਦੇ ਗੁਰੂ ਮਿਲਨ ਤਾਂ ਪ੍ਰਮੇਸ਼ਰ ਦਾ ਦਰਸ਼ਨ ਕਰਕੇ ਭਾਵ ਮਿਲਕ ਫਿਰ ਚੁਰਾਸੀ ਲੱਖ ਜੂਨੀਆਂ ਵਿਚ ਨਹੀਂ ਫਿਰਦਾ ਹੈ ॥

Digitized by Panjab Digital Library | www.panjabdigilib.org

(ਸਨਮੁਖ ਬੇਨਤੀ ॥)

## ਸੂਹੀ ਮਹਲਾ ੫

ਨਿਰਾਰਾ = ਵੱਖਰਾ ॥ ਮਸਾਰਾ = ਮਾਸ ਜਾਂ ਦਾੜ੍ਹਾਂ ॥

ਰਸਿਮੰਡਲੁ ਕੀਨੋ ਆਖਾਰਾ ॥
ਸਗਲੋ ਸਾਜਿ ਰਖਿਓ ਪਾਸਾਰਾ ॥ ੧ ॥ ਰਹਾਉ ॥

ਹੇ ਪ੍ਰਮੇਸਰ ਜੀ ਇਹ ਸੰਸਾਰ ਰਾਸ ਮੰਡਲ ਦਾ ਅਖਾੜਾ ਤੁਸਾਂ ਕੀਤਾ ਹੈ ॥ ਸਾਰਾ ਪਸਾਰਾ ਸਾਜਕੇ ਫਿਰ ਇਸਦੀ ਰੱਖਿਆ ਕੀਤੀ ਹੈ ॥

ਬਹੁ ਬਿਧਿ ਰੂਪ ਰੰਗ ਆਪਾਰਾ ॥ ਪੇਖੈ ਖੁਸੀ ਭੋਗ ਨਹੀ ਹਾਰਾ ॥ ਸਭਿ ਰਸ ਲੈਤ ਬਸਤ ਨਿਰਾਰਾ ॥ ੧ ॥

ਬਹੁਤ ਤਰਾਂ ਦੇ ਅਕਾਰ ਹਨ ਅਪਾਰ ਹੀ ਓਨਾਂ ਦੇ ਰੰਗ ਹਨ ਸਾਰਿਆਂ ਨੂੰ ਵੇਖਕੇ ਪ੍ਰਮੇਸ਼ਰ ਖੁਸ਼ੀ ਹੁੰਦਾ ਹੈ ਅਤੇ ਸਾਰੇ ਰੂਪ ਹੋਕੇ ਭੋਗਣ ਵਾਲਾ ਹੈ ਸਾਰੇ ਰਸ ਲੈਂਦਾ ਹੈ ਫੇਰ ਵਖਰੇ ਦਾ ਵਖਰਾ ਰਹਿੰਦਾ ਹੈ ॥

ਬਰਨੁ ਚਿਹਨੁ ਨਾਹੀ ਮੁਖ ਨ ਮਸਾਰਾ ॥ ਕਹਨੁ ਨ ਜਾਈ ਖੇਲੁ ਤੁਹਾਰਾ ॥ ਨਾਨਕ ਰੇਣ ਸੰਤ ਚਰਨਾਰਾ ॥੨॥੨॥੪੫॥

ਚਿੱਟਾ ਅਦਕ ਕੋਈ ਪ੍ਰਮੇਸਰ ਦਾ ਰੰਗ ਵੀ ਨਹੀਂ। ਤਿਲ ਲਸਣ ਆਦਕ ਕੋਈ ਚਿੰਨ ਵੀ ਨਹੀਂ ਹੈ ਮੂੰਹ ਤੇ ਦਾੜ੍ਹਾਂ ਜਾਂ ਮਾਸ ਵੀ ਨਹੀਂ ਹੈ ॥ ਹੇ ਪ੍ਰਮੇਸਰ ਤੇਰਾ ਖੇਲ ਕੁਛ ਆਖਿਆ ਨਹੀਂ ਜਾਂਦਾ ਹੈ। ਗੁਰੂ ਜੀ, ਇਹ ਕਿਰਪਾ ਕਰ ਜੋ ਮੈਂ ਤੇਰੇ ਸੰਤਾਂ ਦੇ ਚਰਨਾਂ ਦੀ ਧੂੜ ਹੋਵਾਂ ॥

## ਸੂਹੀ ਮਹਲਾ ੫

ਮਾਰਗੰ = ਰਸਤਾ ॥ ਦੁਤਰ = ਔਖਾ ॥ ਕਰਰੋ = ਕਰੜਾ ॥ ਪਾਵਕ = ਅੱਗ ॥

ਤਉ ਮੈ ਆਇਆ ਸਰਨੀ ਆਇਆ ॥ ਭਰੋਸੈ ਆਇਆ ॥ ਕਿਰਪਾ ਆਇਆ ॥ ਜਿਉ ਭਾਵੈ ਤਿਉ ਰਾਖਹੁ ਸੁਆਮੀ ॥ ਮਾਰਗੁ ਗੁਰਹਿ ਪਠਾਇਆ ॥ ੧ ॥ ਰਹਾਉ ॥

ਸਾਧ ਸੰਗਤ ਰਸਤੇ ਵਿਚ ਮੈਨੂੰ ਗੁਰਾਂ ਨੇ ਘੱਲਿਆ ਹੈ ਤਾਂ ਮੈਂ ਪ੍ਰਮੇਸਰ ਦੀ ਸਰਨੀ ਆਇਆ ਹਾਂ ॥ ਪ੍ਰਮੇਸਰ ਨੂੰ ਸਾਰਿਆਂ ਜੀਆਂ ਵਿਚ ਆਇਆ ਹੋਇਆ ਜਾਣਿਆ ਹੈ ॥ ਜਦੋਂ ਪ੍ਰਮੇਸਰ ਕਿਰਪਾ ਕਰਨ ਵਿਚ ਆਇਆ ਤਾਂ ਮੈਂ ਭਰੋਸੇ

Digitized by Panjab Digital Library | www.panjabdigilib.org

ਵਿਚ ਆਇਆ ਭਾਵ ਮੈਨੂੰ ਭਰੋਸਾ ਆ ਗਿਆ ॥ ਹੁਣ ਜਿਸਤਰਾਂ ਤੈਨੂੰ ਭਾਉਂਦਾ ਹੈ ਉਸਤਰਾਂ ਤੂੰ ਮੈਨੂੰ ਰੱਖ ਅਥਵਾ ਹੇ ਪ੍ਰਮੇਸਰ ਜਦੋਂ ਤੂੰ ਕਿਰਪਾ ਕਰਨ ਲੱਗਾ ਭਾਵ ਕ੍ਰਿਪਾਲੂ ਹੋਇਆ ਤਾਂ ਮੈਂ ਤੇਰੀ ਸਰਨੀ ਆਇਆ, ਜਦੋਂ ਮੈਂ ਸ਼ਰਨੀ ਆਇਆ ਤਾਂ ਮੈਨੂੰ ਭਰੋਸਾ ਆਇਆ ਇਸ ਰਸਤੇ ਵਿਚ ਮੈਨੂੰ ਗੁਰਾਂ ਨੇ ਘਲਿਆ ਹੈ

**ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥ ੧ ॥**

ਇਹ ਮਾਇਆ ਤਰਨੀ ਬੜੀ ਔਖੀ ਹੈ ਜਿਸਤਰਾਂ ਪੌਣ ਦਾ ਝੁਲਾਰਾ ਹੁੰਦਾ ਹੈ ਇੱਕੁਰ ਝੁਲਾਂਦੀ ਹੈ ਜਾਂ ਛਿਨ ਵਿਚ ਨਾਸ ਹੋ ਜਾਂਦਾ ਹੈ ॥

**ਸੁਨਿ ਸੁਨਿ ਹੀ ਡਰਾਇਆ ॥ ਕਰਰੋ ਧ੍ਰਮ ਰਾਇਆ ॥ ੨ ॥**

ਧਰਮ ਰਾਜਾ ਬੜਾ ਕਰੜਾ ਹੈ ਇਸ ਗਲ ਨੂੰ ਸੁਣ ਸੁਣ ਕੇ ਹੀ ਦਿਲ ਡਰਦਾ ਹੈ

**ਗ੍ਰਿਹੁ ਅੰਧ ਕੂਪਾਇਆ ॥ ਪਾਵਕੁ ਸਗਰਾਇਆ ॥ ੩ ॥**

ਅਰ ਗ੍ਰਿਹਸਤ ਅੰਨਾ ਖੂਹ ਹੈ ਅਤੇ ਸੰਸਾਰ ਅੱਗ ਦਾ ਸਮੁੰਦ ਹੈ ਇਸ ਤੋਂ ਬਚਣ ਲਈ ਮੈਂ ਇਹ ਕੀਤਾ ਹੈ। (ਜੋ ਅਗੇ ਲਿਖਿਆ ਹੈ ਓਹ ਉਪਾਉ ਹੈ)

**ਗਹੀ ਓਟ ਸਾਧਾਇਆ ॥ ਨਾਨਕ ਹਰਿ ਧਿਆਇਆ ॥**
**ਅਬ ਮੈ ਪੂਰਾ ਪਾਇਆ ॥ ੪ ॥ ੩ ॥ ੪੬ ॥**

ਸੰਤਾਂ ਦੇ ਚਰਨਾਂ ਦੀ ਧੂੜ ਫੜੀ ਹੈ ਪ੍ਰਮੇਸਰ ਨੂੰ ਧਿਆਇਆ ਹੈ ॥ ਗੁਰੂ ਜੀ, ਹੇ ਪ੍ਰਮੇਸਰ ਮੈਂ ਤੇਰਾ ਪੂਰਾ ਸਰੂਪ ਪਾਇਆ ਹੈ।

## ਸੂਹੀ ਮਹਲਾ ੫ ਘਰੁ ੬

## ੧ ੴ ਸਤਿਗੁਰਪ੍ਰਸਾਦਿ ॥

**ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥**
**ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥ ੧ ॥**

ਮੇਰੀ ਸਤਿਗੁਰਾਂ ਦੇ ਪਾਸ ਬੇਨਤੀ ਹੈ ਹੇ ਗੁਰੂ ਜੀ ਮੈਨੂੰ ਨਾਮ ਦਾ ਆਸਰਾ ਮਿਲੇ ॥ ਜਦੋਂ ਪ੍ਰਮੇਸਰ ਪ੍ਰਸੰਨ ਹੋਇਆ ਤਾਂ ਸਾਰੇ ਸੰਸਾਰ ਦਾ ਤਾਪ ਦੂਰ ਹੋ ਗਿਆ ਜਾਂ ਤਾਪ ਤੇ ਸੰਸਾਰ=ਜਨਮ ਮਰਨ ਦਾ ਦੁਖ ਚਲਿਆ ਗਿਆ ॥

**ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨ ਹਾਰਾ ॥ ੧ ॥**

Digitized by Panjab Digital Library | www.panjabdigilib.org

ਹੇ ਮਾਲਕਾ ਤੂੰ ਸੱਚਾ ਸਾਰਿਆਂ ਦੇ ਪ੍ਰਗਟ ਕਰਨ ਵਾਲਾ ਹੈਂ ਅਤੇ ਤੂੰ ਹੀ ਸ਼ਾਂਤ ਰੂਪ ਭਗਤਾਂ ਦੇ ਮਨ ਤਨ ਦੀ ਓਟ ਹੈਂ ।

**ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥**
**ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥ ੨ ॥**

ਹੇ ਪ੍ਰਮੇਸਰ ਤੇਰੀ ਗੁਣਾਂ ਰੂਪ ਸਮੱਗਰੀ ਵੀ ਸੱਚੀ ਹੈ ਅਤੇ ਦਰਬਾਰ=ਸਤਸੰਗ ਵੀ ਸੱਚਾ ਹੈ ॥ ਭਗਤਾਂ ਦੇ ਰਿਦੇ ਜਾਂ ਨਾਮ ਰੂਪ ਤੇਰੇ ਖ਼ਜ਼ਾਨੇ ਵੀ ਸੱਚੇ ਹਨ ਅਤੇ ਤੇਰਾ ਸੰਸਾਰ ਵੀ ਸੱਚਾ ਹੈ ॥

**ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥**
**ਹਉ ਕੁਰਬਾਣੀ ਤੇਰਿਆ ਸੇਵਕਾ ਜਿਨ ਹਰਿਨਾਮੁ ਪਿਆਰਾ ॥ ੩ ॥**

ਹੇ ਪ੍ਰਮੇਸਰ ਤੇਰਾ ਰੂਪ ਲੱਭਣਾ ਬੜਾ ਔਖਾ ਹੈ ਅਤੇ ਤੇਰਾ ਦਰਸ਼ਨ ਵੀ ਸੁੰਦਰ ਹੈ ਜਿੰਨਾਂ ਨੂੰ ਤੇਰਾ ਨਾਮ ਪਿਆਰਾ ਹੈ ਓਨਾਂ ਸੇਵਕਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ ॥

**ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥ ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ॥੪॥੧॥੪੭**

ਜਦੋਂ ਅਗੰਮ ਅਪਾਰ=ਪ੍ਰਮੇਸਰ ਨੂੰ ਪਾਇਆ ਤਾਂ ਸਾਰੀਆਂ ਇਛਿਆ ਪੂਰੀਆਂ ਹੋ ਗਈਆਂ ॥ ਗੁਰੂ ਜੀ,ਹੇ ਪ੍ਰਮੇਸਰਾ ਤੂੰ ਗੁਰਾਂ ਦੀ ਕਿਰਪਾ ਨਾਲ ਮਿਲਿਆ ਹੈਂ ਮੈਂ ਤੇਰੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ ॥

## ਸੂਹੀ ਮਹਲਾ ੫ ਘਰੁ ੭

747

## ੧ ੴ ਸਤਿਗੁਰਪ੍ਰਸਾਦਿ ॥

**ਤੇਰਾ ਭਾਣਾ ਤੂਹੈ ਮਨਾਇਹਿ ਜਿਸਨੋ ਹੋਹਿ ਦਇਆਲਾ ॥**
**ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥ ੧ ॥**

ਜੇਹੜਾ ਤੇਰਾ ਭਾਣਾ ਹੈ ਜਿਸ ਉਤੇ ਦਿਆਲ ਹੁੰਦਾ ਹੈਂ ਉਸਨੂੰ ਤੂੰ ਮਨਾਂਦਾ ਹੈਂ ॥ ਓਹੋ ਹੀ ਭਗਤੀ ਹੈ ਜੇਹੜੀ ਤੈਨੂੰ ਭਾਂਦੀ ਹੈ ਤੂੰ ਸਾਰਿਆਂ ਜੀਆਂ ਦਾ ਪਾਲਣ ਵਾਲਾ ਹੈਂ ॥

**ਮੇਰੇ ਰਾਮਰਾਇ ਸੰਤਾ ਟੇਕ ਤੁਮਾਰੀ ॥**

Digitized by Panjab Digital Library | www.panjabdigilib.org

**ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ ॥੧॥ ਰਹਾਉ॥**

ਹੇ ਮੇਰੇ ਪ੍ਰਮੇਸਰ ਸੰਤਾਂ ਨੂੰ ਤੇਰੀ ਓਟ ਹੈ। ਜੋ ਤੈਨੂੰ ਭਾਂਦਾ ਹੈ ਓਹੋ ਹੀ ਸੰਤਾਂ ਨੂੰ ਚੰਗਾ ਲਗਦਾ ਹੈ ਤੂੰ ਹੀ ਮਨ ਤਨ ਦਾ ਆਸਰਾ ਹੈਂ।

**ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ ਮਨਸਾ ਪੂਰਣਹਾਰਾ ॥**
**ਭਗਤਿ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ॥੧॥**

ਤੂੰ ਹਰ ਵੇਲੇ ਦਿਆਲੂ ਕਿਰਪਾਲੂ ਕਿਰਪਾ ਦੀ ਨਿਧੀ ਹੈਂ ਸਾਰਿਆਂ ਦੀ ਤੂੰ ਵਾਸ਼ਨਾ ਪੂਰੀ ਕਰਨ ਵਾਲਾ ਹੈਂ। ਹੇ ਪ੍ਰਾਣਾਂ ਦੇ ਪਤੀ ਸਾਰੇ ਭਗਤ ਤੇਰੇ ਪਿਆਰੇ ਹਨ ਭਾਵ ਸਾਰਿਆਂ ਘਰ ਦਿਆਂ ਜੀਆਂ ਨਾਲੋਂ ਤੈਨੂੰ ਪਿਆਰਾ ਜਾਣਦੇ ਹਨ ਇਕੁਰ ਹੀ ਤੂੰ ਭਗਤਾਂ ਦਾ ਪਿਆਰਾ ਹੈਂ ॥

**ਤੂ ਅਥਾਹੁ ਅਪਾਰ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ ।**
**ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ ॥**

ਤੂੰ ਬਹੁਤ ਡੂੰਘਾ, ਵਡਾ, ਉਚਾ ਹੈਂ ਕੋਈ ਤੇਰੀ ਤਰਾਂ ਭਾਵ ਬਰਾਬਰੀ ਦਾ ਨਹੀ ਹੈ ਹੇ ਸੁਖਾਂ ਦੇ ਦਾਤੇ ਮਾਲਕ ਇਹ ਸਾਡੀ ਬੇਨਤੀ ਮੰਨ ਕਿ ਇਕ ਸਾਸ ਵੀ ਨ ਵਿਸਰ ॥

**ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥**
**ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥੪॥੧॥੪੮॥**

ਹੇ ਮਾਲਕ ਜੇ ਤੈਨੂੰ ਭਾਵਾਂ ਤਾਂ ਦਿਨ ਰਾਤ ਸਾਸ ਸਾਸ ਤੇਰੇ ਗੁਣ ਗਾਵਾਂ॥ ਗੁਰੂ ਜੀ, ਹੇ ਮਾਲਕ ਤਾਂਹੀ ਮੈਂ ਤੈਨੂੰ ਪਾਵਾਂ ਭਾਵ ਤੇਰੀ ਕਿਰਪਾ ਬਿਨਾ ਨਾਮ ਨਹੀਂ ਮਿਲਦਾ ਹੈ ਨਾਮ ਤੇਰਾ ਸੁਖ ਦੇਣ ਵਾਲਾ ਹੈ ਮੈਂ ਨਾਮ ਨੂੰ ਹੀ ਮੰਗਦਾ ਹਾਂ॥ ਤੁਠੇ=ਪ੍ਰਸੰਨ ਹੋਣਾ ॥

## ਸੂਹੀ ਮਹਲਾ ੫

**ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ ॥**
**ਆਠ ਪਹਰ ਜਿਤੁ ਤੁਧੁ ਧਿਆਈ ਨਿਰਮਲ ਹੋਵੈ ਦੇਹਾ ॥**

ਹੇ ਪ੍ਰਮੇਸਰਾ ਜਿਥੇ ਤੂੰ ਕਦੀ ਵੀ ਨਹੀ ਭੁਲਦਾ ਹੈਂ ਅਤੇ ਜਿਥੇ ਅਠੇ ਪਹਿਰ ਤੈਨੂੰ ਹੀ ਧਿਆਈਏ ਅਤੇ ਸਰੀਰ ਵੀ ਨਿਰਮਲ ਹੋ ਜਾਵੇ ਓਹ ਥਾਂ ਤੇਰਾ ਕੇਹੜਾ ਹੈ ॥

**ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ ॥ ਖੋਜਤ ਖੋਜਤ ਭਇ-**

Digitized by Panjab Digital Library | www.panjabdigilib.org

ਆ ਸਾਧ ਸੰਗੁ ਤਿਨ ਸਰਣਾਈ ਪਾਇਆ ॥ ੧ ॥ ਰਹਾਉ ॥

ਹੇ ਮੇਰੇ ਪ੍ਰਮੇਸਰਾ ਮੈਂ ਓਹ ਥਾਂ ਲਭਣ ਲਈ ਆਇਆ ਹਾਂ ॥ ਜਦੋਂ ਲਭਦਿਆਂ ੨ ਸਾਧੂਆਂ ਦਾ ਸੰਗ ਹੋਇਆ ਤੇ ਓਹਨਾਂ ਦੀ ਸਰਨ ਵਿਚ ਆਕੇ ਨਾਮ ਜਪਿਆ ਤਾਂ ਇਸ ਗਿਆਨ ਨੂੰ ਪਾਇਆ ॥

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥ ੨ ॥

ਵੇਦ ਪੜ ੨ ਕੇ ਬ੍ਰਹਮਾ ਵਰਗੇ ਕਈ ਹਾਰ ਗਏ ਇਕ ਤਿਲ ਵੀ ਕੀਮਤ ਨ ਪਾਈ ਭਾਵ ਪ੍ਰਮੇਸਰ ਨੂੰ ਨ ਲਭਿਆ ਗਿਆ। ਸਾਧਨਾ ਕਰਨ ਵਾਲੇ ਅਤੇ ਸਿਧ ਸਾਰੇ ਹੀ ਰੋਂਦੇ ਫਿਰੇ ਓਹ ਵੀ ਮਾਇਆ ਦੇ ਮੋਹੇ ਹੋਏ ਹਨ ॥

ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ ੩ ॥

ਜੇਹੜੇ ਚਵੀਆਂ ਅਵਤਾਰਾਂ ਵਿਚ ਦਸ ਅਵਤਾਰ ਮੁਖੀ ਰਾਮ ਆਦਿਕ ਹੋਏ ਹਨ ਅਤੇ ਵਡੇ ੨ ਜੇਹੜੇ ਰਾਜੇ ਹੋਏ ਹਨ ਜੇਹੜੇ ਦੁਨੀਆਂ ਉਤੇ ਵਡੇ ਵਡੇ ਹੋ ਵਰਤੇ ਹਨ ਸ਼ਿਵਜੀ, ਤੇ ਔਧੂਤ=ਦੱਤਾ ਤ੍ਰੇ ਆਦਿਕ ਓਹ ਵੀ ਸੁਆਹ ਮਲਕੇ ਥੱਕ ਗਏ ਹਨ ਓਨਾਂ ਵੀ ਤੇਰਾ ਅੰਤ ਨਹੀਂ ਪਾਇਆ ਹੈ ॥

ਸਹਜ ਸੂਖ ਆਨੰਦ ਨਾਮ ਰਸ ਹਰਿਸੰਤੀ ਮੰਗਲੁ ਗਾਇਆ ॥
ਸਫਲ ਦਰਸਨੁ ਭੇਟਿਓ ਗੁਰੁ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥ ੪ ॥ ੨ ॥ ੪੯ ॥

ਜਦੋਂ ਪ੍ਰਮੇਸਰ ਦੇ ਸੰਤਾਂ ਨੇ ਪ੍ਰਮੇਸਰ ਦਾ ਜਸ ਗਾਇਆ ਤਾਂ ਵਡਾ ਸੁਖ ਨਾਮ ਦਾ ਰਸ, ਅਨੰਦ ਸੰਤਾਂ ਨੂੰ ਮਿਲਿਆ ॥ ਗੁਰੂ ਜੀ, ਜਦੋਂ ਸਫਲ ਦਰਸਨ ਵਾਲਾ ਗੁਰੂ ਮਿਲਿਆ ਤਾਂ ਮਨ ਤਨ ਨਾਲ ਤੇਰਾ ਨਾਮ ਧਿਆਇਆ ॥

## ਸੂਹੀ ਮਹਲਾ ੫

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥

ਜੇਹੜੇ ਪਖੰਡ ਵਾਲੇ ਕਰਮ ਧਰਮ ਦੀਹਦੇ ਹਨ ਓਹਨਾਂ ਨੂੰ ਜਮ ਮਸੂਲੀਆ ਲੁਟ ਲੈਂਦਾ ਹੈ ਭਾਵ ਓਹਨਾਂ ਸਕਾਮ ਕੰਮਾਂ ਦਾ ਅਗੇ ਫਲ ਨਹੀਂ ਮਿਲਦਾ ਹੈ ਜੇ ਇਕ

Digitized by Panjab Digital Library | www.panjabdigilib.org

ਕੌਲ ਪਾਣੀ ਦਾ ਮਿਲੇ ਤਾਂ ਜਮ ਬਹੁਤ ਸਾਰਾ ਪੁੰਨ ਕੀਤਾ ਖੋਹ ਲੈਂਦੇ ਹਨ ਇਕਰ ਓਹ ਸਾਰੇ ਜਗ ਆਦਿਕ ਖੋਹ ਲੈਂਦੇ ਹਨ ਇਹੋ ਹੀ ਜਮ ਦਾ ਲੁਟਣਾ ਹੈ ॥ ਦੁਨੀਆਂ ਨੂੰ ਕਰਨ ਵਾਲੇ ਪ੍ਰਮੇਸਰ ਦਾ ਸੁਧ ਜਾਂ ਭੈੜੀ ਵਾਦੀ ਤੋਂ ਰਹਿਤ ਕੀਰਤਨ=ਜਸ ਗਾਓ ਜਿਸਦੇ ਪਲ ਭਰ ਸਿਮਰਨ ਨਾਲ ਆਦਮੀ ਜਮਾਂ ਦੇ ਦੁਖ ਤੋਂ ਛੁਟ ਜਾਂਦਾ ਹੈ ॥

**ਸੰਤਹੁ ਸਾਗਰੁ ਪਾਰਿਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥ ੧ ॥ ਰਹਾਉ ॥**

ਹੇ ਸੰਤੋ ਗੁਰੂ ਦੀ ਕਿਰਪਾ ਨਾਲ ਸੰਸਾਰ ਸਮੁੰਦ੍ਰ ਤੋਂ ਪਾਰ ਉਤਰੀਦਾ ਹੈ ਜੇ ਕੋਈ ਸਤਾਂ ਦਾ ਬਚਨ ਕਮਾਵੇ ਭਾਵ ਗੁਰੂ ਦਾ ਆਖਿਆ ਮੰਨੇ ਤਾਂ ਏਹੋ ਹੀ ਸਚ ਸਮਝੇ ਕਿ ਗੁਰੂ ਦੀ ਕਿਰਪਾ ਨਾਲ ਹੀ ਪਾਰ ਉਤਰੀ ਦਾ ਹੈ ॥

**ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ ਸਾਧਸੰਗਿ ਜੋ ਹਰਿਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥ ੨ ॥**

ਕਰੋੜਾਂ ਤੀਰਥਾਂ ਵਿਚ ਪੁਰਬਾਂ ਦੇ ਇਸ਼ਨਾਨ ਕਰਨ ਨਾਲ ਭੀ ਇਸ ਕਲਜੁਗ ਦੇ ਸਮੇਂ ਵਿਚ ਇਹ ਆਦਮੀ ਹੰਕਾਰ ਮੈਲ ਨਾਲ ਭਰਿਆ ਜਾਂਦਾ ਹੈ ॥ ਜੇਹੜਾ ਸਾਧ ਸੰਗਤ ਵਿਚ ਮਿਲਕੇ ਪ੍ਰਮੇਸਰ ਦੇ ਗੁਣ ਗਾਂਦਾ ਹੈ, ਓਹ ਦਿਲ ਨੂੰ ਸਾਫ ਕਰ ਲੈਂਦਾ ਹੈ ॥

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸਕੀ ਨਿਰਮਲ ਸੋਈ ॥ ੩ ॥**

ਬੇਦ, ਕਤੇਬ, ਸਿੰਮ੍ਰਤੀਆਂ ਸਾਰੇ ਸ਼ਾਸਤ੍ਰ ਇਹਨਾਂ ਦੇ ਪੜ੍ਹਨ ਨਾਲ ਮੁਕਤੀ ਨਹੀਂ ਹੁੰਦੀ ਹੈ। ਜੇਹੜਾ ਗੁਰਾਂ ਨਾਲ ਮਿਲਕੇ ਇੱਕ ਅਖਰ ਭਾਵ ਪ੍ਰਮੇਸਰ ਨੂੰ ਜਾਣੇ ਉਸਦੀ ਸੋਭਾ ਨਿਰਮਲ ਹੁੰਦੀ ਹੈ।

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥ ੪ ॥ ੩ ॥ ੫੦ ॥**

ਖੱਤ੍ਰੀ, ਬ੍ਰਾਹਮਣ, ਸੂਦਰ, ਵੈਸ਼ ਇਹ ਗੁਰੂ ਦਾ ਉਪਦੇਸ਼ ਚਹੁੰ ਹੀ ਵਰਣਾਂ ਨੂੰ ਸਾਂਝਾ ਹੈ ॥ ਗੁਰੂ ਜੀ, ਇਸ ਕਲਜੁਗ ਵਿਚ ਘਰ ਘਰ ਦੇ ਵਿਚ ਪ੍ਰਮੇਸਰ ਨੂੰ ਮਿਲਿਆ ਜਾਣਕੇ ਜੇਹੜਾ ਚਹੂੰ ਵਰਨਾਂ ਵਿਚੋਂ ਗੁਰਾਂ ਦੁਆਰੇ ਨਾਮ ਨੂੰ ਜਪੇਗਾ

Digitized by Panjab Digital Library | www.panjabdigilib.org

ਓਹ ਤਰੇਗਾ ॥

(ਸੰਤਾਂ ਦੀ ਮਹਿਮਾ)

## ਸੂਹੀ ਮਹਲਾ ੫

ਪਰਾਤੇ=ਚੰਗੀ ਤਰਾਂ ਰੱਤੇ ਜਾਂ ਪਛਾਤੇ ॥

**ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ ਤਿਨਕੀ ਸੋਭਾ ਸਭਨੀ ਥਾਈ ਜਿਨ ਪ੍ਰਭ ਕੇ ਚਰਣ ਪਰਾਤੇ ॥ ੧ ॥**

ਸੰਤ ਜੋ ਕੁਛ ਆਖਦੇ ਹਨ ਜਾਂ ਬੇਨਤੀ ਕਰਦੇ ਹਨ ਓਹ ਮਾਲਕ ਮੰਨ ਲੈਂਦਾ ਹੈ ਓਹ ਸੰਤ ਪ੍ਰਮੇਸਰ ਦੇ ਪ੍ਰੇਮ ਵਿਚ ਰੱਤੇ ਰਹਿੰਦੇ ਹਨ ॥ ਜਿੰਨਾਂ ਸੰਤਾਂ ਨੇ ਮਾਲਕ ਦੇ ਚਰਨ ਪਛਾਣੇ ਹਨ ਓਨਾਂ ਦੀ ਸੋਭਾ ਸਭਨੀ ਥਾਈਂ ਹੈ ॥

**ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ ਭਗਤਾ ਬਣਿਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲ ਸੋਈ ॥ ੧ ॥ ਰਹਾਉ ॥**

ਹੇ ਭਰਾ ਸੰਤਾਂ ਜਿੱਡਾ ਵੱਡਾ ਕੋਈ ਨਹੀਂ ਹੈ। ਆਪਣੇ ਮਾਲਕ ਨਾਲ ਭਗਤਾਂ ਦੀ ਪ੍ਰੀਤੀ ਬਣ ਆਈ ਹੈ ਓਹ ਮਾਲਕ ਜਲਾਂ ਥਲਾਂ ਧਰਤੀ ਅਕਾਸ਼ ਵਿਚ ਪੂਰਿਆ ਹੋਇਆ ਹੈ ॥

**ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾਕੈ ਨੇੜਿ ਨ ਆਵੈ॥ ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ ਹਰਿ ਸਿਉ ਆਨਿ ਮਿਲਾਵੈ॥੨॥**

ਕਰੋੜਾਂ ਅਪਰਾਧੀ ਸੰਤਾਂ ਦੇ ਸੰਗ ਕਰਕੇ ਤਰ ਗਏ ਹਨ ਓਨਾਂ ਦੇ ਨੇੜੇ ਜਮ ਨਹੀਂ ਆਉਂਦਾ ਹੈ ॥ ਜੇਹੜਾ ਆਦਮੀ ਜਨਮ ਜਨਮ ਦਾ ਵਿਛੜਿਆ ਹੋਇਆ ਹੈ ਸੰਤ ਉਸਨੂੰ ਲਿਆਕੇ ਪ੍ਰਮੇਸ਼ਰ ਦੇ ਨਾਲ ਮਿਲਾ ਦੇਂਦੇ ਹਨ ॥

**ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥ ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥ ੩॥**

ਜੇਹੜਾ ਕੋਈ ਸੰਤਾਂ ਦੀ ਸਰਨ ਆਉਂਦਾ ਹੈ ਉਸਦਾ ਮਾਇਆ ਦਾ ਮੋਹ ਤੇ ਭਰਮ, ਜਮ ਦਾ ਡਰ ਕੱਟ ਦੇਂਦੇ ਹਨ ॥ ਜਿਸਤਰਾਂ ਦਾ ਮਨੋਰਥ ਧਾਰਕੇ ਕੋਈ ਆਦਮੀ ਸੰਤਾਂ ਨੂੰ ਯਾਦ ਕਰਦਾ ਹੈ ਓਸੇ ਤਰਾਂ ਦਾ ਓਹ ਸੰਤਾਂ ਤੋਂ ਪਾਂਦਾ ਹੈ ॥

**ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥ ਕਹੁ**

Digitized by Panjab Digital Library | www.panjabdigilib.org

ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥
੪ ॥ ੪ ॥ ੫੧ ॥

ਜੇਹੜੇ ਆਪਣੇ ਮਾਲਕ ਨੂੰ ਚੰਗੇ ਲਗੇ ਹਨ ਓਨਾਂ ਸੰਤਾਂ ਦੀ ਮਹਿਮਾਂ ਕਿਤਨੀਕੁ ਬਰਨਨ ਕਰਾਂ ਭਵ ਬਹੁਤ ਹੈ ॥ ਗੁਰੂ ਜੀ, ਜਿੰਨਾਂ ਨੂੰ ਪੂਰਾ ਗੁਰੂ ਮਿਲਿਆ ਹੈ ਓਹ ਸਾਰਿਆਂ ਦੀ ਕੁਸ਼ਾਮਤ ਤੋਂ ਰਹਿਤ ਹੋਏ ਹਨ ॥

[ ਸਨਮੁਖ ਬੇਨਤੀ ]

## ਸੂਹੀ ਮਹਲਾ ੫

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ ॥
ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ ॥ ੧ ॥

ਜੇਹੜੇ ਪ੍ਰਮੇਸਰ ਦੀ ਸਰਨ ਪਏ ਹਨ ਓਨਾਂ ਨੂੰ ਪ੍ਰਮੇਸਰ ਨੇ ਵੱਡੀ ਅੱਗ ਸੰਸਾਰ ਤੋਂ ਹੱਥ ਦੇਕੇ ਰੱਖਿਆ ਹੈ ਜਾਂ ਹੇ ਪ੍ਰਮੇਸਰ ਸੰਬੋਧਨ ਹੈ ॥ ਤੇਰਾ ਹੀ ਮਾਣ ਤੇਰਾ ਹੀ ਦਿਲ ਅੰਦਰ ਬਲ ਹੈ ਹੋਰ ਦੂਸਰੀ ਆਸ ਸਾਰੀ ਦੂਰ ਕਰ ਦਿਤੀ ਹੈ ॥

ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥ ਤੇਰੀ ਟੇਕ ਭਰਵਾਸਾ
ਤੁਮਰਾ ਜਪਿ ਨਾਮੁ ਤੁਮਾਰਾ ਉਧਰੇ ॥ ੧ ॥ ਰਹਾਉ ॥

ਹੇ ਮੇਰੇ ਮਾਲਕਾ ਤੇਰੇ ਚੇਤੇ ਆਇਆਂ ਸੰਸਾਰ ਤੋਂ ਬਚੇ ਹਾਂ ਏਸੇ ਕਰਕੇ ਮਨ ਕਰਕੇ ਤੇਰੀ ਓਟ ਲਈ ਹੈ ਅਤੇ ਸਰੀਰ ਕਰਕੇ ਤੇਰਾ ਭਰੋਸਾ ਲਿਆ ਹੈ ਬਾਣੀ ਕਰਕੇ ਤੇਰੇ ਨਾਮ ਨੂੰ ਜਪਕੇ ਸੰਸਾਰ ਤੋਂ ਤਰ ਗਏ ਹਾਂ ॥

ਅੰਧ ਕੂਪ ਤੇ ਕਾਢ ਲੀਏ ਤੁਮ ਆਪਿ ਭਏ ਕਿਰਪਾਲਾ ॥
ਸਾਰਿ ਸਮਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ ॥ ੨ ॥

ਜਦੋਂ ਤੁਸੀ ਆਪ ਕਿਰਪਾਲੂ ਹੋਏ ਹੋ ਤਾਂ ਅੰਨ੍ਹੇ ਖੂਹ ਸੰਸਾਰ ਤੋਂ ਕੱਢ ਲਿਆ ਜੇ ॥ ਖਬਰ ਸਾਰ ਨੂੰ ਸੰਭਾਲਕੇ ਸਾਰੇ ਸੁਖ ਦਿਤੇ ਹਨ ਆਪ ਹੀ ਹਰ ਤਰਾਂ ਨਾਲ ਪਾਲਣਾ ਕਰਦੇ ਹੋ ॥

ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥
ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥ ੩ ॥

ਹੇ ਪ੍ਰਮੇਸਰਾ ਤੂੰ ਆਪਣੀ ਕਿਰਪਾ ਕਰਕੇ ਬੰਧਨ ਕੱਟਕੇ ਸੰਸਾਰ ਤੋਂ ਛੁਡਾਏ ਹਨ

Digitized by Panjab Digital Library | www.panjabdigilib.org

ਭਾਵ ਛੁਡਾ ਲਿਆ ਹੈ ॥ ਹੇ ਮਾਲਕਾ ਤੂੰ ਆਪਣੀ ਭਗਤੀ ਆਪ ਹੀ ਕਰਾਈ ਹੈ ਆਪੇ ਹੀ ਤੁਸਾਂ ਮਨ ਆਦਿਕ ਇੰਦ੍ਰੇ ਆਪਣੀ ਸੇਵਾ ਵਿਚ ਲਾਏ ਹਨ।

**ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥ ਨਾਨਕ ਦਇਆ ਕਰੀ ਸੁਖ ਦਾਤੇ ਭੇਟਿਆ ਸਤਿਗੁਰੁ ਪੂਰਾ ॥ ੪ ॥ ੫ ॥ ੫੨ ॥**

ਭਰਮ ਚਲਿਆ ਗਿਆ, ਡਰ ਤੇ ਮੋਹ ਆਦਕ ਮਾੜੇ ਗੁਣ ਨਾਸ ਹੋ ਗਏ, ਅਤੇ ਸਾਰਾ ਝੂਰਨਾ ਵੀ ਦੂਰ ਹੋ ਗਿਆ ਹੈ ॥ ਗੁਰੂ ਜੀ, ਹੇ ਸੁਖ ਦਾਤੇ ਪ੍ਰਮੇਸਰ ਜਦੋਂ ਤੂੰ ਦਯਾ ਕੀਤੀ ਹੈ ਤਾਂ ਪੂਰਾ ਗੁਰੂ ਮਿਲਿਆ ਹੈ ॥

(ਸਨਮੁਖ ਬੇਨਤੀ)

## ਸੂਹੀ ਮਹਲਾ ੫

**ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥ ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥**

ਜਦੋਂ ਇਹ ਆਦਮੀ ਮਾਂ ਦੇ ਪੇਟ ਵਿਚ ਕੁਛ ਕਰਨ ਜੋਗਾ ਨਹੀਂ ਸੀ ਤਦੋਂ ਇਹ ਕੀ ਕਰਦਾ ਸੀ ਜਿਸ ਕਰਕੇ ਮਾਂ ਦ ਸਰੀਰ ਵਿਚ ਰਹਿੰਦਾ ਸੀ ਮਾਂ ਦੇ ਪੇਟ ਵਿਚੋਂ ਬਾਹਰ ਕੇਹੜੇ ਕਰਮ ਕਰਕੇ ਆਇਆ ਹੈ ਭਾਵ ਸਭ ਕੁਛ ਤੇਰੀ ਹੀ ਕਿਰਪਾ ਨਾਲ ਹੋਇਆ ਹੈ ॥ ਤੂੰ ਆਪਣਾ ਖੇਲ ਆਪ ਹੀ ਕਰਕੇ ਵੇਖਦਾ ਹੈਂ, ਹੇ ਮਾਲਕ ਤੂੰ ਹੀ ਸਾਰੀ ਰਚਨਾ ਨੂੰ ਰਚਾਇਆ ਹੈ ॥

**ਮੇਰੇ ਰਾਮ ਰਾਇ ਮੁਝਤੇ ਕਛੂ ਨ ਹੋਈ ॥ ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ ॥ ੧ ॥ ਰਹਾਉ ॥**

ਹੇ ਮੇਰੇ ਪ੍ਰਮੇਸਰਾ ਮੇਰੇ ਪਾਸੋਂ ਕੁਛ ਨਹੀਂ ਹੁੰਦਾ ਹੈ ॥ ਤੂੰ ਆਪੇ ਹੀ ਸੰਸਾਰ ਦਾ ਕਰਤਾ ਹੈਂ ਅਤੇ ਆਪੇਹੀ ਕਰਮ ਕਰਾਉਂਦਾ ਹੈਂ ਸਾਰਿਆਂ ਵਿਚ ਤੂੰ ਹੀ ਇਕ ਲਗਾਤਾਰ ਬਰਾਜਿਆ ਹੋਇਆ ਹੈਂ ॥

**ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ ॥ ਕ੍ਰਿਪਾ ਕਰਹੁ ਪ੍ਰਭ ਕਰਣੈ ਹਾਰੇ ਤੇਰੀ ਬਖਸ ਨਿਰਾਲੀ ॥ ੨ ॥**

ਕਰਮਾਂ ਦੀ ਗਿਣਤੀ ਗਿਣਨ ਨਾਲ ਇਹ ਆਦਮੀ ਕਿਤੇ ਨਹੀਂ ਛੁਟਦਾ ਹੈ ਇਹ ਦੇਹ ਛਿਨ ਵਿਚ ਨਾਸ ਹੋ ਜਾਣ ਵਾਲੀ ਹੈ ਅਤੇ ਅਕਲ ਇਹ ਬੜੀ ਬੇ ਸਮਝ

Digitized by Panjab Digital Library | www.panjabdigilib.org

ਹੈ ॥ ਹੇ ਮਾਲਕ ਕਰਨ ਵਾਲਿਆ ਕਿਰਪਾ ਕਰ ਤੇਰੀ ਬਖਸ਼ਸ਼ ਸਾਰੇ ਦੇਵੀ ਦੇਵਤਿਆਂ ਤੋਂ ਵਖਰੀ ਹੈ ਭਾਵ ਮੁਕਤੀ ਦੇਣ ਵਾਲੀ ਹੈ ਜੋ ਮੁਕਤੀ ਹੋਰ ਕੋਈ ਨਹੀਂ ਦੇ ਸਕਦਾ ਹੈ ॥

**ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥**
**ਤੇਰੀ ਗਤਿਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ ॥ ੩ ॥**

ਸਾਰੇ ਛੋਟੇ ਵੱਡੇ ਜੀਵ ਤੇਰੇ ਹੀ ਕੀਤੇ ਹੋਏ ਹਨ ਦਿਲ ੨ ਵਿਚ ਤੈਨੂੰ ਧਿਆਇਆ ਜਾਂਦਾ ਹੈ ॥ ਤੂੰ ਆਪਣੀ ਮਰਜਾਦਾ ਦੀ ਰੀਤੀ ਨੂੰ ਆਪ ਹੀ ਜਾਣਦਾ ਹੈਂ ਹੇ ਕੁਦਰਤ ਵਾਲਿਆ ਤੇਰੀ ਕੀਮਤ ਨਹੀਂ ਪਾਈ ਜਾਂਦੀ ਹੈ ॥

**ਨਿਰਗੁਣ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥**
**ਦਇਆ ਕਰਹੁ ਨਾਨਕ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥ ੪ ॥ ੬ ॥ ੫੩ ।**

ਨਿਰਗੁਣਿਆਰਾ, ਮੂਰਖ, ਬੇ ਸਮਝ, ਮੈਂ ਅਗਿਆਨੀ ਕੁਛ ਕਰਮ ਧਰਮ ਕਰਨਾ ਨਹੀ ਜਾਣਦਾ ਹਾਂ ॥ ਗੁਰੂ ਜੀ,ਇਹ ਦਯਾ ਕਰੋ ਜੋ ਮੇਰਾ ਮਨ ਆਪਦੇ ਗੁਣਾਂ ਨੂੰ ਗਾਂਦਾ ਰਹੇ ਅਤੇ ਤੇਰਾ ਭਾਣਾ ਮਿੱਠਾ ਲਗੇ ॥

( ਸੰਤ )

## ਸੂਹੀ ਮਹਲਾ ੫

**ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿਨਾਮਾ ॥**
**ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥ ੧ ॥**

ਹੇ ਪ੍ਰਮੇਸ਼ਰਾ ਜਿਨਾਂ ਦੇ ਘਰ ਵਿਚ ਤੇਰਾ ਨਾਮ ਹੀ ਧਨ ਹੈ ਓਹ ਸੰਤ ਤੇਰੇ ਸ਼ਾਹੂਕਾਰ ਹਨ ॥ ਇਸ ਸੰਸਾਰ ਵਿਚ ਆਏ ਹੋਏ ਓਹੋ ਹੀ ਪਰਵਾਣ ਗਿਣੀਦੇ ਹਨ ਅਤੇ ਸਾਰੇ ਕਰਮ ਵੀ ਓਨਾਂ ਦੇ ਸਫਲ ਹਨ ॥

**ਮੇਰੇ ਰਾਮ ਹਰਿਜਨ ਕੈ ਹਉ ਬਲਿਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ ੧ ॥ ਰਹਾਉ ॥**

ਹੇ ਪ੍ਰਮੇਸ਼ਰਾ ਮੈਂ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ ॥ ਕੇਸਾਂ ਦਾ ਚੌਰ ਕਰਕੇ ਸੰਤਾਂ ਦੇ ਉਤੋਂ ਦੀ ਝੁਲਾਵਾਂ ਅਤੇ ਪੈਰਾਂ ਦੀ ਧੂੜ ਮੂੰਹ ਉਤੇ ਲਾਵਾਂ ॥

Digitized by Panjab Digital Library | www.panjabdigilib.org

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ੨॥**

ਪ੍ਰਮੇਸਰ ਦੇ ਦਾਸ ਪਰਉਪਕਾਰ ਕਰਨ ਵਾਸਤੇ ਆਏ ਹਨ ਓਹ ਜਨਮ ਮਰਨ ਦੋਹਾਂ ਵਿਚ ਨਹੀਂ ਹਨ ॥ ਜੀਆਂ ਨੂੰ ਉਪਦੇਸ਼ ਦਾਨ ਦੇਕੇ ਭਗਤੀ ਵਿਚ ਲਾਉਂਦੇ ਹਨ ਅਤੇ ਪ੍ਰਮੇਸਰ ਵਿਚ ਮਿਲਾ ਲੈਂਦੇ ਹਨ ॥

**ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥ ੩ ॥**

ਸੱਚਾ ਹੀ ਹੁਕਮ ਹੈ ਸੱਚੀ ਹੀ ਪਾਤਸ਼ਾਹੀ ਹੈ ਭਾਵ ਪਾਤਸ਼ਾਹੀ ਨਾਸ ਨਹੀਂ ਹੁੰਦੀ ਹੈ ਅਤੇ ਓਹ ਸੱਚੇ ਪ੍ਰਮੇਸਰ ਦੇ ਨਾਲ ਰਤੇ ਹੋਏ ਹਨ ॥ ਸੁਖ ਵੀ ਸੱਚਾ ਸਦਾ ਰਹਿਣ ਵਾਲਾ ਹੈ ਉਸ ਵਿਚ ਮਸਤ ਹਨ ਏਸੇ ਲਈ ਸੱਚੀ ਵਡਿ-ਆਈ ਹੈ । ਹੇ ਪ੍ਰਮੇਸਰ ਜੇਹੜੇ ਤੇਰੇ ਦਾਸ ਹਨ ਤੂੰ ਹੀ ਉਨਾਂ ਦੇ ਗੁਣ ਜਾਣੇ ਹਨ ॥

**ਪਖਾ ਫੇਰੀ ਪਾਣੀ ਢੋਵਾ ਹਰਿਜਨ ਕੈ ਪੀਸਣੁ ਪੀਸਿ ਕਮਾਵਾ॥ ਨਾਨ-ਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪ ॥ ੭ ॥੫੪**

ਮੇਰਾ ਦਿਲ ਤਾਂ ਇਹ ਕਰਦਾ ਹੈ ਜੋ ਮੈਂ ਤੇਰੇ ਸੰਤਾਂ ਦੇ ਸਤਸੰਗ ਵਿਚ ਪਖਾ ਫੇਰਨਾ ਕਰਾਂ ਅਤੇ ਪਰਦੱਖਣਾਂ ਲਵਾਂ ਪਾਣੀ ਢੋਵਾਂ ਭਾਵ ਹਰ ਤਰਾਂ ਦੀ ਸੇਵਾ ਕਰਾਂ ਅਤੇ ਸੰਤਾਂ ਦੇ ਡੇਰੇ ਵਿਚ ਪੀਸਣ=ਚਕੀ ਪੀਹਣ ਦੀ ਸੇਵਾ ਕਮਾਵਾਂ । ਗੁਰੂ ਜੀ, ਹੇ ਮਾਲਕਾ। ਤੇਰੇ ਪਾਸ ਏਹੋ ਹੀ ਬੇਨਤੀ ਹੈ ਜੋ ਤੇਰੇ ਦਾਸਾਂ ਦਾ ਦਰਸ਼ਨ ਪਾਵਾਂ ॥

(ਸਨਮੁਖ ਬੇਨਤੀ)

੭੫੧

## ਸੂਹੀ ਮਹਲਾ ੫

**ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ ॥ ਚਰਣਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ ॥ ੧ ॥**

ਪ੍ਰਮੇਸਰ ਤੇ ਸਤਿਗੁਰੂ ਵਿਚ ਕੋਈ ਫਰਕ ਨਹੀਂ ਹੈ ਭਾਵ ਪ੍ਰਮੇਸਰ ਸੱਚਾ ਸਦਾ ਰਹਿਣ ਵਾਲਾ ਹੈ ਓਹ ਸਭ ਕੁਛ ਆਪ ਹੀ ਕਰਨ ਵਾਲਾ ਹੈ ॥ ਮੈਂ ਦਾਸ ਤੇਰੇ ਚਰਨਾਂ ਦੀ ਧੂੜ ਮੰਗਦਾ ਹਾਂ, ਮੈਂ ਬਲਿਹਾਰ ਜਾਂਦਾ ਹਾਂ, ਤੇਰੇ ਦਰਸਨ

Digitized by Panjab Digital Library | www.panjabdigilib.org

ਨੂੰ ਲੋੜਦਾ ਹਾਂ ॥

ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥ ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥ ੧ ॥ ਰਹਾਉ ॥

ਹੇ ਮੇਰੇ ਮਾਲਕਾ ਜਿਸਤਰਾਂ ਤੂੰ ਰੱਖਦਾ ਹੈਂ ਓਸੇ ਹੀ ਤਰਾਂ ਰਹੀਦਾ ਹੈ ਤੈਨੂੰ ਭੰਦਾ ਹੈ ਤੇ ਤਾਂ ਤੂੰ ਨਾਮ ਜਪਾਦਾ ਹੈਂ ਸਾਰੇ ਸੁਖਾਂ ਦਾ ਅਕੱਠ ਤੇਰਾ ਹੀ ਦਿਤਾ ਹੋਇਆ ਲਈਦਾ ਹੈ ॥

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥ ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ । ੨ ।

ਮੁਕਤੀ, ਭੁਗਤੀ, ਸੰਸਾਰ ਦੀ ਜੁਗਤੀ ਸਭ ਕੁਛ ਤੇਰੀ ਸੇਵਾ ਵਿਚ ਹੀ ਹੈ। ਤੇਰੀ ਸੇਵਾ ਓਹ ਕਰਦਾ ਹੈ ਜਿਸ ਤੋਂ ਤੂੰ ਆਪ ਕਰਾਂਦਾ ਹੈਂ ॥ ਜਿਥੇ ਤੇਰਾ ਕੀਰਤਨ=ਜਸ ਹੁੰਦਾ ਹੈ ਓਥੇ ਹੀ ਵੈਕੁੰਠ ਹੈ ਭਾਵ ਸਾਰੇ ਸੁਖ ਅਤੇ ਕੀਰਤਨ ਵਿਚ ਤੂੰ ਆਪ ਹੀ ਸਰਧਾ ਲਾਉਂਦਾ ਹੈਂ ॥

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥ ੩ ॥

ਮੈਂ ਤੇਰਾ ਨਾਮ ਸਿਮਰਕੇ ਜੀਉਂਦਾ ਹਾਂ ਤਾਂਹੀ ਮੇਰਾ ਮਨ ਤਨ ਸੁਖੀ ਹੁੰਦਾ ਹੈ ॥ ਹੇ ਮੇਰੇ ਸਤਿਗੁਰੂ ਦੀਨ ਦਿਆਲ ਮੈਂ ਤੇਰੇ ਚਰਨਾਂ ਨੂੰ ਧੋ ਧੋ ਕੇ ਪੀਵਾਂ ॥

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥ ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥ ੪ ॥ ੮ ॥ ੫੫ ॥

ਉਸ ਵੇਲੇ ਦੀ ਸੋਹਣੀ ਘੜੀ ਉਤੋਂ ਮੈਂ ਕੁਰਬਾਨ ਜਾਂਦਾ ਹਾਂ ਜਿਸ ਘੜੀ ਵਿਚ ਤੁਹਾਡੇ ਦਰਵਾਜੇ ਉਤੇ ਆਇਆ ਹਾਂ ॥ ਗੁਰੂ ਜੀ, ਹੇ ਪ੍ਰਮੇਸਰਾ ਜਦੋਂ ਤੂੰ ਸਾਡੇ ਉਤੇ ਕਿਰਪਾਲੂ ਹੋਇਆ ਹੈਂ ਤਾਂ ਮੈਂ ਪੂਰਾ ਸਤਿਗੁਰੂ ਪਾਇਆ ਹੈ ਜਾਂ ਗੁਰੂ ਦੀ ਕਿਰਪਾ ਨਾਲ ਗਿਆਨ ਪਾਇਆ ਹੈ ॥

Digitized by Panjab Digital Library | www.panjabdigilib.org

[ਸਨਮੁਖ ਬੇਨਤੀ]

## ਸੂਹੀ ਮਹਲਾ ੫

**ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥ ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥੧ ॥**

ਜਿਸ ਨੂੰ ਤੂੰ ਚੇਤੇ ਆਉਂਦਾ ਹੈਂ ਉਸਨੂੰ ਵਡਾ ਅਨੰਦ ਹੁੰਦਾ ਹੈ ਜਿਸਨੂੰ ਤੂੰ ਵਿਸਰ ਜਾਂਦਾ ਹੈਂ ਓਹ ਜੰਮਦਾ ਮਰਦਾ ਹੈ ॥ ਹੇ ਕਰਤੇ ਜਿਸਦੇ ਉਤੇ ਤੂੰ ਦਿਆਲ ਹੁੰਦਾ ਹੈਂ ਓਹ ਆਦਮੀ ਤੈਨੂੰ ਸਦਾ ਧਿਆਂਦਾ ਹੈ ।

**ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥ ੧ ॥ ਰਹਾਉ ॥**

ਹੇ ਮੇਰੇ ਮਾਲਕਾ ਤੂੰ ਹੀ ਮੈਂ ਨਿਮਾਣੀ ਨੂੰ ਆਦਰ ਦੇਣ ਵਾਲਾ ਹੈਂ ॥ ਹੇ ਮੇਰੇ ਮਾਲਕ ਮੈ ਆਪਦੇ ਅਗੇ ਬੇਨਤੀ ਕਰਦੀ ਹਾਂ ਮੈਂ ਤੇਰੀ ਬਾਣੀ ਨੂੰ ਸੁਣ ਸੁਣ ਕੇ ਜੀਉਂਦੀ ਹਾਂ ॥

**ਚਰਣਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿਜਾਈ ॥ ਅੰਮ੍ਰਿਤਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥**

ਮੈਂ ਤੇਰੇ ਦਾਸਾਂ ਦੇ ਚਰਨਾਂ ਦੀ ਧੂੜ ਹੋਵਾਂ ਅਤੇ ਤੇਰੇ ਦਰਸ਼ਨ ਤੋਂ ਬਲਹਾਰ ਜਾਵਾਂ। ਤੇਰਿਆਂ ਮਿਠਿਆਂ ਬਚਨਾਂ ਨੂੰ ਦਿਲ=ਉਰ ਵਿਚ ਧਾਰਾਂ,ਹੇ ਮਾਲਕਾ ਜਦੋਂ ਪਹਿਲੇ ਹੀ ਤੇਰੀ ਕਿਰਪਾ ਹੋਵੇ ਤੇ ਤਾਂ ਸਤਸੰਗ ਪਾਈਦਾ ਹੈ ॥

**ਅੰਤਰ ਕੀ ਗਤਿ ਤੁਧ ਪਹਿ ਸਾਰੀ ਤੁਧੁ ਜੇਵਡ ਅਵਰੁ ਨ ਕੋਈ ॥ ਜਿਸਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ ॥ ੩ ॥**

ਦਿਲ ਦੇ ਅੰਦਰ ਦੀ ਹਾਲਤ ਸਾਰੀ ਹੀ ਤੇਰੇ ਪਾਸ ਆਖੀਦੀ ਹੈ ॥ ਕੀ ਜੋ ਤੇਰੇ ਵਰਗਾ ਵੱਡਾ ਹੋਰ ਕੋਈ ਨਹੀਂ ਹੈ ॥ ਜਿਸਨੂੰ ਤੂੰ ਆਪਣੇ ਵੱਲ ਲਾ ਲੈਂਦਾ ਹੈਂ ਓਹ ਲਗਦਾ ਹੈ ਅਤੇ ਓਹੋ ਹੀ ਤੁਹਾਡਾ ਭਗਤ ਹੈ ॥

**ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥ ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥੪॥੯॥੫੬**

ਮੈਂ ਦੋਵੇਂ ਹੱਥ ਜੋੜਕੇ ਇਕ ਦਾਨ ਮੰਗਦਾ ਹਾਂ, ਸਾਸ ਸਾਸ ਮੇਰਾ ਮਨ ਤੈਨੂੰ ਚੇਤੇ

Digitized by Panjab Digital Library | www.panjabdigilib.org

ਕਰਦਾ ਰਹੇ ਅਤੇ ਜ਼ਬਾਨ ਨਾਲ ਅਠੇ ਪਹਿਰ ਤੇਰੇ ਗੁਣ ਗਾਵਾਂ ॥ ਹੇ ਮਾਲਕਾ ਇਕ ਦਾਨ ਮੈਂ ਆਪਦੇ ਪ੍ਰਸੰਨ ਹੋਇਆਂ ਆਪ ਤੋਂ ਪਾਵਾਂਗਾ ।'

## ਸੂਹੀ ਮਹਲਾ ੫

**ਜਿਸਕੈ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥੧॥**

ਹੇ ਮਾਲਕ ਜਿਸਦੇ ਸਿਰ ਉਤੇ ਤੂੰ ਹੱਥ ਦੇਕੇ ਰੱਖਣ ਵਾਲਾ ਹੈਂ ਓਹ ਕਿਸਤਰਾਂ ਜਾਂ ਕਿਕੁਰ ਜਾਂ ਕੀ ਦੁਖ ਪਾਵੇਗਾ, ਭਾਵ ਕੁਛ ਨਹੀਂ ਪਾਵੇਗਾ ॥ ਜੇਹੜਾ ਮਾਇਆ ਦੇ ਹੰਕਾਰ ਵਿਚ ਮੱਤਾ ਹੋਇਆ ਹੈ ਓਹ ਚੰਗੇ ਮਿਠੇ ਬਚਨ ਜਾਂ ਨਾਮ ਨੂੰ ਬੋਲਣ ਵੀ ਨਹੀਂ ਜਾਣਦਾ ਹੈ ਅਤੇ ਮਰਣਾਂ ਵੀ ਇਸਨੂੰ ਚੇਤੇ ਨਹੀਂ ਆਉਂਦਾ ਹੈ ਭਾਵ ਓਹ ਬੜਾ ਪਾਪੀ ਹੈ ॥

**ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥**

ਹੇ ਮੇਰੇ ਮਾਲਕਾ ਤੂੰ ਸੰਤਾਂ ਦਾ ਰਾਖਾ ਹੈਂ, ਅਤੇ ਸੰਤ ਤੇਰੇ ਆਸਰੇ ਰਹਿੰਦੇ ਹਨ ॥ ਤੇਰੇ ਦਾਸ ਨੂੰ ਡਰ ਕੁਛ ਨਹੀਂ ਹੈ, ਹੋਰ ਕੀ ਆਖਣਾ ਹੈ ਜਮ ਵੀ ਨੇੜੇ ਨਹੀਂ ਆਉਂਦਾ ਹੈ ।

**ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥**

ਹੇ ਮੇਰੇ ਮਾਲਕਾ ਜੇਹੜੇ ਤੇਰੇ ਪ੍ਰੇਮ ਵਿਚ ਰੱਤੇ ਹੋਏ ਹਨ ਓਨਾਂ ਦਾ ਜੰਮਣ ਮਰਨ ਦਾ ਦੁਖ ਨਾਸ ਹੋ ਗਿਆ ਹੈ ॥ ਤੇਰੀ ਬਖਸ਼ਸ਼ ਨੂੰ ਕੋਈ ਮਿਟਾ ਨਹੀਂ ਸਕਦਾ ਹੈ ਅਤੇ ਬਖਸ਼ਸ਼ ਓਨਾਂ ਨੂੰ ਹੋਈ ਹੈ ਜਿਨਾਂ ਨੂੰ ਗੁਰੂ ਦਾ ਦਿਲਾਸਾ ਹੋਇਆ ਹੈ ਭਾਵ ਗੁਰੂ ਪ੍ਰਸੰਨ ਹੋਇਆ ਹੈ ॥

**ਨਾਮ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩ ॥**

ਜੇਹੜੇ ਤੇਰੇ ਨਾਮ ਨੂੰ ਧਿਆਂਦੇ ਹਨ ਓਹ ਸੁਖ ਰੂਪ ਫਲ ਨੂੰ ਪਾਂਦੇ ਹਨ ਅਤੇ ਓਹ ਮਨ ਨਾਲ ਅਠੇ ਪਹਿਰ ਚੇਤੇ ਕਰਦੇ ਰਹਿੰਦੇ ਹਨ ॥ ਓਨਾਂ ਨੇ ਸਰੀਰ ਕਰਕੇ ਤੇਰੀ ਸ਼ਰਨ ਲਈ ਹੈ ਅਤੇ ਮਨ ਕਰਕੇ ਵੀ ਤੇਰੇ ਹੀ ਭਰਵਾਸੇ ਹਨ ਏਸੇ ਲਈ ਪੰਜ ਦੁਸ਼ਟ ਕਾਮ ਆਦਿਕ ਓਨਾਂ ਨੇ ਅਪਣੇ ਵੱਸ ਕਰ ਲਏ ਹਨ ॥

Digitized by Panjab Digital Library | www.panjabdigilib.org

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥੪॥੧੦॥੫੭**

ਮੈਂ ਤਾਂ ਗਿਆਨ ਧਿਆਨ ਕੁਛ ਕਰਮ ਨਹੀ ਜਾਣਦਾ ਹਾਂ ਅਤੇ ਨਾ ਹੀ ਮੈਨੂੰ ਤੇਰੀ ਸਾਰ=ਸਮਝਣ ਦੀ ਅਕਲ ਹੀ ਹੈ ਮੈਂ ਤੇਰੀ ਕੁਛ ਸਾਰ ਨਹੀਂ ਜਾਣਦਾ ਹਾਂ ਪਰ ਸਾਰਿਆਂ ਤੋਂ ਵੱਡਾ ਮੈਂ ਸਤਿਗੁਰੂ *ਨਾਨਕ ਦਾ ਰੂਪ ਗੁਰੂ ਰਾਮ ਦਾਸ ਜੀ ਨੂੰ ਹੀ ਜਾਣਿਆ ਹੈ ਜਿਸਨੇ ਕਲਜੁਗ ਵਿਚ ਮੇਰੀ ਇਜ਼ਤ ਰਖ ਲਈ ਹੈ ॥

[ਗੁਰੂ ਪ੍ਰਮੇਸਰ ਇਕ ਹੈ, ਸੰਤਾਂ ਦੀ ਧੂੜੀ, ਬੇਨਤੀ]

## ਸੂਹੀ ਮਹਲਾ ੫

**ਸਗਲ ਤਿਆਗਿ ਗੁਰਸਰਣੀ ਆਇਆ ਰਾਖਹੁ ਰਾਖਨਹਾਰੇ॥ ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ॥**

ਹੇ ਗੁਰੂ ਜੀ ਮੈਂ ਸਾਰੇ ਟੱਬਰ ਨੂੰ ਛਡਕੇ ਤੇਰੀ ਸਰਨ ਆਇਆ ਹਾਂ ਹੇ ਰਖਣ ਵਾਲਿਆ ਪ੍ਰਮੇਸਰਾ ਮੈਨੂੰ ਸੰਸਾਰ ਸਮੁੰਦ੍ਰ ਤੋਂ ਰਖ ਲੈ ॥ ਜਿਥੇ ੨ ਤੂੰ ਲਾਉਂਦਾ ਹੈਂ ਓਥੇ ੨ ਸਾਰੇ ਆਦਮੀ ਲੱਗਦੇ ਹਨ ਇਹ ਜੀਅ ਵਿਚਾਰੇ ਕੀ ਹਨ ਭਾਵ ਕੁਛ ਨਹੀਂ ॥

**ਮੇਰੇ ਰਾਮ ਜੀ ਤੂੰ ਪ੍ਰਭੁ ਅੰਤਰਜਾਮੀ ॥ ਕਰਿ ਕਿਰਪਾ ਗੁਰਦੇਵ ਦਇਆਲਾ ਗੁਣ ਗਾਵਾ ਨਿਤ ਸੁਆਮੀ ॥ ੧ ॥ ਰਹਾਉ ॥**

ਹੇ ਮੇਰੇ ਪ੍ਰਮੇਸਰ ਜੀ ਤੂੰ ਮਾਲਕ ਅੰਦਰ ਦੀ ਜਾਨਣ ਵਾਲਾ ਹੈਂ ॥ ਹੇ ਵਡੇ ਪ੍ਰਕਾਸ਼ਕ ਦਿਆਲੂ ਮਾਲਕ ਕਿਰਪਾ ਕਰਕੇ ਮੈਨੂੰ ਇਹ ਦਾਨ ਦੇਹ ਜੋ ਮੈਂ ਰੋਜ ਤੇਰੇ ਗੁਣ ਗਾਂਦਾ ਰਹਾਂ ॥

**ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ॥ ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥ ੨ ॥**

ਹੇ ਮਾਲਕਾ ਤੈਨੂੰ ਅਪਣਾ ਰਖਿਆ ਵਾਲਾ ਜਾਣਕੇ ਅਠੇ ਪਹਿਰ ਯਾਦ ਕਰੀਏ ਤਾਂ ਗੁਰ

*ਕਈ ਵਿਦਵਾਨ ਇਸ ਅਰਥ ਨੂੰ ਕਰਦੇ ਹਨ ਜੋ ਗੁਰੂ ਨਾਨਕ ਭਾਵ ਪੰਜਵੇਂ ਪਾਤਸ਼ਾਹ ਜੀ ਆਖਦੇ ਹਨ ਜੋ ਸਾਰਿਆਂ ਦੇਵੀ ਦੇਵਤਿਆਂ ਤੋਂ ਵੱਡਾ ਪ੍ਰਮੇਸ਼ਰ ਹੈ ਤਿਸ ਨੂੰ ਮੈਂ ਜਪਿਆ ਹੈ ਜਿਸਨੇ ਮੇਰੀ ਕਲਜੁਗ ਵਿੱਚ ਇੱਜ਼ਤ ਰੱਖ ਲਈ ਹੈ ॥

Digitized by Panjab Digital Library | www.panjabdigilib.org

ਦੀ ਕਿਰਪਾ ਨਾਲ ਡਰਾਉਣੇ ਸੰਸਾਰ ਸਮੁੰਦ੍ਰ ਤੋਂ ਤਰੀਦਾ ਹੈ ॥ ਇਹ ਕਿਰ੍ਪਾ ਕਰ ਜੋ ਹੰਕਾਰ ਨੂੰ ਛਡਕੇ ਸਾਰਿਆਂ ਦੀ ਚਰਨ ਧੂੜ ਹੋ ਜਾਈਏ ਜੀਵਤ ਭਾਵ ਤੋਂ ਇਕੁਰ ਮਰਿਆ ਜਾਂਦਾ ਹੈ ॥

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧ ਸੰਗਿ ਨਾਉ ਜਾਪੇ ॥**
**ਸਗਲ ਮਨੋਰਥ ਤਿਸਕੇ ਪੂਰਨ ਜਿਸੁ ਦਇਆ ਕਰੈ ਪ੍ਰਭੁ ਆਪੇ ।੩।**

ਉਸਦਾ ਜਗਤ ਵਿਚ ਸਫਲ ਜਨਮ ਹੈ ਜੇਹੜਾ ਸਾਧ ਸੰਗਤ ਕਰਦਾ ਤੇ ਨਾਮ ਜਪਦਾ ਹੈ ॥ ਹੇ ਮਾਲਕਾ ਸਾਰੇ ਮਨੋਰਥ ਉਸਦੇ ਪੂਰੇ ਹੁੰਦੇ ਹਨ ਜਿਸਦੇ ਉਤੇ ਆਪ ਦਯਾ ਕਰਦੇ ਹੋ ॥

**ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ।**
**ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥ ੪ ॥**
**੧੧॥ ੫੮ ॥ ੮੨ ।**

ਹੇ ਦੀਨ ਦਿਆਲੂ ਕਿਰਪਾਲੂ ਮਾਲਕ ਦਯਾ ਦੇ ਘਰ ਮੈਂ ਤੇਰੀ ਸ਼ਰਨ ਆਇਆ ਹਾਂ ॥ ਗੁਰੂ ਜੀ, ਕਿਰਪਾ ਕਰਕੇ ਆਪਣਾ ਨਾਮ ਤੇ ਸੰਤਾਂ ਦੀ ਧੂੜ ਦੇਹ ॥

[ਨਿੰਮ੍ਰਤਾ ਵਾਲੀ ਬੇਨਤੀ]

## ਰਾਗੁ ਸੂਹੀ ਅਸਟਪਦੀ ਮਹਲਾ ੧ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

ਬੰਕੇ=ਸੁੰਦਰ । ਕਾਮਣਿ=ਇਸਤ੍ਰੀ ॥

**ਸਭਿ ਅਵਗੁਣ ਮੈ ਗੁਣ ਨਹੀ ਕੋਈ ॥**
**ਕਿਉ ਕਰਿ ਕੰਤ ਮਿਲਾਵਾ ਹੋਈ ॥ ੧ ॥**

ਮੇਰੇ ਵਿਚ ਸਾਰੇ ਹੀ ਔਗੁਣ ਹਨ ਗੁਣ ਤਾਂ ਕੋਈ ਵੀ ਨਹੀਂ ਹੈ ॥ ਪ੍ਰਮੇ-ਸਰ ਨਾਲ ਕਿਸਤਰਾਂ ਮਿਲਾਵਾ ਹੋਵੇਗਾ ॥

**ਨਾ ਮੈ ਰੂਪੁ ਨ ਬੰਕੇ ਨੈਣਾ ॥**
**ਨਾ ਕੁਲ ਢੰਗੁ ਨ ਮੀਠੇ ਬੈਣਾ। ੧ ॥ਰਹਾਉ॥**

ਨ ਮੇਰਾ ਸੁੰਦਰ ਰੂਪ ਹੈ ਨ ਮੇਰੇ ਸੁੰਦਰ ਨੇਤਰ ਹਨ ॥ ਨ-

Digitized by Panjab Digital Library | www.panjabdigilib.org

ਮੇਰੀ ਕੋਈ ਚੰਗੀ ਕੁਲ ਹੈ ਨ ਕੋਈ ਚੰਗਾ ਕੰਮ ਹੀ ਹੈ ਅਤੇ ਨਾ ਹੀ ਮਿਠੇ ਵਚਨ ਹਨ ॥

**ਸਹਜਿ ਸੀਗਾਰ ਕਾਮਣਿ ਕਰਿ ਆਵੈ ॥**
**ਤਾ ਸੋਹਾਗਣਿ ਜਾ ਕੰਤੈ ਭਾਵੈ ॥ ੨ ॥**

ਸਿਖ ਇਸਤ੍ਰੀ ਸ਼ਾਂਤੀ ਗੁਣਾਂ ਦਾ ਸਿੰਗਾਰ ਕਰਕੇ ਗੁਰਾਂ ਦੀ ਸ਼ਰਨ ਆਵੇ ਜਦੋਂ ਮਾਲਕ ਨੂੰ ਸਾਧਨ ਚੰਗਾ ਲਗ ਜਾਵੇ ਤਾਂ ਸੁਹਾਗਨ ਹੁੰਦੀ ਹੈ ਭਾਵ ਮਾਲਕ ਦੀ ਪ੍ਰਾਪਤੀ ਹੁੰਦੀ ਹੈ ॥

**ਨਾ ਤਿਸੁ ਰੂਪੁ ਨ ਰੇਖਿਆ ਕਾਈ ॥**
**ਅੰਤਿ ਨ ਸਾਹਿਬੁ ਸਿਮਰਿਆ ਜਾਈ ॥ ੩ ॥**

ਓਹ ਮਾਲਕ ਕਿਸਤਰਾਂ ਦਾ ਹੈ ਨ ਉਸਦਾ ਕੋਈ ਰੂਪ ਹੀ ਹੈ ਅਤੇ ਨਾ ਹੀ ਕੋਈ ਚਿੰਨ ਨਿਸ਼ਾਨ ਹੈ ॥ ਇੱਕਰ ਦਾ ਮਾਲਕ ਓੜਕ ਦੇ ਵੇਲੇ ਤਾਂ ਯਾਦ ਨਹੀ ਕੀਤਾ ਜਾਂਦਾ ਹੈ ਭਾਵ ਹੁਣ ਹੀ ਮਾਲਕ ਨੂੰ ਸਿਮਰੋ ॥ [ਹੋਰ ਬੇਨਤੀ]

**ਸੁਰਤਿ ਮਤਿ ਨਾਹੀ ਚਤੁਰਾਈ ॥**
**ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥ ੪ ॥**

ਚੰਗੀ ਪ੍ਰੀਤੀ, ਅਕਲ ਵਿਚ ਚਤਰਾਈ ਵੀ ਨਹੀਂ ਹੈ ਹੇ ਮਾਲਕ ਕਿਰਪਾ ਕਰਕੇ ਆਪਣੀ ਚਰਨੀ ਲਾਓ ।

**ਖਰੀ ਸਿਆਣੀ ਕੰਤ ਨ ਭਾਣੀ ॥**
**ਮਾਇਆ ਲਾਗੀ ਭਰਮਿ ਭੁਲਾਣੀ ॥ ੫ ॥**

ਜੇਹੜੀ ਜੀਵ ਰੂਪ ਇਸਤ੍ਰੀ ਵਿਹਾਰਾਂ ਵਿਚ ਬਹੁਤ ਹੀ ਸਿਆਣੀ ਹੈ । ਪਰ ਮਾਇਆ ਦੇ ਕੰਮਾਂ ਵਿਚ ਲਗਕੇ ਭਰਮ ਵਿਚ ਹੀ ਭੁਲੀ ਹੋਈ ਹੈ ॥

**ਹਉਮੈ ਜਾਈ ਤਾ ਕੰਤ ਸਮਾਈ ॥**
**ਤਉ ਕਾਮਣਿ ਪਿਆਰੇ ਨਵਨਿਧਿ ਪਾਈ ॥ ੬ ॥**

ਜੇ ਹੰਕਾਰ ਜਾਵੇ ਤੇ ਤਾਂ ਪਤੀ ਵਿਚ ਸਮਾਈ ਹੁੰਦੀ ਹੈ ਤਾਂ ਹੀ ਸਿਖ ਰੂਪ ਇਸਤ੍ਰੀ ਨੌ ਨਿਧੀ ਰੂਪ ਪਿਆਰੇ ਮਾਲਕ ਨੂੰ ਪਾਂਦੀ ਹੈ ॥

**ਅਨਿਕ ਜਨਮ ਬਿਛੁਰਤ ਦੁਖੁ ਪਾਇਆ ।**
**ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥ ੭ ॥**

Digitized by Panjab Digital Library | www.panjabdigilib.org

ਹੇ ਮਾਲਕਾ ਤੈਥੋਂ ਵਿਛੜਕੇ ਅਨੇਕਾਂ ਜਨਮਾਂ ਵਿਚ ਦੁਖ ਪਾਇਆ ਹੈ ॥ ਹੇ ਪ੍ਰਕਾਸ਼ਕ ਪਿਆਰੇ ਮਾਲਕ ਮੇਰਾ ਹਥ ਫੜ ਲਓ ਭਾਵ ਅਕਲ ਨੂੰ ਚੰਗੇ ਪਾਸੇ ਲਾਓ।

ਭਣਤਿ ਨਾਨਕ ਸਹੁ ਹੈ ਭੀ ਹੋਸੀ ॥
ਜੈ ਭਾਵੈ ਪਿਆਰਾ ਤੈ ਰਾਵੇਸੀ॥ ੮ ॥ ੧ ॥

ਗੁਰੂ ਜੀ ਆਖਦੇ ਹਨ, ਪ੍ਰਮੇਸ਼ਰ ਤਿੰਨਾਂ ਹੀ ਸਮਿਆਂ ਵਿਚ ਹੈ ਜਿਸਨੂੰ ਚਾਹੁੰਦਾ ਹੈ ਉਸ ਨਾਲ ਪਿਆਰ ਕਰਕੇ ਆਪਣੇ ਨਾਲ ਮਿਲਾਂਦਾ ਹੈ ॥ ਭਣਤਿ=ਆਖਦੇ ਹਨ ॥

## ਰਾਗ ਸੂਹੀ ਮਹਲਾ੧ ਘਰੁ੯ ਅਸਟਪਦੀ

੧ ਓ ਸਤਿਗੁਰਪ੍ਰਸਾਦਿ ॥

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥
ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥
ਸਚੇ ਸਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥

ਕਸੁੰਭੇ ਵਰਗਾ ਵਿਸ਼ਿਆਂ ਦਾ ਅਨੰਦ ਕੱਚਾ ਹੈ ਚਾਰ ਦਿਨ ਭਾਵ ਥੋੜੇ ਦਿਨ ਰਹਿਣ ਵਾਲਾ ਹੈ॥ ਪ੍ਰਮੇਸਰ ਦੇ ਨਾਮ ਤੋਂ ਬਿਨਾ ਆਦਮੀਦੀ ਅਕਲ ਵਿਸ਼ਿਆਂ ਵਿਚ ਭੁੱਲੀ ਹੋਈ ਹੈ॥ ਵਿਸ਼ਿਆਂ ਰੂਪ ਠੱਗਾਂ ਦੇ ਝੂਠੇ ਰੰਗ ਨੇ ਲੁਟ ਲਈ ਹੈ॥ ਜੇਹੜੇ ਪ੍ਰਮੇਸ਼ਰ ਦੇ ਨਾਲ ਰਤੇ ਹਨ ਓਨਾਂ ਨੂੰ ਦੂਜੀ ਵਾਰ ਜਨਮ ਨਹੀਂ ਹੋਵੇਗਾ ॥

ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ ॥
ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ ॥੧॥

ਜੇਹੜੇ ਗੁਰਾਂ ਵਿਚ ਪ੍ਰੇਮ ਲਗਾਕੇ ਰੱਤੇ ਹਨ ਓਨਾਂ ਰੰਗਿਆਂ ਹੋਇਆਂ ਦਾ ਹੋਰ ਇਸ ਤੋਂ ਪਰੇ ਕੀ ਰੰਗਣਾ ਹੈ ॥ ਜੇਹੜਾ ਰੰਗਣ ਵਾਲਾ ਗੁਰੂ ਹੈ ਉਸਨੂੰ ਸੇਵੀਏ ਅਤੇ ਸੱਚੇ ਪ੍ਰਮੇਸਰ ਵਿਚ ਚਿਤ ਲਾਈਏ ॥

ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ ॥
ਅਵਗੁਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ ॥

Digitized by Panjab Digital Library | www.panjabdigilib.org

ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥੨॥

ਨਾਮ ਧਨ ਦੇ ਵਾਸਤੇ ਜੇਕਰ ਚਹੁੰਆਂ ਕੂਟਾਂ ਵਿਚ ਫਿਰਦਾ ਰਹੇ ਤਾਂ ਵੀ ਬਿਨਾਂ ਚੰਗਿਆਂ ਕਰਮਾਂ ਦੇ ਨਹੀਂ ਮਿਲਦਾ ਹੈ ॥ ਔਗਣ ਕਰਕੇ ਠੱਗੀ ਹੋਈ ਅਕਲ ਵਾਲੇ ਜੇਹੜੇ ਫਿਰਦੇ ਹਨ ਓਹ ਬਧਿਕ=ਜੀਆਂ ਨੂੰ ਮਾਰਨ ਵਾਲੇ ਸ਼ਿਕਾਰੀ ਹਨ ਏਸੇ ਲਈ ਓਹ ਚੰਗਾ ਥਾਂ ਭਾਵ ਪ੍ਰਮੇਸਰ ਨੂੰ ਨਹੀਂ ਪਾਂਦੇ ਹਨ ॥
ਜੇਹੜੇ ਵਿਸ਼ਿਆਂ ਤੋਂ ਗੁਰੂ ਨੇ ਬਚਾ ਰਖੇ ਹਨ ਓਹ ਬਚੇ ਹਨ ਸੋ ਓਹ ਕੌਣ ਹਨ ਜੇਹੜੇ ਗੁਰ ਉਪਦੇਸ਼ ਸੁਣਕੇ ਮਨ ਵਿਚ ਰਤੇ ਹੋਇ ਹਨ ॥

ਚਿਟੇ ਜਿਨਕੇ ਕਪੜੇ ਮੈਲੇ ਚਿਤ ਕਠੋਰ ਜੀਉ ॥
ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥ ੩ ॥

ਜਿਨਾਂ ਪਾਖੰਡੀਆਂ ਦੇ ਬਾਹਰੋਂ ਤਾਂ ਚਿਟੇ ਕਪੜੇ ਹਨ ਅਤੇ ਚਿਤੋਂ ਬਹੁਤ ਮੈਲੇ ਤੇ ਕਰੜੇ ਦਿਲ ਵਾਲੇ ਹਨ ਭਾਵ ਜੀਆਂ ਨੂੰ ਮਾਰਦੇ ਸੰਗਦੇ ਨਹੀਂ ਹਨ ॥ ਓਨਾਂ ਦੇ ਮੂੰਹੋਂ ਨਾਮ ਨਹੀ ਉਪਜਦਾ ਹੈ ਭਾਵ ਓਹ ਕਦੀ ਮੂੰਹੋਂ ਵਾਹਿਗੁਰੂ ਵੀ ਨਹੀਂ ਆਖਦੇ ਹਨ ਓਹ ਦੂਸਰੇ ਖਿਆਲਾਂ ਵਿਚ ਵਿਆਪੇ ਹੋਇ ਹਨ ਏਸੇ ਲਈ ਓਹ ਚੋਰ ਆ-ਖੀਦੇ ਹਨ ਜਾਂ ਏਸੇ ਲਈ ਓਨਾਂ ਨੂੰ ਦੂਜੇ ਕਾਮ ਆਦਿਕ ਚੋਰ ਵਿਆਪਦੇ ਹਨ ਚੰਗਿਆਂ ਗੁਣਾਂ ਨੂੰ ਖੁਹਾ ਦੇਂਦੇ ਹਨ ॥ ਜੇਹੜੇ ਆਪਣੇ ਅਸਲੀ ਮੁਢ ਨੂੰ ਨਹੀਂ ਸਮਝਦੇ ਹਨ ਓਹ ਪਸੂ ਭਾਵ ਗਾਂ ਮਹੀਂ ਆਦਕ ਤੇ ਢੋਰ=ਖੋਤੇ ਆਦਿਕ ਹਨ ॥

ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖਜੀਉ।
ਕਰਤਾ ਚਿਤਿ ਨ ਆਵਈ ਫਿਰਿ ਫਿਰਿ ਲਗਹਿ ਦੁਖ ਜੀਉ ॥
ਸੁਖੁ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ ॥ ੪ ।

ਰੋਜ ਹੀ ਖੁਸ਼ੀਆਂ ਕਰਦੇ ਹਨ ਅਤੇ ਬੇਸਮਝ ਆਦਮੀ ਰੋਜ ਹੀ ਮਨ ਕਰਕੇ ਸੁਖ ਮੰਗਦੇ ਹਨ ਜਿਸ ਪ੍ਰਮੇਸਰ ਨੇ ਸੁਖ ਦੇਣੇ ਹਨ ਓਹ ਦਿਲ ਵਿਚ ਯਾਦ ਨਹੀਂ ਆਉਂਦਾ ਹੈ ॥ ਏਸ ਲਈ ਜੀਵ ਨੂੰ ਮੁੜ ੨ ਜਨਮ ਮਰਨ ਆਦਕ ਦੁਖ ਹੀ ਲਗਦੇ ਹਨ ਅਤੇ ਜੇਹੜਾ ਸੁਖ ਦਾਤਾ ਪ੍ਰਮੇਸਰ ਹੈ ਓਹ ਜਿਸਦੇ ਮਨ ਵਿਚ ਆ ਵਸਦਾ ਹੈ ਉਸ ਸਰੀਰ ਭਾਵ ਆਦਮੀ ਨੂੰ ਕਿਸਤਰਾਂ ਦੀ ਭੁਖ ਹੋਵੇ ਭਾਵ ਓਹ ਰੋਜ ਰਜਿਆ ਰਹਿੰਦਾ ਹੈ ॥

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥

Digitized by Panjab Digital Library | www.panjabdigilib.org

੧੬੮



ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ॥
ਸਚੇ ਕੀ ਲਿਵ ਉਬਰੈ ਬਖਸੇ ਬਖਸਣਹਾਰੁ ਜੀਉ ॥ ੫ ॥

ਜਿੰਨਾਂ ਦੇ ਵਲ ਪਾਪ ਰੂਪ ਬਾਕੀ ਰਹੀ ਹੋਈ ਹੈ ਓਨਾਂ ਨੂੰ ਧਰਮ ਰਾਜਾ ਬੁਲਾਂਦਾ ਹੈ ਅਤੇ ਸਿਰ ਉਤੇ ਜੰਦਾਰ=ਡੰਡਾ ਮਾਰਦਾ ਹੈ ਜਾਂ ਜਰਨੈਲ ਮਾਰਦਾ ਹੈ ਸਿਰ ਤੇ ਖੜੋਕੇ ॥ ਜੇਹੜਾ ਲੇਖਾ ਮੰਗਦਾ ਹੈ ਓਹ ਦੇਣਾ ਹੀ ਪੈਂਦਾ ਹੈ ਪਰ ਲੇਖ ਵਿਚਾਰਕੇ ਪੁਛਦਾ ਹੈ ਓਹ ਜੁਲਮ ਕਰਕੇ ਤਾਂ ਨਹੀਂ ਮਾਰਦਾ ਹੈ ॥
ਜਿੰਨਾਂ ਨੇ ਸਚੇ ਪ੍ਰਮੇਸਰ ਵਿਚ ਪ੍ਰੀਤੀ ਲਾਈ ਜਾਂ ਕੀਤੀ ਹੈ ਓਹ ਆਦਮੀ ਜਮ ਦੀ ਮਾਰ ਤੋਂ ਬਚ ਗਏ ਹਨ ਅਤੇ ਪ੍ਰਮੇਸਰ ਨੇ ਬਖਸ਼ ਲਏ ਹਨ ॥

ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ ॥
ਬਹੁ ਰੰਗ ਦੇਖਿ ਭੁਲਾਇਆ ਭੁਲਿ ਭੁਲਿ ਆਵੈ ਜਾਇ ਜੀਉ ॥
ਨਦਰਿ ਪ੍ਰਭੂ ਤੇ ਛੁਟੀਐ ਨਦਰੀ ਮੇਲਿ ਮਿਲਾਇ ਜੀਉ ॥ ੬ ॥

ਜੇ ਬਿਨਾ ਪ੍ਰਮੇਸ਼ਰ ਤੋਂ ਹੋਰ ਕਿਸੇ ਨੂੰ ਮਿਤਰ ਕਰ ਲਈਏ ਤੇ ਤਾਂ ਓਹ ਮਰਕੇ ਮਿੱਟੀ ਵਿਚ ਮਿਲ ਜਾਂਦਾ ਹੈ ਤਾਂ ਫਿਰ ਹੋਰ ਵੀ ਉਸਨੇ ਕੀ ਸਹੈਤਾ ਕਰਨੀ ਹੈ ॥
ਆਦਮੀ ਮਾਇਆ ਦਾ ਭੁਲਾਇਆ ਹੋਇਆ ਆਇਆ ਏ ਬਹੁਤਿਆਂ ਰੰਗਾਂ ਨੂੰ ਵੇਖ ਵੇਖ ਕੇ ਮੁੜ ਮੁੜ ਭੁਲਕੇ ਜਨਮ ਮਰਨ ਵਿਚ ਆਉਂਦਾ ਜਾਂਦਾ ਰਹਿੰਦਾ ਹੈ ਜਦੋਂ ਪ੍ਰਮੇਸਰ ਕਿਰਪਾ ਦ੍ਰਿਸ਼ਟੀ ਕਰਕੇ ਸਤ ਸੰਗ ਦੇ ਮੇਲ ਵਿਚ ਮਿਲਾਉਂਦਾ ਹੈ ਤੇ ਤਾਂ ਪ੍ਰਮੇਸਰ ਦੀ ਕਿਰਪਾ ਨਾਲ ਛੁਟੀ ਦਾ ਹੈ ॥

ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ॥
ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ ॥
ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮ ਕਾਲਿ ਜੀਉ ॥੭॥

ਹੇ ਭੁਲਿਆ ਹੋਇਆ ਗਿਆਨ ਤੋਂ ਛੁਟਿਆ ਜੀਵ ਗੁਰੂ ਬਿਨਾ ਹੋਰਥੇ ਗਿਆਨ ਨੂੰ ਲੱਭ ॥ ਖਿੱਚਕੇ ਜੋਰ ਲਾਉਣਾ ਭਾਵ ਕਦੀ ਮਨ ਨੂੰ ਕਿਧਰੇ ਖਿੱਚਣਾ ਕਦੀ ਕਿਧਰੇ ਇਸ ਕਰਕੇ ਖਰਾਬ ਹੋਈਦਾ ਹੈ ॥ ਬੁਰਾ ਭਲਾ ਕਰਮ ਲਿਖਣ ਵਾਲੇ ਚਿਤ੍ਰ ਗੁਪਤ ਤਾਂ ਤੇਰੇ ਨਾਲ ਹੀ ਹਨ ਜਾਂ ਦੋਵੇਂ ਮਾੜੇ ਚੰਗੇ ਕਰਮ ਨਾਲ ਹਨ ॥
ਪ੍ਰਮੇਸਰ ਦੇ ਡਰ ਵਿਚ ਰੱਤਿਆਂ ਬਿਨਾਂ ਸਾਰੀ ਦੁਨੀਆਂ ਜਮ ਕਾਲ=ਮੌਤ ਨੇ ਵੇਖੀ ਹੋਈ ਹੈ ਭਾਵ ਸਭਨੇ ਮਰਨਾ ਹੈ ॥

ਜਿਨਿ ਕਰਿ ਕਾਰਣੁ ਧਾਰਿਆ ਸਭਸੈ ਦੇਇ ਅਧਾਰੁ ਜੀਉ ॥

Digitized by Panjab Digital Library | www.panjabdigilib.org

ਸੋ ਕਿਉ ਮਨਹੁ ਵਿਸਾਰੀਐ ਸਦਾ ਸਦਾ ਦਾਤਾਰੁ ਜੀਉ ॥
ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ॥ ੮ ॥ ੧ ॥ ੨ ॥

ਜਿਸ ਪ੍ਰਮੇਸਰ ਨੇ ਮਾਇਆ ਵਿਚ ਤੱਤ ਆਦਕ ਕਾਰਨਾਂ ਕਰਕੇ ਦੁਨੀਆਂ ਨੂੰ ਧਾਰਨ ਕਰਕੇ ਰੱਖਿਆ ਹੈ ਓਹ ਸਾਰਿਆਂ ਨੂੰ ਆਸਰਾ ਦੇਂਦਾ ਹੈ ॥ ਉਸ ਪ੍ਰਮੇਸਰ ਨੂੰ ਮਨ ਤੋਂ ਕਿਉਂ ਭੁਲਾਈਏ ਜੇਹੜਾ ਸਦਾ ਸਦਾ ਦਾਤਾ ਹੈ ॥ ਗੁਰੂ ਜੀ,ਜੇਹੜਾ ਪ੍ਰਮੇਸਰ ਨਿਆਸਰਿਆਂ ਦਾ ਆਸਰਾ ਹੈ ਉਸਦਾ ਨਾਮ ਮੈਨੂੰ ਨ ਭੁਲੇ ॥

## ਸੂਹੀ ਮਹਲਾ ੧ ਕਾਫੀ ਘਰੁ ੧੦ ਅਸਟਪਦੀਆਂ

## ੧ ਓ ਸਤਿਗੁਰਪ੍ਰਸਾਦਿ ॥

ਕਾਫੀ=ਇਸ ਵਿਚ ਵੈਰਾਗ ਦਾ ਕਾਫੀ ਉਪਦੇਸ਼ ਹੈ ਜਾਂ
ਇਹ ਇਕ ਛੰਦ ਦਾ ਨਾਮ ਹੈ

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥ ੧ ॥

ਜੇਹੜਾ ਮਨੁੱਖ ਜਨਮ ਬੜਾ ਦੁਰਲੱਭ ਹੈ ਓਹ ਗੁਰਮੁਖਾਂ ਨੇ ਪਾਇਆ ਹੈ ਤੇ ਸਫਲ ਕੀਤਾ ਹੈ ॥ ਮਨ ਤਨ ਬਹੁਤ ਹੀ ਗੂਹੜੇ ਰੰਗ, ਅਨੰਦ ਵਾਲਾ ਹੁੰਦਾ ਹੈ ਪਰ ਜੇਕਰ ਆਦਮੀ ਸਤਿਗੁਰਾਂ ਨੂੰ ਭਾਇਆ ਰਹੇ ॥

ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥
ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥ ੧ ॥ ਰਹਾਉ ।

ਦੁਨੀਆਂ ਉਤੋਂ ਓਹ ਜਨਮ ਸਵਾਰ ਚੱਲੇ ਹਨ ਜਿੰਨਾਂ ਨੇ ਸੱਚੇ ਨਾਮ ਦਾ ਵਖਰ=ਮਾਲ ਧਨ, ਸੌਦਾ ਲਿਆ ਹੈ ॥ ਓਹੋ ਹੀ ਸਤਿਗੁਰਾਂ ਦੇ ਉਪਦੇਸ਼ ਨਾਲ ਡਰ ਨੂੰ ਧਾਰਕੇ ਪ੍ਰਮੇਸ਼ਰ ਦੇ ਦਰਬਾਰ ਵਿਚ ਇੱਜ਼ਤ ਪਾਉਂਦੇ ਹਨ ॥

ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥
ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥

ਜਿਸਨੇ ਮਨ ਤਨ ਕਰਕੇ ਸੱਚ ਨੂੰ ਸਲਾਹਿਆ ਹੈ ਓਹ ਸੱਚੇ ਦੇ ਮਨ ਨੂੰ ਭਾਇਆ ਹੈ ॥ ਜਿਸਨੇ ਪੂਰਾ ਗੁਰੂ ਪਾਇਆ ਹੈ ਉਸਦਾ ਪਿਆਰੇ ਵਿਚ ਰੱਤਾ ਹੋਇਆ

Digitized by Panjab Digital Library | www.panjabdigilib.org

ਮਨ ਮੰਨਿਆਂ ਹੈ ॥

ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥
ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥ ੩ ॥

ਤੂੰ ਜੋ ਮੇਰੇ ਅੰਦਰ ਵੱਸਦਾ ਹੈਂ ਏਸੇ ਲਈ ਮੈਂ ਤੇਰੇ ਗੁਣਾਂ ਨੂੰ ਸੰਭਾਲਕੇ ਜੀਵਦਾ ਹਾਂ ਹੇ ਪ੍ਰਮੇਸਰਾ ਜੇ ਤੂੰ ਜੀਅ ਦੇ ਮਨ ਅੰਦਰ ਵੱਸਦਾ ਹੈਂ ਤਾਂ ਸਹਜੇ ਹੀ ਅਨੰਦ ਵਿਚ ਰਸਿਆ ਰਹਿੰਦਾ ਭਾਵ ਬਹੁਤ ਅਨੰਦ ਵਾਲਾ ਹੁੰਦਾ ਹੈ ॥

ਮੂਰਖ ਮਨ ਸਮਝਾਇ ਆਖਉ ਕੇਤੜਾ ॥
ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥ ੪ ॥

ਇਸ ਮੂਰਖ ਮਨ ਨੂੰ ਕਿਤਨਾ ਹੀ ਸਮਝਾਕੇ ਆਖੀਦਾ ਹੈ ਪਰ ਗੁਰਮੁਖ ਪ੍ਰਮੇਸਰ ਦੇ ਗੁਣ ਗਾਉਂਦੇ ਹਨ ਓਨਾਂ ਦਾ ਮਨ ਪ੍ਰੇਮ ਵਿਚ ਰੰਗਿਆ ਗਿਆ ਹੈ ॥

ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥
ਜੇ ਚਲਹਿ ਗੁਣ ਨਾਲਿ ਨਾਹੀ ਦੁਖ ਸੰਤਾਪਣਾ ॥ ੫ ॥

ਜੇਹੜਾ ਆਪਣਾ ਪਿਆਰਾ ਹੈ ਤੂੰ ਰੋਜ ਹੀ ਉਸ ਨੂੰ ਮਨ ਵਿਚ ਯਾਦ ਰੱਖ ॥ ਜੇਹੜਾ ਇਹਨਾਂ ਗੁਣਾਂ ਦੇ ਨਾਲ ਤੁਰਿਆ ਚੱਲੇਗਾ ਤਾਂ ਉਸਦਾ ਦੁਖਾਂ ਕਰਕੇ ਤਪਣਾ ਨਹੀਂ ਹੋਵੇਗਾ ॥

ਮਨਮੁਖਿ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥
ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥ ੬ ॥

ਮਨਮੁਖ ਨੂੰ ਪ੍ਰਮੇਸ਼ਰ ਦਾ ਪ੍ਰੇਮ ਨਹੀਂ ਹੈ, ਓਹ ਭਰਮ ਕਰਕੇ ਸੰਸਾਰ ਉਜਾੜ ਵਿਚ ਹੀ ਭੁਲਾ ਹੋਇਆ ਹੈ ॥ ਜੇਹੜਾ ਮਨ ਤਨ ਵਿਚੋਂ ਪ੍ਰਮੇਸਰ ਦੀ ਪ੍ਰੀਤੀ ਦਾ ਟੋਟੇ ਕਰਨਾ ਹੈ ਏਸੇ ਲਈ ਓਹ ਬਿਗਾਨਾ ਜਾਂ ਹੈਰਾਨ ਹੋਕੇ ਮਰੇਗਾ ॥

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥
ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥ ੭ ॥

ਜਿਨਾਂ ਨੇ ਗੁਰਾਂ ਦੀ ਸੇਵਾ ਕਮਾਕੇ ਨਾਮ ਦਾ ਨਫਾ ਮਨ ਵਿਚ ਆਂਦਾ ਹੈ ॥ ਗੁਰਾਂ ਦੀ ਉਪਦੇਸ਼ ਰੂਪ ਬਾਣੀ ਕਰਕੇ ਆਪਣੇ ਨਿਰਦੁਖ ਰੂਪ ਪ੍ਰਮੇਸ਼ਰ ਨੂੰ ਪਛਾਣਿਆ ਹੈ ॥

ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥

Digitized by Panjab Digital Library | www.panjabdigilib.org

ਮੈ ਦੀਜੈ ਨਾਮ ਨਿਵਾਸੁ ਹਰਿਗੁਣ ਗਾਵਸੀ ॥ ੮ ॥ ੧॥੩॥

ਗੁਰੂ ਜੀ, ਹੇ ਪ੍ਰਮੇਸ਼ਰ ਮੇਰੀ ਇਕ ਬੇਨਤੀ ਹੈ ਜੇ ਤੈਨੂੰ ਭਾਵੇ ਤੇ ਤਾਂ ਮੈਂ ਬੇਨਤੀ ਕਰਾਂ ॥ ਮੈਨੂੰ ਨਾਮ ਦੇ ਵਿਚ ਨਿਵਾਸ ਦਿਓ ਤੇਰਿਆਂ ਗੁਣਾਂ ਨੂੰ ਗਾਂਦਾ ਰਹਾਂ ।

(ਬੇਮੁਖਾਂ ਨੂੰ ਸਜਾ)

## ਸੂਹੀ ਮਹਲਾ ੫

ਆਰਣਿ=ਭੱਠੀ

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥ ੧ ॥

ਜਿਸਤਰਾਂ ਲੁਹਾਰ ਲੋਹੇ ਨੂੰ ਭੱਠੀ ਵਿਚ ਪਾਕੇ ਤਪਾਂਦਾ ਹੈ ਅਤੇ ਤੋੜ ਤੋੜ ਕੇ ਘੜਦਾ ਹੈ ਜਾਂ ਤਪਾਈਦਾ ਤੇ ਘੜੀਦਾ ਹੈ ॥ ਇਕੁਰ ਹੀ ਮਾਇਆ ਦੇ ਉਪਾਸ਼ਕਾਂ ਨੂੰ ਜੂਨੀਆਂ ਵਿਚ ਪਾਕੇ ਸਜਾ ਦੇਂਦੇ ਹਨ ਭਾਵ ਕਰਮਾਂ ਦਾ ਭੁਵਾਇਆ ਹੋਇਆ ਜੂਨੀਆਂ ਵਿਚ ਭੌਂਦਾ ਹੈ ॥

ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥ ੧ ॥ ਰਹਾਉ ॥

ਬਿਨਾ ਸਮਝੇ ਤੋਂ ਸਾਰਾ ਦੁਖ ਹੀ ਦੁਖ ਕਮਾਉਣਾ ਕਰਦਾ ਹੈ ॥ ਭਰਮ ਦਾ ਭੁਲਾਇਆ ਹੋਇਆ ਹੈ ਇਸ ਲਈ ਮਨ ਹੰਕਾਰ ਕਰਕੇ ਆਉਂਦਾ ਜਾਂਦਾ ਹੈ ॥

ਤੂੰ ਗੁਰਮੁਖਿ ਰਖਣਹਾਰੁ ਹਰਿਨਾਮੁ ਧਿਆਈਐ ॥
ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥ ੨ ॥

(ਬੇਨਤੀ)

ਤੂੰ ਗੁਰਮੁਖਾਂ ਨੂੰ ਬਚਾਕੇ ਰੱਖਣ ਵਾਲਾ ਹੈਂ ਇਹ ਕਿਰਪਾ ਕਰ ਜੋ ਤੇਰਾ ਨਾਮ ਜਪੀਏ ॥ ਤੇਰੀ ਰਜ਼ਾ ਹੁੰਦੀ ਹੈ ਤਾਂ ਗੁਰੂ ਮਿਲਦਾ ਹੈ ਤਾਂ ਫਿਰ ਉਸਦਾ ਉਪਦੇਸ਼ ਕਮਾਉਣਾ ਹੁੰਦਾ ਹੈ ॥

ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ ॥
ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ ॥ ੩ ॥

ਹੇ ਪ੍ਰਮੇਸਰਾ ਤੂੰ ਸਾਰਿਅਂ ਜੀਆਂ ਨੂੰ ਬਣਾਕੇ ਆਪ ਹੀ ਵੇਖਦਾ ਹੈਂ ਜੋ ਤੂੰ ਸਾਰਿਆਂ ਨੂੰ ਦੇਂਦਾ ਹੈਂ ਓਹੋ ਹੀ ਓਹ ਪਾਂਦੇ ਹਨ ॥ ਤੂੰ ਬਣਾਕੇ ਫਿਰ ਨਾਸ ਕਰਕੇ

Digitized by Panjab Digital Library | www.panjabdigilib.org

ਆਪਣੀ ਨਜ਼ਰ ਵਿਚ ਵੇਖਦਾ ਹੈਂ ਜਾਂ ਦਰਬੀ ਨਾਈਐ=ਕੜਛੀ ਦੀ ਨਿਆਈਂ ਵੇਖਦਾ ਹੈਂ ਜਿਸਤਰਾਂ ਕੜਛੀ ਦਾਣਿਆਂ ਨੂੰ ਟੋਹ ਲੈਂਦੀ ਹੈ । ਦਰਿ=ਅੰਦਰ ਜਾਂ ਦਰਬੀ ਨਾਈਐ=ਕੜਛੀ ਵਤ ॥

ਦੇਹੀ ਹੋਵਗਿ ਖਾਕੁ ਪਵਣੁ ਉਡਾਈਐ ॥
ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ ॥ ੪ ॥

ਇਸ ਦੇਹੀ ਨੇ ਤਾਂ ਸੁਆਹ ਹੋ ਜਾਣਾ ਹੈ ਇਹ ਅੰਦਰਲਾ ਜੀਵ ਆਤਮਾਂ ਵੀ ਪਵਣ=ਪ੍ਰਾਣਾਂ ਸਹਿਤ ਉਡ ਜਾਵੇਗਾ ॥ ਇਹ ਘਰ ਵੀ ਕਿਥੇ ਨਾਲ ਜਾਣਾ ਹੈ ਫਿਰ ਤੂੰ ਪ੍ਰਮੇਸਰ ਨੂੰ ਨਹੀ ਪਰਾਪਤ ਹੋਵੇਂਗਾ । ਅਉਤਾਕ=ਫੇਰ ਵੇਖ ਜਾਂ ਤਕ ।

ਦਿਹੁਦੀਵੀ ਅੰਧ ਘੋਰੁ ਘਬੁ ਮੁਹਾਈਐ ॥
ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥ ੫ ॥

ਦਿਨ ਦੇ ਦੀਵੇ ਚੰਦ ਸੂਰਜ ਜਾਂ ਪ੍ਰਗਟ ਹੀ ਦਿਨ ਦੇ ਹੁੰਦਿਆਂ ਦੋ ਦੀਵਿਆਂ ਦੇ ਜਗਦਿਆਂ ਭਾਵ ਪੜ੍ਹਦਿਆਂ ਵਿਚਾਰਦਿਆਂ ਸਭ ਕੁਛ ਜਾਣਦਿਆਂ ਅੰਨ੍ਹਾ ਡਰਾਉਣਾ ਆਦਮੀ ਹੈ ਜੇ ਘਬ=ਘਰ ਨੂੰ ਲੁਟਾਈ ਜਾਂਦਾ ਹੈ ਜਾਂ ਬਹੁਤ ਗਾਹੜਾ ਹਨੇਰ ਹੁੰਦਾ ਜਾਂਦਾ ਹੈ ਜਾਂ ਘਰ ਨੂੰ ਲੁਟਾਂਦਾ ਹੈ ॥ ਹੰਕਾਰ ਰੂਪ ਚੋਰ ਮਨ ਵਿਚੋਂ ਧਰਮ ਧਨ ਨੂੰ ਲੁਟੀ ਜਾਂਦਾ ਹੈ ਦਸੋ ਕਿਸ ਪਾਸ ਆਪਣਾ ਦੁਖ ਰੋਈਏ ॥

ਗੁਰਮੁਖਿ ਚੋਰੁ ਨ ਲਾਗਿ ਹਰਿਨਾਮਿ ਜਗਾਈਐ ॥
ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥ ੬ ॥

ਗੁਰਮੁਖਾਂ ਨੂੰ ਚੋਰ ਨਹੀਂ ਲਗਦਾ ਹੈ ਓਹ ਪ੍ਰਮੇਸਰ ਦੇ ਨਾਮ ਵਿਚ ਜਾਗਦੇ ਹਨ ਜਾਂ ਓਨਾਂ ਨੂੰ ਜਾਗ ਆਈ ਹੈ ॥ ਗੁਰਮੁਖਾਂ ਗੁਰ ਉਪਦੇਸ਼ ਜਲ ਦੇ ਨਾਲ ਤ੍ਰਿਸ਼ਨਾ ਅੱਗ ਦੂਰ ਕੀਤੀ ਹੈ ਇਸੇ ਲਈ ਓਹਨਾਂ ਨੂੰ ਜੋਤ ਦਾ ਪ੍ਰਕਾਸ਼ ਹੋਇਆ ਹੈ ॥

ਲਾਲੁ ਰਤਨੁ ਹਰਿਨਾਮੁ ਗੁਰਿ ਸੁਰਤਿ ਬੁਝਾਈਐ॥
ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥ ੭ ॥

ਗੁਰਾਂ ਨੇ ਗਿਆਤ ਸਮਝਾਈ ਹੈ ਜੋ ਬਹੁਤ ਹੀ ਅਮੋਲਕ ਲਾਲਾਂ ਰਤਨਾਂ ਵਾਂਗ ਪ੍ਰਮੇਸਰ ਦਾ ਨਾਮ ਹੈ ਜਿਨਾਂ ਨੇ ਗੁਰ ਸਿਖਿਆ ਪਾਈ ਹੈ ਓਹ ਸਦਾ ਹੀ ਕੁਛ ਮੰਗਣ ਤੋਂ ਸੰਗਦੇ ਰਹਿੰਦੇ ਹਨ ॥

Digitized by Panjab Digital Library | www.panjabdigilib.org

ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥
ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥ ੮ ॥ ੨ ॥ ੪ ॥

ਰਾਤ ਦਿਨੇ ਪ੍ਰਮੇਸਰ ਦੇ ਨਾਮ ਨੂੰ ਮਨ ਵਿਚ ਵਸਾਈਏ । ਗੁਰੂ ਜੀ, ਹੇਪ੍ਰਮੇਸਰ ਜੇ ਤੈਨੂੰ ਚੰਗਾ ਲਗਦਾ ਹੈ ਤੇ ਤਾਂ ਓਹਨਾਂ ਗੁਰਮੁਖਾਂ ਦੇ ਸਤਿਸੰਗ ਵਿਚ ਸਾਨੂੰ ਮਲਾ ਜਾਂ ਮੇਲ ਮਿਲਾ ।

[ ਸਨਮੁਖ ਬੇਨਤੀ ]

## ਸੂਹੀ ਮਹਲਾ ੧

ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥
ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥ ੧ ॥

ਮਨ ਤੋਂ ਨਾਮ ਨਾ ਭੁਲਾਂ (ਹੇ ਪ੍ਰਮੇਸਰ ਇਹ ਕਿਰਪਾ ਕਰ) ਰਾਤ ਦਿਨ ਨਾਮ ਨੂੰ ਯਾਦ ਕਰੀਏ (ਇਹ ਗਲ ਸਾਨੂੰ ਦੇਹ) ॥ ਜਿਸ ਤਰਾਂ ਪ੍ਰਮੇਸ਼ਰ ਕਿਰਪਾ ਧਾਰਕੇ ਰਖੇ ਉਕਰ ਹੀ ਸੁਖ ਪਾਈਏ ਭਾਵ ਭਾਣਾ ਮਿਠਾ ਲਗੇ॥

ਮੈ ਅੰਧੁਲੇ ਹਰਿਨਾਮੁ ਲਕੁਟੀ ਟੋਹਣੀ ॥
ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥ ੧ ॥ ਰਹਾਉ ॥

ਮੈ ਅੰਨੇ ਨੂੰ ਪ੍ਰਮੇਸਰ ਦਾ ਨਾਮ ਟੋਹਣ ਵਾਲੀ ਲਕੜੀ ਭਾਵ ਨਿਕੀ ਜਹੀ ਸੋਟੀ ਹੈ ਜਿਸ ਨਾਲ ਟੋਹਕੇ ਤੁਰੀਦਾ ਹੈ ॥ ਹੇ ਮਾਲਕਾ ਮੈਂ ਆਪਦੇ ਆਸਰੇ ਰਹਿੰਦਾ ਹਾਂ ਮੈਨੂੰ ਮਾਇਆ ਨਹੀ ਮੋਹੇਗੀ॥

ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥
ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥ ੨ ॥

ਜਿਥੇ ਵੇਖਦਾ ਹਾਂ ਓਥੇ ਨਾਲ ਹੀ ਹੈ ਗੁਰਾਂ ਨੇ ਪ੍ਰਮੇਸਰ ਨੂੰ ਵਿਖਾਇਆ ਹੈ । ਪਹਿਲ ਬੇਸਮਝੀ ਕਰਕੇ ਬਾਹਰ ਵੇਖਦਾ ਸੀ ਹੁਣ ਗੁਰ ਉਪਦੇਸ਼ ਕਰਕੇ ਅੰਦਰ ਹੀ ਵੇਖ ਲਿਆ ਹੈ ॥

ਸੇਵੀ ਸਤਿਗੁਰਿ ਭਾਇ ਨਾਮੁ ਨਿਰੰਜਨਾ ॥
ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥ ੩ ॥

ਹੇ ਪ੍ਰਮੇਸ਼ਰ ਮੈਂ ਪ੍ਰੇਮ ਨਾਲ ਓਨਾਂ ਸਤਿਗੁਰਾਂ ਦੀ ਸੇਵਾ ਕਰਦਾ ਹਾਂ ਜਿਨਾਂ ਨੇ ਤੇਰਾ

Digitized by Panjab Digital Library | www.panjabdigilib.org

ਨਾਮ ਦਿਤਾ ਹੈ ॥ ਹੇ ਭਰਮ ਤੇ ਡਰ ਨੂੰ ਨਾਸ ਕਰਨੇ ਵਾਲੇ ਪ੍ਰਮੇਸ਼ਰ ਜਿਕੁਰ ਤੈਨੂੰ ਭਾਵੇ ਉਕਰ ਹੀ ਤੇਰੀ ਰਜਾ ਮੰਨੀਏ ॥

**ਜਨਮਤ ਹੀ ਦੁਖੁ ਲਾਗੈ ਮਰਣਾ ਆਇਕੈ ॥**
**ਜਨਮੁ ਮਰਣੁ ਪਰਵਾਣੁ ਹਰਿਗੁਣ ਗਾਇਕੈ ॥ ੪ ॥**

ਆਦਮੀ ਨੂੰ ਜੰਮਦਿਆਂ ਹੀ ਮਰਨ ਦਾ ਦੁਖ ਆ ਲਗਾ ਹੈ । ਹੇ ਪ੍ਰਮੇਸ਼ਰ ਆਪ ਦੇ ਗੁਣਾਂ ਨੂੰ ਗਾ ਕੇ ਜਨਮ ਮਰਨ ਪਰਵਾਣ ਹੁੰਦਾ ਹੈ । ਭਾਵ ਸਫਲ ॥

**ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ ॥**
**ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ ॥ ੫ ॥**

ਜਿਥੇ ਹੰਕਾਰ ਨਹੀ ਓਥੇ ਤੂੰ ਹੁੰਦਾ ਹੈਂ ਇਹ ਬਣਾ ਵੀ ਤੂੰ ਹੀ ਬਣਾਇਆ ਹੈ ਆਪ ਹੀ ਜਗਤ ਨੂੰ ਬਣਾਂਦਾ ਹੈਂ ਆਪ ਹੀ ਨਾਸ ਕਰਦਾ ਹੈਂ । ਇਕੁਰ ਦੇ ਸੰਸਾਰ ਵਿਚ ਗੁਰਉਪਦੇਸ਼ ਸੁਣਨ ਵਾਲਿਆਂ ਨੂੰ ਤੂੰ ਨਿਵਾਜਿਆ ਹੈ ਭਾਵ ਸੁਖ ਦਿਤਾ ਹੈ ॥

**ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ ॥**
**ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ॥ ੬ ॥**

ਦੇਹੀ ਸੁਆਹ ਵਿਚ ਰੁਲ ਜਾਂਦੀ ਹੈ ਫਿਰ ਨਹੀ ਜਾਪਦਾ ਜੋ ਜੀਵ ਕਿਥੇ ਗਿਆ ਹੈ । ਤੂੰ ਆਪ ਹੀ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈਂ ਅਤੇ ਆਪਹੀ ਅਸਚਰਜ ਰੂਪ ਹੋਇਆ ੨ ਹੈਂ ॥

**ਤੂ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥**
**ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥ ੭ ॥**

ਹੇ ਮਾਲਕਾ ਤੂੰ ਦੂਰ ਨਹੀ ਹੈਂ ਸਾਰਿਆਂ ਨੂੰ ਤੂੰ ਜਾਣਦਾ ਹੈਂ । ਗੁਰਮੁਖ ਬਾਹਰ ਵੀ ਤੈਨੂੰ ਵੇਖਦੇ ਹਨ ਅਤੇ ਓਨਾਂ ਦੇ ਰਿਦੇ ਅੰਦਰ ਭੀ ਤੂੰ ਪਾਸ ਹੀ ਹੈਂ ॥

**ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥**
**ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥ ੮ ॥ ੩ ॥ ੫ ॥**

ਮੇਰੀ ਬੇਨਤੀ ਇਹ ਹੈ ਕਿ ਮੈਨੂੰ ਨਾਮ ਵਿਚ ਨਿਵਾਸ ਦੇਹ ਏਸੇ ਕਰਕੇ ਅੰਦਰ ਸ਼ਾਂਤੀ ਹੁੰਦੀ ਹੈ । ਗੁਰੂ ਜੀ, ਮੈਂ ਗੁਰੂਦੁਆਰੇ ਗੁਣ ਹੀ ਗਾਂਦਾ ਰਹਾਂ ਮੈਨੂੰ ਦਾਸਾਂ ਵਰਗੀ ਅਕਲ ਜਾਂ ਸਿਖਿਆ ਦੇ ॥

Digitized by Panjab Digital Library | www.panjabdigilib.org

## ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ

## ੧ ਓ ਸਤਿਗੁਰਪ੍ਰਸਾਦਿ ॥

ਜਾਪੈ=ਜਾਣੀਦਾ, ਜਾਪਦਾ ਜਾਂ ਜਪੀਦਾ ॥

**ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥**
**ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥**
**ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥**
**ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥ ੧ ॥**

ਮੈਨੂੰ ਇਹ ਸਮਝ ਆ ਗਈ ਹੈ ਕਿ ਨਾਮ ਤੋਂ ਹੀ ਸਭ ਕੁਛ ਹੋਇਆ ਹ ਹੈ ਭਾਵ ਗਿਆਨ ਪ੍ਰੇਮ ਵੀ ਨਾਮ ਕਰਕੇ ਹੀ ਹੁੰਦੇ ਹਨ । ਗੁਰਾਂ ਦੀ ਕਿਰਪਾ ਬਿਨਾ ਨਾਮ ਦਾ ਫਲ ਨਹੀ ਜਾਣਿਆਂ ਜਾਂਦਾ ਹੈ। ਗੁਰਉਪਦੇਸ਼ ਦਾ ਸੁਵਾਦ ਬਹੁਤ ਵਡਾ ਮਿਠਾ ਹੈ ਇਸਦਾ ਸੁਵਾਦ ਬਿਨਾਂ ਪੀਤਿਆਂ ਨਹੀ ਜਾਣੀਦਾ ਹੈ ॥

ਇਹ ਜੀਵ ਕਿਸਤਰਾਂ ਪੀਣ,ਆਪਣੇ ਆਪ ਨਾਮ ਨੂੰ ਤਾਂ ਪਛਾਣਦੇ ਨਹੀ ਹਨ ਮਾਇਆ ਵਾਸਤੇ ਅਮੋਲਕ ਜਨਮ ਖੋਹ ਲਿਆ ਹੈ ਜੇਹੜਾ ਗੁਰਮੁਖ ਹੋਵੇ ਸੋ ਇਕ ਨੂੰ ਜਾਣਦਾ ਹੈ ਜੇਹੜਾ ਦੁਖ ਹੰਕਾਰ ਤੋਂ ਪ੍ਰਗਟ ਹੁੰਦਾ ਹੈ ਓਹ ਫਿਰ ਗੁਰਮੁਖਾਂ ਨੂੰ ਦੁਖੀ ਨਹੀਂ ਕਰਦਾ ਹੈ ॥

**ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥**
**ਸਬਦੁ ਚੀਨਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥**
**੧ ॥ ਰਹਾਉ ॥**

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਨਾਂ ਨੇ ਸਚੇ ਨਮ ਨਾਲ ਪ੍ਰੀਤੀ ਲਾਈ ਹੈ ॥ ਜਦੋਂ ਗੁਰਾਂ ਦੇ ਉਪਦੇਸ ਨੂੰ ਵਿਚਾਰਿਆ ਤਾਂ ਅਪਣਾ ਆਪ ਅੰਦਰ ਹੀ ਪ੍ਰਕਾਸ਼ ਕਰ ਆਇਆ ਭਾਵ ਪ੍ਰਮੇਸਰ ਅੰਦਰ ਦਿਸ ਪਿਆ ਫਿਰ ਸਹਿਜੇ ਹੀ ਮਨ ਵਿਚ ਸ਼ਾਂਤੀ ਆ ਗਈ ॥

**ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥**
**ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥**

Digitized by Panjab Digital Library | www.panjabdigilib.org

**ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥**
**ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥ ੨ ॥**

ਗੁਰਮੁਖ ਹੀ ਗਾਂਦੇ ਹਨ ਗੁਰਮੁਖ ਹੀ ਸਮਝਦੇ ਹਨ ਗੁਰਮੁਖ ਹੀ ਪ੍ਰਮੇਸਰ ਨੂੰ ਵਿਚਾਰਦੇ ਹਨ ॥ ਜੀਵ ਤੇ ਸਰੀਰ ਸਭ ਕੁਛ ਗੁਰਾਂ ਦੇ ਉਪਦੇਸ ਕਰਕੇ ਪੈਦਾ ਹੁੰਦਾ ਹੈ ਭਾਵ ਸਫਲ ਹੁੰਦਾ ਹੈ ਗੁਰਾਂ ਦੀ ਕਿਰਪਾ ਨਾਲ ਹੀ ਸਾਰੇ ਕੰਮ ਸੌਰਦੇ ਹਨ ॥ ਜੇਹੜਾ ਮਨਮੁਖ ਅੰਨਾ ਹੈ ਓਹ ਅੰਨੇ ਕੰਮ ਹੀ ਕਮਾਂਦਾ ਹੈ ਭਾਵ ਭੈੜੇ ਕਰਮ, ਫਿਰ ਸੰਸਾਰ ਵਿਚ ਵਿਸ਼ਿਆਂ ਨੂੰ ਹੀ ਖਟਦਾ ਹੈ । ਸਤਿਗੁਰਾਂ ਵਿਚ ਬਹੁਤਾ ਪ੍ਰੇਮ ਕੀਤਿਆਂ ਬਿਨਾ ਮਾਇਆ ਦੇ ਮੋਹ ਕਰਕੇ ਸਦਾ ਹੀ ਦੁਖ ਪਾਈਦਾ ਹੈ ਜਾਂ ਪਾਉਂਦੇ ਹਨ ।

**ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥**
**ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥**
**ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥**
**ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥ ੩ ॥**

ਓਹੋ ਹੀ ਸੇਵਕ ਕਹੰਦਾ ਹੈ ਜੋ ਸਤਿਗੁਰਾਂ ਦੀ ਸੇਵਾ ਕਰਦਾ ਹੈ ਜੇਹੜਾ ਸਤਿਗੁਰਾਂ ਦੀ ਆਗਿਆ ਨਾਲ ਚਲਦਾ ਹੇ ॥ ਸਚੇ ਪ੍ਰਮੇਸਰ ਦੀ ਵਡਿਆਈ ਵੀ ਸਚੀ ਹੈ ਜਿੰਨਾਂ ਨੇ ਉਸ ਸਚੇ ਪ੍ਰਮੇਸਰ ਨੂੰ ਮਨ ਵਿਚ ਵਸਾਇਆ ਹੈ ਓਨਾਂ ਦੀ ਅੰਦਰੋਂ ਹੰਗਤਾ ਗਈ ਹੈ ਓਹ ਗੁਰਮੁਖ ਸਚੀ ਬਾਣੀ ਨੂੰ ਜਪਦੇ ਰਹਿੰਦੇ ਹਨ ॥ ਓਹ ਪ੍ਰਮੇਸਰ ਆਪੇ ਹੀ ਦਾਤਾ ਹੈ ਜਿਸਦਾ ਸਾਰਾ ਕੰਮ ਸੱਚਾ ਹੈ ਇਹ ਓਹ ਜਾਣਦਾ ਹੈ ਜਿਸ ਨੂੰ ਗੁਰੂ ਸੱਚਾ ਉਪਦੇਸ਼ ਸੁਣਾਉਂਦੇ ਹਨ ॥

**ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥**
**ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥**
**ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥**
**ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥ ੪ ॥**

ਗੁਰਮੁਖ ਹੀ ਸੇਵਾ ਦੀ ਘਾਲ ਘਾਲਦੇ ਹਨ ਗੁਰਮੁਖ ਹੀ ਨਾਮ ਧਨ ਖਟਦੇ ਹਨ ਹੋਰਨਾਂ ਨੂੰ ਵੀ ਗੁਰਮੁਖ ਨਾਮ ਜਪਾਉਂਦੇ ਹਨ ॥ ਗੁਰਾਂ ਦੇ ਉਪਦੇਸ ਕਰਕੇ ਇਹ ਆਦਮੀ ਸਚੇ ਪ੍ਰਮੇਸਰ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ ॥ ਸਹਿਜੇ ਹੀ ਸਦਾ ਵੱਖਰਾ ਰਹਿੰਦਾ ਹੈ ਭਾਵ ਦੁਨੀਆਂ ਤੋਂ ॥ ਮਨਮੁਖ ਤਾਂ ਸਦਾ ਹੀ ਝੂਠ

Digitized by Panjab Digital Library | www.panjabdigilib.org

ਬੋਲਦੇ ਹਨ ਅਤੇ ਵਿਸ਼ਿਆਂ ਨੂੰ ਹੀ ਸਦਾ ਬੀਜਦੇ ਹਨ ਅਤੇ ਵਿਸ਼ਿਆਂ ਦਾ ਹੀ ਫਲ ਖਾਂਦੇ ਹਨ ਭਾਵ ਦੁਖ ਪਾਂਦੇ ਹਨ ॥ ਮਨਮੁਖ ਤ੍ਰਿਸ਼ਨਾ ਅੱਗ ਕਰਕੇ ਸੜਿਆ ਹੋਇਆ ਹੈ ਏਸੇ ਲਈ ਜਨਮ ਮਰਨ ਵਿਚ ਬੰਨ੍ਹਿਆਂ ਹੋਇਆ ਹੈ ਸਤਿਗੁਰੂ ਤੋਂ ਬਿਨਾ ਇਸ ਨੂੰ ਕੌਣ ਛੁਡਾਵੇ ਭਾਵ ਕੋਈ ਨਹੀਂ ਛੁਡਾ ਸਕਦਾ ਹੈ ॥

**ਸਚਾ ਤੀਰਥੁ ਜਿਤੁ ਸਤਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥**
**ਅਠਿਸਠਿ ਤੀਰਥ ਗੁਰਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥**
**ਸਚਾ ਸਬਦੁ ਸਾਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥**
**ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥ ੫ ॥**

ਜੇਹੜਾ ਸਤਸੰਗ ਸੱਚਾ ਤੀਰਥ ਹੈ ਜਿਸ ਚੰਗੇ ਤਾਲ ਵਿਚ ਇਸ਼ਨਾਨ ਕਰਨ ਨਾਲ ਗੁਰਾਂਦੁਆਰੇ ਪ੍ਰਮੇਸ਼ਰ ਆਦਮੀ ਨੂੰ ਆਪਣਾ ਆਪ ਜਣਾ ਦੇਂਦਾ ਹੈ ॥ ਜੇਹੜੇ ਵੱਡੇ ਵੱਡੇ ਅਠਾਠ ਤੀਰਥ ਹਨ ਓਹ ਗੁਰਾਂ ਨੇ ਉਪਦੇਸ਼ ਵਿਚ ਸਿਖਾਂ ਨੂੰ ਵਿਖਾ ਦਿਤੇ ਹਨ ਇਸ ਵਿਚ ਨ੍ਹਾਉਣ ਕਰਕੇ ਮੈਲ ਪਾਪ ਚਲੇ ਜਾਂਦੇ ਹਨ ॥ ਸੱਚਾ ਪ੍ਰਮੇਸਰ ਸਦਾ ਹੀ ਨਿਰਮਲ ਹੈ ਨ ਉਸਨੂੰ ਮੈਲ ਲਗਦੀ ਹੈ ਅਤੇ ਨ ਕਿਸੇ ਨੂੰ ਲਾਉਂਦਾ ਹੀ ਹੈ ਉਸਦੀ ਸਿਫਤ ਸੱਚੀ ਹ ਜੇਹੜੀ ਸਲਾਹ ਹੈ ਓਹ ਵੀ ਸੱਚੀ ਹੈ ਓਹ ਪੂਰਿਆਂ ਗੁਰਾਂ ਤੋਂ ਪਾਈਦੀ ਹੈ ॥

**ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥**
**ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥**
**ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥**
**ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥ ੬ ॥**

ਤਨ ਮਨ ਇਹ ਸਭ ਕੁਛ ਪ੍ਰਮੇਸਰ ਦਾ ਹੈ ਪਰ ਖੋਟੀ ਅਕਲ ਜਾਂ ਸਿਖਿਆ ਕਰਕੇ ਇਹ ਆਖਿਆ ਨਹੀਂ ਜਾਂਦਾ ਹੈ । ਜਦੋਂ ਸਤਿਗੁਰਾਂ ਦਾ ਹੁਕਮ ਹੁੰਦਾ ਹੈ ਤਾਂ ਇਸ ਜੀਵ ਦਾ ਮਨ ਸਾਫ ਹੁੰਦਾ ਹੈ ਦਿਲ ਤੋਂ ਮੈਲ ਚਲੀ ਜਾਂਦੀ ਹੈ ॥ ਜਿਨਾ ਨੇ ਸਤਿਗੁਰਾਂ ਦੀ ਸਿਖਿਆ ਸ਼ਾਂਤੀ ਨਾਲ ਚੱਖੀ ਭਾਵ ਪੀਤੀ ਭਾਵ ਧਾਰਨ ਕੀਤੀ ਹੈ ਓਨਾਂ ਨੇ ਤ੍ਰਿਸ਼ਨਾਂ ਅੱਗ ਨੂੰ ਬੁਝਾ ਦਿਤਾ ਹੈ ॥ ਜੇਹੜਾ ਗੁਰਾਂ ਦੇ ਉਪਦੇਸ਼ ਵਿਚ ਰੱਤਾ ਹੈ ਓਹ ਗਿਆਨ ਕਰਕੇ ਮਸਤ ਹੋਇਆ ਹੈ ਜੇਹੜਾ ਉਸਨੂੰ ਮਿਲਿਆ ਹੈ ਉਹ ਵੀ ਗਿਆਨ ਵਿਚ ਸਮਾ ਗਿਆ ਹੈ ॥

**ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥**

Digitized by Panjab Digital Library | www.panjabdigilib.org

753



**ਸਚੀ ਵਡਿਆਈ ਗੁਰ ਤੇ ਪਾਈ ਸਚੇ ਨਾਇ ਪਿਆਰੇ ॥**
**ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥**
**ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥ ੭ ॥**

ਜੇਹੜੇ ਗੁਰੂ ਦੇ ਪ੍ਰੇਮ ਦੇ ਪਿਆਰੇ ਹਨ ਓਹ ਪ੍ਰਮੇਸਰ ਦੇ ਨਾਮ ਨੂੰ ਹੀ ਸਾਰਿਆਂ ਸੁਖਾਂ ਦਾ ਦਾਤਾ ਜਾਣਦੇ ਹਨ ॥ ਗੁਰਮੁਖਾਂ ਨੇ ਸੱਚੀ ਸੋਭਾ ਗੁਰਾਂ ਤੋਂ ਪਾਈ ਹੈ ਕਿਉ ਜੋ ਓਹ ਸੱਚੇ ਨਾਮ ਦੇ ਪਿਆਰੇ ਹੋਏ ਹਨ ॥ ਇਕੋ ਹੀ ਸੱਚਾ ਸਾਰਿਆਂ ਵਿਚ ਵਰਤਦਾ ਹੈ ਇਸ ਗਲ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ ਜਿਨਾਂ ਨੂੰ ਆਪ ਸਾਧ ਸੰਗਤ ਵਿਚ ਮੇਲਦਾ ਹੈ ਓਨਾਂ ਨੂੰ ਸੱਚੀ ਭਗਤੀ ਕਰਕੇ ਸਵਾਰਦਾ ਹੈ ਓਹ ਜਨਮ ਮਰਨ ਦੇ ਦੁਖਾਂ ਤੋਂ ਬਖਸ਼ੇ ਜਾਂਦੇ ਹਨ ॥

**ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥**
**ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥**
**ਨਾਮੁ ਧਿਆਏ ਤਾ ਸਤਿਗੁਰ ਭਾਏ ਜੋ ਇਛੈ ਸੋ ਫਲੁ ਪਾਏ ॥ ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥ ੮ ॥ ੧ ॥**

ਤਿੰਨਾਂ ਸਮਿਆਂ ਵਿਚ ਸਭਨਾਂ ਵਿਚ ਪ੍ਰਮੇਸਰ ਵਰਤਦਾ ਹੈ ਪਰ ਇਸ ਗਲ ਨੂੰ ਗੁਰਾਂ ਦੁਆਰੇ ਕੋਈ ਵਿਰਲਾ ਗੁਰਮੁਖ ਹੀ ਜਾਣਦਾ ਹੈ ॥ ਜੰਮਣਾ ਮਰਨਾ ਵੀ ਪ੍ਰਮੇਸ਼ਰ ਦੇ ਹੁਕਮ ਵਿਚ ਵਰਤਦਾ ਹੈ ਉਸ ਹੁਕਮ ਕਰਨ ਵਾਲੇ ਨੂੰ ਕੋਈ ਗੁਰਾਂ-ਦੁਆਰੇ ਆਪਣਾ ਆਪ ਰੂਪ ਕਰਕੇ ਪਛਾਣਦਾ ਹੈ ॥ ਜੇਹੜਾ ਨਾਮ ਨੂੰ ਯਾਦ ਕਰਦਾ ਹੈ ਓਹ ਸਤਿਗੁਰਾਂ ਨੂੰ ਚੰਗਾ ਲੱਗਦਾ ਹੈ ਜੋ ਮਨ ਵਿਚ ਚਾਹੁੰਦਾ ਹੈ ਓਹੋ ਹੀ ਫਲ ਪਾਂਦਾ ਹੈ ॥ ਗੁਰੂ ਜੀ, ਉਸਦਾ ਹੀ ਸਭ ਕੁਛ ਹੋ ਜਾਂਦਾ ਹੈ ਜੋਹੜਾ ਹੰਕਾਰ ਨੂੰ ਗਵਾ ਦੇਂਦਾ ਹੈ ॥

## ਸੂਹੀ ਮਹਲਾ ੩

754
**ਕਾਇਆ ਕਾਮਣਿ ਅਤਿ ਸੁਆਲਿਓ ਪਿਰੁ ਵਸੈ ਜਿਸੁ ਨਾਲੇ ॥**
**ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮਾਲੇ ॥**
**ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥**

ਓਹ ਦੇਹ ਇਸਤ੍ਰੀ ਬਹੁਤ ਸੁੰਦਰ ਹੈ ਜਿਸਦੇ ਨਾਲ ਪ੍ਰਮੇਸਰ ਵੱਸਦਾ ਹੈ ॥ ਜੋ ਗੁਰ ਉਪਦੇਸ਼ ਕਰਕੇ ਸਦਾ ਹੀ ਪ੍ਰਮੇਸਰ ਨੂੰ ਯਾਦ ਕਰਦੀ ਹੈ ਓਹ ਮਾਲਕ ਨੂੰ ਮਿਲਨ ਕਰਕੇ ਸਦਾ ਹੀ ਸੁਹਾਗਣ ਹੈ ॥ ਪ੍ਰਮੇਸ਼ਰ ਦੀ ਭਗਤੀ ਵਿਚ ਉਸਦਾ

Digitized by Panjab Digital Library | www.panjabdigilib.org

ਮਨ ਸਦਾ ਹੀ ਰੰਗਿਆ ਹੋਇਆ ਹੈ ਅਤੇ ਹੰਕਾਰ ਆਦਿਕ ਖੋਟ ਉਸਨੇ ਮਨ ਤੋਂ ਸਾੜ ਦਿਤੇ ਹਨ ॥

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥ ੧ ॥ ਰਹਾਉ ॥

ਪੂਰੇ ਗੁਰੂ ਵੀ ਅਸਚਰਜ ਹਨ ਅਤੇ ਓਨਾਂ ਦੀ ਬਾਣੀ ਵੀ ਅਸਚਰਜ ਹੈ ਪੂਰੇ ਗੁਰ ਤੋਂ ਜਿਸਨੂੰ ਪ੍ਰਮੇਸਰ ਦੀ ਪ੍ਰਾਪਤੀ ਪੈਦਾ ਹੁੰਦੀ ਹੈ ਉਸਦੀ ਅਕਲ ਪ੍ਰਮੇਸਰ ਦੇ ਨਾਲ ਮਿਲ ਗਈ ਹੈ ॥

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮਾਲਾ ॥ ੨ ॥

"ਗੁਰਮੁਖਾਂ ਦਾ ਨਿਸਚਾ ਦੱਸਦੇ ਹਨ" ਸਭ ਕੁਛ ਦੇਹ ਦੇ ਅੰਦਰ ਹੀ ਵੱਸਦਾ ਹੈ ਧਰਤੀ ਮੰਡਲ ਦੇ ਸਾਰੇ ਹਿੱਸ ਅਤੇ ਸਾਰੇ ਡੂੰਘੇ ਟੋਏ ॥ ਜੀਆਂ ਦਾ ਦਾਤਾ ਪ੍ਰਮੇਸਰ ਦੇਹ ਦੇ ਅੰਦਰ ਵੱਸਦਾ ਹੈ ਜੇਹੜਾ ਸਾਰਿਆਂ ਦੀ ਪਾਲਣਾ ਕਰਦਾ ਹੈ ॥ ਜਿਸਨੇ ਗੁਰਾਂ ਦੁਆਰੇ ਨਾਮ ਨੂੰ ਸੰਭਾਲਿਆ ਹੈ ਉਸਦੀ ਦੇਹ ਇਸਤ੍ਰੀ ਸਦਾ ਸੁਖੀ ਹੈ ।

ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ॥੩

ਦੇਹ ਦੇ ਵਿਚ ਪ੍ਰਮੇਸਰ ਆਪੇ ਹੀ ਵੱਸਦਾ ਹੈ ਪਰ ਇਕੁਰ ਦਾ ਛਪਿਆ ਹੋਇਆ ਹੈ ਜੋ ਕਿਸੇ ਪਾਸੋਂ ਲਖਿਆ ਨਹੀ ਜਾਂਦਾ ਹੈ ॥ ਜੇਹੜੇ ਮਨਮੁਖਤਾ ਕਰਕੇ ਮੂਰਖ ਹਨ ਓਹ ਸਮਝਦੇ ਨਹੀਂ ਹਨ ਪ੍ਰਮੇਸਰ ਨੂੰ ਬਾਹਰ ਲੱਭਣ ਜਾਂਦੇ ਹਨ ॥ ਜਿਨਾਂ ਨੂੰ ਇਕੁਰ ਦਾ ਛਪਿਆ ਹੋਇਆ ਪ੍ਰਮੇਸਰ ਗੁਰਾਂ ਨੇ ਵਿਖਾ ਦਿਤਾ ਹੈ ਓਹ ਸਤਿਗੁਰਾਂ ਨੂੰ ਸੇਵਦੇ ਹਨ ਅਤੇ ਸਦਾ ਸੁਖ ਨੂੰ ਪਾਂਦੇ ਹਨ ॥

ਕਾਇਆ ਅੰਦਰਿ ਰਤਨ ਪਦਾਰਥ ਭਗਤ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਵੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥ ੪ ॥

Digitized by Panjab Digital Library | www.panjabdigilib.org

ਦੇਹ ਦੇ ਅੰਦਰ ਹੀ ਚੰਗੇ ਗੁਣ ਰਤਨ ਅਮੋਲਕ ਪਦਾਰਥ ਹਨ ਅਤੇ ਭਗਤੀ ਦੇ ਖਜਾਨੇ ਵੀ ਭਰੇ ਹੋਏ ਹਨ। ਇਸ ਦੇਹ ਦੇ ਅੰਦਰ ਹੀ ਨਵਾਂ ਹਿਸਿਆਂ ਵਾਲੀ ਧਰਤੀ ਹੈ ਅਤੇ ਵਡੇ ਨਗਰ ਬਜਾਰਾਂ ਦੇ ਹੱਟ ਵੀ ਅੰਦਰ ਹੀ ਹਨ ॥ ਇਸ ਦੇਹ ਦੇ ਅੰਦਰ ਹੀ ਨੌ ਨਿਧੀ ਰੂਪ ਨਾਮ ਹੈ ਪਰ ਓਹ ਗੁਰਉਪਦੇਸ ਵਿਚਾਰਨ ਨਾਲ ਪਾਈਦਾ ਹੈ ॥

**ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥ ਮੋਲਿ ਕਿਤਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥ ੫ ॥**

ਦੇਹ ਦੇ ਅੰਦਰ ਹੀ ਸਾਰਿਆਂ ਦੇ ਵਿਚਾਰ ਨੂੰ ਆਪ ਵਿਚਾਰਨ ਵਾਲਾ ਪ੍ਰਮੇਸਰ ਵਿਚਾਰ ਕਰਾਂਦਾ ਹੈ । ਇਸ ਮਨ ਦੇ ਵਿਚ ਵੈਰਾਗ, ਬਿਬੇਕ, ਗਿਆਨ ਹੈ ਤਿਨਾਂ ਦਾ ਵਡਾ ਭਾਰਾ ਮੁਲ ਹੈ। ਕਿਸੇ ਮੁਲ ਕਰਕੇ ਨਾਮ ਨਹੀ ਪਾਇਆ ਜਾਂਦਾ ਹੈ ਗੁਰਾਂ ਦੁਆਰੇ ਵਿਚਾਰ ਹੋਣ ਨਾਲ ਨਾਮ ਪਾਈਦਾ ਹੈ ॥

**ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰਿ ਸਭ ਭਰਮ ਭੁਲਾਈ ॥ ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੈ ਚਤੁਰਾਈ ॥ ਕਾਇਆ ਅੰਦਰਿ ਭਉ ਭਾਉ ਵਸੈ ਗੁਰਪਰਸਾਦੀ ਪਾਈ ॥ ੬ ॥**

ਜੋ ਗੁਰਮੁਖ ਹੁੰਦਾ ਹੈ ਓਹ ਦੇਹ ਨੂੰ ਲਭਦਾ ਹੈ ਹੋਰ ਸਾਰੀ ਦੁਨੀਆਂ ਭਰਮ ਨੇ ਭੁਲਾਈ ਹੋਈ ਹੈ । ਜਿਸਨੂੰ ਪ੍ਰਮੇਸਰ ਵਿਚਾਰ ਦੇਂਦਾ ਹੈ ॥ ਉਹ ਆਦਮੀ ਪਾਂਦਾ ਹੈ ਹੋਰ ਕੋਈ ਚਤਰਾਈ ਕੀ ਕਰੇਗਾ। ਇਸ ਦੇਹ ਦੇ ਅੰਦਰ ਹੀ ਡਰ ਤੇ ਪ੍ਰੇਮ ਵਸਦਾ ਹੈ ਪਰ ਗੁਰਾਂ ਦੀ ਕਿਰਪਾ ਤੋਂ ਪਾਈਦਾ ਹੈ ॥

**ਕਾਇਆ*ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥ ਸਚੈ ਆਪਣਾ ਖੇਲੁ ਰਚਾਇਆ ਆਵਾਗਉਣੁ ਪਾਸਾਰਾ ॥ ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥ ੭ ॥**

ਦੇਹ ਦੇ ਅੰਦਰ ਹੀ ਤਿੰਨੇ ਦੇਵਤੇ ਹਨ ਜਿਨਾਂ ਤੋਂ ਸਾਰੇ ਸੰਸਾਰ ਨੂੰ ਪੈਦਾ ਤੇ ਪਾਲਣਾ, ਮਾਰਨ ਦਾ ਕੰਮ ਹੁੰਦਾ ਹੈ। ਜੇਹੜਾ ਇਹ ਆਉਣ ਜਾਣ ਵਾਲਾ ਸੰਸਾਰ ਹੈ ਸੋ ਇਹ ਸਚੇ ਪ੍ਰਮੇਸ਼ਰ ਨੇ ਆਪਣਾ ਤਮਾਸ਼ਾ ਖੜਾ ਕੀਤਾ ਹੈ। ਜਿਨਾਂ ਨੂੰ ਪੂਰੇ

*ਦੇਖੋ ਚੌਥੀ ਸੈਂਚੀ ਦਾ ਪੰਨਾ ੧੩੮ ਓਥੇ ਵੀ ਕਾਇਆਂ ਦੀ ਬਾਬਤ ਚੰਗਾ ਇੱਕੂਰ ਦਾ ਭਾਵ ਹੈ।

Digitized by Panjab Digital Library | www.panjabdigilib.org

ਸਤਿਗੁਰੂ ਮਿਲੇ ਹਨ ਅਤੇ ਆਪਣ ਆਪ ਵਿਖਾਇਆ ਹੈ ਓਨਾਂ ਦਾ ਸਚੇ ਨਾਮੀ ਨੂੰ ਪਾਕੇ ਦੁਨੀਆਂ ਤੋਂ ਨਿਸਤਾਰਾ ਹੋਇਆ ਹੈ ॥

**ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥**
**ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥**
**ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ॥੮॥੨**

ਓਹ ਦੇਹ ਸਫਲ ਹੈ ਜੋ ਸਚੇ ਪ੍ਰਮੇਸ਼ਰ ਨੂੰ ਸੇਂਵਦੀ ਹੈ । ਜੇਹੜੀ ਆਪ ਸਚੇ ਪ੍ਰਮੇਸ਼ਰ ਦੀ ਸਵਾਰੀ ਹੋਈ ਹੈ । ਨਾਮ ਤੋਂ ਬਿਨਾਂ ਪ੍ਰਮੇਸਰ ਦੀ ਦਰਗਾਹ ਵਿਚ ਕਿਸੇ ਨੂੰ ਵੀ ਢੋਈ ਨਹੀ ਮਿਲਦੀ ਹੈ ਏਸੇ ਲਈ ਪ੍ਰਲੋਕ ਵਿਚ ਜਮ ਖੁਆਰੀ ਕਰਦਾ ਹੈ ॥ ਗੁਰੂ ਜੀ, ਸਚੀ ਸੋਭਾ ਓਹ ਪਾਂਦਾ ਹੈ ਜਿਸ ਉਤੇ ਪ੍ਰਮੇਸਰ ਨੇ ਕਿਰਪਾ ਕੀਤੀ ਹੈ ॥

[ਮਨਮੁਖ ਗੁਰਮੁਖ]

## ਰਾਗੁ ਸੂਹੀ ਮਹਲਾ ੩ ਘਰੁ ੧੦ ਅਸਟਪਦੀਆ

### ੧ ਓ ਸਤਿਗੁਰਪ੍ਰਸਾਦਿ ॥

**ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥**
**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥**

ਇਸ ਦੁਨੀਆਂ ਨੂੰ ਨ ਸਲਾਹ ਜੋ ਮਰਕੇ ਚਲੀ ਜਾਵਗੀ ॥ ਲੋਕਾਂ ਨੂੰ ਵੀ ਨਾਂ ਵਡਿਆਇ ਜੋ ਮਰਕੇ ਮਿਟੀ ਹੋ ਜਾਣਗੇ ॥

[ਗੁਰਮੁਖ ਇਕੁਰ ਬੇਨਤੀ ਕਰਦੇ ਹਨ]

**ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ॥**

ਵਾਹ ਮੇਰੇ ਮਾਲਕਾ ਤੂੰ ਅਸਚਰਜ ਰੂਪ ਵਾਲਾ ਹੈਂ ਸਚਾ ਤੇ ਵੇਪਰਵਾਹ ਹੈ ਇਕੁਰ ਸਲਾਹੁੰਦੇ ਹਨ ॥

**ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥**
**ਜਮਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥ ੨ ॥**

ਜੇਹੜੇ ਮਨਮੁਖ ਹਨ ਓਹ ਦੁਨੀਆਂ ਦੀ ਦੋਸਤੀ ਵਿਚ ਪੈਕੇ ਸੜ ਮਰਦੇ ਹਨ ॥

Digitized by Panjab Digital Library | www.panjabdigilib.org

ਅਗੇ ਜਾਕੇ ਬਧੇ ਹੋਏ ਮਾਰੀਦੇ ਹਨ ਓਹ ਮਨੁਖ ਜਨਮ ਦਾ ਵੇਲਾ ਪਾ ਨਹੀਂ ਸਕਦੇ ਹਨ ॥

ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥
ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥ ੩ ॥

ਗੁਰਮੁਖਾਂ ਦਾ ਜਨਮ ਸਫਲ ਹੋਇਆ ਹੈ ਓਹ ਸਚੇ ਪ੍ਰਮੇਸਰ ਵਿਚ ਲਗਦੇ ਹਨ ॥ ਗੁਰਮੁਖਾਂ ਦੇ ਅੰਦਰ ਹੀ ਪ੍ਰਮੇਸਰ ਨੇ ਚਾਨਣ ਕੀਤਾ ਹੈ ਤੇ ਸੁਭਾਵਕ ਹੀ ਸੁਖੀ ਰਹਿੰਦੇ ਹਨ ॥

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ ੪ ॥

ਮਨਮੁਖਾਂ ਨੇ ਗੁਰਉਪਦੇਸ਼ ਭੁਲਾ ਦਿਤਾ ਹੈ ਦਵੈਤ ਭਾਵ ਵਿਚ ਲਗੇ ਹੋਏ ਹਨ। ਤ੍ਰਿਸ਼ਨਾਂ ਕਰਕੇ ਪਦਾਰਥਾਂ ਦੀ ਭੁਖ ਨਹੀ ਲਹਿੰਦੀ ਹੈ ਏਸੇ ਲਈ ਰਾਤ ਦਿਨ ਸੜਦੇ ਫਿਰਦੇ ਰਹਿੰਦੇ ਹਨ ॥

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ ੫ ॥

ਮਨਮੁਖਾਂ ਦੀ ਦੁਸ਼ਟਾਂ ਨਾਲ ਦੋਸਤੀ ਹੈ ਅਤੇ ਸੰਤਾਂ ਨਾਲ ਵੈਰ ਕਰਦੇ ਹਨ। ਓਹ ਆਪ ਟਬਰ ਸਮੇਤ ਡੁਬ ਗਏ ਹਨ ਸਾਰੀਆਂ ਕੁਲਾਂ ਨੂੰ ਵੀ ਨਾਲ ਡੋਬ ਲਿਆ ਹੈ ॥

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥

ਨਿੰਦਿਆ ਤਾਂ ਕਿਸੇ ਦੀ ਵੀ ਚੰਗੀ ਨਹੀ ਹੈ ਪਰ ਮਨਮੁਖ ਮੂਰਖ ਕਰਦੇ ਹਨ। ਓਨਾਂ ਨਿੰਦਕਾਂ ਦੇ ਮੂੰਹ ਕਾਲੇ ਹਨ ਓਹ ਡਰੌਣੇ ਨਰਕ ਵਿਚ ਪੈਂਦੇ ਹਨ॥

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥ ੭ ॥

ਹੇ ਮਨਾ ਜਿਸਤਰਾਂ ਦਾ ਸੇਵੇਂਗਾ ਉਸਤਰਾਂ ਦਾ ਹੋ ਜਾਵੇਂਗਾ ਇਸ ਲਈ ਉਕਰ ਦੇ ਕੰਮ ਕਰ ਜੋ ਪ੍ਰਮੇਸਰ ਦਾ ਰੂਪ ਹੋ ਜਾਵੇਂ ॥ ਜੇਹੜਾ ਅਪਣਾ ਬੀਜਿਆ ਹੋਇਆਹੈ ਆਦਮੀ ਉਸਦੇ ਫਲ ਨੂੰ ਆਪ ਹੀ ਖਾਂਦਾ ਹੈ ਇਸ ਵਿਚ ਕੁਛ ਆਖਿਆ

Digitized by Panjab Digital Library | www.panjabdigilib.org

ਨਹੀਂ ਜਾਂਦਾ ਹੈ ॥

**ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥**
**ਓਇ ਅੰਮ੍ਰਿਤ ਭਰੇ ਭਰਪੂਰਿ ਹਹਿ ਓਨਾ ਤਿਲੁ ਨ ਤਮਾਇ ॥ ੮ ॥**

ਗੁਰਮੁਖਾਂ ਦਾ ਬੋਲਣਾ ਕਿਸੇ ਗਲ ਅਨੁਸਾਰ ਹੁੰਦਾ ਹੈ ਬਿਅਰਥ ਨਹੀਂ ਬੋਲਦੇ ਓਹ ਨਾਮ ਅੰਮ੍ਰਿਤ ਕਰਕੇ ਭਰੇ ਹੋਏ ਬਹੁਤ ਹੀ ਪੂਰਨ ਹਨ ਓਨਾਂ ਨੂੰ ਰਤਾ ਭਰ ਕਿਸੇ ਦੀ ਲੋੜ ਭਾਵ ਇਛਾ ਨਹੀਂ ਹੈ ॥

**ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥**
**ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ । ੯ ॥**

ਸੰਘਰੈ=ਕੱਠਾ ਕਰਨਾ ॥

ਓਹ ਗੁਰਮੁਖ ਉਪਕਾਰ ਕਰਨ ਵਾਲੇ ਹਨ ਗੁਣਾਂ ਨੂੰ ਹੀ ਕਠਿਆਂ ਕਰਦੇ ਹਨ ਕਿਸੇ ਦੇ ਔਗਣ ਨਹੀਂ ਲੈਂਦੇ ਹਨ ਇਕਰ ਹੋਰਨਾਂ ਨੂੰ ਵੀ ਉਪਦੇਸ਼ ਦੇਂਦੇ ਹਨ ॥
ਓਹ ਵਡਿਆਂ ਭਾਗਾਂ ਵਾਲੇ ਹਨ ਜੇਹੜੇ ਓਨਾਂ ਨੂੰ ਮਿਲ ਰਹਿੰਦੇ ਹਨ ਅਤੇ ਰਾਤ ਦਿਨ ਨਾਮ ਨੂੰ ਲੈਂਦੇ ਹਨ ॥

**ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥**
**ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥ ੧੦ ॥**

ਸੰਬਾਹਿ=ਪਹੁੰਚਾਉਣਾ । ਮੇਦਨੀ=ਦੁਨੀਆਂ,ਧਰਤੀ ॥

ਜਿਸਨੇ ਇਹ ਦੁਨੀਆਂ ਪੈਦਾ ਕੀਤੀ ਹੈ ਓਹ ਇਕ ਹੀ ਦਾਤਾ ਸਚਾ ਆਪ ਸ਼ਾਹੂਕਾਰ ਹੈ ਓਹੋ ਹੀ ਸਾਰਿਆਂ ਨੂੰ ਰਿਜ਼ਕ ਪੁਚਾਂਦਾ ਹੈ ॥

**ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥**
**ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥ ੧੧ ॥**

ਓਹ ਸੱਚਾ ਪ੍ਰਮੇਸਰ ਤੇਰੇ ਨਾਲ ਹੈ ਗੁਰਾਂ ਨਾਲ ਮਿਲਕੇ ਚੰਗੀ ਨਜ਼ਰ ਨਾਲ ਵੇਖ ਉਸ ਅਜੇਹੇ ਮਾਲਕ ਨੂੰ ਤੂੰ ਸਦਾ ਯਾਦ ਕਰ ਜੇਹੜਾ ਆਪ ਹੀ ਔਗਣਾਂ ਨੂੰ ਬਖ-ਸ਼ਕੇ ਮੇਲ ਲੈਂਦਾ ਹੈ ॥

**ਮਨੁ ਮੈਲਾ ਸਚੁ ਨਿਰਮਲਾ ਕਿਉਕਰਿ ਮਿਲਿਆ ਜਾਇ ॥**
**ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥**

ਮਨ ਤਾਂ ਮੈਲਾ ਹੈ ਅਤੇ ਓਹ ਸੱਚਾ ਪ੍ਰਮੇਸਰ ਸਾਫ ਹੈ ਤਾਂ ਉਸਦੇ ਨਾਲ ਕਿਸਤਰਾਂ

Digitized by Panjab Digital Library | www.panjabdigilib.org

ਮਿਲਿਆ ਜਾਵੇਗਾ। (ਉਤਰ) ਜੇ ਮਾਲਕ ਮੇਲੇ ਤਾਂ ਗੁਰ ਉਪਦੇਸ ਕਰਕੇ ਹੰਕਾਰਾਂ ਨੂੰ ਸਾੜਕੇ ਆਦਮੀ ਮਿਲ ਰਹਿੰਦਾ ਹੈ ॥

**ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥**
**ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥ ੧੩ ॥**

ਜੇ ਓਹ ਸੱਚਾ ਮਾਲਕ ਭੁਲ ਜਾਵੇ ਤਾਂ ਸੰਸਾਰ ਵਿਚ ਜੀਉਣ ਨੂੰ ਧਿਰਕਾਰ ਹੈ ॥ ਜੇ ਪ੍ਰਮੇਸਰ ਕ੍ਰਿਪਾ ਕਰੇ ਗੁਰਾਂ ਦੀ ਸਿਖਿਆ ਦੁਆਰਾ ਵੀਚਾਰ ਪ੍ਰਾਪਤ ਹੋਵੇ ਤਾਂ ਪ੍ਰਮੇਸਰ ਨਹੀਂ ਭੁਲਦਾ ਹੈ ॥

**ਸਤਿਗੁਰੁ ਮੇਲੇ ਤਾਂ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥**
**ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥ ੧੪ ॥**

ਜੇ ਸਤਿਗੁਰੂ ਮੇਲੇ ਤਾਂ ਮੈਂ ਸਤਸੰਗਤ ਵਿਚ ਮਿਲ ਰਹਾਂ ਤਾਂ ਹੀ ਸਚ ਨੂੰ ਦਿਲ ਵਿਚ ਧਾਰ ਰੱਖਾਂ ॥ ਜੇ ਗੁਰਾਂ ਦੇ ਪ੍ਰੇਮ ਵਿਚ ਪਿਆਰ ਕਰਕੇ ਆਦਮੀ ਮਿਲਿਆ ਹੋਵੇ ਤਾਂ ਫਿਰ ਵਿਛੜਦਾ ਨਹੀਂ ਹੈ ॥

**ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥**
**ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥ ੧੫ ॥**

ਗੁਰਾਂ ਦੇ ਉਪਦੇਸ਼ ਤੇ ਵਿਚਾਰ ਦੁਆਰਾ ਅਪਣੇ ਮਾਲਕ ਨੂੰ ਸਲਾਹਾਂ॥ ਜਿਨਾਂ ਨੇ ਵਿਚਾਰਿਆ ਹੈ ਓਨਾਂ ਨੇ ਪ੍ਰਮੇਸਰ ਦੇ ਨਾਲ ਮਿਲਕੇ ਸੁਖ ਪਾਇਆ ਹੈ ਓਹ ਸਿਖ ਇਸਤ੍ਰੀ ਸੋਭਾ ਵਾਲੀ ਹੈ ॥

**ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥**
**ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥ ੧੬ ॥**

ਮਨਮੁਖਾਂ ਦਾ ਮਨ ਨਹੀਂ ਭਿੱਜਦਾ ਹੈ ਓਹ ਪਾਪਾਂ ਕਰਕੇ ਬਹੁਤ ਹੀ ਮੈਲੇ ਹਨ ਅਤੇ ਚਿਤ ਜਿੰਨਾਂ ਦਾ ਪਥਰ ਵਰਗਾ ਕਰੜਾ ਹੈ ॥ ਭਾਵੇਂ ਕਿਤਨਾ ਹੀ ਮਨਮੁਖਾਂ ਦਾ ਭਲਾ ਕਰੀਏ ਪਰ ਓਹ ਬੁਰਾ ਹੀ ਕਰਦੇ ਹਨ ਜਿਸਤਰਾਂ ਸਪ ਨੂੰ ਕਿਤਨਾ ਹੀ ਦੁਧ ਪੀਆਈਏ ਪਰ ਅੰਦਰ ਉਸਦੇ ਨਿਰੀ ਵਿਹੁ ਹੀ ਹੁੰਦੀ ਜਾਵੇਗੀ ॥

**ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥**
**ਗੁਰਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥ ੧੭ ॥**

ਭਲੇ ਬੁਰੇ ਪ੍ਰਮੇਸਰ ਨੇ ਆਪ ਹੀ ਕੀਤੇ ਹਨ ਇਸ ਲਈ ਭਲਾ ਬੁਰਾ ਕਿਸਨੂੰ

Digitized by Panjab Digital Library | www.panjabdigilib.org

ਆਖੀਏ ਆਪ ਹੀ ਓਹ ਬਖਸ਼ਨ ਵਾਲਾ ਹੈ ॥ ਗੁਰਾਂ ਦੇ ਉਪਦੇਸ਼ ਕਰਕੇ ਜਦੋਂ ਪਾਪ ਮੈਲ ਉਤਰ ਜਾਵੇ ਤਾਂ ਸੱਚਾ ਸਿੰਗਾਰ ਬਣਿਆਂ ਹੈ ਭਾਵ ਸਾਰੇ ਕੰਮ ਸਫਲ ਹਨ ॥

**ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥**
**ਓਨਾ ਸਚੁ ਨ ਭਾਵਈ ਦੁਖਹੀ ਮਾਹਿ ਪਚੰਨਿ ॥ ੧੮ ॥**

ਪ੍ਰਮੇਸਰ ਸਚਾ ਸ਼ਾਹੂਕਾਰ ਹੈ ਉਸਦੇ ਸਿਖ ਵੀ ਸੱਚੇ ਹਨ ਓਥੇ ਗੁਰੂ ਦੇ ਪਾਸ ਝੂਠੇ ਆਦਮੀ ਨਹੀਂ ਟਿਕ ਸਕਦੇ ਹਨ ॥ ਕਿਉਂਕਿ ਓਨਾਂ ਨੂੰ ਸੱਚ ਤਾਂ ਭਾਂਦਾ ਹੀ ਨਹੀਂ ਹੈ ਇਸ ਲਈ ਦੁਖਾਂ ਦੇ ਵਿਚ ਹੀ ਸੜਦੇ ਹਨ ॥ ਪਚੰਨਿ=ਸੜਨਾ ।

**ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥**
**ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥ ੧੯ ॥**

ਹੰਕਾਰ ਮੈਲ ਕਰਕੇ ਇਹ ਆਦਮੀ ਮੈਲਾ ਫਿਰਦਾ ਹੈ ਏਸੇ ਲਈ ਮੁੜ ੨ ਜੰਮਦਾ ਮਰਦਾ ਹੈ ॥ ਜਿਸਤਰਾਂ ਪਿਛਲੇ ਕਰਮਾਂ ਕਰਕੇ ਮਥੇ ਉਤੇ ਲੇਖ ਪਏ ਹਨ ਓਹੋ ਜਹੇ ਕੰਮ ਕਮਾਉਣੇ ਕਰਦਾ ਹੈ ਓਨਾਂ ਕਰਮਾਂ ਦੀ ਗਤੀ ਨੂੰ ਕੋਈ ਵੀ ਦੂਰ ਕਰਨ ਵਾਲਾ ਨਹੀਂ ਹੈ ॥

**ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥**
**ਸਚੁ ਸਾਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥ ੨੦ ॥**

ਜੇ ਆਦਮੀ ਦਾ ਚੰਗਾ ਕਰਮ ਹੁੰਦਾ ਹੈ ਤਾਂ ਓਹ ਸੰਤਾਂ ਦੀ ਸੰਗਤ ਵਿਚ ਮਿਲ ਰਹਿੰਦਾ ਹੈ ਅਤੇ ਤਾਂ ਹੀ ਸਚ ਵਿਚ ਪਿਆਰ ਲਗਦਾ ਹੈ ਅਤੇ ਸਚ ਦੇ ਹੀ ਸਲਾਹੁਣ ਵਾਲਾ ਹੁੰਦਾ ਹੈ ਅਤੇ ਸਚ ਨੂੰ ਹੀ ਮਨ ਵਿਚ ਧਾਰਦਾ ਹੈ ਤਾਂ ਸਚੇ ਦੀ ਦਰਗਾਹ ਵਿਚ ਸਚਿਆਰ ਹੁੰਦਾ ਹੈ ॥

**ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥**
**ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥ ੨੧ ॥**

ਪੂਰੇ ਗੁਰੂ ਦੀ ਸਿਖਿਆ ਵੀ ਪੂਰੀ ਹੈ ਸਿਖ ਰਾਤ ਦਿਨ ਨਾਮ ਨੂੰ ਚੇਤੇ ਕਰਦਾ ਹੈ ਮੇਰਾ ੨ ਕਰਨਾਂ ਇਹ ਹੰਕਾਰ ਰੋਗ ਬੜਾ ਵਡਾ ਹੈ ਇਸ ਨੂੰ ਦਿਲ ਵਿਚੋਂ ਰੋਕ ਰਖ

**ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥**
**ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥ ੨੨ ॥**

Digitized by Panjab Digital Library | www.panjabdigilib.org

ਮੈਂ ਆਪਣਾ ਗੁਰੂ ਸਲਾਹਾਂ ਤੇ ਕਿਉਂ ੨ ਕੇ ਪੈਰਾਂ ਲਗਾਂ ਮਨ ਨੂੰ ਹਵਾਲੇ ਕਰਕੇ ਸਰੀਰ ਨੂੰ ਭੀ ਅਗੇ ਰਖਦਿਆਂ ਭਾਵ ਬਹੁਤ ਸੇਵਾ ਕਰਾਂ ਅਤੇ ਵਿਚੋਂ ਹੰਕਾਰ ਦੂਰ ਕਰਾਂ ॥

**ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ॥**
**ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ॥ ੨੩ ॥**

ਜੇਹੜੇ ਐਧਰ ਓਧਰ ਖਿਆਲਾਂ ਨੂੰ ਖਿਚਦੇ ਹਨ ਇਕੁਰ ਖਰਾਬ ਹੀ ਹੋਈਦਾ ਹੈ ਇਸ ਲਈ ਇਕ ਪ੍ਰਮੇਸ਼ਰ ਨਾਲ ਪ੍ਰੀਤੀ ਲਾਈਏ। ਹੰਕਾਰ ਤੇ ਮੇਰਾ ੨ ਕਰਨਾ ਤੂੰ ਛਡਦੇ ਤਾਂ ਸਚ ਵਿਚ ਤੂੰ ਸਮਾ ਰਹੇਂਗਾ।

**ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥**
**ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥ ੨੪ ॥**

ਭਾਇਰਾ=ਭਾਈ। ਜੇਹੜੇ ਸਤਿਗੁਰਾਂ ਨੂੰ ਮਿਲਦੇ ਹਨ ਓਹ ਸਚੇ ਭਰਾ ਹਨ ਓਹ ਸਚੇ ਉਪਦੇਸ਼ ਵਿਚ ਲਗਦੇ ਹਨ ॥ ਜੇਹੜੇ ਸਚੇ ਨਾਲ ਮਿਲਦੇ ਹਨ. ਓਹ ਵਿਛੜਦੇ ਨਹੀਂ ਹਨ ਓਹ ਸੱਚੇ ਦੇ ਦਰਵਾਜੇ ਉਤੇ ਸਚੇ ਦੀਹਦੇ ਹਨ ॥

**ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥**
**ਅਵਗੁਣ ਵਿਕਣਿ ਪਲ੍ਹਰਨਿ ਗੁਣ ਕੀ ਸਾਝ ਕਰੰਨਿ ॥ ੨੫ ॥**

ਓਹੋ ਸਾਡੇ ਭਰਾ ਹਨ ਓਹੋ ਹੀ ਸਾਡੇ ਸੱਜਣ ਹਨ ਜੇਹੜੇ ਸਚੇ ਪ੍ਰਮੇਸ਼ਰ ਨੂੰ ਸੇਂਵਦੇ ਹਨ ॥ ਔਗੁਣਾਂ ਨੂੰ ਖਾਲੀ ਜਾਣਕੇ ਛਡ ਦੇਂਦੇ ਹਨ ਗੁਣਾਂ ਦੀ ਸਾਂਝ ਕਰਦੇ ਹਨ ॥

**ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ।**
**ਸਚੁ ਵਣੰਜਹਿ ਗੁਰਸਬਦ ਸਿਉ ਲਾਹਾ ਨਾਮੁ ਲਏਨਿ ॥ ੨੬ ॥**

ਗੁਣਾਂ ਦੀ ਸਾਂਝ ਕਰਕੇ ਸੁਖ ਪ੍ਰਗਟ ਹੁੰਦਾ ਹੈ ਗੁਰਾਂ ਦੇ ਉਪਦੇਸ਼ ਕਰਕੇ ਸਚੀ ਭਗਤੀ ਕਰਦੇ ਹਨ॥ ਸੱਚ ਨੂੰ ਹੀ ਵਣਜਦੇ ਹਨ ਭਾਵ ਸਿਖਾਂ ਨੂੰ ਸੱਚ ਦਸਦੇ ਹਨ ਓਹ ਨਾਮ ਦਾ ਹੀ ਲਾਭ ਲੈਂਦੇ ਹਨ ॥

**ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ॥**
**ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥ ੨੭ ॥**

ਸੋਨਾ ਚਾਂਦੀ ਪਾਪ ਕਰਕੇ ਕੱਠਾ ਕਰੀਦਾ ਹੈ ਓਹ ਜੀਵ ਦੇ ਪਰਲੋਕ ਵਿਚ

Digitized by Panjab Digital Library | www.panjabdigilib.org

ਚਲਦਿਆਂ ਹੋਇਆਂ ਨਾਲ ਨਹੀਂ ਚਲਦਾ ਹੈ ਨਾਮ ਤੋਂ ਬਿਨਾ ਆਦਮੀ ਦੇ ਨਾਲ, ਕੁਛ ਵੀ ਨਹੀਂ ਚਲਦਾ ਹੈ ਸਾਰੀ ਦੁਨੀਆਂ ਮਾਰਨ ਵਾਲੇ ਜਮ ਨੇ ਲੁਟ ਲਈ ਹੈ॥

**ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮਾਲਿ ॥**
**ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥ ੨੮ ॥**

ਇਸ ਆਦਮੀ ਦਾ ਖਰਚ ਤਾਂ ਪ੍ਰਮੇਸਰ ਦਾ ਨਾਮ ਹੈ ਇਸ ਲਈ ਹੇ ਭਰਾਓ ਰਿਦੇ ਵਿਚ ਸੰਭਾਲ ਰੱਖੋ॥ ਇਹ ਖਰਚ ਨ ਮੁਕਣ ਵਾਲਾ ਹੈ ਜੇ ਗੁਰਾਂ ਦੁਆਰੇ ਨਾਮ ਜਪੋਗੇ ਤੇ ਤਾਂ ਇਹ ਤੁਹਾਡੇ ਨਾਲ ਨਿਭੇਗਾ॥

**ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥**
**ਏਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ॥੨੯॥**

ਹੇ ਜੀਆ ਮੁਢ ਤੋਂ ਭੁਲਿਆ ਹੋਇਆ ਤੂੰ ਇਹ ਅਮੋਲਕ ਜਨਮ ਐਵੇਂ ਹੀ ਖੋਹ ਜਾਵੇਂਗਾ ॥ ਇਹ ਜਗਤ ਤਾਂ ਮੋਹ ਕਰਕੇ ਦੂਸਰੇ ਖਿਆਲ ਵਿਚ ਡੁਬਾ ਹੋਇਆ ਹੈ ਤੂੰ ਗੁਰ ਸਿਖਿਆ ਲੈਕੇ ਸਚੇ ਨੂੰ ਚੇਤੇ ਕਰ ॥

**ਹਰਿ ਕੀ ਕੀਮਤਿ ਨ ਪਵੈ ਹਰਿ ਜਸੁ ਲਿਖਣੁ ਨ ਜਾਇ ॥**
**ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥ ੩੦ ॥**

ਪ੍ਰਮੇਸਰ ਦੀ ਕੀਮਤ ਨਹੀਂ ਪੈਂਦੀ ਹੈ ਅਤੇ ਪ੍ਰਮੇਸਰ ਦਾ ਜਸ ਵੀ ਨਹੀ ਲਿਖਿਆ ਜਾਂਦਾ ਹੈ॥ ਜੇਹੜੇ ਗੁਰਾਂ ਦੇ ਉਪਦੇਸ਼ ਵਿਚ ਮਨ ਤਨ ਕਰਕੇ ਰੰਗੇ ਗਏ ਹਨ ਓਹ ਪ੍ਰਮੇਸਰ ਦੇ ਨਾਲ ਮਿਲ ਰਹਿੰਦੇ ਹਨ॥

**ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥**
**ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥ ੩੧ ॥**

ਓਹ ਮਾਲਕ ਮੇਰਾ ਬੜਾ ਅਨੰਦ ਕਰਨ ਵਾਲਾ ਹੈ ਜੇਹੜਾ ਉਸਦੀ ਸ਼ਰਨ ਆਉਂਦਾ ਹੈ ਉਸਨੂੰ ਸ਼ਾਂਤੀ ਸੁਭਾ ਵਿਚ ਰੰਗਦਾ ਹੈ॥ ਸਿਖ ਇਸਤ੍ਰੀ ਨੂੰ ਰੰਗ ਤਾਂ ਚੜਦਾ ਹੈ ਜੇ ਓਹ ਆਪਣੇ ਮਾਲਕ ਦੇ ਗਲ ਨਾਲ ਮਿਲ ਜਾਵੇ ॥

**ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ॥ ਅੰਤਰਿ ਨਵਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿਗੁਣ ਸਹਜਿ ਰਵੰਨਿ ॥**

ਜੇਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ ਓਹ ਬਹੁਤ ਚਿਰਾਂ ਦੇ ਵਿਛੜੇ ਹੋਏ ਵੀ

Digitized by Panjab Digital Library | www.panjabdigilib.org

ਪ੍ਰਮੇਸਰ ਨਾਲ ਮਿਲ ਜਾਂਦੇ ਹਨ ॥ ਦਿਲ ਦੇ ਅੰਦਰ ਹੀ ਨੌ ਨਿਧੀ ਰੂਪ ਪ੍ਰਮੇਸਰ ਦਾ ਨਾਮ ਹੈ ਖਾਂਦੇ ਤੇ ਖਰਚਦੇ ਹਨ ਮੁੱਕਦਾ ਨਹੀਂ ਭਾਵ ਜਪਦੇ ਜਪਾਉਂਦੇ ਸ਼ਾਂਤੀ ਨਾਲ ਪ੍ਰਮੇਸਰ ਦੇ ਗੁਣਾਂ ਨੂੰ ਬੋਲਦੇ ਰਹਿੰਦੇ ਹਨ ॥

**ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥**
**ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥ ੩੩ ।**

ਨ ਓਹ ਜੰਮਦੇ ਹਨ ਨ ਓਹ ਮਰਦੇ ਹਨ ਨ ਓਹ ਕਿਸੇ ਤਰਾਂ ਦਾ ਦੁਖ ਹੀ ਸਹਾਰਦੇ ਹਨ ॥ ਜੇਹੜੇ ਗੁਰਾਂ ਨੇ ਰੱਖ ਲਏ ਹਨ ਓਹ ਸੰਸਾਰ ਸਮੁੰਦ੍ਰ ਤੋਂ ਬਚ ਗਏ ਹਨ ਅਤੇ ਪ੍ਰਮੇਸਰ ਦੇ ਨਾਲ ਮਿਲਕੇ ਅਨੰਦ ਕਰਦੇ ਹਨ ॥

**ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥ ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥**

ਜੇਹੜੇ ਸੱਜਣ ਪ੍ਰਮੇਸਰ ਦੇ ਨਾਲ ਮਿਲੇ ਹਨ ਓਹ ਵਿਛੜਦੇ ਨਹੀਂ ਹਨ ਸੋ ਓਹ ਕੌਣ ਹਨ ਜੇਹੜੇ ਰਾਤ ਦਿਨੇ ਮਿਲੇ ਰਹਿੰਦੇ ਹਨ ॥ ਗੁਰੂ ਜੀ, ਜੇਹੜੇ ਸਚੇ ਪ੍ਰਮੇਸਰ ਨੂੰ ਮਿਲ ਜਾਂਦੇ ਹਨ ਓਹ ਇਸ ਜਗਤ ਵਿਚ ਵਿਰਲੇ ਹੀ ਜਾਣੀਦੇ ਹਨ॥

## ਸੂਹੀ ਮਹਲਾ ੩

**ਹਰਿਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥**
**ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥ ੧ ॥**

ਪ੍ਰਸ਼ਨ–

ਪ੍ਰਮੇਸਰ ਤਾਂ ਬਹੁਤ ਨਿਕਾ ਹੈ, ਇਸ ਲਈ ਉਸਨੂੰ ਲਭਣਾ ਔਖਾਹੈ ਦਸੋ ਭਰਾਓ ਉਸਨੂੰ ਕਿਸ ਤਰਾਂ ਮਿਲਿਆ ਜਾਵੇ ॥ ਉਤਰ–ਜੇ ਗੁਰਾਂ ਦੇ ਉਪਦੇਸ਼ ਕਰਕੇ ਭਰਮ ਕਟਿਆ ਜਾਵੇ ਤਾਂ ਅਚਾਣਚਕ ਸੁਭਾਵਕ ਹੀ ਮਨ ਵਿਚ ਆ ਵਸਦਾ ਹੈ ॥

**ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥ ਹਉ ਤਿਨਕੈ ਬਲਿਹਾਰਣੈ ਮਨਿ ਹਰਿਗੁਣ ਸਦਾ ਰਵੰਨਿ ॥ ੧ ॥ ਰਹਾਉ ॥**

ਜੇਹੜੇ ਗੁਰਮੁਖ ਪ੍ਰਮੇਸਰ ਦਾ ਨਾਮ ਜਪਦੇ (ਕਿਸਤਰਾਂ) ਜੇਹੜੇ ਮਨ ਕਰਕੇ ਸਦਾ ਹੀ ਪ੍ਰਮੇਸਰ ਦੇ ਗੁਣ ਗਾਂਦੇ ਹਨ ਮੈਂ ਓਨਾਂ ਤੋਂ ਬਲਿਹਾਰ ਜਾਂਦਾ ਹਾਂ ਰਵੰਨਿ=ਉਚਾਰਨਾ ।

**ਗੁਰੁ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ ॥**

Digitized by Panjab Digital Library | www.panjabdigilib.org

**ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ ੨ ॥**

ਸਾਰਿਆਂ ਸਰੋਵਰਾਂ ਵਿਚੋਂ ਜੇਹੜਾ ਗੁਰੂ ਮਾਨ ਸਰੋਵਰ ਹੈ ਓਸਨੂੰ ਵਡਭਾਗੀ ਆਦਮੀ ਪਾਂਦੇ ਹਨ ॥ ਜਿਨਾਂ ਨੇ ਦਾਸ ਬਣਕੇ ਅਪਣੇ ਆਪ ਨੂੰ ਗੁਰਾਂ-ਦੁਆਰ ਲੱਭਿਆ ਹੈ ਓਹ ਹੰਸ ਪ੍ਰਮੇਸਰ ਨੂੰ ਵੇਖਦੇ ਜਾਂ ਲੱਭ ਲੈਂਦੇ ਹਨ ॥

**ਨਾਮੁ ਧਿਆਇਨਿ ਰੰਗ ਸਿਉ ਗੁਰਮੁਖਿ ਨਾਮਿ ਲਗੰਨਿ ॥**
**ਧੁਰਿਪੂਰਬਿ ਹੋਵੈ ਲਿਖਿਆ ਗੁਰਭਾਣਾ ਮੰਨਿ ਲਏਨਿ ॥ ੩ ॥**

ਜੇਹੜੇ ਗੁਰਾਂਦੁਆਰੇ ਨਾਮ ਜਪਣ ਵਿਚ ਲੱਗਦੇ ਹਨ ਓਹ ਅਨੰਦ ਨਾਲ ਨਾਮ ਨੂੰ ਜਪਦੇ ਹਨ ॥ ਮੁਢੋਂ ਹੀ ਜਿਨਾਂ ਦੇ ਮੱਥੇ ਉਤੇ ਚੰਗਾ ਕਰਮ ਲਿਖਿਆ ਹੈ ਓਹ ਗੁਰਾਂ ਦੇ ਭਾਣੇ ਨੂੰ ਮੰਨਦੇ ਹਨ ॥

**ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥**
**ਗੁਰਿਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥ ੪ ॥**

ਵੱਡਿਆਂ ਭਾਗਾਂ ਵਾਲਿਆਂ ਨੇ ਮਨ ਨੂੰ ਲਭਿਆ ਹੈ ਓਥੋਂ ਨਾਮ ਦਾ ਖਜਾਨਾ ਪਾਇਆ ਹੈ ॥ ਪਰ ਪੂਰਿਆਂ ਗੁਰਾਂ ਨੇ ਵਿਖਾਇਆ ਹੈ ਮਾਲਕ ਨੂੰ ਅਪਣੇ ਨਾਲ ਮਿਲਿਆ ਹੋਇਆ ਪਛਾਣਿਆ ਹੈ ॥

**ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥**
**ਗੁਰਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫ ॥**

ਸਾਰਿਆਂ ਦਾ ਮਾਲਕ ਇਕ ਹੈ ਉਸ ਤੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ ॥ ਜਿਸਦੇ ਮਨ ਵਿਚ ਗੁਰਾਂ ਦੀ ਕਿਰਪਾ ਨਾਲ ਇਹ ਨਿਸਚਾ ਵੱਸਦਾ ਹੈ ਉਸਦੇ ਦਿਲ ਵਿਚ ਹੀ ਪ੍ਰਗਟ ਹੋ ਆਉਂਦਾ ਹੈ ॥

**ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥**
**ਮੰਦਾ ਕਿਸਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥ ੬ ॥**

ਸਾਰਿਆਂ ਦੇ ਅੰਦਰ ਦੀ ਜਾਨਣ ਵਾਲਾ ਇਕ ਪ੍ਰਮੇਸਰ ਹੈ ਅਤੇ ਓਹ ਸਾਰਿਆਂ ਥਾਵਾਂ ਵਿਚ ਵੀ ਵੱਸਦਾ ਹੈ ॥ ਪ੍ਰਮੇਸਰ ਵਿਚ ਪ੍ਰੀਤੀ ਲਾਕੇ ਤੇ ਆਪਣੀ ਵਿਚਾਰ ਨਾਲ ਵੇਖੋ ਜਦੋਂ ਇੱਕੁਰ ਵੇਖੋ ਗੇ ਤਾਂ ਫਿਰ ਦਸੋ ਮਾੜਾ ਕਿਸ ਨੂੰ ਆਖਿਆ ਜਾਵੇਗਾ।

**ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥**
**ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥ ੭ ॥**

Digitized by Panjab Digital Library | www.panjabdigilib.org

ਜਦੋਂ ਤਕ ਦ੍ਵੈਤ ਭਾਵਨਾ ਦੇ ਵਿਚ ਹੈ ਓਦੋਂ ਤਕ ਬੁਰਾ ਭਲਾ ਆਖਦਾ ਹੈ ਜਿੰਨਾਂ ਗੁਰਮੁਖਾਂ ਨੇ ਇਕ ਪ੍ਰਮੇਸਰ ਨੂੰ ਹੀ ਜਾਣਿਆ ਹੈ ਓਹ ਇਕ ਦੇ ਨਾਲ ਹੀ ਰਲ ਮਿਲ ਗਏ ਹਨ ॥

**ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥**

**ਜਨ ਨਾਨਕ ਹਰਿ ਆਰਾਧਿਆ ਗੁਰਚਰਣੀ ਚਿਤੁ ਲਾਇ ॥ ੮ ॥**

**੨ ।੪॥ ੯ ॥**

ਸੇਵਾ ਤਾਂ ਓਹੋ ਹੀ ਚੰਗੀ ਹੈ ਜੇਹੜੀ ਮਾਲਕ ਨੂੰ ਚੰਗੀ ਲੱਗਦੀ ਹੈ ਅਤੇ ਫਲ ਦੇਣ ਵਾਲੀ ਸੇਵਾ ਵੀ ਓਹੋ ਹੀ ਹੈ ਜਿਸਨੂੰ ਪ੍ਰਮੇਸਰ ਲੇਖੇ ਪਾਂਦਾ ਹੈ ਗੁਰੂ ਜੀ, ਗੁਰਾਂ ਦੇ ਚਰਨਾਂ ਵਿਚ ਚਿਤ ਲਾਕੇ ਦਾਸਾਂ ਨੇ ਪ੍ਰਮੇਸਰ ਨੂੰ ਚੇਤੇ ਕੀਤਾ ਹੈ ।

(ਗੁਰੂ ਨੂੰ ਪਿਆਰਾ ਸਮਝਕੇ ਪ੍ਰਮੇਸਰ ਦੇ ਸਨਮੁਖ ਪ੍ਰੇਮ ਵਾਲੀ ਬੇਨਤੀ ਹੈ)

## ਰਾਗੁ ਸੂਹੀ ਅਸਟਪਦੀ ਮਹਲਾ ੪ ਘਰੁ ੨

## ੧ ੴ ਸਤਿਗੁਰਪ੍ਰਸਾਦਿ ॥

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥**

ਜੇਹੜਾ ਪ੍ਰਮੇਸਰ ਦਾ ਪਿਆਰਾ ਮੇਰਾ ਪ੍ਰੀਤਮ ਗੁਰੂ ਹੈ ਉਸਨੂੰ ਜੇਹੜਾ ਕੋਈ ਆਕੇ ਮਿਲਾਵੇ ਮੈਂ ਉਸਦੇ ਪਾਸ ਅਪਣਾ ਆਪ ਵੇਚ ਦਿਆਂਗਾ ਭਾਵ ਉਸਦੇ ਬਚਨ ਮੰਨਾਂ-ਗਾ (ਮੇਰਾ ਅਸਲੀ ਭਾਵ ਇਹ ਹੈ)

**ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥**

ਪ੍ਰਮੇਸਰ ਦੇ ਦਰਸਨ ਵੇਖਣ ਵਾਸਤੇ ਜੇ ਕੋਈ ਮੇਰੇ ਉਤੇ ਕਿਰਪਾ ਕਰ ਦੇਵੇ ਤਾਂ ਪਹਿਲੇ ਮੈਨੂੰ ਗੁਰਾਂ ਦੇ ਨਾਲ ਮਿਲਾਵੇ। ਹੇ ਪ੍ਰਮੇਸਰ ਫੇਰ ਮੈਂ ਤੇਰੇ ਨਾਮ ਦੇ ਧਿਆਉਣ ਵਾਲਾ ਹੋਵਾਂਗਾ ॥

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥**

ਜੇ ਤੂੰ ਸੁਖ ਦੇਵੇਂਗਾ ਤਾਂ ਵੀ ਤੈਨੂੰ ਹੀ ਚੇਤੇ ਰਖਾਂਗਾ ਜੇ ਦੁਖ ਦੇਂਗਾ ਤਾਂ ਵੀ ਤੈਨੂੰ ਹੀ ਜਪਾਂਗਾ ।

Digitized by Panjab Digital Library | www.panjabdigilib.org

**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥**

ਜੇ ਭੁਖ ਦੇਵੇਂਗਾ ਤਾਂ ਵੀ ਤੇਰੇ ਵਾਲੇ ਪਾਸੇ ਵਲ ਜਾਂ ਏਸੇ ਗਲ ਵਿਚ ਰਜਿਆ ਰਹਾਂਗਾ ਜੇ ਦੁਖ ਦੇਂਵੇਗਾ ਤਾਂ ਦੁਖ ਨੂੰ ਵੀ ਸੁਖ ਮਨਾਵਾਂਗਾ ॥

**ਤਨੁਮਨੁ ਕਾਟਿਕਾਟਿ ਸਭੁ ਅਰਪੀ ਵਿਚਿ ਅਗਨੀ ਆਪੁਜਲਾਈ॥੪॥**

ਤਨ ਮਨ ਨੂੰ ਟੁਕੜੇ ੨ ਕਰਕੇ ਸਾਰੇ ਪਦਾਰਥ ਆਪ ਨੂੰ ਦੇ ਦਿਆਂਗਾ ਅਗ ਵਿਚ ਹੰਕਾਰ ਨੂੰ ਸਾੜਾਂਗਾ ਭਾਵ ਪ੍ਰਮੇਸਰ ਦਾ ਵਿਚਾਰ ਕਰਕੇ ਹੰਕਾਰ ਨੂੰ ਛਡ ਦਿਆਂਗਾ ॥

**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥**

ਤੇਰੀ ਸਾਧਸੰਗਤ ਵਿਚ ਪੱਖਾ ਫੇਰਾਂਗਾ ਪਾਣੀ ਢੋਵਾਂਗਾ ਜੋ ਓਹ ਸੰਤ ਦੇਣਗੇ ਸੋ ਖਾਵਾਂਗਾ ॥

**ਨਾਨਕੁਗਰੀਬੁ ਢਹਿਪਇਆ ਦੁਆਰੈ ਹਰਿਮੇਲਿਲੈਹੁ ਵਡਿਆਈ ।੬।**

ਗੁਰੂ ਜੀ, ਮੈਂ ਗਰੀਬ ਤੇਰੇ ਬੂਹੇ ਉਤੇ ਡਿਗ ਪਿਆ ਹਾਂ ਮੈਨੂੰ ਆਪਣੇ ਨਾਲ ਮੇਲ ਲੈ ਇਸ ਵਿਚ ਆਪ ਦੀ ਵੀ ਵਡਿਆਈ ਹੈ ॥

**ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ॥੭।**

(ਆਪਣੀ ਸਰਧਾ ਦਸਦੇ ਹਨ)

ਮੈਂ ਅਖੀਆਂ ਕਢਕੇ ਪੈਰਾਂ ਦੇ ਥਲੇ ਰਖਾਂ ਸਾਰੀ ਧਰਤੀ ਉਤੇ ਫਿਰਕੇ ਗੁਰਾਂ ਤੋਂ ਇਹ ਸਿਖਿਆ ਪਾਈ ਹੈ ॥

**ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥**

ਜੇ ਪਾਸ ਬਹਾਲੇਂਗਾ ਤੇ ਤਾਂ ਵੀ ਆਪਨੂੰ ਹੀ ਯਾਦ ਕਰਾਂਗਾ ਜੇ ਮਾਰਕੇ ਆਪਣੇ ਪਾਸੋਂ ਕਢ ਦੇਂਗਾ ਤੇ ਤਾਂ ਵੀ ਆਪਨੂੰ ਹੀ ਧਿਆਉਣ ਵਾਲਾ ਹੋਵਾਂਗਾ ॥

**ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥**

ਜੇ ਮੈਨੂੰ ਲੋਕ ਸਲਾਹੁਣਗੇ ਤੇ ਤਾਂ ਵੀ ਤੇਰੀ ਹੀ ਉਪਮਾ ਹੈ ਭਾਵ ਤੇਰੀ ਹੀ ਉਸਤਤਿ ਕਰਾਂਗਾ ਜੇ ਲੋਕ ਨਿੰਦਣਗੇ ਤੇ ਤਾਂ ਵੀ ਤੈਨੂੰ ਛਡਕੇ ਨਹੀਂ ਜਾਵਾਂਗਾ ॥

**ਜੇ ਤੁਧੁ ਵਲਿ ਰਹੈ ਤ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥ ੧੦ ॥**

ਜੇ ਤੇਰੀ ਵਲ ਪ੍ਰੀਤੀ ਬਣੀ ਰਹੇ ਤਾਂ ਫਿਰ ਭਾਵੇਂ ਕੋਈ ਕੁਛ ਆਖੇ ਓਨਾਂ ਦੇ ਆਖਣ

Digitized by Panjab Digital Library | www.panjabdigilib.org

ਨਾਲ ਕੁਛ ਨਹੀਂ ਹੁੰਦਾ ਹੈ ਪਰ ਤੇਰੇ ਭੁਲਣ ਨਾਲ ਮਰ ਜਾਈਦਾ ਹੈ ॥

**ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥**

ਮੈਂ ਗੁਰੂ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ ਪੈਰੀਂ ਪੈਕੇ ਮਨਾਂਦਾ ਹਾਂ ॥

**ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ੧੨॥**

ਗੁਰੂ ਜੀ, ਹੇ ਪ੍ਰਮੇਸਰਾ ਮੈਂ ਵਿਚਾਰਾ ਤੇਰੇ ਦਰਸਨ ਵਾਸਤੇ ਕਮਲਾ ਹੋ ਗਿਆ ਹਾਂ॥

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥**

ਝਾਗੀ=ਲੰਘ ਜਾਵਾਂ ॥

ਹਨੇਰੀ ਨੂੰ ਲੰਘਾਂ ਭਾਵੇਂ ਮੀਂਹ ਵੀ ਵਰਸਦਾ ਹੋਵੇ ਤਾਂ ਵੀ ਗੁਰਾਂ ਦੇ ਦਰਸਨ ਨੂੰ ਜਾਵਾਂ ਭਾਵ ਇਕੁਰ ਦੇ ਵਿਘਨਾਂ ਨੂੰ ਕੁਛ ਨ ਸਮਝਾਂ ਜੇ ਹੋਰ ਕੁਛ ਦੁਨੀਆਂ ਦੀਆਂ ਰੋਕਾਂ ਲੋਭ ਆਦਿਕ ਵੀ ਹੋਣ ਤਾਂ ਓਨਾਂ ਨੂੰ ਵੀ ਕੁਝ ਨ ਸਮਝਾਂ ਗੁਰੂ ਪਾਸ ਜਰੂਰ ਜਾਵਾਂ।

**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪**

ਭਾਂਵੇਂ ਸਮੁੰਦਰ (ਸਾਗਰ=ਸਮੁੰਦਰ ਦਾ ਹੀ ਨਾਮ ਹੈ ਜਾਂ ਸਗਰ ਰਾਜੇ ਦੀ ਸੰਤਾਨ ਦਾ ਪੁਟਿਆ ਹੋਇਆ ਜਾਂ ਜ਼ਹਿਰ ਵਾਲਾ) ਹੋਵੇ ਅਤੇ ਖਾਰਾ ਵੀ ਹੋਵੇ ਜੇਹੜੇ ਗੁਰੂ ਦੇ ਸਿਖ ਹਨ ਓਹ ਫਿਰ ਵੀ ਗੁਰੂ ਪਾਸ ਜਾਂਦੇ ਹਨ ਭਾਵ ਇਹਨਾਂ ਵਿਘਨਾਂ ਨੂੰ ਕੁਛ ਨਹੀਂ ਸਮਝਦੇ ॥

**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ ੧੫ ॥**

ਜਿਸਤਰਾਂ ਆਦਮੀ ਪਾਣੀ ਤੋਂ ਬਿਨਾ ਮਰ ਜਾਂਦਾ ਹੈ ਇਕੁਰ ਹੀ ਗੁਰਾਂ ਬਿਨਾ ਸਿਖ ਮਰ ਜਾਂਦਾ ਹੈ ਭਾਵ ਬਹੁਤ ਦੁਖੀ ਹੁੰਦਾ ਹੈ ॥

**ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥ ੧੬ ॥**

ਜਿਸਤਰਾਂ ਧਰਤੀ ਪਾਣੀ ਦੇ ਵਰਸਨ ਨਾਲ ਸੋਭਾ ਨੂੰ ਧਾਰਨ ਕਰਦੀ ਹੈ ਇਕੁਰ ਹੀ ਸਿਖ ਗੁਰੂ ਨੂੰ ਮਿਲਕੇ ਖੁਸ਼ੀ ਹੁੰਦਾ ਹੈ ॥

**ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥੧੭॥**

ਮੇਰੇ ਉਤੇ ਇਹ ਕਿਰਪਾ ਕਰ ਕਿ ਮੈਂ ਤੇਰੇ ਦਾਸਾਂ ਦਾ ਦਾਸ ਹੋਕੇ ਰਹਾਂ ਅਤੇ ਬੇਨਤੀ ਕਰਕੇ ਬੁਲਾਵਾਂ ॥

Digitized by Panjab Digital Library | www.panjabdigilib.org

**ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖ ਪਾਈ ।।੧੮।।**

ਗੁਰੂ ਜੀ,ਹੇ ਪ੍ਰਮੇਸਰਾ ਮੇਰੀ ਬੇਨਤੀ ਤੇਰੇ ਪਾਸ ਹੈ ਜੋ ਮੈਂ ਗੁਰੂ ਨੂੰ ਮਿਲਕੇ ਵਡਾ ਸੁਖ ਪਾਵਾਂ ॥

**ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥੧੯॥**

ਤੂੰ ਆਪੇ ਹੀ ਗੁਰੂ ਹੈਂ ਆਪੇ ਹੀ ਚੇਲਾ ਹੈਂ ਮੈਂ ਤਾਂ ਗੁਰਾਂਦੁਆਰੇ ਤੈਨੂੰ ਹੀ ਧਿਆਂਦਾ ਹਾਂ ॥

**ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥ ੨੦ ॥**

ਜੇਹੜੇ ਤੈਨੂੰ ਸੇਂਵਦੇ ਹਨ ਤੂੰ ਓਨਾਂ ਉਤੇ ਖੁਸ਼ੀ ਹੁੰਦਾ ਹੈਂ ਓਹ ਤੇਰੇ ਵਰਗੇ ਹੀ ਹੋ ਜਾਂਦੇ ਹਨ ਤੂੰ ਜਿਥੇ ਕਿਥੇ ਗੁਰਾਂ ਪਾਸੋਂ ਦਾਸਾਂ ਦੀ ਇੱਜ਼ਤ ਰਖਾਈ ਹੈ ॥

**ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥ ੨੧ ॥**

ਹੇ ਪ੍ਰਮੇਸਰਾ ਤੇਰੇ ਸੰਤ ਭਗਤੀ ਦੇ ਭੰਡਰੇ ਭਰੇ ਹੋਏ ਹਨ ਜਿਸ ਨੂੰ ਤੂੰ ਚਾਹੁੰਦਾ ਹੈਂ ਉਸਨੂੰ ਭਗਤੀ ਦੇ ਖਜਾਨੇ ਸੰਤਾਂ ਪਾਸੋਂ ਦਵਾਂਦਾ ਹੈਂ ॥

**ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥ ੨੨**

ਜਿਸਨੂੰ ਤੂੰ ਕਿਰਪਾ ਕਰਕੇ ਦੇਂਦਾ ਹੈਂ ਓਹ ਆਦਮੀ ਪਾਂਦਾ ਹੈ ਹੋਰ ਸਾਰੀਆਂ ਸਿਆਣਪਾਂ ਬਿਅਰਥ ਹਨ ॥

**ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥੨੩**

ਮੈਂ ਗੁਰੂ ਨੂੰ ਚੇਤੇ ਕਰਕੇ ਅਪਣਾ ਸੁੱਤਾ ਹੋਇਆ ਮਨ ਜਗਾਂਦਾ ਹਾਂ ॥

**ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿਦਾਸਨਿ ਦਾਸੁ ਕਰਾਈ॥੨੪**

ਗੁਰੂ ਜੀ, ਮੈਂ ਵਿਚਾਰਾ ਇਕ ਦਾਨ ਮੰਗਦਾ ਹਾਂ ਹੇ ਪ੍ਰਮੇਸਰਾ ਮੈਨੂੰ ਦਾਸਾਂ ਦਾ ਦਾਸ ਕਰ ॥

**ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰਵਡਿਆਈ॥੨੫॥**

ਜੇ ਕਿਸੇ ਕੰਮ ਦੇ ਵਿਗੜ ਜਾਣ ਤੇ ਮੈਨੂੰ ਗੁਰੂ ਝਿੜਕਣ ਤਾਂ ਓਹ ਤਾੜਨਾ ਮੈਨੂੰ ਮਿੱਠਾ ਲਗੇ ਜੇ ਉਸ ਗੁਨਹ ਨੂੰ ਗੁਰੂ ਜੀ ਬਖਸ਼ ਲੈਣ ਤਾਂ ਇਸ ਵਿਚ ਵੀ ਗੁਰੂ ਜੀ ਦੀ ਹੀ ਵਡਿਆਈ ਹੈ ਭਾਵ ਲੋਕ ਆਖਣਗੇ ਗੁਰੂ ਵੱਡੇ ਧੀਰਜ ਵਾਲੇ ਹਨ ॥

**ਗੁਰਮੁਖਿਬੋਲਹਿ ਸੋ ਥਾਇਪਾਏ ਮਨਮੁਖਿ ਕਿਛੁ ਥਾਇ ਨਪਾਈ॥੨੬**

ਜੋ ਗੁਰਮੁਖ ਬੋਲਦੇ ਹਨ ਓਨਾਂ ਦਾ ਬੋਲਣਾ ਪ੍ਰਮੇਸ਼ਰ ਲੇਖੇ ਪਾਂਦਾ ਹੈ ਭਾਵ ਸਫਲ

Digitized by Panjab Digital Library | www.panjabdigilib.org

ਕਰਦਾ ਹੈ ਮਨਮੁਖਾਂ ਦਾ ਬੋਲਿਆ ਥਾਂ ਨਹੀਂ ਪੈਂਦਾ ਹੈ ਬਿਅਰਥ ਜਾਂਦਾ ਹੈ ॥

**ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥ ੨੭।**

ਪਾਲਾ, ਕੱਕਰ, ਬਰਫ ਵਰਸਨ ਲਗ ਪਵੇ ਪਰ ਫਿਰ ਵੀ ਗੁਰੂ ਦਾ ਸਿਖ ਗੁਰੂ ਨੂੰ ਵੇਖਣ ਜਾਂਦਾ ਹੈ ॥

**ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪਨਾ ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥**

ਮੈ ਆਪਣਿਆਂ ਗੁਰਾਂ ਨੂੰ ਦਿਨੇ ਰਾਤ ਵੇਖਾਂ (ਮੈਨੂੰ ਇਹ ਸਰਧਾ ਦੇਹ) ਜੇ ਗੁਰੁ ਕਿਧਰੇ ਜਾਣ ਤਾਂ ਆਪਣੀਆਂ ਅਖੀਆਂ ਵਿਚ ਗੁਰੂ ਦੇ ਪੈਰ ਧਰਾਵਾਂ ਭਾਵ ਚਰਨਾਂ ਦਾ ਦਰਸ਼ਨ ਕਰਦਾ ਨਾਲ ਹੀ ਚੱਲਾਂ ॥

**ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥੨੯।**

ਗੁਰੂ ਦੇ ਰਾਜੀ ਕਰਨ ਨੂੰ ਮੈਂ ਅਨੇਕ ਉਪਾ ਕਰਾਂ ਪਰ ਜੋ ਗੁਰੂ ਨੂੰ ਭਾਵੇ ਓਹ ਲੇਖੇ ਪੈਂਦਾ ਹੈ ਭਾਵ ਓਹ ਕੰਮ ਸਫਲ ਹੁੰਦਾ ਹੈ ॥

**ਰੈਣਿ ਦਿਨਸੁ ਗੁਰਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥੩੦॥**

ਹੇ ਮੇਰੇ ਮਾਲਕ ਮੇਰੇ ਉਤੇ ਕਿਰਪਾ ਕਰ ਜੋ ਰਾਤ ਦਿਨ ਗੁਰਾਂ ਦੇ ਚਰਨਾਂ ਦਾ ਅਰਾਧਣ ਵਾਲਾ ਹੋਵਾਂ ॥

**ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥ ੩੧।**

ਗੁਰੂ ਜੀ, ਮੇਰਾ ਜੀਅ ਤੇ ਸਰੀਰ ਸਾਰਾ ਗੁਰੂ ਦਾ ਹੀ ਹੈ ਮੈਂ ਗੁਰੂ ਨਾਲ ਮਿਲਕੇ ਬਹੁਤ ਖੁਸ਼ੀ ਹੁੰਦਾ ਹਾਂ ॥ ਤ੍ਰਿਪਤ=ਰੱਜਣਾ ॥ ਅਘਾਈ=ਬਹੁਤ ਰੱਜਣਾ ।

**ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ ੩੨॥੧।**

ਗੁਰੂ ਜੀ, ਮੇਰਾ ਮਾਲਕ ਜਿੱਥੇ ਕਿੱਥੇ ਭਰਪੂਰ ਹੋਇਆ ੨ ਹੈ ॥

## ਰਾਗੁ ਸੂਹੀ ਮਹਲਾ ੪ ਅਸਟਪਦੀ ਘਰੁ ੧੦

### ੧ ੴ ਸਤਿਗੁਰਪ੍ਰਸਾਦਿ ॥

**ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥**
**ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮਣੇ ॥ ੧ ॥**

Digitized by Panjab Digital Library | www.panjabdigilib.org

ਮੈਂ ਆਪਣੇ ਦਿਲ ਵਿਚ ਪਿਆਰੇ ਦਾ ਸੱਚਾ ਪ੍ਰੇਮ ਲਾਇਆ ਹੈ ਮੇਰਾ ਤਨ ਮਨ ਨਿਹਾਲ= ਖੁਸ਼ੀ ਹੋਵੇਗਾ ਜਦੋਂ ਮੈਂ ਆਪਣੇ ਗੁਰੂ ਪ੍ਰਮੇਸਰ ਨੂੰ ਵੇਖਾਂਗਾ ॥

**ਮੈ ਹਰਿ ਹਰਿ ਨਾਮੁ ਵਿਸਾਹੁ ॥ ਗੁਰਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ ॥ ੧ ਰਹਾਉ ॥**

ਮੈਂ ਪੂਰਿਆਂ ਗੁਰਾਂ ਤੋਂ ਪ੍ਰਮੇਸਰ ਦਾ ਨਾਮ ਖਰੀਦਿਆ ਹੈ । ਡੂੰਘੇ, ਅਪੁੱਜ ਅੰਮ੍ਰਿਤ ਵਰਗੇ ਨਾਮ ਨੂੰ ਮੈਂ ਗੁਰਾਂ ਤੋਂ ਪਾਇਆ ਹੈ ॥

**ਹਉ ਸਤਿਗੁਰੁ ਵੇਖਿ ਵਿਗਸੀਆ ਹਰਿਨਾਮੇ ਲਗਾ ਪਿਆਰੁ ॥**
**ਕਿਰਪਾ ਕਰਿਕੈ ਮੇਲਿਅਨੁ ਪਾਇਆ ਮੋਖ ਦੁਆਰੁ ॥ ੨ ॥**

ਮੈਂ ਗੁਰੂ ਨੂੰ ਵੇਖਕੇ ਖੁਸ਼ੀ ਹੋਇਆ ਹਾਂ ਅਤੇ ਪ੍ਰਮੇਸਰ ਦੇ ਨਾਮ ਵਿਚ ਮੇਰਾ ਪਿਆਰ ਲੱਗਾ ਹੈ। ਮੁਕਤੀ ਦਾ ਦਰਵਾਜਾ ਗਿਆਨ ਪਾਇਆ ਹੈ ਏਸੇ ਲਈ ਪ੍ਰਮੇਸਰ ਨੇ ਕਿਰਪਾ ਕਰਕੇ ਮਿਲਾ ਲਿਆ ਹੈ ॥

**ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ ॥**
**ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ ॥ ੩ ॥**

ਗੁਰੂ ਨਾਮ ਦਾ ਪ੍ਰੇਮੀ ਹੈ ਜੇ ਮੈਨੂੰ ਮਿਲ ਜਾਵੇ ਤੇ ਤਾਂ ਮੈਂ ਉਸਨੂੰ ਅਪਨਾ ਮਨ ਤਨ ਅਰਪਣ ਕਰਦਿਆਂ। ਜੇ ਮੁਢ ਤੋਂ ਚੰਗਾ ਲੇਖ ਲਿਖਿਆ ਹੋਇਆ ਹੋਵੇ ਤੇ ਤਾਂ ਗਿਆਨ ਅੰਮ੍ਰਿਤ ਪੀਵਾਂ ॥

**ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ ॥**
**ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾਕੇ ਧੋਵਾ ਪਾਉ ॥ ੪ ॥**

ਸੁਤਿਆਂ ਵੀ ਗੁਰੂ ਨੂੰ ਸਲਾਹੀਏ ਉਠਦਿਆਂ ਵੀ ਗੁਰੂ ਦੀ ਉਸਤਤ ਕਰਾਂ। ਅਲਾਉ=ਬੋਲਾਂ॥ ਪਰ ਜੇ ਕੋਈ ਇਕੁਰ ਦਾ ਗੁਰਮੁਖ ਆ ਮਿਲੇ ਤਾਂ ਉਸਦੇ ਪੈਰ ਧੋਵਾਂ ॥

**ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ ॥**
**ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ॥ ੫॥**

ਕੋਈ ਇੱਕਰ ਦਾ ਸਜਣ ਲੱਭ ਲਵਾਂ ਜੋ ਮੈਨੂੰ ਪਿਆਰਾ ਮਿਲਾ ਦੇਵੇ ਜਿੰਨਾਂ ਨੂੰ ਗੁਰੂ ਮਿਲਿਆ ਹੈ ਓਨਾਂ ਨੇ ਪ੍ਰਮੇਸਰ ਨੂੰ ਪਾਇਆ ਹੈ ਕੁਛ ਜਤਨ ਨਹੀਂ ਕੀਤਾ, ਸਹਿਜ ਸੁਭਾਵਕ ਹੀ ਆ ਮਿਲਿਆ ਹੈ ॥

Digitized by Panjab Digital Library | www.panjabdigilib.org

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿਜਾਉ ॥ ੬ ॥

ਸਤਿਗੁਰੂ ਨਾਮ ਆਦਕ ਚੰਗਿਆਂ ਗੁਣਾਂ ਦਾ ਸਮੁੰਦ੍ਰ ਹੈ ਮੈਨੂੰ ਉਸ ਗੁਰੂ ਨੂੰ ਵੇਖਣ ਦਾ ਚਾਉ ਹੈ ॥ ਮੈਂ ਉਸ ਗੁਰੂ ਤੋਂ ਬਿਨਾ ਇਕ ਘੜੀ ਵੀ ਨਹੀ ਜੀਉਂਦਾ ਹਾਂ। ਬਿਨਾ ਵੇਖਿਆਂ ਮਰ ਜਾਂਦਾ ਹਾਂ ਭਾਵ ਬਹੁਤ ਦੁਖੀ ਹੁੰਦਾ ਹਾਂ ॥

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿਨਾਮੈ ਮਰਿਜਾਇ॥੭॥

ਜਿਕੁਰ ਮੱਛੀ ਪਾਣੀ ਤੋਂ ਬਿਨਾ ਦੁਖੀ ਹੁੰਦੀ ਹੈ ਓਹ ਕਿਸੇ ਜਤਨ ਨਾਲ ਵੀ ਬਚਦੀ ਨਹੀਂ ਹੈ ਇਕਰ ਹੀ ਪ੍ਰਮੇਸਰ ਬਿਨਾ ਸੰਤ ਨਹੀਂ ਜੀਉਂਦਾ ਹੈ, ਪ੍ਰਮੇਸਰ ਦੇ ਨਾਮ ਤੋਂ ਬਿਨਾ ਮਰ ਜਾਂਦਾ ਹੈ ॥

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ ੮ ॥

ਮੇਰੀ ਸਤਿਗੁਰੂ ਨਾਲ ਪ੍ਰੀਤੀ ਹੈ ਹੇ ਮਾਂ ਮੈ ਗੁਰੂ ਬਿਨਾ ਕਿਸਤਰਾਂ ਜੀਵਾਂ ॥ ਮੈਨੂੰ ਤਾਂ ਗੁਰੂ ਦੀ ਬਾਣੀ ਦਾ ਹੀ ਆਸਰਾ ਹੈ ਏਸੇ ਲਈ ਗੁਰੂ ਦੀ ਬਾਣੀ ਦੇ ਪੜ੍ਹਨ ਵਿਚ ਲਗਾ ਰਹਿੰਦਾ ਹਾਂ ॥

ਹਰਿ ਹਰਿ ਨਾਮੁ ਰਤੰਨੁ ਹੈ ਗੁਰ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿਨਾਮਿ ਰਹਾ ਲਿਵਲਾਇ ॥ ੯ ॥

ਹੇ ਮਾਂ ਪ੍ਰਮੇਸਰ ਦਾ ਨਾਮ ਅਮੋਲਕ ਹੈ ਗੁਰੂ ਪਰਸੰਨ ਹੋਇਆ ੨ ਨਾਮ ਦੇਂਦਾ ਹੈ ॥ ਮੈਨੂੰ ਸਚੇ ਨਾਮ ਦੀ ਓਟ ਹੈ ਏਸੇ ਲਈ ਪ੍ਰਮੇਸਰ ਦੇ ਨਾਮ ਵਿਚ ਪ੍ਰੀਤੀ ਲਾ ਰਿਹਾ ਹਾਂ

ਗੁਰਗਿਆਨੁ ਪਦਾਰਥੁ ਨਾਮੁ ਹੈ ਹਰਿਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰਚਰਣੀ ਲਾਗੈ ਆਇ ॥ ੧੦ ॥

ਗੁਰੂ ਪਾਸ ਗਿਆਨ ਦੇਣ ਵਾਲਾ ਨਾਮ ਪਦਾਰਥ ਹੈ ਓਹ ਪ੍ਰਮੇਸਰ ਦਾ ਨਾਮ ਸਿਖਾਂ ਨੂੰ ਪੱਕਾ ਕਰਾ ਦੇਂਦਾ ਹੈ ॥ ਜਿਸਨੂੰ ਮੁਢ ਦੇ ਕਰਮਾਂ ਅਨੁਸਾਰ ਮਿਲਨਾ ਲਿਖਿਆ ਹੈ ਓਹ ਗੁਰਾਂ ਦੀ ਚਰਨੀ ਆ ਲਗਦਾ ਹੈ ਅਤੇ ਓਹੋ ਹੀ ਓਹ ਪਦਾਰਥ ਲੈਂਦਾ ਹੈ।

ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥

Digitized by Panjab Digital Library | www.panjabdigilib.org

**ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥**

ਪ੍ਰੇਮ ਦੀ ਕਹਾਣੀ ਨਹੀਂ ਆਖੀ ਜਾਂਦੀ ਕੋਈ ਮੇਰਾ ਪਿਆਰਾ ਮੈਨੂੰ ਆਕੇ ਓਹ ਕਹਾਣੀ ਆਖੇ ਭਾਵ ਸੁਣਾਵੇ ਉਹਨੂੰ ਮੈਂ ਅਪਣਾ ਮਨ ਦਿਆਂ ਅਤੇ ਝੁਕ ੨ ਕੇ ਪੈਰੀਂ ਲਗਾਂ ॥

**ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥**
**ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥ ੧੨॥**

ਹੇ ਪ੍ਰਮੇਸਰ ਮੇਰਾ ਸਜਣ ਤਾਂ ਇਕ ਤੂੰ ਹੀ ਹੈਂ ਹੇ ਅਕਾਲ ਪੁਰਖ ਮੈਂ ਤੈਨੂੰ ਹੀ ਜਾਣਦਾ ਹਾਂ। ਸਤਿਗੁਰੂ ਮਿਤ੍ਰ ਨੇ ਮੈਨੂੰ ਤੇਰੇ ਨਾਲ ਮਿਲਾਇਆ ਹੈ ਮੈਨੂੰ ਮਨ ਤਨ ਕਰਕੇ ਤੇਰਾ ਹੀ ਜੋਰ ਹੈ॥

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥**
**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ ੧੩ ॥**

ਮੇਰਾ ਗੁਰੂ ਸਦਾ ਰਹਿਣ ਵਾਲਾ ਹੈ ਓਹ ਜੰਮਦਾ ਮਰਦਾ ਨਹੀ ਹੈ। ਓਹ ਗੁਰੂ ਪ੍ਰਮੇਸਰ ਮਰਨ ਵਾਲਾ ਨਹੀਂ ਹੈ ਸਾਰਿਆਂ ਵਿਚ ਮਿਲ ਰਿਹਾ ਹੈ ॥

**ਰਾਮਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥**
**ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥ ੧੪ ॥੧ ॥੨॥ ੧੧**

ਜਿਨਾਂ ਨੇ ਪ੍ਰਮੇਸਰ ਦਾ ਨਾਮ ਕੱਠਾ ਕੀਤਾ ਹੈ ਓਨਾ ਦੀ ਸਾਸਾਂ ਵਾਲੀ ਪੂੰਜੀ ਸਾਬਤ ਰਹੀ ਹੈ ॥ ਗੁਰੂ ਜੀ, ਓਹ ਦਰਗਾਹ ਵਿਚ ਮੰਨੇ ਗਏ ਹਨ ਜਿਨਾਂ ਨੂੰ ਪੂਰਿਆਂ ਗੁਰਾਂ ਨੇ ਸ਼ਾਬਾਸ਼ੇ ਦਿਤੀ ਹੈ ॥

[ਆਦਮੀ ਦੀ ਹਾਲਤ]

## ਰਾਗੁ ਸੂਹੀ ਅਸਟਪਦੀ ਮਹਲਾ ੫ ਘਰੁ ੧

### ੧ ਓ ਸਤਿਗੁਰ ਪ੍ਰਸਾਦਿ ॥

**ਉਰਝਿ ਰਹਿਓ ਬਿਖਿਆ ਕੈ ਸੰਗਾ ॥**
**ਮਨਹਿ ਬਿਆਪਤ ਅਨਿਕ ਤਰੰਗਾ ॥ ੧ ॥**

ਇਹ ਆਦਮੀ ਵਿਸ਼ਿਆਂ ਦੇ ਨਾਲ ਫਸਿਆ ਹੋਇਆ ਹੈ ॥ ਮਨ ਵਿਚ ਅਨੇਕਾਂ

Digitized by Panjab Digital Library | www.panjabdigilib.org

ਖਿਆਲਾਂ ਦੇ ਉਛਾਲੇ ਚੰਬੜੇ ਹੋਏ ਹਨ ॥

ਮੇਰੇ ਮਨ ਅਗਮ ਅਗੋਚਰ ॥
ਕਤ ਪਾਈਐ ਪੂਰਨ ਪ੍ਰਮੇਸਰ ॥ ੧ ॥ ਰਹਾਉ ॥

ਹੇ ਮੇਰੇ ਮਨ ਅਪੁੱਜ ਤੇ ਲੁਕਿਆ ਹੋਇਆ ਪੂਰਨ ਪ੍ਰਮੇਸਰ ਕਿਸਤਰਾਂ ਪਾਈਏ ॥

ਮੋਹ ਮਗਨ ਮਹਿ ਰਹਿਆ ਬਿਆਪੇ ॥
ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥ ੨ ॥

ਮੋਹ ਵਿਚ ਮਸਤ ਹੋਕੇ ਮਿਲ ਰਿਹਾ ਹੈ ॥ ਤ੍ਰਿਸ਼ਨਾ ਅੱਗ ਬਹੁਤ ਹੈ ਜਿਸ ਕਰਕੇ ਕਦੀ ਵੀ ਰੱਜਦਾ ਨਹੀਂ ਹੈ ॥

ਬਸਇ ਕਰੋਧੁ ਸਰੀਰਿ ਚੰਡਾਰਾ ॥
ਅਗਿਆਨਿ ਨ ਸੂਝੈ ਮਹਾ ਗੁਬਾਰਾ ॥ ੩ ॥

ਕਰੋਧ ਚੰਡਾਲ ਸਰੀਰ ਵਿਚ ਵੱਸਦਾ ਹੈ ॥ ਅਗਿਆਨ ਰੂਪ ਵਡੇ ਹਨੇਰੇ ਵਿਚ ਕੁਛ ਨਜ਼ਰ ਨਹੀਂ ਆਉਂਦਾ ਹੈ ॥

ਭ੍ਰਮਤ ਬਿਆਪਤ ਜਰੇ ਕਿਵਾਰਾ ॥
ਜਾਣੁ ਨ ਪਾਈਐ ਪ੍ਰਭ ਦਰਬਾਰਾ ॥ ੪ ॥

ਭਰਮ ਵਿਚ ਬਹੁਤ ਚੰਬੜਿਆ ਹੋਇਆ ਹੈ ਏਹੋ ਹੀ ਪਕੇ ਤਖਤੇ ਜੜੇ ਹੋਏ ਹਨ ॥ ਏਸੇ ਲਈ ਮਾਲਕ ਦੇ ਦਰਬਾਰ ਭਾਵ ਸਾਧ ਸੰਗਤ ਵਿਚ ਜਾਣਾ ਨਹੀਂ ਪਾਂਦਾ ਹੈ।

ਆਸਾ ਅੰਦੇਸਾ ਬੰਧਿ ਪਰਾਨਾ ॥
ਮਹਲੁ ਨ ਪਾਵੈ ਫਿਰਤ ਬਿਗਾਨਾ ॥ ੫ ॥

ਆਦਮੀ ਪ੍ਰਾਣਾਂ ਤਕ ਆਸਾ ਤੇ ਸੰਸਿਆਂ ਵਿਚ ਬਧਾ ਹੋਇਆ ਹੈ ॥ ਪ੍ਰਮੇਸਰ ਨੂੰ ਨਹੀਂ ਪਾਂਦਾ ਭੂਤਨਾ ਹੋਇਆ ੨ ਜਮਾਂ ਬਿਗਾਨਿਆਂ ਦਾ ਬਣਿਆ ਹੋਇਆ ਹੈ ਭਾਵ ਪਰਾਇਆਂ ਦੇ ਵਸ ਪਿਆ ਹੈ ॥

ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥
ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥ ੬ ॥

ਆਦਮੀ ਨੂੰ ਖੋਟਿਆਂ ਕਰਮਾਂ ਨੇ ਸਾਰਿਆਂ ਰੋਗਾਂ ਦੇ ਵਸ ਕਰ ਦਿਤਾ ਹੈ ॥ ਪਦਾਰਥਾਂ ਦੀ ਤ੍ਰਿਸ਼ਨਾ ਕਰਕੇ ਬਹੁਤ ਤਿਹਾਇਆ ਫਿਰਦਾ ਹੈ ਭਾਵ ਇਕੁਰ ਦਾ ਦੂਖੀ ਹੈ ਜੀਕੂੰ ਪਾਣੀ ਬਿਨਾ ਮੱਛ ਦੁਖੀ ਹੁੰਦਾ ਹੈ ॥

Digitized by Panjab Digital Library | www.panjabdigilib.org

ਕਛੂ ਸਿਆਨਪ ਉਕਤਿ ਨ ਮੋਰੀ ॥
ਏਕ ਆਸ ਠਾਕੁਰ ਪ੍ਰਭ ਤੋਰੀ ॥੭॥

ਬੇਨਤੀ ਕਰ ॥ ਹੇ ਮਾਲਕ ਮੇਰੀ ਕੁਛ ਸਿਆਣਪ ਤੇ ਕਥਨੀ ਵੀ ਚੰਗੀ ਨਹੀਂ ਹੈ॥ ਹੇ ਮਾਲਕ ਇਕ ਤੇਰੀ ਹੀ ਆਸ ਹੈ ॥

ਕਰਉ ਬੇਨਤੀ ਸੰਤਨ ਪਾਸੇ ॥
ਮੇਲਿ ਲੇਹੁ ਨਾਨਕ ਅਰਦਾਸੇ ॥੮॥

ਮੈਂ ਸੰਤਾਂ ਪਾਸ ਬੇਨਤੀ ਕਰਦਾ ਹਾਂ ਗੁਰੂ ਜੀ ਮੇਰੀ ਇਹ ਬੇਨਤੀ ਹੈ ਕਿ ਮੈਨੂੰ ਅਪ-ਣਿਆਂ ਸੰਤਾਂ ਨਾਲ ਮੇਲ ਲਓ ॥

ਭਇਓ ਕ੍ਰਿਪਾਲੁ ਸਾਧ ਸੰਗੁ ਪਾਇਆ ॥
ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥

ਜਦੋਂ ਪ੍ਰਮੇਸਰ ਕਿਰਪਾਲੂ ਹੋਇਆ ਤਾਂ ਸੰਤਾਂ ਦਾ ਸੰਗ ਪਾਇਆ। ਗੁਰੂ ਜੀ, ਜਦੋਂ ਸੰਤਾਂ ਪਾਸੋਂ ਅਸਲੀ ਗਿਆਨ ਪਾਇਆ ਤਾਂ ਬਹੁਤ ਰਜ ਗਿਆ ॥

(ਪ੍ਰਾਰਥਨਾ)

## ਰਾਗੁ ਸੂਹੀ ਮਹਲਾ ੫ ਘਰੁ ੩ ਅਸਟਪਦੀ

੧ੴ ਸਤਿਗੁਰ ਪ੍ਰਸਾਦਿ ॥

ਮਿਥਨ ਮੋਹ ਅਗਨਿ ਸੋਕ ਸਾਗਰ ॥
ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥

ਹੇ ਗੁਰਮੁਖੋ ਪ੍ਰਮੇਸਰ ਪਾਸ ਇਕਰ ਬੇਨਤੀ ਕਰੋ ॥ ਜੇਹੜਾ ਸੰਸਾਰ ਝੂਠਾ ਮੋਹ ਵਾਲਾ, ਤ੍ਰਿਸ਼ਨਾ ਤੇ ਸ਼ੋਕ ਦਾ ਭਰਿਆ ਹੋਇਆ ਸਮੁੰਦਰ ਹੈ ਹੇ ਨਾਗਰ=ਸਿਆਣੇ ਪ੍ਰਮੇਸਰ ਕਿਰਪਾ ਕਰਕੇ ਇਸਤੋਂ ਮੈਨੂੰ ਬਚਾ ॥

ਚਰਣ ਕਮਲ ਸਰਣਾਇ ਨਰਾਇਣ ॥
ਦੀਨਾਨਾਥ ਭਗਤ ਪਰਾਇਣ ॥੧॥ ਰਹਾਉ ॥

ਹੇ ਜੀਵ ਉਸ ਪ੍ਰਮੇਸਰ ਦੇ ਚਰਨਾਂ ਕਮਲਾਂ ਦੀ ਸ਼ਰਨ ਲੈ ॥ ਜੇਹੜਾ ਪ੍ਰਮੇ-ਸਰ ਗਰੀਬਾਂ ਦਾ ਮਾਲਕ ਹੈ ਤੇ ਜਿਸਦੇ ਆਸਰੇ ਭਗਤ ਹਨ ॥

Digitized by Panjab Digital Library | www.panjabdigilib.org

ਅਨਾਥਾਨਾਥ ਭਗਤ ਭੈ ਮੇਟਨ ॥
ਸਾਧ ਸੰਗਿ ਜਮਦੂਤਿ ਨ ਭੇਟਨ ॥ ੨ ॥

ਪ੍ਰਮੇਸਰ ਗਰੀਬਾਂ ਦਾ ਮਾਲਕ ਹੈ ਭਗਤਾਂ ਦਾ ਡਰ ਦੂਰ ਕਰਨ ਵਾਲਾ ਹੈ ਉਹ ਦੀ ਸਾਧ ਸੰਗਤ ਕਰਨ ਨ ਲ ਜਮਦੂਤ ਆਇ ਨਹੀਂ ਮਿਲਦੇ ਹਨ ॥

ਜੀਵਨ ਰੂਪ ਅਨੂਪ ਦਇਆਲਾ ॥
ਰਵਣ ਗੁਣਾ ਕਟੀਐ ਜਮਜਾਲਾ ॥ ੩ ॥

ਦਿਆਲੂ ਪ੍ਰਮੇਸਰ ਜੀਵਾਉਣ ਵਾਲਾ ਤੇ ਸੁੰਦਰ ਹੈ ॥ ਉਸਦੇ ਗੁਣ ਬੋਲਣ ਨਾਲ ਜਮ ਦੇ ਜਾਲ ਕਟੇ ਜਾਂਦੇ ਹਨ ॥

ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥
ਰੋਗ ਰੂਪ ਮਾਇਆ ਨ ਬਿਆਪੈ ॥ ੪ ॥

ਜੇਹੜਾ ਆਦਮੀ ਨਾਮ ਅੰਮ੍ਰਤ ਨੂੰ ਰਸਨਾ ਨਾਲ ਰੋਜ ਹੀ ਜਪਦਾ ਹੈ ॥ ਉਸਨੂੰ ਰੋਗ ਵਾਲੀ ਮਾਇਆ ਨਹੀਂ ਚੰਬੜਦੀ ਹੈ ॥

ਜਪਿ ਗੋਬਿੰਦ ਸੰਗੀ ਸਭਿ ਤਾਰੇ ॥
ਪੋਹਤ ਨਾਹੀ ਪੰਚ ਬਟਵਾਰੇ ॥ ੫ ॥

ਜਿਨਾਂ ਨੇ ਪ੍ਰਮੇਸਰ ਨੂੰ ਜਪਿਆ ਹੈ ਓਨਾਂ ਨੇ ਆਪਣੇ ਸਾਰੇ ਸਰਬੰਧੀ ਸਾਥੀ ਤਾਰ ਲਏ ਹਨ ॥ ਓਨਾਂ ਨੂੰ ਪੰਜ ਰਾਹ ਮਾਰ ਕਾਮ ਆਦਕ ਵੀ ਨਹੀਂ ਛੂਹ ਸੱਕਦੇ ॥

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥
ਸਰਬ ਫਲਾ ਸੋਈ ਜਨੁ ਪਾਏ ॥ ੬ ॥

ਜੇਹੜਾ ਮਨ ਬਾਣੀ ਸਰੀਰ ਕਰਕੇ ਇਕ ਮਾਲਕ ਨੂੰ ਯਾਦ ਕਰਦਾ ਹੈ ਓਹ ਆਦਮੀ ਸਾਰਿਆਂ ਫਲਾਂ ਨੂੰ ਪਾਂਦਾ ਹੈ ॥

ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥
ਕੇਵਲ ਨਾਮੁ ਭਗਤਿਰਸੁ ਦੀਨਾ ॥ ੭ ॥

ਮਾਲਕ ਨੇ ਕਿਰਪਾ ਕਰਕੇ ਅਪਣਾ ਦਾਸ ਬਣਾ ਲਿਆ ਹੈ ॥ ਭਗਤੀ ਦਾ ਰਸ ਨਿਰਾ ਨਾਮ ਹੀ ਦਿੱਤਾ ਹੈ ॥

ਆਦਿ ਮਧਿ ਅੰਤਿ ਪ੍ਰਭੁ ਸੋਈ ॥

Digitized by Panjab Digital Library | www.panjabdigilib.org

ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥ ੮॥ ੧ ॥ ੨ ॥

ਤਿੰਨਾਂ ਸਮਿਆਂ ਵਿਚ ਓਹ ਮਾਲਕ ਹੈ ॥ ਗੁਰੂ ਜੀ, ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ਭਗਤਾਂ ਦੀ ਨਜ਼ਰ ਇੱਕੁਰ ਦੀ ਹੋ ਜਾਂਦੀ ਹੈ ਜੋ ਹਰ ਥਾਂ ਉਸਨੂੰ ਸਮਝਦੇ ਹਨ ॥

## ਰਾਗ ਸੂਹੀ ਮਹਲਾ ੫ ਅਸਟਪਦੀ ਘਰੁ ੯

### ੧ ਓ ਸਤਿਗੁਰਪ੍ਰਸਾਦਿ ॥

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ ਸੰਗੁ ਜੀਉ ॥ ਸੰਤ ਸਜਨ ਮਨਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥ ਤਿਨ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥ ੧ ॥

ਜਿਨਾਂ ਦੇ ਡਿਠਿਆਂ ਮਨ ਖੁਸ਼ੀ ਹੁੰਦਾ ਜਾਂ ਹੋਵੇ ਓਨਾਂ ਸੰਤਾਂ ਦਾ ਸੰਗ ਕਿਸਤਰਾਂ ਪਾਈਏ ॥ ਓਹੋ ਹੀ ਸੰਤ ਸੱਜਣ ਮਨ ਦੇ ਮਿੱਤ੍ਰ ਹਨ ਜੇਹੜੇ ਮਾਲਕ ਨਾਲ ਪ੍ਰੀਤੀ ਲਗਾਂਦੇ ਹਨ ॥ ਜੇ ਓਨਾਂ ਦੇ ਨਾਲੋਂ ਪ੍ਰੀਤੀ ਕਦੇ ਨ ਟੁਟੇ ਤਾਂ ਫੇਰ ਕਦੀ ਕਿਸੇ ਕੰਮ ਵਿਚ ਵਿਘਨ ਨਹੀਂ ਹੁੰਦਾ ਹੈ ॥

ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥ ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨਮਿਤ ਜੀਉ ॥ ॥ ੧ ॥ ਰਹਾਉ ॥

ਹੇ ਮਾਲਕ ਤੂੰ ਮੇਰੇ ਉਤੇ ਇਕੁਰ ਦੀ ਦਯਾ ਕਰ ਜੋ ਮੈਂ ਰੋਜ ਤੇਰੇ ਗੁਣ ਗਾਵਾਂ ਜੇਹੜੇ ਸੰਤ ਸਜਣ ਮਨ ਦੇ ਮਿਤਰ ਹਨ ਓਹ ਮੈਨੂੰ ਆਕੇ ਮਿਲਨ ਓਨਾਂ ਦੇ ਰਾਹੀਂ ਮੈਂ ਪਰਮੇਸਰ ਦਾ ਨਾਮ ਜਪਾਂ ॥

ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥ ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥ ਨਾਮੁ ਧਿਆਵਹਿ ਸੇ ਜਿਣਿ-ਚਲੇ ਗੁਰਪੂਰੇ ਸਨਬੰਧੁ ਜੀਉ ॥ ੨ ॥

ਇਹ ਅੰਨਾਂ ਆਦਮੀ ਮਾਇਆ ਕਰਕੇ ਇਕੁਰ ਦਾ ਠੱਗਿਆ ਲੁੱਟਿਆ ਹੋਇਆ ਹੈ ਜੇਹੜਾ ਸਰੀਰ ਆਦਿਕ ਪਦਾਰਥਾਂ ਨੂੰ ਨਾਸ ਹੋਇਆ ਵੇਖਦਾ ਹੈ ਅਤੇ ਸੁਣਦਾ ਵੀ

Digitized by Panjab Digital Library | www.panjabdigilib.org

ਹੈ ਪਰ ਜਾਣਦਾ ਨਹੀਂ ਹੈ ॥ ਇਹ ਜੀਵ ਦੀ ਕੱਚੀ ਦੇਹ ਨਾਸ ਹੋ ਜਾਣ ਵਾਲੀ ਹੈ ਧੰਧਿਆਂ ਵਿਚ ਲੱਗਕੇ ਝੂਠ ਹੀ ਕਮਾਂਦਾ ਹੈ ਜਾਂ ਝੂਠੇ ਕੰਮ ਕਰਦਾ ਹੈ। ਜੇਹੜੇ ਪੂਰਿਆਂ ਗੁਰਾਂ ਦੇ ਮੇਲ ਕਰਕੇ ਨਾਮ ਨੂੰ ਧਿਆਉਂਦੇ ਹਨ ਓਹ ਜਨਮ ਨੂੰ ਜਿਣਿ-ਜਿੱਤ ਚੱਲੇ ਹਨ ਭਾਵ ਸਫਲ ॥

**ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥ ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥ ਜਿਸਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥ ੩ ॥**

ਇਹ ਆਦਮੀ ਹੁਕਮ ਦੇ ਨਾਲ ਹੀ ਸੰਸਾਰ ਵਿਚ ਆਇਆ ਹੈ ਚਲਣਾਂ ਵੀ ਹੁਕਮ ਦੇ ਸੰਜੋਗ ਨਾਲ ਹੀ ਹੋਣਾ ਹੈ। ਹੁਕਮ ਵਿਚ ਹੀ ਸੰਸਾਰ ਫੈਲਿਆ ਹੋਇਆ ਹੈ ਅਤੇ ਹੁਕਮ ਵਿਚ ਹੀ ਆਦਮੀ ਰਸਾਂ ਦਾ ਖਾਣਾ ਕਰਦਾ ਹੈ ਜਿਸਨੂੰ ਪ੍ਰਮੇਸਰ ਭੁਲ ਜਾਂਦਾ ਹੈ ਉਸਨੂੰ ਵਿਛੋੜਾ ਤੇ ਸ਼ੋਕ ਹੁੰਦਾ ਹੈ।

**ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥ ਐਥੈ ਸੁਖ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥ ਆਦਰੁ ਦਿਤਾ ਪਾਰ-ਬ੍ਰਹਮਿ ਗੁਰੁ ਸੇਵਿਆ ਸਤਭਾਇ ਜੀਉ ॥ ੪ ॥**

ਜੇਹੜਾ ਆਪਣੇ ਮਾਲਕ ਨੂੰ ਚੰਗਾ ਲੱਗਾ ਹੈ ਓਹ ਪ੍ਰਮੇਸਰ ਪਾਸ ਇਜ਼ਤ ਦਾ ਪਸ਼ਾਕਾ ਪਾਕੇ ਜਾਂਦਾ ਹੈ। ਜੇਹੜਾ ਇਕ ਨਾਮ ਨੂੰ ਚੇਤੇ ਕਰਦਾ ਹੈ ਓਹ ਏਥੇ ਸੁਖ ਪਾਂਦਾ ਹੈ ਅਤੇ ਅਗੇ ਉਸਦਾ ਮੂੰਹ ਉਜਲਾ ਹੁੰਦਾ ਹੈ ਜਿਨਾਂ ਨੇ ਸੱਚ ਜਾਣਕੇ ਪ੍ਰੇਮ ਨਾਲ ਗੁਰਾਂ ਨੂੰ ਸੇਵਿਆ ਹੈ ਓਨਾਂ ਨੂੰ ਪ੍ਰਮੇਸਰ ਨੇ ਆਦਰ ਦਿੱਤਾ ਹੈ ॥

**ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥ ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥ ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥ ੫ ॥**

ਪ੍ਰਮੇਸਰ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ ਅਤੇ ਸਾਰਿਆਂ ਜੀਆਂ ਨੂੰ ਪਾਲਦਾ ਹੈ ॥ ਜਿਨਾਂ ਨੇ ਇਕ ਨਾਮ ਹੀ ਸੱਚਾ ਖਜ਼ਾਨਾ ਕੱਠਾ ਕੀਤਾ ਹੈ ਓਨਾਂ ਪਾਸ ਮਾਲ ਧਨ ਹਾਥੀ ਘੋੜੇ ਆਦਿਕ ਸਭ ਕੁਛ ਨਾਮ ਹੀ ਹੈ। ਜਿਨਾਂ ਦੇ ਉਤੇ ਆਪ ਦਿਆਲ ਹੁੰਦਾ ਹੈ ਓਨਾਂ ਦੇ ਮਨ ਤੋਂ ਕਦੀ ਭੁਲਦਾ ਨਹੀਂ ਹੈ ॥

**ਆਵਣ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ ਤਾਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ ॥ ਜਿਸੁ ਪ੍ਰਭੁ ਅਪਣਾ**

Digitized by Panjab Digital Library | www.panjabdigilib.org

ਵਿਸਰੈ ਸੋ ਮਰਿ ਜੰਮੈ ਲਖਵਾਰ ਜੀਉ ॥ ੬ ॥

ਜਿਨਾਂ ਦੇ ਮਨ ਵਿਚ ਪ੍ਰਮੇਸ਼ਰ ਵੱਸਿਆ ਹੈ ਓਹ ਜਨਮ ਮਰਨ ਤੋਂ ਬਚ ਗਏ ਹਨ ਓਹ ਪ੍ਰਮੇਸਰ ਉਚਾ ਤੇ ਅਪੁਜ, ਵਡਾ ਹੈ ਉਸਦਾ ਅੰਤ ਨਹੀਂ ਪਾਇਆ ਜਾਂਦਾ ਹੈ, ਜਿਸਨੂੰ ਆਪਣਾ ਮਾਲਕ ਭੁਲ ਜਾਂਦਾ ਹੈ ਓਹ ਲੱਖਾਂ ਹੀ ਵਾਰੀ ਜੰਮਦਾ ਮਰਦਾ ਹੈ ॥

ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ।, ਗੁਣ-ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥ ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥ ੭ ॥

ਓਨਾਂ ਪਿਆਰਿਆਂ ਦਾ ਸੱਚਾ ਪ੍ਰੇਮ ਹੈ ਜਿਨਾਂ ਦੇ ਮਨ ਵਿਚ ਪ੍ਰਮੇਸਰ ਵਸਿਆ ਹੈ ॥ ਜੇਹੜੇ ਗੁਣਾਂ ਦੇ ਸਾਂਝੀ ਹੋਕੇ ਓਨਾਂ ਦੇ ਨਾਲ ਵੱਸਦੇ ਹਨ ਓਹ ਅਠੇ ਪਹਿਰ ਮਾਲਕ ਦਾ ਹੀ ਜਾਪ ਕਰਦੇ ਹਨ ਓਹ ਪ੍ਰਮੇਸਰ ਦੇ ਰੰਗ ਵਿਚ ਰੰਗੇ ਗਏ ਹਨ ਓਨਾਂ ਦੇ ਸਾਰੇ ਦੁਖ ਨਾਸ ਹੋ ਗਏ ਹਨ ॥

ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥ ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥ ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥ ੮ ॥ ੧ ॥ ੩ ॥

ਤੂੰ ਹੀ ਪਿਛੇ ਕਰਨ ਵਾਲਾ ਸੀ ਤੂੰ ਹੀ ਹੁਣ ਕਰਨ ਵਾਲਾ ਹੈਂ ਅਤੇ ਤੂੰ ਹੀ ਇਕ ਸ਼ਕਲ ਵਾਲਾ ਹੈਂ ਅਤੇ ਤੂੰ ਹੀ ਅਨੇਕਾਂ ਸ਼ਕਲਾਂ ਵਾਲਾ ਹੈਂ ॥ ਤੂੰ ਹੀ ਸਭ ਕੁਛ ਬਣਾਉਣ ਨੂੰ ਸਮਰੱਥ ਹੈਂ ਤੂੰ ਹੀ ਸਾਰਿਆਂ ਵਿਚ ਮਿਲਿਆ ਹੋਇਆ ਹੈਂ ਤੂੰ ਹੀ ਅਕਲ ਤੇ ਵਿਚਾਰ ਰੂਪ ਹੈਂ ॥ ਗੁਰੂ ਜੀ, ਹੇ ਪ੍ਰਮੇਸਰਾ ਤੇਰਾ ਨਾਮ ਭਗਤਾਂ ਦਾ ਆਸਰਾ ਹੈ ਮੈਂ ਉਸਨੂੰ ਸਦਾ ਜਪਦਾ ਹਾਂ ॥

## ਰਾਗੁ ਸੂਹੀ ਮਹਲਾ ੫ ਅਸਟਪਦੀਆਂ ਘਰੁ ੧੦ ਕਾਫੀ

ੴ ਸਤਿਗੁਰਪ੍ਰਸਾਦਿ ॥

(ਲੰਮੇ ਦੇਸ ਦੀ ਬੋਲੀ ॥ ਸਖੀ ਦੀ ਪਤੀ ਦੇ ਸਾਹਮਣੇ ਬੇਨਤੀ)

ਕਾਢੀਆ=ਕਹਾਉਂਦੀ ॥ ਵਾਢੀਆ=ਵਿਛੜੀ ਹੋਈ ॥ ਮਹਿੰਜਾ=ਮੇਰਾ ॥
ਤੁਠਾ=ਪ੍ਰਸੰਨ ॥ ਮੂ=ਮੈ ॥ ਜੁਲਾਈ=ਚੱਲਾਂ ॥ ਹਭਿ=ਸਾਰੀਆਂ ॥
ਭੋਰੀ=ਥੋੜਾ ॥ ਰੰਗੀਲਾ=ਅਨੰਦੀ ॥

Digitized by Panjab Digital Library | www.panjabdigilib.org

ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ ॥
ਜਿਨਾ ਨੇਹੁ ਦੂਜਾਣੇ ਲਗਾ ਝੂਰਿਮਰਹੁ ਸੇ ਵਾਢੀਆ ॥ ੧ ॥

ਹੇ ਮਾਲਕ ਜੇ ਮੈਂ ਤੇਥੋਂ ਭੁੱਲ ਚੁੱਕ ਗਈ ਹਾਂ ਤੇ ਤਾਂ ਵੀ ਤੇਰੀ ਕਹਾਂਦੀ ਹਾਂ ॥
ਜਿਨਾਂ ਦਾ ਦੂਜੇ ਨਾਲ ਪਿਆਰ ਹੈ ਓਹ ਵਿਛੜੀ ਹੋਈ ਝੂਰਕੇ ਮਰੇਗੀ ॥

ਹਉ ਨ ਛੋਡਉ ਕੰਤ ਪਾਸਰਾ ॥ ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥ ੧ ॥ ਰਹਾਉ ॥

ਮੈ ਤਾਂ ਆਪਣੇ ਮਾਲਕ ਦਾ ਪਾਸਾ ਨਹੀਂ ਛੱਡਾਂਗੀ ਮੇਰਾ ਪਿਆਰਾ ਸਦਾ ਅਨੰਦ ਕਰਨ ਵਾਲਾ ਹੈ ਪ੍ਰਮੇਸਰ ਦਾ ਯਾਦ ਕਰਨਾ ਮੇਰਾ ਆਸਰਾ ਹੈ ॥

ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥
ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥ ੨ ॥

ਤੂੰ ਹੀ ਮੇਰਾ ਸੱਜਣ ਹੈਂ ਤੂੰ ਹੀ ਮੇਰਾ ਸਕਾ ਸਾਥੀ ਹੈਂ ਮੇਰਾ ਤੇਰੇ ਉਤੇ ਹੀ ਬਹੁਤ ਮਾਣ ਹੈ ਭਾਵ ਭਰੋਸਾ ਹੈ ॥ ਜੇ ਤੂੰ ਚਿੱਤ ਵਿਚ ਚੇਤੇ ਹੈਂ ਤੇ ਤਾਂ ਸੁਖ ਹੀ ਸੁਖ ਹੈ ਤੂੰ ਮੈਂ ਨਿਮਾਣੀ ਦਾ ਮਾਣ ਹੈਂ ॥

ਜੇ ਤੂ ਤੁਠਾ ਕ੍ਰਿਪਾਨਿਧਾਨ ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥ ੩ ॥

ਹੇ ਪ੍ਰਮੇਸਰ ਜੇ ਤੂੰ ਮੇਰੇ ਉਤੇ ਪ੍ਰਸੰਨ ਹੈਂ ਤੇ ਤਾਂ ਕੋਈ ਦੂਸਰਾ ਨ ਵਿਖਾਲ ॥
ਮੈਂ ਇਹ ਦਾਤ ਤੇਰੇ ਪਾਸੋਂ ਪਾਵਾਂ ਜੋ ਰੋਜ ਤੈਨੂੰ ਦਿਲ ਵਿਚ ਯਾਦ ਰੱਖਾਂ ॥

ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥
ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥ ੪ ॥

ਪੈਰਾਂ ਨਾਲ ਤੇਰੇ ਰਸਤੇ ਚੱਲਾਂ ਅੱਖਾਂ ਨਾਲ ਦਰਸਨ ਵੇਖਾਂ ਜਾਂ ਤੂੰ ਵਿਖਾ ॥
ਕੰਨਾਂ ਨਾਲ ਤੇਰੀਆਂ ਗੱਲਾਂ ਸੁਣਾਂ ਪਰ ਜੇ ਗੁਰੂ ਕਿਰਪਾਲ ਹੋਵੇ ॥

ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥
ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥ ੫ ॥

ਹੇ ਮਾਲਕ ਕਿਤਨੇ ਲੱਖ ਕਰੋੜ ਪਦਾਰਥ ਤੇਰੇ ਇਕ ਵਾਲ ਦੇ ਬਰਾਬਰ ਨਹੀਂ ਪੁੱਜ ਸੱਕਦੇ ॥ ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ ਮੈਂ ਤੇਰੇ ਗੁਣ ਨਹੀਂ ਆਖ ਸਕਦਾ ਹਾਂ ॥

Digitized by Panjab Digital Library | www.panjabdigilib.org

**ਸਹੀਆ ਤਉ ਅਸੰਖ ਮੰਞਹੁ ਹਭਿ ਵਧਾਣੀਆ ॥**
**ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥ ੬ ॥**

ਤੇਰੀਆਂ ਸਖੀਆਂ ਭਾਵ ਇਸਤ੍ਰੀਆਂ ਭਾਵ ਸੰਤ ਤਾਂ ਬਹੁਤ ਹਨ ਸਾਰੀਆਂ ਮੇਰੇ ਨਾਲੋਂ ਗੁਣਾਂ ਵਿਚ ਵਧ ਹਨ ॥ ਜੇ ਥੋੜੀ ਜਹੀ ਕਿਰਪਾ ਦ੍ਰਿਸ਼ਟੀ ਕਰਕੇ ਵੇਖੇਂ ਅਤੇ ਆਪਣਾ ਦਰਸ਼ਨ ਦੇਵੇਂ ਤਾਂ ਮੈਂ ਵੀ ਤੇਰੇ ਅਨੰਦ ਨੂੰ ਮਾਣਾਂ ॥

**ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨਿ ਦੂਰੇ ।**
**ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥ ੭ ॥**

ਜਿਸ ਦੇ ਡਿਠਿਆਂ ਮਨ ਨੂੰ ਧੀਰਜ ਆ ਜਾਂਦੀ ਹੈ ਅਤੇ ਸਾਰੇ ਪਾਪ ਦੂਰ ਹੋ ਜਾਂਦੇ ਹਨ ॥ ਹੇ ਮਾਂ ਓਹ ਕਿਉਂ ਭੁਲੇ ਜੇਹੜਾ ਮੇਰਾ ਮਾਲਕ ਸਾਰਿਆਂ ਵਿਚ ਭਰਪੂਰ ਹੋਇਆ ਹੋਇਆ ਹੈ ॥

**ਹੋਇ ਨਿਮਾਣੀ ਢਹਿਪਈ ਮਿਲਿਆ ਸਹਜਿ ਸੁਭਾਇ ॥ ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥ ੮ ॥ ੧ ॥ ੪ ॥**

ਜਦੋਂ ਮੈਂ ਨਿਮਾਣੀ ਹੋਕੇ ਪੈਰਾਂ ਉਤੇ ਡਿੱਗ ਪਈ ਤਾਂ ਸੁਭਾਵਕ ਹੀ ਆ ਮਿਲਿਆ । ਗੁਰੂ ਜੀ, ਜੋ ਮੁੱਢ ਦਾ ਲੇਖ ਲਿਖਿਆ ਹੋਇਆ ਸੀ ਓਹ ਪ੍ਰਗਟ ਹੋਇਆ ਅਤੇ ਸੰਤਾਂ ਦੀ ਸਹੈਤਾ ਹੋਈ ਤਾਂ ਪ੍ਰਮੇਸਰ ਨੂੰ ਪਾ ਲਿਆ ॥

### ਸੂਹੀ ਮਹਲਾ ੫

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥**
**ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥**

ਇਸ ਗਲ ਨੂੰ ਸਤਾਈ ਸਿੰਮ੍ਰਿਤੀਆਂ ਚਾਰ ਵੇਦ ਅਠਾਰਾਂ ਪੁਰਾਣ ਅਤੇ ਅਣਗਿਣਤ ਪੋਥੀਆਂ ਪੁਕਾਰਦੀਆਂ ਹਨ ਕਿ ਨਾਮ ਤੋਂ ਬਿਨਾ ਜਿਤਨੀਆਂ ਗੱਲਾਂ ਹਨ ਸੋ ਸਾਰੀਆਂ ਹੀ ਝੂਠੀਆਂ ਅਤੇ ਨਕੰਮੀਆਂ ਹਨ ।

**ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥**
**ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ ੧ ॥ ਰਹਾਉ॥**

ਓਹ ਬਹੁਤ ਵੱਡਾ ਨਾਮ ਦਾ ਖਜਾਨਾ ਜਿਨਾਂ ਭਗਤਾਂ ਦੇ ਮਨ ਵਿਚ ਵੱਸਦਾ ਹੈ ਜਨਮ ਮਰਨ ਤੇ ਮੋਹ ਦਾ ਜੇਹੜਾ ਦੁਖ ਹੈ ਓਨਾਂ ਸੰਤਾਂ ਦੇ ਨਾਲ ਰਲਕੇ ਨਾਸ ਹੋ ਜਾਂਦਾ ਹੈ ॥

**ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥**

Digitized by Panjab Digital Library | www.panjabdigilib.org

**ਸੁਖੁ ਨ ਪਾਇਨਿ ਮੂਲਿ ਨਾਮ ਵਿਛੁੰਨਿਆ ॥ ੨ ॥**

ਮੋਹ, ਝਗੜੇ, ਹੰਕਾਰ ਦੇ ਕਰਨ ਵਾਲੇ ਜਰੂਰ ਰੋਂਦੇ ਹਨ ॥ ਨਾਮ ਤੋਂ ਵਿਛੜੇ ਹੋਏ ਕਦੀ ਵੀ ਸੁਖ ਨਹੀਂ ਪੌਣਗੇ ॥

**ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥**

**ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ ੩ ॥**

ਜਿਨਾਂ ਨੇ ਦੁਨੀਆਂ ਉਤੇ ਇਹ ਚੀਜ ਮੇਰੀ ਹੈ ਇਕਠ ਦੀ ਚਿਤ ਬ੍ਰਿਤੀ ਧਾਰੀ ਹੈ ॥ ਓਹ ਸਮਝੋ ਰੱਸਿਆਂ ਕਰਕੇ ਬੰਨ੍ਹੇ ਗਏ ਹਨ ਜਾਂ ਜਮ ਓਨਾਂ ਨੂੰ ਬੰਨਕੇ ਮਾਰਦਾ ਹੈ ॥ ਮਾਇਆ ਦੇ ਧੰਧਿਆਂ ਵਿਚ ਲਗਕੇ ਕਦੀ ਨਰਕ ਕਦੀ ਸੁਰਗ ਨੂੰ ਜਾਂਦੇ ਹਨ ॥

**ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥**

**ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ । ੪ ॥**

ਸਾਰੀਆਂ ਪੋਥੀਆਂ ਪੁਰਾਣਾਂ ਨੂੰ ਪੜਕੇ ਇਹ ਸਿੱਟਾ ਕਢਿਆ ਹੈ ਕਿ ਨਾਮ ਤੋਂ ਬਿਨਾਂ ਸੁਖ ਨਹੀਂ ਹੈ। ਜਿਨਾਂ ਨੇ ਇਹ ਗਲ ਨਹੀ ਮੰਨੀ ਹੈ ਓਨਾਂ ਮੂਰਖਾਂ ਦਾ ਟੋਲਾ ਦੁਨੀਆਂ ਤੋਂ ਜਰੂਰ ਹਾਰ ਗਿਆ ਹੈ ॥

**ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥**

**ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ ੫ ॥**

ਓਨਾਂ ਨੂੰ ਇਹ ਸਜਾ ਹੁੰਦੀ ਹੈ ਕਿ ਓਹ ਕਦੀ ਸੰਸਾਰ ਵਿਚ ਜੰਮਦੇ ਆਉਂਦੇ ਹਨ ਅਤੇ ਕਦੀ ਮਰਕੇ ਜਮਪੁਰੀ ਨੂੰ ਜਾਂਦੇ ਹਨ ਅਨੇਕਾਂ ਚਿਰ ਓਨਾਂ ਦੀ ਇਹ ਦਸ਼ਾ ਰਹਿੰਦੀ ਹੈ ॥ ਬਿਨਾਂ ਸਮਝਿਆਂ ਸਾਰੇ ਹੀ ਕੰਮ ਐਵੇਂ ਹਨ ਏਸੇ ਲਈ ਓਹ ਜੂਨੀਆਂ ਵਿਚ ਫਿਰਦੇ ਹਨ ॥ ਵਾਦਿ=ਵਿਅਰਥ ॥

**ਜਿਨ ਕਉ ਭਏ ਦਇਆਲ ਤਿਨ ਸਾਧੂ ਸੰਗੁ ਭਇਆ ॥**

**ਅੰਮ੍ਰਿਤੁ ਹਰਿ ਕਾ ਨਾਮੁ ਤਿਨੀ ਜਨੀ ਜਪਿ ਲਇਆ ॥ ੬ ॥**

ਜਿਨਾਂ ਉਤੇ ਪ੍ਰਮੇਸਰ ਦਿਆਲੂ ਹੋਇਆ ਹੈ ਓਹਨਾਂ ਨੂੰ ਸਾਧੂਆਂ ਦਾ ਸੰਗ ਹੋਇਆ ਹੈ ਅਤੇ ਪ੍ਰਮੇਸਰ ਦਾ ਨਾਮ ਅੰਮ੍ਰਿਤ ਓਨਾਂ ਨੇ ਜਪ ਲਿਆ ਹੈ ॥

**ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥**

**ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥ ੭ ॥**

ਕਰੋੜਾਂ ਅਣਗਿਣਤ ਆਦਮੀ ਪ੍ਰਮੇਸਰ ਨੂੰ ਬਹੁਤ ਤਰਾਂ ਤਰਾਂ ਕਰਕੇ ਲਭਦੇ ਹਨ ॥

Digitized by Panjab Digital Library | www.panjabdigilib.org

ਜਿਸਨੂੰ ਪ੍ਰਮੇਸਰ ਆਪ ਸਮਝਾਂਦਾ ਹੈ ਓਸਨੂੰ ਪ੍ਰਮੇਸਰ ਨੇੜੇ ਹੁੰਦਾ ਹੈ ॥

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ ੮ ॥ ੨ ॥ ਪਾ ॥ ੧੬ ॥**

ਗੁਰੂ ਜੀ, ਹੇ ਦਾਤਿਆ ਮੈਨੂੰ ਆਪਣਾ ਨਾਮ ਦੇਹ ਮੈਂ ਤੇਰਿਆਂ ਗੁਣਾਂ ਨੂੰ ਰਾਤ ਦਿਨ ਗਾਵਾਂ ਇਕ ਪਲ ਵੀ ਨਾਂ ਭੁਲਾਂ ਮੈਨੂੰ ਇਹ ਚਾ ਹੈ ॥

{ ਮਾੜਿਆਂ ਕੰਮਾਂ ਵਾਲੀ ਸਿਖ ਇਸਤ੍ਰੀ ਦਾ ਹਾਲ ਹੈ ਇਸਤ੍ਰੀਆਂ ਜੋ ਭਾਈ ਮਰਦਾਨੇ ਨੂੰ ਭੇਡੂ ਬਣਾਉਣ ਲਈ ਆਈਆਂ ਓਹਨਾਂ ਦੀ ਦਸ਼ਾ ਹੈ ॥ }

## ਰਾਗੁ ਸੂਹੀ ਮਹਲਾ ੧ ਕੁਚਜੀ

## ੧ ਓ ਸਤਿਗੁਰ ਪ੍ਰਸਾਦਿ ॥

ਮੰਞੁ=ਮੈਂ । ਅੰਮਾਵਣਿ=ਬਹੁਤ । ਰਾਵਣਿ=ਅਨੰਦ ਲੈਣ । ਅੰਬੀ=ਅੰਬਾਂ ਦੀ ਛਾਂ ਵਿਥਰਾ=ਫੈਲਾਵਾਂ । ਅੰਬਰ=ਅਕਾਸ । ਝਾਲੂ=ਸਵੇਰ । ਮੁਤੀਅਸੁ=ਸੁ ਲੁਟੀ ਗਈ । ਘਿਨਾ=ਲਵਾਂ ॥ 762

**ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥ ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥**

ਮੈਂ ਬਹੁਤ ਭੈੜੀ ਹਾਂ ਮੇਰੇ ਵਿਚ ਬਹੁਤ(ਅਣਗਿਣਤ ਜੋ ਗਿਣਤੀ ਵਿੱਚ ਨ ਆ ਸਕਣ) ਦੋਸ਼ਹਨ। ਮੈਂ ਕਿਸ ਤਰਾਂ ਪਤੀ ਪਾਸ ਅਨੰਦ ਲੈਣ ਜਾਵਾਂ। ਪਤੀ ਪਾਸ ਮੇਰੇ ਨਾਲੋਂ ਇਕ ਤੋਂ ਇਕ ਚੜਦੀਆਂ ਭਾਵ ਚੰਗੀਆਂ ਇਸਤ੍ਰੀਆਂ ਹਨ । ਓਥੇ ਮੇਰਾ ਨਾਮ ਕੌਣ ਜਾਣਦਾ ਹੈ ਭਾਵ ਮੈਂ ਕਿਸ ਗਿਣਤੀ ਵਿਚ ਹਾਂ ॥

**ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥**

ਜਿਨਾਂ ਸਖੀਆਂ ਨੇ ਮਾਲਕ ਨਾਲ ਮਿਲਕੇ ਅਨੰਦ ਲਿਆ ਹੈ ਓਹ ਸਮਝੋ ਅੰਬਾਂ ਦੀ ਛਾਂ ਬੈਠੀਆਂ ਹਨ ਭਾਵ ਸਤਸੰਗ ਵਿਚ ਸੁਖ ਪਾਂਦੀਆਂ ਹਨ ॥ ਓਹ ਚੰਗੇ ਗੁਣ ਮੇਰੇ ਵਿਚ ਨਹੀਂ ਆਉਂਦੇ ਹਨ ਮੈ ਕੇਹਦੇ ਉਤੇ ਦੋਸ਼ ਧਰਾਂ ।

**ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ।**

Digitized by Panjab Digital Library | www.panjabdigilib.org

ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥

ਹੇ ਮਾਲਕਾ ਮੈਂ ਤੇਰਿਆਂ ਗੁਣਾਂ ਨੂੰ ਕੀ ਫੈਲਾਵਾਂ ਤੇ ਕੀ ਤੇਰਾ ਨਾਮ ਲਵਾਂ ਭਾਵ ਤੂੰ ਬਿਅੰਤ ਹੈਂ। ਤੇਰੇ ਇਕ ਉਪਕਾਰ ਜਾਂ ਦਿਤੇ ਹੋਇ ਪਦਾਰਥਾਂ ਨੂੰ ਮੈਂ ਨਹੀ ਪੁਜ ਸਕਦੀ ਭਾਵ ਬਦਲਾ ਦੇ ਸਕਦੀ ਏਸੇ ਲਈ ਮੈਂ ਸਦਾ ਤੇਰੇ ਕੁਰਬਾਨ ਜਾਂਦੀ ਹਾਂ॥

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥

ਸੇ ਵਸਤੂ ਸਹ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ ॥

ਜੇਹੜਾ ਸੋਨਾ, ਚਾਂਦੀ, ਮੋਤੀ, ਮਾਣਕ ਵਸਤੂਆਂ ਅਨੰਦ ਦੇ ਦੇਣ ਵਾਲੀਆਂ ਹਨ ਹੇ ਮਾਲਕਾ ਇਹ ਜੋ ਸਾਰੀਆਂ ਵਸਤੂਆਂ ਤੂੰ ਦਿਤੀਆਂ ਹਨ ਮੈਂ ਏਨ੍ਹਾਂ ਨਾਲ ਚਿਤ ਲਾਇਆ ਹੈ ਭਾਵ ਤੈਨੂੰ ਭੁਲਾ ਦਿਤਾ ਹੈ।

ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥

ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥

ਜੇਹੜੇ ਮਕਾਨ ਮਿਟੀ ਤੇ ਪਥਰਾਂ ਨਾਲ ਬਣਾਏ ਹਨ ਮੈਂ ਇਨਾਂ ਬਹੁਤਿਆਂ ਪਦਾਰਥ ਵਿਚ ਭੁਲ ਗਈ ਹਾਂ ਓਹ ਜੋ ਮੇਰਾ ਆਪਣਾਂ ਮਾਲਕ ਹੈ ਮੈਂ ਉਸਦੇ ਪਾਸ ਨਹੀ ਬੈਠੀ ਹਾਂ ਭਾਵ ਨਾਮ ਨ ਜਪਿਆ।

ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥

ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥

ਅਕਾਸ਼ ਵਿਚ ਕੂੰਜਾਂ ਬੋਲੀਆਂ ਭਾਵ ਸਿਰ ਤੋਂ ਕਾਲੇ ਵਾਲ ਜਾਣ ਲਗੇ ਅਤੇ ਬਗਲੇ ਆ ਬੈਠੇ ਭਾਵ ਚਿਟੇ ਵਾਲ ਆ ਗਏ ਜਦੋਂ ਜੀਵ ਇਸਤ੍ਰੀ ਪ੍ਰਮੇਸਰ ਕੋਲ ਚਲੀ, ਹੁਣ ਦੱਸੋ ਅਗੇ ਜਾਕੇ ਕੀ ਮੂੰਹ ਦੇਵੇਗੀ ਭਾਵ ਝੂਠੀ ਹੈ ਸ਼ਰਮਿੰਦੀ ਹੋਵੇਗੀ॥

ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥

ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥

ਸੁੱਤੀ ੨ ਨੂੰ ਦਿਨ ਚੜ੍ਹ ਗਿਆ ਭਾਵ ਬਿਅਕਲੀ ਵਿਚ ਮੌਤ ਆ ਗਈ ਤੇ ਪੱਗ ਡੰਡੀ ਭੁਲ ਗਈ ਭਾਵ ਭਗਤੀ ਦਾ ਰਸਤਾ ਭੁਲ ਗਈ। ਹੇ ਮਾਲਕ ਤੇਰੇ ਨਾਲੋਂ ਭੁਲ ਗਈ ਜਾਂ ਵਿਛੜ ਗਈ ਜਾਂ ਲੁਟੀ ਗਈ ਏਸੇ ਲਈ ਦੁਖਾਂ ਨੂੰ ਧਰਦੀ ਭਾਵ ਦੁਖ ਪਾਂਦੀ ਹੈ॥

ਤੁਧੁ ਗੁਣ ਮੈ ਸਭਿ ਅਵਗੁਣਾ ਇਕ ਨਾਨਕ ਕੀ ਅਰਦਾਸਿ ਜੀਉ ॥

ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥ ੧ ॥

Digitized by Panjab Digital Library | www.panjabdigilib.org

ਹੇ ਮਾਲਕਾ ਤੇਰੇ ਵਿਚ ਸਾਰੇ ਗੁਣ ਹਨ ਅਤੇ ਮੇਰੇ ਵਿਚ ਸਾਰੇ ਔਗੁਣ ਹਨ ਮੇਰੀ ਇਕ ਇਹ ਬੇਨਤੀ ਹੈ॥ ਸਾਰੀਆਂ ਉਮਰ ਰੂਪ ਰਾਤਾਂ ਸੁਹਾਗਣੀਆਂ ਇਸਤ੍ਰੀਆਂ ਦੀਆਂ ਦਨ ਭਾਵ ਸਫਲ ਹਨ ਹੇ ਮਾਲਕ ਜੇਹੜੀ ਮੈਂ ਛੱਡੀ ਹੋਈ ਇਸਤ੍ਰੀ ਹਾਂ ਮੇਰਾ ਵੀ ਕੋਈ ਰਾਤ ਹੈ ਭਾਵ ਮੈਂ ਵੀ ਕਿਸੇ ਰਾਤ ਤੇਰੇ ਪਾਸ ਆ ਸਕਦੀ ਹਾਂ। ਮੇਰਾ ਜੀਵਨ ਵੀ ਸਫਲ ਹੋ ਸਕਦਾ ਹੈ ?

(ਚੰਗੀ ਇਸਤ੍ਰੀ)

## ਸੂਹੀ ਮਹਲਾ ੧ ਸੁਚਜੀ

ਸਰ=ਤਾਲ, ਪ੍ਰਵਾਹ। ਵਹੈ=ਵਗਦਾ। ਮੰਝ=ਵਿਚ।
ਰੰਗਲਾ=ਅਨੰਦੀ। ਭੀਹਾਵਲਾ=ਡਰੌਣਾ॥

**ਜਾ ਤੂ ਤਾ ਮੈ ਸਭੁਕੋ ਤੂ ਸਾਹਿਬੁ ਮੇਰੀ ਰਾਸਿ ਜੀਉ ।**
**ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥**

ਹੇ ਮਾਲਕਾ ਜਦੋਂ ਤੂੰ ਮੇਰਾ ਰਾਖਾ ਹੈਂ ਤਾਂ ਹਰ ਕੋਈ ਮੇਰਾ ਮਿਤ੍ਰ ਹੈ। ਹੇ ਮਾਲਕਾ ਤੂੰ ਮੇਰਾ ਸਾਹਿਬ ਹੈਂ ਤੂੰਹੀ ਮੇਰੀ ਘਰ ਦੀ ਚੀਜ਼ ਵਸਤ ਹੈਂ।
ਜਦੋਂ ਤੂੰ ਅੰਦਰ ਆਉਂਦਾ ਹੈਂ ਤੇ ਤਾਂ ਮੈਂ ਸੁਖ ਨਾਲ ਵੱਸਦੀ ਹਾਂ ਅਤੇ ਤੂੰ ਘਰ ਦੇ ਅੰਦਰ ਹੁੰਦਾ ਹੈਂ ਤਾਂ ਮੈਨੂੰ ਸ਼ਾਬਾਸ਼ੇ ਹੋਂਦੀ ਹੈ ਭਾਵ ਦਿਲ ਵਿਚ ਪ੍ਰਮੇਸਰ ਹੋਣ ਨਾਲ ਲੋਕ ਚੰਗਾ ਆਖਦੇ ਹਨ॥

**ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥**
**ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਅਕਾਸਿ ਜੀਉ ॥**

ਤੇਰੇ ਹੁਕਮ ਦੇ ਨਾਲ ਹੀ ਵਡਿਆਈਆਂ ਦੇ ਸਹਿਤ ਰਾਜ ਦਾ ਤਖਤ ਮਿਲਦਾ ਹੈ ਤੇਰੇ ਭਾਣੇ ਵਿਚ ਹੀ ਜੀਵ ਉਦਾਸ ਹੋਕੇ ਭਿਖਿਆ ਮੰਗਦੇ ਹਨ॥
ਤੇਰੇ ਹੁਕਮ ਵਿਚ ਹੀ ਰੇਤ ਦੇ ਟਿਬਿਆਂ ਦੇ ਸਿਰ ਉਤੇ ਪਾਣੀ ਦੇ ਦਰਿਆ ਵਗਦੇ ਭਾਵ ਹੰਕਾਰੀਆਂ ਵਿਚ ਪ੍ਰੇਮ ਆਉਂਦਾ ਹੈ ਓਨਾਂ ਦੇ ਰਿਦੇ ਅਕਾਸ਼ ਵਿਚ ਚੰਗੇ ਗੁਣਾਂ ਦੇ ਕੌਲ ਫੁੱਲਦੇ ਹਨ॥

**ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥**
**ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥**

ਤੇਰੇ ਹੁਕਮੁ ਵਿਚ ਹੀ ਸੰਸਾਰ ਸਮੁੰਦਰ ਤੋਂ ਲੰਘੀ ਦਾ ਹੈ ਅਤੇ ਹੁਕਮ ਵਿਚ ਹੀ ਸੰਸਾਰ ਸਮੁੰਦਰ ਵਿਚ ਪਾਪਾਂ ਨਾਲ ਦਿਲ ਭਰ ਜਾਂਦਾ ਹੈ ਅਤੇ ਫਿਰ ਆਦਮੀ

Digitized by Panjab Digital Library | www.panjabdigilib.org

ਤੁਖ ਜਾਂਦਾ ਹੈ ॥ ਹੇ ਮਾਲਕਾ ਹੁਕਮ ਵਿਚ ਹੀ ਤੂੰ ਮਾਲਕ ਅਨੰਦ ਦੇਂਦਾ ਹੈ ਜੇਹੜਾ ਤੇਰੀ ਸਿਫਤ ਦੇ ਗੁਣਾਂ ਦੇ ਖਜਾਨੇ ਵਿਚ ਰੱਤਾ ਹੈ।

**ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥**

**ਤੂੰ ਸਹੁ ਅਗਮ ਅਤੋਲਵਾ ਹਉ ਕਹਿ ਕਹਿ ਢਹਿਪਈਆਸਿ ਜੀਉ ॥**

ਹੁਕਮ ਵਿਚ ਹੀ ਓਹ ਮਾਲਕ ਡਰ ਦੇਣ ਵਾਲਾ ਹੁੰਦਾ ਹੈ ਮੈਂ ਤਾਂ ਆਉਣ ਜਾਣਦੇ ਵਿਚ ਹੀ ਮਰ ਗਈ ਹਾਂ ਭਾਵ ਜਨਮਾਂ ਦਾ ਦੁਖ॥ ਤੂੰ ਮਾਲਕ ਅਪੁੱਜ ਅਤੋਲ ਹੈਂ ਮੈਂ ਇੱਕਰ ਆਖ ਆਖ ਕੇ ਤੇਰੇ ਚਰਨਾਂ ਉਤੇ ਡਿੱਗ ਪਈ ਹਾਂ॥

**ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ॥**

**ਗੁਰਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥ ੨ ॥**

ਮੈਂ ਤੇਰੇ ਨਾਮ ਤੋਂ ਬਿਨਾ ਕੀ ਮੰਗਾਂ ਅਤੇ ਕੀ ਆਖਾਂ ਮੈਨੂੰ ਤਾਂ ਤੇਰੇ ਦਰਸ਼ਨ ਦੀ ਹੀ ਭੁਖ ਤੇਹ ਹੈ ॥ ਗੁਰੂ ਜੀ, ਮੇਰੀ ਬੇਨਤੀ ਸੱਚੀ ਜਦੋਂ ਮਾਲਕ ਨੇ ਸੁਣੀ ਤਾਂ ਗੁਰਉਪਦੇਸ਼ ਕਰਕੇ ਉਸ ਮਾਲਕ ਨੂੰ ਪਾ ਲਿਆ ॥

(ਪ੍ਰੇਮ ਗੁਣਾਂ ਵਾਲੀ ਇਸਤ੍ਰੀ)

## ਸੂਹੀਮਹਲਾ ੫ ਗੁਣਵੰਤੀ

੧੮ ਸਿਖੜਾ=ਸਿਖ ॥ ਅਨਤ=ਹੋਰ ॥ ਡੇਵਸਾ=ਦਿਆਂ ॥ ਮਾਰਗ=ਰਸਤਾ ॥

**ਜੋ ਦੀਸੈ ਗੁਰਸਿਖੜਾ ਤਿਸੁ ਨਿਵਿਨਿਵਿ ਲਾਗਉ ਪਾਇ ਜੀਉ॥**

ਜੇਹੜਾ ਗੁਰੂ ਦਾ ਸਿਖ ਦਿਸੇ ਉਸਦੇ ਪੈਰੀਂ ਨਿਵ ਨਿਵ ਕੇ ਲਗਾਂ।

**ਆਖਾ ਬਿਰਥਾ ਜੀਅ ਕੀ ਗੁਰ ਸਜਣੁ ਦੇਹਿ ਮਿਲਾਇ ਜੀਉ ॥**

ਆਪਣੇ ਜੀਅ ਦੀ ਪੀੜ ਦੱਸਾਂ ਕਿ ਹੇ ਗੁਰੂ ਜੀ ਮੈਨੂੰ ਪ੍ਰਮੇਸਰ ਮਿਲਾ ਦਿਓ ॥

**ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥**

ਮੈਨੂੰ ਓਹ ਉਪਦੇਸ਼ ਦਸੋ ਜਿਸ ਕਰਕੇ ਮੇਰਾ ਮਨ ਪ੍ਰਮੇਸਰ ਨੂੰ ਛੱਡਕੇ ਕਿਸੇ ਹੋਰ ਪਾਸੇ ਕਿਸੇ ਪਦਾਰਥ ਵੱਲ ਨ ਜਾਵੇ ॥

**ਇਹੁ ਮਨੁ ਤੈਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥**

ਮੈਂ ਇਹ ਆਪਣਾ ਮਨ ਤੈਨੂੰ ਦੇ ਦਿਆਂਗਾ ਭਾਵ ਤੇਰਾ ਨੌਕਰ ਬਣ ਜਾਵਾਂਗਾ॥ ਹੇ ਗੁਰਸਿਖ ਇਕ ਵਾਰੀ ਮੈਨੂੰ ਗੁਰੂ ਦਾ ਰਸਤਾ ਦੱਸ ਦੇ ॥

**ਹਉ ਆਇਆ ਦੂਰਹੁ ਚਲਿਕੈ ਮੈ ਤਕੀ ਤਉ ਸਰਣਾਇ ਜੀਉ ॥**

Digitized by Panjab Digital Library | www.panjabdigilib.org

ਮੈਂ ਬਹੁਤ ਦੂਰ ਤੋਂ ਚੱਲਕੇ ਆਇਆਂ ਹਾਂ ਭਾਵ ਜੂਨੀਆਂ ਵਿਚੋਂ ਹੁਣ ਮੈਂ ਤੇਰੀ ਸ਼ਰਨ ਤੱਕੀ ਭਾਵ ਲਈ ਹੈ ॥

**ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥**

ਹੁਣ ਮੈਂ ਚਿਤ ਵਿਚ ਤੇਰੀ ਹੀ ਆਸਾ ਰੱਖੀ ਹੈ ਕਿ ਤੁਸੀਂ ਹੀ ਤਾਰੋਗੇ ਇਸ ਲਈ ਮੇਰਾ ਸਾਰਾ ਦੁਖ ਦੂਰ ਕਰ ਦਿਓ ॥

**ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥**

ਹੇ ਭਰਾ ਇਸ ਰਸਤੇ ਵਿਚ ਸਿਖ ਚਲੇ ਜੋ ਗੁਰੂ ਆਖੇ ਓਹ ਕਾਰ ਕਮਾਵੇ ॥

**ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥**

ਮਨ ਦੀ ਮੱਤ ਛੱਡ ਦੇਵੇ ਅਤੇ ਦੂਸਰਾ ਖਿਆਲ ਵੀ ਭੁਲਾ ਦੇਵੇ ॥ (ਜਾਂ ਛੱਡ, ਭੁਲਾ ਇਕਰ ਵੀ ਹੈ)

**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥**

ਇੱਕੁਰ ਪ੍ਰਮੇਸ਼ਰ ਦਾ ਦਰਸ਼ਨ ਪਾਵੇਂਗਾ ਫਿਰ ਤੈਨੂੰ ਤੱਤੀ ਵਾ ਨਹੀਂ ਲਗੇਗੀ ਭਾਵ ਦੁਖ ।

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ †ਹੁਕਮਾਉ ਜੀਉ ॥**

ਮੈਂ ਆਪ ਤਾਂ ਕੁਛ ਵੀ ਬੋਲਣਾ ਨਹੀਂ ਜਾਣਦਾ ਹਾਂ ਜਿਤਨਾ ਆਖਿਆ ਹੈ ਸਾਰਾ ਉਸਦਾ ਹੁਕਮ ਹੀ ਆਖਿਆ ਹੈ ॥

**ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ**

ਗੁਰੂ ਜੀ, ਜਦੋਂ ਮੈਨੂੰ ਗੁਰੂ ਰਾਮਦਾਸ ਜੀ ਨੇ ਉਪਦੇਸ਼ ਰੂਪ ਪਸਾਉ=ਦਾਨ ਦਿਤਾ ਤਾਂ ਪ੍ਰਮੇਸਰ ਨੇ ਮੈਨੂੰ ਭਗਤੀ ਦਾ ਖਜ਼ਾਨਾ ਬਖਸ਼ ਦਿਤਾ ॥

**ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥**

ਹੁਣ ਮੈਨੂੰ ਪਦਾਰਥਾਂ ਦੀ ਤ੍ਰਿਸ਼ਨਾ ਭੁਖ ਨਹੀ ਹੈ ਕਿਉਂ ਜੋ ਮੈਂ ਇਕੁਰ ਦਾ ਰਜ ਗਿਆ ਹਾਂ ਜੋ ਬਹੁਤ ਹੀ ਮਨ ਭਰ ਗਿਆ ਭਾਵ ਪ੍ਰਸੰਨ ਹੋਇਆ ਹੈ॥

**ਜੋ ਗੁਰੁ ਦੀਸੈ ਸਿਖੜਾ ਤਿਸੁ ਨਿਵ ਨਿਵ ਲਾਗਉ ਪਾਇ ਜੀਉ॥ ੩ ॥**

ਇਸਦਾ ਅਰਥ ਹੋ ਚੁਕਾ ਹੈ ॥

†ਕਈ 'ਸਭੁਹੁ ਕਮਾਉ' ਪਾਠ ਕਰਦੇ ਹਨ ਸੋ ਇਹ ਠੀਕ ਨਹੀਂ ਹੈ ਕਿਉਂ ਜੋ ਭਭੇ ਨੂੰ ਔਂਕੜ ਹੈ ਇਸ ਲਈ ਸਭੁ ਹੁਕਮਾਉ ਪਾਠ ਹੈ ॥

Digitized by Panjab Digital Library | www.panjabdigilib.org

[ਜੀਵ ਇਸਤ੍ਰੀ ਦੇ ਔਗੁਣ]

## ਰਾਗੁ ਸੂਹੀ ਛੰਤ ਮਹਲਾ ੧ ਘਰੁ ੧

## ੧ ੴ ਸਤਿਗੁਰਪ੍ਰਸਾਦਿ ॥

ਬਲਿਰਾਮ=ਬਲਿਹਾਰ ਜਾਵਾਂ ਪ੍ਰਮੇਸਰ ਦੇ । ਪਾਹੁਣੀ=ਪਰਾਹੁਣੀ।
ਮਾਰਗ=ਰਸਤਾ। ਰੈਣਿ=ਰਾਤਿ ॥

**ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿਰਾਮ ਜੀਉ ॥**

ਜਦੋਂ ਜਵਾਨੀ ਭਰੀ ਤਾਂ ਏਸੇ ਸ਼ਰਾਬ ਕਰਕੇ ਮੈਂ ਮਸਤ ਹੋ ਗਈ ਏਸੇ ਲਈ ਇਸ ਲੋਕ ਵਿਚ ਕੋਈ ਦਿਨ ਦੀ ਪਰਾਹੁਣੀ ਹਾਂ ਹੇ ਪ੍ਰਮੇਸਰ ਮੈਂ ਤੈਥੋਂ ਬਲਿਹਾਰ ਜਾਵਾਂ।

(ਖਰਾਬ ਆਦਮੀ ਦੀ ਦਸ਼ਾ ਦਸੀਹੈ)

**ਮੈਲੀ ਅਵਗੁਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿਰਾਮ ਜੀਉ ॥**

ਚਿਤ ਵਿਚ ਔਗੁਣਾਂ ਨੂੰ ਰਖਕੇ ਮੈਲੀ ਹੋਈਹੈ ਗੁਰੂ ਦੇ ਮਿਲਿਆਂ ਬਿਨਾਂ ਮਨ ਵਿਚ ਗੁਣ ਨਹੀਂ ਆਉਂਦੇ ਹਨ ॥

**ਗੁਣਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥**

ਗੁਣਾਂ ਦੀ ਖਬਰ ਨਹੀ ਜਾਣੀ ਹੈ ਭਰਮ ਵਿਚ ਭੁਲ ਗਈ ਹੈ (ਕੀ ਅਕਲ) ਅਤੇ ਮਨੁਖਾ ਜਨਮ ਰੂਪ ਜੋਬਨ ਬਿਅਰਥ ਹੀ ਵਿਸ਼ਿਆਂ ਵਿਚ ਗਵਾ ਲਿਆ ਹੈ ॥

**ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥**

ਪਤੀ ਦਾ ਦਰਸਨ ਸਰੀਰ ਦੇ ਅੰਦਰ ਸੀ ਪਰ ਜਾਣਿਆਂ ਨਹੀ ਹੈ ॥ ਕਿਉਂਕਿ ਪਤੀ ਦਾ ਗਿਆਨ ਮਨ ਨੂੰ ਚੰਗਾ ਨਹੀ ਲਗਾ ਹੈ। ਦਰ=ਅੰਦਰ ਜਾਂ ਦਰਵਾਜਾ ॥

**ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥**

ਮੈਂ ਗੁਰੂ ਨੂੰ ਪੁਛਕੇ ਸਤਿਸੰਗ ਦੇ ਰਸਤੇ ਨਹੀ ਚਲੀ ਹਾਂ ॥ ਏਸੇ ਲਈ ਅਵਿਦਿਆ ਵਿਚ ਸੁਤੀ ਨੂੰ ਉਮਰ ਰਾਤ ਗੁਜਰ ਗਈ ॥

**ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥ ੧ ॥**

ਗੁਰੂ ਜੀ, ਛੋਟੀ ਉਮਰ ਤੋਂ ਹੀ ਰੰਡੇਪਾ ਭਾਵ ਮਾਲਕ ਦਾ ਵਿਛੋੜਾ ਹੋਗਿਆ।

Digitized by Panjab Digital Library | www.panjabdigilib.org

ਆਪਣੇ ਮਾਲਕ ਦੇ ਮਿਲਾਪ ਬਿਨਾਂ ਇਸਤ੍ਰੀ ਕੁਰਲਾਂਦੀ ਰਹਿੰਦੀ ਹੈ।

**ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿਰਾਮ ਜੀਉ ॥**

ਹੇ ਪ੍ਰਮੇਸਰਾ ਮੈਨੂੰ ਪਤੀ ਦੇ ਨਾਲ ਮਿਲਾ ਦੇਹ (ਪਤੀ ਕੇਹੜਾ) ਮੈਨੂੰ ਪ੍ਰਮੇਸਰ ਰੂਪ ਪਤੀ ਚੰਗਾ ਲਗਦਾ ਹੈ ਉਸਦੀ ਮੈਨੂੰ ਲੋੜ ਹੈ।

**ਰਵਿਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸਕੀ ਬਲਿਰਾਮ ਜੀਉ॥**

ਓਹ ਸਾਰੇ ਮਿਲਿਆ ਹੋਇਆ ਹੈ ਚਹੁੰਆਂ ਜੁਗਾਂ ਤੇ ਤਿੰਨਾਂ ਲੋਕਾਂ ਵਿਚ ਉਸਦੀ ਬਣੀ=ਬਣਾਵਟ ਹੈ ਭਾਵ ਸਾਰੀ ਦੁਨੀਆਂ ਉਸਦੀ ਬਣਾਈ ਹੋਈ ਹੈ ਜਾਂ ਉਸਦੀ ਬਾਣੀ ਭਾਵ ਹੁਕਮ ਨਾਲ ਸਾਰੀ ਕਾਰ ਹੋ ਰਹੀ ਹੈ ਜਿਸ ਪ੍ਰਮੇਸਰ ਦੀ ਇਡੀ ਸ਼ਕਤੀ ਹੈ ਮੈਂ ਉਸਦੀ ਦਾਸੀ ਹਾਂ॥

**ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗੁਣਵੰਤੀ ਦੂਰੇ ॥**

ਤਿੰਨਾਂ ਲੋਕਾਂ ਵਿਚ ਸੁਹਾਗਣੀ ਇਸਤ੍ਰੀ ਉਸ ਮਾਲਕ ਨਾਲ ਮਿਲਕੇ ਅਨੰਦ ਲੈਂਦੀਹੈ ਅਤੇ ਔਗੁਣਾਂ ਵਾਲੀ ਮਾਲਕ ਤੋਂ ਦੂਰ ਹੈ॥

**ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥**

ਜਿਕਰ ਦੀ ਆਸਾ ਕਰਦੀ ਹੈ ਉਕਰ ਦੀ ਵਾਸ਼ਨਾ ਮਾਲਕ ਪੂਰੀ ਕਰਦਾ ਹੈ ਓਹ ਮਾਲਕ ਸਾਰੇ ਭਰਪੂਰ ਹੋਇਆ ੨ ਹੈ॥

**ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥**

ਜੇਹੜੀ ਪ੍ਰਮੇਸ਼ਰ ਦੀ ਇਸਤ੍ਰੀ ਭਗਤੀ ਕਰਨ ਵਾਲੀ ਹੈ ਓਹ ਸਾਰਿਆਂ ਸਮਿਆਂ ਵਿਚ ਸੁਹਾਗਣ ਹੈ ਓਹ ਰੰਡੀ ਨਹੀ ਹੁੰਦੀ ਹੈ ਅਤੇ ਨਾਹੀ ਉਸਦਾ ਮੈਲਾ ਵੇਸ ਹੀ ਹੁੰਦਾਹੈ ਭਾਵ ਵਿਛੋੜਾ ਤੇ ਪਾਪ ਉਸਦੇ ਨੇੜੇ ਨਹੀ ਆਉਂਦੇ॥

**ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ।੨॥**

ਗੁਰੂ ਜੀ,ਮੈਨੂੰ ਤਾਂ ਸਚਾ ਪਤੀ ਚੰਗਾ ਲਗਦਾ ਹੈ ਜਿਸਤਰਾਂ ਦਾ ਓਹ ਜੁਗਾਂ ਜੁਗਾਂ ਵਿਚ ਪਿਆਰਾ ਹੈ ਓਸੇ ਤਰਾਂ ਦੇ ਉਸਦੇ ਪਿਆਰੇ ਹੋ ਜਾਂਦੇ ਹਨ ਜਾਂ ਜਿਸ ਤਰਾਂ ਪਿਆਰੇ ਨੂੰ ਪਿਆਰਾ ਚੰਗਾ ਲਗਦਾ ਹੈ ਓਸੇ ਤਰਾਂ ਮੈਨੂੰ ਮਾਲਕ ਹੈ॥

**ਬਾਬਾ ਲਗਨੁ ਗਣਾਇ ਹੰਭੀ ਵੰਞਾਂ ਸਾਹੁਰੈ ਬਲਿਰਾਮ ਜੀਉ ॥**

ਹੇ ਗੁਰੂ ਜੀ ਸਾਹੇ ਦਾ ਲਗਨ ਇਹੋ ਹੀ ਗਿਣਾਓ ਜੋ ਮੇਰੇ ਵਿਚ ਵੀ ਮਾਲਕ ਦੀ ਪ੍ਰੀਤੀ ਆਵੇ ਤੇ ਮੈਂ ਭੀ ਸਹੁਰੇ ਜਾਵਾਂ॥ ਹੰਭੀ=ਮੈਂ। ਵੰਞਾਂ=ਜਾਵਾਂ॥

**ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿਰਾਮ ਜੀਉ ॥**

Digitized by Panjab Digital Library | www.panjabdigilib.org

ਏਹੋ ਹੀ ਸਾਹਾ ਸੋਧੋ ਜੇਹੜਾ ਰਜਾਈ ਪ੍ਰਮੇਸਰ ਦਾ ਹੁਕਮ ਮੰਨੋ ਓਹ ਹੁਕਮ ਹਟਦਾ ਨਹੀ ਹੈ ਜੇਹੜਾ ਮਾਲਕ ਕਰਦਾ ਹੈ ॥

**ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥**
**ਜਾਞੀ ਨਾਉ ਨਰਹ ਨਿਹਕੇਵਲੁ ਰਵਿਰਹਿਆ ਤਿਹੁ ਲੋਈ ॥**
**ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥**
**ਨਾਨਕ ਸਾਚਸਬਦਿ ਸੁਖ ਮਹਲੀ ਗੁਰਚਰਣੀ ਪ੍ਰਭੁ ਚੇਤੇ ॥ ੩ ॥**

ਜੇਹੜਾ ਕਰਮ ਪ੍ਰਮੇਸਰ ਨੇ ਜੀਆਂ ਦੇ ਮਥੇ ਉਤੇ ਲਿਖ ਪਾਇਆ ਹੈ ਓਸੇ ਅਨੁਸਾਰ ਜੀਆਂ ਨੇ ਫਲ ਪਾਇਆ ਹੈ ਉਸਨੂੰ ਕੋਈ ਹਟਾ ਨਹੀਂ ਸਕਦਾ ਹੈ ॥ ਆਦ-ਮੀਆਂ ਨੂੰ ਹਰਿਆਂ ਕਰਨ ਵਾਲਾ ਜੇਹੜਾ ਪ੍ਰਮੇਸਰ ਦਾ ਸੁਧ ਨਾਮ ਹੈ ਇਸਦਾ ਜਾਪ ਹੀ ਜਾਞੀ ਹੈ ਓਹ ਪ੍ਰਮੇਸਰ ਤਿੰਨਾਂ ਲੋਕਾਂ ਵਿਚ ਮਿਲਿਆ ਹੋਇਆ ਹੈ ॥ ਜਦੋਂ ਜੀਵ ਇਸਤ੍ਰੀ ਦਾ ਬਾਲੈ=ਮਾਲਕ ਨਾਲ ਮਿਲਾਪ ਹੋਇਆ ਸੀ ਤਦੋਂ ਫਿਰ ਵਿਛੜਕੇ ਨਿਰਾਸ ਹੋਕੇ ਹੇ ਮਾਂ ਰੋਈ (ਜਾਂ ਮਾਇਆ ਤੋਂ ਰਹਿਤ ਹੋਕੇ ਸੁਧ ਹੋਈ ਉਸਨੂੰ ਬਿਅਰਥ ਨਹੀ ਰੋਂਦੀ) ॥ ਗੁਰੂ ਜੀ, ਸਚੇ ਉਪਦੇਸ ਕਰਕੇ ਜਦੋਂ ਸਿਖ ਇਸਤਰੀ ਗੁਰਾਂ ਦੇ ਚਰਨੀ ਜਾ ਲੱਗੀ ਤਾਂ ਮਾਲਕ ਦੇ ਨਾਮ ਨੂੰ ਚੇਤੇ ਕੀਤਾ ਤਾਂ ਸੁਖ ਹੋਇਆ ॥

**ਬਾਬਲ ਦਿਤੜੀ ਦੂਰਿ ਨ ਆਵੈ ਘਰਿ ਪੇਈਐ ਬਲਿਰਾਮ ਜੀਉ ॥**
**ਰਹਸੀ ਵੇਖਿ ਹਦੂਰ ਪਿਰਿ ਰਾਵੀ ਘਰਿ ਸੋਹੀਐ ਬਲਿਰਾਮ ਜੀਉ ॥**
**ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥**
**ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥**
**ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰਭਾਏ ॥**
**ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥ ੪ ॥੧॥**

ਜਦੋਂ ਗੁਰਾਂ ਨੇ ਪ੍ਰਮੇਸਰ ਦੇ ਨਾਲ ਮਿਲਾ ਦਿਤੀ ਤਾਂ ਫਿਰ ਜਨਮ ਮਰਨ ਵਿਚ ਨਹੀਂ ਆਉਂਦੀ ਹੈ ਭਾਵ ਜਦੋਂ ਪਿਤਾ ਨੇ ਵਿਆਹ ਦਿਤੀ। ਭਾਵ ਪ੍ਰਮੇਸਰ ਨਾਲ ਮਿਲਾ ਦਿਤੀ ਤਾਂ ਦੂਰ ਨਹੀਂ ਆਉਂਦੀ ਭਾਵ ਜਨਮ ਵਿਚ ਨਹੀਂ ਅਉਂਦੀ ਪੇਕੇ ਘਰ ਚਲੀ ਜਾਂਦੀ ਹੈ ਭਾਵ ਪ੍ਰਮੇਸਰ ਨਾਲ ਮਿਲ ਜਾਂਦੀ ਹੈ ਮੁਕਤੀ ਹੋ ਜਾਂਦੀ ਹੈ ॥ ਮਾਲਕ ਨੂੰ ਪਾਸ ਵੇਖਕੇ ਬੜੀ ਰਹਿਸੀ=ਖੁਸ਼ੀ ਹੋਈ ਤਾਂ ਮਾਲਕ ਨਾਲ ਰਾਵੀ=ਮਿਲੀ ਜਾਂ ਮਿਲਕੇ ਅਨੰਦ ਲਿਆ ਅਤੇ ਘਰਿ=ਸਰੀਰ ਵਿਚ ਸੋਹਣੀ ਲੱਗੀ ॥ ਜੇਹੜੀ

Digitized by Panjab Digital Library | www.panjabdigilib.org

ਸੱਚੇ ਮਾਲਕ ਨੂੰ ਲੋੜ ਵਾਲੀ ਹੋਈ ਹੈ ਉਸਦੀ ਅਕਲ ਪੂਰੀ ਹੈ ਅਤੇ ਗੁਣਾਂ ਕਰਕੇ ਪਿਆਰੇ ਨੇ ਅਪਣੇ ਨਾਲ ਜੋੜ ਲਈ ਹੈ ਓਹੋ ਹੀ ਪ੍ਰਧਾਨ ਹੋਈ ਹੈ ॥ ਜਦੋਂ ਚੰਗੇ ਥਾਂ ਸਤਸੰਗ ਦਾ ਪੁੰਨਾ ਦੇ ਸੰਜੋਗ ਕਰਕੇ ਮੇਲਾ ਹੋਇਆ ਤਾਂ ਫਿਰ ਗੁਰਾਂ ਦੇ ਗਿਆਨ ਦੇਣ ਨਾਲ ਗੁਣਾਂ ਵਾਲੀ ਹੋਈ ॥ ਸਤ ਸੰਤੋਖ ਗੁਣ ਉਸ ਦੇ ਸਦਾ ਹੀ ਪਲੇ ਹਨ ਭਾਵ ਦਿਲ ਵਿਚ ਹਨ ਜੇਹੜੀ ਸੱਚ ਨੂੰ ਟੋਲਦੀ ਹੈ ਓਹ ਸਚੇ ਪ੍ਰਮੇਸਰ ਨੂੰ ਭਾਂਦੀ ਹੈ ॥ ਗੁਰੂ ਜੀ, ਜੇਹੜੀ ਗੁਰ ਸਿਖਿਆ ਲੈਕੇ ਗੁਰ ਪ੍ਰਮੇਸਰ ਦੇ ਗਲ ਨਾਲ ਲਗਦੀ ਹੈ ਓਹ ਵਿਛੜਕੇ ਜਨਮ ਆਦਿਕ ਦੁਖ ਨਹੀਂ ਪਾਂਦੀ ਹੈ ॥

## ਰਾਗ ਸੂਹੀ ਮਹਲਾ ੧ ਛੰਤ ਘਰੁ ੨

## ੧ਓ ਸਤਿਗੁਰ ਪ੍ਰਸਾਦਿ ॥

‡ ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁਮਾਨਿਆ ਘਰ ਮੰਦਰ ਸੋਹਾਏ ।
ਪੰਚ ਸਬਦ ਧੁਨਿਅਨਹਦ ਵਾਜੇ ਹਮ ਘਰਿ ਸਾਜਨ ਆਏ ॥ ੧ ॥

ਸਾਡੇ ਘਰ ਵਿਚ ਸੰਤ ਆਏ । ਪਰ ਸਚੇ ਪ੍ਰਮੇਸਰ ਨੇ ਸੰਤਾਂ ਦੇ ਮੇਲ ਵਿਚ ਮਿਲਾਇਆ ਹੈ । ਜਦੋਂ ਪ੍ਰਮੇਸਰ ਦੇ ਮਨ ਨੂੰ ਚੰਗੇ ਲਗੇ ਤੇ ਤਾਂ ਸ਼ਾਂਤੀ ਦੇਕੇ ਮਿਲਾਇਆ (ਹੈ ਸਾਨੂੰ) ਤਾਂ ਫਿਰ ਸੰਤਾਂ ਨਾਲ ਮਿਲ ਕੇ ਸੁਖ ਪਾਇਆ ॥ ਓਹ ਚੰਗੀ

---

‡ ਇਹ ਸ਼ਬਦ ਵਿਆਹਾਂ ਅਨੰਦ ਕਾਰਜਾਂ ਉਤੇ ਪੜੀਂਦਾ ਹੈ ਜੋ ਵੇਲੇ ਨੂੰ ਬਹੁਤ ਹੀ ਸੋਹਿਣਾ ਕਰ ਦੇਂਦਾ ਹੈ ਧੰਨ ਗੁਰੂ ਦੀ ਬਾਣੀ ਹੈ ਜੋ ਗੁਰੂ ਜੀ ਨੇ ਸਿਖਾਂ ਦੇ ਸਾਰੇ ਕਾਰਜ ਨਜਿਠਣ ਲਈ ਬਣਾਈ ਹੈ ਭਾਵੇਂ ਇਹ ਸ਼ਬਦ ਅੰਤ੍ਰੀਵ ਅਰਥਾਂ ਵਾਲਾ ਹੈ ਪਰ ਪ੍ਰਤਖ ਦੁਨੀਆਂ ਦੇ ਅਰਥ ਵੀ ਇਸਦੇ ਵਿਚ ਹੀ ਹਨ ਇਕਰ ਦੇ ਦੁਅਰਥਕ ਸ਼ਬਦ ਹੁੰਦੇ ਹਨ ਜੋ ਦੋਵੇਂ ਅਰਥ ਦੇਣ, ਗੁਰ ਸਿਖਾਂ ਨੂੰ ਇਕੁਰ ਦੇ ਸ਼ਬਦ ਕੰਠ ਕਰਕੇ ਅਪਣੇ ਕਾਰਜ ਸੁਵਾਰਨੇ ਚਾਹੀਦੇ ਹਨ ਅਤੇ ਹੋਰ ਮਨ ਮਤ ਦੀਆਂ ਰੀਤੀਆਂ ਨੂੰ ਛਡਣਾ ਚਾਹੀਦਾ ਹੈ ॥

Digitized by Panjab Digital Library | www.panjabdigilib.org

ਵਸਤੂ ਆਕੇ ਮਿਲ ਪਈ ਜਿਸਦੇ ਨਾਲ ਅਸਾਂ ਮਨ ਲਾਇਆ ਹੋਇਆ ਸੀ ਭਾਵ ਜਿਸਨੂੰ ਲੋੜਦੇ ਸੀ ॥ ਜਦੋਂ ਰਾਤ ਦਿਨ ਸਤਸੰਗ ਦਾ ਮੇਲ ਹੋਇਆ ਤਾਂ ਮਨ ਮੰਨ ਗਿਆ ਤਾਂ ਪ੍ਰਤਖ ਹੀ ਸਾਰੇ ਘਰ ਮਕਾਨ ਸੋਹਣੇ ਹੋਏ ਜਾਂ ਸਰੀਰ ਦੇ ਅੰਦਰ ਹੀ ਸੁਖੀ ਹੋਏ ॥ ਪੈਂਚਾਂ ਸੰਤਾਂ ਦੇ ਉਪਦੇਸ਼ ਕਰਕੇ ਦ੍ਵੈਤ ਭਾਵਨਾਂ ਤੋਂ ਬਿਨਾ ਬ੍ਰਿਤੀ ਲਗਾ ਤਾਰ ਪ੍ਰਗਟ ਹੋਈ ਭਾਵ ਮਨ ਵਿਚ ਖੁਸ਼ੀ ਦੇ ਵਾਜੇ ਵਜੇ ਅਤੇ ਅੰਦਰ ਦੀ ਅਵਾਜ ਵੀ ਸੌਰ ਗਈ ਜਦੋਂ ਸੰਤ ਘਰ ਆਏ ॥

**ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥ ੨ ॥**

ਹੇ ਸਿਖ ਇਸਤ੍ਰੀਓ ਆਓ ਪਿਆਰੇ ਪ੍ਰਮੇਸਰ ਦੇ ਮੰਗਲ=ਜਸ ਦੇ ਗੌਣ ਗਾਓ ਜੇ ਸਚੇ ਦੇ ਗੀਤ ਗਾਓਗੇ ਤਾਂ ਮਾਲਕ ਨੂੰ ਚੰਗੇ ਲਗੋਗੇ ਏਸੇ ਲਈ ਤੁਹਾਡਾ ਜਸ ਚਾਰਜੁਗ ਹੋਵੇਗਾ । ਓਹੋ ਹੀ ਆਪਣੇ ਅਸਲੀ ਘਰ ਵਿਚ ਆਇਆ ਹੈ ਜਿਸਨੂੰ ਸੋਹਣਾ ਥਾਂ ਸਤਿਸੰਗ ਚੰਗਾ ਲਗਾ ਹੈ ਉਸਦੇ ਸਾਰੇ ਕਾਰਜ ਗੁਰਉਪਦੇਸ਼ ਨੇ ਸਵਾਰ ਦਿਤੇ ਹਨ । ਜੇਹੜਾ ਬਹੁਤ ਅਨੰਦ ਦੇਣ ਵਾਲਾ ਗਿਆਨ ਹੈ। ਏਹੋ ਹੀ ਗੁਰਾਂ ਨੇ ਅਕਲ ਰੂਪ ਅਖਾਂ ਵਿਚ ਸੁਰਮਾ ਪਾਇਆ ਹੈ ਏਸੇ ਲਈ ਤਿੰਨਾਂ ਲੋਕਾਂ ਵਿਚ ਪ੍ਰਮੇਸਰ ਦਾ ਰੂਪ ਨਜਰ ਆਇਆ ਹੈ ਹੇ ਸਿਖੋ ਸਤਸੰਗ ਵਿਚ ਮਿਲੋ ਅਤੇ ਅਨੰਦ ਦੇ ਗੀਤ ਗਾਓ ਜੋ ਬਹੁਤ ਹੀ ਰਸ ਵਾਲੇ ਹਨ ਜਾਂ ਪਰੇਮ ਨਾਲ ਗੀਤ ਗਾਓ ਜਿਸਤਰਾਂ ਸਾਡੇ ਦਿਲ ਵਿਚ ਪ੍ਰਮੇਸਰ ਪ੍ਰਗਟ ਹੋਇਆ ਹੈ ਉਕਰ ਆਪ ਦੇ ਦਿਲ ਵਿਚ ਭੀ ਪ੍ਰਮੇਸਰ ਪ੍ਰਗਟ ਹੋਵੇ॥

**ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮਤਤੁ ਵੀਚਾਰੋ ॥ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥ ੩ ॥**

ਹੇ ਅਮ੍ਰਿਤ ਵਰਗਿਆ ਮਿਠਿਆ ਪ੍ਰਮੇਸਰਾ ਤੇਰੇ ਵਿਚ ਮੇਰਾ ਮਨ ਤਨ ਭਿਜਾ ਭਾਵ

Digitized by Panjab Digital Library | www.panjabdigilib.org

ਪ੍ਰੇਮ ਵਾਲਾ ਹੋਇਆ ਹੈ ॥ ਮੇਰੇ ਮਨ ਵਿਚ ਪ੍ਰੇਮ ਰੂਪ ਰਤਨ ਹੈ ॥ ਜੇਹੜਾ ਤੇਰਾ ਵੱਡਾ ਵੀਚਾਰ ਹੈ ਏਹੋ ਹੀ ਮੇਰੇ ਮਨ ਅੰਦਰ ਅਮੋਲਕ ਰਤਨ ਹੈ ॥ ਇਹ ਸਾਰੇ ਜੀਵ ਤੇਰੇ ਮੰਗਤੇ ਹਨ ਤੂੰ ਫਲ ਦੇਣ ਵਾਲਾ ਦਾਤਾ ਹੈਂ ਭਾਵ ਮਨ ਭਾਂਦੇ ਫਲ ਦੇਣ ਵਾਲਾ ਹੈਂ ਫੇਰ ਸਾਰਿਆਂ ਦੇ ਸਿਰ ਸਿਰ ਅੰਨ ਦੇਣ ਵਾਲਾ ਹੈਂ ॥ ਹੇ ਜੀਵ ਤੂੰ ਸਮਝ ਪ੍ਰਮੇਸਰ ਗਿਆਨ ਵਾਲਾ ਹੈ ਅਤੇ ਦਿਲ ਦੀ ਜਾਨਣ ਵਾਲਾ ਹੈ ਆਪੇ ਹੀ ਉਸ ਨੇ ਸਾਰੇ ਸੰਸਾਰ ਦਾ ਕੰਮ ਕੀਤਾ ਹੈ ਭਾਵ ਬਣਾਇਆ ਹੈ ਹੇ ਸਖੀ ਸੁਣ ਮੇਰਾ ਮਨ ਮਾਲਕ ਨੇ ਮੋਹ ਲਿਆ ਹੈ ਅਤੇ ਮਨ ਤਨ ਉਸ ਅੰਮ੍ਰਿਤ ਵਿਚ ਭਿੱਜ ਗਿਆ ਹੈ ॥

**ਆਤਮਰਾਮੁ ਸੰਸਾਰਾ ॥ ਸਾਚਾ ਖੇਲੁ ਤੁਮਾਰਾ ॥ ਸਚੁ ਖੇਲੁ ਤੁਮਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ । ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗੁਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥ ੪ ॥ ੧ ॥ ੨ ।**

ਇੱਕਰ ਬੇਨਤੀ ਕਰ ॥ ਹੇ ਪ੍ਰਮੇਸਰ ਇਹ ਸਾਰਾ ਸੰਸਾਰ ਤੇਰਾ ਖੇਲ ਅਾਪਣਾਂ ਆਪ ਹੀ ਹੈ ਏਸੇ ਲਈ ਸੱਚਾ ਹੈ ਫੇਰ ਇਹ ਜੇਹੜਾ ਸੰਸਾਰ ਤੇਰਾ ਖੇਲ ਸੱਚਾ ਹੈ ॥ ਇਸ ਖੇਲ ਦਾ ਜਾਨਣਾ ਬੜਾ ਔਖਾ ਹੈ ਤੇ ਇਹ ਖੇਲ ਵੀ ਵੱਡਾ ਹੈ ॥ ਇਸ ਖੇਲ ਨੂੰ ਤੈਥੋਂ ਬਿਨਾ ਕੌਣ ਸਮਝਾਵੇ ॥ ਸਿਧ ਤੇ ਸਾਧਨਾ ਕਰਨ ਵਾਲੇ ਹੋਰ ਕਈ ਸਿਆਣੇ ਹਨ ਪਰ ਤੈਥੋਂ ਬਿਨਾ ਇਹ ਕੌਣ ਕਹਿ ਕਹਾ ਸੱਕਦਾ ਹੈ ਭਾਵ ਦਸ ਸੱਕਦਾ ਹੈ ਕਿ ਕੁਛ ਮੈਂ ਵੀ ਹਾਂ ਜਿਨਾਂ ਦਾ ਮਨ ਗੁਰਾਂ ਨੇ ਟਿਕਾਇਆ ਹੈ ਓਨਾਂ ਦੇ ਜਨਮ ਮਰਨ ਕਮਲੇ ਹੋ ਗਏ ਹਨ ਭਾਵ ਦੀਵਾਨੇ=ਦੂਰ ਹੋਗਏ ॥ ਕਾਲ=ਮਰਨਾ ॥ ਬਿਕਾਲ=ਜੰਮਣਾ । ਜਦੋਂ ਗੁਰਾਂ ਉਪਦੇਸ਼ ਦੇਕੇ ਮਾੜੇ ਔਗਣ ਸਾੜ ਸੁਟੇ ਤਾਂ ਗੁਣਾਂ ਦਾ ਮਿਲਾਪ ਹੋਇਆ ਤਾਂ ਹੀ ਮਾਲਕ ਨੂੰ ਪਾ ਲਿਆ ॥

**ਰਾਗੁ ਸੂਹੀ ਮਹਲਾ ੧ ਛੰਤ ਘਰੁ ੩**

**੧ ਓ ਸਤਿਗੁਰਪ੍ਰਸਾਦਿ ॥**

***ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥**

---

*ਇਹ ਸ਼ਬਦ ਜਦੋਂ ਜੰਞ ਘਰ ਵਿਚ ਆਉਂਦੀ ਹੈ ਉਸ ਵੇਲੇ ਪੜ੍ਹਿਆ ਜਾਂਦਾ ਹੈ ਬੜਾ ਸੋਹਣਾ ਲਗਦਾ ਹੈ ਹੋਰ ਸਮੇ ਸਮੇਂ ਸਿਰ ਜਦੋਂ ਕੋਈ ਸਜਣ ਪਿਆਰਾ ਘਰ ਵਿਚ ਆਵੇ ਉਸ ਵੇਲੇ ਵੀ ਪੜੀਏ ਤਾਂ ਬਹੁਤ ਚੰਗਾ ਲਗਦਾ ਹੈ ਜਦੋਂ ਵਡਿਆਂ

Digitized by Panjab Digital Library | www.panjabdigilib.org

ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥
ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥

ਹੇ ਮਾਲਕਾ ਸੱਜਣਾ ਤੂੰ ਮੇਰੇ ਘਰ ਦਿਲ ਵਿਚ ਆ ਮੈਂ ਤੇਰਾ ਦਰਸ਼ਨ ਦੇਖਾਂ॥ ਮੈਂ ਆਪਣੇ ਘਰ ਦਿਲ ਵਿਚ ਖੜੋਤੀ ਵੇਖਦੀ ਹਾਂ ਮੇਰੇ ਦਿਲ ਵਿਚ ਬੜਾ ਚਾ ਹੈ ਜੋ ਆਪਦਾ ਦਰਸ਼ਨ ਕਰਾਂ ॥ ਹੇ ਮੇਰੇ ਮਾਲਕ ਸੁਣ ਮੇਰੇ ਦਿਲ ਵਿਚ ਬੜਾ ਚਾ ਹੈ ਮੈਨੂੰ ਤੇਰਾ ਹੀ ਆਸਰਾ ਹੈ ॥ ਜਿਸਨੇ ਤੇਰਾ ਦਰਸ਼ਨ ਵੇਖਿਆ ਹੈ ਉਸਦੀ ਅਕਲ ਸਾਫ ਹੋਈ ਹੈ ਅਤੇ ਜਨਮ ਮਰਨ ਦਾ ਦੁਖ ਨਾਸ ਹੋਇਆ ਹੈ ॥ ਸਾਰੀ ਦੁਨੀਆਂ ਵਿਚ ਤੇਰੀ ਜੋਤ ਹੈ ॥ ਸੋਈ=ਓਸੇ ਪ੍ਰਮੇਸਰ ਨੂੰ ਮੈਂ ਜਾਣਿਆਂ ਹੈ ਪ੍ਰੇਮ ਕਰਕੇ ਤੂੰ ਸੁਭਾਵਕ ਹੀ ਆ ਮਿਲਿਆ ਹੈਂ ॥ ਗੁਰੂ ਜੀ, ਹੇ ਪ੍ਰਮੇਸਰਾ ਤੈਥੋਂ ਬਲਿਹਾਰ ਜਾਈਏ, ਹੇ ਸਚਿਆ ਤੂੰ ਨਾਮ ਜਪਣ ਕਰਕੇ ਸਰੀਰ ਵਿਚ ਆ ਮਿਲਦਾ ਹੈਂ ॥

ਸਰਸੀ=ਸਹਿਤ ਰਸ ਦੇ ਭਾਵ ਅਨੰਦ ਵਾਲੀ ॥ ਰਹੰਸੀ=ਖੁਸ਼ੀ ॥
ਰਾਵੀ=ਭੋਗੀ ॥ ਬਿਧਾਤੇ=ਨਿਬੇੜਾ ਕਰਨ ਵਾਲਾ ॥ ਤਸਕਰ=ਚੋਰ ॥

ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥
ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ॥
ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥
ਅਵਗੁਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥
ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥
ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥

ਹੇ ਸਜਣਾ ਜਦੋਂ ਤੂੰ ਘਰ ਵਿਚ ਆਇਓਂ ਤਾਂ ਮੈਂ ਇਸਤ੍ਰੀ ਬਹੁਤ ਅਨੰਦ ਵਾਲੀ ਹੋਈ। ਹੇ ਮਾਲਕਾ ਤੇਰੇ ਸਚੇ ਉਪਦੇਸ਼ ਵਿਚ ਮੋਹੀ ਗਈ। ਹੇ ਮਾਲਕ ਤੈਨੂੰ ਵੇਖਕੇ ਮੈਂ ਖੁਸ਼ੀ ਹੋਈ ॥ ਪਰ ਜਦੋਂ ਚੰਗਿਆਂ ਗੁਣਾਂ ਦਾ ਸੰਗ ਹੋਇਆ ਤਾਂ

---

ਵਡਿਆਂ ਸਮਾਗਮਾਂ ਦੀਵਾਨਾਂ ਜੋੜ ਮੇਲਿਆਂ ਦੇ ਵੇਲੇ ਕੋਈ ਵੱਡਾ ਮਹਾਂ ਪੁਰਖ ਆਵੇ ਉਸ ਵੇਲੇ ਵੀ ਪੜਿਆ ਜਾਂਦਾ ਹੈ ਜੋ ਸਮੇ ਨੂੰ ਬਹੁਤ ਹੀ ਸੁਹਾਵਣਾ ਬਣਾ ਦੇਂਦਾ ਹੈ ਧੰਨ ਗੁਰੂ ਦੀ ਬਾਣੀ ਜੋ ਨਵਾਂ ਰੂਹ ਬਣਾ ਦੇਂਦੀ ਹੈ ॥

Digitized by Panjab Digital Library | www.panjabdigilib.org

ਬਹੁਤ ਖੁਸ਼ੀ ਹੋਈ ਜਦੋਂ ਅਨੰਦ ਵਿਚ ਰਤੇ ਹੋਏ ਨੇ ਮਿਲਾਇ‍ੀ ਤਾਂ ਬਹੁਤ ਹੀ ਅਨੰਦ ਵਾਲੀ ਹੋਈ॥ ਔਗਣਾਂ ਨੂੰ ਮਾਰਕੇ ਗੁਣੀਆਂ ਸੰਤਾਂ ਦੇ ਪ੍ਰੇਮ ਵਿਚ ਘਰ-ਦਿਲ ਟਿਕਾਇਆ ਭਾਵ ਲਾਇਆ, ਓਹ ਸੰਤ ਪੂਰੇ ਪ੍ਰਮੇਸਰ ਦਾ ਰੂਪ ਹਨ॥ ਕਾਮ ਆਦਕ ਚੋਰਾਂ ਨੂੰ ਮਾਰਕੇ ਹੇ ਪ੍ਰਮੇਸਰਾ ਤੇਰੇ ਗੁਣ ਵਿਚਾਰੇ ਜੋ ਤੂੰ ਜੀਆਂ ਦਾ ਨਿਬੇੜਾ ਕਰਦਾ ਹੈਂ ਜੇਹੜਾ ਪੰਚਾਇਣ=ਪੈਂਚਾਂ ਸੰਤਾਂ ਦਾ ਘਰ ਜੋਤ ਵਾਲਾ ਹੈ ਉਸ ਵਿਚ ਮੈਂ ਇਸਤ੍ਰੀ ਵੱਸੀ॥ ਗੁਰੂ ਜੀ, ਪ੍ਰਮੇਸਰਾ ਤੇਰਾ ਨਾਮ ਤਰਨਾ ਹੁੰਦਾ ਹੈ ਪਰ ਹੇ ਮਾਲਕਾ ਤੇਰਾ ਨਾਮ ਗੁਰ ਸਿਖਿਆ ਕਰਕੇ ਮਿਲਦਾ ਹੈ॥

ਰਲੀ=ਖੁਸ਼ੀ ਜਾਂ ਮਿਲੀ॥ ਸਬਾਈ=ਸਾਰੀ॥

**ਵਰੁ ਪਾਇਅੜਾ ਬਾਲ ੜੀਏ ਆਸਾ ਮਨਸਾ ਪੂਰੀ ਰਾਮ ॥**
**ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ ॥**
**ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ॥**
**ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ॥**
**ਅਮਰ ਅਡੋਲੁ ਅਮੋਲੁ ਅਪਾਰਾ ਗੁਰਿਪੂਰੈ ਸਚੁ ਪਾਈਐ॥**
**ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵਲਾਈਐ॥ ੩॥**

ਜਦੋਂ ਇਸਤ੍ਰੀ ਨੇ ਮਾਲਕ ਨੂੰ ਪਾਇਆ ਤਾਂ ਸਾਰੀ ਅਕਲ ਦੀ ਵਾਸ਼ਨਾ ਪੂਰੀ ਹੋਈ (ਮਨਸ=ਅਕਲ ਤੇ ਆਸਾ ਵਾਸ਼ਨਾ, ਜਦੋਂ ਮਾਲਕ ਨੇ ਅਨੰਦਤ ਕੀਤੀ ਤਾਂ ਪ੍ਰਮੇਸਰ ਨਾਲ ਮਿਲ ਗਈ ਓਹ ਮਾਲਕ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ ਦੂਰ ਨਹੀਂ ਹੈ॥ ਜਦੋਂ ਪ੍ਰਮੇਸਰ ਤੋਂ ਦੂਰ ਨ ਹੋਈ ਤਾਂ ਸਾਰਿਆਂ ਦੇ ਅੰਦਰ ਓਹ ਮਾਲਕ ਵੇਖਿਆ ਇਹ ਜਾਣਿਆਂ ਕਿ ਇਹ ਸਾਰੀਆਂ ਇਸਤ੍ਰੀਆਂ ਉਸ ਪ੍ਰਮੇਸ਼ਰ ਦੀਆਂ ਹਨ॥ ਮਾਲਕ ਆਪੇ ਹੀ ਰਸ ਲੈਣ ਵਾਲਾ ਹੈ ਅਤੇ ਆਪੇ ਹੀ ਸਾਰੀਆਂ ਨੂੰ ਰਾਂਵਦਾ ਹੈ ਜਿਸ ਤਰਾਂ ਉਸ ਪ੍ਰਮੇਸ਼ਰ ਦੀ ਵਡਿਆਈ=ਇਛਾ ਹੈ॥ ਨ ਮਰਨ ਵਾਲਾ ਅਹਿੱਲ ਅਮੋਲਕ, ਵੱਡਾ ਓਹ ਸੱਚਾ ਪੂਰਿਆਂ ਗੁਰਾਂ ਦੁਆਰਾ ਪਾਈਦਾ ਹੈ॥ ਗੁਰੂ ਜੀ, ਤੂੰ ਆਪੇ ਹੀ ਸੰਤਾਂ ਦੇ ਸੰਜੋਗੀ=ਮਿਲਾਪ ਵਿਚ ਜੋੜਦਾ ਹੈਂ ਜੇ ਗੁਰੂ ਕਿਰਪਾ ਕਰਨ ਤੋ ਤਾਂ ਪ੍ਰਮੇਸਰ ਵਿਚ ਪ੍ਰੀਤੀ ਲਾਈਦੀ ਹੈ।

ਪਿਰ=ਪਤੀ। ਉਚੜੀਐ=ਉਚੀਆਂ। ਮਾੜੀਐ=ਮਹਲ ਮਾੜੀਆਂ।
ਅਨਹਦ=ਲਗਾਤਾਰ। ਅਗਾਜਾ=ਪ੍ਰਗਟ॥

**ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ॥**
**ਹਉ ਬਿਸਮ ਭਈ ਦੇਖਿ ਗੁਣਾ ਅਨਹਦਸਬਦ ਅਗਾਜਾ ਰਾਮ॥**

Digitized by Panjab Digital Library | www.panjabdigilib.org

ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥
ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ॥ ੪ ॥੧॥੩॥

ਹੇ ਪ੍ਰਮੇਸਰ ਤੇਰੀ ਉਚੀ ਅਟਾਰੀ ਸਤਸੰਗ ਹੈ ਤੂੰ ਤਿੰਨਾਂ ਲੋਕਾਂ ਦਾ ਸਿਰ ਛਤ੍ਰ ਹੈਂ ਮੈਂ ਤੇਰਿਆਂ ਗੁਣਾਂ ਨੂੰ ਵੇਖਕੇ ਹੈਰਾਨ ਹੋਈ ਹਾਂ ਤੂੰ ਲਗਾਤਾਰ ਸਾਰਿਆਂ ਵਿਚ ਮਿਲਿਆ ਹੋਇਆ ਹੈਂ। ਜਦੋਂ ਗੁਰਉਪਦੇਸ਼ ਦੇ ਵਿਚਾਰੀ ਹੋਏ ਤਾਂ ਕਰਨੀ ਚੰਗੀ ਹੋਈ ਫਿਰ ਤੇਰਾ ਨਾਮ ਰੂਪ ਪਰਵਾਨਾ ਮਿਲਿਆ। ਕਿਉਂਕਿ ਨਾਮ ਤੋਂ ਬਿਨਾਂ ਖੜੋਣ ਨੂੰ ਕੋਈ ਥਾਂ ਨਹੀ ਹੈ। ਜੇਹੜੇ ਤੇਰੇ ਨਾਮ ਕਰਕੇ ਵੈਰਾਗ ਵਾਲੇ ਹੋਏ ਹਨ ਓਹ ਸੰਸਾਰ ਵਿਚ ਮੰਨੇ ਗਏ ਹਨ ਓਹ ਜੰਮਦੇ ਮਰਦੇ ਨਹੀ ਓਹਨਾਂ ਪਾਸ ਗੁਰਉਪਦੇਸ਼ ਪਰਵਾਨਾ ਹੈ ਓਹ ਗੁਰਾਂਦੁਆਰੇ ਅਪਣੇ ਆਪ ਨੂੰ ਪਛਾਣਦੇ ਹਨ ਓਹਨਾਂ ਦੀ ਇਜ਼ਤ ਤੇ ਅਕਲ ਪੂਰੀ ਹੈ ਹੇ ਅਬਿਨਾਸ਼ੀ ਉਹ ਤੇਰੇ ਵਰਗੇ ਹੋਜਾਂਦੇ ਹਨ। ਅਥਵਾ ਹੇ ਮੇਰੇ ਮਾਲਕ ਦੇ ਰਹਿਣ ਵਾਲੀਓ ਉਚੀਓ ਅਟਾਰੀਓ ਭਾਵ ਉਚੀਆਂ ਅਟਾਰੀਆਂ ਵਿਚ ਰਹਿਣ ਵਾਲੀਓ ਮਨਮੁਖ ਹੰਕਾਰਨ ਇਸਤ੍ਰੀਓ ਮੇਰਾ ਮਾਲਕ ਤਿੰਨਾਂ ਲੋਕਾਂ ਦਾ ਸਿਰੋਮਣੀ ਹੈ ਮੈਂ ਉਸਦੇ ਗੁਣਾਂ ਨੂੰ ਵੇਖਕੇ ਹੈਰਾਨ ਹੋ ਗਈ ਹਾਂ ਉਸਦਾ ਸ਼ਬਦ (ਉਪਦੇਸ਼) ਲਗਾਤਾਰ ਪ੍ਰਗਟ ਹੋ ਰਿਹਾ ਹੈ ਜੀਵ ਰੂਪ ਇਸਤ੍ਰੀ ਜੇਹੜੀ ਉਸ ਸ਼ਬਦ ਦੇ ਵਿਚਾਰ ਕਰਨ ਵਾਲੀ ਉਸਦੀ ਕਰਨੀ ਚੰਗੀ ਹੈ ਪ੍ਰਮੇਸ਼ਰ ਦੇ ਨਾਮ ਦਾ ਉਸਦੇ ਉਤੇ ਨਿਸ਼ਾਨ ਹੈ ਓਹ ਨਾਮ ਕਰਕੇ ਪ੍ਰਗਟ (ਮਸ਼ਹੂਰ) ਹੈ ਮਨਮੁਖ ਜੇਹੜੇ ਨਾਮ ਤੋਂ ਬਿਨਾਂ ਖੋਟੇ ਹਨ ਓਨਾਂ ਨੂੰ ਖੜੋਣ ਨੂੰ ਕੋਈ ਥਾਂ ਨਹੀ ਹੈ।ਇਕ ਨਾਮ ਰਤਨ ਨਾਲ ਹੀ ਆਦਮੀ ਮੰਨਿਆਂ ਜਾਂਦਾ ਹੈ ਇਜ਼ਤ ਅਕਲ ਪੂਰੀ ਹੁੰਦੀ ਹੈ ਅਤੇ ਪੂਰਾ ਹੀ ਮੰਨਿਆਂ ਜਾਂਦਾ ਹੈ ਜੰਮਦਾ ਮਰਦਾ ਨਹੀ ਗੁਰੂ ਜੀ, ਜਿਕਰ ਦਾ ਮਾਲਕ ਅਬਿਨਾਸੀ ਹੈ ਉਸਨੂੰ ਗੁਰਾਂਦੁਆਰੇ ਆਪ ਹੀ ਜਾਣਿਆਂ ਜਾਂਦਾ ਹੈ।

## ਰਾਗ ਸੂਹੀ ਛੰਤ ਮਹਲਾ ੧ ਘਰੁ ੪

ੴ ਸਤਿਗੁਰਪ੍ਰਸਾਦਿ ॥

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨੁ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ

**ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥ ੧॥**

ਜਿਸਨੇ ਇਹ ਜਗਤ ਪੈਦਾ ਕੀਤਾ ਹੈ ਉਸਨੇ ਹੀ ਵੇਖਿਆ ਭਾਵ ਪਾਲਣਾ ਕੀਤੀ ਅਤੇ ਧੰਧਿਆਂ ਭਾਵ ਕੰਮਾਂ ਕਾਰਾਂ ਵਿਚ ਲਾਇਆ ਹੈ ॥ ਜਿਸ ਪ੍ਰਮੇਸਰ ਦੇ ਤਾਕਤ ਰੂਪ ਦਾਨ ਦੇਣ ਨਾਲ ਹੇ ਜੀਵ ਤੇਰੇ ਦਿਲ਼ ਵਿਚ ਚਾਨਣ ਹੋਇਆ ੮ ਹੈ ਸੋ ਐਉਂ ਜਾਣੋ ਜਿਕਰ ਸਰੀਰ ਵਿਚ ਚੰਦ ਦਾ ਚਾਨਣ ਪ੍ਰਕਾਸ਼ਿਆ ਹੈ। ਜਿਨਾਂ ਨੇ ਇਕੁਰ ਜਾਣਿਆ ਹੈ ਕਿ ਪ੍ਰਮੇਸ਼ਰ ਦੇ ਦਾਨ ਨਾਲ ਚੰਦ ਵਾਂਗ ਚਾਨਣ ਹੋਇਆ ਹੈ ਓਨਾਂ ਦਾ ਜੇਹੜਾ ਅਗਿਆਨ ਹਨੇਰਾ ਦੁਖਦਾਈ ਸੀ ਸਾਰਾ ਹੀ ਦੂਰ ਹੋਗਿਆ ਹੈ। ਗੁਣਾਂ ਰੂਪ ਜੰਞ ਮਾਲਕ ਦੇ ਨਾਲ ਸੋਭਾ ਪਾਂਦੀ ਹੈ ਭਾਵ ਚੰਗਿਆਂ ਗੁਣਾਂ ਦਾ ਦਿਲ ਵਿਚ ਧਿਆਨ ਹੈ। ਸਿਖ ਰੂਪ ਇਸਤ੍ਰੀਆਂ ਨੇ ਸਚੇ ਮਾਲਕ ਨੂੰ ਪਰਖਿਆ ਭਾਵ ਸਮਝ ਲਿਆ ਹੈ ਕਿ ਇਹ ਸਾਡਾ ਮਾਲਕ ਹੈ। ਓਨਾਂ ਦਾ ਸੋਭਾ ਨਾਲ ਵਿਆਹ ਹੋਇਆ ਭਾਵ ਮਾਲ਼ਕ ਦੇ ਨਾਲ ਮਿਲ ਗਈਆਂ ॥

ਇਸ ਇਕ ਤੁਕ ਦਾ ਅਰਥ ਪਿਛੇ ਹੋ ਚੁਕਾ ਹੈ ॥

**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ ਸਿਉ ਸੇ ਸਜਨ ਕਿਉ ਵੀਸਰਹਿ ॥ ਜਿਨ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗੁਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ੨ ॥**

ਮੈਂ ਇਕਰ ਦੇ ਸੰਤਾਂ ਤੋਂ ਬਲਿਹਾਰ ਹਾਂ ਜਿਨਾਂ ਦੀਆਂ ਦੁਨੀਆਂ ਵਿਚ ਹੋਰ ਹੀ ਤਰਾਂ ਦੀਆਂ ਰੀਤਾਂ ਹਨ ॥ ਏਸੇ ਲਈ ਇਹ ਸਰੀਰ ਉਨਾਂ ਦੇ ਨਾਲ ਮਿਲਾਇਆ ਹੈ ਜਿਨਾਂ ਸੰਤਾਂ ਨੂੰ ਮਨ ਦਿਤਾ ਹੈ ਅਤੇ ਨਾਮ ਲਿਆ ਹੈ। ਜਿਨਾਂ ਸੰਤਾਂ ਦਾ ਦਿਤਾ ਹੋਇਆ ਆਦਰ ਲਿਆ ਹੈ ਓਹ ਇਕੁਰ ਦੇ ਸਜਨ ਕਿਉਂ ਵਿਸਰ ਜਾਣ। ਜਿਨਾਂ ਮਿਤਾਂ ਦੇ ਵਲ ਆਇਆਂ ਜਾਂ ਨਜਰ ਆਉਣ ਨਾਲ ਅਤੇ ਮਨ ਵਿਚ ਬੜੀਆਂ ਖੁਸ਼ੀਆਂ ਹਨ ਓਨਾਂ ਨੂੰ ਦਿਲ ਦੇ ਨਾਲ ਫੜ ਰਖੀਏ ਭਾਵ ਮਨ ਤੋਂ ਨਾਂ ਭੁਲਾਈਏ। ਓਨਾਂ ਸੰਤਾਂ ਵਿਚ ਸਾਰੇ ਗੁਣ ਹੀ ਹਨ ਔਗੁਣ ਕੋਈ ਨਹੀਂ ਹੈ ਇਕੁਰ ਦੇ ਸੰਤਾਂ ਵਿਚ ਗੁਣ ਰੋਜ ਹੀ ਰੋਜ ਹੁੰਦੇ ਹਨ ॥ (ਇਸ ਇਕ ਤੁਕ ਦਾ ਅਰਥ ਹੋ ਚੁਕਾ ਹੈ)

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸ ਲਈਜੈ॥ ਜੇ ਗੁਣ ਹੋਵਨਿ**

Digitized by Panjab Digital Library | www.panjabdigilib.org

**ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ੩ ॥**

ਜੇ ਕਿਸੇ ਭੁਲੇ ਲੋਕ ਦਾ ਦਿਲ ਗੁਣਾਂ ਦਾ ਵਾਸਲ=ਡੱਬਾ ਹੋਵੇ ਤਾਂ ਉਸ ਵਿਚੋਂ ਕਢ ਕੇ ਚੰਗਿਆਂ ਗੁਣਾਂ ਦੀ ਸੁਗੰਧੀ ਲਈਏ ॥ ਜੇ ਆਪ ਪਾਸ ਗੁਣ ਹੋਣ ਤਾਂ ਸਜਣਾ ਨਾਲ ਮਿਲਕੇ ਸਾਂਝ ਕਰੀਏ ॥ ਗੁਣਾਂ ਦੀ ਸਾਂਝ ਕਰੀਏ ਔਗੁਣਾਂ ਨੂੰ ਛਡਕੇ ਪ੍ਰਮੇਸਰ ਦੇ ਰਸਤੇ ਵਲ ਚਲੀਏ ॥ ਗਿਆਨ ਰੂਪ ਰੇਸ਼ਮ ਦੇ ਕਪੜੇ ਪਹਿਰੀਏ, ਅਤੇ ਪਸ਼ਮ ਆਦਿਕ ਗੁਣਾਂ ਦਾ ਅਰੰਭ ਕਰਕੇ ਆਪਣਾ ਅਸਲੀ ਮਦਾਨ ਭਾਵ ਰਹਿਣ ਦੀ ਥਾਂ ਮਲੀਏ ॥ ਜਿਥੇ ਜਾਕੇ ਬੈਂਠੀਏ ਭਲਾ ਬਚਨ ਆਖੀਏ, ਵਾਸ਼ਨਾ ਰੂਪ ਬੂਰ ਨੂੰ ਹਟਾਕੇ ਆਤਮ ਅਨੰਦ ਅੰਮ੍ਰਿਤ ਨੂੰ ਪੀਵੀਏ ॥ (ਇਸ ਇਕ ਤੁਕ ਦਾ ਅਰਥ ਹੋ ਚੁਕਾ ਹੈ)

**ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾਕਉ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹੀਐ ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ੪ ॥ ੧ ॥ ੪ ॥**

ਸਭ ਕੁਛ ਪ੍ਰਮੇਸਰ ਆਪ ਹੀ ਕਰਦਾ ਹੈ ਹੋਰ ਕਿਸਨੂੰ ਆਖੀਏ ਜੋ ਕੁਛ ਕਰ ਦੇਵੇ ਹੋਰ ਕੋਈ ਇਕੁਰ ਕਰਨ ਨੂੰ ਸਮਰਥ ਨਹੀਂ ਹੈ ॥ ਆਖਣ ਉਸਨੂੰ ਜਾਈਏ ਜੇ ਓਹ ਭੁਲਾ ਹੋਵੇ ॥ ਜੇ ਓਹ ਭੁਲਾ ਹੋਵੇ ਤਾਂ ਜਾਕੇ ਆਖੀਏ ਵੀ ਓਹ ਤਾਂ ਆਪ ਹੀ ਸੰਸਾਰ ਦੇ ਕਰਨ ਵਾਲਾ ਹੈ ਓਹ ਕਿਉਂ ਭੁਲਦਾ ਹੈ ॥ ਓਹ ਸੁਣਨ ਤੋਂ ਵੇਖਣ ਤੋਂ, ਆਖਣ ਤੋਂ ਬਿਨਾ ਹੈ ਭਾਵ ਓਹ ਇਹਨਾਂ ਇੰਦ੍ਰੀਆਂ ਤੋਂ ਬਿਨਾ ਹੈ ਤੇ ਇਹਨਾਂ ਦਾ ਕੰਮ ਵੀ ਕਰ ਲੈਂਦਾ ਹੈ ਓਹ ਅਣਮੰਗਿਆ ਭਾਵ ਬਹੁਤ ਸਾਰਾ ਦਾਨ ਦੇਂਦਾ ਹੈ ॥ ਸਾਰਿਆਂ ਜੀਆਂ ਨੂੰ ਦਾਨ ਦੇਂਦਾ ਹੈ ਏਸੇ ਲਈ ਓਹ ਜਗਤ ਦਾ ਨਿਬੇੜਾ ਕਰਨ ਵਾਲਾ ਜਾਂ ਹਰ ਇਕ ਫਲ ਦੇ ਦੇਣ ਵਾਲਾ ਹੈ ਗੁਰੂ ਜੀ, ਓਹ ਸੱਚਾ ਹੈ ॥ (ਇਸ ਦਾ ਅਰਥ ਹੋ ਚੁਕਾ ਹੈ)

Digitized by Panjab Digital Library | www.panjabdigilib.org

## ਸੂਹੀ ਮਹਲਾ ੧

ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥ ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ ॥ ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ ॥ ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥

ਮੇਰਾ ਮਨ ਗੁਰ ਉਪਦੇਸ਼ ਵਿਚ ਰਤਾ ਹੋਇਆ ਪ੍ਰਮੇਸਰ ਦੇ ਗੁਣਾਂ ਨੂੰ ਉਚਾਰਦਾ ਹੈ ਅਤੇ ਓਹੋ ਪ੍ਰਮੇਸਰ ਮਨ ਨੂੰ ਚੰਗਾ ਲਗਦਾ ਹੈ ॥ ਜੇਹੜੀ ਗੁਰਾਂ ਦੇ ਉਪਦੇਸ਼ ਦੀ ਸੱਚੀ ਪੌੜੀ ਹੈ ਉਸ ਕਰਕੇ ਸੱਚਾ ਸੁਖ ਹੁੰਦਾ ਹੈ ॥ ਜੇ ਆਦਮੀ ਨੂੰ ਸੱਚਾ ਨਾਮ ਚੰਗਾ ਲਗੇ ਤਾਂ ਸਹਿਜੇ ਹੀ ਸੁਖ ਆਉਂਦਾ ਹੈ ਜੇਹੜੀ ਸਚ ਦੇ ਮਿਲਨ ਦੀ ਸਿਖਿਆ ਹੈ ਓਹ ਆਪਣਾ ਫਲ ਦੇਣ ਤੋਂ ਕਿਸਤਰਾਂ ਹਟ ਜਾਵੇ ਭਾਵ ਨਹੀਂ ਟਲਦੀ, ਸਚ ਸਮਝੋ ਸਚ ਨੂੰ ਮਿਲਾ ਦੇਂਦੀ ਹੈ ॥ ਤੀਰਥਾਂ ਵਿਚ ਪੁਰਬਾਂ ਦੇ ਇਸ਼ਨਾਨ ਕਰਨੇ, ਦਾਨ ਕਰਨਾ ਅਤੇ ਚੰਗਾ ਗਿਆਨ ਕਥਨ ਕਰਨਾ ਇਸ ਨਾਲ ਪ੍ਰਮੇਸਰ ਕਿਸਤਰਾਂ ਛਲਿਆ ਜਾਂਦਾ ਭਾਵ ਵਸ ਆਉਂਦਾ ਹੈ ਇਹ ਕੰਮ ਤਾਂ ਵਾਧੂ ਹਨ (ਓਹ ਪ੍ਰਮੇਸਰ ਅਛਲ ਹੈ) ॥ ਜੇਹੜੇ ਮੋਹ ਆਦਿਕ ਪੰਜ ਵਿਕਾਰ ਹਨ ਓਹ ਸਾਡੇ ਦਿਲ ਵਿਚੋਂ ਪਣ=ਚੰਗੀ ਤਰਾਂ ਦੂਰ ਹੋ ਗਏ ਭਾਵ ਥਕ ਗਏ ਹਨ ਅਤੇ ਝੂਠ ਤੇ ਕਪਟ ਇਹ ਦੋਵੇਂ ਵੀ ਨਹੀਂ ਰਹੇ ਹਨ । ਪਰਪੰਚ=ਸੰਸਾਰ ਦੇ ਛਲਾਂ ਦਾ ਨਾਮ ਵੀ ਹੈ॥ (ਇਸਦਾ ਅਰਥ ਹੋ ਚੁਕਾ ਹੈ)

ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ ॥ ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ ॥ ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ ॥ ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ ॥ ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ ॥ ੨ ॥

ਉਸ ਮਾਲਕ ਨੂੰ ਸਲਾਹੀਏ ਜਿਸਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ ॥ ਜਿਨਾਂ ਦਾ ਮਨ ਪਾਪਾਂ ਨਾਲ ਮੈਲਾ ਹੈ ਓਨਾਂ ਨੂੰ ਪਾਪਾਂ ਦੀ ਮੈਲ ਲਗੀ ਹੈ ਓਹ ਨਾਮ

Digitized by Panjab Digital Library | www.panjabdigilib.org

ਅੰਮ੍ਰਿਤ ਨੂੰ ਕਿਸਤਰਾਂ ਪੀਣ ਜਾਂ ਨਾਮ ਅੰਮ੍ਰਿਤ ਨੂੰ ਕਿਸੇ ਵਿਰਲੇ ਨੇ ਹੀ ਪੀਤਾ ਹੈ ॥ ਜੇਹੜੇ ਭਗਤ ਹਨ ਓਨਾਂ ਨੇ ਨਾਮ ਅੰਮ੍ਰਿਤ ਨੂੰ ਵਿੜਕਕੇ ਪੀਤਾ ਹੈ ਭਾਵ ਵਿਚਾਰਕੇ ਪਰ ਜਿਸ ਕਿਸੇ ਨੇ ਇਹ ਮਨ ਗੁਰਾਂ ਦੀ ਸੇਵਾ ਵਿਚ ਦਿਤਾ ਹੈ ਉਸਨੇ ਆਤਮ ਅਨੰਦ ਦਾ ਗੁਰਾਂ ਪਾਸੋਂ ਮੁਲ ਕਰਾਇਆ ਹੈ ॥ ਜਿਨਾਂ ਨੇ ਸਚੇ ਨਾਮ ਵਿਚ ਮਨ ਨੂੰ ਲਾਇਆ ਹੈ ਓਨਾਂ ਨੇ ਆਪਣਾ ਮਾਲਕ ਸਹਿਜੇ ਹੀ ਪਛਾਣ ਲਿਆ ਹੈ। ਉਸ ਗੁਰੂ ਦੇ ਨਾਲ ਮਿਲਕੇ ਤਾਂ ਪ੍ਰਮੇਸਰ ਦੇ ਗੁਣ ਗਾਵਾਂ ਜੇ ਉਸ ਗੁਰੂ ਨੂੰ ਚੰਗਾ ਲਗਾਂ ਫਿਰ ਉਸਨੂੰ ਇਹ ਪੁਛਾਂ ਕਿ ਹੇ ਗੁਰੂ ਜੀ ਜੇਹੜਾ ਪ੍ਰਮੇਸਰ ਪਰਾਇਆ ਹੋਯਾ ੨ ਹੈ ਉਸਦੇ ਨਾਲ ਮੈਂ ਕਿਸਤਰਾਂ ਮਿਲਾਂ॥ ਉਸ ਮਾਲਕ ਨੂੰ ਸਲਾਹੀਏ ਜਿਸਨੇ ਜਗਤ ਨੂੰ ਪੈਦਾ ਕੀਤਾ ਹੈ ॥

**ਆਇ ਗਇਆ ਕੀਨ ਆਇਓ ਕਿਉ ਆਵੈ ਜਾਤਾ ॥ ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ ॥ ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ ॥ ਪੰਚਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ ॥ ਹਮ ਅਵਗੁਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥ ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ ॥ ੨ ॥**

ਜਦੋਂ ਪ੍ਰਮੇਸਰ ਦਿਲ ਵਿਚ ਆਗਿਆ ਤਾਂ ਘਰ ਵਿਚ ਕੀ ਨਹੀ ਆਇਆ ਹੈ ਭਾਵ ਸਭਕੁਛ ਆਗਿਆ ਹੈ ਅਤੇ ਫਿਰ ਜਦ ਆਉਂਦਾ ਹੈ ਤਾਂ ਜਾਂਦਾ ਕਿਉਂ ਹੈ ਭਾਵ ਨਹੀ ਜਾਂ ਗਿਆਨ ਆਇਆ ਤਾਂ ਅਗਿਆਨ ਗਿਆ ਫੇਰ ਕੇਹੜਾ ਭਲਾ ਕੰਮ ਨਹੀ ਆਇਆ ਭਾਵ ਸਾਰਾ ਕੰਮ ਸਫਲ ਹੋ ਆਇਆ ਸਾਰੇ ਗੁਣ ਆ ਗਏ ਹੁਣ ਅਗਿਆਨ ਕਿਸਤਰਾਂ ਆਵੇ ਅਤੇ ਗਿਆਨ ਕਿਉਂ ਜਾਂਦਾ ਹੈ ਭਾਵ ਨਹੀ ਜਾਂਦਾ ਹੈ। ਜਿਸ ਗੁਰੂ ਦਾ ਮਨ ਪਿਆਰੇ ਪ੍ਰਮੇਸਰ ਦੇ ਨਾਲ ਮੰਨਿਆਂ ਹੈ ਉਸਦਾ ਮਨ ਪ੍ਰਮੇਸਰ ਦੇ ਪ੍ਰੇਮ ਵਿਚ ਰੰਗਿਆ ਹੈ। ਮਾਲਕ ਦੇ ਪ੍ਰੇਮ ਵਿਚ ਰਤਾ ਹੋਇਆ ਸਚੇ ਮਾਲਕ ਦੇ ਦਿਲਾਂ ਦੀਆਂ ਗੱਲਾਂ ਕਰਦਾ ਹੈ ਓਹ ਪ੍ਰਮੇਸਰ ਕਿਸਤਰਾਂ ਦਾ ਹੈ ਜਿਸਨੇ ਇਹ ਸਰੀਰ ਬਿੰਬ=ਪਾਣੀ ਦਾ ਕਿਲਾ ਬਣਾਇਆ ਹੈ। ਭਾ ਪਾਣੀ ਤੋਂ ਪੈਦਾ ਕੀਤਾ ਹੈ। ਮਾਤ ਪਿਤਾ ਦੀ ਰਕਤ ਉਪੰਨੇ। (ਓਹ ਪ੍ਰਮੇਸਰ ਕਿਸਤਰਾਂ ਦਾ ਹੈ) ਓਹ 'ਪੰਜ ਭੂ=ਧਰਤੀ ਆਦਿਕ ਤਤਾਂ' ਕਾ ਇਕੋ=ਮਾਲਕ ਹੈ ਓਹ ਆਪ ਹੀ ਪੈਦਾ ਕਰਦਾ ਹੈ ਜਿਸ ਸਚੇ ਨੇ ਸਰੀਰ ਦੀ ਬਣਾਵਟ ਦਾ ਬਣਾ ਬਣਾਇਆ ਹੈ ॥ ਹੇ ਮਾਲਕਾ ਅਸੀ ਔਗੁਣਾਂ ਵਾਲੇ ਹਾਂ ਹੇ ਮਾਲਕਾ ਸੁਣ ਜੋ ਤੈਨੂੰ ਚੰਗਾ ਲਗਦਾ ਹੈ ਓਹੋ ਹੀ ਸਚਾ ਹੈ ॥ ਉਸਦਾ ਆਉਣਾ ਜਾਣਾ

ਨਹੀਂ ਹੁੰਦਾ ਜਿਸਨੂੰ ਗੁਰਾਂ ਦੀ ਸਚੀ ਸਿਖਿਆ ਮਿਲੀ ਹੋਈ ਹੈ ॥

**ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ ॥ ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ ॥ ਆਪਿ ਜਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ ॥ ਕਰਮ ਸੁ ਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ॥ ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥ ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥ ੪ ।**

ਸੁਰਮਾਂ ਉਸਤਰਾਂ ਦਾ ਪਾਈਏ ਜਿਸਤਰਾਂ ਦਾ ਮਾਲਕ ਨੂੰ ਚੰਗਾ ਲਗੇ ਭਾਵ ਅਸਲੀ ਗਿਆਨ ਹੈ।ਜੇੜੇ ਸਮਝੇ ਹੋਏ ਸਿਆਣੇ ਸੰਤ ਹਨ ਜੇ ਓਨਾਂ ਦਾ ਸੰਗਚੰਗਾ ਲਗਜਾਵੇਤਾਂ ਪ੍ਰਮੇਸਰ ਨੂੰ ਜਾਣੀਦਾ ਹੈ ਪਰ ਜੇ ਪਰਮੇਸਰ ਆਪ ਕਿਰਪਾ ਕਰੇ ਤੇ ਤਾਂ ਜਣਾਏ ਫਿਰ ਜਾਣੀਦਾ ਹੈ ਜਾਂ ਇਹ ਆਪ ਜਣਾਵੇ ਤਾਂ ਅਸਲੀ ਗਲ ਨੂੰ ਸਮਝੇ ਤੇ ਫਿਰ ਇਹ ਪ੍ਰਮੇਸਰ ਨੂੰ ਜਾਣਦਾ ਹੈ ਭਾਵ ਅਦਮੀ ਤਾਂ ਹੀ ਸਮਝਦਾ ਹੈ ਜੇ ਪ੍ਰਮੇਸਰ ਕਿਰਪਾ ਕਰੇ। ਜਿਸਨੂੰ ਆਪ ਜਣਾਂਦਾ ਹੈ ਉਸਨੂੰ ਚੰਗੇ ਰਸਤੇ ਪਾਂਦਾ ਹੈ ਉਸਦਾ ਮਨ ਪ੍ਰਮੇਸਰ ਦੇ ਅਨੰਦ ਨੂੰ ਲੈਂਦਾ ਜਾਂ ਪ੍ਰਮੇਸਰ ਜੀਵ ਦਾ ਮਨ ਅਪਣੇ ਵਲ ਲਾ ਲੈਂਦਾ ਹੈ ਚੰਗੇ ਮੰਦੇ ਕੰਮ ਪ੍ਰਮੇਸਰ ਆਪ ਹੀ ਕਰਾਂਦਾ ਹੈ ਏਸੇ ਲਈ ਉਸ ਬਿਅੰਤ ਪ੍ਰਮੇਸਰ ਦੀ ਕੀਮਤ ਕੌਣ ਜਾਣਦਾ ਹੈ ਭਾਵ ਬੁਰਿਆਂ †ਕੰਮਾਂ ਨੂੰ ਨਹੀ ਕਰਨਾ ਚਾਹੀਦਾ ਤੇ ਭਲਿਆਂ ਨੂੰ ਕਰਨਾ ਚਾਹੀਦਾ ਹੈ ॥

ਹੇ ਜੀਆ ਜੇ ਤੈਨੂੰ ਪ੍ਰਮੇਸਰ ਦੇ ਮਿਲਨ ਦੀ ਲੋੜ ਹੈ ਤੇ ਤਾਂ ਇਕਰ ਬੇਨਤੀ ਕਰ ਹੇ ਗੁਰੂ ਜੀ, ਮੈਂ ਤੰਤ੍ਰ*ਮੰਤ੍ਰ ਪਖੰਡ ਨਹੀਂ ਜਾਣਦਾ ਤਾਂ ਭਾਵ ਪਖੰਡ ਕਰਨੇ ਨਹੀਂ ਜਾਣਦਾ ਜਿਨਾਂ ਦੇ ਦਿਲ ਵਿਚ ਪ੍ਰਮੇਸਰ ਹੈ ਜੇਹੜੇ ਪ੍ਰਮੇਸਰ ਦੇ ਪਿਆਰੇ ਹਨ ਓਨਾਂ ਨਾਲ ਹੀ ਮੇਰਾ ਮਨ ਮੰਨਿਆਂ ਹੈ।

---

†ਜੇ ਆਦਮੀ ਆਖੇ ਕਿ ਸਭ ਕੁਛ ਪ੍ਰਮੇਸ਼ਰ ਹੀ ਕਰਾਂਦਾ ਹੈ ਫਿਰ ਮੈਂ ਬੁਰਿਆਂ ਕੰਮਾਂ ਨੂੰ ਕਰੀ ਜਾਵਾਂ, ਨਹੀ ਇਹ ਜੀਵ ਦੀ ਭੁਲ ਹੈ ਪ੍ਰਮੇਸਰ ਨੇ ਬੁਰਿਆਂ ਕੰਮਾਂ ਤੋਂ ਰੋਕਿਆ ਹੈ, ਪਿਓ ਨੇ ਬਚੇ ਨੂੰ ਸਪ ਤੇ ਅਗ ਤੋਂ ਰੋਕਿਆ ਹੈ ਪਰ ਜੇ ਬਚਾ ਬੇਸਮਝੀ ਕਰਕੇ ਸਪ ਤੇ ਅਗ ਵਲ ਜਾਵੇ ਤਾਂ ਪਿਓ ਹਟਾਂਦਾ ਹੈ ਜੇ ਬੇਸਮਝੀ ਨਾਲ ਕਰੇ ਤੇ ਤਾਂ ਦੁਖ ਪਾਂਦਾ ਹੈ ਪਰਮੇਸਰ ਤਾਂ ਸਾਰਿਆਂ ਕੰਮਾਂ ਦੇ ਚਲਾਉਨ ਵਾਲਾ ਹੈ ਕਾਰਖਾਨਾ ਬਣਾਉਣ ਵਾਲਾ ਹੈ ॥

*ਤੰਤ੍ਰ=ਬਹੁਤੀਆਂ ਵਸਤੂਆਂ ਨੂੰ ਕਠਿਆਂ ਕਰਕੇ ਜੇਹੜਾ ਕੰਮ ਸਵਾਰਿਆ ਜਾਵੇ ਉਸਨੂੰ ਤੰਤ੍ਰ ਆਖਦੇ ਹਨ ਅਤੇ ਜੇਹੜਾ ਅੱਖਰਾਂ ਦਾ ਪਾਠ ਕਰਕੇ ਕੰਮ ਕੀਤਾ ਜਾਵੇ ਉਸਨੂੰ ਮੰਤ ਆਖਦੇ ਹਨ ॥

Digitized by Panjab Digital Library | www.panjabdigilib.org

ਜੇਹੜੇ ਗੁਰ ਉਪਦੇਸ਼ ਦੇ ਸੁਣਨ ਵਾਲੇ ਹੋਏ ਹਨ ਓਨਾਂ ਨੇ ਹੀ ਸਚੇ ਪ੍ਰਮੇਸਰਨੂੰ ਜਾਣਿਆ ਹੈ, ਨਾਮ ਦਾ ਸੁਰਮਾਂ ਜਿਨਾਂ ਦੀਆਂ ਅਕਲ ਅੱਖਾਂ ਵਿਚ ਪਿਆ ਹੈ ਓਨਾਂ ਨੂੰ ਆਪਣਾਂ ਆਪ ਭਾਵ ਪ੍ਰਮੇਸਰ ਸੁੱਝਦਾ ਹੈ ॥

**ਸਾਜਨ ਹੋਵਨਿ ਆਪਨੇ ਕਿਉ ਪਰ ਘਰ ਜਾਹੀ ॥ ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥ ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ ॥ ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ ॥ ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ ॥ ਸਾਜਨ ਰਾਗਿ ਰੰਗੀਲੜੇ ਰੰਗੁ ਲਾਲੁ ਬਣਾਇਆ ॥੫॥**

ਜਦੋਂ ਸੰਤ ਸਾਡੇ ਆਪਨੇ ਸੱਜਣ ਹੋਣ ਤਾਂ ਪਰਾਏ ਘਰ ਕਿਉਂ ਜਾਈਏ ਭਾਵ ਮੁਕਤੀ ਲੈਣ ਦੇਵੀ ਦੇਵਤਿਆਂ ਪਾਸ ਕਿਉਂ ਜਾਣਾਂ ਹੈ ਓਹ ਸੱਜਣ ਸੱਚਦੇ ਨਾਲ ਮਨ ਵਿਚ ਹੀ ਰੰਗੇ ਹੋਏ ਹਨ ॥ ਸੰਤ ਪ੍ਰਮੇਸਰ ਨੂੰ ਮਨ ਦੇ ਅੰਦਰ ਜਾਣਕੇ ਖੁਸ਼ੀਆਂ ਕਰਦੇ ਹਨ ਓਨਾਂ ਦਾ ਸਾਰਾ ਕਰਮ ਧਰਮ ਸਬਾਇਆ=ਬਹੁਤ ਤੋਂ ਬਹੁਤ ਹੁੰਦਾ ਹੈ ਜਾਂ ਸਾਰਾ ਸਫਲ ਹੈ ॥

"ਨਾਮ ਜਪਣ ਵਾਲਿਆਂ ਦਾ" ਅਠਾਠ ਤੀਰਥਾਂ ਦੇ ਨ੍ਹਾਉਣ ਦਾ ਪੁੰਨ ਵੀ ਹੋ ਚੁਕਾ ਹੈ ਭਾਵ ਓਨਾਂ ਕਰ ਲਿਆ ਹੈ ਅਤੇ ਪੂਜਾ ਵੀ ਸਾਰੀ ਕਰ ਲਈ ਹੈ ਜਿਨਾਂ ਦੇ ਦਿਲ ਵਿਚ ਸੱਚਾ ਨਾਮ ਚੰਗਾ ਲੱਗਾ ਹੈ ॥

ਦੁਨੀਆਂ ਨੂੰ ਪੈਦਾ ਵੀ ਆਪ ਕਰਦਾ ਹੈ, ਟਿਕਾਂਣਾ ਵੀ ਆਪ ਹੈ ਅਤੇ ਆਪ ਹੀ ਕੰਮਾਂ ਨੂੰ ਵੇਖਦਾ ਹੈ ਆਪ ਹੀ ਪਾਲਣਾ ਕਰਾਂਦਾ ਹੈ ਗੁਰਮੁਖਾਂ ਨੂੰ ਉਸਦਾ ਭਾਣਾ ਮੰਨਣਾ ਹੀ ਚੰਗਾ ਲਗਦਾ ਹੈ ॥ ਓਹ ਸੰਤ ਅਨੰਦ ਨਾਲ ਅਨੰਦਤ ਹਨ ਜਿੰਨਾਂ ਨੇ ਪਿਆਰੇ ਮਾਲਕ ਨਾਲ ਪ੍ਰੇਮ ਬਣਾਇਆ ਹੈ ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ । ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥ ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥ ੬ ॥**

ਜੇ ਅੰਨਾਂ ਰਾਹ ਦੱਸਣ ਵਾਲਾ ਬਣ ਬੈਠੇਗਾ ਤਾਂ ਓਹ ਆਪ ਸਿਧੇ ਰਸਤੇ ਨੂੰ ਕਿਸ-

Digitized by Panjab Digital Library | www.panjabdigilib.org

ਤਰਾਂ ਜਾਣੇਗਾ ਜਾਂ ਹੋਰਨਾ ਨੂੰ ਕੀ ਦਸੇਗਾ ॥ ਆਪ ਤਾਂ ਹੋਛੀ ਅਕਲ ਵਾਲਾ ਕਾਮ ਆਦਿਕ ਚੋਰਾਂ ਕਰਕੇ ਲੁਟਿਆ ਜਾ ਰਿਹਾ ਹੈ ਉਸਦੇ ਮਗਰ ਤੁਰਨ ਵਾਲਾ ਰਸਤੇ ਨੂੰ ਕਿਕੁਰ ਪਛਾਣੇਗਾ ॥ ਜਿਸ ਰਸਤੇ ਅਸਲੀ ਮਹਲ ਨੂੰ ਪਾਣਾ ਹੈ ਉਸ ਰਸਤੇ ਓਹ ਕਿਸਤਰਾਂ ਜਾਵੇਗਾ, ਅੰਨੇ ਦੀ ਸਿਖਿਆ ਤਾਂ ਅਕਲ ਵੀ ਅੰਨ੍ਹੀ ਹੈ ॥ ਪ੍ਰਮੇਸਰ ਦੇ ਨਾਮ ਤੋਂ ਬਿਨਾ ਕੁਛ ਨਹੀਂ ਦੀਂਹਦਾ ਹੈ ਇਸ ਲਈ ਅੰਨ੍ਹਾ ਬੁਰਿਆਂ ਕੰਮਾਂ ਵਿਚ ਡੁਬਾ ਹੋਇਆ ਹੈ ॥ ਜਿਨਾਂ ਨੂੰ ਸਤ ਸੰਗ ਦਾ ਚਾ ਪੈਦਾ ਹੋਇਆ ਹੈ ਅਤੇ ਗੁਰਉਪਦੇਸ਼ ਮਨ ਵਿਚ ਵਸਿਆ ਹੈ ਓਨਾਂ ਨੂੰ ਰਾਤ ਦਿਨ ਹੀ ਗਿਆਨ ਦਾ ਚਾਨਣਾ ਹੋਇਆ ਹੈ ॥ ਗੁਰੂ ਪਾਸ ਹਥ ਜੋੜਕੇ ਬਨਤੀ ਕਰ ਓਹ ਗੁਰੂ ਸਿੱਧਾ ਰਸਤਾ ਦਸਣਗੇ ॥

**ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰਿ ਆਇਆ॥ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥ ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥ ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥ ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ ੭ ॥**

ਇਹ ਮਨ ਉਦਾਸੀ ਹੋਕੇ ਜੇ ਪਰਦੇਸੀ ਬਣ ਜਾਵੇ ਤਾਂ ਸਾਰਾ ਦੇਸ ਪਰਾਇਆ ਹੈ ਭਾਵ ਪ੍ਰਮੇਸਰ ਦੀ ਦੁਨੀਆਂ ਜਾਣਕੇ ਅਪਣੀ ਮਾਲਕੀ ਛਡ ਦੇਵੇ ॥ ਮੈਂ ਦੁਖਾਂ ਦੀ ਗੰਢ ਕਿਸ ਪਾਸ ਖੋਲਾਂ ਭਾਵ ਦੁਖ ਦੱਸਾਂ ਜੋ ਸਾਰਾ ਜਗਤ ਹੀ ਦੁਖਾਂ ਦਾ ਭਰਿਆ ਹੋਇਆ ਆਇਆ ਹੈ ਭਾਵ ਸਾਰੇ ਆਦਮੀ ਹੀ ਦੁਖੀ ਹਨ ॥ ਸਾਰਾ ਜਗਤ ਦੁਖਾਂ ਦਾ ਭਰਿਆ ਹੋਇਆ ਆਇਆ ਹੈ ਇਸ ਲਈ ਦੁਖਾਂ ਨੂੰ ਦੂਰ ਕਰਨ ਦੀ ਗਲ ਪ੍ਰਮੇਸਰ ਬਿਨਾ ਕੌਣ ਜਾਣਦਾ ਹੈ (ਇਹ ਜੇਹੜੀ ਮੇਰੀ ਬਿਧੀ ਹੋਈ ੨ ਹੈ ਭਾਵ ਮੈਂ ਬਹੁਤ ਦੁਖੀ ਹਾਂ) ॥ ਜੰਮਣੇ ਮਰਣੇ ਤਾਂ ਬਹੁਤ ਹੀ ਡਰੌਣੇ ਹੋਇ ੨ ਹਨ ਚੁਰਾਸੀ ਵਿਚ ਫਿਰਨ ਦੀ ਟੋਟ ਨਹੀਂ ਆਉਂਦੀ ਹੈ ॥ ਜੇਹੜੇ ਨਾਮ ਤੋਂ ਬਿਨਾ ਹਨ ਓਹ ਖਾਲੀ ਅਤੇ ਨਿੰਮੋਝੂਣੇ ਭਾਵ ਨੀਵਾਂ ਧਿਆਨ ਕਰਕੇ ਖੜੋਤੇ ਹਨ ਓਨਾਂ ਨੂੰ ਸ਼ਰਮ ਆਉਂਦੀ ਹੈ ਓਨਾਂ ਨੂੰ ਗੁਰਾਂ ਨੇ ਉਪਦੇਸ਼ ਨਹੀਂ ਸੁਣਾਇਆ ਹੈ ॥ ਜੇਕਰ ਮਨ ਉਦਾਸ ਹੋਕੇ ਪਰਦੇਸੀ ਬਣੇ ਤੇ ਤਾਂ ਸਾਰਾ ਦੇਸ ਹੀ ਪਰਾਇਆ ਹੈ ਭਾਵ ਅਪਣੀ ਮਾਲਕੀ ਨ ਸਮਝੇ ਪਾਪ ਨ ਕਰੇ ਸਾਰਿਆਂ ਪਦਾਰਥਾਂ ਨੂੰ ਪਰਾਇਆ ਜਾਣੇ ॥

Digitized by Panjab Digital Library | www.panjabdigilib.org

**ਗੁਰਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ॥ ਸੇਵਕੁ ਸੇਵਾ ਤਾਂ ਕਰੇ ਸਚਸਬਦਿ ਪਤੀਣਾ॥ ਸਬਦੇ ਪਤੀਜੈ ਅੰਕੁ ਭੀਜੈ ਸੁਮਹਲੁ ਮਹਲਾ ਅੰਤਰੇ॥ ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥ ਗੁਰਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ॥ ਗੁਰਮਹਲੀ ਘਰਿ ਆਪਣੈ ਸੋ ਭਰਿ ਪੁਰਿ ਲੀਣਾ॥ ੮॥**

ਗੁਰਾਂ ਦੁਆਰੇ ਜਿਸ ਸਿਖ ਇਸਤ੍ਰੀ ਨੇ ਉਸ ਮਾਲਕ ਨੂੰ ਘਰ ਦਿਲ ਵਿਚ ਜਾਣਿਆ ਹੈ ਓਹ ਪੂਰੇ ਮਾਲਕ ਨਾਲ ਮਿਲ ਗਈ ਹੈ॥ ਜਦੋਂ ਮਨ ਸੱਚੇ ਉਪਦੇਸ਼ ਵਿਚ ਪਤੀਜ ਭਾਵ ਬਹੁਤ ਹੀ ਲਗ ਜਾਵੇ ਤੇ ਤਾਂ ਸੇਵਕ ਸੇਵਾ ਕਰ ਸਕਦਾ ਹੈ ਭਾਵ ਉਸਦੀ ਸੇਵਾ ਕਰਨੀ ਸਫਲ ਹੋ ਸਕਦੀ ਹੈ॥ ਜੇ ਗੁਰ ਉਪਦੇਸ਼ ਵਿਚ ਮਨ ਪਤੀਜ ਜਾਵੇ ਤਾਂ ਮਨ=ਦਿਲ ਪ੍ਰੇਮ ਵਿਚ ਭਿੱਜਦਾ ਹੈ ਤਾਂ ਓਹ ਮਾਲਕ ਨੂੰ ਅਪਣੇ ਮਹਲ=ਸਰੀਰ ਦੇ ਅੰਦਰ ਹੀ ਜਾਣਦਾ ਹੈ॥ ਆਪ ਕਰਤਾ ਦੁਨੀਆਂ ਨੂੰ ਪੈਦਾ ਕਰਦਾ ਹੈ ਓਹੋ ਮਾਲਕ ਆਪ ਹੀ ਲਗਾਤਾਰ ਸਾਰਿਆਂ ਦਾ ਅੰਤ ਭਾਵ ਨਾਸ ਕਰਦਾ ਹੈ ਜਾਂ ਓੜਕ ਨੂੰ ਸਾਰਿਆਂ ਵਿਚ ਲਗਾਤਾਰ ਹੈ॥ ਇਸ ਆਦਮੀ ਨੂੰ ਜੇ ਗੁਰਾਂ ਦੇ ਉਪਦੇਸ਼ ਕਰਕੇ ਉਸ ਮਾਲਕ ਦਾ ਮੇਲਾ ਹੋ ਜਾਵੇ ਤਾਂ ਸੁਖੀ ਹੁੰਦਾ ਹੈ ਤਾਂ ਇਸਦੇ ਦਿਲ ਵਿਚ ਪ੍ਰਮੇਸਰ ਦੇ ਯਾਦ ਕਰਨ ਦਾ ਵਾਜਾ ਲਗਾਤਾਰ ਰਾਤ ਦਿਨ ਵਜਦਾ ਹੈ॥ ਗੁਰਾਂ ਦੀ ਕਿਰਪਾ ਨਾਲ ਜਿਸ ਇਸਤ੍ਰੀ ਨੇ ਆਪਣੇ ਦਿਲ ਵਿਚ ਉਸ ਮਾਲਕ ਨੂੰ ਪੂਰਨ ਮਿਲਿਆ ਹੋਇਆ ਜਾਣਿਆਂ ਹੈ ਭਾਵ ਜਿਸ ਮਹਿਲੀ=ਇਸਤ੍ਰੀ ਨੇ ਦਿਲ ਵਿਚ ਜਾਣਿਆ ਹੈ ਓਹ ਉਸ ਪੂਰਨ ਮਾਲਕ ਨਾਲ ਮਿਲ ਗਈ ਹੈ॥

**ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥ ਤਾਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ॥ ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥ ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥ ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥ ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥ ੯॥ ੨॥ ੫॥**

ਇਹ ਜੇਹੜਾ ਆਦਮੀ ਪ੍ਰਮੇਸਰ ਦਾ ਬਣਾਇਆ ਹੋਇਆ ਹੈ ਇਸ ਨੂੰ ਕੀ ਸਲਾਹੀਏ ਉਸ ਜੇਹੜਾ ਜੀਆਂ ਨੂੰ ਬਣਾਂਦਾ ਹੈ ਓਹੋ ਹੀ ਜੀਆਂ ਦੇ ਕੰਮਾਂ ਨੂੰ ਵੇਖਦਾ ਹੈ॥

Digitized by Panjab Digital Library | www.panjabdigilib.org

ਪ੍ਰਮੇਸਰ ਦੀ ਕੀਮਤ ਨਹੀਂ ਪੈਂਦੀ ਹੈ ॥ ਭਾਵ ਕੋਈ ਪ੍ਰਾਣੀ ਚਾਹੇ ਤਾਂ ਵੀ ਨਹੀਂ ਪੈਂਦੀ ਹੈ ਕੀਮਤ ਨੂੰ; ਓਹ ਪਾਂਦਾ ਹੈ ਜਿਸ ਨੂੰ ਪ੍ਰਮੇਸਰ ਆਪ ਜਣਾਂਦਾ ਹੈ ਓਹ ਪ੍ਰਮੇਸਰ ਆਪ ਭੁੱਲਣ ਵਾਲਾ ਨਹੀਂ ਹੈ ॥ ਹੇ ਪ੍ਰਮੇਸਰ ਜੇਹੜੇ ਗੁਣਾਂ ਦੇ ਅਮੋਲਕ ਉਪਦੇਸ਼ ਕਰਕੇ ਤੈਨੂੰ ਲੋੜਦੇ ਹਨ ਓਨਾਂ ਦੀ ਜੈ ਜੈ ਕਾਰ ਲੋਕ ਤਿਨਾਂ ਲੋਕਾਂ ਵਿਚ ਹੀ ਕਰਦੇ ਹਨ ਜਾਂ ਜੇਹੜੇ ਤੈਨੂੰ ਚੰਗੇ ਲਗਦੇ ਹਨ ॥ ਮੈਂ ਗੁਣਾਂ ਤੋਂ ਖਾਲੀ ਹਾਂ ਏਸੇ ਲਈ ਨੀਵਾਂ ਹੋਕੇ ਬੇਨਤੀ ਕਰਦਾ ਹਾਂ ਹੇ ਪ੍ਰਮੇਸਰਾ ਤੇਰਾ ਸੱਚਾ ਨਾਮ ਨ ਛੱਡਾਂ ਮੈਨੂੰ ਇਹ ਗੱਲ ਦੇ (ਹੇ ਭਰਾ ਪ੍ਰਮੇਸਰ ਪਾਸ ਬੇਨਤੀ ਕਰ) ਗੁਰੂ ਜੀ, ਜਿਸ ਪ੍ਰਮੇਸਰ ਨੇ ਇਸ ਆਦਮੀ ਨੂੰ ਬਣਾਕੇ ਇਸ ਦੇ ਕੰਮਾਂ ਨੂੰ ਵੇਖਿਆ ਹੈ ਜੇਹੜੀ ਓਹ ਅਕਲ ਦੇਵੇ ਓਹੋ ਹੀ ਲੈਣੀ ਚੰਗੀ ਹੈ ਜਾਂ ਓਹੋ ਹੀ ਅਕਲ ਦੇਂਦਾ ਹੈ ॥

## ਰਾਗ ਸੂਹੀ ਛੰਤ ਮਹਲਾ ੩ ਘਰੁ ੨

### ੴ ਸਤਿਗੁਰ ਪ੍ਰਸਾਦਿ ॥

**ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿਫਲੁ ਪਾਵਹੁ ॥ ਗੁਰਮੁਖਿ ਫਲੁ ਪਾਵਹੁ ਹਰਿਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥ ਹਰਿਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖਫਲ ਹਰਿਜਨ ਪਾਵਹੁ ॥ ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥ ੧ ॥**

ਹੇ ਭਰਾਓ ਪ੍ਰਮੇਸਰ ਨੂੰ ਯਾਦ ਕਰੋ ਤੁਸੀ ਸੁਖ ਤੇ ਜਸ ਪਾਓਗੇ ਅਤੇ ਗੁਰਾਂ ਦੁਆਰੇ ਪ੍ਰਮੇਸਰ ਪ੍ਰਾਪਤੀ ਦਾ ਫਲ ਪਾਓਗੇ ॥
ਗੁਰਮੁਖੋ ਪ੍ਰਮੇਸਰ ਦੇ ਨਾਮ ਨੂੰ ਧਿਆਓ ਫਲ ਪਾਓਗੇ ਜਿਨਾਂ ਨੇ ਧਿਆਇਆ ਹੈ ਓਨਾਂ ਨੇ ਜਨਮਾਂ ੨ ਦੇ ਦੁਖ ਦੂਰ ਕੀਤੇਹਨ ॥ ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸਨੇ ਸਾਰੇ ਕਾਰਜ ਸਵਾਰੇ ਹਨ ॥ ਹੇ ਪਿਆਰਿਓ ਪ੍ਰਮੇਸਰ ਨੂੰ ਜਪੋ ਤਾਂ ਪ੍ਰਮੇਸਰ ਮਾਲਕ ਕਿਰਪਾ ਕਰੇਗਾ ਹੇ ਪ੍ਰਮੇਸਰ ਦੇ ਦਾਸੋ ਤਾਂ ਇਸਦਾ ਫਲਸੁਖ ਪਾਓਗੇ । ਗੁਰੂ ਜੀ, ਸੁਣੋ ਓਇ ਭਰਾਓ ਦਾਸੋ ਜੇ ਪ੍ਰਮੇਸਰ ਨੂੰ ਧਿਆਓਗੇ ਤਾਂ ਸੁਖ ਤੇ

Digitized by Panjab Digital Library | www.panjabdigilib.org

ਜਸ ਮਿਲੇਗਾ ॥

ਸੁਣਿ ਹਰਿਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥ ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਨ ਭਉ ਭਾਗਾ ॥ ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵਲਾਗਾ ॥ ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿਗੁਣ ਗਾਏ ॥ ਸੁਣਿ ਮਨ ਭੀਨੇ ਸਹਜਿਸੁਭਾਏ ॥੨ ॥

ਜੇਹੜੇ ਪ੍ਰਮੇਸਰ ਦੇ ਗੁਣ ਸੁਣਕੇ ਪ੍ਰੇਮ ਵਿਚ ਭਿਜੇ ਹਨ ਓਹ ਸਹਿਜੇ ਹੀ ਸੁਭਾਇਮਾਨ ਹੋਏ ਹਨ ਅਤੇ ਗੁਰ ਸਿਖਿਆ ਨੂੰ ਲੈਕੇ ਸਹਿਜੇ ਹੀ ਨਾਮ ਨੂੰ ਧਿਆਉਂਦੇ ਹਨ ॥ ਪਰ ਜਿਨਾਂ ਨੂੰ ਮੁਢ ਤੋਂ ਹੀ ਚੰਗਾ ਕਰਮ ਲਿਖਿਆ ਹੈ ਓਹਨਾਂ ਨੂੰ ਗੁਰੂ ਮਿਲਿਆ ਹੈ ਅਤੇ ਓਨਾਂ ਦਾ ਹੀ ਜਨਮ ਮਰਨ ਦਾ ਡਰ ਦੌੜ ਗਿਆ ਹੈ ॥ ਜਿਸ ਆਦਮੀ ਨੇ ਦਿਲ ਵਿਚੋਂ ਦ੍ਵੈਤ ਨਾਸ ਕੀਤੀ ਹੈ ਓਹ ਆਦਮੀ ਪ੍ਰਮੇਸਰ ਦੀ ਪ੍ਰੀਤੀ ਵਿਚ ਲਗਾ ਹੈ ॥ ਜਿਨਾਂ ਦੇ ਉਤੇ ਮੇਰੇ ਮਾਲਕ ਨੇ ਕਿਰਪਾ ਕੀਤੀ ਹੈ ਉਸਨੇ ਰਾਤ ਦਿਨ ਪ੍ਰਮੇਸਰ ਦੇ ਗੁਣ ਗਾਏ ਹਨ। ਪ੍ਰਮੇਸਰ ਦੇ ਗੁਣਾਂ ਨੂੰ ਸੁਣ ਕੇ ਜਿਨਾਂ ਦੇ ਮਨ ਆਦਿਕ ਇੰਦ੍ਰੇ ਪੇਮ ਵਿਚ ਭਿਜੇ ਹਨ ਓਹ ਸਹਿਜੇ ਹੀ ਸੋਭਾ ਵਾਲੇ ਹੋਏ ਹਨ ॥

ਜੁਗ ਮਹਿ ਰਾਮਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥ ਗੁਰਸਬਦੁ ਵੀਚਾਰਾ ਰਾਮਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥ ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲ ਵਿਖ ਸਭਿ ਗਵਾਏ ॥ ਸਭੁਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ੩ ॥

ਕਲਜੁਗ ਵਿਚ ਤਾਂ ਪ੍ਰਮੇਸਰ ਦੇ ਨਾਮ ਕਰਕੇ ਹੀ ਤਰਨਾ ਹੁੰਦਾ ਹੈ ॥ ਪਰ ਗੁਰਉਪਦੇਸ਼ ਕਰਕੇ ਪ੍ਰਮੇਸਰ ਦਾ ਵਿਚਾਰ ਰਿਦੇ ਵਿਚ ਪ੍ਰਗਟ ਹੁੰਦਾ ਹੈ ॥ ਜਿਨਾਂ ਨੇ ਗੁਰਾਂ ਦਾ ਉਪਦੇਸ਼ ਵਿਚਾਰਿਆ ਹੈ ਓਨਾਂ ਨੂੰ ਪ੍ਰਮੇਸਰ ਦਾ ਨਾਮ ਪਿਆਰਾ ਲੱਗਦਾ ਹੈ ਪਰ ਜਿਸਨੂੰ ਕਿਰਪਾ ਕਰਦਾ ਹੈ ਓਹ ਗੁਰ ਸ਼ਬਦ ਨੂੰ ਪਾਂਦਾਹੈ ॥ ਓਹ ਸਹਿਜੇ ਦਿਨ ਰਾਤ ਗੁਣ ਗਾਂਦਾ ਹੈ ਏਸੇ ਲਈ ਉਸਨੇ ਸਾਰੇ ਪਾਪ ਦੂਰ ਕਰ ਲਏ ਹਨ ॥ ਹੇ ਪ੍ਰਮੇਸਰਾ ਹਰ ਕੋਈ ਤੇਰਾ ਦਾਸ ਹੈ ਤੂੰ ਸਾਰਿਆਂ ਦਾ ਮਾਲਕ ਹੈਂ ਮੈਂ ਤੇਰਾ ਦਾਸ ਹਾਂ ਤੂੰ ਮੇਰਾ ਮਾਲਕ ਹੈਂ ॥ ਇਸ ਇਕ ਤੁਕ ਦਾ ਅਰਥ ਹੋ ਚੁਕਾ ਹੈ

Digitized by Panjab Digital Library | www.panjabdigilib.org

ਸਾਜਨ ਆਇਵੁਠੇ ਘਰ ਮਾਹੀ ॥ ਹਰਿਗੁਣ ਗਾਵਹਿ ਤ੍ਰਿਪਤਿ ਅਘਾਹੀ॥ਹਰਿਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਇ॥ ਦਹਦਿਸਿ ਪੂਜ ਹੋਵੈ ਹਰਿਜਨ ਕੀ ਜੋ ਹਰਿ ਹਰਿ ਨਾਮੁ ਧਿਆਇ ॥ ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥ ਸਾਜਨ ਅ ਇ ਵੁਠੇ ਘਰ ਮਾਹੀ ॥ ੪ ॥ ੧ ॥

ਜਿਨ੍ਹਾਂ ਦੇ ਘਰ ਦਿਲ ਵਿਚ ਪ੍ਰਮੇਸਰ ਸੱਜਣ ਆ ਵਸਿਆ ਹੈ ਓਹ ਪ੍ਰਮੇਸਰ ਦੇ ਗੁਣ ਗਾਕੇ ਬਹੁਤ ਹੀ ਰੱਜ ਗਏ ਹਨ ॥ ਪ੍ਰਮੇਸਰ ਦੇ ਗੁਣ ਗਾਕੇ ਸਦਾ ਹੀ ਰਜੇ ਹੋਏ ਹਨ ਫਿਰ ਓਨਾਂ ਨੂੰ ਆਕੇ ਭੁਖ ਨਹੀਂ ਲੱਗਦੀ ਹੈ। ਉਸ ਪ੍ਰਮੇਸਰ ਪਿਆਰੇ ਦੀ ਦਸਾਂ ਦਿਸ਼ਾਂ ਵੱਲ ਪੂਜਾ ਹੁੰਦੀ ਹੈ ਜੇਹੜਾ ਪ੍ਰਮੇਸਰ ਦਾ ਨਾਮ ਧਿਆਉਂਦਾ ਹੈ ॥ ਗੁਰੂ ਜੀ, ਪ੍ਰਮੇਸਰ ਆਪ ਹੀ ਆਪਣੇ ਨਾਲ ਮੇਲਦਾ ਹੈ ਅਤੇ ਆਪੇ ਹੀ ਜੀਆਂ ਨੂੰ ਆਪਣੇ ਨਾਲੋਂ ਵਿਛੋੜਦਾ ਹੈ ਕਿਉਕਿ ਪ੍ਰਮੇਸਰ ਤੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ। ਇਸਦਾ ਅਰਥ ਹੋ ਚੁਕਾ ਹੈ ॥

## ਰਾਗੁ ਸੂਹੀ ਮਹਲਾ ੩ ਛੰਤ ਘਰੁ ੩

## ੧ ੴ ਸਤਿਗੁਰਪ੍ਰਸਾਦਿ ॥ 768

ਭਗਤਜਨਾ ਕੀ ਹਰਿਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥ ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ॥ ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥ ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ॥ ਨਾਨਕ ਭਗਤਿ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧ ॥

Digitized by Panjab Digital Library | www.panjabdigilib.org

ਜੇਹੜਾ ਪ੍ਰਮੇਸਰ ਜੁਗਾਂ ਜੁਗਾਂ ਵਿਚ ਭਗਤਾਂ ਦੀ ਇੱਜ਼ਤ ਰੱਖਦਾ ਆਇਆ ਹੈ ਓਹ ਹੁਣ ਵੀ ਰੱਖਦਾ ਹੈ॥ ਜਿਸਦਾ ਗੁਰਾਂ ਵੱਲ ਮੂੰਹ ਹੋਵੇ ਭਾਵ ਆਗਿਆ ਮੰਨਦਾ ਹੋਵੇ ਸੇਵਾ ਕਰਦਾ ਹੋਵੇ ਅਤੇ ਗੁਰਉਪਦੇਸ਼ ਕਰਕੇ ਹੰਕਾਰ ਨੂੰ ਸਾੜਿਆ ਹੈ ਓਹ ਭਗਤ ਹੈ॥ ਜਿਸਨੇ ਗੁਰ ਉਪਦੇਸ਼ ਕਰਕੇ ਹੰਕਾਰ ਨੂੰ ਸਾੜਿਆ ਹੈ ਓਹ ਮੇਰੇ ਪ੍ਰਮੇਸਰ ਨੂੰ ਚੰਗਾ ਲਗਾ ਹੈ ਉਸ ਪ੍ਰਮੇਸਰ ਦੀ ਬਾਣੀ=ਬਣੌਟ ਦੁਨੀਆਂ ਦੀ ਚੰਗੀ ਹੈ ਜਾਂ ਆਗਿਆ ਚੰਗੀ ਹੈ ਜਾਂ ਜਿਸ ਭਗਤ ਦੀ ਬਾਣੀ ਸੱਚੀ ਹੈ ਓਹ ਭਗਤ ਪ੍ਰਮੇਸਰ ਨੂੰ ਚੰਗਾ ਲੱਗਦਾ ਹੈ॥

ਭਗਤਾਂ ਦੀ ਰੀਤੀ ਸਚੀ ਹੈ ਕਿਉਂ ਜੋ ਇਨਾਂ ਦੇ ਮਨ ਨੂੰ ਨਿਰਮਲ ਕਰਨ ਵਾਲਾ ਸਚਾ ਨਾਮ ਚੰਗਾ ਲਗਾ ਹੈ ਗੁਰੂ ਜੀ, ਜਿਨਾਂ ਭਗਤਾਂ ਨੇ ਸਚੋਸਚ ਕਮਾਇਆ ਹੈ ਭਾਵ ਭਜਨ ਕੀਤਾ ਹੈ ਓਹ ਭਗਤ ਪ੍ਰਮੇਸਰ ਦੇ ਸਾਧ ਸੰਗਤ ਵਿਚ ਸੋਹਣੇ ਲਗਦੇ ਹਨ॥

**ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ॥ ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗੁਣ ਪਛਾਣੇ ਰਾਮ॥ ਗੁਣ ਅਵਗੁਣ ਪਛਾਣੈ ਹਰਿਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ॥ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰਹੀ ਮਹਿ ਬੈਰਾਗੀ॥ ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ-ਜੀਉ ਵੇਖਹਿ ਸਦਾ ਨਾਲੇ॥ ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮਾਲੇ॥੨॥**

ਭਗਤਾਂ ਦੀ ਜਾਤ ਤੇ ਇਜ਼ਤ ਪ੍ਰਮੇਸਰ ਹੀ ਹੈ ਭਗਤ ਪ੍ਰਮੇਸਰ ਦੇ ਵਿਚ ਸਮਾਏ ਰਹਿੰਦੇ ਹਨ। ਪ੍ਰਮੇਸਰ ਦੀ ਭਗਤੀ ਕਰਦੇ ਹਨ ਅਤੇ ਮਨ ਵਿਚੋਂ ਹੰਕਾਰ ਨੂੰ ਦੂਰ ਕਰਦੇ ਹਨ ਪ੍ਰਸ਼ਨ ਓਹ ਕੌਣ ਹਨ? ਉਤਰ—ਜਿਨਾਂ ਮਹਾਤਮਾਂ ਨੇ ਗੁਣ ਔਗੁਣ ਅਪਣੇ ਰਿਦੇ ਦੇ ਪਛਾਣੇ ਹਨ ਭਾਵ ਔਗੁਣਾਂ ਨੂੰ ਛਡਕੇ ਗੁਣ ਧਾਰੇ ਹਨ ਗੁਣਾਂ ਔਗੁਣਾਂ ਨੂੰ ਪਛਾਣਕੇ ਜੇਹੜੇ ਪ੍ਰਮੇਸਰ ਦੇਨਾਮ ਨੂੰ ਆਖਦੇ ਹਨ ਓਹ ਡਰ ਵਿਚ ਰਹਿੰਦੇ ਹਨ ਅਤੇ ਓਨਾਂ ਨੂੰ ਇਕੋ ਹੀ ਭਗਤੀ ਮਿਠੀ ਲਗੀ ਹੈ। ਦਿਨੇ ਰਾਤ ਲਗਾ ਤਾਰ ਭਗਤੀ ਕਰਦੇ ਹਨ ਘਰ ਦੇ ਵਿਚ ਰਹਿਕੇ ਹੀ ਵੈਰਾਗੀ ਰਹਿੰਦੇ ਹਨ॥

ਭਗਤੀ ਵਿਚ ਰਤੇ ਹਨ ਏਸੇ ਲਈ ਓਨਾਂ ਦਾ ਮਨ ਸਦਾ ਸਾਫ ਹੈ ਪ੍ਰਮੇਸਰ ਨੂੰ ਸਦਾ ਹੀ ਨਾਲ ਦੇਖਦੇ ਹਨ॥ ਗੁਰੂ ਜੀ, ਜੋ ਰਾਤ ਦਿਨ ਨਾਮ ਨੂੰ ਸੰਭਾਲਦੇ ਹਨ ਓਹ ਭਗਤ ਪ੍ਰਮੇਸਰ ਦੇ ਦਰਵਾਜੇ ਸਚੇ ਹਨ॥

Digitized by Panjab Digital Library | www.panjabdigilib.org

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥ ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ॥ ਮਰਿ ਜਨਮਹਿ ਦੁਖੁ ਹੋਈ .ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ॥ ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ॥ ਕੋਟਿ ਮਧੇ ਕਿਨੈ ਪਛਾ-ਣਿਆ ਹਰਿਨਾਮਾ ਸਚੁ ਸੋਈ॥ ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ॥ ੩॥

ਮਨਮੁਖ ਗੁਰਾਂ ਦੇ ਉਪਦੇਸ ਬਿਨਾ ਭਗਤੀ ਕਰਦੇ ਹਨ ਪਰ ਗੁਰੂ ਬਿਨਾਂ ਪ੍ਰਮੇਸਰ ਦੀ ਭਗਤੀ ਨਹੀਂ ਹੁੰਦੀ ਹੈ॥ ਹੰਕਾਰ ਮਾਇਆ ਦਾ ਰੋਗ ਹੈ ਮਨਮੁਖ ਜਿਸ ਵਿਚ ਚੰਬੜੇ ਰਹਿੰਦੇ ਹਨ ਏਸੇ ਲਈ ਓਹ ਮਰਦੇ ਜੰਮਦੇ ਹਨ ਓਨਾਂ ਨੂੰ ਦੁਖ ਹੁੰਦਾ ਹੈ॥ ਮਰਦਿਆਂ ਜੰਮਦਿਆਂ ਨੂੰ ਦੁਖ ਹੁੰਦਾ ਹੈ ਇਕੁਰ ਹੀ ਦ੍ਵੈਤ ਨੇ ਪਰਜਾ ਖਰਾਬ ਕੀਤੀ ਹੈ ਕਿਉਂ ਜੋ ਗੁਰਾਂ ਤੋਂ ਬਿਨਾ ਅਸਲ ਗੱਲ ਨੂੰ ਨਹੀ ਜਾਣਿਆਂ ਜਾਂਦ ਹੈ॥ ਭਗਤੀ ਤੋਂ ਬਿਨਾਂ ਸਾਰਾ ਜਗ ਭਰਮਿਆ ਹੈ ਓੜਕ ਨੂੰ ਜਦੋਂ ਅੱਗੇ ਗਿਆ ਤਾਂ ਪਛ-ਤਾਪ ਕਰੇਗਾ॥ ਜੇਹੜਾ ਸਚਾ ਪ੍ਰਮੇਸਰ ਦਾ ਨਾਮ ਹੈ ਇਸਨੂੰ ਕਰੋੜਾਂ ਵਿਚੋਂ ਕਿਸੇ ਨੇ ਹੀ ਪਛਾਣਿਆ ਹੈ॥ ਗੁਰੂ ਜੀ,ਜੇਹੜੇ ਨਾਮ ਵਿਚ ਮਿਲੇ ਹਨ ਓਨਾਂ ਨੂੰ ਵਡਿਆਈ ਮਿਲਦੀ ਹੈ, ਦੂਸਰੇ ਭਾਵ ਵਾਲਿਆਂ ਨੇ ਇਜ਼ਤ ਨਾਸ ਕਰਾ ਲਈ ਹੈ॥

ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ॥ ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ॥ ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ॥ ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ॥ ਹਰਿਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ॥ ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ॥ ੪॥੧॥ ੧॥

ਭਗਤਾਂ ਦੇ ਘਰ ਵਿਚ ਸੱਚਾ ਕਾਰਜ ਹੈ ਭਾਵ ਪ੍ਰਮੇਸਰ ਨਾਲ ਮਿਲਨ ਦਾ ਵਿਆਹ ਹੈ ਓਹ ਪ੍ਰਮੇਸਰ ਦੇ ਗੁਣ ਸਦਾ ਹੀ ਆਖਦੇ ਰਹਿੰਦੇ ਹਨ॥ ਓਨਾਂ ਨੂੰ ਭਗਤੀ ਦਾ

Digitized by Panjab Digital Library | www.panjabdigilib.org

ਖਜਾਨਾ ਪ੍ਰਮੇਸਰ ਨੇ ਆਪ ਹੀ ਦਿਤਾ ਹੈ ਓਹ ਕਾਲ ਦੁਖਦਾਈ ਨੂੰ ਮਾਰਕੇ ਪ੍ਰਮੇਸਰ ਵਿਚ ਸਮਾ ਗਏ ਹਨ ॥ ਓਹ ਪ੍ਰਮੇਸਰ ਦੇ ਮਨ ਨੂੰ ਚੰਗੇ ਲੱਗੇ ਹਨ ਓਨਾਂ ਨੇ ਸੱਚਾ ਨਾਮ ਖਜ਼ਾਨਾ ਪਾਇਆ ਹੈ ਓਹ ਦੁਖਦਾਈ ਕਾਲ ਨੂੰ ਮਾਰਕੇ ਪ੍ਰਮੇਸਰ ਦੇ ਵਿਚ ਮਿਲੇ ਹਨ ॥ ਓਹ ਨਾਮ ਖਜਾਨਾ ਸਦਾ ਅਖੁਟ ਹੈ ਕਦੇ ਵੀ ਨਹੀਂ ਘਟਦਾ ਹੈ ਓਹ ਪ੍ਰਮੇਸਰ ਦਾ ਦਿਤਾ ਹੋਇਆ ਹੈ ਏਸੇ ਲਈ ਲੈਣ ਵਾਲਾ ਆਦਮੀ ਸਹਿਜੇ ਹੀ ਸੋਹਣਾ ਹੋਇਆ ਹੈ ॥ ਗੁਰੂ ਜੀ, ਪ੍ਰਮੇਸਰ ਨੇ ਬਖਸ਼ਕੇ ਆਪਣੇ ਨਾਲ ਮਿਲਾ ਲਏ ਹਨ ਓਨਾਂ ਭਗਤਾਂ ਨੇ ਜੁੱਗਾਂ ੨ ਵਿਚ ਸੋਭਾ ਨੂੰ ਪਾਇਆ ਹੈ ॥

## ਸੂਹੀ ਮਹਲਾ ੩

**ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥**
**ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥**
**ਸਚੁ ਰਖਿਆ ਉਰਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ॥**
**ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥**
**ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥**
**ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥ ੧ ॥**

ਸਚ ਸਮਝੋ ਕਿ ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਜਸ ਹੁੰਦਾ ਹੈ ਓਹ ਉਪਦੇਸ਼ ਓਥੇ ਹੈ ਜਿਥੇ ਸੱਚੇ ਨਾਮ ਦਾ ਵਿਚਾਰ ਹੁੰਦਾ ਹੈ ॥ ਜਿਨਾਂ ਨੇ ਸੱਚੇ ਪ੍ਰਮੇਸਰ ਨੂੰ ਰਿਦੇ ਵਿਚ ਧਾਰ ਰੱਖਿਆ ਹੈ ਓਨਾਂ ਨੇ ਆਪਣੇ ਹੰਕਾਰ ਪਾਪ ਸਾਰੇ ਕੱਟ ਦਿੱਤੇ ਹਨ ॥ ਜਿਨਾਂ ਨੇ ਸੱਚ ਨੂੰ ਦਿਲ ਵਿਚ ਧਾਰ ਰੱਖਿਆ ਹੈ ਓਨਾਂ ਨੂੰ ਪ੍ਰਮੇਸਰ ਨੇ ਔਖੇ ਸੰਸਾਰ ਸਮੁੰਦਰ ਤੋਂ ਤਾਰਿਆ ਹੈ ਜਦ ਮਨੁਖਾ ਜਨਮ ਬੀਤ ਗਿਆ ਤਾਂ ਫੇਰ ਸੰਸਾਰ ਸਮੁੰਦਰ ਤੋਂ ਤਰਨਾ ਨਹੀਂ ਹੋਵੇਗਾ ਭਾਵ ਤਰਨ ਦਾ ਸਮਾ ਮਨੁਖਾ ਜਨਮ ਹੈ ॥ ਜਿਸ ਨੇ ਸੱਚੇ ਪ੍ਰਮੇਸਰ ਨੂੰ ਵਿਖਾਲਿਆ ਹੈ ਓਹ ਸਚਾ ਸਤਿਗੁਰੂ ਹੈ ਅਤੇ ਉਸਦੀ ਸੱਚੀ ਬਾਣੀ ਭਾਵ ਉਪਦੇਸ਼ ਹੈ ॥ ਜੇਹੜਾ ਸਚੇ ਦੇ ਗੁਣਾਂ ਨੂੰ ਗਾਵੇਗਾ ਓਹ ਸਚੇ ਵਿਚ ਸਮਾਵੇਗਾ ਓਹ ਸਾਰਿਆਂ ਵਿਚ ਪ੍ਰਮੇਸਰ ਨੂੰ ਵੇਖੇਗਾ ॥ ਗੁਰੂ ਜੀ, ਓਹ ਸੱਚਾ ਮਾਲਕ ਹੈ ਉਸਦੀ ਸਚੀ ਵਡਿਆਈ ਹੈ ਜੇ ਉਸ ਸਚੇ ਵਿਚ ਮਨ ਲਗ ਜਾਵੇ ਤੇ ਤਾਂ ਤਰਨਾ ਹੋਵੇਗਾ ॥

**ਸਾਚੇ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥**
**ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥**

Digitized by Panjab Digital Library | www.panjabdigilib.org

ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥ ਜੋਤੀਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥ ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥ ੨ ॥

ਸਚੇ ਗੁਰੂ ਨੇ ਸਚੇ ਪ੍ਰਮੇਸਰ ਨੂੰ ਸਮਝਾਇਆ ਹੈ ਓਹੋ ਹੀ ਸਚਾ ਪ੍ਰਮੇਸਰ ਇਜ਼ਤ ਰੱਖਣ ਵਾਲ਼ਾ ਹੈ ॥ ਭੋਜਨ ਸਚਾ ਭਾਵ ਸਚ ਦਾ ਆਸਰਾ ਹੈ ਪ੍ਰੇਮ ਭੀ ਸਚਾ ਹੈ ਸਚੇ ਪ੍ਰਮੇਸਰ ਨੂੰ ਪਾਕੇ ਸੁਖ ਹੋਇਆ ਹੈ । ਪ੍ਰਮੇਸਰ ਦੇ ਸਚੇ ਨਾਮ ਕਰਕੇ ਜਿਨਾਂ ਨੂੰ ਸੁਖ ਹੋਇਆ ਹੈ ਓਨ੍ਹਾਂ ਵਿਚੋਂ ਕੋਈ ਮਰਦਾ ਨਹੀਂ ਹੈ ਅਤੇ ਗਰਭ ਜੂਨੀ ਵਿਚ ਵੀ ਨਹੀਂ ਵੱਸਦਾ ਹੈ ॥ ਉਸਦੀ ਚੇਤਨਤਾ ਪ੍ਰਮੇਸਰ ਨੇ ਅਪਨੀ ਚੇਤਨਤਾ ਨਾਲ ਮਿਲ਼ਾਈ ਹੈ ਅਤੇ ਉਸਦੀ ਹੀ ਸਚ ਵਿਚ ਸਮਾਈ ਹੋਈ ਹੈ ਜਿਨਾਂ ਨੂੰ ਗੁਰਾਂ ਨੇ ਸ਼ਚੇ ਨਾਮ ਦਾ ਚਾਨਣ ਕੀਤਾ ਹੈ ॥
ਜਿਨਾਂ ਨੇ ਸੱਚ ਨੂੰ ਜਾਤਾ ਹੈ ਓਹ ਸੱਚੇ ਹੋਏ ਹਨ ਓਹ ਰਾਤ ਦਿਨ ਸਚੇ ਨੂੰ ਯਾਦ ਕਰਦੇ ਹਨ ॥ ਗੁਰੂ ਜੀ, ਜਿਨਾਂ ਦੇ ਰਿਦੇ ਵਿਚ ਸੱਚਾ ਨਾਮ ਵਸਿਆ ਹੈ ਓਹ ਪ੍ਰਮੇਸਰ ਤੋਂ ਵਿਛੜਕੇ ਦੁਖ ਨਹੀਂ ਪਾਂਦੇ ਹਨ ॥

ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥ ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥ ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥ ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥ ੩ ॥

ਓਨਾਂ ਦੀ ਸੱਚੀ ਬਾਨੀ ਹੈ ਓਹ ਸਚੇ ਦੇ ਗੁਣ ਗਾਉਂਦੇ ਹਨ ਓਨਾਂ ਦੇ ਦਿਲ ਵਿਚ ਪ੍ਰਮੇਸਰ ਦਾ ਜਸ ਹੁੰਦਾ ਹੈ ॥ ਓਹ ਆਪ ਸਾਫ ਹਨ ਤੇ ਗੁਣ ਵੀ ਸਚੇ ਹਨ ਤਨ ਮਨ ਵੀ ਸੱਚਾ ਹੈ ਓਨਾਂ ਦੇ ਮਨ ਵਿਚ ਸਚਾ ਮਾਲਕ ਵਸਿਆ ਹੈ ॥
ਸਾਰਿਆਂ ਥਾਵਾਂ ਵਿਚ ਸੱਚਾ ਪ੍ਰਮੇਸਰ ਵਰਤਦਾ ਹੈ ਏਸੇ ਲਈ ਓਹ ਸੱਚ ਬੋਲਦੇ ਹਨ ਜੇਹੜਾ ਸੱਚਾ ਪ੍ਰਮੇਸਰ ਕਰਦਾ ਹੈ ਓਹੋ ਹੀ ਗਲ ਹੁੰਦੀ ਹੈ ॥ ਜਿਥੇ ਵੇਖਾਂ ਓਥੇ ਹੀ ਸੱਚਾ ਫੈਲਿਆ ਹੋਇਆ ਹੈ ਹੋਰ ਕੋਈ ਦੂਸਰਾ ਨਹੀਂ ਹੈ ॥ ਇਹ ਆਦਮੀ

Digitized by Panjab Digital Library | www.panjabdigilib.org

ਸਚੇ ਤੋਂ ਪੈਦਾ ਹੋਏ ਹਨ ਅਤੇ ਸਚੇ ਵਿਚ ਹੀ ਸਮਾ ਜਾਂਦੇ ਹਨ ਜਿਤਨਾ ਚਿਰ ਦ੍ਵੈਤ ਭਾਵ ਹੈ ਓਨਾਂ ਚਿਰ ਮਰਨਾ ਜੰਮਣਾ ਹੁੰਦਾ ਹੈ ॥ ਗੁਰੂ ਜੀ, ਸਭ ਕੁਛ ਆਪ ਹੀ ਕਰਦਾ ਹੈ ਅਤੇ ਆਪ ਹੀ ਜੀਆਂ ਪਾਸੋਂ ਕਰਾਉਂਦਾ ਹੈ ॥

## ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥ ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥ ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥ ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥ ਸਾਚਿ ਰਤੇ ਭਗਤਿ ਇਕ ਰੰਗੀ ਦੂਜਾ ਰੰਗੁ ਨ ਕੋਈ॥ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩

ਜੇਹੜੇ ਪ੍ਰਮੇਸਰ ਨੂੰ ਸੱਚਾ ਸੱਚਾ ਆਖਦੇ ਹਨ ਓਹ ਸਚੇ ਭਗਤ ਦਰਬਾਰ ਵਿਚ ਸੋਹਣੇ ਲੱਗਦੇ ਹਨ॥ ਓਨਾਂ ਦੇ ਦਿਲ ਅੰਦਰ ਸੱਚੀ ਬਾਣੀ ਨਾਮ ਹੈ ਅਤੇ ਸਚੇ ਪ੍ਰਮੇਸਰ ਨੂੰ ਆਪਣਾ ਆਪ ਪਛਾਣਦੇ ਹਨ ॥ ਜੇਹੜੇ ਪਹਿਲੇ ਆਪਣੇ ਆਪ ਨੂੰ ਪਛਾਣਦੇ ਹਨ ਕਿ ਮੈਂ ਕੀ ਹਾਂ ਓਹ ਸੱਚ ਨੂੰ ਜਾਣਦੇ ਹਨ ਪਰ ਇਹ ਸੋਝੀ ਸਚੇ ਗੁਰੂ ਤੋਂ ਹੁੰਦੀ ਹੈ ॥ ਓਨਾਂ ਦਾ ਉਪਦੇਸ਼ ਸੱਚਾ ਹੈ ਸੋਭਾ ਵੀ ਸੱਚੀ ਹੈ ਓਨਾਂ ਨੂੰ ਸੁਖ ਵੀ ਸੱਚਾ ਹੋਇਆ ਹੈ ਜੇਹੜੇ ਸਚੇ ਵਿਚ ਰੰਗੇ ਹਨ ਓਹ ਭਗਤ ਇਕ ਆਤਮ ਅਨੰਦੀ ਹਨ ਓਨਾਂ ਨੂੰ ਦੂਸਰਾ ਕੋਈ ਅਨੰਦ ਨਹੀਂ ਹੈ ॥ ਗੁਰੂ ਜੀ, ਜਿਸਦੇ ਮੱਥੇ ਉਤੇ ਚੰਗਾ ਲੇਖ ਲਿਖਿਆ ਹੈ ਉਸਨੂੰ ਸੱਚਾ ਸੁਖ ਹੁੰਦਾ ਹੈ ॥

### ਸੂਹੀ ਮਹਲਾ ੩

## ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ॥ ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥ ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ॥ ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥ ੧ ॥

ਜੇ ਚਹੁੰ ਜੁੱਗਾਂ ਵਿਚ ਸਿੱਖ ਇਸਤ੍ਰੀ ਭੌਂਦੀ ਫਿਰੇ ਤਾਂ ਵੀ ਗੁਰੂ ਤੋਂ ਬਿਨਾ ਪ੍ਰਮੇਸਰ ਪ੍ਰਾਪਤੀ ਦਾ ਸੁਹਾਗ ਭਾਵ ਸੁਖ ਨਹੀਂ ਹੋਵੇਗਾ ॥ ਜਿਸ ਪ੍ਰਮੇਸਰ ਦਾ ਸਦਾ ਇਸਥਿਤ ਰਹਿਣ ਵਾਲਾ ਰਾਜ ਹੈ ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ॥

Digitized by Panjab Digital Library | www.panjabdigilib.org

ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ਓਹ ਸਦਾ ਸੱਚਾ ਹੈ ਗੁਰਾਂਦੁਆਰੇ ਉਸਨੂੰ ਇਕ ਜਾਣਿਆ ਹੈ॥ ਜਿਸਦਾ ਗੁਰਾਂ ਦੀ ਸਿਖਿਆ ਵਿਚ ਮਨ ਮੰਨਿਆਂ ਹੈ ਉਸ ਜੀਵ ਇਸਤ੍ਰੀ ਦਾ ਪ੍ਰਮੇਸਰ ਨਾਲ ਮੇਲਾ ਹੋਇਆ ਹੈ ॥ ਜਦੋਂ ਸਤਿਗੁਰੂ ਮਿਲਿਆ ਤਾਂ ਪ੍ਰਮੇਸ਼ਰ ਦਾ ਨਾਮ ਪਾਇਆ ਨਾਮ ਤੋਂ ਬਿਨਾ ਕਿਸੇ ਦੀ ਵੀ ਮੁਕਤੀ ਨਹੀਂ ਹੋਈ ਹੈ॥ ਗੁਰੂ ਜੀ, ਜਿਸਦਾ ਮਨ ਨਾਮ ਜਪਣ ਵਿਚ ਮੰਨਿਆਂ ਹੈ ਓਹ ਸਿਖ ਇਸਤ੍ਰੀ ਮਾਲਕ ਨੂੰ ਰਾਉਂਦੀ ਭਾਵ ਮਿਲਕੇ ਅਨੰਦ ਮਾਣਦੀ ਹੈ॥

**ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥ ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥ ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ॥ ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ॥ ਗੁਰਮੁਖਿ ਪ੍ਰਭੁ ਰਾਵੇ ਦਿਨ ਰਾਤੀ ਆਪਣਾ ਸਾਚੀ ਸੋਭਾ ਹੋਈ॥ ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥**

ਹੇ ਬੇਸਮਝ ਇਸਤ੍ਰੀ ਗੁਰਾਂ ਦੀ ਸੇਵਾ ਕਰ ਜੇਹੜਾ ਪ੍ਰਮੇਸਰ ਮਾਲਕ ਹੈ ਉਸਨੂੰ ਤੂੰ ਪਾ ਲਵੇਂਗੀ॥ ਫਿਰ ਤੂੰ ਸਦਾ ਸੁਹਾਗ ਵਾਲੀ ਹੋਵੇਂਗੀ ਤੈਨੂੰ ਵਿਛੋੜਾ ਨਹੀਂ ਹੋਵੇਗਾ ਅਤੇ ਫੇਰ ਤੇਰਾ ਮੈਲਾ ਵੇਸ ਨਹੀਂ ਹੋਵੇਗਾ ਭਾਵ ਭੈੜੇ ਕਰਮਾਂ ਵਾਲੀ॥
ਫੇਰ ਤੇਰਾ ਮੈਲਾ ਵੇਸ ਭਾਵ ਭੈੜੇ ਕਰਮ ਨਹੀਂ ਹੋਣਗੇ ਪਰ ਜਦੋਂ ਗੁਰਾਂ ਦੁਆਰੇ ਪ੍ਰਮੇਸ਼ਰ ਨੂੰ ਜਾਣ ਲਵੇਂਗੀ, ਅਥਵਾ, ਜਦੋਂ ਕੋਈ ਗੁਰਮੁਖ ਜਾਣ ਲਵੇ, ਪਰ ਓਦੋਂ ਜਦੋਂ ਕਿ ਹਉਮੈ=ਹੰਕਾਰ ਨੂੰ ਮਾਰਨਾਂ ਜਾਣੇ, ਭਾਵ ਹੰਕਾਰ ਨਾਸ ਕਰੇ ॥
ਜੇਹੜੀ ਗੁਰਉਪਦੇਸ਼ ਵਿਚ ਸਮਾਈ ਹੈ ਉਹ ਚੰਗਿਆਂ ਕਰਮਾਂ ਦੀ ਕਾਰ ਕਮਾਂਦੀ ਹੈ ਅਤੇ ਅੰਦਰ ਬਾਹਰ ਇਕ ਮਾਲਕ ਨੂੰ ਹੀ ਜਾਣਿਆਂ ਹੈ ॥ ਜੋ ਗੁਰਾਂ-ਦੁਆਰੇ ਅਪਣੇ ਮਾਲਕ ਪਤੀ ਨੂੰ ਦਿਨੇ ਰਾਤ ਰਾਉਂਦੀ ਹੈ ਉਸਦੀ ਸੋਭਾ ਸੱਚੀ ਹੁੰਦੀ ਹੈ॥ ਗੁਰੂ ਜੀ, ਜੇਹੜੀ ਇਸਤ੍ਰੀ ਅਪਣੇ ਮਾਲਕ ਨਾਲ ਮਿਲਕੇ ਅਨੰਦ ਮਾਣਦੀ ਹੈ ਓਹ ਇਹ ਸਮਝਦੀ ਹੈ ਕਿ ਜੇਹੜਾ ਪ੍ਰਮੇਸਰ ਸਾਰੇ ਮਿਲਿਆ ਹੋਇਆ ਹੈ ਓਹੋ ਹੀ ਮੇਰਾ ਮਾਲਕ ਹੈ॥

**ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿਵਰ ਦੇਇ ਮਿਲਾਏ ਰਾਮ॥ ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ॥ ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥**

Digitized by Panjab Digital Library | www.panjabdigilib.org

**ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥**
**ਹਰਿ ਸੁਖ ਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥**
**ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥ ੩ ॥**

ਹੇ ਬੇ ਸਮਝ ਇਸਤ੍ਰੀਏ ਤੂੰ ਗੁਰਾਂ ਦੀ ਦੱਸੀ ਹੋਈ ਕਾਰ ਕਰ ਓਹ ਗੁਰੂ ਤੈਨੂੰ ਪ੍ਰਮੇਸਰ ਮਾਲਕ ਮਿਲਾ ਦੇਣਗੇ ॥ ਜੇਹੜੀ ਇਸਤ੍ਰੀ ਪ੍ਰਮੇਸਰ ਦੇ ਪ੍ਰੇਮ ਵਿਚ ਰੰਗੀ ਹੈ ਓਹ ਪ੍ਰਮੇਸਰ ਪਤੀ ਨਾਲ ਮਿਲਕੇ ਸੁਖ ਪਾਂਦੀ ਹੈ ॥ ਓਹ ਮਾਲਕ ਨਾਲ ਮਿਲਕੇ ਸੁਖ ਪਾਂਦੀ ਹੈ ਉਸਦੀ ਨਜਰ ਵਿਚ ਸਾਰਿਆਂ ਥਾਵਾਂ ਵਿਚ ਸੱਚ ਹੀ ਵਰਤਦਾ ਹੈ ਅੰਤ ਅੰਤ ਨੂੰ ਓਹ ਸਚੇ ਮਾਲਕ ਨਾਲ ਮਿਲ ਜਾਂਦੀ ਹੈ ॥ ਜੇਹੜੀ ਇਸਤ੍ਰੀ ਦਿਨੇ ਰਾਤ ਸੱਚਾ ਸਿੰਗਾਰ ਕਰਦੀ ਹੈ ਓਹ ਸਚੇ ਮਾਲਕ ਨਾਲ ਮਿਲਦੀ ਹੈ ॥ ਜੇਹੜਾ ਮਾਲਕ ਸੁਖ ਦਾਤਾ ਹੈ ਉਸਨੂੰ ਜਿਸਨੇ ਗੁਰ ਉਪਦੇਸ਼ ਕਰਕੇ ਪਛਾਣਿਆ ਹੈ ਉਸ ਇਸਤ੍ਰੀ ਨੇ ਮਾਲਕ ਨੂੰ ਗਲ ਨਾਲ ਲਾ ਲਿਆ ਹੈ ॥ ਗੁਰੂ ਜੀ,ਜੇਹੜੀ ਸਿਖ ਇਸਤ੍ਰੀ ਗੁਰਾਂ ਦੀ ਸਿਖਿਆ ਕਰਕੇ ਅਪਣੇ ਮਹਲ=ਮਾਲਕ ਨੂੰ ਪਛਾਣਦੀ ਹੈ ਉਸਨੇ ਮਾਲਕ ਨੂੰ ਪਾਇਆ ਹੈ ॥

**ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥**
**ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ॥**
**ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ॥ ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ॥**
**ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ॥**
**ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈਨਿਧਿ ਪਾਈ॥ ੪॥੩॥**

ਓਹ ਬੇ ਸਮਝ ਇਸਤ੍ਰੀ ਮੁਢ ਤੋਂ ਹੀ ਮੇਲੀ ਹੋਈ ਸੀ ਭਾਵ ਪਿਛੇ ਭਗਤੀ ਕਰਦੀ ਆਈ ਹੈ ਜੇਹੜੀ ਮੇਰੇ ਮਾਲਕ ਨੇ ਅਪਣੇ ਨਾਲ ਮਿਲਾ ਲਈ ਹੈ॥ ਜਦੋਂ ਗੁਰਾਂ ਦੀ ਸਿਖਿਆ ਨਾਲ ਦਿਲ ਵਿਚ ਚਾਨਣ ਹੋਇਆ ਤਾਂ ਸਾਰਿਆਂ ਥਾਵਾਂ ਵਿਚ ਮਾਲਕ ਨੂੰ ਮਿਲਿਆ ਜਾਣਿਆ ॥ ਮਾਲਕ ਤਾਂ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ ਜਦੋਂ ਚੰਗੇ ਲਿਖੇ ਅਨੁਸਾਰ ਗੁਰੂ ਪਾਇਆ ਤਾਂ ਮਨ ਵਿਚ ਸਿਖਿਆ ਵਸਾਈ ॥ ਜਿਸਨੇ ਸਚੇ ਗੁਣਾਂ ਦਾ ਸਿੰਗਾਰ ਬਣਾਇਆ ਹੈ ਓਹ ਇਸਤ੍ਰੀ ਮਾਲਕ ਨੂੰ ਚੰਗੀ ਲੱਗੀ ਹੈ ਉਸਦੀ ਦਿਲ ਸੇਜ ਸੁਖਾਲੀ ਹੋਈ ਹੈ ਓਹ ਇਸਤ੍ਰੀ ਨਿਰਮਲ ਹੋਈ ਹੈ ਜਿਸਨੇ ਹੰਕਾਰ ਮੈਲ ਨਾਸ ਕੀਤੀ ਹੈ ਗੁਰਾਂ ਦੀ ਸਿਖਿਆ ਕਰਕੇ ਉਸ ਦੀ ਸੱਚ ਵਿਚ ਸਮਾਈ ਹੋਈ ਹੈ ॥ ਗੁਰੂ ਜੀ,

Digitized by Panjab Digital Library | www.panjabdigilib.org

ਜਿਸਨੇ ਨਾਮ ਜਪਕੇ ਨੌ ਨਿਧੀ ਮੁਕਤੀ ਪਾਈ ਹੈ ਓਹ ਇਸਤ੍ਰੀ ਆਪਣੇ ਵਿਚ ਕਰਤੇ ਮਾਲਕ ਨੇ ਮਿਲਾਈ ਹੈ ॥

## ਸੂਹੀ ਮਹਲਾ ੩

ਹਰਿਹਰੇ ਹਰਿਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ ॥ ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥ ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿਗੁਣ ਗਾਵਹੁ ਨਾਰੀ ॥ ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ ॥ ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ॥ ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ॥ ੧ ॥

ਉਹ ਮਾਲਕ ਦੇ ਗੁਣ ਗਾਓ, ਗੁਰਮੁਖਾਂ ਨੇ ਮਾਲਕ ਦੇ ਗੁਣ ਗਾਕੇ ਮਾਲਕ ਨੂੰ ਪਾਇਆ ਹੈ ॥ ਰਾਤ ਦਿਨ ਮਾਲਕ ਦਾ ਜਸ ਆਖੋ ਜਿੰਨਾਂ ਮਾਲਕ ਨੂੰ ਜਪਿਆ ਹੈ ਓਨਾਂ ਨੂੰ ਮਾਲਕ ਦਿਸ ਪਿਆ ਹੈ (ਅਨਹਦ=ਲਗਾਤਾਰ) ਜਿੰਨਾਂ ਨੇ ਲਗਾਤਾਰ ਪ੍ਰਮੇਸਰ ਨੂੰ ਯਾਦ ਕੀਤਾ ਹੈ ਓਨਾਂ ਦੇ ਦਿਲ ਵਿਚ ਮਾਲਕ ਆਇਆ ਹੈ ਸੋ ਹੇ ਸਿਖ ਇਸਤ੍ਰੀਓ ਮਾਲਕ ਦੇ ਗੁਣ ਗਾਓ ॥ ਜੇਹੜੀ ਰਾਤ ਦਿਨ ਸੇਵਾ ਕਰਦੀ ਹੈ ਗੁਰਾਂ ਦੀ ਆਗਿਆ ਨਾਲ ਓਹ ਇਸਤ੍ਰੀ ਮਾਲਕ ਨੂੰ ਪਿਆਰੀ ਹੈ ॥ ਜਿੰਨਾਂ ਦੇ ਦਿਲ ਅੰਦਰ ਗੁਰ ਉਪਦੇਸ ਵਸਿਆ ਹੈ ਓਹ ਆਦਮੀ ਗੁਰ ਉਪਦੇਸ਼ ਕਰਕੇ ਸੋਹਣੇ ਬਣੇ ਹਨ ॥

ਗੁਰੂ ਜੀ, ਓਨਾਂ ਦੇ ਘਰ=ਦਿਲ ਵਿਚ ਪ੍ਰਮੇਸਰ ਕਿਰਪਾ ਕਰਕੇ ਆਇਆ ਹੈ ਇਸ ਲਈ ਓਨਾ ਦੇ ਮਨ ਵਿਚ ਸਦਾ ਅਨੰਦ ਹੋਇਆ ਹੈ ॥

ਭਗਤਾ ਮਨਿ ਆਨੰਦੁ ਭਇਆ ਹਰਿਨਾਮਿ ਰਹੇ ਲਿਵਲਾਇ ਰਾਮ ॥ ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿਗੁਣ ਗਾਏ ਰਾਮ ॥ ਨਿਰਮਲ ਗੁਣ ਗਾਏ ਨਾਮੁ ਮਨਿ ਵਸਾਏ ਹਰਿ ਕੀ ਅੰਮ੍ਰਿਤ ਬਾਣੀ॥ ਜਿਨਮਨਿ ਵਸਿਆ ਸੇਈ ਜਨ ਨਿਸਤਰੇ ਘਟਿਘਟਿ ਸਬਦਿ ਸਮਾਣੀ ॥ ਤੇਰੇ ਗੁਣ ਗਾਵਹਿ ਸਹਜਿ ਸਮਾਵਹਿ ਸਬਦੇ ਮੇਲਿ ਮਿਲਾਏ ॥ ਨਾਨਕ ਸਫਲ ਜਨਮ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ

Digitized by Panjab Digital Library | www.panjabdigilib.org

**ਪਾਏ ॥ ੨ ॥**

ਜੇਹੜੇ ਭਗਤ ਪ੍ਰਮੇਸਰ ਦੇ ਨਾਮ ਵਿਚ ਪ੍ਰੀਤੀ ਲਾ ਰਹੇ ਹਨ ਓਨਾਂ ਭਗਤਾਂ ਦੇ ਮਨ ਵਿਚ ਅਨੰਦ ਹੋਇਆ ਹੈ ॥ ਮੁਖੀ ਗੁਰੂ ਦੇ ਉਪਦੇਸ਼ ਕਰਕੇ ਮਨ ਨਿਰਮਲ ਹੋਇਆ ਹੈ ਨਿਰਮਲ ਕਰਨ ਵਾਲੇ ਪ੍ਰਮੇਸਰ ਦੇ ਗੁਣ ਗਾਏ ॥ ਨਿਰਮਲ ਗੁਣ ਜਬਾਨ ਨਾਲ ਗਾਏ, ਨਾਮ ਮਨ ਵਿਚ ਵਸਾਇਆ ਅੰਮ੍ਰਿਤ ਬਾਣੀ ਪ੍ਰਮੇਸਰ ਦੀ ਕੰਨਾਂ ਨਾਲ ਸੁਣੀ ॥ ਜਿਨਾਂ ਦੇ ਮਨ ਵਿਚ ਨਾਮ ਵਸਿਆ ਹੈ ਓਹ ਆਦਮੀ ਤਰ ਗਏ ਹਨ ਗੁਰ ਉਪਦੇਸ਼ ਸੁਣਕੇ ਪ੍ਰਮੇਸਰ ਦੀ ਜੋਤ ਸਾਰਿਆਂ ਥਾਵਾਂ ਵਿਚ ਮਿਲੀ ਹੋਈ ਸਮਝੀ ਹੈ ॥ ਜੇਹੜੇ ਗੁਰਾਂ ਨੇ ਆਪਣੇ ਉਪਦੇਸਾਂ ਦੇ ਮੇਲ ਵਿਚ ਮਿਲਾਏ ਹਨ ਹੇ ਭਰਾ ਓਹ ਗੁਣ ਗਾਂਦੇ ਹਨ ਅਤੇ ਓਹ ਸਹਿਜੇ ਹੀ ਪ੍ਰਮੇਸਰ ਵਿਚ ਸਮਾਂਦੇ ਹਨ ॥ ਗੁਰੂ ਜੀ, ਜੇਹੜੇ ਗੁਰੂ ਨੇ ਪ੍ਰਮੇਸਰ ਦੇ ਰਸਤੇ ਪਾਏ ਹਨ ਓਨਾਂ ਦਾ ਜਨਮ ਸਫਲ ਹੈ ॥

**ਸੰਤ ਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥ ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿਕੈ ਨਾਮਿ ਲਿਵਲਾਏ ਰਾਮ ॥ ਹਰਿਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥ ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮਾਲੇ ॥ ਗੁਰਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥ ਨਾਨਕ ਤਿਨ ਘਰਿ ਸਦਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥ ੩ ॥**

ਜਿਨਾਂ ਦਾ ਸਤ ਸੰਗਤ ਦੇ ਨਾਲ ਮੇਲ ਹੋਇਆ ਹੈ ਓਹ ਪ੍ਰਮੇਸਰ ਦੇ ਨਾਮ ਨਾਲ ਮਿਲ ਗਏ ਹਨ ॥ ਜੇਹੜੇ ਗੁਰਾਂ ਦੇ ਉਪਦੇਸ਼ ਕਰਕੇ ਸਦਾ ਹੀ ਪ੍ਰਮੇਸਰ ਦੇ ਨਾਮ ਵਿਚ ਚਿਤ ਬ੍ਰਿਤੀ ਲਗਾਂਦੇ ਹਨ ਓਹ ਜੀਉਂਦੇ ਹੀ ਮੁਕਤ ਹੋਏ ਹਨ ॥ ਓਨਾਂ ਨੇ ਮਨ ਚਿਤ ਆਦਕ ਇੰਦ੍ਰੇ ਨਾਮ ਵਿਚ ਲਗਾਏ ਹਨ ਜੇਹੜੇ ਗੁਰਾਂ ਦੇ ਮੇਲ ਵਿਚ ਪ੍ਰਮੇਸਰ ਨੇ ਮਿਲਾਏ ਹਨ ਓਨਾਂ ਦਾ ਮਨ ਪ੍ਰਮੇਸਰ ਨਾਲ ਰੰਗਿਆ ਗਿਆ ਹੈ ॥

ਜਿਨਾਂ ਮੋਹ ਦੂਰ ਕੀਤਾ ਹੈ ਓਨਾਂ ਸੁਖਦਾਤਾ ਮਾਲਕ ਪਾਇਆ ਹੈ ਓਹ ਰਾਤ ਦਿਨ ਨਾਮ ਨੂੰ ਹੀ ਸੰਭਾਲਦੇ ਹਨ ॥

ਉਨਾਂ ਦਾ ਮਨ ਗੁਰਉਪਦੇਸ਼ ਵਿਚ ਰੱਤਾ ਹੈ ਸਹਿਜੇ ਹੀ ਮਸਤ ਹੋਇਆ ਹੈ ਫਿਰ ਵੀ ਮਾਲਕ ਦੇ ਨਾਮ ਨੂੰ ਮਨ ਵਿਚ ਵਸਾਂਦੇ ਹਨ। ਗੁਰੂ ਜੀ, ਓਨਾਂ ਦੇ ਮਨ ਵਿਚ ਸਦਾ ਹੀ ਅਨੰਦ ਹੈ ਜੇਹੜੇ ਸਤਿਗੁਰਾਂ ਦੀ ਸੇਵਾ ਵਿਚ ਮਿਲੇ ਰਹਿੰਦੇ ਹਨ ॥

Digitized by Panjab Digital Library | www.panjabdigilib.org

ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇ-ਆ ਰਾਮ ॥ ਗੁਰਮੁਖੇ ਇਕਿ ਮੇਲਿ ਮਿਲਾਇਆ ਤਿਨ ਕੇ ਦੂਖ ਗਵਾਇਆ ਰਾਮ ॥ ਤਿਨਕੇ ਦੂਖ ਗਵਾਇਆ ਜਾ ਹਰਿ ਮਨਿ ਭਾਇ-ਆ ਸਦਾ ਗਾਵਹਿ ਰੰਗਿ ਰਾਤੇ॥ ਹਰਿਕੇ ਭਗਤ ਸਦਾ ਜਨ ਨਿਰਮਲ ਜੁਗਿ ਜੁਗਿ ਸਦਹੀ ਜਾਤੇ ॥ ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ ॥ ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ ॥ ੪ ॥ ੪ ॥ ੫ ॥

ਸਤਿਗੁਰਾਂ ਤੋਂ ਬਿਨਾਂ ਸਾਰਾ ਜਗਤ ਭਰਮ ਨੇ ਪ੍ਰਮੇਸਰ ਵੱਲੋਂ ਭੁਲਾਇਆ ਹੈ ਇਸ ਲਈ ਮਾਲਕ ਨੂੰ ਨਹੀਂ ਪਾਇਆ ਹੈ। ਇਕ ਗੁਰਮੁਖਾਂ ਦੇ ਮੇਲ ਵਿਚ ਜਿੰਨਾਂ ਨੂੰ ਪ੍ਰਮੇਸਰ ਨੇ ਮਿਲਾਇਆ ਹੈ ਓਨਾਂ ਦੇ ਦੁਖਾਂ ਦਾ ਨਾਸ ਹੋਇਆ ਹੈ ॥ ਓਨਾਂ ਦਾ ਦੁਖ ਨਾਸ ਹੋਇਆ ਹੈ ਜਿਨਾਂ ਦੇ ਮਨ ਨੂੰ ਪ੍ਰਮੇਸਰ ਚੰਗਾ ਲੱਗਾ ਹੈ ਓਹ ਸਦਾ ਹੀ ਪ੍ਰਮੇਸਰ ਦੇ ਪ੍ਰੇਮ ਵਿਚ ਰਤੇ ਹੋਏ ਪ੍ਰਮੇਸਰ ਦੇ ਗੁਣਾਂ ਨੂੰ ਗਾਂਦੇ ਹਨ। ਜੇਹੜੇ ਪ੍ਰਮੇਸਰ ਦੇ ਭਗਤ ਹਨ ਓਹ ਸਦਾ ਹੀ ਨਿਰਮਲ ਹਨ ਓਹ ਚਹੁੰਆਂ ਜੁਗਾਂ ਵਿਚ ਸਦਾ ਹੀ ਜਾਣੇ ਗਏ ਹਨ ॥ ਓਹ ਸਚੀ ਭਗਤੀ ਕਰਦੇ ਹਨ ਓਹ ਪ੍ਰਮੇਸਰ ਦੇ ਦਰਵਾਜੇ ਉਤੇ ਜਾਣੇ ਜਾਂਦੇ ਹਨ ਓਨਾਂ ਦੇ ਦਿਲ ਵਿਚ ਓਹ ਸਚਾ ਪ੍ਰਮੇਸਰ ਹੈ ਗੁਰੂ ਜੀ, ਓਨਾਂ ਨੂੰ ਸਚਾ ਅਨੰਦ ਹੈ ਓਨਾਂ ਦੀ ਬਾਣੀ ਵੀ ਸਚੀ ਹੈ ਭਾਵ ਝੂਠ ਨਹੀਂ ਬੋਲਦੇ ਓਨਾ ਦਾ ਉਪਦੇਸ਼ ਸੁਣਦਿਆਂ ਹੀ ਸੁਖ ਹੁੰਦਾ ਹੈ ॥

771

## ਸੂਹੀ ਮਹਲਾ ੩

ਜੇ ਲੋੜਹਿ ਵਰੁ ਬਾਲੜੀਏ ਤਾ ਗੁਰਚਰਣੀ ਚਿਤੁ ਲਾਏ ਰਾਮ । ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥ ਹਰਿਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥ ਸਚਿ ਸੰਜਮਿ ਸਦਾ ਹੈ ਨਿਰਮਲ ਗੁਰਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ ਸਦਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥

ਹੇ ਸਿਖ ਇਸਤ੍ਰੀ ਜੇ ਤੂੰ ਅਪਣੇ ਪ੍ਰਮੇਸਰ ਮਾਲਕ ਨੂੰ ਚਾਹੁੰਦੀ ਹੈਂ ਤਾਂ ਗੁਰਾਂ ਦੀ

ਚਰਨੀ ਚਿਤ ਲਾ ॥ ਫਿਰ ਤੂੰ ਸਦਾ ਹੀ ਸੁਹਾਗ ਵਾਲੀ ਹੋ ਜਾਵੇਂਗੀ ਕਿਉਂ ਜੋ ਤੇਰਾ ਮਾਲਕ ਨ ਜੰਮਦਾ ਨ ਮਰਦਾ ਹੈ। ਨ ਪ੍ਰਮੇਸਰ ਮਰਦਾ ਹੈ ਨ ਜੰਮਦਾ ਹੈ ਜੇ ਤੂੰ ਗੁਰਾਂ ਦੇ ਉਪਦੇਸ਼ ਵਿਚ ਰਹੇਂਗੀ ਤਾਂ ਸੁਭਾਵਕ ਹੀ ਸੋਭਾਵਾਲੀ ਹੋਵੇਂਗੀ ਜਿਸਨੇ ਗੁਰ ਉਪਦੇਸ਼ ਲਿਆ ਹੈ ਓਹ ਇਸਤ੍ਰੀ ਮਾਲਕ ਨੂੰ ਪਿਆਰੀ ਹੈ ॥ ਜੇਹੜੀ ਗੁਰਾਂ ਦੇ ਉਪਦੇਸ਼ ਨੇ ਸ਼ਿੰਗਾਰੀ ਹੈ ਉਸਦਾ ਇੰਦ੍ਰੀਆਂ ਦਾ ਰੋਕਣਾ ਸੱਚਾ ਹੈ ਓਹ ਮਨ ਕਰਕੇ ਸਦਾ ਸਾਫ ਹੈ ॥ ਜਿਸ ਮਾਲਕ ਨੇ ਪੈਦਾ ਕੀਤਾ ਹੈ ਓਹੋ ਹੀ ਮੇਰਾ ਮਾਲਕ ਹੈ ਅਤੇ ਓਹੋ ਹੀ ਸਦਾ ਸੱਚਾ ਹੈ ॥ ਗੁਰੂ ਜੀ, ਓਹ ਸਦਾ ਹੀ ਆਪਣਾ ਮਾਲਕ ਰਾਉਂਦੀ ਭਾਵ ਅਨੰਦ ਮਾਣਦੀ ਹੈ ਜਿਸਨੇ ਗੁਰਾਂ ਦੀ ਚਰਨੀ ਚਿੱਤ ਲਾਇਆ ਹੈ ॥

**ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥ ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥ ਤਿਤੁ ਤਨਿ ਮੈਲੁ ਨ ਰਾਤੀ ਹਰਿਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥ ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥ ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥ ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥ ੨ ॥**

ਜਿਸ ਇਸਤ੍ਰੀ ਨੇ ਮਾਲਕ ਨੂੰ ਪਾਇਆ ਹੈ ਓਹ ਰਾਤ ਦਿਨੇ ਸੁਭਾਵਕ ਹੀ ਮਸਤ ਰਹਿੰਦੀ ਹੈ ॥ ਗੁਰਉਪਦੇਸ਼ ਕਰਕੇ ਉਸਦੇ ਮਨ ਵਿਚ ਅਨੰਦ ਹੋਇਆ ਹੈ ਉਸਦੇ ਸਰੀਰ ਵਿਚ ਪਾਪਾਂ ਦੀ ਰਤਾ ਭਰ ਵੀ ਮੈਲ ਨਹੀਂ ਹੈ ॥ ਉਸਦੇ ਤਨ ਵਿਚ ਰਤਾ ਭਰ ਵੀ ਮੈਲ ਨਹੀਂ ਹੈ ਜੇਹੜੀ ਮਾਲਕ ਵਿਚ ਰੰਗੀ ਹੈ ਮੇਰਾ ਮਾਲਕ ਸਤਸੰਗ ਮੇਲ ਵਿਚ ਮਿਲਾਂਦਾ ਹੈ ॥ ਓਹ ਰਾਤ ਦਿਨ ਆਪਣੇ ਮਾਲਕ ਨਾਲ ਮਿਲਕੇ ਅਨੰਦ ਮਾਣਦੀ ਹੈ ਵਿਚੋਂ ਹੰਕਾਰ ਆਦਕ ਔਗੁਣ ਗਵਾਏ ਹਨ ॥ ਗੁਰਾਂ ਦੀ ਸਿਖਿਆ ਨੂੰ ਪਾਇਆ ਹੈ ਉਸ ਗੁਰਸਿਖਿਆ ਨੇ ਗਿਆਨ ਮਿਲਾਇਆ ਹੈ ਉਸ ਕਰਕੇ ਆਪਣੇ ਮਾਲਕ ਨਾਲ ਰੰਗੀ ਗਈ ਹੈ ॥ ਗੁਰੂ ਜੀ, ਜਿਸਨੂੰ ਨਾਮ ਦੀ ਵਡਿਆਈ ਮਿਲੀ ਹੈ ਓਸ ਨਾਮ ਦੇ ਅਨੰਦ ਵਿਚ ਰੱਤੀ ਹੋਈ ਨੂੰ ਮਾਲਕ ਅਨੰਦ ਦੇਂਦਾ ਹੈ ॥

**ਪਿਰੁ ਰਾਵੇ ਰੰਗਿ ਰਾਤੜੀਏ ਪਿਰਕਾ ਮਹਲੁ ਤਿਨ ਪਾਇਆ ਰਾਮ ॥ ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥ ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ**

Digitized by Panjab Digital Library | www.panjabdigilib.org

ਮਨਿ ਭਾਣੀ॥ ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥ ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥ ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ॥ ੩ ॥

ਜੇਹੜੀ ਪ੍ਰੇਮ ਵਿਚ ਰੱਤੀ ਹੋਈ ਨਾਮ ਜਪਦੀ ਹੈ ਉਸਨੇ ਮਾਲਕ ਦਾ ਮਹਲ ਪਾਇਆ ਹੈ ਉਸਨੂੰ ਮਾਲਕ ਅਨੰਦ ਦੇਂਦਾ ਹੈ ॥ ਓਹ ਮਾਲਕ ਬਹੁਤ ਸਾਫ ਤੇ ਦਾਤਾ ਹੈ ਪਰ ਜਿਸਨੇ ਵਿਚੋਂ ਹੰਕਾਰ ਦੂਰ ਕੀਤਾ ਹੈ ਉਸਨੂੰ ਓਹ ਮਿਲਦਾ ਹੈ ॥ ਜਿਸਨੇ ਮਨ ਵਿਚੋਂ ਮੋਹ ਨੂੰ ਦੂਰ ਕੀਤਾ ਹੈ ਤਦੋ ਉਸਦੇ ਮਨ ਵਿਚ ਪ੍ਰਮੇਸਰ ਚੰਗਾ ਲੱਗਾ ਹੈ ਤਾਂ ਓਹ ਇਸਤ੍ਰੀ ਮਾਲਕ ਦੇ ਮਨ ਨੂੰ ਚੰਗੀ ਲੱਗਦੀ ਹੈ ॥ ਮਨ ਵਿਚੋਂ ਮੋਹ ਦੂਰ ਕੀਤਾ ਤੇ ਪ੍ਰਮੇਸਰ ਮਨ ਨੂੰ ਚੰਗਾ ਲਗਾ ਤਾਂ ਇਸਤ੍ਰੀ ਮਾਲਕ ਦੇ ਮਨ ਨੂੰ ਚੰਗੀ ਲੱਗੀ ॥ ਸਦਾ ਰਾਤ ਦਿਨ ਸਚੇ ਦੇ ਗੁਣ ਗਾਂਦੀ ਹੈ ਜੇਹੜਾ ਅਕੱਥ ਪ੍ਰਮੇਸਰ ਹੈ ਉਸਦੀ ਕਥਾ ਕਥਨ ਕਰਦੀ ਹੈ ॥ ਚਹੁੰਆਂ ਜੁੱਗਾਂ ਵਿਚ ਇਕ ਸੱਚਾ ਪ੍ਰਮੇਸਰ ਵਰਤਦਾ ਹੈ ਪਰ ਗੁਰਾਂ ਤੋਂ ਬਿਨਾਂ ਪ੍ਰਮੇਸਰ ਨੂੰ ਕਿਸੇ ਨੇ ਨਹੀਂ ਪਾਇਆ ਹੈ ॥ ਗੁਰੂ ਜੀ, ਜੇਹੜੀ ਮਾਲਕ ਦੇ ਪ੍ਰੇਮ ਵਿਚ ਰੰਗੀ ਹੋਈ ਹੈ ਅਤੇ ਮਾਲਕ ਨਾਲ ਚਿਤ ਲਾਇਆ ਹੈ ਓਹ ਅਨੰਦ ਨੂੰ ਮਾਣਦੀ ਹੈ ॥

ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥ ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿਧਾਰੇ ਰਾਮ ॥ ਹਰਿ ਰਾਖਿਆ ਉਰਿਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ॥ ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥ ਸਤਿ ਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮਨਿ ਮੁਰਾਰੇ॥ ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥ ੪ ॥ ੫॥ ੬ ॥

ਸਿਖ ਇਸਤ੍ਰੀ ਦੇ ਮਨ ਵਿਚ ਅਨੰਦ ਹੈ ਜਿਸਨੂੰ ਮਾਲਕ ਪਿਆਰਾ ਸੱਜਣ ਮਿਲਿਆ ਹੈ ॥ ਗੁਰਾਂ ਦੀ ਸਿਖਿਆ ਕਰਕੇ ਮਨ ਨਿਰਮਲ ਹੋਇਆ ਹੈ ਪ੍ਰਮੇਸਰ ਮਾਲਕ ਨੂੰ ਦਿਲ ਵਿਚ ਯਾਦ ਰੱਖਿਆ ਹੈ ॥ ਜਿਨਾਂ ਗੁਰਸਿਖਿਆ ਵਾਲੀਆਂ ਨੇ ਮਾਲਕ ਨੂੰ ਜਾਣਿਆ ਹੈ ਓਨਾਂ ਦੁਆਰੇ ਜਿਨਾਂ ਨੇ ਆਪਣਾ ਮਾਲਕ ਜਾਣਕੇ ਪ੍ਰਮੇਸਰ ਨੂੰ ਦਿਲ ਵਿਚ ਯਾਦ ਰਖਿਆ ਹੈ ਓਨਾਂ ਨੇ ਆਪਣੇ ਸਾਰੇ ਕੰਮ

ਸਵਾਰ ਲਏ ਹਨ ॥ ਕਰਮਾਂ ਦਾ ਨਿਬੇੜਾ ਕਰਨ ਵਾਲਾ ਪਿਆਰਾ ਮਾਲਕ ਪਾਇਆ ਹੈ ਉਸਦੀ ਕਿਰਪਾ ਨੇ ਮੇਰਾ ਮਨ ਮੋਹ ਲਿਆ ਹੈ ॥
ਸਤਿਗੁਰਾਂ ਨੂੰ ਸੇਵਕੇ ਵਡਾ ਸੁਖ ਪਾਇਆ ਹੈ ਅਤੇ ਪ੍ਰਮੇਸਰ ਮੁਰਾਰੀ ਮਨ ਵਿਚ ਵਸਿਆ ਹੈ ॥ ਗੁਰੂ ਜੀ, ਜਦੋਂ ਗੁਰਾਂ ਨੇ ਉਪਦੇਸ਼ ਦੇਕੇ ਮਨ ਆਦਕ ਇੰਦ੍ਰੇ ਬਣਾਏ ਹਨ ਤਾਂ ਪੂਜਨੀਕ ਪ੍ਰਮੇਸਰ ਨੇ ਮੈਨੂੰ ਮੇਲ ਲਿਆ ਹੈ ॥

## ਸੂਹੀ ਮਹਲਾ ੩

**ਸੋਹਿਲੜਾ ਹਰਿ ਰਾਮ ਨਾਮੁ ਗੁਰਸਬਦੀ ਵੀਚਾਰੇ ਰਾਮ ॥ ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ ॥ ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ ॥ ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ ॥ ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ ਨਾਨਕ ਕਿਰਪਾ ਧਾਰੇ ॥ ਸੋਹਿਲੜਾ ਹਰਿ ਰਾਮ ਨਾਮੁ ਗੁਰਸਬਦੀ ਵੀਚਾਰੇ ॥ ੧ ॥**

ਪ੍ਰਮੇਸਰ ਦੇ ਨਾਮ ਨਾਲ ਜਸ ਮਿਲਦਾ ਹੈ ਪਰ ਗੁਰਾਂ ਦੇ ਉਪਦੇਸ਼ ਵਾਲੇ ਪ੍ਰਮੇਸਰ ਦੇ ਸਰੂਪ ਨੂੰ ਵਿਚਾਰਦੇ ਹਨ ॥ ਜਿਨਾਂ ਨੂੰ ਪ੍ਰਮੇਸਰ ਦਾ ਨਾਮ ਪਿਆਰਾ ਲਗਾ ਹੈ ਓਨਾਂ ਗੁਰਮੁਖਾਂ ਦਾ ਮਨ ਤਨ ਪ੍ਰਮੇਸਰ ਵਿਚ ਭਿਜਾ ਹੈ ॥ ਜਿਨਾਂ ਨੂੰ ਮਾਲਕ ਦਾ ਨਾਮ ਪਿਆਰਾ ਲੱਗਾ ਹੈ ਓਨਾਂ ਨੇ ਸਾਰੇ ਕੁਲ ਤਾਰ ਲਏ ਹਨ ਓਹ ਮੂੰਹੋਂ ਪ੍ਰਮੇਸਰ ਦੇ ਨਾਮ ਦੀ ਹੀ ਬਾਣੀ ਬੋਲਦੇ ਹਨ ॥
ਓਨਾਂ ਦੇ ਜੰਮਣ ਮਰਨ ਮੁੱਕ ਗਏ ਹਨ ਏਸੇ ਲਈ ਓਨਾਂ ਸੁਖ ਪਾਇਆ ਹੈ ਓਨਾਂ ਦੀ ਸੁਰਤੀ ਲਗਾਤਾਰ ਮਾਲਕ ਨਾਲ ਮਿਲੀ ਹੈ। ਗੁਰੂ ਜੀ, ਜਦੋਂ ਮਾਲਕ ਨੇ ਕਿਰਪਾ ਧਾਰੀ ਤਾਂ ਇਕ ਮਾਲਕ ਨੂੰ ਪਾਇਆ। ਇਸ ਤੁਕ ਦਾ ਅਰਥ ਹੋ ਚੁਕਾ ਹੈ॥

**ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥ ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਏ ਰਾਮ ॥ ਮਿਲੁ ਸਬਦਿ ਸੁਭਾਏ ਆਪੁ ਗਵਾਏ ਰੰਗ ਸਿਉ ਰਲੀਆ ਮਾਣੇ ॥ ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥ ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ ॥ ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥ ੨ ॥**

Digitized by Panjab Digital Library | www.panjabdigilib.org

ਮੈਂ ਔਗੁਣਾਂ ਕਰਕੇ ਬਹੁਤ ਨੀਵੀਂ ਹਾਂ ਮਾਲਕ ਗੁਣਾਂ ਵਾਲਾ ਬਹੁਤ ਉਚਾ ਹੈ ਉਸ ਨਾਲ ਕਿਸਤਰਾਂ ਮਿਲਿਆ ਜਾਵੇਗਾ। ਜਿਸਦੇ ਉਤੇ ਗੁਰਾਂ ਨੇ ਬਹੁਤ ਕਿਰਪਾ ਕੀਤੀ ਹੈ ਉਸਨੂੰ ਪ੍ਰਮੇਸਰ ਨੇ ਅਪਣੇ ਨਾਲ ਮੇਲਿਆ ਹੈ। ਗੁਰੂ ਪ੍ਰਮੇਸਰ ਦੇ ਉਪਦੇਸ਼ ਕਰਨ ਕਰਕੇ ਸੋਭਾ ਵਾਲੇ ਹਨ॥ ਜੇਹੜੇ ਹੰਕਾਰ ਗਵਾਕੇ ਉਪਦਸ਼ ਦੇ ਨਾਲ ਸੋਭਦੇ ਹਨ ਓਹ ਗੁਰੂ ਹਨ ਜੇਹੜੇ ਓਨਾਂ ਦੇ ਨਾਲ ਮਿਲੇ ਹਨ ਓਹ ਅਨੰਦ ਦੇ ਨਾਲ ਖੁਸ਼ੀਆਂ ਮਾਣਦੇ ਹਨ। ਜੇਹੜਾ ਮਾਲਕ ਦਾ ਨਾਮ ਦਿਲ ਵਿਚ ਸਮਾਇਆ ਹੈ ਸੋ ਇਹ ਕੰਮ ਮਾਲਕ ਨੂੰ ਭਾਇਆ ਹੈ ਏਸੇ ਲਈ ਦਿਲ ਸੇਜ ਸੁਖਾਲੀ ਹੋਈ ਹੈ। ਗੁਰੂ ਜੀ, ਓਹੋ ਹੀ ਸੁਹਾਗਣ ਤੇ ਵਡਿਆਂ ਭਾਗਾਂ ਵਾਲੀ ਹੈ ਜੇਹੜੀ ਸਤਿਗੁਰਾਂ ਦੀ ਆਗਿਆ ਅਨੁਸਾਰ ਚੱਲਦੀ ਹੈ। ਇਸ ਤੁਕ ਦਾ ਅਰਥ ਹੋ ਚੁਕਾ ਹੈ॥

## ਘਟਿਘਟੇ ਸਭਨਾਵਿਚਿ ਏਕੋ ਏਕੋਰਾਮ ਭਤਾਰੋ ਰਾਮ॥ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਆਧਾਰੋ ਰਾਮ॥ ਇਕਨਾ ਮਨਿ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ॥ ਘਟਿ ਘਟਿ ਹਰਿਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ॥ ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮਬੀਚਾਰੇ॥ ਘਟਿਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ॥ ੩ ॥

ਸਾਰਿਆਂ ਦਿਲਾਂ ਅੰਦਰ ਇਕ ਮਾਲਕ ਹੈ ਅਤੇ ਇਕ ਹੀ ਪ੍ਰਮੇਸਰ ਸਾਰਿਆਂ ਦਾ ਮਾਲਕ ਹੈ॥ ਇਕਨਾ ਮਨਮੁਖਾਂ ਤੋਂ ਮਾਲਕ ਦੂਰ ਵਸਦਾ ਹੈ ਅਤੇ ਇਕਨਾਂ ਗੁਰਮੁਖਾਂ ਦੇ ਮਨ ਦਾ ਆਸਰਾ ਹੈ॥ ਪੈਦਾ ਕਰਨ ਵਾਲਾ ਮਾਲਕ ਇਕਨਾਂ ਦੇ ਮਨ ਦਾ ਆਸਰਾ ਹੈ ਜਿਨਾਂ ਵਡਭਾਗੀਆਂ ਨੇ ਗੁਰੂ ਪਾਇਆ ਹੈ। ਸਾਰਿਆਂ ਦਿਲਾਂ ਅੰਦਰ ਇਕ ਮਾਲਕ ਹੈ ਓਹ ਅਲਖ ਮਾਲਕ ਗੁਰਾਂ ਨੇ ਵਿਖਾਇਆ ਹੈ। ਗੁਰੂ ਜੀ,ਜਿਨਾਂ ਦਾ ਮਨ ਪ੍ਰਮੇਸਰ ਦੇ ਵਿਚਾਰ ਵਿਚ ਮੰਨਿਆਂ ਹੈ ਓਨਾਂ ਨੂੰ ਸੁਭਾਵਕ ਹੀ ਅਨੰਦ ਹੋਇਆ ਹੈ॥ ਇਸ ਤੁਕ ਦਾ ਅਰਥ ਹੋ ਚੁਕਾ ਹੈ॥

## ਗੁਰਿ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ॥ ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ॥ ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ॥ ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ॥ ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ

Digitized by Panjab Digital Library | www.panjabdigilib.org

ਮੀਠ ਲਗਾਏ ॥ ਗੁਰ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥ ੪ ॥ ੬ ॥ ੭ ॥ ੫ ॥ ੭ ॥ ੧੨ ॥

ਜੇਹੜਾ ਸਤਿਗੁਰੂ ਸਾਰਿਆਂ ਦਾ ਦਤਾ ਹੈ ਭਾਵ ਸਾਰਿਆਂ ਨੂੰ ਸਿੱਖਿਆ ਉਪਦੇਸ਼ ਦੇਣ ਵਾਲਾ ਹੈ ਜੇਹੜੇ ਇਕਰ ਦੇ ਗੁਰੂ ਨੂੰ ਸੇਵਿਆ ਕਰਦੇ ਹਨ ਓਨਾਂ ਦਾ ਮਨ ਪ੍ਰਮੇਸਰ ਨਾਲ ਮਿਲਿਆ ਹੈ ॥ ਹੇ ਮਾਲਕ ਮੈਨੂੰ ਪੂਰਿਆਂ ਗੁਰਾਂ ਦੀ ਧੂੜ ਦੇਹ ਜਿਨਾਂ ਗੁਰੂਆਂ ਦੀ ਧੂੜ ਨੇ ਪਾਪੀਆਂ ਨੂੰ ਮੁਕਤੀ ਕੀਤਾ ਹੈ ॥ ਜਿਨਾਂ ਨੇ ਹੰਕਾਰ ਗਵਾਇਆ ਓਨਾਂ ਨੇ ਅਪਣੇ ਅਸਲੀ ਘਰ ਵਿਚ ਵਾਸਾ ਪਾਇਆ ਹੈ ਫਿਰ ਓਨਾਂ ਗੁਰਉਪਦੇਸ਼ ਕਰਕੇ ਕਈਆਂ ਪਾਪੀਆਂ ਨੂੰ ਮੁਕਤੀ ਕੀਤਾ ਹੈ ॥ ਜਿਨਾਂ ਨੂੰ ਗੁਰੂ ਦੀ ਸਿਖਿਆ ਕਰਕੇ ਪ੍ਰਮੇਸਰ ਪ੍ਰਕਾਸ਼ਿਆ ਹੈ ਭਾਵ ਮਿਲਿਆ ਹੈ ਓਨਾਂ ਵਿਚਾਰ ਵਾਲਿਆਂ ਅਕਲ ਵਾਲਿਆਂ ਦੀ ਸਾਰੀ ਰਾਤ ਉਮਰ ਸੁਖ ਨਾਲ ਬੀਤਦੀ ਹੈ ॥ ਪ੍ਰਮੇਸਰ ਦਾ ਨਾਮ ਜਪਣ ਨਾਲ ਦਿਨ ਰਾਤ ਸੁਖ ਹੋਇਆ ਹੈ। ਗੁਰੂ ਜੀ, ਪ੍ਰਮੇਸਰ ਨਾਮ ਮਿਠਾ ਲੱਗਾ ਹੈ। ਇਸ ਤੁਕ ਦਾ ਅਰਥ ਹੋ ਚੁਕਾ ਹੈ ॥

(ਪ੍ਰਮੇਸਰ ਦ ਮਿਲਾਪ ਅਤੇ ਦੁਨੀਆਂ ਦਾ ਵਿਆਹ)

## ਰਾਗੁ ਸੂਹੀ ਮਹਲਾ ੪ ਛੰਤੁ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

ਬਲਿਰਾਮ=ਹੇ ਮਾਲਕ। ਮੈ ਤੈਥੋਂ ਬਲਹਾਰ ਜਾਵਾਂ। ਰਵਾਂ=ਬੋਲਾਂ।
ਵਿਕਣਾ=ਵੇਚਾਂ, ਦੂਰ ਕਰਾਂ। ਚਵਾਂ=ਬੋਲਾਂ।

ਸਤਿਗੁਰੁ ਪੁਰਖੁ ਮਿਲਾਇ ਅਵਗੁਣ ਵਿਕਣਾ ਗੁਣ ਰਵਾ ਬਲਿਰਾਮ ਜੀਉ ॥ ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿਰਾਮ ਜੀਉ ॥ ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥ ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ ਕਾਇਆ ਸੇਜ ਗੁਰਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥ ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥ ੧ ॥

Digitized by Panjab Digital Library | www.panjabdigilib.org

ਹੇ ਮਾਲਕਾ ਮੈਨੂੰ ਗੁਰੂ ਨਾਲ ਮਿਲਾ ਮੈ ਔਗੁਣਾਂ ਨੂੰ ਵੇਚਦਿਆਂ ਤੇ ਤੇਰਿਆਂ ਗੁਣਾਂ ਨੂੰ ਬੋਲਾਂ ॥ ਪ੍ਰਮੇਸਰ ਦਾ ਨਾਮ ਧਿਆਵਾਂ ਤੇ ਗੁਰੂਬਾਣੀ ਨੂੰ ਰੋਜ ਬੋਲਾਂ ॥ ਜਿੰਨਾਂ ਨੂੰ ਗੁਰਬਾਣੀ ਸਦਾ ਮਿਠੀ ਲੱਗੀ ਹੈ ਓਨਾਂ ਨੇ ਪਾਪ ਤੇ ਵਿਕਾਰਾਂ ਨੂੰ ਦੂਰ ਕੀਤਾ ਹੈ ॥ ਹੰਕਾਰ ਰੋਗ ਗਿਆ ਤੇ ਜਮਾਂ ਦਾ ਡਰ ਵੀ ਨਾਸ ਹੋ ਰਿਆ ਸਹਿਜੇ ਹੀ ਸ਼ਾਂਤੀ ਪਦ ਵਿਚ ਮਨ ਮਿਲਾਇਆ ਹੈ ॥ ਜੇਹੜੀ ਅਕਲ ਸੇਜ ਪਰ ਉਪਦੇਸ਼ ਕਰਕੇ ਸੁਖੀ ਹੋਈ ਹੈ ਅਸਲ ਨਿਚੋੜਕੇ ਅਨੰਦ ਨੂੰ ਮਾਣਦੀ ਹੈ ॥ ਗੁਰੂ ਜੀ, ਆਦ ਰੂਪ ਮਾਲਕ ਦੇ ਨਾਲ ਮਿਲਕੇ ਰਾਤ ਦਿਨ ਸੁਖ, ਖੁਸ਼ੀਆਂ ਮਾਣਦੇ ਹਨ ॥

**ਸਤੁ ਸੰਤੋਖੁ ਕਰਿ ਭਾਉ ਕੁੜਮ ਕੁੜਮਾਈ ਆਇਆ ਬਲਿਰਾਮਜੀਉ ॥ ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿਰਾਮ ਜੀਉ ॥ ਬਾਣੀ ਗੁਰ ਗਾਈ ਪਰਮਿ ਗਤਿ ਪਾਈ ਪੰਚ ਮਿਲੇ ਸੋਹਾਇਆ ॥ ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥ ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥ ੨ ॥**

ਜੇਹੜਾ ਵਾਹਿਗੁਰੂ ਵਿਚ ਪ੍ਰੇਮ ਕਰਕੇ ਸਤ ਸੰਤੋਖ ਧਾਰਿਆ ਹੈ ਇਹ ਕੁੜਮ ਵਲੋਂ ਕੁੜਮਾਈ ਦਾ ਸਗਨ ਆਇਆ ਹੈ ॥ ਸੰਤਾਂ ਨਾਲ ਮੇਲ ਕਰਕੇ ਜੇਹੜੀ ਗੁਰਬਾਣੀ ਆਪ ਪੜੀ ਤੇ ਹੋਰਨਾਂ ਨੂੰ ਪੜਾਈ ਹੈ ਏਹੋ ਹੀ ਮੰਗਲਾਂ ਦੇ ਗੌਣ ਹਨ ॥ ਗੁਰਾਂ ਦੀ ਬਾਣੀ ਗਾਈ ਅਤੇ ਮੁਕਤੀ ਪਾਈ ਅਤੇ ਜਦੋਂ ਗੁਰ ਸਿਖ ਸਰੇਸ਼ਟ ਮਿਲੇ ਤਾਂ ਸਾਰਾ ਕੰਮ ਸੌਰਿਆ ॥ ਗੁਸਾ ਦੂਰ ਹੋਇਆ ਮਨ ਤਨ ਦੀ ਮਮਤਾ ਵੀ ਨੱਠ ਗਈ ਪਾਖੰਡ ਤੇ ਭਰਮ ਵਿਕਾਰਾਂ ਨੂੰ ਵੀ ਨਾਸ ਕੀਤਾ ॥ ਜਦੋਂ ਹੰਕਾਰ ਪੀੜ ਗਈ ਤਾਂ ਸੁਖ ਪਾਇਆ ਸਰੀਰ ਵੀ ਰੋਗ ਤੋਂ ਬਿਨਾ ਹੋਇਆ ॥ ਗੁਰੂ ਦੀ ਕਿਰਪਾ ਨਾਲ ਮਾਲਕ ਨੂੰ ਪਛਾਣਿਆਂ ਓਹ ਪ੍ਰਮੇਸਰ ਗੁਣਾਂ ਦਾ ਖਜ਼ਾਨਾ ਹੈ ॥

**ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿਗਈ ਬਲਿਰਾਮ ਜੀਉ ॥ ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿਰਾਮ ਜੀਉ ॥ ਕੂੜੁ ਕਪਟੁ ਕਮਾਵੈ ਮਹਾਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥ ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥**

Digitized by Panjab Digital Library | www.panjabdigilib.org

**॥ ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥ ਜਨਮ ਜਨਮ ਕੇ ਵਿਛੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥**

ਮਨਮੁਖ ਇਸਤ੍ਰੀ ਮਾਲਕ ਤੋਂ ਵਿਛੜੀ ਹੋਈ ਬਹੁਤ ਸਾਰਾ ਦੂਰ ਚੁਰਾਸੀ ਵਿਚ ਪੈ ਗਈ ਹੈ ਓਹ ਮਾਲਕ ਨੂੰ ਨਹੀਂ ਪਾਂਦੀ ਹੈ ਤ੍ਰਿਸ਼ਨਾ ਅੱਗ ਕਰਕੇ ਸੜ ਗਈ ਹੈ ॥ ਉਸਦੇ ਅੰਦਰ ਮਮਤਾ ਤੇ ਝੂਠ ਹੈ ਓਹ ਮੂਰਖ ਝੂਠ ਹੀ ਖਰੀਦ ਦੀ ਹੈ ਓਹ ਝੂਠ ਨੇ ਹੀ ਮਾਰ ਲਈ ਹੈ ॥ ਝੂਠ ਤੇ ਕਪਟ ਨੂੰ ਕਮਾਂਦੀ ਹੈ ਏਸੇ ਲਈ ਵੜਾ ਦੁਖ ਪਾਂਦੀ ਹੈ ਗੁਰੂ ਬਿਨਾ ਮਾਲਕ ਦਾ ਰਸਤਾ ਨਹੀਂ ਪਇਆ ਜਾਂਦਾ ॥ ਮੂਰਖ ਇਸਤ੍ਰੀ ਉਜਾੜਦੇ ਰਸਤੇ ਭੌਂਦੀ ਹੈ ਇਸ ਲਈ ਛਿਨ ੨ ਧਕੇ ਹੀ ਖਾਇਆ ਕਰਦੀ ਹੈ ॥ ਜਦੋਂ ਆਪ ਹੀ ਮਾਲਕ ਦਯਾ ਕਰਦਾ ਹੈ ਤਾਂ ਗੁਰੂ ਮਿਲਾਂਦਾ ਹੈ ਗੁਰੂ ਜੀ,ਤਾਂ ਜਨਮਾਂ ੨ ਦੇ ਵਿਛੜਿਆਂ ਹੋਇਆਂ ਦਾਸਾਂ ਨੂੰ ਸਹਜੇ ਹੀ ਮਿਲਾ ਲੈਂਦਾ ਹੈ ॥

**ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿਰਾਮ ਜੀਉ ॥ ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿਰਾਮ ਜੀਉ ॥ ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥ ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥ ਵਰੁ ਪਾਇਆ ਪੁਰਖੁ ਅਗਮ ਅਗੋਚਰੁ ਸਦ ਨਵਤਨੁ ਬਾਲ ਸਖਾਈ ॥ ਨਾਨਕ ਕਿਰਪਾ ਕਰਿਕੈ ਮੇਲੇ ਵਿਛੁੜਿ ਕਦੇ ਨ ਜਾਈ ॥ ੪ ॥ ੧ ॥**

ਜੇਹੜੀ ਬਹੁਤ ਹੀ ਲਗਨ ਲਗੀ ਹੈ ਮਾਨੋ ਇਹ ਗਿਣਿਆ ਹੋਇਆ ਲਗਨ ਆਇਆ ਹੈ ਸਿਖ ਇਸਤ੍ਰੀ ਦਿਲ ਵਿਚ ਖੁਸ਼ੀ ਹੋਈ ॥ ਜਿੰਨਾਂ ਨੇ ਤਿੰਨਾਂ ਗੁਣਾਂ ਦੀ ਪੰਡ ਸਿਰ ਤੋਂ ਲਾਹੀ ਹੈ ਅਤੇ ਪਾਧੇ ਜੇਹੜੇ ਬਿਬੇਕੀ ਗੁਰਮੁਖ ਹਨ ਓਨਾਂ ਨੂੰ ਜੇਹੜਾ ਲਿਆਕੇ ਬਹਾਇਆ ਹੈ ਗੁਰਬਾਣੀ ਦੇ ਅਸਲੀ ਭਾਵ ਨੂੰ ਸਮਝਣਾਂ ਇਹ ਪਤ੍ਰੀ ਪੜ੍ਹੀ ਹੈ ਅਤੇ ਗੁਰਮੁਖਾਂ ਨੂੰ ਸਦਕੇ ਗੁਰੂ ਦੀ ਰੀਤੀ ਪੁਛਣੀ ਇਹ ਪੰਡਤ ਪਾਧੇ ਸਦੇ ਹਨ ॥ ਗੁਰਬਾਣੀ ਦਾ ਅਸਲ ਭਾਵ ਸਮਝਣਾ ਇਹ ਪਤ੍ਰੀ ਪੜ੍ਹਾਈ ਹੈ ਤਾਂ ਮਨ ਵਿਚ ਬੜੀ ਖੁਸ਼ੀ ਹੋਈ ਜਦੋਂ ਸੁਣਿਆ ਕਿ ਘਰ ਵਿਚ ਸੰਤ ਸਜਣ ਆਏ ਹਨ ਜਾਂ ਜਦੋਂ ਸੰਤਾਂ ਤੋਂ ਸੁਣਿਆਂ ਕਿ ਪ੍ਰਮੇਸਰ ਦਿਲ ਵਿਚ ਹੈ ॥ ਗਿਆਨੀਆਂ ਗੁਣੀਆਂ ਨੇ ਬੈਠਕੇ ਪੱਕਾ ਗੁਰਮਤਾ ਕੀਤਾ ਭਾਵ ਸਲਾਹ ਕੀਤੀ ਅਤੇ ਜੇਹੜਾ ਅਸਲ ਗਲ ਦਾ ਉਪਦੇਸ਼ ਦਿਤਾ ਹੈ

Digitized by Panjab Digital Library | www.panjabdigilib.org

ਭਾਵ ਪ੍ਰਮੇਸਰ ਦਾ ਨਾਮ ਜਪਣਾ ਤੇ ਵੰਡ ਛਕਣਾ ਇਹ ਫੇਰੇ ਦਵਾਏ ਹਨ ਜੇਹੜਾ ਮਾਲਕ ਅਪੁੱਜ ਤੇ ਲੁਕਿਆ ਹੋਇਆ ਛੋਟੀ ਉਮਰ ਤੋਂ ਨਾਲ ਰਹਿਣ ਵਾਲਾ ਸਦਾ ਹੀ ਨਵੇਂ ਸਰੀਰ ਵਾਲਾ ਹੈ ਓਹ ਪਤੀ ਪਾਇਆ ਭਾਵ ਮਿਲਗਿਆ ਹੈ। ਗੁਰੂ ਜੀ, ਜਿਸ ਸਿਖ ਇਸਤ੍ਰੀ ਨੂੰ ਕਿਰਪਾ ਕਰਕੇ ਅਪਣੇ ਨਾਲ ਮੇਲ ਲੈਂਦਾ ਹੈ ਓਹ ਵਿਛੜਕੇ ਕਿਤੇ ਨਹੀਂ ਜਾਂਦੀ ਹੈ ਭਾਵ ਜੰਮਦੀ ਮਰਦੀ ਨਹੀਂ ਹੈ ॥

(ਗੁਰ ਸਿਖਾਂ ਲਈ ਗੁਰਮਤ ਰੀਤੀ ਦਾ ਵਿਆਹ)

ਥੋੜਾ ਸਮਾ ਹੋਇਆ ਹੈ ਸਿਖ ਅਨਮਤੀਆਂ ਦੀਆਂ ਰੀਤੀਆਂ ਅਨੁਸਾਰ ਵਿਆਹ ਕਰਾਂਦੇ ਸਨ ਹੁਣ ਗੁਰੂ ਦੀ ਕਿਰਪਾ ਨਾਲ ਜੋ ਜੋ ਗੁਰੂ ਜੀ ਨੇ ਬਾਣੀਆਂ ਸਮੇ ੨ ਲਈ ਰਚੀਆਂ ਹਨ ਓਨਾਂ ਨੂੰ ਸਮਝ ਲਿਆ ਹੈ ਅਤੇ ਅਪਣੀਆਂ ਰੀਤੀਆਂ ਕਰਨ ਲਗ ਪਏ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਚਾਰੇ ਲਾਵਾਂ ਰਚੀਆਂ ਹਨ ਭਾਵੇਂ ਇਹ ਲਾਵਾਂ ਅੰਤ੍ਰੀਵ ਅਰਥ ਵੀ ਦਸਦੀਆਂ ਹਨ ਪਰ ਗੁਰੂ ਜੀ ਦਾ ਭਾਵ ਸਿਖਾਂ ਦਾ ਵਡਾ ਕੰਮ ਵਿਆਹ ਦਾ ਨਜਿਠਣ ਦਾ ਸਵਾਰ ਦੀਆਂ ਹਨ ਇਸ ਲਈ ਸਮਝਿਆ ਜਾਂਦਾ ਹੈ ਜੋ ਗੁਰੂ ਜੀ ਨੇ ਕਿਸੇ ਸਿਖ ਦੇ ਪ੍ਰਸ਼ਨ ਕਰਨ ਤੇ ਰਚੀਆਂ ਹਨ ਕਿ ਹੇ ਗੁਰੂ ਜੀ ਸਾਨੂੰ ਵਿਆਹ ਦੇ ਸਮੇਂ ਕੇਹੜੀਆਂ ਲਾਵਾਂ ਪੜਨੀਆਂ ਯੋਗ ਹਨ? ਤਾਂ ਗੁਰੂ ਜੀ ਇਸ ਬਾਣੀ ਨੂੰ ਉਚਾਰਿਆ ਹੈ। ਮਹਾਤਮਾਂ ਲੋਕ ਦੁਨੀਆਂ ਦੇ ਕੰਮ ਵੀ ਸਵਾਰ ਦੇਂਦੇ ਹਨ ਅਤੇ ਓਨਾਂ ਦੀ ਬਾਣੀ ਦਾ ਭਾਵ ਪ੍ਰਮੇਸਰ ਵਾਲੇ ਪਾਸੇ ਵੀ ਲਗਦਾ ਹੈ ਸੋ ਇਹ ਬਾਣੀ ਚਾਰ ਲਾਵਾਂ ਕਰਕੇ ਪ੍ਰਸਿਧ ਹੈ ਸਾਰਿਆਂ ਗੁਰਸਿਖਾਂ ਨੂੰ ਗੁਰੂ ਦੀ ਬਾਣੀ ਚੇਤੇ ਰਖਣੀ ਚਾਹੀਦੀ ਹੈ ॥

## ਸੂਹੀ ਮਹਲਾ ੪

ਬ੍ਰਹਮਾਂ=ਪ੍ਰਮੇਸਰ। ਵੇਦ=ਗਿਆਨ। ਬਲਰਾਮ=ਬਲਿਹਾਰੇ ਜਾਵਾਂ ਪ੍ਰਮੇਸਰ ਮਾਲਕ ਤੋਂ। ਪਰਵਿਰਤੀ=ਪਰਵਿਰਤ ਹੋਣਾਂ, ਲੱਗਣਾ। ਲਾਵ=ਫੇਰੇ, ਭੌਣਾ, ਭੂਮਕਾ, ਅਵਸਥਾ, ਇਕ ਜਗਾ ਖੜੇ ਜਾਣਾ, ਪ੍ਰਮੇਸਰ ਨੂੰ ਚੇਤੇ ਰਖਣਾ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥ ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ

Digitized by Panjab Digital Library | www.panjabdigilib.org

**ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥ ੧ ॥**

ਪ੍ਰਮੇਸਰ ਮਾਲਕ ਦੇ ਨਾਲ ਏਹੋ ਹੀ ਪਹਿਲੀ ਲਾਂਵ ਹੈ ਜੇਹੜਾ ਗੁਰੂ ਨੇ ਭੈੜਿਆਂ ਕੰਮਾਂ ਤੋਂ ਰੋਕਕੇ ਚੰਗਿਆਂ ਕੰਮਾਂ ਵਿਚ ਲਗਾਇਆ ਹੈ ਭਾਵ ਚੰਗਿਆਂ ਕੰਮਾਂ ਦਾ ਕਰਨਾ ਪੱਕਾ ਕਰਕੇ ਦਸਿਆ ਹੈ ॥ ਵਾਹਿਗੁਰੂ ਦਾ ਗਿਆਨ ਜਾਨਣਾ ਅਤੇ ਗੁਰਬਾਣੀ ਨੂੰ ਪੜ੍ਹਨਾ ਇੱਕਰ ਦੇ ਧਰਮ ਨੂੰ ਪਕਿਆਂ ਕਰਨਾ ਜਾਂ ਕਰੋ ਗੁਰੂ ਨੇ ਦਸਿਆ ਹੈ ਅਤੇ ਪਾਪਾਂ ਨੂੰ ਛੱਡਣਾ*। ਧਰਮ ਨੂੰ ਪੱਕਾ ਕਰੋ ਪ੍ਰਮੇਸਰ ਦਾ ਨਾਮ ਧਿਆਓ ਧਾਰਮਕ ਪੁਸਤਕਾਂ ਨੇ ਵੀ ਨਾਮ ਨੂੰ ਹੀ ਪੱਕਾ ਕਰਾਇਆ ਹੈ ॥ ਸਤਿਗੁਰਾਂ ਦੇ ਉਪਦੇਸ਼ ਨਾਲ ਪੂਰੇ ਪ੍ਰਮੇਸਰ ਨੂੰ ਯਾਦ ਕਰੋ ਜਿਨਾਂ ਨੇ ਵਾਹਿਗੁਰੂ ਨੂੰ ਚੇਤੇ ਕੀਤਾ ਹੈ ਓਨਾਂ ਨੇ ਛੋਟਿਆਂ ਵਡਿਆਂ ਪਾਪਾਂ ਨੂੰ ਦੂਰ ਕੀਤਾ ਹੈ ॥ ਜਿਨਾਂ ਦੇ ਮਨ ਵਿਚ ਗੁਰਾਂ ਨੇ ਵਾਹਿਗੁਰੂ ਦਾ ਜਾਪ ਮਿਠਾ ਲਾਇਆ ਹੈ। ਓਨਾਂ ਵਡਭਾਗੀਆਂ ਦੇ ਮਨ ਨੂੰ ਸਹਿਜੇ ਹੀ ਅਨੰਦ ਹੋਯਾ ਹੈ। ਗੁਰੂ ਜੀ ਆਖਦੇ ਹਨ ਇਹ ਪਹਿਲੀ ਲਾਂਵ ਦੇ ਅਰੰਭ ਦਾ ਕਾਜ ਰਚਿਆ ਹੈ ਭਾਵ ਗੁਰੂ ਨਾਲ ਸਿਖ ਦਾ ਮਿਲਨਾ ਅਤੇ ਪਤੀ ਨਾਲ ਇਸਤ੍ਰੀ ਦਾ ॥

**ਹਰਿ ਦੂਜੜੀ ਲਾਵ ਸਤਿਗੁਰ ਪੁਰਖੁ ਮਿਲਾਇਆ ਬਲਿਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥ ਨਿਰਮਲ ਭਉ ਪਾਇਆ ਹਰਿਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥ ੨ ॥**

ਇਹ ਵਾਹਿਗੁਰੂ ਦੇ ਨਾਲ ਛੇਤੀ ਦੇ ਨਾਲ ਮਿਲਨ ਦੀ ਦੂਸਰੀ ਲਾਂਵ ਹੈ ॥ ਜੇਹੜਾ ਸਤਿਗੁਰੂ ਨੇ ਸਿਖ ਨੂੰ ਵਿਚਾਰ ਆਦਕ ਗੁਣਾਂ ਨਾਲ ਮਿਲਾਇਆ ਹੈ ॥ ਡਰ ਤੋਂ ਮਨ ਨਿਰਭੌ ਹੋਗਿਆ ਹੈ ਹੰਕਾਰ ਮੈਲ ਨੂੰ ਗਵਾ ਦਿਤਾ ਹੈ ॥ ਜੇਹੜਾ ਦਿਲ ਸਾਫ ਕਰਨ ਵਾਲਾ ਪ੍ਰਮੇਸਰ ਦਾ ਡਰ ਹੈ ਓਹ ਪਾਇਆ ਹੈ ਏਸੇ ਲਈ

*ਗੁਰੂਜੀਨੇ ਦਸਿਆ ਹੈ,ਬਰਮਾਂ ਦੀ ਵੇਦ ਬਾਣੀ ਪੜਨ ਦੀ ਥਾਂ ਗੁਰੂਬਾਣੀ ਨੂੰ ਪੜਨਾ ਯੋਗ ਹੈ ਇਸ ਧਰਮ ਨੂੰ ਪੱਕਾ ਕਰੋ ਕਿ ਅਸੀ ਵੀ ਗੁਰੂ ਰੀਤੀਆਂ ਕਰੀਏ ਅਨਮਤੀਆਂ ਦੇ ਜਾਲ ਤੋਂ ਨਿਕਲੀਏ ਇਕਰ ਅਰਥ ਹੈ ॥

Digitized by Panjab Digital Library | www.panjabdigilib.org

ਪ੍ਰਮੇਸਰ ਦੇ ਗੁਣਾਂ ਨੂੰ ਗਾਇਆ ਹੈ ਅਤੇ ਸੋ ਓਹ ਪ੍ਰਮੇਸਰ ਪਾਸ ਹੀ ਵੇਖਿਆ ਹੈ ॥ ਮੇਰੇ ਮਾਲਕ ਨੇ ਇਹ ਸਾਰਾ ਸੰਸਾਰ ਪਸਾਰਿਆ ਹੈ ॥ ਫੇਰ ਸਾਰਿਆਂ ਜੀਆਂ ਵਿਚ ਆਪ ਭਰਪੂਰ ਹੋਇਆ ੨ ਹੈ। ਆਤਮ ਰਾਮ=ਪ੍ਰਮੇਸਰ। ਅੰਦਰ ਬਾਹਰ ਇਕ ਪ੍ਰਮੇਸਰ ਹੀ ਹੈ ਭਾਵੇਂ ਸਰੀਰ ਤੇ ਦੁਨੀਆਂ ਪ੍ਰਮੇਸਰ ਦੇ ਪਿਆਰਿਆਂ ਨਾਲ ਮਿਲਕੇ ਉਸਦੇ ਮੰਗਲ ਗਾਏ ਗੁਰੂ ਜੀ, ਇਹ ਦੂਸਰੀ ਲਾਂਵ ਚਲਾਈ ਹੈ ਜੇਹੜੀ ਲਗਾਤਾਰ ਚਿਤ ਬ੍ਰਿਤੀ ਵਾਹਿਗੁਰੂ ਨੂੰ ਬੋਲਦੀ ਹੈ।

**ਹਰਿ ਤੀਜੜੀਲਾਵ ਮਨਿਚਾਉ ਭਇਆ ਬੈਰਾਗੀਆ ਬਲਿਰਾਮਜੀਉ ॥ਸੰਤਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ ੩ ॥**

ਜੇਹੜਾ ਪ੍ਰੇਮੀਆਂ ਦੇ ਮਨ ਵਿਚ ਪ੍ਰੇਮ ਹੋਇਆ ਹੈ ਇਹ ਪ੍ਰਮੇਸਰ ਦੇ ਨਾਲ ਮਿਲਨ ਦੀ ਤੀਸਰੀ ਲਾਂਵ ਹੈ॥ ਪ੍ਰਮੇਸਰ ਦੇ ਸੰਤਾਂ ਨਾਲ ਮੇਲ ਕਰਕੇ ਵਡਭਾ. ਗੀਆਂ ਨੇ ਪ੍ਰਮੇਸਰ ਨੂੰ ਪਾਇਆ ਹੈ॥ ਜਦੋਂ ਪ੍ਰਮੇਸਰ ਦੇ ਗੁਣਾਂ ਨੂੰ ਗਾਇਆ ਤਾਂ ਪ੍ਰਮੇਸਰ ਦਾ ਨਿਰਮਲ ਨਾਮ ਪਾਇਆ ਤਾਂ ਮੂੰਹੋਂ ਵਾਹਿਗੁਰੂ ੨ ਬਾਣੀ ਬੋਲੀ॥ ਸੋ ਸੰਤਾਂ ਗੁਰਮੁਖਾਂ ਦਾ ਸੰਗ ਵਡਿਆਂ ਉਤਮ ਕਰਮਾਂ ਵਾਲਿਆਂ ਨੇ ਪਾਇਆ ਹੈ ਜਿਥੇ ਵਾਹਿਗੁਰੂ ਅਕੱਥ ਦੀਆਂ ਕਹਾਣੀਆਂ ਕਥਨ ਕਰੀਦੀਆਂ ਹਨ ॥ ਜਿੰਨਾ ਨੇ ਪ੍ਰਮੇਸਰ ਦਾ ਨਾਮ ਜਪਿਆ ਹੈ ਓਨਾਂ ਦੇ ਦਿਲ ਵਿਚ ਵਾਹਿਗੁਰੂ ਦੇ ਜਾਪ ਵਾਲੀ ਅਵਾਜ ਪੈਦਾ ਹੋਈ ਹੈ ਪਰ ਵਾਹਿਗੁਰੂ ਤਾਂ ਜਪਿਆ ਜਾਂਦਾ ਹੈ ਜਦੋਂ ਮੱਥੇ ਦੇ ਚੰਗੇ ਕਰਮ ਹੋਣ॥

ਗੁਰੂ ਜੀ, ਜੇਹੜਾ ਮਾਲਕ ਦੇ ਨਾਲ ਮਿਲਨ ਕਰਕੇ ਮਨ ਵਿਚ ਪ੍ਰੇਮ ਪੈਦਾ ਹੁੰਦਾ ਹ ਉਸ ਵੇਲੇ ਨਾਮ ਜਪਿਆ ਜਾਂਦਾ ਹੈ ਇਹ ਤੀਸਰੀ ਲਾਂਵ ਹੈ॥

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ- ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ**

Digitized by Panjab Digital Library | www.panjabdigilib.org

ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥ ਮਨਿ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮ ਵਜੀ ਵਾਧਾਈ॥ ਹਰਿਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੈ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥ ੪ ॥ ੨॥

ਇਹ ਮਾਲਕ ਦੇ ਨਾਲ ਮਿਲਨ ਦੀ ਚੌਥੀ ਲਾਂਵ ਹੈ ਜੇਹੜਾ ਮਨ ਵਿਚ ਗਿਆਨ ਹੋਇਆ ਹੈ ਜਿਸ ਕਰਕੇ ਮਾਲਕ ਦਾ ਅਸਲ ਰੂਪ ਲੱਭ ਲਿਆ ਹੈ॥ ਸਿਰੋਮਣੀ ਗੁਰੂ ਸੁਭਾਵਕ ਹੀ ਮਿਲਿਆ ਹੈ ਜਿਸ ਗੁਰੂ ਨੇ ਮਾਲਕ ਦਾ ਨਾਮ ਮਨ ਤਨ ਨੂੰ ਮਿੱਠਾ ਲਾਇਆ ਹੈ॥ ਜਿਸਨੂੰ ਗੁਰੂ ਨੇ ਮਾਲਕ ਦਾ ਨਾਮ ਮਿਠਾ ਲਾਇਆ ਹੈ ਸੋ ਜਿਸਦੇ ਅੰਦਰ ਨਾਮ ਮਿੱਠਾ ਲਗਾ ਹੈ ਓਹੋ ਹੀ ਮਾਲਕ ਨੂੰ ਚੰਗਾ ਲਗਾ ਹੈ ਓਸ ਸਿਖ ਇਸਤ੍ਰੀ ਨੇ ਰਾਤ ਦਿਨ ਮਾਲਕ ਵਿਚ ਪ੍ਰੀਤੀ ਲਾਈ ਹੈ॥ ਮਾਲਕ ਮਿਲ ਪਿਆ ਹੈ ਏਹੋ ਹੀ ਮਨ ਭਾਂਦਾ ਫਲ ਪਾਇਆ ਹੈ ਅਤੇ ਇਸ ਕਰਕੇ ਮਨ ਨੂੰ ਬਹੁਤ ਖੁਸ਼ੀ ਹੋਈ ਹੈ। ਜਦੋਂ ਗੁਰਾਂ ਨੇ ਮਾਲਕ ਨਾਲ ਮਿਲਨ ਦਾ ਵਿਆਹ (ਅਨੰਦ ਕਾਰਜ) ਰਚਾਇਆ ਤਾਂ ਸਿਖ ਇਸਤ੍ਰੀ ਨਾਮ ਨੂੰ ਦਿਲ ਵਿਚ ਜਪਕੇ ਬੜੀ ਖੁਸ਼ੀ ਹੋਈ ॥ ਗੁਰੂ ਜੀ ਆਖਦੇ ਹਨ ਚੌਥੀ ਲਾਂਵ*ਭਾਵ ਭੂਮਕਾ ਵਿਚ ਨ ਮਰਨ ਵਾਲੇ ਮਾਲਕ ਪਤੀ ਨੂੰ ਪਾਇਆ ਹੈ॥

(ਗਿਆਨ ਵਾਨ ਦੀ ਅਵਸਥਾ)

ੴ ਰਾਗੁ ਸੂਹੀ ਛੰਤ ਮਹਲਾ੪ ਘਰੁ੨
੧ ਓ ਸਤਿਗੁਰਪ੍ਰਸਾਦਿ॥

ਜਗ ਜੀਵਨ=ਪ੍ਰਮੇਸਰ ॥

ਗੁਰਮੁਖਿ ਹਰਿਗੁਣ ਗਾਏ॥ ਹਿਰਦੈ ਰਸਨ ਰਸਾਏ ॥ ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ॥ ਅਨਦਿਨੁ

---

*ਲਾਵਾਂ ਦਾ ਅਰਥ ਫੇਰੇ ਲੈਣਾ ਹੈ॥ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਕਰਮਾਂ ਕਰਨੀਆਂ ਇਹ ਭਾਵ ਸਪਸ਼ਟ ਹੈ ਸੋ ਲੜਕੀ ਲੜਕਾ ਦੋਵੇਂ ਮਿਲਕੇ ਕਰਨ ਦੂਸਰਾ ਲਾਂਵ ਦਾ ਅਰਥ ਭੂਮਕਾ, ਅਵਸਥਾ ਵੀ ਹੈ ਜੋ ਇਕ ਟਿਕਾਣੇ ਖੜੇ ਜਾਣਾ ਪ੍ਰਮੇਸਰ ਨੂੰ ਚੇਤੇ ਰਖਣਾਂ। ਕਈ ਅਨੰਦ ਕਾਰਜ ਦੇ ਸਮੇ ਵਰ ਤੇ ਕੰਨਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਬਹਾ ਦੇਂਦੇ ਹਨ ਤੇ ਜਦੋਂ ਚਾਰ ਲਾਵਾਂ ਪੜੀਆਂ ਜਾਣ ਉਸ ਵੇਲੇ ਪ੍ਰਕਰਮਾਂ ਕਰਾਂਦੇ ਹਨ, ਸੋ ਇਹ ਵੀ ਠੀਕ ਹੈ।

Digitized by Panjab Digital Library | www.panjabdigilib.org

**ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵਲਾਇ ॥ ਵਡੈਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥ ਸਹਜੇ ਸਹਜਿ ਮਿਲਿਆ ਜਗਜੀਵਨ ਨਾਨਕ ਸੁੰਨਿ ਸਮਾਏ ॥ ੧ ॥**

ਗੁਰਮੁਖਾਂ ਨੇ ਪ੍ਰਮੇਸਰ ਦੇ ਗੁਣ ਗਾਏ ਹਨ॥ ਦਿਲ ਨਾਲ ਵੀ ਓਸੇ ਰਸ ਵਿਚ ਰਸੇ ਰਹਿੰਦੇ ਹਨ ॥ ਜੇਹੜੇ ਰਸਨਾ ਨਾਲ ਮਾਲਕ ਦਾ ਰਸ ਲੈਣ ਵਾਲੇ ਹੋਏ ਹਨ ਭਾਵ ਪ੍ਰੇਮੀ ਓਹ ਮੇਰੇ ਮਾਲਕ ਨੂੰ ਚੰਗੇ ਲਗੇ ਹਨ ਓਨਾਂ ਨੂੰ ਸਹਜੇ ਹੀ ਪ੍ਰਮੇਸਰ ਮਿਲਿਆ ਹੈ ॥ ਓਹ ਭਗਤ ਹੋਰਨਾਂ ਲੋਕਾਂ ਵਾਂਗੂੰ ਖਾਣ ਪੀਣ ਆਦਕ ਦੇ ਰਾਤ ਦਿਨ ਭੋਗ ਭੋਗਦੇ ਹਨ ਤੇ ਗੁਰ ਉਪਦੇਸ਼ ਵਿਚ ਪ੍ਰੀਤੀ ਲਾ ਰਹੇ ਹਨ ॥ ਵਡਿਆਂ ਭਾਗਾਂ ਨਾਲ ਪੂਰਾ ਗੁਰੂ ਪਾਈਦਾ ਹੈ ਜਿੰਨਾਂ ਨੇ ਪਾਇਆ ਹੈ ਓਹ ਰਾਤ ਦਿਨ ਨਾਮ ਨੂੰ ਧਿਆਂਉਂਦੇ ਹਨ ॥ ਗੁਰੂ ਜੀ, ਓਨਾਂ ਨੂੰ ਗਿਆਨ ਕਰਕੇ ਸੁਭਾਵਕ ਹੀ ਪ੍ਰਮੇਸਰ ਮਿਲਿਆ ਹੈ ਓਹ ਅਫੁਰ ਪ੍ਰਮੇਸਰ ਵਿਚ ਮਿਲੇ ਰਹਿੰਦੇ ਹਨ ॥

**ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥ ਦੁਰਮਤਿ ਮੈਲ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥ ਨਦਰਿ ਪ੍ਰਭੂ ਸਤਿ ਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥ ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ ੨ ॥**

ਜੇਹੜੇ ਆਦਮੀ ਪ੍ਰਮੇਸਰ ਨੇ ਸਤਸੰਗਤ ਵਿਚ ਮਿਲਾਏ ਹਨ ਓਹ ਪ੍ਰਮੇਸਰ ਦੇ ਨਾਮ ਰੂਪ ਜਾਂ ਸਤ ਸੰਗਤ ਰੂਪ ਤਾਲ ਵਿਚ ਨ੍ਹਾਉਂਦੇ ਹਨ ॥ ਜੇਹੜੇ ਨਿਰਮਲ ਨਾਮ ਰੂਪ ਪਾਣੀ ਵਿਚ ਨ੍ਹਾਂਦੇ ਹਨ ਓਨਾਂ ਨੇ ਮੈਲ ਰੂਪ ਪਾਪ ਦੂਰ ਕਰ ਲਏ ਹਨ ਏਸੇ ਲਈ ਓਨਾਂ ਦਾ ਸਰੀਰ ਸਾਫ ਹੋਇਆ ਹੈ॥ ਖੋਟੀ ਅਕਲ ਰੂਪ ਮੈਲ ਦੂਰ ਹੋ ਗਈ ਹੈ ਅਤੇ ਭਰਮ ਵੀ ਨਾਸ ਹੋ ਗਿਆ ਹੈ ਜੇਹੜੀ ਹੰਕਾਰ ਕਰਕੇ ਈਰਖਾ ਦੀ ਪੀੜ ਸੀ ਓਹ ਵੀ ਨਾਸ ਹੋ ਗਈ ਹੈ ॥ ਮਾਲਕ ਦੀ ਮਿਹਰ ਨਾਲ ਸਤਸੰਗਤ ਪਾਈ ਹੈ ਤੇ ਆਪਣੇ ਅਸਲੀ ਘਰ ਵਿਚ ਵਾਸਾ ਹੋਇਆ ਹੈ ॥ ਜੇਹੜਾ ਪ੍ਰਮੇਸਰ ਦਾ ਨਾਮ ਮੰਗਲ ਅਨੰਦ ਦੇਣ ਵਾਲਾ ਹੈ ਉਸ ਵਿਚ ਪ੍ਰੇਮ ਨਾਲ ਜਪਣ ਵਾਸਤੇ ਜਬਾਨ ਨੂੰ ਰਸ ਵਾਲੀ ਕੀਤਾ, ਗੁਰੂ ਜੀ, ਨਾਮ ਜਪਣ ਨਾਲ ਹੀ ਪ੍ਰਮੇਸਰ ਦਾ ਚਾਨਣ ਹੋਇਆ ਹੈ॥

**ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥ ਹਰਿ**

Digitized by Panjab Digital Library | www.panjabdigilib.org

**ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨ ਅੰਧੇਰੁ ਗਵਾਇਆ ॥ ਗਿਆਨੁ ਪ੍ਰਚੰਡ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥ ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥ ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥ ੩ ॥**

ਜਿਨਾਂ ਦੇ ਦਿਲ ਵਿਚ ਵਿਚਾਰ ਰੂਪ ਰਤਨ ਹਨ ਓਹ ਗੁਰਮੁਖ ਨਾਮ ਦੇ ਪਿਆਰੇ ਹਨ ॥ ਜਹੜੇ ਪ੍ਰਮੇਸ਼ਰ ਦੇ ਨਾਮ ਦੇ ਪਿਆਰੇ ਹਨ ਓਹ ਪ੍ਰਮੇਸਰ ਨੇ ਸਬਦਿ=ਸੰਸਾਰ ਸਮੁੰਦ੍ਰ ਤੋਂ ਤਾਰ ਦਿਤੇ ਹਨ ਕਿਉਂ ਜੋ ਉਨਾਂ ਨੇ ਅਗਿਆਨ ਹਨੇਰਾ ਨਾਸ ਕੀਤਾ ਹੈ ॥ ਓਨਾਂ ਦੇ ਦਿਲ ਵਿਚ ਗਿਆਨ ਰੂਪ ਤਿੱਖਾ (ਤੇਜ) ਚਾਨਣ ਬਲਿਆ ਹੈ ਓਨਾਂ ਦੇ ਘਰ ਮੰਦਰ=ਦਿਲ ਇੰਦ੍ਰੇ ਸੋਹਣੇ ਹੋਏ ਹਨ ॥ ਮਾਲਕ ਨੂੰ ਤਨ ਮਨ ਦੇਕੇ ਚੰਗੇ ਗੁਣਾਂ ਦਾ ਸਿੰਗਾਰ ਬਣਾਇਆ ਹੈ ਓਹ ਆਦਮੀ ਸਚੇ ਮਾਲਕ ਨੂੰ ਚੰਗਾ ਲਗਾ ਹੈ ॥ ਗੁਰੂ ਜੀ, ਜੋ ਮਾਲਕ ਆਖੇ ਉਸਨੂੰ ਚੰਗੀ ਤਰਾਂ ਕਰੀਏ ਜਿਸਨੇ ਹੁਕਮ ਮੰਨਿਆਂ ਹੈ ਓਹ ਪ੍ਰਮੇਸਰ ਦੇ ਗਲ ਨਾਲ ਲਗਾ ਹੈ ॥

**ਹਰਿਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥ ਸੰਤਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥ ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥ ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥ ੪ ॥ ੧ ॥ ੩ ॥**

ਸਿਖ ਇਸਤ੍ਰੀ ਨੂੰ ਅਪਣੇ ਨਾਲ ਮਿਲਾਉਣ ਵਾਸਤੇ ਇਹ ਮਾਲਕ ਨੇ ਵਿਆਹ ਰਚਾਇਆ ਹੈ ਭਾਵ ਗੁਰੂ ਨਾਲ ਮਿਲਕੇ ਫਿਰ ਮਾਲਕ ਨਾਲ ਵਿਆਹ ਹੋਇਆ ਹੈ ਜਾਂ ਗੁਰ ਉਪਦੇਸ਼ ਨੇ ਪ੍ਰਮੇਸਰ ਨਾਲ ਵਿਆਹਿਆ ਹੈ ॥ ਜਦੋਂ ਵਿਆਹੁਣ ਆਇਆ ਤਾਂ ਗੁਰੂ ਦੀ ਕਿਰਪਾ ਨਾਲ ਮਾਲਕ ਨੂੰ ਪਾਇਆ ਓਹ ਸਿਖ ਇਸਤ੍ਰੀ ਮਾਲਕ ਨੂੰ ਪਿਆਰੀ ਹੈ ॥ ਜਿਸਨੇ ਸੰਤਾਂ ਨਾਲ ਮਿਲਕੇ ਮੰਗਲ ਗਾਏ ਹਨ ਓਹ ਇਸਤ੍ਰੀ ਮਾਲਕ ਨੇ ਆਪ ਸਵਾਰੀ ਹੈ ਭਾਵ ਚੰਗਿਆਂ ਗੁਣਾਂ ਨਾਲ ॥ ਦੇਵਤੇ, ਆਦਮੀ, ਸ਼ਿਵਜੀ ਦੇ ਦਾਸ, ਦੇਵਤਿਆਂ ਦੇ ਰਾਗੀ ਸਾਰੇ ਹੀ ਮਿਲਕੇ ਦਰਸਨ ਨੂੰ ਆਏ ਹਨ ਅਜੇਹੀ ਸੁੰਦਰ ਜੰਞ ਬਣੀ ਹੈ ਭਾਵ ਚੰਗਿਆਂ ਗੁਣਾਂ

Digitized by Panjab Digital Library | www.panjabdigilib.org

ਵਾਲੀ ਜੰਦ ਹੈ ॥ ਗੁਰੂ ਜੀ, ਮੈ ਓਹ ਸਚਾ ਮਾਲਕ ਪਾਇਆ ਹੈ ਜੇਹੜਾ ਨ ਕਦੀ ਮਰਦਾ ਨ ਕਦੀ ਜੰਮਦਾ ਹੈ ॥

## ਰਾਗੁ ਸੂਹੀ ਛੰਤ ਮਹਲਾ ੪ ਘਰੁ ੩

### ੧ ਓ ਸਤਿਗੁਰ ਪ੍ਰਸਾਦਿ ॥

**ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥ ਗੁਰਮੁਖਿ ਮਿਲਿਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥ ਸਬਦ ਘਨੇਰੇ ਹਰਿਪ੍ਰਭ ਨੇਰੇ ਤੂ ਕਰਤਾ ਸਭ ਥਾਈ ॥ ਅਹਿਨਿਸਿ ਜਪੀ ਸਦਾ ਸਾਲਾਹੀ ਸਾਚਸਬਦਿ ਲਿਵ ਲਾਈ ॥ ਅਨਦਿਨੁ ਸਹਜਿ ਰਹੈ ਰੰਗਿ-ਰਾਤਾ ਰਾਮਨਾਮੁ ਰਿਦ ਪੂਜਾ ॥ ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥ ੧ ॥**

ਆਓ ਸੰਤੋ ਮਾਲਕ ਦੇ ਗੁਣ ਗਾਈਏ ॥ ਓਨ੍ਹਾਂ ਗੁਰਮੁਖਾਂ ਨੂੰ ਮਿਲ ਰਹੀਏ ਜਿਨ੍ਹਾਂ ਦੇ ਘਰ ਵਿਚ ਬਹੁਤ ਤਰਾਂ ਦੇ ਸ਼ਬਦ ਵਜਦੇ ਹਨ ਭਾਵ ਸ਼ਬਦ ਕੀਰਤਨ ਹੁੰਦਾ ਰਹਿੰਦਾ ਹੈ । (ਇਹ ਬੇਨਤੀ ਹੈ)
ਹੇ ਮਾਲਕ ਤੇਰੇ ਨਾਲ ਮੇਲਣ ਵਾਲੇ ਬਹੁਤ ਸਾਰੇ ਸ਼ਬਦ ਹਨ ਭਾਵ ਬਚਨ ਅਤੇ ਤੂੰ ਮਾਲਕ ਸਭ ਥਾਂ ਹੈਂ । ਰਾਤ ਦਿਨ ਨਾਮ ਨੂੰ ਜਪੀਏ ਕਿ ਸਦਾ ੨ ਸਲਾਹੀਏ ਅਤੇ ਸਚੇ ਮਾਲਕ ਵਿਚ ਪ੍ਰੀਤੀ ਲਾਈਏ ॥ ਜੇਹੜਾ ਰਾਤ ਦਿਨ ਸੁਭਾਵਕ ਹੀ ਅਨੰਦ ਵਿਚ ਰੱਤਾ ਰਹਿੰਦਾ ਹੈ ਅਤੇ ਮਾਲਕ ਦੇ ਨਾਮ ਨੂੰ ਦਿਲ ਵਿਚ ਧਾਰਿਆ ਹੈ ਏਹੋ ਹੀ ਉਸਦੀ ਪੂਜਾ ਹੈ ॥ ਗੁਰੂ ਜੀ, ਓਹ ਗੁਰਾਂ ਦੁਆਰੇ ਇਕ ਨੂੰ ਪਛਾਣਦਾ ਹੈ ਅਤੇ ਦੂਸਰਾ ਨਹੀ ਜਾਣਦਾ ਹੈ ॥

**ਸਭ ਮਹਿ ਰਵਿਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ ॥ ਗੁਰਸਬਦਿ ਰਵੇ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ॥ ਪ੍ਰਭੁਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥ ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ॥ ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ ॥ ਨਾਨਕ ਸੋ ਪ੍ਰਭੁ ਸਬਦੇ**

Digitized by Panjab Digital Library | www.panjabdigilib.org

# ਜਾਪੈ ਅਹਿਨਿਸਿ ਨਾਮੁ ਧਿਆਏ ॥ ੨ ॥

ਓਹ ਮੇਰਾ ਮਾਲਕ ਸਾਰਿਆਂ ਵਿਚ ਮਿਲਿਆ ਹੋਇਆਹੈ॥ ਜੇਹੜੇ ਗੁਰਾਂ ਦੇ ਉਪਦੇਸ਼ ਕਰਕੇ ਨਾਮ ਨੂੰ ਉਚਾਰਦੇ ਹਨ ਓਨਾਂ ਨੇ ਮੇਰਾ ਮਾਲਕ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਜਾਣਿਆ ਹੈ ਜਿਸਤਰਾਂ ਸਾਰਿਆਂ ਥਾਵਾਂ ਵਿਚ ਸੂਰਜ ਮਿਲਿਆ ਹੋਇਆ ਹੈ ॥ ਜੇਹੜਾ ਮੇਰਾ ਮਾਲਕ ਅੰਤਰਜਾਮੀ ਹੈ ਓਹ ਸਾਰਿਆਂ ਦਿਲਾਂ ਵਿਚ ਮਿਲਿਆ ਹੋਇਆ ਹੈ ॥ ਉਸ ਸੱਚੇ ਨੂੰ ਗੁਰ ਸਿਖਿਆ ਕਰਕੇ ਪਾਈਦਾ ਹੈ ਤਾਂ ਫਿਰ ਸ਼ਾਂਤੀ ਅਵਸਥਾ ਵਿਚ ਸਮਾਈ ਦਾ ਹੈ ਤਾਂ ਇਹ ਨਿਸਚਾ ਆ ਜਾਂਦਾ ਹੈ ਕਿ ਉਸ ਤੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ। ਜੇ ਮਾਲਕ ਨੂੰ ਭਾਵਾਂ ਤਾਂ ਉਸਦੇ ਸਹਿਜੇ ਹੀ ਗੁਣਾਂ ਨੂੰ ਗਾਵਾਂ ਤਾਂ ਓਹ ਆਪੇ ਹੀ ਮਿਲਾ ਲਏਗਾ ॥ ਗੁਰੂ ਜੀ, ਗੁਰ ਉਪਦੇਸ਼ ਕਰਕੇ ਜੇ ਰਾਤ ਦਿਨ ਇਹ ਆਦਮੀ ਨਾਮ ਨੂੰ ਚੇਤੇ ਰੱਖੇ ਤਾਂ ਓਹ ਮਾਲਕ ਜਾਣਿਆਂ ਜਾਂਦਾ ਹੈ॥

# ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕਰੋਧੁ ਚਤੁਰਾਈ ਰਾਮ ॥ ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥ ਜਮਮਗਿ ਦੁਖੁ ਪਾਵੈ ਚੋਟਾਂ ਖਾਵੈ ਅੰਤਿ ਗਇਆ ਪਛੁਤਾਇਆ ॥ ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬ ਸੁਤੁਭਾਈ ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥ ੩॥

ਇਹ ਸੰਸਾਰ ਸਮੁੰਦ੍ਰ ਤਰਨਾ ਬੜਾ ਔਖਾ ਹੈ॥ ਮਨਮੁਖਾਂ ਤੋਂ ਇਸਦਾ ਪਾਰ ਹੋਣਾ ਨਹੀਂ ਪਾਇਆ ਜਾਂਦਾ ॥ ਰਾਮ=ਹੇ ਭਰਾ। ਮਨਮੁਖ ਦੇ ਅੰਦਰ ਹੰਕਾਰ ਤੇ ਮਮਤਾ ਹੈ ਅਤੇ ਕਾਮ ਕ੍ਰੋਧ ਕਰਨ ਨਾਲ ਸਿਆਣਪ ਵੀ ਬੁਰੀ ਹੈ। ਮਨਮੁਖ ਦੇ ਅੰਦਰ ਮੰਦੀ ਚਤਰਾਈ ਹੈ ਇਸ ਲਈ ਓਹ ਕੋਈ ਵੀ ਥਾਂ ਨਹੀਂ ਪਾ ਸਕਦਾ ਭਾਵ ਕੋਈ ਕੰਮ ਲੇਖੇ ਨਹੀਂ ਲੱਗਦਾ ਮਨਮੁਖ ਨੇ ਬਿਅਰਥ ਹੀ ਜਨਮ ਗਵਾਲਿਆ ਹੈ। ਅਗੇ ਜਨਮ ਦੇ ਰਸਤੇ ਚੋਟਾਂ ਖਾਕੇ ਦੁਖ ਪਾਂਦਾ ਹੈ ਓੜਕ ਪਛਤਾਂਦਾ ਗਿਆ ਹੈ। ਨਾਮ ਤੋਂ ਬਿਨਾਂ ਪੁਤ੍ਰ, ਟੱਬਰ, ਸੁਤਭਾਈ=ਭਤੀਜਾ ਕੋਈ ਵੀ ਬੇਲੀ=ਸਹਾਇਕ ਨਹੀਂ ਹੈ॥ ਗੁਰੂ ਜੀ, ਇਹ ਸਾਰਾ ਮਾਇਆ ਦੇ ਮੋਹ ਦਾ ਪਸਾਰਾ ਹੈ ਇਹ ਅਗੇ ਨਾਲ ਨਹੀਂ ਜਾਂਦਾ ਹੈ॥

# ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨਬਿਧਿ ਦੁਤਰੁ ਤਰੀਐ ਰਾਮ ॥ ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥

Digitized by Panjab Digital Library | www.panjabdigilib.org

ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥ ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵਲਾਵੈ ॥ ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮਨਾਮਿ ਵਡਿਆਈ ॥ ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ॥੪॥੧॥੪

ਹੇ ਭਰਾ ਜੇਹੜਾ ਆਪਣਾ ਸਤਿਗੁਰੂ ਦਾਤਾ ਹੈ ਮੈ ਉਸ ਤੋਂ ਪੁੱਛਦਾ ਹਾਂ ਇਹ ਔਖਾ ਸੰਸਾਰ ਕਿਸਤਰਾਂ ਤਰੀਦਾ ਹੈ॥ ਸਤਿਗੁਰਾਂ ਦੀ ਆਗਿਆਨੁਸਾਰ ਚਲੋ ਇਕੁਰ ਜੀਉਂਦਿਆਂ ਹੀ ਮਰੀਦਾ ਹੈ ਤੇ ਸੰਸਾਰ ਤਰੀਦਾ ਹੈ ॥ ਜਦੋਂ ਜੀਉਂਦਿਆਂ ਹੀ ਮਰੀਏ ਤੇ ਤਾਂ ਸੰਸਾਰ ਸਮੁੰਦਰ ਤਰੀਦਾ ਹੈ ਗੁਰਮੁਖ ਨਾਮੀ ਮਾਲਕ ਵਿਚ ਸਮਾਂਦਾ ਹੈ । ਜੇਹੜਾ ਪੂਰਾ ਪੁਰਖ ਗੁਰ ਹੈ ਓਹ ਜਿਸ ਵਡਭਾਗੀ ਨੇ ਪਾਇਆ ਹੈ ਓਹ ਸਚੇ ਨਾਮ ਵਿਚ ਪ੍ਰੀਤੀ ਲਾਂਦਾ ਹੈ ॥ ਜਿਨਾਂ ਦਾ ਮਨ ਗੁਰਾਂ ਵਿਚ ਮੰਨਿਆਂ ਹੈ ਓਨਾਂ ਦੀ ਅਕਲ ਚਾਨਣ ਵਾਲੀ ਹੋਈ ਹੈ ਇਹ ਸਾਰੀ ਮਹਿਮਾ ਮਾਲਕ ਦੇ ਨਾਮਦੀ ਹੈ ॥ ਗਰੂ ਜੀ,ਜਿਨਾਂ ਨੇ ਗੁਰਉਪਦੇਸ਼ ਵਿਚ ਮਨ ਮਿਲਾਇਆ ਹੈ ਓਨਾਂ ਨੇ ਮਾਲਕ ਨੂੰ ਪਾਇਆ ਹੈ ਇਸਤਰਾਂ ਦਾ ਪਾਇਆ ਹੈ ਜੋ ਜੋਤ ਵਾਲੇ ਮਾਲਕ ਨੇ ਓਨਾਂ ਦੀ ਚੇਤਨਤਾ ਆਪਣੇ ਨਾਲ ਮਿਲਾ ਲਈ ਹੈ ॥

## ਸੂਹੀ ਮਹਲਾ ੪ ਛੰਤ ਘਰੁ ੫

## ੧ ਓ ਸਤਿਗੁਰਪ੍ਰਸਾਦਿ ॥

ਤ੍ਰਿਸਨਾ=ਪਦਾਰਥਾਂ ਦੀ ਭੁਖ, ਬਹੁਤ ਬਹੁਤ ਚਾਹ ਕਰਨੀ ॥
ਆਸ=ਮਨ ਵਿਚ ਆਸਾ ਲਗੀ ਰਹਣੀ ॥

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ॥ ਧਨੁ ਧੰਨੁ ਗੁਰੂ ਵਡਪੁਰਖੁ ਹੈ ਮੈ ਦਸੇ ਹਰਿ ਸਾਬਾਸੇ॥ ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥ ੧ ॥

ਹੇ ਸੰਤੋ ਮੈਨੂੰ ਗੁਰੂ ਪਿਆਰਾ ਮਿਲਿਆ ਹੈ ਮੇਰੀ ਤ੍ਰਿਸਨਾ ਤੇ ਆਸਾ ਦੂਰ ਹੋ ਗਈ ਹੈ ॥ ਮੈਂ ਆਪਣੇ ਗੁਰੂ ਨੂੰ ਮਨ ਤਨ ਦਿਆਂਗਾ ਜੋ ਮੈਨੂੰ ਗੁਣਾਂ ਦੇ

Digitized by Panjab Digital Library | www.panjabdigilib.org

ਸਮੁੰਦਰ ਮਾਲਕ ਨਾਲ ਮੇਲ ਦੇਵੇਗਾ ॥
ਗੁਰੂ ਵੱਡਾ ਪੁਰਖ ਧੰਨ ਹੈ ਜੋ ਮਨੂੰ ਮਾਲਕ ਦਾ ਰਾਹ ਦਸੇ ਮੈਂ ਉਸਨੂੰ ਸ਼ਾਬਾਸ਼ੇ ਆਖਾਂਗਾ ॥ ਗੁਰੂ ਜੀ, ਵਡਭਾਗੀਆਂ ਨੇ ਮਾਲਕ ਨੂੰ ਪਾਇਆ ਹੈ ਓਹ ਵਡ-ਭਾਗੀ ਨਾਮੀ ਨੂੰ ਪਾਕੇ ਖੁਸ਼ੀ ਹੋਏ ਹਨ॥

**ਗੁਰ ਸਜਣੁ ਪਿਆਰਾ ਮੈ ਮਿਲਿਆ ਹਰਿਮਾਰਗੁ ਪੰਥੁ ਦਸਾਹਾ ॥ ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿਗੁਰੂ ਪ੍ਰਭ ਨਾਹਾ ॥ ਹਉ ਤੁਝ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥ ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥ ੨॥**

ਮੈਨੂੰ ਗੁਰੂ ਸਜਣ ਪਿਆਰਾ ਮਿਲਿਆ ਹੈ ਜੇਹੜਾ ਹੋਰਨਾਂ ਰਸਤਿਆਂ ਵਿਚੋਂ ਪ੍ਰਮੇਸਰ ਦਾ ਚੰਗਾ ਰਸਤਾ ਹੈ ਓਹ ਮੈਂ ਪੁਛਿਆ ਹੈ ॥ (ਬੇਨਤੀ ਹੈ)
ਹੇ ਮਾਲਕ ਬਹੁਤ ਚਿਰਾਂ ਦੇ ਵਿਛੜੇ ਹੋਏ ਗੁਰੂ ਦੇ ਉਪਦੇਸ ਕਰਕੇ ਮੇਰੇ ਦਿਲ ਵਿਚ ਆਓ ਤੇ ਮਿਲ ਜਾਓ ॥ ਨਾਹਾ=ਮਾਲਕ ॥ ਮੈਂ ਆਪ ਤੋਂ ਬਿਨਾ ਬਹੁਤ ਉਦਾਸ ਹਾਂ ਜਿਸਤਰਾਂ ਪਾਣੀ ਬਿਨਾ ਮਛ ਮਰਦਾ ਹੈ ॥ ਗੁਰੂ ਜੀ, ਜਿਸ ਕਿਸੇ ਵਡਭਾਗੀ ਨੇ ਮਾਲਕ ਨੂੰ ਧਿਆਇਆ ਹੈ ਓਹ ਨਾਮੀ ਵਿਚ ਮਿਲ ਗਿਆ ਹੈ ॥

**ਮਨੁ ਦਹਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ॥ ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥ ੩ ॥**

ਮਨਮੁਖਾਂ ਦਾ ਮਨ ਭਰਮ ਦਾ ਭੁਲਾਇਆ ਹੋਇਆ ਚਲਿ=ਭੰਭੀਰੀ ਵਾਂਗ ਚਲਿ=ਚੰਚਲ ਹੋਇਆ ਹੋਇਆ ਦਸਾਂ ਦਿਸ਼ਾਂ ਵਲ ਭਰਮਿਆ ਹੈ ॥ ਰੋਜ ਹੀ ਮਨ ਵਿਚ ਆਸਾ ਚਿਤਵਦਾ ਹੈ ਅਤੇ ਮਨ ਤ੍ਰਿਸ਼ਨਾ ਕਰਕੇ ਪਦਾਰਥਾਂ ਦੀ ਭੁਖ ਵਿਚ ਲਗਾਇਆ ਹੈ ॥ ਧਰਤੀ ਵਿਚ ਬਹੁਤ ਧਨ ਦਬਿਆ ਹੋਇਆ ਹੈ ਫੇਰ ਵਿਹੁ ਰੂਪ ਧਨ ਨੂੰ ਲੱਭਣ ਵਾਸਤੇ ਗਿਆ ਹੈ ॥ ਗੁਰੂ ਜੀ, ਹੇ ਭਰਾ ਤੂੰ ਨਾਮ ਨੂੰ ਯਾਦ ਕਰ ਮਨਮੁਖ ਤਾਂ ਨਾਮ ਤੋਂ ਬਿਨਾ ਸੜ ਸੜ ਕੇ ਤ੍ਰਿਸ਼ਨਾ ਅੱਗ ਵਿਚ ਮਰ ਗਿਆ ਹੈ ॥

**ਗੁਰ ਸੁੰਦਰੁ ਮੋਹਨੁ ਪਾਇਕਰੇ ਹਰਿਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿਗਈ ਮਨ ਆਸਾ ਚਿੰਤ ਵਿਸਾਰਿਆ ॥**

Digitized by Panjab Digital Library | www.panjabdigilib.org

ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥ ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕ ਖਿਨੁ ਖਿਨੁ ਵਾਰਿਆ ॥ ੪ ॥ ੧ ॥ ੫ ॥

ਜੇਹੜਾ ਗੁਰੂ ਸੁੰਦਰ ਮਨ ਦੇ ਮੋਹਣ ਵਾਲਾ ਹੈ ਉਸ ਨੂੰ ਪਾਇਕਰੇ=ਮਿਲਕੇ ਮਾਲਕ ਦੀ ਪ੍ਰੇਮ ਵਾਲੀ ਬਾਣੀ ਕਰਕੇ ਮੈਂ ਆਪਣੇ ਮਨ ਨੂੰ ਮਾਰਿਆ ਹੈ ॥

ਮੇਰੇ ਦਿਲ ਵਿਚੋਂ ਜੇਹੜੀ ਸੰਸਾਰ ਦੀ ਅਕਲ ਸੀ ਸੋ ਓਹ ਭੁੱਲ ਗਈ ਹੈ ਅਤੇ ਮਨ ਤੋਂ ਆਸਾ ਤੇ ਚਿੰਤਾ ਨੂੰ ਵੀ ਭੁਲਾਇਆ ਹੈ ॥ ਮੇਰੇ ਅੰਦਰ ਪੀੜ ਮਾਲਕ ਦੇ ਪ੍ਰੇਮ ਦੀ ਭਾਵ ਵਿਛੋੜੇ ਦੀ ਸੀ ਸੋ ਗੁਰਾਂ ਨੂੰ ਵੇਖਦਿਆਂ ਹੀ ਮਨ ਸਹਤ ਆਸਰੇ ਦੇ ਹੋਗਿਆ ਹੈ ਭਾਵ ਮਾਲਕ ਨੂੰ ਪਾਕੇ ਪੀੜਾ ਹਟ ਗਈ ਹੈ ॥ ਗੁਰੂ ਜੀ, ਮੈਂ ਛਿਨ ਛਿਨ ਮਾਲਕ ਤੋਂ ਬਲਹਾਰ ਜਾਂਦਾ ਹਾਂ ਹੇ ਮਾਲਕ ਤੂੰ ਵਡਿਆਂ ਭਾਗਾਂ ਵਾਲਿਆਂ ਨੂੰ ਮਿਲਿਆ ਹੈਂ ॥

## ਸੂਹੀ ਛੰਤ ਮਹਲਾ ੪

ਮਾਰੇਹਿ ਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥ ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ ॥ ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥ ਜਨ ਨਾਨਕ ਗੁਰਮੁਖਿ ਉਬਰੇ ਗੁਰਸਬਦੀ ਹਉਮੈ ਛੁਟੀਆ ॥ ੨ ॥

ਮਾਰੇਹਿ=ਮਾਰੋ ॥ ਵੇ=ਹੇ ॥ ਕੰਚਨ=ਸੋਨਾ ॥ ਵੰਨੀਆ=ਰੰਗ ਭਾਵ ਸੁੱਧ ॥
ਇਸ ਸਬਦ ਵਿਚ ਵੇ ਸ਼ਬਦ ਸੰਬੋਧਨ ਕਰਕੇ ਹੈ, ਹੇ ਦਾ ਕੰਮ ਦੇਂਦਾ ਹੈ ॥
ਵਿਗੁਤੀਆ=ਖਰਾਬ ॥ ਸਜੁਤੀਆ=ਜੋੜ ਦਿਤੀ ॥

ਹੇ ਗੁਰਮੁਖੋ ਜੇਹੜੀ ਹੰਕਾਰ ਰੂਪ ਵਿਹੁ ਹੈ ਜਿਸਨੇ ਮਾਲਕ ਦੇ ਨਾਲ ਅਕਲ ਨਹੀਂ ਮਿਲਨ ਦਿਤੀ ਉਸਨੂੰ ਮਾਰੋ॥ ਹੇ ਭਰਾਓ ਇਹ ਮਨੁਖ ਦੇਹ ਬਾਰਾਂ ਵੰਨੀਆਂ ਸੋਨੇ ਦੇ ਰੰਗ ਵਰਗੀ ਸਾਫ ਹੈ ਭਾਵ ਅਮੋਲਕ ਹੈ ਪਰ ਇਸ ਹੰਗਤਾ ਮਮਤਾ ਨੇ ਮਾਰਕੇ ਖਰਾਬ ਕਰ ਦਿਤੀ ਹੈ। ਹੇ ਭਰਾਓ ਮਾਇਆ ਦਾ ਮੋਹ ਸਾਰਾ ਕਾਲਖ ਦਾ ਭਰਿਆ ਹੈ ਮਨਮੁਖ ਮੂਰਖ ਆਦਮੀ ਨੇ ਇਸ ਨਾਲ ਅਕਲ ਜੋੜ ਦਿਤੀ ਹੈ ॥ ਗੁਰੂ ਜੀ, ਜਿਨਾਂ ਦੀ ਗੁਰਉਪਦੇਸ਼ ਕਰਕੇ ਹੰਗਤਾ ਮਮਤਾ ਦੂਰ ਹੋਈ ਹੈ ਓਹ ਗੁਰਮੁਖ ਇਸ ਮੋਹ ਤੋਂ ਬਚ ਗਏ ਹਨ ॥

Digitized by Panjab Digital Library | www.panjabdigilib.org

ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨ ਬਾਸੇ ਜਿਉ ਨਿਤ ਭਉਦਿਆ ॥ ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ ॥ ਗੁਰੁ ਪਾਇਆ ਵੇ ਸੰਤ ਜਨੋ ਮਨਿ ਆਸ ਪੂਰੀ ਹਰਿ ਚਉਦਿਆ ॥ ਜਨ ਨਾਨਕ ਪ੍ਰਭ ਦੇਹੁ ਮਤੀ ਛਡਿ ਆਸਾ ਨਿਤਿ ਸੁਖਿ ਸਉਦਿਆ ॥ ੨ ॥

ਹੇ ਭਰਾਓ ਕੋਈ ਇਸ ਮਨ ਨੂੰ ਵੱਸ ਵਿਚ ਲਿਆਓ ਇਹ ਜੇਹੜਾ ਮਨ ਰੋਜ ਹੀ ਬਾਸੇ ਵਰਗਾ ਭਜਾ ਫਿਰਦਾ ਹੈ। ਬਾਸਾ=ਇਕ ਮਾਸ ਖਾਣ ਵਾਲਾ ਜਨੌਰ ਹੈ ॥ ਹੇ ਭਰਾਓ ਦੁਖਾਂ ਦੇ ਵਿਚ ਹੀ ਮਨੁਖ ਦੀ ਉਮਰ ਬੀਤੀ ਹੈ ਰੋਜ ਹੀ ਆਸਾ=ਪਦਾਰਥਾਂ ਦੀ ਆਸਾ ਕਰਦਿਆਂ ਹੋਇਆਂ ਕਦੀ ਕਿਧਰੇ ਕਦੀ ਕਿਧਰੇ ਕਰਦਿਆਂ ਰਾਤ-ਉਮਰ ਮੁਕ ਗਈ ਹੈ ॥ ਹੇ ਭਰਾਓ ਜਿਨਾਂ ਨੇ ਗੁਰੂਨੂੰ ਲਭਿਆ ਹੈ ਰੋਜ ਹੀ ਮਾਲਕ ਦੇ ਨਾਮ ਨੂੰ ਬੋਲਿਆ ਹੈ ਓਨਾਂ ਦੇ ਮਨ ਦੀ ਆਸਾ ਪੂਰੀ ਹੋਗਈ ਹੈ ॥ ਚਉਦਿਆ=ਬੋਲਣ ਵਾਲਾ ॥ ਗੁਰੂ ਜੀ, ਹੇ ਮਾਲਕਾ ਜੇਹੜੇ ਸੰਤ ਆਸਾ ਨੂੰ ਛਡਕੇ ਸੁਖ ਨਾਲ ਸੁਤੇ ਹਨ ਓਨਾਂ ਸੰਤਾਂ ਦੀ ਮੈਨੂੰ ਅਕਲ ਜਾਂ ਸਿਖਿਆ ਦੇਹ ॥

ਸਾ ਧਨ ਆਸਾ ਚਿਤਿ ਕਰੇ ਰਾਮਰਾਜਿਆ ਹਰਿਪ੍ਰਭ ਸੇਜੜੀਐ ਆਈ ॥ ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮਰਾਜਿਆ ਕਰਿ ਕਿਰਪਾ ਲੇਹੁ ਮਿਲਾਈ ॥ ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮਰਾਜਿਆ ਹਰਿਸਰਧਾ ਸੇਜ ਵਿਛਾਈ ॥ ਜਨ ਨਾਨਕ ਹਰਿਪ੍ਰਭ ਭਾਣੀਆ ਰਾਮ ਰਾਜਿਆ ਮਿਲਿਆ ਸਹਜਿ ਸੁਭਾਈ ॥ ੩ ॥

ਹੇ ਭਰਾ ਸਿਖ ਇਸਤ੍ਰੀ ਚਿਤ ਵਿਚ ਏਹੋ ਹੀ ਆਸਾ ਕਰਦੀ ਹੈ ਹੇ ਮਾਲਕ ਮੇਰੀ ਸੇਜਾ ਉਤੇ ਆਓ ਭਾਵ ਦਿਲ ॥ ਰਾਮ ਰਾਜਿਆ=ਹੇ ਭਰਾ ਕਰਕੇ ਸੰਬੋਧਨ ਹੈ ॥ ਹੇ ਭਰਾ ਮੇਰਾ ਮਾਲਕ ਅਪੁੱਜ ਤੇ ਦਿਆਲ ਹੈ ਉਸ ਪਾਸ ਬੇਨਤੀ ਕਰੋ ਜੋ ਕਿਰਪਾ ਕਰਕੇ ਆਪਣੇ ਨਾਲ ਮਿਲਾ ਲਵੇ ॥ ਹੇ ਭਰਾ ਮੇਰੇ ਮਨ ਤਨ ਵਿਚ ਬਹੁਤ ਚਾਹ ਹੈ ਗੁਰਦੁਆਰੇ ਪ੍ਰਮੇਸਰ ਦੇ ਨਾਲ ਮਿਲਨ ਵਾਲੀ ਸਰਧਾ ਸੇਜ ਵਿਛਾਈ ਹੈ ॥ ਗੁਰੂ ਜੀ, ਪ੍ਰੇਮ ਨਾਲ ਸੁਭਾਵਕ ਹੀ ਮਾਲਕ ਆ ਮਿਲਿਆ ਹੈ ਉਸਦੀ ਸ਼ਰਧਾ ਵੇਖਕੇ ਮਾਲਕ ਨੂੰ ਚੰਗੀ ਲੱਗੀ ਹੈ ॥

ਇਕਤੁ ਸੇਜੈ ਹਰਿਪ੍ਰਭੋ ਰਾਮਰਾਜਿਆ ਗੁਰੁ ਦਸੇ ਹਰਿ ਮੇਲੇਈ ॥ ਮੈ ਮਨਿ ਤਨਿ ਪ੍ਰੇਮ ਬੈਰਾਗੁਹੈ ਰਾਮ ਰਾਜਿਆ ਗੁਰੁ ਮੇਲੇ ਕਿਰਪਾ ਕਰੇ

ਈ ॥ ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮਰਾਜਿਆ ਜੀਉ ਸਤਿਗੁਰ ਆਗੈ ਦੇਈ ॥ ਗੁਰ ਤੁਠਾ ਜੀਉ ਰਾਮਰਾਜਿਆ ਜਨ ਨਾਨਕ ਹਰਿ ਮੇਲੇਈ ॥ ੪ ॥ ੨ ॥ ੬ ॥ ੧੮ ॥

ਹੇ ਭਰਾਓ ਇਕ ਸੇਜ ਉਤੇ ਹੀ ਜੀਵ ਤੇ ਮਾਲਕ ਹੈ ਪਰ ਜੇ ਇਸ ਗਲ ਨੂੰ ਗੁਰੂ ਦਸੇ ਤੇ ਤਾਂ ਮਾਲਕ ਮਿਲਦਾ ਹੈ ॥ ਮੇਰੇ ਮਨ ਵਿਚ ਬਹੁਤ ਪ੍ਰੇਮ ਹੈ ਤੇ ਸਰੀਰ ਦਾ ਪਦਾਰਥਾਂ ਵਲੋਂ ਬੈਰਾਗ=ਤਿਆਗ ਹੈ ਇਸ ਕਰਕੇ ਮੈਨੂੰ ਆਸਾ ਹੈ ਕਿ ਜਰੂਰ ਹੀ ਗੁਰੂ ਮੈਨੂੰ ਮਾਲਕ ਨਾਲ ਮੇਲ ਲਵੇਗਾ ॥ ਮੈਂ ਗੁਰੂ ਤੋਂ ਬਲਿਹਾਰ ੨ ਜਾਂਦਾ ਹਾਂ ਸਰੀਰ ਤੇ ਦਿਲ ਸਤਿਗੁਰਾਂ ਦੇ ਅਗੇ ਧਰਦਾ ਹਾਂ ਭਾਵ ਸੇਵਾ ਕਰਦਾ ਹਾਂ ॥ ਗੁਰੂ ਜੀ, ਜਦੋਂ ਗੁਰੂ ਪ੍ਰਸੰਨ ਹੋਇਆ ਤਾਂ ਇਸ ਆਦਮੀ ਨੂੰ ਮਾਲਕ ਦੇ ਨਾਲ ਮਿਲਾ ਦਿਤਾ ॥

(ਜਗਤ ਝੂਠਾ ਹੈ)

## ਰਾਗ ਸੂਹੀ ਛੰਤ ਮਹਲਾ ੫ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥ ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕਸੁੰਭ ਰੰਗਾਨਾ ॥ ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿੰਦ ਨਾਮੁ ਮਜੀਠਾ ॥ ਥੀਵਹਿ ਲਾਲਾ ਅਤਿ ਗੁਲਾਲਾ ਸਬਦ ਚੀਨਿ ਗੁਰ ਮੀਠਾ ॥ ਮਿਥਿਆ ਮੋਹਿ ਮਗਨ ਥੀ ਰਹਿਆ ਝੂਠ ਸੰਗਿ ਲਪਟਾਨਾ ॥ ਨਾਨਕ ਦੀਨ ਸਰਣਿ ਕਿਰਪਾਨਿਧਿ ਰਾਖੁ ਲਾਜ ਭਗਤਾਨਾ ॥ ੧ ॥

ਸੁਣ ਹੇ ਬੌਰਿਆ ਤੂੰ ਕਿਸ ਵਾਸਤੇ ਜਗਤ ਨੂੰ ਵੇਖਕੇ ਮਾਲਕ ਨੂੰ ਭੁਲ ਗਿਆ ਹੈਂ। ਸੁਣ ਓਇ ਝਲਿਆ ਤੂੰ ਝੂਠਾ ਪ੍ਰੇਮ ਲਾਇਆ ਹੈ ਕਸੁੰਭੇ ਦੇ ਰੰਗ ਨਾਲ ਭਾਵ ਵਿਸ਼ਿਆਂ ਨਾਲ ॥ ਜਿਸ ਝੂਠੀ ਚੀਜ ਵਸਤ ਨੂੰ ਵੇਖਕੇ ਤੂੰ ਭੁਲਾ ਹੈਂ ਇਹਨਾਂ ਵਿਸ਼ਿਆਂ ਦਾ ਅਧੀ ਕੌਡੀ ਵੀ ਮੁਲ ਨ ਲਵੇਂਗਾ ਅਤੇ ਮਾਲਕ ਦਾ ਨਾਮ ਮਜੀਠ ਵਰਗਾ ਪਕਾ ਸੱਚਾ ਪ੍ਰੇਮ ਹੈ। ਅਢ=ਅੱਧੀ ਕੌਡੀ ॥ ਜਦੋਂ ਗੁਰ ਉਪਦੇਸ਼ ਨੂੰ ਮਿਠਾ ਜਾਣੇਗਾ ਤਾਂ ਬਹੁਤ ਹੀ ਗਾਹੜੇ ਪ੍ਰੇਮ ਵਾਲਾ ਤੇ ਅਨੰਦ ਵਾਲਾ ਹੋ ਜਾਵੇਂਗਾ

Digitized by Panjab Digital Library | www.panjabdigilib.org

ਥੀਵਹਿ=ਹੋਵੇਂਗਾ। ਚੀਨਿ=ਜਾਣਕੇ॥ ਹੁਣ ਤੂੰ ਝੂਠੇ ਸੰਸਾਰ ਵਿਚ ਮੋਹ ਕਰਕੇ ਮਸਤ ਹੋਇਆ ੨ ਹੈਂ ਝੂਠਿਆਂ ਪਦਾਰਥਾਂ ਨਾਲ ਚੰਬੜਿਆ ਹੈਂ॥ (ਬੇਨਤੀ) ਗੁਰੂ ਜੀ, ਮੈਂ ਗਰੀਬ ਆਪ ਦੀ ਸਰਨ ਆਇਆ ਹਾਂ ਹੇ ਕਿਰਪਾ ਸਮੁੰਦਰ ਮੇਰੀ ਲਜਿਆ ਰਖ ਜਿਸ ਤਰਾਂ ਭਗਤਾਂ ਦੀ ਰਖਦਾ ਆਇਆ ਹੈਂ॥

**ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ॥ ਸੁਣਿਬਾਵਰੇ ਜੋ ਆਇਆ ਤਿਸੁ ਜਾਣਾ॥ ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤਸੰਗਿ ਮਿਲਿਰਹੀਐ॥ ਹਰਿਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿਰਹੀਐ। ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ॥ ਨਾਨਕ ਦੀਨ ਭਗਤ ਭਵਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ॥ ੨॥**

ਸੁਣ ਓਇ ਕਮਲਿਆ ਉਸ ਮਾਲਕ ਦੀ ਸੇਵਾ ਕਰ ; ਜੇਹੜਾ ਪ੍ਰਾਣਾਂ ਦਾ ਮਾਲਕ ਹੈ॥ ਸੁਣ ਓਇ ਕਮਲਿਆ ਜੋ ਆਇਆ ਹੈ ਉਸਨੇ ਜਰੂਰ ਜਾਣਾ ਹੈ॥ ਹਭ=ਸਾਰਾ॥ ਹੇ ਪਰਦੇਸੀਆ ਜਿਸ ਨੂੰ ਤੂੰ ਟਿਕਿਆ ਹੋਇਆ ਮੰਨਿਆ ਹੈ ਓਹ ਸਾਰਾ ਹੀ ਚਲਿਆ ਜਾਵੇਗਾ ਸਾਡੀ ਸਿਖਿਆ ਨੂੰ ਸੁਣ ਓਹ ਸਿਖਿਆ ਇਹ ਹੈ ਕਿ ਸੰਤਾਂ ਦੇ ਨਾਲ ਮਿਲਕੇ ਸੰਸਾਰ ਵਿਚ ਰਹੀਏ ਭਾਵ ਸਾਸਾਂ ਤਕ ਨਾਮ ਜਪ॥ ਹੇ ਵੈਰਾਗੀਆ ਸੁਣ ਮਾਲਕ ਨੂੰ ਵਡਿਆਂ ਭਾਗਾਂ ਕਰਕੇ ਪਾਈਦਾ ਹੈ ਇਸ ਲਈ ਮਾਲਕ ਦੇ ਪੈਰ ਫੜਕੇ ਰਹਿਣਾ ਜੋਗ ਹੈ॥ ਇਸ ਮਨ ਨੂੰ ਦੇ ਦੇਈਏ ਸ਼ੰਕਾ ਨ ਕਰੀਏ ਜੇਹੜਾ ਧਨ ਆਦਿਕਾਂ ਦਾ ਬਹੁਤ ਹੀ ਮਾਣ ਹੈ ਸੋ ਗੁਰਮੁਖ ਬਣਕੇ ਇਸਨੂੰ ਛਡ ਦੇਹ॥ (ਬੇਨਤੀ) ਗੁਰੂ ਜੀ, ਹੇ ਦਿਆਲੂ ਗਰੀਬਾਂ ਤੇ ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲੇ ਮੈਂ ਤੇਰਿਆਂ ਗੁਣਾ ਨੂੰ ਮੂੰਹ ਨਾਲ ਕੀ ਆਖਾਂ॥

**ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ॥ ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ॥ ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ॥ ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ॥ ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ॥ਨਾਨਕੁ ਸਰਣਿ ਪਇਆ ਹਰਿਦੁਆਰੈ ਹਉ ਬਲਿ ਬਲਿ**

Digitized by Panjab Digital Library | www.panjabdigilib.org

ਸਦ ਕੁਰਬਾਨੇ ॥ ੩ ॥

ਹੇ ਕਮਲਿਆ ਸੁਣ ਤੂੰ ਝੂਠਾ ਮਾਣ ਕੀ ਕਰਦਾ ਹੈਂ, ਸੁਣ ਹੇ ਕਮਲਿਆ ਸਭ ਕੁਛ ਚਲਿਆ ਜਾਵੇਗਾ ਧਨ ਤੇ ਵਿਦਯਾ ਅਦਕ ਦਾ ਸਾਰਾ ਹੰਕਾਰ ॥ ਜਿਨਾਂ ਨੂੰ ਤੂੰ ਟਿਕਿਆ ਹੋਇਆ ਮੰਨਿਆਂ ਹੈ ਇਹ ਸਭ ਕੁਛ ਚਲਿਆ ਜਾਣਾ ਹੈ ਇਸ ਲਈ ਮਾਨ ਕਰਨਾ ਝੂਠ ਹੈ ਸੰਤਾਂ ਦੀ ਸਿਖਿਆ ਸੁਣ ਮਾਲਕ ਦਾ ਦਾਸ ਬਣ ॥ ਜੇ ਕਰਮਾਂ ਵਿਚ ਲਿਖਿਆ ਹੋਇਆ ਹੋਵੇ ਤਾਂ ਜੀਵਤ ਭਾਵ ਤੋਂ ਮਰਕੇ ਸੰਸਾਰ ਤੋਂ ਤਰੀਦਾ ਹੈ ॥ ਗੁਰਾਂ ਦੀ ਸੇਵਾ ਕਰੀਏ ਨਾਮ ਅੰਮ੍ਰਿਤ ਨੂੰ ਪੀਵੀਏ, ਜਿਸਦਾ ਧਿਆਨ ਮਾਲਕ ਲਗਾਂਦਾ ਹੈ ਉਸਦਾ ਲਗਦਾ ਹੈ ॥ ਗੁਰੂ ਜੀ ਜੇਹੜਾ ਪ੍ਰਮੇਸਰ ਦੇ ਦੁਆਰੇ ਸਤਸੰਗ ਦੀ ਸਰਨ ਆ ਪਿਆ ਹੈ ਮੈ ਉਸਦੇ ਕੁਰਬਾਨ ਜਾਂਦਾ ਹਾਂ ॥

**ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥ ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥ ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥ ਥੀਉ ਨਿਮਾਣਾ ਸਦਕੁਰਬਾਣਾ ਸਗਲਾ ਆਪੁ ਮਿਟਾਈਐ ॥ ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ ਨਾਨਕਦੀਨ ਸਰਣਿ ਸੁਖਸਾਗਰ ਰਾਖੁ ਲਾਜ ਅਪਨਾਇਆ॥੪॥੧॥**

ਸੁਣ ਹੇ ਬੌਰਿਆ ਇਹ ਵੀ ਤੂੰ ਮਤ ਜਾਣਦਾ ਹੋਵੇਂ ਜੋ ਮੈਂ ਮਾਲਕ ਨੂੰ ਪਾਇਆ ਹੈ ਭਾਵ ਤੂੰ ਮਾਲਕ ਨੂੰ ਨਹੀ ਪਾਇਆ ॥ ਸੁਣ ਓਇ ਬੌਰਿਆ ਤੂੰ ਓਨਾਂ ਸੰਤਾਂ ਦੀ ਧੂੜ ਹੋ ਜਾਹ ਜਿਨਾਂ ਨੇ ਮਾਲਕ ਨੂੰ ਧਿਆਇਆ ਹੈ ॥ ਜਿਨਾਂ ਨੇ ਮਾਲਕ ਨੂੰ ਧਿਆਇਆ ਹੈ ਓਨਾਂ ਨੇ ਸੁਖ ਪਾਇਆ ਹੈ ਓਨਾਂ ਦਾ ਦਰਸ਼ਨ ਵਡਿਆਂ ਭਾਗਾਂ ਕਰਕੇ ਪਾਈਦਾ ਹੈ ॥ ਨੀਵਾਂ ਹੋ ਜਾਹ ਅਤੇ ਸਦਾ ਹੀ ਬਲਿਹਾਰ ਜਾਹ ਸੰਤਾਂ ਦੇ ਸੋ ਸੰਤਾਂ ਦੀ ਸੇਵਾ ਵਿਚ ਲਗਕੇ ਸਾਰਾ ਹੰਕਾਰ ਦੂਰ ਕਰੀਏ ॥ ਓਹ ਧੰਨ ਤੇ ਭਾਗਾਂ ਵਾਲਾ ਹੈ ਅਤੇ ਅੰਮ੍ਰਿਤ ਵਰਗਾ ਹੈ ਜਿਸਨੇ ਮਾਲਕ ਨੂੰ ਲਭਿਆ ਹੈ ਅਸੀ ਉਸ ਪਾਸ ਆਪਣਾ ਆਪ ਵੇਚਿਆ ਹੈ, ਇਹ ਗੁਰੂ ਜੀ ਆਖਦੇ ਹਨ ॥ ਗੁਰੂ ਜੀ, ਅਸੀ ਗਰੀਬ ਆਪਦੀ ਸ਼ਰਨ ਆਏ ਹਾਂ ਤੇ ਸੁਖ ਸਾਗਰ-ਮਾਲਕ ਸਾਨੂੰ ਅਪਣਾ ਜਾਣਕੇ ਸਾਡੀ ਲਾਜ ਰੱਖ ॥

Digitized by Panjab Digital Library | www.panjabdigilib.org

# ਸੂਹੀ ਮਹਲਾ ੫

ਤੁਸਿ=ਪ੍ਰਸੰਨ, ਖੁਸ਼ੀ ॥ ਬਲਿਰਾਮ=ਬਲਹਾਰੇ ਜਾਵਾਂ ਪ੍ਰਮੇਸਰ ਦੇ ॥

**ਹਰਿ ਚਰਨ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿਕੈ ਬਲਿਰਾਮ ਜੀਉ ॥ ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁਕਿਛੁ ਹੈ ਘਰਿ ਤਿਸ ਕੈ ਬਲਿਰਾਮ ਜੀਉ ॥ ਬਾਬਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥ ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥ ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥ ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥ ੧ ॥**

ਚਰਨਾਂ ਕਮਲਾਂ ਦੀ ਓਟ ਪ੍ਰਸੰਨ ਹੋਕੇ ਸਤਿਗੁਰਾਂ ਨੇ ਮੈਨੂੰ ਦਿਤੀ ਹੈ ॥ ਜੇਹੜੇ ਮਾਲਕ ਦੇ ਭਰੇ ਹੋਏ ਖਜਾਨੇ ਸੰਤ ਹਨ ਓਹ ਨਾਮ ਅੰਮ੍ਰਿਤ ਦੇ ਭਰੇ ਹੋਏ ਹਨ ਅਤੇ ਹੋਰ ਵੀ ਉਸਦੇ ਘਰ ਸਭ ਕੁਛ ਹੈ ॥ ਜੇਹੜਾ ਮੇਰਾ ਮਾਲਕ ਪਿਤਾ ਹੈ ਓਹ ਵੱਡਾ ਸਮਰਥ ਹੈ ਓਹ ਮਾਲਕ ਤੱਤਾਂ ਤੇ ਸੰਸਾਰ ਦੇ ਕਰਨ ਵਾਲਾ ਹੈ ॥ ਜਿਸਦੇ ਚੇਤੇ ਕਰਨ ਨਾਲ ਕੋਈ ਦੁਖ ਨਹੀਂ ਲੱਗਦਾ ਹੈ ਅਤੇਸੰਸਾਰ ਤੋਂ ਵੀ ਪਾਰ ਉਤਾੜਾ ਹੁੰਦਾ ਹੈ ॥ ਓਹ ਪਹਿਲੇ ਤੋ ਜੁਗਾਂ ਦੇ ਪਹਿਲੇ ਭਗਤਾਂ ਦਾ ਰਾਖਾ ਹੈ, ਮੈਂ ਉਸਦੀ ਉਸਤਤ ਕਰਕੇ ਜੀਉਂਦਾ ਹਾਂ ॥ ਗੁਰੂ ਜੀ, ਨਾਮ ਦਾ ਰਸ ਬਹੁਤ ਹੀ ਮਿੱਠਾ ਹੈ ਸੋ ਮੈ ਰਾਤ ਦਿਨ ਸੰਤਾਂ ਨਾਲ ਮਿਲਕੇ ਮਨ ਤਨ ਨਾਲ ਪੀਂਦਾ ਹਾਂ ॥

**ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥ ਜਿਸ ਨੋ ਤੇਰੀ ਟੇਕ ਸੋ ਸਦਾਸਦ ਜੀਵਈ ਬਲਿਰਾਮ ਜੀਉ ॥ ਤੇਰੀ ਟੇਕ ਤੁਝਹਿ ਤੇ ਪਾਈ ਸਾਚੇ ਸਿਰਜਣ ਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੁ ਹਮਾਰਾ॥ ਸੰਤਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨ ਆਸ ਤੁਮਾਰੀ ॥ ਸਫਲੁ ਦਰਸੁ ਭੇਟਿਆ ਗੁਰੁਪੂਰਾ ਨਾਨਕ ਸਦ ਬਲਿਹਾਰੀ ॥ ੨ ॥**

ਜਿਸਨੂੰ ਮਾਲਕ ਆਪੇ ਹੀ ਆਪਣੇ ਨਾਲ ਮਿਲਾ ਲੈਂਦਾ ਹੈ ॥ ਉਸਨੂੰ ਫਿਰ ਵਿਛੋੜਾ ਕਿਉਂ ਹੋਵੇਗ ਜਾਂ ਹੁੰਦਾ ਹੈ ॥ ਜਿਸਨੂੰ ਤੇਰਾ ਆਸਰਾ ਹੈ ਓਹ ਸਦਾ ਸਦਾ ਜੀਉਂਦਾ ਹੈ ॥ ਹੇ ਸਚੇ ਪੈਦਾ ਕਰਨ ਵਾਲੇ ਤੇਰੀ ਓਟ ਤੈਥੋਂ ਹੀ ਪਾਈ

Digitized by Panjab Digital Library | www.panjabdigilib.org

ਹੈ ॥ ਜਿਸ ਤੋਂ ਖਾਲੀ ਕੋਈ ਨਹੀਂ ਹੈ ਓਹ ਇੱਕਰ ਦਾ ਸਾਡਾ ਮਾਲਕ ਹੈ ॥ ਸੰਤਾਂ ਨਾਲ ਮਿਲਕੇ ਮੈ ਤੇਰਾ ਜਸ ਗਾਇਆ ਹੈ ਅਤੇ ਦਿਨੇ ਰਾਤ ਤੇਰੀ ਹੀ ਆਸ ਹੈ ॥ ਗੁਰੂ ਜੀ, ਜਦੋਂ ਪੂਰਾ ਗੁਰੂ ਮਿਲਿਆ ਤਾਂ ਤੇਰਾ ਸਫਲ ਦਰਸ਼ਨ ਮਿਲਿਆ ਮੈਂ ਸਦਾ ਬਲਿਹਾਰ ਜਾਂਦਾ ਹਾਂ ॥

**ਸੰਮਲਿਆ ਸਚੁਥਾਨੁ ਮਾਨੁ ਮਹਤੁ ਸਚੁ ਪਾਇਆ ਬਲਿਰਾਮ ਜੀਉ ॥ ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ-ਰਾਮ ਜੀਉ ॥ ਗੁਣਗੋਵਿੰਦ ਗਾਉ ਨਿਤ ਨਿਤ ਪ੍ਰਾਨ ਪ੍ਰੀਤਮ ਸੁਆ-ਮੀਆ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈ ਹਾਰੇ ॥ ੩ ॥**

ਜਦੋਂ ਸਚੇ ਦੇ ਥਾਂ ਸਤਸੰਗ ਨੂੰ ਸੰਭਾਲਿਆ ਤਾਂ ਆਦਰ ਤੇ ਮੁਰਾਤਬਾ ਵਡਿਆਈ ਪੁੰਨ, ਪਾਇਆ ॥
ਜਦੋਂ ਦਿਆਲੂ ਮਾਲਕ ਗੁਰੂ ਮਿਲਿਆ ਤਾਂ ਅਬਿਨਾਸ਼ੀ ਪ੍ਰਮੇਸਰ ਦੇ ਗੁਣਾਂ ਨੂੰ ਗਾਇਆ ॥ ਜੇੜ੍ਹਾ ਪ੍ਰਾਨਾਂ ਦਾ ਪਿਆਰਾ ਹੈ ਜਦੋਂ ਉਸਦੇ ਗੁਣਾਂ ਨੂੰ ਰੋਜ ੨ ਗਾਇਆ ਜਾਂ ਗਾਓ ॥ ਚੰਗੇ ਦਿਨ ਆਏ ਮਾਲਕ ਨੇ ਫੜਕੇ ਗਲ ਨਾਲ ਲਾ ਲਏ ਫਿਰ ਅਸੀ ਅੰਤਰਜਾਮੀ ਨੂੰ ਮਿਲੇ ॥ ਸਤ ਸੰਤੋਖ ਧਾਰਨ ਨਾਲ ਮਾਲਕ ਦੇ ਜਸ ਵਾਲੇ ਲਗਾਤਾਰ ਵਾਜੇ ਵਜੇ- ਓਹ ਵਾਜੇ ਅਨੰਦ ਵਾਲੇ ਹਨ ॥ ਗੁਰੂ ਜੀ ਮਾਲਕ ਕਰਨ ਹਾਰ ਦੇ ਜਸ ਵਾਲੇ ਵਾਜੇ ਸੁਣਕੇ ਸਾਰੇ ਹੀ ਡਰ ਦੂਰ ਹੋ ਗਏ ॥

**ਉਪਜਿਆ ਤਤੁਗਿਆਨ ਸਾਹੁਰੈ ਪੇਈਐ ਇਕੁ ਹਰਿ ਬਲਿਰਾਮ ਜੀਉ ॥ ਬ੍ਰਹਮੈਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨਕਰਿ ਬਲਿਰਾਮ ਜੀਉ ॥ ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥ ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥ ੪ ॥ ੨ ॥**

Digitized by Panjab Digital Library | www.panjabdigilib.org

ਅਸਲ ਗਿਆਨ ਪ੍ਰਗਟ ਹੋਇਆ ਲੋਕ ਪ੍ਰਲੋਕ ਵਿਚ ਇਕ ਮਾਲਕ ਨੂੰ ਮਿਲਿਆ ਹੋਇਆ ਜਾਣਿਆਂ ॥ ਜਦੋਂ ਮਾਲਕ ਨਾਲ ਆਦਮੀ ਮਿਲਿਆ ਹੁਣ ਪ੍ਰਮੇਸਰ ਤੋਂ ਜੀਵ ਨੂੰ ਕੋਈ ਨਹੀਂ ਵਖਰਾ ਕਰ ਸਕਦਾ ॥ ਜਿਸਨੂੰ ਬਿਸਮਾਦ ਪ੍ਰਮੇਸਰ ਨਜ਼ਰ ਆਇਆ ਹੈ ਓਹ ਅਸਚਰਜ ਰੂਪ ਹੀ ਵੇਖਦਾ ਹੈ ਅਤੇ ਅਸਚਰਜ ਹੀ ਸੁਣਦਾ ਹੈ॥ ਓਹ ਮਾਲਕ ਜਲਾਂ ਥਲਾਂ ਧਰਤੀ ਅਕਾਸ਼ ਵਿਚ ਪੂਰਨ ਹੈ ਜਿਕੁਰ ਇਕ ਸੂਰਜ ਅਨੇਕਾਂ ਘੜਿਆਂ ਵਿਚ ਮਿਲਿਆ ਹੋਇਆ ਹੁੰਦਾ ਹੈ ਓਸੇਤਰਾਂ ਇਕ ਮਾਲਕ ਸਾਰੇ ਸਮਾਇਆ ਹੋਇਆ ਹੈ ॥ ਜਿਸ ਪ੍ਰਮੇਸਰ ਤੋਂ ਜੀਵ ਪੈਦਾ ਹੋਇਆ ਸੀ ਉਸੇ ਦੇ ਵਿਚ ਹੀ ਸਮਾ ਗਿਆ ਭਾਵ ਮਿਲ ਗਿਆ ਹੈ ਉਸ ਮਾਲਕ ਦੇ ਤਮਾਸ਼ਿਆਂ ਦੀ ਕੀਮਤ ਨਹੀ ਆਖੀ ਜਾਂਦੀ ਹੈ ॥ ਗੁਰੂ ਜੀ, ਜਿਸ ਦੇ ਤਮਾਸ਼ੇ ਵੇਖੇ ਨਹੀਂ ਜਾਂਦੇ ਭਾਵ ਬਿਅੰਤ ਹਨ ਉਸਨੂੰ ਅਸੀਂ ਧਿਆਉਂਦੇ ਹਾਂ ॥

## ਰਾਗੁ ਸੂਹੀ ਛੰਤ ਮਹਲਾ ੫ ਘਰੁ ੨

### ੧ ਓ ਸਤਿਗੁਰਪ੍ਰਸਾਦਿ ॥

**ਗੋਬਿੰਦਗੁਣ ਗਾਵਣ ਲਾਗੇ ॥ ਹਰਿਰੰਗਿ ਅਨਦਿਨੁ ਜਾਗੇ ॥ ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥ ਗੁਰਚਰਣ ਲਾਗੇ ਭਰਮਭਾਗੇ ਕਾਜ ਸਗਲ ਸਵਾਰਿਆ ॥ ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿਨਾਮੁ ਜਪਿ ਵਡਭਾਗੈ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉਪਿੰਡੁ ਪ੍ਰਭ ਆਗੈ ॥ ੧ ॥**

ਓਹ ਮਾਲਕ ਦੇ ਗੁਣਾਂ ਨੂੰ ਗੌਣ ਲਗੇ ਹਨ ਜੇਹੜੇ ਮਾਲਕ ਦੀ ਪ੍ਰੀਤੀ ਵਿਚ ਰਾਤ ਦਿਨੇ ਜਾਗਦੇ ਹਨ ॥ ਹੇ ਪਿਆਰਿਆ ਜਦੋਂ ਸੰਤਾਂ ਨੂੰ ਮਿਲੇ ਤਾਂ ਮਾਲਕ ਦੀ ਪ੍ਰੀਤੀ ਵਿਚ ਜਾਗੇ ਅਤੇ ਓਸੇ ਵੇਲੇ ਪਾਪ ਦੌੜ ਗਏ ॥ ਜਦੋਂ ਗੁਰਾਂ ਦੀ ਚਰਨੀ ਲਗੇ ਤਾਂ ਸਾਰੇ ਭਰਮ ਦੌੜ ਗਏ ਅਤੇ ਗੁਰਾਂ ਨੇ ਸਾਰਿਆਂ ਕਾਰਜਾਂ ਨੂੰ ਸਵਾਰ ਦਿਤਾ ॥ ਕੰਨਾਂ ਨਾਲ ਗੁਰਬਾਣੀ ਸੁਣਕੇ ਇਹ ਬਾਤ ਸੁਭਾਵਕ ਹੀ ਜਾਣ ਲਈ ਹੈ ਪਰ ਵਡਿਆਂ ਭਾਗਾਂ ਵਾਲੇ ਮਾਲਕ ਦੇ ਨਾਮ ਨੂੰ ਜਪਦੇ ਹਨ ॥ ਗੁਰੂ ਜੀ, ਅਸੀ ਤਾਂ ਮਾਲਕ ਦੀ ਸ਼ਰਨ ਹਾਂ ਅਤੇ ਸਾਡਾ ਜੀਅ ਸਰੀਰ ਸਭ ਕੁਛ ਮਾਲਕ ਦੇ ਅਗੇ ਹੀ ਹੈ ਭਾਵ ਵੇਚ ਦਿਤਾ ਹੈ ॥

Digitized by Panjab Digital Library | www.panjabdigilib.org

ਅਨਹਤ ਸਬਦੁ ਸੁਹਾਵਾ ॥ ਸਚੁ ਮੰਗਲੁ ਹਰਿ ਜਸੁ ਗਾਵਾ ॥ ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥ ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ ॥ ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ ॥ ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ ॥ ੨ ॥

ਲਗਾਤਾਰ ਮਾਲਕ ਹੀ ਸੋਹਣਾ ਹੈ ਸਚਾ ਖੁਸ਼ੀ ਵਾਲਾ ਉਸਦਾ ਜਸ ਗਾਇਆ ਹੈ ॥ ਮਾਲਕ ਦੇ ਗੁਣਾਂ ਨੂੰ ਗਾਉਣ ਨਾਲ ਹੀ ਦੁਖ ਨੱਸ ਗਏ ਹਨ ਅਤੇ ਮਨ ਵਿਚ ਬਹੁਤ ਅਨੰਦ ਪੈਦਾ ਹੋਇਆ ਹੈ ॥ ਦਰਸਨ ਵੇਖਕੇ ਮਨ ਤਨ ਸਾਫ ਹੋਇਆ ਹੈ ਅਤੇ ਮਾਲਕ ਦਾ ਨਾਮ ਮੂੰਹ ਤੋਂ ਉਚਾਰਿਆ ਹੈ ॥ ਜੇਹੜੇ ਮਾਲਕ ਦੇ ਅਰਾਧਨ ਵਾਲੇ ਸੰਤ ਹਨ ਜੇ ਓਨਾਂ ਦੀ ਧੂੜ ਹੋਈਏ ਤਾਂ ਆਪਣੇ ਮਾਲਕ ਨੂੰ ਭਾਵਾਂ ਜਾਂ ਭਾਈਏ। ਗੁਰੂ ਜੀ ਆਖਦੇ ਹਨ ਹੇ ਮਾਲਕ ਮੇਰੇ ਉਤੇ ਕਿਰਪਾ ਕਰੋ ਮੈਂ ਸਦਾ ਹੀ ਤੇਰੇ ਗੁਣ ਗਾਉਂਦਾ ਰਹਾਂ ॥

ਗੁਰ ਮਿਲਿ ਸਾਗਰੁ ਤਰਿਆ ॥ ਹਰਿ ਚਰਣ ਜਪਤ ਨਿਸਤਰਿਆ। ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥ ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥ ਜਪਿ ਏਕੁ ਅਲਖੁ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ ॥ ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ ॥ ੩ ॥

ਗੁਰਾਂ ਨਾਲ ਮਿਲਿਆਂ ਸੰਸਾਰ ਸਮੁੰਦਰ ਤਰਿਆ ਜਾਂਦਾ ਹੈ ਪਰ ਨਾਲ ਹੀ ਮਾਲਕ ਦੇ ਚਰਨਾਂ ਨੂੰ ਜਪਦਿਆਂ ਹੋਇਆਂ ਮੈਂ ਤਰਿਆ ਹਾਂ ॥
ਮਾਲਕ ਦ ਚਰਨ ਧਿਆਉਣ ਨਾਲ ਸਾਰੇ ਫਲ ਪਾਏ ਹਨ ਅਤੇ ਆਉਣਾ ਜਾਣਾ ਦੂਰ ਹੋ ਗਿਆ ਹੈ ॥ ਪ੍ਰੇਮਾ ਭਗਤੀ ਕਰਕੇ ਸਹਿਜੇ ਹੀ ਮਾਲਕ ਨੂੰ ਜਪਦਿਆਂ ਹਾਂ ਮੈਂ ਅਪਣੇ ਮਾਲਕ ਨੂੰ ਭਾਵਾਂਗਾ ਜਾਂ ਭਾਇਆ ਹਾਂ ॥ ਇਕ ਅਲੱਖ ਵਡਾ ਮਾਲਕ ਜੋ ਹਰ ਥਾਂ ਮਿਲਿਆ ਹੋਇਆ ਹੈ ਉਸਨੂੰ ਜਪਿਆ ਹੈ ਉਸਤੋਂ ਬਿਨਾ ਹੋਰ ਦੂਸਰਾ ਕੋਈ ਨਹੀਂ ਹੈ ॥ ਗੁਰੂ ਜੀ,ਜਦੋਂ ਗੁਰਾਂ ਨੇ ਭਰਮ ਨਾਸ ਕਰ ਦਿਤਾ ਤਾਂ ਫਿਰ ਜਿਥੇ ਵੇਖਦਾ ਹਾਂ ਓਥੇ ਹੀ ਮਾਲਕ ਨਜ਼ਰ ਆਇਆ ਹੈ ॥

ਪਤਿਤ ਪਾਵਨ ਹਰਿ ਨਾਮਾ ॥ ਪੂਰਨ ਸੰਤ ਜਨਾ ਕੇ ਕਾਮਾ ॥ ਗੁਰੂ

Digitized by Panjab Digital Library | www.panjabdigilib.org

ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥ ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥ ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥ ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ॥ ੪॥੧॥੩॥

ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਮਾਲਕ ਦਾ ਨਾਮ ਹੈ ਏਸੇ ਨਾਮ ਨੇ ਸਾਰਿਆਂ ਸੰਤਾਂ ਦੇ ਸਾਰੇ ਕੰਮ ਸਵਾਰੇ ਹਨ ॥ ਜਿੰਨਾਂ ਨੇ ਸੰਤ ਗੁਰੂ ਨੂੰ ਪਾਇਆ ਹੈ ਅਤੇ ਨਾਮ ਨੂੰ ਚੇਤੇ ਕੀਤਾ ਹੈ ਓਨਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਗਈਆਂ ਹਨ ॥ ਓਨਾਂ ਦੇ ਹੰਕਾਰ ਤੇ ਤਾਪ ਨਾਸ ਹੋ ਗਏ ਹਨ ਓਹ ਸਦਾ ਹੀ ਪ੍ਰੇਮ ਦੇ ਸਹਿਤ ਹੋ ਗਏ ਹਨ ਓਨਾਂ ਬਹੁਤ ਚਿਰ ਦਿਆਂ ਵਿਛੜਿਆਂ ਹੋਇਆਂ ਨੂੰ ਮਾਲਕ ਮਿਲਿਆ ਹੈ॥ ਜਿਨਾਂ ਦੇ ਮਨ ਵਿਚੋਂ ਮਾਲਕ ਕਦੀ ਨਹੀਂ ਭੁਲਦਾ ਹੈ ਓਨਾਂ ਦੇ ਮਨ ਵਿਚ ਸ਼ਾਂਤੀ ਆਈ ਹੈ ਅਤੇ ਵਧਾਈ ਪੈਦਾ ਹੋਈ ਹੈ ॥ ਗੁਰੂ ਜੀ ਆਖਦੇ ਹਨ ਗੁਰਾਂ ਨੇ ਇਹੋ ਹੀ ਉਪਦੇਸ਼ ਪੱਕਾ ਕਰਾਇਆ ਹੈ ਕਿ ਜਗਤ ਦੇ ਮਾਲਕ ਨੂੰ ਸਦਾ ਯਾਦ ਕਰੋ ॥

## ਰਾਗੁ ਸੂਹੀ ਛੰਤ ਮਹਲਾ ੫ ਘਰੁ ੩

### ੴ ਸਤਿਗੁਰ ਪ੍ਰਸਾਦਿ ॥

ਬੈਰਾਗਰੋ=ਹੀਰਿਆਂ ਦਾ ਪਹਾੜ । ਰਤਨਾਗਰੋ=ਰਤਨਾ ਦੀ ਖਾਣ । ਸਾਗਰ=ਸਮੁੰਦਰ । ਸਾਰ=ਖਬਰ । ਘਣ=ਬਹੁਤ । ਚੇਰੀ=ਚੇਲੀ ॥

ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਈਂ ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥ ੧ ॥

ਤੂੰ ਮਾਲਕ ਹੀਰਿਆਂ ਦਾ ਪਹਾੜ ਭਾਵ ਗੁਣਾਂ ਦਾ ਸਮੁੰਦਰ ਜਾਂ ਆਸਰਾ ਹੈਂ ਮੇਰੇ ਵਰਗੀਆਂ ਤੇਰੀਆਂ ਕਈ ਦਾਸੀਆਂ ਹਨ ਤੂੰ ਸਮੁੰਦਰ ਰਤਨਾ ਦੀ ਖਾਣ ਹੈ ਮੈਂ ਤੇਰੀ

Digitized by Panjab Digital Library | www.panjabdigilib.org

ਖਬਰ ਨਹੀਂ ਜਾਣਦੀ ਹਾਂ । ਮੈਂ ਤੇਰੀ ਖਬਰ ਨਹੀਂ ਜਾਣਦੀ ਤੂੰ ਬੜਾ ਸਿਆਣਾ ਹੈਂ ਹੇ ਮਾਲਕਾ ਮੇਰੇ ਉਤੇ ਬਹੁਤ ਕਿਰਪਾ ਕਰ ॥ ਕਿਰਪਾ ਇਹ ਕਰ ਕਿ ਮੈਨੂੰ ਓਹ ਅਕਲ ਦੇਹ ਜਿਸ ਕਰਕੇ ਮੈਂ ਤੈਨੂੰ ਅਠੇ ਪਹਿਰ ਧਿਆਂਦਾ ਰਹਾਂ। ਹੰਕਾਰ ਨ ਕਰੀਏ ਸਾਰਿਆਂ ਦੀ ਚਰਨ ਧੂੜ ਹੋ ਜਾਈਏ ਹੇ ਜੀਆ ਤਾਂ ਤੇਰੀ ਮੁਕਤੀ ਹੁੰਦੀ ਹੈ ॥ ਗੁਰੂ ਜੀ, ਮੇਰਾ ਮਾਲਕ ਸਾਰਿਆਂ ਤੋਂ ਉਤੇ ਭਾਵ ਵੱਡਾ ਹੈ ਤੇ ਮੇਰੇ ਵਰਗੀਆਂ ਉਸਦੀਆਂ ਕਈ ਦਾਸੀਆਂ ਹਨ ॥

ਗਉਹਰ=ਸੁਧ ਮੋਤੀ ॥ ਗਹਿਰ=ਡੂੰਘੇ ॥ ਗੰਭੀਰਾ=ਇਸਤਰ ॥
ਬਹੁਰੀਆ=ਇਸਤ੍ਰੀਆਂ ॥ ਲਹੁਰੀਆ=ਛੋਟੀ ॥

**ਤੁਮ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾਂ ॥ ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ ਨਾਨਕ ਠਾਕੁਰ ਸਰਬ ਸਮਾਣਾ ਆਪਨ ਭਾਵਨ ਕਰੀਆ ॥ ੨ ॥**

ਤੁਸੀ ਸੁੱਧ ਮੋਤੀ ਬਹੁਤ ਹੀ ਡੂੰਘੇ ਟਿਕੇ ਹੋਏ ਦਰਿਆ ਵਤ ਹੋ, ਅਤੇ ਤੁਸੀ ਮਾਲਕ ਅਤੇ ਅਸੀ ਤੁਹਾਡੀਆਂ ਇਸਤ੍ਰੀਆਂ ਹਾਂ ॥ ਤੁਸੀ ਵਡਿਆਂ ਤੋਂ ਵਡੇ ਅਤੇ ਵਡਿਆਂ ਤੋਂ ਉਚੇ ਹੋ ਅਤੇ ਮੈਂ ਇੰਨੀ ਕੁ ਜਿੰਨੀ ਛੋਟੀ ਜਹੀ ਦਾਸੀ ਹਾਂ ॥ ਹੇ ਚਤਰ ਮੈਂ ਕੁਛ ਨਹੀਂ ਹਾਂ ਇਕ ਤੂੰ ਹੀ ਆਪੇ ਆਪ ਹੈ ॥ ਹੇ ਮਾਲਕ ਮੈਂ ਤੇਰੀ ਥੋੜੀ ਜਹੀ ਕਿਰਪਾ ਦੀ ਨਜ਼ਰ ਨਾਲ ਜੀਉ ਦੀ ਹਾਂ ਅਤੇ ਸਾਰਿਆਂ ਦਾ ਅਨੰਦ ਰਸ ਵਾਲਾ ਜੋ ਆਤਮਾਂ ਅਨੰਦ ਹੈ ਉਸ ਨੂੰ ਮੈਂ ਮਾਣਾ ਭਾਵ ਭੋਗਾਂ ॥ ਮੈਂ ਤੇਰੇ ਚਰਨਾਂ ਦੀ ਸ਼ਰਨ ਲੈਕੇ ਦਾਸਾਂ ਦੀ ਦਾਸੀ ਹੋਵਾਂ ਮੇਰੇ ਮਨ ਆਦਕ ਇੰਦ੍ਰੇ ਫੁਲ ਜਾਣ ਅਤੇ ਸਰੀਰ ਵੀ ਹਰਿਆ ਹੋ ਜਾਵੇ ॥ ਗੁਰੂ ਜੀ, ਹੇ ਮਾਲਕ ਤੂੰ ਸਾਰੇ ਹੀ ਮਿਲਿਆ ਹੋਇਆ ਹੈਂ ॥ ਜੋ ਤੇਰੀ ਇਛਿਆ ਹੁੰਦੀ ਹੈ ਓਹੋ ਹੀ ਤੂੰ ਕਰਦਾ ਹੈਂ

**ਤੁਝੁ ਊਪਰਿ ਮੇਰਾ ਹੈ ਮਾਣਾ ਤੂ ਹੈ ਮੇਰਾ ਤਾਣਾ ਰਾਮ ॥ ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥ ਸੋਈ ਜਾਣੈ ਸੋਈ ਪਛਾਣੈ ਜਾਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ ਠਾਕੁਰ ਭਾਣੀ ਸਾ ਗੁਣਵੰਤੀ ਤਿਨਹੀ**

Digitized by Panjab Digital Library | www.panjabdigilib.org

**ਸਭਰੰਗ ਮਾਣਾ ॥ ਨਾਨਕ ਕੀ ਧਰ ਤੂ ਹੈ ਠਾਕੁਰ ਤੂ ਨਾਨਕ ਕਾ ਮਾਣਾ ॥ ੩॥**

ਤੇਰੇ ਉਤੇ ਹੀ ਮੇਰਾ ਮਾਣ ਹੈ ਹੇ ਮਾਲਕ ਤੂੰਹੀ ਮੇਰੇ ਸਰੀਰ ਦਾ ਬਲ ਹੈਂ ॥ ਵਿਹਾਰ ਵਿਚ ਚੰਗੀ ਸੁਰਤੀ ਚੰਗੀ ਅਕਲ ਪੜ੍ਹਨ ਵਿਚ ਚੰਗੀ ਸਿਆਣਪ ਇਹ ਸਾਰੀ ਤੇਰੀ ਦਾਤ ਹੈ ਹੇ ਮਾਲਕਾ ਮੈਨੂੰ ਤੂੰ ਜੇਹੜਾ ਵਿਹਾਰ ਜਣਾਂਦਾ ਹੈ ਮੈਂ ਓਹੋ ਹੀ ਜਾਣਦਾ ਹਾਂ। ਹੇ ਸੰਸਾਰ ਨੂੰ ਪੈਦਾ ਕਰਨ ਵਾਲਿਆ ਜਿਸਦੇ ਉਤੇ ਤੇਰੀ ਕਿਰਪਾ ਦੀ ਨਜਰ ਹੁੰਦੀ ਹੈ ਓਹੋ ਹੀ ਤੈਨੂੰ ਜਾਣਦਾ ਹੈ ਓਹੋ ਹੀ ਤੈਨੂੰ ਪਛਾਣਦਾ ਹੈ ਮਨਮੁਖ ਦੀ ਅਕਲ ਬਹੁਤਿਆਂ ਰਾਹਾਂ ਵਿਚ ਭੁਲੀ ਹੋਈ ਹੈ ਅਤੇ ਮਾਇਆ ਦੇ ਜਾਲ ਵਿਚ ਫਸੀ ਹੋਈ ਹੈ ॥ ਜੇਹੜੀ ਮਾਲਕ ਨੂੰ ਭਾਈ ਹੈ ਓਹੋ ਹੀ ਗੁਣਾਂ ਵਾਲੀ ਹੈ ਓਸੇ ਨੇ ਸਾਰਿਆਂ ਅਨੰਦਾਂ ਨੂੰ ਮਾਣਿਆਂ ਹੈ ॥ ਗੁਰੂ ਜੀ, ਹੇਮਾਲਕ ਮੇਰਾ ਆਸਰਾ ਤਾਂ ਤੂੰ ਹੀ ਹੈਂ ਅਤੇ ਤੂੰ ਹੀ ਮੇਰਾ ਮਾਣ ਹੈਂ ॥

**ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ॥ ਹਉ ਬਲਿਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥ ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥ ਪ੍ਰਭਜੀ ਭਾਣੀ ਭਈ ਨਿਕਾਣੀ ਸਫਲਜਨਮੁ ਪਰਵਾਨਾ ॥ ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲਾ ॥ ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲਾ ॥ ੪ ॥ ੧ ॥ ੪ ॥**

ਮੈਂ ਤੈਥੋਂ ਬਲਿਹਾਰ ਜਾਵਾਂ ਸਦਕੇ ਜਾਵਾਂ ਤੂੰ ਮੇਰਾ ਪਹਾੜ ਵਰਗਾ ਆਸਰਾ ਹੈਂ। ਮੈਂ ਲੱਖਾਂ ਲੱਖਾਂ ਵਾਰ ਤੈਥੋਂ ਬਲਿਹਾਰ ਜਾਵਾਂ ਤੁਸਾਂ ਜਿਨਾਂ ਮੇਰਾ ਭਰਮ ਵਾਲਾ ਪੜਦਾ ਖੋਲਿਆ ਹੈ ॥ ਹੇ ਮਾਲਕ ਜਦੋਂ ਤੇਰੇ ਨਾਲ ਮਨ ਮੰਨਿਆਂ ਤਾਂ ਸਾਰੇ ਵਿਕਾਰ ਦੂਰ ਹੋ ਗਏ ਅਤੇ ਭਰਮ ਆਦਿਕ ਹਨੇਰੇ ਵੀ ਦੂਰ ਹੋ ਗਏ ॥ ਜਦੋਂ ਮੈਂ ਮਾਲਕ ਨੂੰ ਚੰਗੀ ਲਗੀ ਤਾਂ ਪਰਵਾਣ ਹੋ ਗਈ, ਤਾਂ ਹੀ ਹੋਰਨਾ ਦੀ ਕੁਸ਼ਾਮਤ ਤੋਂ ਬਿਨਾ ਹੋਈ ਅਤੇ ਮੇਰਾ ਜਨਮ ਵੀ ਸਫਲ ਹੋਇਆ ॥ ਬਹੁਤ ਹੀ ਅਮੋਲਕ ਹੋ ਗਈ ਗੁਣਾਂ ਨਾਲ ਅਤੋਲ ਹੋ ਗਈ, ਗਿਆਨ ਦੀ ਜੁਗਤੀ ਦੇਕੇ ਮੁਕਤ ਦਾ ਦਰਵਾਜਾ ਖੋਲਿਆ ॥

ਗੁਰੂ ਜੀ, ਮੈਂ ਡਰ ਤੋਂ ਬਿਨਾ ਹੋ ਗਈ ਭਾਵ ਜਨਮ ਮਰਨ ਦਾ ਡਰ ਦੂਰ ਹੋਗਿਆ ਹੈ ਹੇ ਮਾਲਕਾ ਤੂੰ ਮੇਰਾ ਆਸਰਾ ਹੈਂ ॥

Digitized by Panjab Digital Library | www.panjabdigilib.org

## ਸੂਹੀ ਮਹਲਾ ੫

ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥ ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥ ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥ ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥ ੧ ॥

ਹੇ ਭਰਾ ਜੇਹੜਾ ਮੇਰਾ ਗੁਰੂ ਪੂਰਾ ਸਜਣ ਹੈ ਮੈਂ ਉਸ ਤੋਂ ਬਿਨਾ ਹੋਰ ਨਹੀਂ ਜਾਣਦੀ ਹਾਂ ॥ ਮਾਤਾ, ਪਿਤਾ, ਭਰਾ, ਪੁਤਰ, ਸਰਬੰਧੀ, ਜੀਅ, ਪ੍ਰਾਣ ਹੋਰ ਸਾਰੇ ਰੂਪ ਹੋਕੇ ਗੁਰੂ ਹੀ ਮਨ ਨੂੰ ਚੰਗਾ ਲਗਾ ਹੈ ॥ ਜੀਅ ਸਰੀਰ ਸਾਰਾ ਓਸੇ ਦਾ ਹੀ ਦਿਤਾ ਹੋਇਆ ਹੈ ਜੇਹੜਾ ਮਾਲਕ ਸਾਰਿਆਂ ਗੁਣਾਂ ਕਰਕੇ ਭਰਪੂਰ ਹੈ ॥ ਜੇਹੜਾ ਮੇਰਾ ਮਾਲਕ ਅੰਤਰਜਾਮੀ ਹੈ ਓਹ ਸਾਰਿਆਂ ਵਿਚ ਭਰਪੂਰ ਹੋਇਆ ੨ ਹੈ। ਉਸਦੀ ਸ਼ਰਨ ਹੋਣ ਨਾਲ ਸਾਰੇ ਸੁਖ ਪਾਏ ਜਾਂਦੇ ਹਨ ਅਤੇ ਮੇਰੇ ਸਰਬੰਧੀ ਵੀ ਸਾਰੇ ਕਲਿਆਣ ਵਾਲੇ ਹੋ ਜਾਂਦੇ ਹਨ, ਜਾਂ ਸਾਰੇ ਸੁਖ ਮਿਲਦੇ ਹਨ ॥ ਗੁਰੂ ਜੀ, ਮੈਂ ਮਾਲਕ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥ ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥ ਨਾਨਕ ਸੁ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥ ੨ ॥

ਹੇ ਭਰਾ ਇਕੁਰ ਦਾ ਗੁਰੂ ਵਡਿਆਂ ਭਾਗਾਂ ਕਰਕੇ ਪਾਇਆ ਜਾਂਦਾ ਹੈ ਜਿਸਦੇ ਮਿਲਨ ਨਾਲ ਮਾਲਕ ਨੂੰ ਜਪੀਦਾ ਹੈ ॥ ਜੇਹੜੇ ਮਾਲਕ ਦੇ ਸੰਤ ਹਨ ਓਨਾਂ ਦੀ ਚਰਨ ਧੂੜ ਵਿਚ ਰੋਜ ਹੀ ਨਾਈਦੇ ਤਾਂ ਜਨਮਾਂ ਜਨਮਾਂ ਦੇ ਪਾਪ ਉਤਰ ਜਾਂਦੇ ਹਨ ॥ ਮਾਲਕ ਦਾਸਾਂ ਦੀ ਚਰਨ ਧੂੜ ਵਿਚ ਨਾਈਏ ਅਤੇ ਮਾਲਕ ਨੂੰ ਯਾਦ ਕਰੀਏ, ਤਾਂ ਫਿਰ ਜੂਨੀਆਂ ਵਿਚ ਨਹੀਂ ਪਾਈਦਾ ਹੈ ॥ ਗੁਰਾਂ ਦੀ ਚਰਨੀ ਲਗਣ ਨਾਲ ਭਰਮ ਡਰ ਦੂਰ ਹੋ ਜਾਂਦਾ ਹੈ ਅਤੇ ਮਨ ਭਾਂਦਾ ਫਲ ਪਾਈਦਾ ਹੈ ॥

Digitized by Panjab Digital Library | www.panjabdigilib.org

ਜਿਨਾਂ ਨੇ ਮਾਲਕ ਦੇ ਗੁਣ ਰੋਜ ਹੀ ਗਾਏ ਹਨ ਅਤੇ ਨਾਮ ਨੂੰ ਧਿਆਇਆ ਹੈ ਫਿਰ ਓਨਾਂ ਨੂੰ ਸੋਗ ਸੰਤਾਪ ਨਹੀਂ ਹੁੰਦਾ ਹੈ ਗੁਰੂ ਜੀ ਜਿਸ ਮਾਲਕ ਦਾ ਪੂਰਾ ਪ੍ਰਤਾਪ ਹੈ ਓਹ ਸਾਰਿਆਂ ਜੀਆਂ ਦਾ ਦਾਤਾ ਹੈ ॥

ਹਰਿ ਹਰੇ ਹਰਿ ਗੁਣਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥ ਸੰਤ ਚਰਣ ਗੁਰਸੇਵਾ ਲਾਗੇ ਤਿਨੀ ਪਰਮਪਦ ਪਾਏ ਰਾਮ ॥ ਪਰਮਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥ ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥ ਜਿਸ ਕਾ ਸਾ ਤਿਨਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥ ਨਾਨਕੁ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥ ੩ ॥

ਜਿੰਨਾਂ ਨੇ ਗੁਣਾਂ ਦੇ ਸਮੁੰਦਰ ਪ੍ਰਮੇਸਰ ਦਾ ਨਾਮ ਜਪਿਆ ਹੈ ਓਨਾਂ ਸੰਤਾਂ ਦੇ ਵਸ ਪ੍ਰਮੇਸਰ ਆਇਆ ਹੈ ॥ ਜੇਹੜੇ ਗੁਰੂ ਸੰਤ ਦੀ ਚਰਨੀ ਲਗੇ ਹਨ ਅਤੇ ਓਨਾਂ ਦੀ ਸੇਵਾ ਵੀ ਕਰਨ ਲਗੇ ਹਨ ਓਨਾਂ ਨੇ ਪਰਮ ਪਦ=ਮਾਲਕ ਨੂੰ ਪਾਇਆ ਹੈ ਜਿੰਨਾਂ ਨੇ ਹੰਕਾਰ ਦੂਰ ਕੀਤਾ ਹੈ ਓਨਾਂ ਨੇ ਮੋਖ ਪਦ ਨੂੰ ਪਾਇਆ ਹੈ ਪਰ ਹੰਕਾਰ ਓਨਾਂ ਦਾ ਦੂਰ ਹੋਇਆ ਹੈ ਜਿੰਨਾਂ ਦੇ ਉਤੇ ਪ੍ਰਮੇਸਰ ਨੇ ਕਿਰਪਾ ਕੀਤੀ ਹੈ ॥ ਓਨਾਂ ਦਾ ਜਨਮ ਸਫਲ ਹੋਇਆ ਹੈ ਜਮ ਆਦਿਕਾਂ ਦਾ ਡਰ ਦੂਰ ਹੋ ਗਿਆ ਹੈ ਜੇਹੜਾ ਇਕ ਮਾਲਕ ਮੁਰ ਦੈਂਤ ਦੇ ਮਾਰਨ ਵਾਲਾ ਹੈ ਓਹ ਓਨਾਂ ਨੂੰ ਮਿਲਿਆ ਹੈ ਜਿਸਦਾ ਇਹ ਜੀਵ ਸੀ ਉਸ ਮਾਲਕ ਨੇ ਅਪਣੇ ਨਾਲ ਮੇਲ ਲਿਆ ਹੈ ਮਾਲਕ ਦੀ ਜੋਤ ਵਿਚ ਜੋਤ ਸਮਾ ਗਈ ਹੈ ਭਾਵ ਮਿਲ ਗਿਆ ਹੈ ॥ ਗੁਰੂ ਜੀ ਮਾਲਕ ਦੇ ਨਾਮ ਨੂੰ ਜਪੀਏ ਜਿੰਨਾਂ ਨੇ ਗੁਰੂ ਨਾਲ ਮਿਲਕੇ ਜਪਿਆ ਹੈ ਓਨਾਂ ਨੇ ਸੁਖ ਪਾਇਆ ਹੈ ॥

ਗਾਉ ਮੰਗਲੋ ਨਿਤ ਹਰਿਜਨਹੁ ਪੁੰਨੀ ਇਛ ਸਬਾਈ ਰਾਮ ॥ ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥ ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥ ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥ ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥ ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥ ੪ ॥ ੨ ॥ ੫ ॥

ਹੇ ਮਾਲਕ ਦੇ ਪਿਆਰਿਓ, ਤੁਸੀ ਰੋਜ ਹੀ ਮਾਲਕ ਦਾ ਜਸ ਗਾਓ ਜਿਸ ਜਸ ਦੇ

Digitized by Panjab Digital Library | www.panjabdigilib.org

ਗੌਣ ਨਾਲ ਸਾਡੀ ਸਾਰੀ ਇਛਿਆ ਪੂਰੀ ਹੋਈ ਹੈ ॥ ਜੇਹੜੇ ਅਪਣੇ ਮਾਲਕ ਦੇ ਅਨੰਦ ਵਿਚ ਰੱਤੇ ਹਨ ਨ ਓਹ ਜੰਮਦੇ ਹਨ ਨ ਓਹ ਮਰਦੇ ਹਨ ॥ ਜਿਨਾਂ ਨੇ ਨਾਮ ਧਿਆਇਆ ਹੈ ਓਨਾਂ ਨੇ ਨ ਮਰਨ ਵਾਲੇ ਮਾਲਕ ਨੂੰ ਪਾਇਆ ਹੈ ਸਾਰੇ ਮਨੋਰਥ ਓਨਾਂ ਨੇ ਪਾ ਲਏ ਹਨ। ਸਹਿਜੇ ਹੀ ਸ਼ਾਂਤੀ ਆਦਿਕ ਗੁਣਾਂ ਦੇ ਅਨੰਦ ਬਹੁਤ ਹੋਏ ਜਿਨਾਂ ਨੇ ਮਨ ਆਦਿਕ ਇੰਦ੍ਰੇ ਗੁਰਾਂ ਦੇ ਚਰਨਾਂ ਵਿਚ ਲਾਏ ਹਨ। ਮਾਲਕ ਸਾਰਿਆਂ ਦਿਲਾਂ ਵਿਚ ਪੂਰਿਆ ਹੈ ਓਹੋ ਹੀ ਮਾਲਕ ਬਾਹਰ ਥਾਨਾਂ ਦੇ ਅੰਦਰ ਹੈ ॥ ਗੁਰੂ ਜੀ, ਭਗਤਾਂ ਦੇ ਸਾਰੇ ਕੰਮ ਸੌਰ ਗਏ ਜਿਨਾਂ ਭਗਤਾਂ ਨੇ ਗੁਰਾਂ ਦੇ ਚਰਨਾਂ ਵਿਚ ਮਨ ਲਾਇਆ ਹੈ ॥

## ਸੂਹੀ ਮਹਲਾ ੫

**ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ ਹਰਿ ਆਰਾਧੇ ਜਮਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥ ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰਹੂ ਤੇ ਨੇਰਾ ॥ ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥ ੧ ॥**

ਹੇ ਮਾਲਕ ਮੇਰੇ ਉਤੇ ਕਿਰਪਾ ਕਰ ਮੇਰੀਆਂ ਅੱਖਾਂ ਤੇਰਾ ਦਰਸ਼ਨ ਦੇਖਣ। ਹੇ ਮੇਰੇ ਪਿਆਰੇ ਮਾਲਕ ਮੈਨੂੰ ਲੱਖ ਜਬਾਨ ਦੇਹ ਜਿਸ ਕਰਕੇ ਮੇਰਾ ਮੂੰਹ ਮਾਲਕ ਦੇ ਨਾਮ ਨੂੰ ਯਾਦ ਕਰੇ। ਮਾਲਕ ਦੇ ਨਾਮ ਨੂੰ ਚੇਤੇ ਕਰਨ ਨਾਲ ਹੀ ਜਮ ਦੇ ਰਸਤੇ ਸਾਧੇ ਭਾਵ ਜਿਤੇ ਜਾਂਦੇ ਹਨ ਅਤੇ ਕੋਈ ਦੁਖ ਆਕੇ ਨਹੀਂ ਚੰਬੜਦਾ ਹੈ। ਓਹ ਮਾਲਕ ਜਲਾਂ ਥਲਾਂ ਧਰਤੀ ਅਕਾਸ਼ ਵਿਚ ਪੂਰਨ ਹੈ ਮੈਂ ਹੋਰ ਕੀ ਦੱਸਾਂ ਜਿਥੇ ਵੇਖਦਾ ਹਾਂ ਓਥੇ ਹੀ ਓਹ ਮਾਲਕ ਹੈ ॥ ਜਦੋਂ ਮਾਲਕ ਨੂੰ ਨੇੜੇ ਤੋਂ ਨੇੜੇ ਵੇਖਿਆ ਤਾਂ ਭਰਮ ਮੋਹ ਸਾਰੇ ਵਿਕਾਰ ਨਸ ਗਏ। ਗੁਰੂ ਜੀ, ਹੇ ਮਾਲਕ ਮੇਰੇ ਉਤੇ ਕਿਰਪਾ ਕਰ ਜੋ ਮੇਰੇ ਨੇਤ੍ਰ ਤੇਰਾ ਦਰਸ਼ਨ ਵੇਖਣ ॥

**ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿਗੁਣ ਸੁਣੀਅਹਿ ਅਬਿਨਾਸੀ ਰਾਮ ॥ ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥ ਕਟੀਐ ਜਮਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥ ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ**

Digitized by Panjab Digital Library | www.panjabdigilib.org

**ਧਿਆਨਾ ॥ ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ।੨।**

ਹੇ ਮਾਲਕਾ ਮੈਨੂੰ ਕਰੋੜਾਂ ਕੰਨ ਦੇਹ ਹੇ ਮਾਲਕਾ ਮੈ ਤੇਰੇ ਗੁਣਾਂ ਨੂੰ ਕਰੋੜਾਂ ਕੰਨਾਂ ਨਾਲ ਸੁਣਾਂ ॥ ਤੇਰਿਆਂ ਗੁਣਾਂ ਨੂੰ ਸੁਣ ਸੁਣਕੇ ਇਹ ਮਨ ਸੁਧ ਹੋਵੇਗਾ ਅਤੇ ਕਾਲ ਦੀ ਫਾਹੀ ਕੱਟੀ ਜਾਵੇਗੀ। ਮਾਲਕ ਨੂੰ ਚੇਤੇ ਕਰਕੇ ਕਾਲ ਦੀ ਫਾਹੀ ਕੱਟੀ ਜਾਂਦੀ ਹੈ ਸਾਰੇ ਅਨੰਦ ਤੇ ਗਿਆਨ ਆ ਮਿਲਦੇ ਹਨ। ਮਾਲਕ ਦੇ ਜਾਪ ਨੂੰ ਦਿਨ ਰਾਤ ਜਪੀਏ ਸ਼ਾਂਤੀ ਵਿਚ ਧਿਆਨ ਲੱਗ ਜਾਂਦਾ ਹੈ। ਜਿਨਾਂ ਨੇ ਮਾਲਕ ਦੇ ਗੁਣ ਚੇਤੇ ਕੀਤੇ ਹਨ ਓਨਾਂ ਦੇ ਮਨ ਦੀ ਸਾਰੀ ਖੋਟੀ ਅਕਲ ਨਾਸ ਹੋ ਗਈ ਹੈ ਅਤੇ ਪਾਪ ਦੁਖ ਵੀ ਸੜ ਗਏ ਹਨ। ਗੁਰੂ ਜੀ, ਹੇ ਮਾਲਕ ਮੇਰੇ ਉਤੇ ਕ੍ਰਿਪਾ ਕਰ ਮੈਂ ਹਰ ਵੇਲੇ ਤੇਰੇ ਗੁਣ ਸੁਣਦਾ ਰਹਾਂ ॥

**ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗ ਰਾਮ ॥ ਭਵਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥ ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥ ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥ ੩ ॥**

ਹੇ ਮਾਲਕ ਸਾਡੇ ਕਰੋੜਾਂ ਹੱਥ ਹੋ ਜਾਣ ਜੋ ਤੇਰੀ ਸੇਵਾ ਕਰਨ ਅਤੇ ਪੈਰਾਂ ਕਰਕੇ ਮੈਂ ਤੇਰੇ ਰਸਤੇ ਚੱਲਾਂ। ਹੇ ਮਾਲਕਾ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੀ ਤੇਰੀ ਸੇਵਾ ਬੇੜੀ ਹੈ ਜੇਹੜਾ ਇਸ ਬੇੜੀ ਉਤੇ ਚੜ੍ਹੇਗਾ ਉਸਨੂੰ ਸੇਵਾ ਜਰੂਰ ਤਾਰੇਗੀ। ਜਿਨਾਂ ਨੇ ਮਾਲਕ ਨੂੰ ਚੇਤੇ ਕੀਤਾ ਹੈ ਓਨਾਂ ਨੇ ਸੰਸਾਰ ਸਮੁੰਦ੍ਰ ਨੂੰ ਤਰਿਆ ਹੈ ਓਨਾਂ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ। ਵੱਡੇ ਦੁਖ ਦੇਣ ਵਾਲੇ ਵਿਸ਼ੇ ਚਲੇ ਗਏ ਹਨ ਅਤੇ ਸੁਖ ਪੈਦਾ ਹੋਏ ਹਨ, ਜਸ ਵਾਲੇ ਲਗਾਤਾਰ ਵਾਜੇ ਵੱਜੇ ਹਨ ॥ ਸਾਰੇ ਮਨ ਭਾਂਦੇ ਫਲ ਪਾ ਲਏ ਹਨ ਹੇ ਮਾਲਕ ਤੇਰੀ ਕੁਦਰਤ ਦੀ ਕੀਮਤ ਅਪਾਰ ਵਡੀ ਹੈ। ਗੁਰੂ ਜੀ, ਹੇ ਮਾਲਕ ਮੇਰੇ ਉਤੇ ਕਿਰਪਾ ਕਰ ਜੋ ਮੇਰਾ ਮਨ ਸਦਾ ਹੀ ਤੇਰੇ ਰਸਤੇ ਚਲੇ ॥

**ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ ॥**

Digitized by Panjab Digital Library | www.panjabdigilib.org

ਏਹੋ ਰੰਗੁ ਏਹੋ ਰਸ ਭੋਗਾ ਹਰਿਚਰਣੀ ਮਨੁ ਲਾਗਾ ਰਾਮ ॥ ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣਕਾਰਣ ਗੋਪਾਲਾ ॥ ਸਭੁਕਿਛੁ ਤੇਰਾ ਤੂੰ ਪ੍ਰਭੁ ਮੇਰਾ ਮੇਰੇ ਠਾਕੁਰ ਦੀਨਦਇਆਲਾ ॥ ਮੋਹਿ ਨਿਰਗੁਣ ਪ੍ਰੀਤਮ ਸੁਖਸਾਗਰ ਸੰਤਸੰਗਿ ਮਨੁ ਜਾਗਾ ॥ ਕਹੁ ਨਾਨਕ ਪ੍ਰਭਿ ਕਿਰਪਾ ਕੀਨੀ ਚਰਣਕਮਲ ਮਨੁ ਲਾਗਾ ॥੪॥੩॥੬॥

ਹੇ ਮਾਲਕਾ ਜੇਹੜਾ ਤੇਰੇ ਵਲ ਮਨ ਲਗਣਾ ਹੈ ਮੈਨੂੰ ਏਹੋ ਹੀ ਵਰ ਦੇਹ ਅਤੇ ਏਹੋ ਹੀ ਵਡਿਆਈ ਦੇਹ ਏਹੋ ਹੀ ਮੇਰਾ ਧਨ ਹੈ ਇਹ ਸਭ ਕੁਛ ਵਡਿਆਂ ਭਾਗਾਂ ਨਾਲ ਮਿਲਦਾ ਹੈ ॥ ਏਹੋ ਹੀ ਅਨੰਦ ਹੈ ਏਹ ਹੀ ਰਸਾਂ ਦਾ ਭੋਗਣਾ ਹੈ ਜੇਹੜਾ ਹੇ ਮਾਲਕਾ ਤੇਰਿਆਂ ਚਰਨਾਂ ਵਿਚ ਮਨ ਲਗਣਾ ਹੈ ॥ ਹੇ ਸੰਸਾਰ ਦੇ ਬਣਾਉਣ ਵਾਲੇ ਧਰਤੀ ਦੇ ਮਾਲਕ ਮੇਰੇ ਉਤੇ ਏਹੋ ਹੀ ਕਿਰਪਾ ਕਰ ਜੋ ਮੇਰਾ ਮਨ ਤੇਰੀ ਸ਼ਰਨ ਹੋਕੇ ਤੇਰੇ ਚਰਨੀ ਲਗਾ ਰਹੇ ॥ ਸਭ ਕੁਛ ਤੇਰਾ ਹੈ ਤੂੰ ਮੇਰਾ ਮਾਲਕ ਹੈਂ ਹੇ ਮੇਰੇ ਮਾਲਕਾ ਗਰੀਬਾਂ ਉਤੇ ਦਿਆਲੂਆ ! ਹੇ ਮੇਰੇ ਪਿਆਰੇ ਸੁਖਾਂ ਦੇ ਸਮੁੰਦਰ ਮੈਂ ਨਿਰਗੁਣ ਜਦੋਂ ਤੇਰੇ ਸੰਤਾਂ ਦੇ ਸਤਸੰਗ ਵਿਚ ਮਿਲਿਆ ਤਾਂ ਤੇਰੇ ਭਜਨ ਵਿਚ ਮੇਰਾ ਮਨ ਜਾਗਿਆ ॥ ਗੁਰੂ ਜੀ, ਹੇ ਮਾਲਕ ਮੇਰੇ ਉਤੇ ਕਿਰਪਾ ਕਰ ਜੋ ਮੇਰਾ ਮਨ ਤੁਹਾਡੇ ਚਰਨਾਂ ਕਮਲਾਂ ਵਿਚ ਲੱਗਾ ਰਹੇ ॥

## ਸੂਹੀ ਮਹਲਾ ੫

### ਸ੍ਰੀ ਅਮ੍ਰਿਤਸਰ ਜਾਂ ਸਤਸੰਗ

ਹਰਿ ਜਪੇ ਹਰਿਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ ਹਰਿ ਗੁਣ ਗਾਇ ਪਰਮਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥ ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥ ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿਆਈ॥੧॥

ਮਾਲਕ ਦਾ ਨਾਮ ਜਪਣ ਵਾਸਤੇ ਹਰੀ ਦਾ ਮਕਾਨ ਬਣਾਇਆ ਹੈ ਜਿਸ ਵਿਚ ਸੰਤ

Digitized by Panjab Digital Library | www.panjabdigilib.org

ਭਗਤ ਗੁਣ ਗਾਂਦੇ ਹਨ ॥ ਅਪਣਾ ਮਾਲਕ ਚੇਤੇ ਕਰਕੇ ਸਾਰੇ ਪਾਪ ਦੂਰ ਕਰਦੇ ਹਨ ॥ ਮਾਲਕ ਦੇ ਗੁਣ ਗਾਕੇ ਪਰਮ ਪਦ ਨੂੰ ਪਾਇਆ ਹੈ ਉਸ ਮਾਲਕ ਦੀ ਬਾਣੀ ਚੰਗੀ ਹੈ ॥ ਮਾਲਕ ਦੀ ਕਥਾ ਸ਼ਾਂਤੀ ਵਾਲੀ ਤੇ ਮਿੱਠੀ ਹੈ ਇਕਰ ਦੀ ਅਕਥ ਕਹਾਣੀ ਹਰੀ ਦੇ ਮਕਾਨ ਵਿਚ ਹੀ ਕਥੀਦੀ ਹੈ ॥ ਉਸ ਮਹੂਰਤ ਦਾ ਚੰਗਾ ਮਿਲਾਪ ਸੀ ਓਹ ਪਲ ਵੀ ਸੱਚਾ ਸੀ ਜਿਸ ਪਲ ਘੜੀ ਵਿਚ ਅਬਚਲ ਹਰੀ ਮੰਦਰ ਦੀ ਨੀਂਹ ਰਖੀ ਹੈ ॥ ਗੁਰੂ ਜੀ, ਜਦੋਂ ਮਾਲਕ ਦਿਆਲੂ ਹੋਇਆ ਤਾਂ ਸਾਰੀਆਂ ਸ਼ਕਤੀਆਂ ਪੂਰੀਆਂ ਬਣ ਆਈਆਂ ॥

**ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥**
**ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥**
**ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ**
**ਸਰਬ ਸੁਖਾ ਤਿਸਹੀ ਬਣਿਆਏ ਜੋ ਪ੍ਰਭਿ ਅਪਨਾ ਕਰਿਆ ॥**
**ਘਰਿ ਮਹਿ ਨਵਨਿਧਿ ਭਰੇ ਭੰਡਾਰਾ ਰਾਮਨਾਮਿ ਰੰਗੁ ਲਾਗਾ ॥**
**ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾਕੇ ਭਾਗਾ ॥੨॥**

ਰੋਜ ਹੀ ਅਨੰਦ ਦੇਣ ਵਾਲੇ ਵਾਜੇ ਵਜਦੇ ਹਨ ਕਿਉਂ ਜੋ ਮਾਲਕ ਮਨ ਦੇ ਵਿਚ ਵਸਿਆ ਹੈ ॥ ਗੁਰਾਂਦੁਆਰੇ ਸੱਚੀ ਕਾਰ, ਭਗਤੀ ਸਾਰੀ=ਸੰਭਾਲੀ ਹੈ ਇਸ ਕਰਕੇ ਭਰਮ ਡਰ ਝੂਠ ਸਾਰੇ ਨਾਸ ਹੋ ਗਏ ਹਨ ॥ ਜੇਹੜਾ ਮਾਲਕ ਲਗਾਤਾਰ ਰਹਿਣ ਵਾਲਾ ਹੈ ਉਸਦੇ ਮਿਲਨ ਵਾਲੀ ਬਾਣੀ ਗੁਰਮੁਖਾਂ ਨੇ ਆਖੀ ਹੈ ਉਸ ਕਰਕੇ ਮਾਲਕ ਦਾ ਜਸ ਸੁਣ ਸੁਣ ਕੇ ਮਨ ਤਨ ਹਰਿਆ ਹੋਇਆ ਹੈ ਸਾਰੇ ਸੁਖ ਉਸਨੂੰ ਹੀ ਬਣ ਆਏ ਹਨ ਜੇਹੜਾ ਮਾਲਕ ਨੇ ਅਪਣਾ ਦਾਸ ਬਣਾ ਲਿਆ ਹੈ ॥ ਜਿਸਦਾ ਪ੍ਰੇਮ ਮਾਲਕ ਦੇ ਨਾਮ ਵਿਚ ਲਗਾ ਹੈ ਉਸ ਦੇ ਰਿਦੇ ਵਿਚ ਨੌਂ ਨਿਧੀ ਰੂਪ ਭਗਤੀ ਦੇ ਖ਼ਜ਼ਾਨੇ ਭਰੇ ਹੋਏ ਹਨ ॥ ਗੁਰੂ ਜੀ, ਜਿਸਦੇ ਪੂਰੇ ਭਾਗ ਹਨ ਉਸ ਦਾਸ ਨੂੰ ਮਾਲਕ ਕਦੀ ਨਹੀਂ ਭੁਲਦਾ ਹੈ ॥

**ਛਾਇਆ ਪ੍ਰਭਿ ਛਤ੍ਰਪਤਿ ਕੀਨੀ ਸਗਲੀ ਤਪਤਿ ਬਿਨਾਸੀ ਰਾਮ ॥**
**ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥**
**ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ**
**॥ ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥**

Digitized by Panjab Digital Library | www.panjabdigilib.org

**ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ॥ ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥ ੩॥**

ਚੱਕਰ ਵਰਤੀ ਬਾਦਸ਼ਾਹ ਪ੍ਰਮੇਸਰ ਨੇ ਛਾਇਆ ਕੀਤੀ ਹੈ ਭਾਵ ਆਸਰਾ ਦਿੱਤਾ ਹੈ ਉਸ ਕਰਕੇ ਸਾਰੀ ਤਪਤ ਦੂਰ ਹੋ ਗਈ ॥ ਜੇਹੜਾ ਅਗਿਆਨ ਦੁੱਖਾਂ ਪਾਪਾਂ ਦਾ ਡੇਰਾ ਸੀ ਓਹ ਸਾਰਾ ਹੀ ਢਹਿ ਪਿਆ ਹੈ ਅਤੇ ਮਾਲਕ ਦੇ ਮਿਲਨ ਵਾਲਾ ਕੰਮ ਰਾਸ ਆ ਗਿਆ ਹੈ ॥ ਮਾਲਕ ਦਾ ਫੁਰਮਾਇਆ ਹੋਇਆ ਹੁਕਮ ਜਦੋਂ ਮੰਨਿਆਂ ਤਾਂ ਹੀ ਅਵਿਦਯਾ ਦੂਰ ਹੋ ਗਈ ਜੇਹੜਾ ਸੱਚਾ ਬਚਨ ਹੋਇਆ ਅਤੇ ਧਰਮ ਕੀਤਾ ਹੋਇਆ ਸੀ ਓਹ ਪੁੰਨ ਫਲ ਦੇਣ ਵਾਲਾ ਆਇਆ ਹੈ ॥ ਇੱਕਰ ਦਾ ਜੇਹੜਾ ਆਪਣਾ ਮਾਲਕ ਹੁਕਮ ਕਰਨ ਵਾਲਾ ਹੈ ਉਸਨੂੰ ਸੌਂਦਿਆਂ ਬਹਿੰਦਿਆਂ ਖੜੇ ਹੁੰਦਿਆਂ ਸਦਾ ਹੀ ਯਾਦ ਰਖੀਏ ॥ ਜੇਹੜਾ ਮਾਲਕ ਗੁਣਾਂ ਦਾ ਖਜ਼ਾਨਾ ਸੁਖਾਂ ਦਾ ਸਮੁੰਦਰ ਹੈ ਓਹ ਜਲਾਂ ਥਲਾਂ ਧਰਤੀ ਅਕਾਸ਼ ਵਿਚ ਪੂਰਨ ਹੈ ॥ ਗੁਰੂ ਜੀ, ਮੈਂ ਇੱਕਰ ਦੇ ਮਾਲਕ ਦੀ ਸ਼ਰਨ ਲਈ ਹੈ ਉਸ ਤੋਂ ਬਿਨਾ ਹੋਰ ਕੋਈ ਰਾਖਾ ਨਹੀਂ ਜਾਣਿਆ ਹੈ ॥

**ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿਰਾਇਆ ਰਾਮ ॥ ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣਮੰਗਲ ਹਰਿ ਗਾਇਆ ਰਾਮ ॥ ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥ ਗੁਰਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥ ਕਰੀ ਨਦਰਿ ਸੁਆਮੀ ਸੁਖਹਗਾਮੀ ਹਲਤੁ ਪਲਤੁ ਸਵਾਰਿਆ ॥ ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥ ੪ ॥ ੪ ॥ ੭ ॥**

*ਮੇਰਾ ਸਰੀਰ ਰੂਪ ਘਰ ਬੜਾ ਸੁਹਿਣਾ ਬਣਿਆ ਹੈ ਤੇ ਗੁਣਾ ਰੂਪ ਬਣ ਵੀ ਬਣਿਆ ਹੈ ਰਿਦੇ ਰੂਪ ਤਾਲ ਵੀ ਬਣਿਆ ਹੈ ਜਦੋਂ ਪਾਪਾਂ ਦੇ ਦੂਰ ਕਰਨ ਵਾਲਾ ਮਾਲਕ ਮਿਲਿਆ ਹੈ ॥ ਜਦੋਂ ਮਾਲਕ ਦੇ ਮੰਗਲ ਰੂਪ ਗੁਣਾਂ ਨੂੰ ਗਾਇਆ ਤਾਂ ਮੇਰਾ ਮਨ ਬੜਾ ਸੋਭਾ ਵਾਲਾ ਹੋਇਆ ਅਤੇ ਮੇਰੇ ਮਿੱਤਰ ਸੱਜਣ ਵੀ ਅਨੰਦ ਵਾਲੇ ਹੋਏ ॥

---

*ਗੁਰੂ ਕੇ ਮਹਿਲ, ਹਰ ਮੰਦਰ ਸਾਹਿਬ ਦਰਬਾਰ ਸਾਹਿਬ ਗੁਰੂ ਕਾ ਬਾਗ ਸ੍ਰੀ ਅੰਮ੍ਰਿਤਸਰ ਤਾਲ ਇੱਕਰ ਦੇ ਸਮੇ ਗੁਰੂ ਜੀ ਖੁਸ਼ੀ ਹੋਕੇ ਇਹ ਸ਼ਬਦ ਆਖਿਆ ਹੈ ॥

Digitized by Panjab Digital Library | www.panjabdigilib.org

ਜਬਾਨ ਨਾਲ ਗੁਣ ਗਾਏ ਮਨ ਨਾਲ ਮਾਲਕ ਸੱਚਾ ਚੇਤੇ ਕੀਤਾ ਤਾਂ ਸਾਹੀਆਂ ਲੋੜਾਂ ਪਾ ਲਈਆਂ॥ ਗੁਰਾਂ ਦੀ ਚਰਨੀ ਲਗੇ ਮਨ ਵਿਚ ਸਦਾ ਹੀ ਜਾਗੇ ਤਾਂ ਖੁਸ਼ੀਆਂ ਪ੍ਰਗਟ ਹੋਈਆਂ॥ ਜਿਸਦੀ ਪੁੱਜ ਰਹਿਣੀ ਬਹਿਣੀ ਆਉਣਾ ਜਾਣਾ ਜਾਂ ਪ੍ਰਾਪਤੀ ਸੁਖਾਂ ਦੇ ਅੰਦਰ ਹੀ ਹੈ ਭਾਵ ਸੁਖਾਂ ਵਾਲਾ ਹੈ ਉਸ ਮਾਲਕ ਨੇ ਕਿਰਪਾ ਕੀਤੀ, ਉਸ ਕਿਰਪਾ ਨੇ ਮੇਰਾ ਲੋਕ ਪ੍ਰਲੋਕ ਸਵਾਰ ਦਿਤਾ॥
ਗੁਰੂ ਜੀ,ਰੋਜ ਮਾਲਕ ਦਾ ਨਾਮ ਜਪੀਏ ਜਿਸ ਮਾਲਕ ਨੇ ਜੀਵ ਦਾ ਸਰੀਰ ਆਪਣੀ ਕਲਾ ਨਾਲ ਖੜਾ ਕਰ ਰਖਿਆ ਹੈ॥

## ਸੂਹੀ ਮਹਲਾ ੫

ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ॥ ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ॥ ਗੁਰਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ॥ ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ॥ ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ॥ ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ॥

ਮਾਲਕ ਨੂੰ ਚੇਤੇ ਕਰਕੇ ਡਰ ਵਾਲੇ ਸਮੁੰਦਰ ਨੂੰ ਤਰਿਆ ਹੈ॥ ਮਾਲਕ ਦੇ ਚਰਨਾਂ ਨੂੰ ਚੇਤੇ ਕਰਨਾ ਜਹਾਜ ਹੈ ਏਸੇ ਲਈ ਮਾਲਕ ਨੇ ਜੀਵ ਨੂੰ ਗੁਰਾਂ ਦੇ ਨਾਲ ਮੇਲਕੇ ਪਾਰ ਲੰਘਾਇਆ ਹੈ॥ ਗੁਰਾਂ ਦੇ ਉਪਦੇਸ਼ ਕਰਕੇ ਤਰੀਦਾ ਹੈ ਫੇਰ ਮੁੜਕੇ ਨਹੀਂ ਮਰੀਦਾ ਹੈ ਜੰਮਣਾਂ ਮਰਨਾ ਦੂਰ ਹੋ ਜਾਂਦਾ ਹੈ॥ ਜੋ ਕੁਛ ਮਾਲਕ ਕਰਦਾ ਹੈ ਮੈਂ ਉਸਨੂੰ ਚੰਗਾ ਕਰਕੇ ਮੰਨਦਾ ਹਾਂ ਏਸੇ ਲਈ ਮੇਰਾ ਮਨ ਸ਼ਾਂਤੀ ਵਿਚ ਮਿਲਿਆ ਹੈ॥ ਜਦੋਂ ਸਾਨੂੰ ਗੁਰੂ ਨੇ ਸੁਖਾਂ ਦੇ ਸਮੁੰਦਰ ਮਾਲਕ ਦੀ ਸ਼ਰਨੀ ਪਾਇਆ ਤਦੋਂ ਤੋਂ ਦੁਖ, ਭੁਖ, ਰੋਗ, ਇੱਕਰ ਦੇ ਡਰ ਨਹੀਂ ਚੰਬੜਦੇ ਹਨ॥
ਗੁਰੂ ਜੀ, ਮਾਲਕ ਨੂੰ ਯਾਦ ਕਰਕੇ ਅਨੰਦ ਵਿਚ ਰੱਤਾ ਹਾਂ ਮਨ ਦੀ ਚਿੰਤਾ ਵੀ ਦੂਰ ਕਰ ਦਿਤੀ ਹੈ॥

ਸੰਤਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ॥ ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ॥ ਕਰਿ ਅਪਨੀ ਦਾਸੀ ਮਿਟੀ ਉਦਾਸੀ ਹਰਿ ਮੰਦਿਰਿ ਥਿਤਿ ਪਾਈ॥ ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ

Digitized by Panjab Digital Library | www.panjabdigilib.org

ਜਾਈ ॥ ਸਾ ਵਡਭਾਗਣਿ ਸਦਾ ਸੁਹਾਗਣਿ ਰਾਮ ਨਾਮ ਗੁਣਿ ਚੀਨੇ ॥ ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾਰਸਿ ਭੀਨੇ ॥ ੨ ॥

ਸੰਤਾਂ ਨੇ ਮਾਲਕ ਦਾ ਨਾਮ ਉਪਦੇਸ਼ ਪੱਕਾ ਕਰਾਇਆ ਹੈ ਏਸੇ ਲਈ ਮਾਲਕ ਸੱਜਣ ਵੱਸ ਆਇਆ ਹੈ। ਸੰਤਾਂ ਦੇ ਅਗੇ ਆਪਣਾ ਮਨ ਧਰ ਦਿਤਾ ਹੈ ਸਾਰੇ ਰਸ ਤੇ ਪਦਾਰਥ ਮਾਲਕ ਨੂੰ ਦੇ ਦਿਤੇ ਹਨ ਭਾਵ ਭਜਨ ਵਿਚ ਮਨ ਜੋੜਿਆ ਹੈ। ਮਾਲਕ ਨੇ ਮੈਨੂੰ ਆਪਣੀ ਦਾਸੀ ਕਰ ਲਿਆ ਹੈ ਅਤੇ ਮਨ ਦੀ ਉਦਾਸੀ ਦੂਰ ਹੋਗਈ ਹੈ ਹਰੀ ਮੰਦਰ ਵਿਚ ਇਸਥਤੀ ਪਾਈ ਹੈ ਭਾਵ ਮਾਲਕ ਨਾਲ ਮਿਲ ਗਿਆ ਹਾਂ ਜਾਂ ਪ੍ਰਗਟ ਸ੍ਰੀ ਅਮ੍ਰਿਤਸਰ ਆ ਬਰਾਜਿਆ ਹਾਂ ॥ ਜੇਹੜਾ ਸਚਾ ਮਾਲਕ ਹੈ ਉਸਨੂੰ ਯਾਦ ਕਰਦਾ ਹਾਂ। ਉਸ ਕਰਕੇ ਅਨੰਦ ਬਿਲਾਸ ਹਨ ਹੁਣ ਓਹ ਮਾਲਕ ਵਿਛੜ ਕੇ ਮਨ ਤੋਂ ਕਿਤੇ ਨਹੀਂ ਜਾਂਦਾ ਹੈ। ਓਹੋ ਹੀ ਵਡਿਆਂ ਭਾਗਾਂ ਵਾਲੀ ਹੈ ਓਹੋ ਹੀ ਸਦਾ ਸੁਹਾਗ ਵਾਲੀ ਹੈ ਜਿਸਨੇ ਮਾਲਕ ਦੇ ਨਾਮ ਦੇ ਗੁਣ ਪਛਾਣੇ ਹਨ। ਗੁਰੂ ਜੀ, ਅਨੰਦ ਵਿਚ ਰੱਤੇ ਹੋਏ ਨਾਮ ਜਪਦੇ ਹਾਂ ਅਤੇ ਜੇਹੜਾ ਵੱਡਾ ਰਸ ਪ੍ਰੇਮ ਹੈ ਉਸ ਵਿਚ ਭਿਜੇ ਹੋਏ ਹਾਂ ॥

ਅਨੰਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥ ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥ ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗੁਣ ਨ ਬੀਚਾਰਿਆ ॥ ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿਧਾਰਿਆ ॥ ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥ ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥ ੩ ॥

ਹੇ ਸਖੀਏ ਰੋਜ ਹੀ ਸਾਡੇ ਘਰ ਵਿਚ ਅਨੰਦ ਬਿਲਾਸ ਹਨ ਕਿਉਂ ਜੋ ਮੰਗਲ ਕਰਨ ਵਾਲਾ ਮਾਲਕ ਸਾਡੇ ਅੰਦਰ ਵਸਿਆ ਹੈ। ਜੇਹੜੀ ਇਸਤ੍ਰੀ ਅਪਣੇ ਮਾਲਕ ਨੇ ਆਪ ਹੀ ਸਿੰਗਾਰੀ ਹੈ ਓਹ ਇਸਤ੍ਰੀ ਬੜੀ ਸੋਭਾ ਵਾਲੀ ਹੈ ॥ ਸਹਿਜੇ ਹੀ ਕਿਰਪਾਲੂ ਜੀ ਮਿਲੇ ਹਨ ਗੁਣਾਂ ਅਤੇ ਔਗਣਾਂ ਨੂੰ ਨਹੀਂ ਵਿਚਾਰਿਆ ਹੈ ॥ ਜਿਨਾਂ ਨੇ ਮਾਲਕ ਦਾ ਨਾਮ ਦਿਲ ਵਿਚ ਰਖਿਆ ਹੈ ਓਹ ਦਾਸ ਆਪਣੇ ਜਾਣਕੇ ਮਾਲਕ ਨੇ ਗਲਨਾਲ ਲਾ ਲਏ ਹਨ ॥ ਸਾਰੀ ਦੁਨੀਆਂ ਮਾਨ, ਮੋਹ, ਹੰਕਾਰ ਵਿਚ ਚੰਬੜੀ ਹੋਈ ਹੈ ਮਾਲਕ ਨੇ ਕਿਰਪਾ ਕਰਕੇ ਸਾਡੇ ਵਿਕਾਰ ਸਾਰੇ ਆਪ ਹੀ ਦੂਰ ਕੀਤੇ ਹਨ ॥ ਗੁਰੂ ਜੀ, ਅਸਾਂ ਡਰੌਣਾ ਸਮੁੰਦਰ ਤਰਿਆ ਹੈ ਸਾਡੇ ਸਾਰੇ ਕੰਮ ਸੌਰ ਗਏ ਹਨ ॥

ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥ ਸਫਲ ਜਨਮ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥ ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲਿ ਛਾਇਆ ॥ ਬ੍ਰਹਮੋਪਾਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥ ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥ ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥ ੪ ॥ ੫ ॥ ੮ ॥

ਹੇ ਸਖੀਏ ਰੋਜ ਹੀ ਗੁਪਾਲ ਮਾਲਕ ਦੇ ਗੁਣ ਗਾਓ ਇੱਕਰ ਦੇ ਗੁਣ ਗੌਣ ਵਾਲਿਆਂ ਨੇ ਸਾਰੇ ਮਨੋਰਥ ਮਾਲਕ ਤੋਂ ਪਾ ਲਏ ਹਨ ॥ ਸਾਧੂਆਂ ਨੂੰ ਮਿਲਕੇ ਜਨਮ ਸਫਲ ਹੋਇਆ ਹੈ ਕਿਉਂ ਜੋ ਓਥੇ ਇਕ ਮਾਲਕ ਨੂੰ ਚੇਤੇ ਕੀਤਾ ਹੈ। ਜੇਹੜਾ ਅਨੇਕਾਂ ਵਿਚ ਮਿਲਿਆ ਹੋਇਆ ਹੈ ਉਸ ਇਕ ਮਾਲਕ ਨੂੰ ਜਪਿਆ ਹੈ ਜਿਸਦਾ ਜਸ ਸਾਰਿਆਂ ਦੇਸ਼ਾਂ ਵਿਚ ਛਾਇਆ ਭਾਵ ਫੈਲਿਆ ਹੋਇਆ ਹੈ ॥

ਸਾਰਾ ਪਸਾਰਾ ਮਾਲਕ ਦਾ ਹੀ ਹੈ ਸਾਰੇ ਪਸਾਰੇ ਵਿਚ ਮਾਲਕ ਮਿਲਿਆ ਹੋਇਆ ਹੈ ਅਤੇ ਹਰ ਥਾਂ ਮਾਲਕ ਹੀ ਨਜਰ ਆਇਆ ਹੈ ॥ ਜਲਾਂ ਥਲਾਂ ਧਰਤੀ ਅਕਾਸ਼ ਸਾਰਿਆਂ ਥਾਵਾਂ ਵਿਚ ਪੂਰਨ ਹੈ ਉਸ ਤੋਂ ਬਿਨਾ ਕੋਈ ਥਾਂ ਨਹੀ ਹੈ ॥

ਗੁਰੂ ਜੀ, ਇੱਕੁਰ ਦੇ ਦਰਸ਼ਨ ਨੂੰ ਵੇਖਕੇ ਅਸੀਂ ਖੁਸ਼ੀ ਹੋਏ ਹਾਂ ॥ ਮਾਲਕ ਨੇ ਅਪਣੇ ਨਾਲ ਮਿਲਾ ਲਿਆ ਹੈ ॥

## ਸੂਹੀ ਮਹਲਾ੫

(ਸਤਸੰਗ ਜਾਂ ਸ੍ਰੀ ਅਮ੍ਰਿਤਸਰ)

ਅਬਿਚਲਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤਸੁਖੁ ਪਾਇਆ ਰਾਮ ॥ ਮਨਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥ ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ । ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥ ਪ੍ਰਭੁ ਆਪਿ ਸੁਆਮੀ ਆਪੇ ਰਾਖਾ ਆਪਿ ਪਿਤਾ ਆਪਿ ਮਾਇਆ ॥ ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧।

ਵਾਹਿਗੁਰੂ ਦਾ ਭਜਨ ਕਰਨ ਵਾਲੇ ਗੁਰੂ ਰਾਮਦਾਸ ਜੀ ਦਾ ਨਗਰ ਸ੍ਰੀ ਅਮ੍ਰਿਤਸਰ ਟਿਕਿਆ ਰਹਿਣ ਵਾਲਾ ਹੈ ਇਸ ਨਗਰ ਵਿਚ ਜਿੰਨਾਂ ਨੇ ਨਾਮ ਜਪਿਆ ਹੈ

Digitized by Panjab Digital Library | www.panjabdigilib.org

ਉਨਾਂ ਨੇ ਸੁਖ ਪਾਇਆ ਹੈ ॥ ਜੇਹੜੇ ਮਨ ਵਿਚ ਚਾਹੇ ਹਨ ਓਹੋ ਹੀ ਫਲ ਪਾਏ ਹਨ ਕਿਉਂ ਜੋ ਇਹ ਨਗਰ ਮਾਲਕ ਨੇ ਵਸਾਇਆ ਹੈ ॥ ਮਾਲਕ ਨੇ ਆਪ ਵਸਾਇਆ ਹੈ ਏਸੇ ਲਈ ਸਾਰੇ ਸੁਖਾਂ ਨੂੰ ਪਾਇਆ ਹੈ ਗੁਰੂ ਦੇ ਪੁਤ, ਭਰਾ ਸਿਖ ਸਾਰੇ ਹੀ ਖੁਸ਼ੀ ਹੋਏ ਹਨ ॥ ਪੂਰਨ ਪ੍ਰਮੇਸਰ ਦੇ ਗੁਣ ਗਾਉਂਦੇ ਹਨ ਏਸੇ ਲਈ ਓਨਾਂ ਦਾ ਸਾਰਾ ਕੰਮ ਰਾਸ ਆਇਆ ਹੈ ॥
ਇਸ ਨਗਰ ਜਾਂ ਸਤਸੰਗ ਦਾ ਮਾਲਕ ਆਪ ਹੀ ਬਾਦਸ਼ਾਹ ਹੈ ਅਤੇ ਆਪ ਹੀ ਰਾਖਾ ਹੈ ਅਤੇ ਆਪ ਹੀ ਮਾਤਾ ਪਿਤਾ ਵਾਂਗ ਰਖਿਆ ਕਰਦਾ ਹੈ ॥ ਗੁਰੂ ਜੀ, ਮੈਂ ਉਸ ਗੁਰੂ ਤੋਂ ਬਲਿਹਾਰ ਹਾਂ ਜਿਸਨੇ ਇਹ ਥਾਂ ਸ੍ਰੀ ਅਮ੍ਰਿਤਸਰ ਦਰਬਾਰ ਸਾਹਿਬ ਜਾਂ ਸਤਸੰਗ ਨੂੰ ਸੁਹਾਇਆ ਭਾਵ ਸੋਹਣਾ ਬਣਾਇਆ ਹੈ ॥

**ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥ ਸੰਤ ਭਗਤ ਹਰਿਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ । ਕਾਟੀ ਜਮਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥ ਸਗਲ ਸਮਗ੍ਰੀ ਪੂਰਨ ਹੋਈ ਮਨਇਛੇ ਫਲ ਪਾਏ ॥ ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥ ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿਜਾਸੀ ॥ ੨ ॥**

ਇਕ ਛਤੇ ਘਰ ਅਤੇ ਦੋ ਤਿੰਨ ਛਤੇ ਮਕਾਨ ਜਾਂ ਗੁਰੂ ਕੇ ਮਹਿਲ ਤੇ ਹਰੀਮੰਦਰ ਅਤੇ ਵਡੇ ੨ ਹੱਟ ਤੇ ਗੁਰੂ ਦੇ ਬਜ਼ਾਰ ਸਾਰੇ ਸੋਹਣੇ ਸੋਭਦੇ ਹਨ ਜਿਸ ਅਮ੍ਰਿਤਸਰ ਵਿਚ ਨਾਮ ਜਪਣ ਵਾਲੇ ਵਸਦੇ ਹਨ ॥ ਜਾਂ ਜਿਸ ਸਤਸੰਗ ਵਿਚ ਨਾਮ ਦੇ ਨਿਵਾਸੀ ਭਗਤ ਰਹਿੰਦੇ ਹਨ ਓਨਾਂ ਦੇ ਸਰੀਰ, ਦਿਲ, ਇੰਦ੍ਰੇ ਸੁਖੀ ਹਨ ॥ ਸੰਤ ਭਗਤ ਮਾਲਕ ਦਾ ਨਾਮ ਅਰਾਧਦੇ ਹਨ ਅਮ੍ਰਿਤਸਰ ਜਾਂ ਸਤਸੰਗ ਦੇ ਨਿਵਾਸੀਆਂ ਦੀ ਜਮ ਦੀ ਫਾਹੀ ਕਟੀ ਜਾਂਦੀ ਹੈ ॥ ਮਾਲਕ ਅਬਿਨਾਸੀ ਨੇ ਜਮ ਦੀ ਫਾਹੀ ਕਟੀ ਹੈ ਜੇਹੜੇ ਅਮ੍ਰਿਤਸਰ ਜਾਂ ਸਤਸੰਗ ਦੇ ਨਿਵਾਸੀ ਹਨ ਓਹ ਹਰ ਵੇਲੇ ਨਾਮ ਨੂੰ ਚੇਤੇ ਕਰਦੇ ਹਨ ॥ ਓਨਾਂ ਭਗਤਾਂ ਦੀ ਸਾਰੀ ਸਮੱਗਰੀ ਪੂਰੀ ਹੋਈ ਹੈ ਭਾਵ ਸਾਰੀਆਂ ਲੋੜਾਂ ਪੂਰੀਆਂ ਹੋਈਆਂ ਹਨ ਓਨਾਂ ਨੇ ਸਾਰੇ ਮਨ ਭਾਂਦੇ ਫਲ ਪਾਏ ਹਨ ॥ ਸੰਤ ਸਜਣ ਸੁਖ ਅਤੇ ਖੁਸ਼ੀਆਂ ਮਾਣਦੇ ਹਨ ਦੁਖ, ਦਰਦ, ਭਰਮ ਸਾਰੇ ਨਾਸ ਹੋ ਗਏ ਹਨ ॥
ਗੁਰੂ ਜੀ, ਸਤਿਗੁਰਾਂ ਪੂਰਿਆਂ ਨੇ ਉਪਦੇਸ਼ ਦੇਕੇ ਸਾਰੇ ਹੀ ਸਵਾਰੇ ਹਨ ਇੱਕਰ ਦੇ ਗੁਰੂ ਦੇ ਸ਼ਹਿਰ ਤੋਂ ਜਾਂ ਸਤਸੰਗ ਤੋਂ ਅਸੀਂ ਸਦਾ ਬਲਿਹਾਰ ਜਾਂਦੇ ਹਾਂ ॥

Digitized by Panjab Digital Library | www.panjabdigilib.org

ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥ ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥ ਆਦਿ ਜੁਗਾਦ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥ ਜੀਅਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ॥ ਦਹਦਿਸ ਪੂਰਿਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥ ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥ ੩ ॥

ਸਾਨੂੰ ਪ੍ਰਮੇਸਰ ਦੀ ਪੂਰੀ ਦਾਤ ਮਿਲੀ ਹੈ ਹੁਣ ਓਹ ਰੋਜ ਸਵਾਈ ਚੜਦੀ ਭਾਵ ਵਧਦੀ ਜਾਂਦੀ ਹੈ ॥ ਸਚੇ ਮਾਲਕ ਨੇ ਸਾਡਾ ਪੱਖ ਕੀਤਾ ਹੈ ਉਸ ਮਾਲਕ ਦੀ ਵਡਿਆਈ ਵਡੀ ਹੈ ॥

ਜੇਹੜਾ ਪਹਿਲੇ ਤੇ ਜੁਗਾਂ ਦੇ ਪਹਿਲੇ ਵੀ ਭਗਤਾਂ ਦਾ ਰਾਖਾ ਸੀ ਓਹ ਮਾਲਕ ਸਾਡੇ ਉਤੇ ਦਿਆਲੂ ਹੋਇਆ ਹੈ॥ ਛੋਟੇ ਵਡੇ ਜੀਅ ਸਾਰੇ ਸੁਖ ਵਸੇ ਹਨ ਓਹ ਮਾਲਕ ਆਪੇ ਹੀ ਪਾਲਣਾ ਕਰਦਾ ਹੈ ॥ ਮਾਲਕ ਦਾ ਜਸ ਦਸਾਂ ਦਿਸ਼ਾਂ ਵਲ ਪੂਰਿਆ ਹੋਇਆ ਹੈ ਓਸਦੀ ਕੀਮਤ ਨਹੀ ਆਖੀ ਜਾਂਦੀ ਹੈ ॥ ਗੁਰੂ ਜੀ, ਮੈਂ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸਨੇ ਇਸਦੀ ਚੰਗੀ ਇਸਥਤ ਨੀਂਹ ਰਖੀ ਹੈ।

ਧੁਨੀਐ=ਧੁਨਾਂ, ਅਵਾਜਾਂ ਸ਼ਬਦ ਕੀਰਤਨ ਦੀਆਂ ॥ ।
ਚੋਜ-ਬਿਲਾਸ, ਤਮਾਸ਼ੇ ਭਜਨ ਬੰਦਗੀ ਦੇ ।
ਅਨਹਦ-ਲਗਾਤਾਰ। ਭਵ-ਡਰ। ਭੰਜਨ=ਨਾਸ ਕਰਨਾ।

ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥ ਅਨਹਦ ਚੋਜ ਭਗਤ ਭਵਭੰਜਨ ਅਨਹਦ ਵਾਜੇ ਧੁਨੀਐ ਰਾਮ॥ ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥ ਹਰਿਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥ ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥ ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥ ੪ ॥ ੬ ॥ ੯ ॥

ਮਾਲਕ ਦੇ ਗਿਆਨ ਧਿਆਨ ਕਰਕੇ ਪੂਰੀ ਤਾਂ ਸੰਤ ਹਰ ਤਰਾਂ ਨਾਲ ਪੂਰਨ

Digitized by Panjab Digital Library | www.panjabdigilib.org

ਹਨ ਕਿਉਂ ਜੋ ਓਥੇ ਮਾਲਕ ਦੇ ਨਾਮ ਦੀ ਕਥਾ ਰੋਜ ਹੀ ਸੁਣੀਦੀ ਹੈ। ਅਮ੍ਰਿਤਸਰ ਦੇ ਵਿਚ ਡਰ ਦੇ ਦੂਰ ਕਰਨ ਵਾਲੇ ਭਗਤ ਲਗਾਤਾਰ ਮਾਲਕ ਦੇ ਬਚਨ ਬਿਲਾਸ ਕਰਦੇ ਰਹਿੰਦੇ ਹਨ ਅਤੇ ਲਗਾ ਤਾਰ ਹੀ ਵਾਜੇ ਵਜਦੇ ਰਹਿੰਦੇ ਹਨ ਭਾਵ ਸਬਦ ਕੀਰਤਨ ਅਠੇ ਪਹਿਰ ਹੀ ਹੁੰਦਾ ਰਹਿੰਦਾ ਹੈ॥

ਲਗਾਤਾਰ ਵਾਜੇ ਝੁਣਕਾਰੇ-ਵਜਦੇ ਸੁਣੀਦੇ ਹਨ ਜੇਹੜੇ ਸਚ ਦੇ ਵਿਚਾਰਨ ਵਾਲੇ ਸੰਤ ਹਨ ਓਨਾਂ ਦੀ ਗੋਸ਼ਟ ਰੋਜ ਹੀ ਹੁੰਦੀ ਸੁਣੀਦੀ ਹੈ। ਮਾਲਕ ਦੇ ਨਾਮ ਨੂੰ ਜਪਕੇ ਸਾਰੀ ਮੈਲ ਕਟਦੇ ਹਨ ਅਤੇ ਸਾਰੇ ਵਡੇ ਪਾਪਾਂ ਨੂੰ ਨਾਸ ਕਰਦੇ ਹਨ। ਓਥੇ ਅਮ੍ਰਿਤਸਰ ਜਾਂ ਸਤਸੰਗ ਵਿਚ ਜੰਮ ਕੇ ਔਣਾਂ ਮਰ ਕੇ ਜਾਂਣਾ ਨਹੀ ਹੈ ਅਤੇ ਜੂਨੀਆਂ ਦੇ ਫੇਰ ਵਿਚ ਭੀ ਨਹੀ ਪਾਈਦਾ ਹੈ॥ (ਜੀਵ ਨੂੰ)

ਗੁਰੂ ਜੀ, ਮੈਂ ਗੁਰੂ ਦੀ ਕਿਰਪਾ ਨਾਲ ਮਾਲਕ ਨੂੰ ਪਾਇਆ ਹੈ ਜਿਸਦੀ ਕਿਰਪਾ ਨਾਲ ਸਾਰੀਆਂ ਲੋੜਾਂ ਪੂਰੀਆਂ ਹੋਈਆਂ ਹਨ॥

{ ਜਦੋਂ ਸਾਰੀਆਂ ਸੰਗਤਾਂ ਸ੍ਰੀ ਅਮ੍ਰਿਤਸਰ ਦੀ ਕਾਰ ਸੇਵਾ ਕਰਦੀਆਂ ਸਨ ਉਸ ਵੇਲੇ ਆਪ ਪ੍ਰਮੇਸਰ ਨੇ ਆਕੇ ਸੇਵਾ ਕੀਤੀ ਤਦੋਂ ਗੁਰੂ ਜੀ ਸਬਦ ਉਚਾਰਿਆ। }

## ਸੂਹੀ ਮਹਲਾ ੫

*ਸੰਤਾਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤਜਲੁ ਛਾਇ-ਆ ਰਾਮ॥ ਅੰਮ੍ਰਿਤਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥ ਜੈਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿ-ਸੂਰੇ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇ-ਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕੁ ਨਾਮੁ ਧਿਆਇਆ॥ ੧ ॥

ਸੰਤਾਂ ਦੇ ਕੰਮ ਕਰਨ ਲਈ ਮਾਲਕ ਆਪ ਆ ਕੇ ਖੜੋਤਾ ਹੈ ਵਾਹਿਗੁਰੂ ਸਾਰਿਆਂ ਦੇਵਤਿਆਂ ਨੂੰ ਨਾਲ ਲੈਕੇ ਆਪ ਕੰਮ ਕਰਾਉਣ ਵਾਸਤੇ ਆਇਆ ਹੈ ਜਾਂ ਸਤ ਸੰਗ ਵਿਚ ਚੰਗੇ ਕੰਮ ਕਰਨ ਕਰਾਉਣ ਗੁਰੂ ਰੂਪ ਹੋਕੇ ਮਾਲਕ ਆਇਆ ਹੈ॥

---

*ਜਦੋਂ ੧੯੨੩ ਈਸਵੀ ਜੂਨ ਦੇ ਮਹੀਨੇ ਸ੍ਰੀ ਅਮ੍ਰਿਤਸਰ ਦੀਕਾਰ ਸੇਵਾ ਹੋਈ ਸੀ ਮੈਂ ਵੀ ਓਹੋ ਝਾਕੀਆਂ ਪੁਰਾਣੀਆਂ ਜੋ ਇਕੂਰ ਦੇ ਸ਼ਬਦ ਵਿਚ ਪ੍ਰਤੀਤ ਹੁੰਦੀਆਂ ਹਨ ਆਪਣੀ ਅਖੀ ਵੇਖੀਆਂ ਸਨ॥

Digitized by Panjab Digital Library | www.panjabdigilib.org

ਧਰਤੀ ਬੜੀ ਸੋਹਣੀ ਹੈ ਤਾਲ ਵੀ ਬੜਾ ਸੋਹਣਾ ਹੈ ਅਤੇ ਵਿਚ ਅਮ੍ਰਿਤ ਜਲ ਟਿਕਿਆ ਹੋਇਆ ਵੀ ਬੜਾ ਸੋਹਣਾ ਹੈ ਜਾਂ ਧਰਤੀ ਸੰਤਾਂ ਦਾ ਸਰੀਰ ਹੈ ਤਾਲ ਦਿਲ ਹੈ। ਅਮ੍ਰਿਤ ਜਲ ਨਾਮ ਹੈ।

ਅੰਮ੍ਰਿਤ ਜਲ ਟਿਕਿਆ ਹੋਇਆ ਹੈ ਮਾਲਕ ਨੇ ਸਾਰਾ ਪੂਰਾ ਬਣਾਉ ਬਣਾਇਆ ਹੋਇਆ ਹੈ ਭਾਵ ਅੰਮ੍ਰਿਤਸਰ ਤਾਲ ਦਾ ਸਾਰਾ ਸਾਜ ਚੰਗਾ ਬਣਿਆ ਹੈ ਆਇਆਂ ਸਿਖਾਂ ਦੇ ਸਾਰੇ ਮਨੋਰਥ ਪੂਰੇ ਹੁੰਦੇ ਹਨ ॥ ਅੰਮ੍ਰਿਤਸਰ ਜਾਂ ਸਤਸੰਗ ਵਿਚ ਜੈ ਜੈ ਕਾਰ ਸ਼ਬਦ ਹੁੰਦਾ ਰਹਿੰਦਾ ਹੈ, ਸਿਖਾਂ ਸੰਤਾਂ ਦੇ ਸਾਰੇ ਝੋਰੇ ਦੁਖ ਦੂਰ ਹੋ ਜਾਂਦੇ ਹਨ ॥ ਓਹ ਮਾਲਕ ਪੂਰਨ ਪ੍ਰਮੇਸਰ ਨ ਜੰਮਣ ਵਾਲਾ ਨ ਮਰਨ ਵਾਲਾ ਹੈ ਉਸਦਾ ਜਸ ਵੇਦਾਂ ਪੁਰਾਣਾ ਵਾਲਿਆਂ ਨੇ ਅਨੇਕਾਂ ਤਰਾਂ ਕਰਕੇ ਗਾਇਆ ਹੈ ॥ ਗੁਰੂ ਜੀ, ਅਸਾਂ ਉਸੇ ਦਾ ਨਾਮ ਧਿਆਇਆ ਹੈ ਜਿਸ ਮਾਲਕ ਨੇ ਆਪਣਾ ਜਾਣਕੇ ਦਾਸਾਂ ਦਾ ਬਿਰਦ ਰਖਿਆ ਹੈ ਭਾਵ ਲਾਜ ਰਖੀ ਹੈ ਹਰ ਤਰਾਂ ਨਾਲ ਰਖਿਆ ਕੀਤੀ ਹੈ ਸ੍ਰੀ ਅੰਮ੍ਰਿਤਸਰ ਜਾਂ ਸਤਸੰਗ ਦੇ ਸਾਰੇ ਕਾਰਜ ਚੰਗੇ ਪੂਰੇ ਹੋਗਏ ਹਨ ॥

**ਨਵਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੨ ॥**

ਨੌ ਨਿਧੀਆਂ ਅਠਾਰਾਂ ਸਿਧੀਆਂ ਅਤੇ ਰਿਧੀਆਂ ਇਹ ਪਦਾਰਥ ਕਰਤੇ ਮਾਲਕ ਨੇ ਦਿਤੇ ਹਨ ਜਿਸ ਕਰਕੇ ਹੁਣ ਕਿਸੇ ਪਦਾਰਥ ਦੀ ਟੋਟ ਨਹੀਂ ਆਉਂਦੀ ਹੈ ਭਾਵ ਘਾਟਾ ਨਹੀ ਪੈਂਦਾ ਹੈ ॥ ਖਾਂਦਿਆਂ ਖਰਚਦਿਆਂ ਬਚਨ ਬਿਲਾਸ ਬਖਸ਼ਸ਼ ਕਰਦਿਆਂ ਬਹੁਤੇ ਸੁਖ ਪਾਇਆ ਹੈ ਮਾਲਕ ਦੀ ਦਾਤ ਦਿਨ ਦਿਨ ਬਹੁਤੀ ਹੁੰਦੀ ਜਾਂਦੀ ਹੈ ॥ ਓਹ ਦਾਤ ਬਹੁਤ ਵਧਦੀ ਜਾਂਦੀ ਹੈ ਮੁਕ ਨਹੀਂ ਜਾਂਦੀ ਹੈ ਕਿਉਂਕਿ ਅੰਤਰਜਾਮੀ ਮਾਲਕ ਨੂੰ ਪਾ ਲਿਆ ਹੈ ॥ ਜੇਹੜੇ ਕਰੋੜਾਂ ਵਿਘਨ ਪੌਣ ਵਾਲੇ ਵਿਸ਼ੇ ਸੀ ਓਹ ਸਾਰੇ ਹੀ ਉਠਕੇ ਦੌੜ ਗਏ ਹਨ ਭਾਵ ਦਿਲ ਤੋਂ ਦੂਰ ਹੋ ਗਏ ਹਨ ਹੁਣ ਕਦੀ ਖਿਆਲ ਵੀ ਨਹੀ ਆਉਂਦਾ ਹੈ ਅਤੇ ਦੁਖ ਵੀ ਕਦੀ ਨੇੜੇ ਨਹੀਂ ਆਇਆ ਹੈ ॥ ਸ਼ਾਂਤੀ ਗਿਆਨ ਆਇਆ ਹੈ ਜਿਸ ਕਰਕੇ ਬਹੁਤ ਹੀ ਅਨੰਦ ਹੁੰਦੇ ਹਨ ਅਤੇ ਸਾਰੀ ਭੁੱਖ ਦੂਰ ਹੋਗਈ ਹੈ ॥ ਗੁਰੂ ਜੀ, ਜਿਸ ਮਾਲਕ ਦੀ ਅਸਚਰਜ ਵਡਿਆਈ ਹੈ ਉਸਦੇ ਗੁਣ ਗਾਉਂਦੇ ਹਾਂ ॥

Digitized by Panjab Digital Library | www.panjabdigilib.org

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ ੩ ॥

ਜਿਸਦਾ ਕੰਮ ਸੀ ਓਸੇ ਨੇ ਕੀਤਾ ਹੈ ਮਨੁੱਖ ਕੀ ਵਿਚਾਰਾ ਹੈ ਭਾਵ ਆਦਮੀ ਕੁਛ ਨਹੀਂ ਕਰ ਸਕਦਾ ਹੈ ॥ ਹੁਣ ਭਗਤ ਗੁਣ ਗਾਂਦੇ ਸੋਹਣੇ ਲਗਦੇ ਹਨ ਓਹ ਮਾਲਕ ਦਾ ਸਦਾ ਹੀ ਧੰਨਵਾਦ ਕਰਦੇ ਹਨ ॥ ਮਾਲਕ ਦੇ ਗੁਣ ਗਾ ਕੇ ਭਗਤਾਂ ਨੂੰ ਅਨੰਦ ਪੈਦਾ ਹੁੰਦਾ ਹੈ ਸਾਧ ਸੰਗਤ ਨਾਲ ਪ੍ਰੇਮੀਆਂ ਦੀ ਪ੍ਰੀਤ ਬਣੀ ਹੋਈ ਹੈ ॥ ਜਿਸਨੇ ਤਾਲ ਬਣਾਉਣ ਦਾ ਉਦਮ ਕੀਤਾ ਹੈ ਉਸ ਗੁਰੂ ਰਾਮਦਾਸ ਜਾਂ ਪ੍ਰਮੇਸਰ ਦੀ ਉਪਮਾ ਕੀ ਗਿਣੀਏ ਭਾਵ ਗਿਣੀ ਨਹੀਂ ਜਾਂਦੀ ਹੈ ॥ ਜੇਹੜਾ ਅਠਾਠ ਤੀਰਥਾਂ ਦੇ ਨਾਉਣ ਦਾ ਪੁੰਨ ਹੈ ਅਤੇ ਜੇਹੜੀ ਜੋਗ ਦੀ ਕਿਰਿਆ ਬੜੀ ਔਖੀ ਹੈ ਅਤੇ ਹੋਰ ਜਿਤਨਾਕੁ ਨਿਰਮਲ ਕਰਮ ਹੈ ਓਹ ਸਾਰਾ ਕਰ ਲਿਆ ਹੈ ਜਿਸਨੇ ਸਤਸੰਗ ਜਾਂ ਅੰਮ੍ਰਿਤਸਰ ਦਾ ਦਰਸਨ ਕੀਤਾ ਹੈ ॥
ਗੁਰੂ ਜੀ, ਮਾਲਕ ਦਾ ਧਰਮ ਪਾਪੀਆਂ ਦੇ ਪਵਿਤਰ ਕਰਨ ਵਾਲਾ ਹੈ ਅਸਾਂ ਗੁਰ ਉਪਦੇਸ਼ ਸੁਣਕੇ ਉਸਦੇ ਨਾਮ ਦਾ ਆਸਰਾ ਲਿਆ ਹੈ ॥

ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾਰਸੁ ਦੀਜੈ ਰਾਮ ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥ ੭ ॥ ੧੦

ਮੇਰਾ ਮਾਲਕ ਗੁਣਾਂ ਦਾ ਖਜਾਨਾ ਹੈ ਮੈਂ ਉਸਦੀ ਉਸਤਤੀ ਕੀ ਕੀ ਤਰਾਂ ਨਾਲ ਕਰਾਂ ਭਾਵ ਕਰ ਨਹੀਂ ਸਕਦਾ ਹਾਂ ॥ ਹੇ ਮਾਲਕ ਸੰਤਾਂ ਦੀ

Digitized by Panjab Digital Library | www.panjabdigilib.org

ਇਹ ਬੇਨਤੀ ਮੰਨ ਜੋ ਨਾਮ ਦਾ ਵਡਾ ਸੁਆਦ ਹੈ ਇਹ ਸਾਨੂੰ ਦੇਹ ॥ ਇਹ ਦਾਨ ਕਰੋ ਜੋ ਨਾਮ ਜਪਨਾ ਇਓ ਇਕੁਰ ਦਾ ਨਾਮ ਦਿਓ ਜੋ ਇਕ ਛਿਨ ਵੀ ਨ ਭੁਲ ਜਾਵੇ ॥ ਮਾਲਕ ਦੇ ਗੁਣ ਜਬਾਨ ਕਰਕੇ ਉਚਾਰੀਏ ਅਤੇ ਰਾਤ ਦਿਨ ਸਦਾ ਹੀ ਰਾਗ ਵਿਚ ਗਾਈਏ ॥ ਜਿੰਨਾਂ ਦੀ ਨਾਮ ਨਾਲ ਪ੍ਰੀਤੀ ਲਗੀ ਹੈ ਅਤੇ ਮਨ ਤਨ ਕਰਕੇ ਆਤਮ ਅਨੰਦ ਅੰਮ੍ਰਿਤ ਵਿਚ ਭਿਜੇ ਹਨ ॥ ਗੁਰੂ ਜੀ ਆਖਦੇ ਹਨ ਸਾਰੀ ਇਛਾ ਪੂਰੀ ਹੋਈ ਹੈ ਮੈਂ ਆਪਦਾ ਦਰਸ਼ਨ ਵੇਖਕੇ ਜੀਉਂਦਾ ਹਾਂ ॥

(ਮਾਲਕ ਦਾ ਲੱਛਣ ਕੀ ਹੈ)

## ਰਾਗੁ ਸੂਹੀ ਮਹਲਾ ੫ ਛੰਤ

### ੧ ਓ ਸਤਿਗੁਰਪ੍ਰਸਾਦਿ ॥

**ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥ ੧ ॥**

ਮੇਰਾ ਪ੍ਰਮੇਸਰ ਮਾਲਕ ਮਿੱਠਾ ਬੋਲਣ ਵਾਲਾ ਹੈ ॥ ਮੈਂ ਤਾਂ ਸੰਭਾਲ ਕੇ ਵੇਖ ੨ ਕੇ ਥਕ ਗਈ ਹਾਂ ਓਹ ਕਦੀ ਵੀ ਕੌੜਾ ਨਹੀਂ ਬੋਲਦਾ ਹੈ ॥ ਪੂਰਨ ਭਗਵਾਨ ਓਹ ਕਦੀ ਵੀ ਕੌੜਾ ਬੋਲਣਾ ਨਹੀਂ ਜਾਣਦਾ ਹੈ ਫਿਰ ਓਹ ਦਾਸਾਂ ਦਾ ਔਗੁਣ ਵੀ ਕੋਈ ਚੇਤੇ ਨਹੀਂ ਰੱਖਦਾ ਹੈ ॥ ਉਸ ਮਾਲਕ ਦਾ ਧਰਮ ਪਾਪੀਆਂ ਨੂੰ ਪਵਿਤਰ ਕਰਨਾ ਸਦਾਂਦਾ ਹੈ ਅਤੇ ਇਕ ਤਿਲ ਮਾਤਰ ਵੀ ਕਮਾਈ ਨੂੰ ਨਹੀਂ ਤੋੜ ਦਾ ਭਾਵ ਬਿਅਰਥ ਗਵਾਂਦਾ ਹੈ ॥ ਦਿਲ ਦਿਲ ਦਾ ਵਾਸੀ ਹੈ ਅਤੇ ਸਾਰਿਆਂ ਥਾਵਾਂ ਵਿਚ ਰਹਿੰਦਾ ਹੈ ਨੇੜੇ ਤੋਂ ਵੀ ਨੇੜੇ ਹੈ ॥ ਗੁਰੂ ਜੀ, ਮੇਰਾ ਮਾਲਕ ਅੰਮ੍ਰਿਤ ਵਰਗਾ ਮਿੱਠਾ ਹੈ ਮੈਂ ਦਾਸ ਉਸ ਦੀ ਸਦਾ

Digitized by Panjab Digital Library | www.panjabdigilib.org

ਸ਼ਰਨ ਹਾਂ ॥

ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ ॥ ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ ॥ ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ ॥ ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ ॥ ਚਰਨਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ॥ ਨਾਨਕ ਸਰਣਿ ਪੂਰਨ ਪਰਮੇਸਰੁ ਤੇਰਾ ਅੰਤੁ ਨ ਪਾਰਾਵਾਰਾ ॥ ੨ ॥

ਮੈਂ ਅਪਾਰ ਮਾਲਕ ਦਾ ਦਰਸ਼ਨ ਵੇਖਕੇ ਅਸਚਰਜ ਹੋ ਗਈ ਹਾਂ ॥ ਓਹ ਮੇਰਾ ਮਾਲਕ ਬਹੁਤ ਹੀ ਸੁੰਦਰ ਹੈ ਮੈਂ ਉਸਦੇ ਚਰਨਾਂ ਕਮਲਾਂ ਦੀ ਧੂੜ ਹਾਂ ॥ ਪਗ=ਖੱਚਤ ਹੋਕੇ ਭਾਵ ਬਹੁਤ ਲਗਕੇ ਜਾਂ ਪੈਰੀ ਸਮਝੋ ॥ ਮਾਲਕ ਨੂੰ ਵੇਖਕੇ ਜੀਊਂਦੀ ਹਾਂ ਠੰਢੀ ਹੋ ਜਾਂਦੀ ਹਾਂ ਉਸਦੇ ਬਰਾਬਰ ਵਡਾ ਹੋਰ ਕੋਈ ਨਹੀਂ ਹੈ ॥ ਓਹ ਸਾਰਿਆਂ ਸਮਿਆਂ ਵਿਚ ਅਤੇ ਜਲਾਂ ਥਲਾਂ ਧਰਤੀ ਅਕਾਸ਼ ਵਿਚ ਮਿਲਿਆ ਹੋਇਆ ਹੈ ॥ ਚਰਨਾਂ ਕਮਲਾਂ ਨੂੰ ਰਿਦੇ ਵਿਚ ਜਪਕੇ ਸੰਸਾਰ ਸਮੁੰਦਰ ਨੂੰ ਤਰਿਆ ਹੈ ਅਗੇ ਹੋਰ ਵੀ ਕਈ ਓਨਾਂ ਦੇ ਪ੍ਰਤਾਪ ਨਾਲ ਨਾਮ ਜਪਕੇ ਸੰਸਾਰ ਤੋਂ ਪਾਰ ਉਤਰ ਗਏ ਹਨ ॥ ਗੁਰੂ ਜੀ, ਹੇ ਪੂਰਨ ਪ੍ਰਮੇਸਰ ਮੈਂ ਤੇਰੀ ਸ਼ਰਨ ਹਾਂ ਤੇਰਾ ਪਾਰ ਉਰਾਰ ਦਾ ਕੋਈ ਅੰਤ ਨਹੀਂ ਹੈ ॥

ਹਉ ਨਿਮਖ ਨ ਛੋਡਾ ਜੀ ਹਰਿਪ੍ਰੀਤਮ ਪ੍ਰਾਨ ਅਧਾਰੋ ॥ ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ ॥ ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ ॥ ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ ॥ ਸਭ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ ॥ ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮ ਮਨਹਿ ਸਧਾਰੋ ॥ ੩ ॥

ਜੇਹੜਾ ਮੇਰਾ ਮਾਲਕ ਪ੍ਰਾਣਾਂ ਦਾ ਆਸਰਾ ਹੈ ਮੈਂ ਉਸਨੂੰ ਪਲ ਭਰ ਵੀ ਨਹੀਂ ਛੱਡ ਸਕਦੀ ਹਾਂ ਜੇਹੜਾ ਸੱਚਾ ਅਪੁੱਜ ਮਾਲਕ ਹੈ ਉਸਦਾ ਵਿਚਾਰ ਮੈਨੂੰ ਗੁਰੂ ਨੇ ਆਖਿਆ ਹੈ ॥ ਸਾਧੂਆਂ ਨੂੰ ਮਿਲਕੇ ਓਨਾਂ ਨੂੰ ਮਨ ਦਿਤਾ ਤਾਂ ਨਾਮ ਲਿਆ ਫਿਰ ਜਨਮ ਮਰਨ ਦੇ ਸਾਰੇ ਦੁਖ ਦੂਰ ਹੋ ਗਏ ॥ ਸ਼ਾਂਤੀ ਸੁਖ ਬਹੁਤ

Digitized by Panjab Digital Library | www.panjabdigilib.org

ਸਾਰੇ ਅਨੰਦ ਹੋਏ ਹੰਕਾਰ ਦੀ ਰੰਢ ਨਾਸ ਹੋ ਗਈ ॥ ਮੇਰਾ ਮਾਲਕ ਸਾਰਿਆਂ ਦੇ ਵਿਚ ਅਤੇ ਸਾਰਿਆਂ ਤੋਂ ਵਖਰਾ ਹੈ ਅਤੇ ਰਾਗ ਦ੍ਵੈਖ ਤੋਂ ਵੀ ਨਿਆਰਾ ਹੈ ॥ ਗੁਰੂ ਜੀ, ਮੈਂ ਉਸ ਆਪਣੇ ਮਾਲਕ ਦੀ ਸ਼ਰਨ ਹਾਂ ਜੋਹੜਾ ਮੇਰਾ ਪਿਆਰਾ ਮੇਰੇ ਮਨ ਦਾ ਆਸਰਾ ਹੈ ॥

**ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥ ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨਕਮਲ ਚਿਤੁ ਲਾਇਆ ॥ ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥ ਧਰਮ ਅਰਥ ਕਾਮ ਸਭਿ ਪੂਰਨ ਮਨਿਚਿੰਦੀ ਇਛ ਪੁਜਾਏ ॥ ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥ ਨਾਨਕ ਸਰਣਿ ਕ੍ਰਿਪਾਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥ ੪ ॥ ੧ ॥ ੧੧ ॥**

ਜੇਹੜਾ ਮਾਲਕ ਨਿਹਚਲ ਘਰ ਵਾਲਾ ਹੈ ਮੈਂ ਲੱਭਦਿਆਂ ਲੱਭਦਿਆਂ ਓਹ ਲੱਭ ਲਿਆ ਹੈ ॥ ਮੈਂ ਸਾਰੇ ਪਦਾਰਥ ਅਧ੍ਰੁਵ=ਚਲੇ ਜਾਣ ਵਾਲੇ ਡਿਠੇ ਹਨ ਤਾਂ ਮਾਲਕ ਦੇ ਚਰਨਾਂ ਕਮਲਾਂ ਵਿਚ ਚਿਤ ਲਾਇਆ ਹੈ ॥ ਓਹ ਮੇਰਾ ਮਾਲਕ ਅਬਨਾਸੀ ਹੈ ਮੈਂ ਉਸਦੀ ਦਾਸੀ ਹਾਂ ਨਾਂ ਓਹ ਮਰਦਾ ਹੈ ਨ ਆਉਂਦਾ ਜਾਂਦਾ ਹੈ ॥ ਧਰਮ, ਅਰਥ, ਕਾਮ, ਮੋਖ ਓਹ ਸਾਰਿਆਂ ਫਲਾਂ ਨਾਲ ਭਰਿਆ ਹੋਇਆ ਹੈ ਅਤੇ ਓਹ ਮਨ ਵਿਚ ਲੋੜੀ ਹੋਈ ਚੀਜ ਛੇਤੀ ਨਾਲ ਪੁਜਾ ਦੇਂਦਾ ਹੈ । ਸੁਰਤੀਆਂ ਸਿਮ੍ਰਤੀਆਂ ਮਾਲਕ ਦੇ ਗੁਣਾਂ ਨੂੰ ਗਾਂਦੀਆਂ ਹਨ ਸਿਧਾਂ ਸਾਧਕਾਂ ਮੁਨੀਆਂ ਦਾਸਾਂ ਸਾਰਿਆਂ ਨੇ ਹੀ ਧਿਆਇਆ ਹੈ। ਗੁਰੂ ਜੀ, ਕਿਰਪਾ ਨਿਧੀ ਮਾਲਕ ਦੀ ਸ਼ਰਨ ਆਕੇ ਵਡਭਾਗੀਆਂ ਨੇ ਨਾਮ ਨੂੰ ਗਾਇਆ ਹੈ ॥

ੴ ਸਤਿਗੁਰਪ੍ਰਸਾਦਿ ॥

ਵਾਰ ਸੂਹੀ ਕੀ ਸਲੋਕਾ ਨਾਲਿ ॥ ਮਹਲਾ ੩ ॥

ਸਲੋਕੁ ਮਃ ੩ ॥

ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥
ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥
ਮਿਠਾ ਕਰਿਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥
ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥
ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥
ਸਹਜਿ ਸਚੁ ਪਿਰੁ ਰਾਵਿਆ ਹਰਿਨਾਮਾ ਉਰਿਧਾਰਿ ॥
ਆਗਿਆਕਾਰੀ ਸਦਾ ਸੁਹਾਗਣਿ ਆਪਿ ਮੇਲੀ ਕਰਤਾਰਿ ।
ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋਹਾਗਣਿ ਨਾਰਿ ॥੧॥

ਛਟੜ ਇਸਤ੍ਰੀ ਲਾਲ ਵੇਸ ਕਰਕੇ ਪਰਾਏ ਪਤੀ ਨੂੰ ਰਾਵਣ ਜਾਂਦੀ ਹੈ ਭਾਵ ਮਨਮੁਖ ਵਿਸ਼ਿਆਂ ਨਾਲ ਪ੍ਰੀਤ ਕਰਕੇ ਦੇਵੀ ਦੇਵਤਿਆਂ ਨੂੰ ਸੇਂਵਦਾ ਹੈ ॥ ਦ੍ਵੈਤ ਭਾਵ ਵਿਚ ਲੁੱਟੀ ਹੋਈ ਨੇ ਪਤੀ ਨੂੰ ਆਪਣੇ ਘਰ ਵਿਚ ਛਡਿਆ ਹੈ ਭਾਵ ਆਪਣੇ ਰਿਦੇ ਵਿਚੋਂ ਵਾਹਿਗੁਰੂ ਨੂੰ ਭੁਲਾ ਦਿਤਾ ਹੈ ॥ ਮਿੱਠਾ ਕਰਕੇ ਖਾਧਾ ਭਾਵ ਸੁਖ ਰੂਪ ਕਰਕੇ ਵਿਸ਼ਿਆਂ ਨੂੰ ਭੋਗਿਆ ਉਸ ਸੁਆਦ ਤੋਂ ਬੜਾ ਰੋਗ ਵਧਿਆ ॥ ਮਨਮੁਖ ਰੂਪ ਛਟੜ ਇਸਤ੍ਰੀ ਨੇ ਚੰਗੇ ਪਤੀ ਵਾਹਿਗੁਰੂਨੂੰਛੱਡਦਿੱਤਾ ਫਿਰ ਜਾਕੇ ਬੜਾ ਵਿਜੋਗ ਲੱਗਾ ਭਾਵ ਜਨਮ ਮਰਨ ਹੋਯਾ ॥ ਜਦੋਂ ਗੁਰਮੁਖ ਹੋਕੇ ਓਹ ਵੇਸ ਬਦਲਾ ਦਿਤਾ ਤਾਂ ਫਿਰ ਮੁੜਕੇ ਭਗਤੀ ਸਿੰਗਾਰ ਨੂੰ ਸਾਜਕੇ ਵਾਹਿਗੁਰੂ ਵਿਚ ਰਤੀ ਪ੍ਰੇਮ ਵਾਲੀ ਹੋਈ ॥ ਵਾਹਿਗੁਰੂ ਦੇ ਨਾਮ ਨੂੰ ਰਿਦੇ ਵਿਚ ਧਾਰਕੇ ਫਿਰ ਸਹਿਜੇ ਹੀ ਸਚੇ ਪਤੀ ਨੂੰ ਰਾਵਿਆ ॥ ਓਹੋ ਹੀ ਆਗਿਆ ਕਾਰੀ ਸਦਾ ਸੁਹਾਗਣ (ਜਦੋਂ ਬਣ ਗਈ ਤਾਂ) ਆਪ ਵਾਹਿਗੁਰੂ ਨੇ ਆਪਣੇ ਨਾਲ ਮੇਲ ਲਈ ॥ ਗੁਰੂ ਜੀ ਆਖਦੇ ਹਨ ਸੱਚਾ ਵਾਹਿਗੁਰੂ ਪਤੀ ਪਾ ਲਿਆ ਤਾਂ ਜੀਵ ਰੂਪ ਇਸਤ੍ਰੀ ਸਦਾ ਹੀ ਸੁਹਾਗਣਿ ਹੋ ਗਈ ॥

ਮਃ ੩ ॥ ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ ॥

Digitized by Panjab Digital Library | www.panjabdigilib.org

ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ॥੨॥

ਹੇ ਸੂਹੇ ਵੇਸ ਵਾਲੀਏ ਤੇ ਮਾਨ ਤੋਂ ਰਹਤ ਹੋਈਏ ਦ ਪ੍ਰੇਮਣੇ, ਜੇਹੜਾ ਪਤੀ ਗੁਰਮੁਖ ਇਸਤ੍ਰੀਆਂ ਨੇ ਸੰਭਾਲਿਆ ਹੈ ਉਸ ਪਤੀ ਨੂੰ ਤੂੰ ਵੀ ਸਦਾ ਸੰਭਾਲ ਰੱਖ॥ ਗੁਰੂ ਜੀ ਆਖਦੇ ਹਨ ਆਪਣਾਂ ਜਨਮ ਸਵਾਰ ਲੈਂ ਗੀ ਤੇਰੀ ਕੁਲ ਵੀ ਤੇਰੇ ਨਾਲ ਬੰਧਣਾਂ ਤੋਂ ਛੁਟ ਜਾਵੇਗੀ॥

ਪਉੜੀ ॥ ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥
ਹੁਕਮੇ ਧਰਤੀ ਸਾਜੀਅਨੁ ਸਚੀ ਧਰਮਸਾਲਾ॥
ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥
ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥
ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥ ੧ ।

ਵਾਹਿਗੁਰੂ ਨੇ ਆਪੇ ਹੀ ਅਕਾਸਾਂ ਪਤਾਲਾਂ ਵਿਚ ਤਖਤ ਬ੍ਰਹਮੰਡ ਰਚਾਇਆ ਹੈ ॥ ਹੁਕਮ ਨਾਲ ਸੱਚੀ ਧਰਮ ਸਾਲਾ ਧਰਤੀ ਸਾਜੀ ਹੈ ॥ ਹੇ ਸੱਚੇ ਦੀਨ ਦਿਆਲਾ ਆਪੇ ਹੀ ਤੂੰ ਜਗਤ ਨੂੰ ਪੈਦਾ ਕਰਕੇ ਨਾਸ ਕਰਦਾ ਹੈਂ ॥ ਤੂੰ ਸਾਰਿਆਂ ਨੂੰ ਰਿਜਕ ਪਹੁੰਚਾਉਂਦਾ ਹੈਂ ਤੇਰਾ ਹੁਕਮ ਸਭ ਤੋਂ ਨਿਰਾਲਾ ਹੈ॥ ਆਪੇ ਆਪ ਸਾਰਿਆਂ ਵਿਚ ਵਰਤਦਾ ਹੈਂ ਅਤੇ ਆਪੇ ਸਾਰਿਆਂ ਦੀ ਪਾਲਣਾਂ ਕਰਦਾ ਹੈਂ ॥

ਸਲੋਕੁ ਮਃ ੩ ॥

ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥
ਸਤਿਗੁਰ ਆਪਣਾ ਮਨਾਇ ਲੈ
ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥
ਐਸਾ ਸੀਗਾਰੁ ਬਣਾਇ ਤੂ
ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥੧॥

ਲਾਲ ਵੇਸ ਵਾਲੀਏ ਤਪ ਕਰਨ ਵਾਲੀਏ ਛੋਟੀਏ ਤਾਂ ਤੂੰ ਸੁਹਾਗਣੀ ਹੋਵੇਂਗੀ ਜੇ ਸੱਚਾ ਨਾਮ ਮੰਨ ਲਏਂਗੀ ॥ ਅਪਣਾਂ ਸਤਿਗੁਰ ਮਨਾ ਲੈ ਫਿਰ ਤੈਨੂੰ ਬੜਾ

ਰੂਪ ਚੜ੍ਹੇਗਾ ਪਤੀ ਤੋਂ ਬਿਨਾਂ ਕੋਈ ਹੋਰ ਤੇਰਾ ਦੂਜਾ ਥਾਂ ਟਿਕਾਣਾ ਨਹੀਂ ॥ ਇਸਤਰਾਂ ਦਾ ਸ਼ੰਗਾਰ ਬਣਾ ਜੇਹੜਾ ਕਦੀ ਮੈਲਾ ਹੀ ਨ ਹੋਵੇ ਰਾਤ ਦਿਨ ਤੈਨੂੰ ਪ੍ਰੇਮ ਲੱਗ ਜਾਵੇ ॥ ਗੁਰੂ ਜੀ ਆਖਦੇ ਹਨ ਸੁਹਾਗਣਿ ਦਾ ਕੀ ਨਿਸ਼ਾਨ ਹੈ ਅੰਦਰ ਸੱਚ, ਮੁਖ ਉਜਲਾ, ਖਸਮ ਵਿਚ ਸਮਾਈ ਹੋਈ ॥

**ਮ: ੩ ॥ ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥**
**ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥**
**ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥**
**ਜੋ ਤਿਸੁ ਭਾਵੈ ਸੋ ਥੀਐ ਇਨਿ ਬਿਧਿ ਕੰਤ ਮਿਲੀ ॥ ੨ ॥**

ਵੇ ਲੋਕੋ ਮੈ ਲਾਲ ਰੰਗ ਪਖੰਡ ਵਾਲੀ ਨੇ ਲਾਲ ਵੇਸ ਕੀਤਾ ਹੋਯਾ ਹੈ ॥ ਇਹਨਾਂ ਲਾਲ ਵੇਸਾਂ ਨਾਲ ਪਤੀ ਨੂੰ ਨਹੀਂ ਪਾਈਦਾ ਅਗੇ ਬਥੇਰੀ ਦੁਨੀਆਂ ਵੇਸ ਕਰਕੇ ਥੱਕ ਗਈ ਹੈ ਵਾ ਮੈ ਥੱਕ ਗਈ ਹਾਂ ॥ ਗੁਰੂ ਜੀ ਆਖਦੇ ਹਨ ਜਿਨਾਂ ਨੇ ਗੁਰਾਂ ਦੀ ਸਿਖਿਆ ਸੁਣੀ ਹੈ ਓਨਾਂ ਨੇ ਵਾਹਿਗੁਰੂ ਨੂੰ ਪਾਇਆ ਹੈ ॥ ਜੋ ਉਸਨੂੰ ਭਾਉਂਦਾ ਹੈ ਸੋ ਹੁੰਦਾ ਹੈ ਇਸਤਰਾਂ ਜਾਣੀਏ ਤੇ ਤਾਂ ਕੰਤ ਨੂੰ ਮਿਲੀਦਾ ਹੈ ॥

ਭਿਤਿ=ਚੋਗ ॥

**ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥**
**ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥**
**ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥**
**ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥**
**ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥ ੨ ॥**

ਹੇ ਵਾਹਿਗੁਰੂ ਤੂੰ ਹੁਕਮ ਕਰਕੇ ਦੁਨੀਆਂ ਬਣਾਈ ਹੈ ਅਤੇ ਸੰਸਾਰ ਨੂੰ ਬਹੁਤ ਤਰਾਂ ਦਾ ਖਾਣਾ ਦੇਂਦਾ ਹੈਂ ॥ ਹੇ ਸਚੇ ਅਲੱਖ ਅਪਾਰ ਤੇਰਾ ਹੁਕਮ ਨਹੀ ਜਾਪਦਾ ਕਿ ਕਿੱਡਾ ਕੁ ਵੱਡਾ ਹੈ ॥ ਇਕਨਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ ਜਿਨਾਂ ਨੇ ਗੁਰ ਸ਼ਬਦ ਵਿਚਾਰਿਆ ਹੈ ॥ ਜੇਹੜੇ ਸੱਚੇ ਵਿਚ ਰਤੇ ਹਨ ਓਹ ਨਿਰਮਲੇ ਹਨ ਹੰਗਤਾ ਵਿਕਾਰਾਂ ਨੂੰ ਛੱਡਕੇ ॥ ਜਿਸਨੂੰ ਤੂੰ ਮੇਲਦਾ ਹੈਂ ਓਹੋ ਹੀ ਤੇਰੇ ਨਾਲ ਮਿਲਦਾ ਹੈ ਅਤੇ ਓਹੋ ਹੀ ਸੱਚਾ ਹੁੰਦਾ ਹੈ ॥

786

Digitized by Panjab Digital Library | www.panjabdigilib.org

## ਸਲੋਕੁ ਮਃ ੩

ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥ ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥ ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥ ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥ ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥ ੧ ॥

ਹੇ ਸੂਹੇ ਵੇਸ ਵਾਲੀਏ ਸਾਰਾ ਸੰਸਾਰ ਹੀ ਸੂਹਾ ਹੈ ਜਿਨ੍ਹਾਂ ਦੇ ਅੰਦਰ ਦ੍ਵੈਤ ਭਾਵ ਤੇ ਦੁਰਮਤੀ ਹੈ ॥ ਇਹ ਝੂਠਾ ਅਨੰਦ ਸਾਰਾ ਇਕ ਛਿਨ ਵਿਚ ਨਾਸ ਹੋ ਜਾਂਦਾ ਹੈ ॥ ਜੀਕਨ ਰੁੱਖ ਦੀ ਛਾਂ ਨਹੀਂ ਟਿਕਦੀ ਭਾਵ ਇਹ ਪਖੰਡ, ਵਿਸ਼ੇ ਅਨੰਦ ਛਿਨ ਵਿਚ ਨਾਸ ਹੋ ਜਾਣ ਵਾਲਾ ਹੈ ॥ ਗੁਰਮੁਖ ਵਾਹਿਗੁਰੂ ਦੇ ਅਨੰਦ ਨਾਲ ਲਾਲੋ ਲਾਲ ਹਨ ਜੀਕਣ ਮਜੀਠ ਦਾ ਰੰਗਾ ਸੱਚਾ ਚੜ੍ਹਿਆ ਹੋਯਾ ਹੁੰਦਾ ਹੈ ਵਾ ਦਿਨ ਦਿਨ ਦੂਨਾਂ ਚੜ੍ਹਦਾ ਭਾਵ ਚੰਗਾ ਲਗਦਾ ਹੈ ॥ ਸ਼ਕਤੀ ਮਾਇਆ ਵਲੋਂ ਅਕਲ ਉਲਟੀ ਤੇ ਸੁਖ ਸਰੂਪ ਵਾਹਿਗੁਰੂ ਦੇ ਘਰ ਵਿਚ ਆਈ ਤਾਂ ਮਨ ਵਿਚ ਵਾਹਿਗੁਰੂ ਦਾ ਨਾਮ ਅੰਮ੍ਰਿਤ ਵਸਿਆ ॥ ਗੁਰੂ ਜੀ ਆਖਦੇ ਹਨ ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੂੰ ਮਿਲਕੇ ਵਾਹਿਗੁਰੂ ਦੇ ਗੁਣ ਗਾਏ ਹਨ ॥

ਮਃ ੩ ॥ ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥
ਇਸੁ ਲਹਦੇ ਬਿਲਮੁ ਨ ਹੋਵਈ ਰੰਡ ਬੈਠੀ ਦੂਜੈ ਭਾਇ ॥
ਮੁੰਧ ਇਆਣੀ ਡੁੰਮਣੀ ਸੂਹੈ ਵੇਸਿ ਲੋਭਾਇ ॥
ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥
ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥ ੨ ॥

ਵਿਸ਼ਿਆਂ ਦਾ ਅਨੰਦ ਨਕੰਮਾ ਹੈ ਇਸ ਕਰਕੇ ਕੰਤ ਨਹੀਂ ਪਾਇਆ ਜਾਂਦਾ ॥ ਇਸ ਨੂੰ ਲਹਿੰਦਿਆਂ ਦੇਰ ਨਹੀਂ ਹੁੰਦੀ ਦ੍ਵੈਤ ਭਾਵ ਕਰਕੇ ਰੰਡੀ ਹੋਕੇ ਬੈਠ ਜਾਂਦੀ ਹੈ ॥ ਇਆਣੀ ਇਸਤ੍ਰੀ ਦੁਚਿਤੀ ਹੋਕੇ ਸੂਹੇ ਵੇਸਾਂ ਵਿਚ ਲੋਭ ਰਹੀ ਹੈ ॥ ਜਿਨ੍ਹਾਂ ਨੇ ਸਚੇ ਉਪਦੇਸ਼ ਨਾਲ ਮਨ ਕਪੜੇ ਦਾ ਲਾਲ ਰੰਗ ਕੀਤਾ ਹੈ ਅਤੇ ਭੈ ਤੇ ਪ੍ਰੇਮ ਦਾ ਸ਼ੀਗਾਰ ਬਣਾਇਆ ਹੈ ॥ ਗੁਰੂ ਜੀ ਆਖਦੇ ਹਨ ਓਹ ਗੁਰਮੁਖ

Digitized by Panjab Digital Library | www.panjabdigilib.org

ਰੂਪ ਇਸਤ੍ਰੀਆਂ ਸਦਾ ਹੀ ਸੁਹਾਗਣੀਆਂ ਹਨ ਜੋਹੜੀਆਂ ਸਤਿਗੁਰੂ ਪਤੀ ਦੀ ਆਗਿਆ ਵਿਚ ਚਲਦੀਆਂ ਹਨ ॥

## ਪਉੜੀ ॥

ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥
ਤਿਸੁ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ ॥
ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ ॥
ਮਨਮੁਖ ਠਉਰ ਨ ਪਾਇਨੀ ਫਿਰਿ ਆਵੈ ਜਾਈ ॥
ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ ॥ ੩ ॥

ਵਾਹਿਗੁਰੂ ਨੇ ਆਪੇ ਹੀ ਆਪਣੇ ਤੋਂ ਦੁਨੀਆਂ ਪੈਦਾ ਕੀਤੀ ਅਤੇ ਆਪੇ ਹੀ ਕੀਮਤਿ ਪਾਈ ਹੈ ॥ ਤਿਸਦਾ ਅੰਤ ਨਹੀਂ ਜਾਪਦਾ ਗੁਰ ਸ਼ਬਦ ਤੋਂ ਇਹ ਸਮਝ ਆਈਹੈ ॥ ਮਾਇਆ ਦੇ ਮੋਹ ਗਾੜ੍ਹੇ ਹਨੇਰੇ ਨੇ ਦ੍ਵੈਤ ਭਾਵ ਵਿਚ ਦੁਨੀਆਂ ਭਰਮਾਈ ਹੋਈ ਹੈ ॥ ਮਨਮੁਖ ਠਹਿਰਨ ਨੂੰ ਜਗਾ ਨਹੀਂ ਪਾਉਂਦੇ ਜਨਮ ਮਰਨ ਵਿਚ ਫਿਰਦੇ ਹਨ ।
ਜੋ ਉਸਨੂੰ ਭਾਉਂਦਾ ਹੈ ਸੋ ਹੁੰਦਾ ਹੈ ਸਭ ਵਾਹਿਗੁਰੂ ਦੇ ਹੁਕਮ ਵਿਚ ਚਲਦੇ ਹਨ ॥

## ਸਲੋਕੁ ਮਃ ੩ ॥

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥ ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥ ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥ ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥ ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥ ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥ ਨਾਨਕ ਗੁਰਮੁਖਿ ਸਦਾ ਸੋਹਾਗਣੀ ਜਿਸੁ ਅਵਿਨਾਸੀ ਪੁਰਖ ਭਰਤਾਰੁ ॥ ੧ ॥

ਮਨਮੁਖ ਵਿਸ਼ਾਇਣ ਇਸਤ੍ਰੀ ਕੁਲੱਛਣੀ ਹੈ ਜੋਹੜੀ ਵਾਹਿਗੁਰੂ ਨੂੰ ਛੱਡਕੇ ਪਰਾਏ ਆਦਮੀਆਂ ਦਵੀ ਦੇਵਤਿਆਂ ਨਾਲ ਪਿਆਰ ਧਾਰਨ ਕਰਦੀ ਹੈ ॥
ਨਾ ਓਸ ਦਾ ਸ਼ੀਲ ਸੁਭਾਵ ਹੈ ਨਾ ਕੋਈ ਚੰਗਾ ਤਰੀਕਾ ਹੈ ਸਦਾ ਝੂਠ ਬੋਲਦੀਹੈ ਮਨ

Digitized by Panjab Digital Library | www.panjabdigilib.org

ਮੂਰਖ ਇਸਤ੍ਰੀ ਆਪ ਹੁਦਰੇ ਕਰਮਾਂ ਕਰਕੇ ਖੁਆਰ ਹੁੰਦੀ ਹੈ ॥
ਜਿਸਦੇ ਲੇਖਾਂ ਵਿਚ ਚੰਗਾ ਲੇਖ ਲਿਖਿਆ ਹੋਵੇ ਉਸਨੂੰ ਸਤਿਗੁਰੂ ਪਤੀ ਮਿਲਦਾ ਹੈ ॥
ਜੇਕਰ ਸੂਹਾ ਵੇਸ ਸਾਰਾ ਉਤਾਰ ਧਰੇ ਅਤੇ ਗਲ ਵਿਚ ਖਿਮਾ ਸ਼ੀਗਾਰ ਪਹਰ ਲਏ ॥
ਓਹ ਸਾਹੁਰੇ ਪੇਕੇ ਲੋਕ ਪ੍ਰਲੋਕ ਵਿਚ ਬੜੀ ਸੋਭਾ ਪਾਉਂਦੀ ਹੈ ਓਸਦੀ ਸਾਰਾ ਸੰਸਾਰ ਪੂਜਾ ਕਰਦਾ ਹੈ ॥
ਓਹ ਕਿਸੇ ਦੀ ਰਲਾਈ ਹੋਈ ਕਿਸੇ ਨਾਲ ਨਹੀਂ ਰਲਦੀ ਜਿਸਨੂੰ ਸਿਰਜਨਹਾਰ ਆਪਣੇ ਨਾਲ ਰਾਂਵਦਾ ਹੈ ॥
ਗੁਰੂ ਜੀ ਆਖਦੇ ਹਨ ਜਿਸਦਾ ਅਕਾਲ ਪੁਰਖ ਪਤੀ ਹੈ ਓਹ ਗੁਰਮੁਖ ਸਦਾ ਹੀ ਸੁਹਾਗਣੀ ਹੈ ॥

**ਮਃ ੧ ॥ ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥**
**ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰ ॥**
**ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥ ੨ ॥**

ਕਸੁੰਭ ਦਾ ਰੰਗ ਭਾਵ ਵਿਸ਼ਿਆਂ ਦਾ ਅਨੰਦ ਰਾਤ ਦੇ ਸੁਪਨਿਆਂ ਵਰਗਾ ਅਤੇ ਧਾਗੇ ਤੋਂ ਬਿਨਾ ਗਲ ਵਿਚ ਹਾਰ ਵਰਗਾ ਹੁੰਦਾ ਹੈ ॥ ਮਜੀਠ ਦਾ ਰੰਗ ਆਤਮ ਅਨੰਦ ਸੱਚਾ ਹੈ ਜੇਹੜਾ ਗੁਰਮੁਖ ਵਾਹਿਗੁਰੂ ਦਾ ਵਿਚਾਰ ਕਰਦੇ ਹਨ ॥ ਗੁਰੂ ਜੀ ਆਖਦੇ ਹਨ ਜੇਹੜੀ ਗੁਰਮੁਖ ਇਸਤ੍ਰੀ ਪ੍ਰੇਮ ਕਰਕੇ ਮਹਾਂ ਅਨੰਦ ਰਸਵਾਲੀ ਹੋ ਗਈ ਹੈ ਓਸ ਦੀਆਂ ਬੁਰਿਆਈਆਂ ਸਭ ਸੁਆਹ ਹੋ ਗਈਆਂ ਹਨ ॥

**ਪਉੜੀ ॥**

**ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥**
**ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ।**
**ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥**
**ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥**
**ਭਗਤਿ ਖਜਾਨਾ ਬਖਸਿਓਨੁ ਹਰਿ ਨਾਮ ਨਿਧਾਨੁ ॥੪॥**

ਵਾਹਿਗੁਰੂ ਨੇ ਆਪ ਹੀ ਇਹ ਜਗ ਪੈਦਾ ਕਰਕੇ ਵੱਡਾ ਤਮਾਸ਼ਾ ਕੀਤਾ ਹੈ ॥ ਪੰਜਾਂ ਤਤਾਂ ਵਾਲਿਆਂ ਜੀਵਾਂ ਵਿਚ ਮੋਹ ਝੂਠ ਹੰਕਾਰ ਪਾਏ ਹਨ ॥ ਜੇਹੜੇ ਮਨਮੁਖ ਅਗਜਾਨ ਕਰਕੇ ਵਿਸ਼ਿਆਂ ਵਿਚ ਭੁਲ ਗਏ ਹਨ ਓਹ ਆਉਣ ਜਾਣ ਵਿਚ ਭੁਲਾਈਦੇ ਹਨ ॥ ਇਕਨਾਂ ਗੁਰਮੁਖਾਂ ਨੂੰ ਆਪ ਹੀ ਵਾਹਿਗੁਰੂ ਨੇ ਗਿਆਨ ਦੇਕੇ ਸਮਝਾਇਆ ਹੈ ॥ ਭਗਤੀ ਦਾ ਖਜ਼ਾਨਾ ਬਖਸ਼ਿਆ ਹੈ ਵਾਹਿਗੁਰੂ ਦਾ

Digitized by Panjab Digital Library | www.panjabdigilib.org

ਨਾਮ ਨਿਧੀਆਂ ਦਾ ਘਰ ਹੈ ॥

## ਸਲੋਕੁ ਮਃ ੩ ॥

**ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥**
**ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥**
**ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥**
**ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥**
**ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥ ਨਾਨਕ**
**ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰਧਾਰਿ ॥ ੧ ॥**

ਹੇ ਸੂਹੇ ਵੇਸ ਵਾਲੀਏ ਭਾਵ ਵਿਸ਼ੇ ਅਨੰਦ ਵਾਲੀਏ ਜੇ ਤੂੰ ਲਾਲ ਰੰਗ ਪਖੰਡ ਛਡੇਂਗੀ ਤਾਂ ਤੇਰਾ ਪਤੀ ਨਾਲ ਪਿਆਰ ਲਗੇਗਾ ॥ ਸੂਹੇ ਵੇਸ ਕਰਕੇ ਪਤੀ ਨੂੰ ਕਿਸੇ ਨਹੀ ਪਾਇਆ ਮਨਮੁਖ ਇਸਤ੍ਰੀ ਵਿਸ਼ਿਆਂ ਦੀ ਅੱਗ ਵਿਚ ਮੂਰਖਤਾਈ ਕਰਕੇ ਸੜ ਕੇ ਮਰ ਗਈ ॥ ਜਦ ਉਸਨੇ ਹੰਗਤਾ ਨੂੰ ਰਿਦੇ ਵਿਚੋਂ ਮਾਰਿਆ ਤਾਂ ਸਤਿਗੁਰਾਂ ਨੂੰ ਮਿਲਦਿਆਂ ਹੀ ਸੂਹਾ ਵੇਸ ਪਖੰਡ ਚਲਿਆ ਗਿਆ ॥ ਉਸ ਦਾ ਮਨ ਤਨ ਲਾਲ ਰੰਗ ਅਨੰਦ ਵਾਲਾ ਹੋਯਾ ਅਤੇ ਰਸਨਾਂ ਗੁਣਾਂ ਦੇ ਸੰਭਾਲਣ ਵਿਚ ਰੱਤੀ ਗਈ ॥ ਜੋ ਗੁਰ ਉਪਦੇਸ਼ ਨੂੰ ਮਨ ਵਿਚ ਮੰਨਕੇ ਭੈ ਪ੍ਰੇਮ ਦਾ ਸੀ-ਗਾਰ ਕਰਦੀ ਹੈ ਉਹ ਜੀਵ ਰੂਪ ਇਸਤ੍ਰੀ ਸਦਾ ਹੀ ਸੁਹਾਗਣੀ ਹੁੰਦੀ ਹੈ ॥ ਗੁਰੂ ਜੀ ਆਖਦੇ ਹਨ ਜਿਸਨੇ ਵਡੇ ਭਾਗਾਂ ਕਰਕੇ ਵਾਹਿਗੁਰੂ ਨੂੰ ਪਾਇਆ ਹੈ ਉਸਨੇ ਪਤੀ ਨੂੰ ਦਿਲ ਵਿਚ ਧਾਰ ਰਖਿਆ ਹੈ ।

**ਮਃ ੩ ॥ ਮੁੰਧੇ ਸੂਹਾ ਪਰਹਰਹੁ ਲਾਲ ਕਰਹੁ ਸੀਗਾਰੁ ॥**
**ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥**
**ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ ॥**
**ਨਾਨਕ ਸਾ ਧਨ ਰਾਵੀਐ ਰਾਵੇ ਰਾਵਣ ਹਾਰੁ ॥ ੨ ॥**

ਹੇ ਮੂਰਖ ਮਨਮੁਖ ਰੂਪ ਇਸਤ੍ਰੀਏ ਸੂਹਾ ਰੰਗ ਵਿਸ਼ਿਆਂ ਦਾ ਅਨੰਦ ਛਡਕੇ ਪ੍ਰੇਮ ਦਾ ਸੰਗਾਰ ਕਰ ॥ ਗੁਰ ਉਪਦੇਸ਼ ਦੇ ਵਿਚਾਰ ਕਰਕੇ ਆਉਣਾ ਜਾਣਾਂ ਦੂਰ ਹੋ ਜਾਵੇਗਾ ॥ ਓਹ ਮੁੰਧ=ਇਸਤ੍ਰੀ ਸੁਹਾਵੀ ਤੇ ਸੋਹਣੀ ਹੈ ਜਿਸਦੇ ਰਿਦੇ ਘਰ ਵਿਚ ਸਹਿਜੇ ਹੀ ਪਤੀ ਹੈ ॥ ਗੁਰੂ ਜੀ ਆਖਦੇ ਹਨ ਰਾਵਣ ਵਾਲਾ ਵਾਹਿਗੁਰੂ ਉਸ ਇਸਤ੍ਰੀ ਨੂੰ ਰਾਂਵਦਾ ਹੈ ਜੇਹੜੀ ਵਾਹਿਗੁਰੂ ਦਾ ਨਾਮ ਰਾਂਵਦੀ ਕੀ ਜਪਦੀ ਹੈ ॥

Digitized by Panjab Digital Library | www.panjabdigilib.org

ਪਉੜੀ ॥ ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥
ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥
ਸਿਰ ਉਪਰਿ ਜਮ ਕਾਲੁ ਨ ਸੁਝਈ ਦੂਜੈ ਭਰਮਿਤਾ ॥
ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ॥
ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥ ੫ ॥

ਮਨਮੁਖ ਮੂਰਖ ਟਬਰ ਦੇ ਝੂਠੇ ਮੋਹ ਵਿਚ ਰੱਤਾ ਹੋਯਾ ਹੈ ॥ ਹੰਗਤਾ ਵਿਚ ਮੇਰਾ ਤੇਰਾ ਹੀ ਕਰਦੇ ਮਰ ਗਏ ਅੰਤ ਨੂੰ ਕੁਝ ਨਾਲ ਨ ਲੀਤਾ ॥ ਸਿਰ ਉਤੇ ਖੜੋਤਾ ਹੋਇਆ ਜਮ ਕਾਲ ਨਹੀ ਸੁਝਦਾ ਅਤੇ ਦ੍ਵੈਤ ਭਾਵ ਵਿਚ ਭੌਂਦਾ ਹੈ ॥ ਜਦੋਂ ਜਮਕਾਲ ਨੇ ਆਪਣੇ ਵਸ ਕਰ ਲਿਆ ਓਦੋਂ ਫਿਰ ਇਹ ਵੇਲਾ ਹੱਥ ਨਹੀ ਆਉਣਾਂ ॥ ਵਾਹਿਗੁਰੂ ਨੇ ਧੁਰੋਂ ਹੀ ਜੀਕਣ ਦਾ ਲੇਖ ਲਿਖ ਪਾਇਆ ਹੈ। ਇਹ ਓਹੋ ਜਹੇ ਕਰਮ ਕਮੌਂਦਾ ਹੈ।

ਸਲੋਕੁ ਮਃ ੩ ॥

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ । ੧ ॥

ਜੇਹੜੀਆਂ ਮੁਰਦਿਆਂ ਨਾਲ ਲਗਕੇ "ਮੜੀਆਂ ਵਿਚ" ਸੜਦੀਆਂ ਹਨ ਇਹ ਸਤੀਆਂ ਨਹੀ ਆਖੀ ਦੀਆਂ।
ਗੁਰੂ ਜੀ ਆਖਦੇ ਹਨ ਸਤੀਆਂ ਓਹ ਜਾਣੀ ਦੀਆਂ ਹਨ ਜੇਹੜੀਆਂ ਪਤੀ ਦੇ ਵਿਛੋੜੇ ਦੀ ਸੱਟ ਨਾਲ ਮਰ ਜਾਂਦੀਆਂ ਹਨ ।।

ਮਃ ੩ ॥ ਨਾਨਕ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ॥ ੨ ॥

ਫੇਰ ਹੋਰ ਓਨਾਂ ਨੂੰ ਸਤੀਆਂ ਜਾਣੀਦਾ ਹੈ ਜੇਹੜੀਆਂ ਸ਼ੀਲ ਸੰਤੋਖ ਵਿਚ ਰਹਿੰਦੀਆਂ ਹਨ ਜੋ ਆਪਣਾਂ ਪਤੀ ਸੇਂਵਦੀਆਂਹਨ ਭਾਵ ਪਤੀ ਦੀ ਸੇਵਾ ਕਰਦੀਆਂਹਨ ਰੋਜ ਹੀ ਸਵੇਰੇ ਉਠਕੇ ਪਤੀ ਨੂੰ ਸੰਭਾਲਦੀਆਂ ਹਨ ਭਾਵ ਪਤੀ ਨੂੰ ਯਾਦ ਕਰਦੀਆਂ ਹਨ ॥

ਮਃ ੩ ॥ ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥

Digitized by Panjab Digital Library | www.panjabdigilib.org

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥ ੩ ॥

ਕੰਤਾਂ ਦੀਆਂ ਦੇਹਾਂ ਦੇ ਨਾਲ ਲੱਗਕੇ ਅਗ ਨਾਲ ਜਾਂ ਜੇਹੜੀਆਂ ਅੱਗ ਵਿਚ ਸੜਦੀਆਂ ਹਨ ॥ ਜੇ ਓਹ ਆਪਣਾ ਪਤੀ ਹੀ ਜਾਣਦੀਆਂ ਹਨ ਤੇ ਤਾਂਈਓਂ ਹੀ ਐਤਨਾਂ ਦੁਖ ਸਹਾਰਦੀਆਂ ਹਨ ਭਾਵ ਦੇਹਾਂ ਨੂੰ ਪਤੀ ਜਾਣਕੇ ਸੜਦੀਆਂ ਹਨ। ਗੁਰੂ ਜੀ ਆਖਦੇ ਹਨ ਜੇਹੜੀਆਂ ਆਪਣੇ ਪਤੀ ਨੂੰ ਨਹੀਂ ਜਾਣਦੀਆਂ ਓਹ ਅਗ ਵਿਚ ਕਾਹਨੂੰ ਸੜਦੀਆਂ ਹਨ ॥ ਓਨਾਂ ਦੇ ਭਾਣੇ ਭਾਵੇਂ ਪਤੀ ਜੀਵੇ ਭਾਵੇਂ ਮਰ ਜਾਵੇ ਓਹ ਦੂਰੋਂ ਹੀ ਭੱਜ ਜਾਂਦੀਆਂ ਹਨ ॥

ਨੋਟ–(੧) ਇਹਨਾਂ ੩ ਸਲੋਕਾਂ ਦਾ ਇਹ ਭਾਵ ਹੈ ਕਿ ਕਿਸੇ ਨੇ ਗੁਰੂ ਅਮਰ ਦਾਸ ਜੀ ਦੇ ਪਾਸ ਸਤੀਆਂ ਦੀ ਉਸਤਤੀ ਕੀਤੀ ॥
ਗੁਰੂ ਜੀ ਨੇ ਇਸਤ੍ਰੀਆਂ ਨੂੰ ਆਦਮੀ ਨਾਲ ਸੜਕੇ ਮਰਨਾਂ ਚੰਗਾ ਨਾ ਸਮਝਦਿਆਂ ਹੋਇਆਂ ਇਹਨਾਂ ਸਤੀਆਂ ਨੂੰ ਨਿਸ਼ੇਧ ਕਰਕੇ ਸੰਸਾਰ ਵਿਚ ਚਾਰ ਤਰਾਂ ਦੇ ਆਦਮੀ ਵਰਨਨ ਕੀਤੇ ॥

੧ ਵਾਹਿਗੁਰੂ ਦੇ ਪ੍ਰੇਮੀ ਭਗਤ ਭਗਤੀ ਕਰਨਵਾਲੇ ਸਭ ਤੋਂ ਚੰਗੇ ਹਨ ॥
੨ ਚੰਗੇ ਸੁਭਾਵਾਂ ਗੁਣਾਂ ਵਾਲੇ ਦੂਜੇ ਦਰਜੇ ਦੇ ਹਨ ॥
੩ ਜੇਹੜੇ ਦੇਹ ਨੂੰ ਦੁਖ ਦੇਂਦੇ ਹਨ ਓਹ ਧੂਣੀਆਂ ਵਾਲੇ ਤੀਜੇ ਦਰਜੇ ਦੇ ਹਨ ॥
੪ ਭਾਵੇਂ ਗ੍ਰਹਸਤੀ ਹੋਣ ਭਾਵੇਂ ਗ੍ਰਹਸਤ ਵਲੋਂ ਮੋਏ ਹੋਏ ਫਕੀਰ ਹੋਣ ਪਰ ਜੇਹੜੇ ਵਾਹਿਗੁਰੂ ਦਾ ਭਜਨ ਨਾ ਕਰਦੇ ਹੋਣ ਓਹ ਚੌਥੇ ਦਰਜੇ ਦੇ ਹਨ ॥

## ਪਉੜੀ

ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ ॥
ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥
ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥
ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥
ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥ ੬ ॥

ਹੇ ਕਰਤੇ ਤੂੰ ਜੀਵਾਂ ਨੂੰ ਪਰਗਟ ਕਰਕੇ ਨਾਲ ਹੀ ਇਨਾਂ ਦੇ ਲੇਖਾਂ ਵਿਚ ਦੁਖ ਸੁਖ ਲਿਖਿਆ ਹੈ ॥ ਵਾਹਿਗੁਰੂ ਦੇ ਨਾਮ ਜਿਡੀ ਵਡੀ ਹੋਰ ਕੋਈ ਦਾਤ ਨਹੀਂ ॥ ਤਿਸਦਾ ਰੂਪ ਰੇਖ ਭਾਵ ਨਿਸ਼ਾਨ ਕੋਈ ਨਹੀਂ ॥ ਨਾਮ ਅਖੁਟ ਖਜ਼ਾਨਾ ਗੁਰਮੁਖਾਂ ਦੇ ਮਨ ਵਿਚ ਵਸਿਆ ਹੈ ॥ ਵਾਹਿਗੁਰੂ ਕਿਰਪਾ ਕਰਕੇ ਜਿਸਨੂੰ ਨਾਮ ਦੇਵੇਗਾ ਉਸਦੇ ਮਥੇ ਉਤੇ ਫਿਰ ਕਰਮਾਂ ਦਾ ਲੇਖ ਨਹੀਂ ਲਿਖਿਆ ਜਾਵੇਗਾ ॥

Digitized by Panjab Digital Library | www.panjabdigilib.org

ਸੇਵਕ ਭਾਵ ਹੋਕੇ ਜਿਨਾਂ ਨੇ ਵਾਹਿਗੁਰੂ ਦਾ ਜਾਪ ਜਪਿਆ ਹੈ ਓਹ ਜਨ ਵਾਹਿਗੁਰੂ ਦੇ ਨਾਲ ਮਿਲੇ ਹਨ ॥

## ਸਲੋਕੁ ਮਃ ੨

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥
ਚਲਣਸਾਰ ਨ ਜਾਣਨੀ ਕਾਜ ਸਵਾਰਣ ਹਾਰਿ ॥ ੧ ॥

ਜਿਨਾਂ ਨੇ ਮਰ ਜਾਣਾਂ ਜਾਣਿਆਂ ਹੈ ਓਹ ਜੱਗ ਤੇ ਕੰਮਾਂ ਦਾ ਬਹੁਤਾ ਵਿਸਥਾਰ ਕਾਹਨੂੰ ਕਰਦੇ ਹਨ ॥ ਘਰ ਦੇ ਕੰਮ ਸਵਾਰਨ ਵਾਲਾ ਮਰਨ ਦੀ ਖਬਰ ਨਹੀਂ ਜਾਣਦਾ ॥

ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥ ੨ ॥

ਜਿਸ ਤਰਾਂ ਕਿਤੇ ਇਕ ਰਾਤ ਰਹਿਣਾਂ ਹੋਵੇ ਉਸ ਵਾਸਤੇ ਬਹੁਤਾ ਧਨ ਕਠਾ ਕਰੀਏ ਅਤੇ ਭਲਕੇ ਸਵੇਰੇ ਚਲੇ ਜਾਣਾਂ ਹੋਵੇ ॥ ਗੁਰੂ ਜੀ ਆਖਦੇ ਹਨ ਓਹ ਧਨ ਨਾਲ ਨਹੀਂ ਜਾਂਦਾ ਸਗੋਂ ਫਿਰ ਬੜਾ ਪਛਤਾਵਾ ਹੁੰਦਾ ਹੈ ਈਕਣ ਹੀ ਥੋੜੇ ਜੀਉਣ ਵਾਸਤੇ ਬਹੁਤੇ ਵਿਸਤਾਰ ਕਿਉਂ ਕਰੀਏ ॥

ਮਃ ੨ ॥ ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ ੨ ॥

ਜੇਹੜਾ ਬੱਧਾ ਹੋਯਾ ਵਗਾਰੀ ਚੱਟੀ ਵਗਾਰ ਭਰਦਾ ਹੈ ਨਾਂ ਓਹ ਗੁਣ ਹੈ ਅਤ ਨਾਂ ਉਪਕਾਰ ਹੈ ਭਾਵ ਜੋ ਬੰਨਕੇ ਕੰਮ ਕਰਾਯਾ ਜਾਂਦਾ ਹੈ ਉਸਦਾ ਕੁਛ ਫੈਦਾ ਨਹੀ ॥ ਗੁਰੂ ਜੀ ਆਖਦੇ ਹਨ ਜੇਹੜਾ ਖੁਸ਼ੀ ਨਾਲ ਕੰਮ ਸਵਾਰਨਾਂ ਕਰੀਏ ਓਹ ਕੰਮ ਚੰਗਾ ਹੁੰਦਾ ਹੈ ਅਰਥਾ ਜੇਹੜੇ ਖੁਸ਼ੀ ਨਾਲ ਪੁੰਨ ਕਰਦੇ ਹਨ ਓਨ੍ਹਾਂ ਨੂੰ ਕੁਛ ਲਾਭ ਹੁੰਦਾ ਹੈ॥

ਮਃ ੨ ॥ ਮਨ ਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥
ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥ ੪ ॥

ਜਿਪਈ=ਜਿਤੀ । ਘਾਲੇ=ਕਰੇ, ਮਾਰੇ ॥

ਜੇ ਮਨ ਵਿਚ ਹਠ ਕਰਕੇ ਧੂਨੀਆਂ ਤਪਾਕੇ ਸਰੀਰ ਨੂੰ ਬਹੁਤਾ ਦੁਖ ਦੇਵੇ ਤਾਂ ਵੀ ਹੰਕਾਰ ਆਦਿਕਾਂ ਦਾ ਪਾਸਾ ਨਹੀਂ ਜਿਤਿਆ ਜਾਂਦਾ ਭਾਵ ਹੰਕਾਰ ਆਦਿਕਾਂ ਨੂੰ

---

*ਦੇਖੋ ਗੁਰੂ ਨਾਨਕ ਜੀ ਦੇ ਪ੍ਰੇਮੀ ਭਗਤ ਮੂਲੇ ਸਜਾਲ ਕੋਟੀਏ ਨੇ ਮਰਨਾਂ ਸਚ ਤੇ ਜੀਉਂਣਾ ਝੂਠ, ਇਹ ਦੋ ਪੈਸਿਆਂ ਦਾ ਮੁਲ ਮਰਦਾਨੇ ਨੂੰ ਦਿਤਾ ਸੀ ॥

Digitized by Panjab Digital Library | www.panjabdigilib.org

ਨ ਹੀ ਜਿਤਿਆ ਜਾਂਦਾ ॥ ਗੁਰੂ ਜੀ ਆਖਦੇ ਹਨ ਜੇਹੜਾ ਚੰਗਾ ਸੱਚਾ ਆਦਮੀ ਪ੍ਰੇਮ ਦੇ ਨਾਲ ਗੁਰ ਸ਼ਬਦ ਨੂੰ ਵਿਚਾਰਦਾ ਹੈ ਓਹ ਇਸ ਪਾਸੇ ਨੂੰ ਜਿਤ ਲੈਂਦਾ ਹੈ ॥

ਪਉੜੀ ॥ ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥
ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥
ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥
ਸਤਿਗੁਰ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥
ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥ ੭ ॥

ਜਿਸ ਕਰਤੇ ਨੇ ਸੰਸਾਰ ਨੂੰ ਬਣਾਇਆ ਹੈ ਸੋ ਇਸਨੂੰ ਓਹੋ ਹੀ ਜਾਣਦਾ ਹੈ ॥ ਆਪੇ ਦੁਨੀਆਂ ਉਪਾਈ ਹੈ ਆਪੇ ਫਿਰ ਨਾਸ ਕੀਤੀ ਹੈ ॥ ਚਾਰੇ ਜੁਗਾਂ ਵਿਚ ਸਾਰੀ ਦੁਨੀਆਂ ਭੌਂ ਥੱਕੀ ਹੈ ਵਾਹਿਗੁਰੂ ਦੀ ਕਿਸੇ ਕੋਲੋਂ ਕੀਮਤ ਨਹੀਂ ਹੋਈ ॥ ਜਿਸ ਨੂੰ ਸਤਿਗੁਰਾਂ ਨੇ ਸਾਰਿਆਂ ਜੀਵਾਂ ਵਿਚ ਇਕ ਵਾਹਿਗੁਰੂ ਵਿਖਾਲਿਆ ਹੈ ਉਸਦੇ ਮਨ ਤਨ ਵਿਚ ਸੁਖ ਦੀ ਪ੍ਰਾਪਤੀ ਹੋਈ ਹੈ ॥ ਗੁਰਮੁਖ ਸਦਾ ਹੀ ਵਾਹਿਗੁਰੂ ਨੂੰ ਸਲਾਹੁੰਦਾ ਹੈ ਕਿ ਜੋ ਕੁਝ ਕਰਤਾ ਕਰਦਾ ਹੈ ਸੋ ਹੁੰਦਾ ਹੈ ॥

ਸਲੋਕੁ ਮਃ ੨ ॥ ਜਿਨਾ ਭਉ ਤਿਨ ਨਾਹਿ ਭਉ ਮੁਚੁ ਭਉ ਨਿਭਵਿਆਹ ॥ ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ ॥ ੧ ॥

ਭਉ=ਡਰ। ਮੁਚ=ਬਹੁਤਾ। ਨਿਭਵਿਆਹ=ਨਿਡਰਿਆਂ। ਪਟੰਤਰਾ=ਨਿਰਨਾਂ ॥ ਜਿਨਾਂ ਨੂੰ ਵਾਹਿਗੁਰੂ ਦਾ ਡਰ ਹੈ ਓਨਾਂ ਨੂੰ ਹੋਰ ਕਿਸੇ ਦਾ ਡਰ ਨਹੀਂ ਤੇ ਨਿਡਰਿਆਂ ਨੂੰ ਜਮਾਂ ਦਾ ਬਹੁਤਾ ਡਰ ਹੈ ॥ ਗੁਰੂ ਜੀ ਆਖਦੇ ਹਨ ਤਿਸ ਵਾਹਿਗੁਰੂ ਦੇ ਦਰਬਾਰ ਵਿਚ ਗਿਆਂ ਇਸਦਾ ਇਹ ਨਿਰਨਾਂ ਹੋਵੇਗਾ ॥

ਮਃ ੨ ॥ ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥
ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ ੨ ॥

ਜਿਸਤਰਾਂ ਤੁਰਦੇ ਆਦਮੀ ਨੂੰ ਤੁਰਦਾ ਆਦਮੀ ਮਿਲਦਾ ਹੈ ਅਤੇ ਜਿਸਤਰਾਂ ਉਡਦੇ ਪੰਛੀ ਨੂੰ ਉਡਦਾ ਪੰਛੀ ਮਿਲਦਾ ਹੈ ॥ ਜਿਸਤਰਾਂ ਜੀਉਂਦੇ ਨੂੰ ਜੀਉਂਦਾ ਮਿਲਦਾ ਹੈ ਅਤੇ ਜਿਸਤਰਾਂ ਮੁਰਦੇ ਨੂੰ ਮੁਰਦਾ ਮਿਲਦਾ ਹੈ ਅਥਵਾ ਜੀਕਣ ਭੂਤਨੇ ਨੂੰ ਭੂਤਨਾ ਮਿਲਦਾ ਹੈ ਅਥਵਾ ਜਿਸਤਰਾਂ ਹੰਕਾਰੀ ਨੂੰ ਹੰਕਾਰ ਤੇ ਇਸਤਰਾਂ ਨਿੰਮ੍ਰਤਾ ਵਾਲੇ ਨੂੰ

Digitized by Panjab Digital Library | www.panjabdigilib.org

ਨਿੰਮ੍ਰਤਾ ਵਾਲਾ ਮਿਲਦਾ ਹੈ ॥ *ਗੁਰੂ ਜੀ ਆਖਦੇ ਹਨ ਉਸ ਵਾਹਿਗੁਰੂ ਨੂੰ ਸਲਾਹੀਏ ਜਿਸਨੇ ਸੰਸਾਰ ਕੀਤਾ ਹੈ ॥

**ਪਉੜੀ ॥ ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ ॥**
**ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿਧਾਰੀ ॥**
**ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ ।**
**ਜਿਨਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ ॥**
**ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ ॥ ੮ ॥**

ਜੇਹੜੇ ਸਚੇ ਨੂੰ ਯਾਦ ਕਰਦੇ ਹਨ ਅਤੇ ਗੁਰ ਸ਼ਬਦ ਦੇ ਵਿਚਾਰ ਵਾਨ ਹਨ ਓਨਾਂ ਸਚਿਆਂ ਨੇ ਹੰਗਤਾ ਨੂੰ ਮਾਰਕੇ ਵਾਹਿਗੁਰੂ ਦੇ ਨਾਮ ਨੂੰ ਰਿਦੇ ਵਿਚ ਧਾਰਿਆ ਅਤੇ ਮਨ ਨੂੰ ਨਿਰਮਲਾ ਕੀਤਾ ॥ ਗਵਾਰ ਲੋਕ ਕੋਠੇ ਮੰਡਪ ਮਾੜੀਆਂ ਵਿਚ ਲਗਕੇ ਦੁਖੀ ਵਿਚ ਪਏ ਹਨ ॥ ਜਿਸਨੇ ਕੀਤੇ ਹਨ ਉਸ ਨੂੰ ਮਨਮੁਖ ਮੂਰਖ ਨਹੀ ਜਾਣਦੇ । ਹੇ ਸਚਿਆ ਜਿਸਨੂੰ ਤੂੰ ਸਮਝਾਵੇਂਗਾ ਓਹ ਸਮਝੇਗਾ ਇਹ ਜੰਤ ਵਿਚਾਰੇ ਕੀ ਹਨ ਵਾ ਇਹਨਾਂ ਦੀ ਕੀ ਗਲ ਤੂੰ ਵਿਚਾਰੀ ਹੈ ਜਾਣ ਦੇਹ ॥

## ਸਲੋਕੁ ਮਃ ੩ ॥

**ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾ ਕੰਤੁ ਮਨਾਇ ॥**
**ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ॥**
**ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ ॥**
**ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ ॥**
**ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥**
**ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥ ੧ ॥**

---

*'ਬੁਝਰੇ ਗਿਆਨੀ ਮੂਆ ਕਉਨ' ਵਾਲੇ ਸਬਦ ਅਨੁਸਾਰ ਅਰਥ ਕੀਤਾ ਜਾਂਦਾ ਹੈ ਤੁਰਦੇ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ ਅਤੇ ਉਡਦੇ ਪੌਣ ਤਤ ਨਾਲ ਪੌਣ ਤਤ ਮਿਲ ਜਾਂਦਾ ਹੈ ਤੇ ਜੀਉਂਦੇ ਅੱਗ ਤਤ ਨੂੰ ਅੱਗ ਤਤ ਮਿਲ ਜਾਂਦਾ ਮੋਏ ਹੋਏ ਧਰਤੀ ਦੇ ਘਟੇ ਨਾਲ ਘੱਟਾ ਤਤ ਮਿਲ ਜਾਂਦਾ ਹੈ "ਅਕਾਸ ਉਪਰੋਂ ਜਾਣ ਲੈਣਾ" ਅਕਾਸ ਨਾਲ ਅਕਾਸ ਮਿਲ ਜਾਂਦਾ ਹੈ ਗੁਰੂ ਜੀ ਆਖਦੇ ਹਨ ਗਿਆਨੀ ਨੂੰ ਸਲਾਹੀਏ ਜਿਸਨੇ ਇਹ ਸਾਰਾ ਸੰਸਾਰ ਬਣਾਇਆ ਹੈ ਅਥਵਾ ਵਾਹਿਗੁਰੂ ਵਿਚ ਆਪਣਾ ਆਪ ਮਿਲੌਣਾ ਕੀਤਾ ਹੈ ॥

Digitized by Panjab Digital Library | www.panjabdigilib.org

ਹੇ ਜੀਵ ਰੂਪ ਇਸਤ੍ਰੀ ਪਹਿਲਾਂ ਗੁਰੂ ਪਤੀ ਨੂੰ ਮਨਾ ਲੈ ਤਾਂ ਫਿਰ ਪਿਛੋਂ ਸਾਧਨ ਰੂਪ ਸਿੰਗਾਰ ਕਰ ॥ ਜੇ ਅੰਤਸ਼ ਕਰਨ ਰੂਪ ਸੇਜ ਉਤੇ ਵਾਹਿਗੁਰੂ ਨਾ ਆਵੇ ਤਾਂ ਤੇਰਾ ਸਿੰਗਾਰ ਐਵੇਂ ਬਿਰਥਾ ਜਾਵੇ ਜਾਂ ਏਹ ਸਿੰਗਾਰ ਐਵੇਂ ਜਾਵੇ ॥ ਜਦੋਂ ਪਹਿਲੇ ਇਸਤ੍ਰੀ ਦ ਪਤੀ ਪ੍ਰੇਮ ਵਿਚ ਮਨ ਮੰਨਿਆਂ ਤਾਂ ,ਸਿੰਗਾਰ ਬਣਿਆਂ ਸਫਲ ਹੋਯਾ ॥ ਸ਼ਿੰਗਾਰ ਕੀਤਾ ਤਾਂ ਪਰਵਾਣ ਹੈ ਜੇ ਵਾਹਿਗੁਰੂ ਦੇ ਪਿਆਰ ਵਿਚ ਇਸਤ੍ਰੀ ਪਿਆਰ ਧਰੇ ਵਾ ਪਤੀ ਇਸਤ੍ਰੀ ਨਾਲ ਪਿਆਰ ਕਰੇ ॥ ਵਾਹਿਗੁਰੂ ਦੇ ਡਰ ਦਾ ਸਿੰਗਾਰ ਪ੍ਰੇਮ ਰਸ ਦਾ ਪਾਨ ਬੀੜ ਗਿਆਨ ਦਾ ਭੋਜਨ ਕਰੇ। ਗੁਰੂ ਜੀ ਆਖਦੇ ਹਨ ਜੇ ਪਤੀ ਨੂੰ ਤਨ ਮਨ ਸੌਂਪ ਦੇਵੇ ਤਾਂ ਸਫਲ ਕਰਦਾ ਹੈ ॥ (ਇਸ ਸਲੋਕ ਵਿਚ ਜਪ ਤਪ ਭੇਖ ਕਰਨੇ ਅਥਵਾ ਰਾਜਿਆਂ ਵਾਂਗੂੰ ਸਿੰਗਾਰ ਕਰਨੇ ਨਾਮ ਤੋਂ ਬਿਨਾਂ ਨਿੰਦੇ ਹਨ) ॥

**ਮਃ ੩ ॥ ਕਾਜਲ ਫੂਲ ਤੰਬੋਲ ਰਸੁ ਲੈ ਧਨ ਕੀਆ ਸੀਗਾਰੁ ॥**
**ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥ ੨ ॥**

ਸੁਰਮਾ, ਫੁਲ, ਪਾਨ ਬੀੜਾ, ਲੈਕੇ ਇਸਤ੍ਰੀ ਨੇ ਸਿੰਗਾਰ ਕੀਤਾ ਭਾਵ ਪ੍ਰੇਮ ਨਾਲ ਖੁਸ਼ੀ ਹੋਕੇ ਮਨਮੁਖ ਨੇ ਸਮਾਧੀ ਲਾਈ ਇਹ ਸਾਧਨ ਕੀਤਾ ॥ ਰਿਦੇ ਰੂਪ ਸੇਜਾ ਉਤੇ ਵਾਹਿਗੁਰੂ ਪਤੀ ਪਰਗਟ ਹੋਕੇ ਨਾਂ ਆਇਆ ਸਗੋਂ ਸਿੰਗਾਰ ਐਵੇਂ ਦੁਖਦਾਈ ਹੋ ਗਿਆ ॥

**ਮਃ ੩ ॥ ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥**

ਜੇਹੜੇ ਅਕੱਠੇ ਹੋਕੇ ਬਹਿੰਦੇ ਹਨ ਇਸਤ੍ਰੀ ਪਤੀ ਇਹ ਨਹੀਂ ਆਖੀਦੇ ॥ ਜਿਨਾਂ ਦੀ ਇਕ ਜੋਤਿ ਦੋ ਦੇਹਾਂ ਮੂਰਤਾਂ ਹੋਣ ਇਸਤ੍ਰੀ ਪਤੀ ਓਹ ਕਹੀ ਦੇ ਹਨ ॥

**ਪਉੜੀ ॥ ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰਿ ॥**
**ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥**
**ਤਨੁ ਮਨੁ ਰਤਾ ਰੰਗੁ ਸਿਉ ਹਉਮੈ ਤ੍ਰਿਸਨਾ ਮਾਰਿ ॥**
**ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ ॥**
**ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ ॥ ੮ ॥**

ਵਾਹਿਗੁਰੂ ਦੇ ਡਰ ਤੋਂ ਬਿਨਾਂ ਭਗਤੀ ਨਹੀ ਹੁੰਦੀ ਅਤੇ ਭਗਤੀ ਤੋਂ ਬਿਨਾਂ ਨਾਮੀ ਵਿਚ ਪਿਆਰ ਨਹੀ ਲਗਦਾ ॥ ਸਤਿਗੁਰਾਂ ਨੂੰ ਮਿਲਨ ਨਾਲ ਡਰ ਪੈਦਾ ਹੁੰਦਾ ਹੈ ਅਤੇ ਡਰ ਪ੍ਰੇਮ ਦੇ ਅਨੰਦ ਨੂੰ ਸਵਾਰ ਲੈਂਦਾ ਹੈ ॥ ਜਿਸਦਾ ਤਨ ਮਨ ਪ੍ਰੇਮ

Digitized by Panjab Digital Library | www.panjabdigilib.org

ਨਾਲ ਰੰਗਿਆ ਜਾਂਦਾ ਹੈ ਓਹ ਹੰਗਤਾ ਤ੍ਰਿਸ਼ਨਾ ਨੂੰ ਮਾਰ ਲੈਂਦਾ ਹੈ ॥ ਦ੍ਵੈਤ ਹੰਕਾਰ ਦਾ ਵੈਰੀ ਸ਼ਜਾਮ ਸੁੰਦਰ ਬੜਾ ਸੁਹਣਾਂ ਵਾਹਿਗੁਰੂ ਜਿਨਾਂ ਨੂੰ ਮਿਲਿਆ ਹੈ ਓਨਾਂ ਦਾ ਤਨ ਮਨ ਨਿਰਮਲਾ ਹੋਇਆ ਹੈ ॥

ਜੇਹੜਾ ਸੱਚਾ ਸਾਰੇ ਸੰਸਾਰ ਵਿਚ ਵਰਤਦਾ ਹੈ ਓਸੇ ਦਾ ਹੀ ਸਾਰਾ ਡਰ ਤੇ ਪ੍ਰੇਮ ਹੈ ॥

## ਸਲੋਕ ਮਃ ੧

ਸਾਗਰ=ਸਮੁੰਦ੍ਰ । ਸਰ=ਤਾਲ । ਵੇਲਿ=ਕੰਢੇ । ਵਰਸ=ਸਾਲ । ਮੀਂਹ ਵੱਸਣਾ ।
ਵਰਾਹੁ=ਪਰਬਤ ਵਾ ਸੂਰ ਅਵਤਾਰ ॥

**ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ ॥**
**ਸਾਗਰ ਲਹਿਰ ਸਮੁੰਦ ਸਰ ਵੇਲਿ ਵਰਸ ਵਰਾਹੁ ॥**
**ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥**
**ਗੁਰਮੁਖਿ ਸੇਵਾ ਥਾਇ ਪਵੈ ਉਨ ਮਨਿ ਤਤੁ ਕਮਾਹੁ ॥**
**ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ ॥**
**ਨਾਨਕ ਪੁਰਦਰ ਵੇ ਪਰਵਾਹੁ ਤਉ ਦਰਿ ਊਣਾ ਨਾਹਿ ਕੋ ਸਚਾ ਵੇ ਪਰਵਾਹੁ ॥ ੧ ॥**

ਵਾਹ ਵਾਹ ਤੂੰ ਧੰਨ ਹੈਂ ਵਾਹਿਗੁਰੂ ਜਿਸਨੇ ਸਾਰੀ ਰਚਨਾਂ ਰਚੀ ਹੈ ਭਾਵ ਸ਼ਕਤੀ ਨਾਲ ਦੁਨੀਆਂ ਬਣਾਈ ਹੈ ਅਤੇ ਓਸੇ ਸ਼ਕਤੀ ਨਾਲ ਸਾਨੂੰ ਵੀ ਬਣਾਇਆ ਹੈ। 'ਤੇਰੀ ਕੁਦਰਤ ਨੇ ਹੀ' ਸਗਰ ਰਾਜਾ ਦੇ ਪੁਤਰਾਂ ਦਾ ਸਮੁੰਦਰ ਤੇ ਸਮੁੰਦਰ ਦੀਆਂ ਲਹਿਰਾਂ ਤਾਲ ਤੇ ਕੰਢੇ ਮੀਂਹ ਵਸਣ ਵਾਲੇ ਬੱਦਲ ਤੇ ਪਰਬਤ ਆਦਿਕ ਪਰਗਟ ਕੀਤੇ ॥ ਆਪੇ ਹੀ ਜਗਤ ਨੂੰ ਪੈਦਾ ਕਰਕੇ ਆਪ ਜਗਤ ਵਿਚ ਖੜੋਤਾ ਹੋਯਾ ਹੈਂ ਅਤੇ ਆਪ ਹੀ ਸਾਰਿਆਂ ਨਾਲੋਂ ਆਪਾਹੁ=ਵੱਖਰਾ ਹੈਂ ॥ ਗੁਰਮੁਖਾਂ ਦੀ ਸੇਵਾ ਲੇਖੇ ਪੈਂਦੀ ਹੈ ਓਹ ਮਨ ਕਰਕੇ ਚੰਗੇ ਫਲਦਾਇਕ ਕੰਮ ਕਰਦੇ ਹਨ ॥ ਹੇ ਵਾਹਿਗੁਰੂ ਤੇਰੇ ਦਰਵ ਜਿਓਂ ਕਈ ਬੜੇ ੨ ਔਖੇ ਸਾਧਨਾਂ ਦੀਆਂ ਮਿਹਨਤਾਂ ਕਰਕੇ ਓਨਾਂ ਦਾ ਫਲ ਮੁਕਤੀਆਂ ਮਜੂਰੀਆਂ ਮੰਗ ੨ ਕੇ ਲੈਂਦੇ ਹਨ ॥ ਗੁਰੂ ਜੀ ਆਖਦੇ ਹਨ ਤੇਰੇ ਦਰਵਾਜੇ ਤੇ ਬੜੀ ਪੂਰੀ ਬੇ ਪਰਵਾਹੀ ਹੈ ਕਿ ਤੇਰੇ ਬੂਹੇ ਤੋਂ ਖਾਲੀ ਕੋਈ ਨਹੀ ਜਾਂਦਾ ਤੂੰ ਸਚਾ ਵੇ ਪਰਵਾਹ ਹੈ।

**ਮਹਲਾ ੧ ॥ ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ ॥**
**ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ ॥ ੨ ॥**

Digitized by Panjab Digital Library | www.panjabdigilib.org

*ਮੋਤੀਆਂ ਵਾਂਗੂੰ ਚਿਟੇ ਦੰਦ ਹਨ ਰਤਨਾਂ ਵਰਗੇ ਸੋਹਣੇ ਨੇਤਰ ਸਰੀਰ ਉਤੇ ਜੜੇ ਹੋਏ ਹਨ ॥ ਗੁਰੂ ਜੀ ਆਖਦੇ ਹਨ ਕਿ ਇਤਯਾਦਿਕ ਸਰੀਰ ਦੀਆਂ ਸੁੰਦਰ ਵਸਤਾਂ ਦਾ ਬੁਢੇਪਾ ਵੈਰੀ ਹੈ ਪਰ ਜੇਹੜੇ ਬੁਢੇ ਹੋਕੇ ਮਰਦੇ ਹਨ ਅਥਵਾ ਜਦੋਂ ਬੁਢੇ ਹੋਈਏ ਤਾਂ ਇਹ ਆਪਣੀ ਤਾਕਤ ਤੋਂ ਮਰਕੇ ਕਮਜੋਰ ਹੋ ਜਾਂਦੇ ਹਨ ॥

## ਪਉੜੀ ॥

**ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥**
**ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥**
**ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥**
**ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥**
**ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥**

ਜਿਨਾਂ ਨੇ ਤਨ ਮਨ ਸਰੀਰ ਸੌਂਪਕੇ ਵਾਹਿਗੁਰੂ ਨੂੰ ਸਦਾ ਸਦਾ ਸਲਾਹਿਆ ਹੈ ਓਨਾਂ ਨੇ ਗੁਰ ਸਬਦ ਕਰਕੇ ਠੀਕ ਸੱਚਾ ਗਹਿਰ ਗੰਭੀਰ ਪਾਇਆਹੈ। ਓਨਾਂ ਦੇ ਹੀ ਤਨ ਮਨ ਰਿਦੇ ਵਿਚ ਰਾਤ ਨੂੰ ਚਾਨਣ ਕਰਨ ਵਾਲਾ ਹੀਰਾ ਵਾਹਿਗੁਰੂ ਰਵਿ ਰਿਹਾ ਹੈ ॥ ਓਨਾਂ ਦਾ ਹੀ ਜਨਮ ਮਰਨ ਦਾ ਦੁਖ ਚਲਿਆ ਗਿਆ ਫਿਰ ਚੁਰਾਸੀ ਦਾ ਫੇਰਾ ਨਹੀ ਪੈਂਦਾ ॥ ਗੁਰੂ ਜੀ ਆਖਦੇ ਹਨ ਹੇ ਭਾਈ ਤੂੰ ਵੀ ਵਾਹਿਗੁਰੂ ਦੇ ਨਾਮ ਨੂੰ ਸਲਾਹ ਕੇ ਗੁਣਾਂ ਦਾ ਸਮੁੰਦਰ ਵਾ ਖਜਾਨਾ ਬਣ ਜਾਹ ॥

## ਸਲੋਕ ਮਃ ੧

**ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥**
**ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤ ਨਿਵੰਧੈ ਤਾਲਿ॥ ੧ ॥**

ਪਉਦੀ=ਪੈਂਦੀ। ਪਰਾਲਿ=ਪਰਾਲੀ, ਤੂੜੀ। ਅੰਬੜੈ=ਪਹੁੰਚੇ। ਨਿਵੰਧੈ=ਨੀਵੇਂ ॥
ਗੁਰੂ ਜੀ ਆਖਦੇ ਹਨ ਇਸ ਤਨ ਨੂੰ ਸਾੜ ਦੇਹ ਜਿਸ ਸੜੇ ਹੋਏ ਨੇ ਨਾਮ ਨੂੰ ਵਿਸਾਰ ਦਿਤਾ ਹੈ॥
ਤਿਸ ਰਿਦੇ ਰੂਪ ਨੀਵੇਂ ਤਾਲ ਵਿਚ ਪਾਪਾਂ ਰੂਪ ਮੈਲ ਪੈਂਦੀ ਜਾਂਦੀ ਹੈ ॥ ਹੋਰ

---

*ਜਿਨਾਂ ਪਾਸ ਬੜੇ ਸੋਹਣੇ ਉਜਲ ਗਹਿਣੇ ਮੋਤੀਆਂ ਰਤਨਾਂ ਨਾਲ ਜੜੇ ਹੋਇ ਹਨ ਓਹਨਾਂ ਹੰਕਾਰੀਆਂ ਆਦਮੀਆਂ ਦਾ ਜਦ=ਬੁਢੇਪਾ ਵੈਰੀ ਹੈ ਜੇਹੜੇ ਹੰਕਾਰੀ ਹੋਕੇ ਮਰਦੇ ਹਨ।

Digitized by Panjab Digital Library | www.panjabdigilib.org

ਕਰਲੈ ਜਦੋਂ ਤਾਲ ਮਿਟੀ ਨਾਲ ਭਰ ਗਿਆ ਤਾਂ ਪਿਛੋਂ ਦੁਧੀ ਰੂਪ ਫਬ ਨਹੀ ਅਪੜਨਾ ਭਾਵ ਪੇਸ਼ ਨਹੀ ਜਾਨੀ ਮੋ ਛੇਤੀ ਦਿਲ ਸਾਫ ਕਰ ਲੈ॥

ਮਃ ੧ ॥ ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ॥
ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ॥ ੨॥

ਗੁਰੂ ਜੀ ਆਖਦੇ ਹਨ ਮਨ ਦੇ ਇਤਨੇ ਕੰਮ ਵਿਰੜੇ ਹੋਏ ਹਨ ਜੋ ਗਿਣਤੀ ਨਹੀ ਆਉਂਦੀ ਭਾਵ ਮਨ ਬਹੁਤ ਉਡਿਆ ਹੋਇਆ ਹੈ। ਕੁਛ ਪਤਾ ਨਹੀ ਕਿ ਮਨ ਦੇ ਵਿਗਾੜੇ ਕੰਮਾਂ ਦੇ ਫਲਾਂ ਦਾ ਕਿੰਨਾਕੁ ਦੁਖ ਲਵਾਂਗਾ, ਜੇ ਬਖਸ਼ੇਂਗਾ ਤਾਂ ਧੱਕਾ ਨਹੀਂ ਹੋਵੇਗਾ॥

ਪਉੜੀ॥ ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ॥
ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ॥
ਗੁਰਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ॥
ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ॥
ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ॥ ੧੧॥

ਸਚਾ ਹੁਕਮ ਕਰਕੇ ਸਚਾ ਹੀ ਹੁਕਮ ਚਲਾਇਆ ਹੈ॥ ਸੋ ਸੁਜਾਨ ਪੁਰਖ ਸਦਾ ਹੀ ਨਿਹਚਲ ਰਵ ਰਹਿਆ ਹੈ॥ ਗੁਰਾਂ ਦੀ ਕਿਰਪਾ ਨਾਲ ਸੇਵੀਏ ਤਾਂ ਸੱਚਾ ਵਾਹਿਗੁਰੂ ਪ੍ਰਗਟ ਹੁੰਦਾ ਹੈ॥ ਜਿਸਨੇ ਜਗਤ ਦਾ ਪੂਰਾ ਬਣਾਇ ਬਣਾਇਆ ਹੈ ਗੁਰਮਤਿ ਲੈਕੇ ਤਿਸਦਾ ਅਨੰਦ ਮਾਣ॥ ਜੋ ਅਗਮ ਅਗੋਚਰ ਅਲੱਖ ਵਾਹਿਗੁਰੂ ਹੈ ਉਸਨੂੰ ਗੁਰਮੁਖ ਜਾਣਦੇ ਹਨ।

ਸਲੋਕ ਮਃ ੧

ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥
ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ ੧॥

ਗੁਰੂ ਜੀ ਆਖਦੇ ਹਨ ਪਾਪ ਪੁੰਨ ਰੂਪ ਮਾਲ ਜੀਵ ਰੂਪ ਬਹੁਤਿਆਂ ਰੁਪਯਾਂ ਦਾ ਬਦਰਾ (ਧਰਮ ਰਾਜਾ ਦੀ ਸਭਾ) ਵਿਚ (ਜਮਾਂ ਦੂਤਾਂ ਨੇ) ਲਿਆ ਧਰਿਆ ਭਾਵ ਜਮ ਪਾਪੀ ਪੁੰਨੀ ਜੀਵ ਨੂੰ ਧਰਮ ਰਾਜਾ ਪਾਸ ਲੈ ਗਏ॥
ਓਥੇ ਓਸ ਸਾਹਿਬ ਦੇ ਦਰਬਾਰ ਵਿਚ ਖੋਟੇ ਖਰੇ ਪਾਪੀ ਪੁੰਨੀ ਪਰਖੇ ਜਾਂਦੇ ਹਨ ਭਾਵ ਇਕਨਾਂ ਨੂੰ ਮੁਕਤੀ ਇਕਨਾਂ ਨੂੰ ਦੂਨ ਨਰਕ॥

Digitized by Panjab Digital Library | www.panjabdigilib.org

ਵਿਸੁ = ਵਿਹੁ ॥ ਨਿਕੋਰ = ਨਿਰੀ, ਕੋਰੀ, ਕਰੜੀ

**ਮ: ੧ ॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥**
**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥**
**ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ ੨ ॥**

ਤੀਰਥਾਂ ਤੇ ਨ੍ਹਾਉਣ ਚਲੇ ਹਨ ਜੇਹੜੇ ਮਨ ਦੇ ਖੋਟੇ ਅਤੇ ਸਰੀਰ ਦੇ ਚੋਰ ਹਨ ॥ ਇਕ ਹਿਸਾ ਡਰ ਰੂਪ ਮੈਲ ਤੀਰਥਾਂ ਤੇ ਨ੍ਹਾਤਿਆਂ ਲਹਿ ਗਈ ਅਤੇ ਨਾਲੇ ਹੀ ਹੰਕਾਰ ਕਰਨ ਲਗੇ ਕਿ ਅਸੀ ਤੀਰਥਾਂ ਤੇ ਨ੍ਹਾਤੇ ਹਾਂ, ਇਹ ਗਲ ਕਰਨ ਦੀ ਦੋ ਹਿਸੇ ਹੋਰ ਮੈਲ ਚੜ ਗਈ ਭਾਵ ਤੀਰਥ ਤੇ ਨ੍ਹਾਉਣ ਲਗਿਆਂ ਨਿਡਰ ਹੋ ਗਏ ਕਿ ਅਸੀ ਪਾਪ ਕਰਕੇ ਹੁਣ ਪੁੰਨੀ ਬਣ ਰਏ ਹਾਂ॥
ਏਹੋ ਹੀ ਵਾਹਿਗੁਰੂ ਦਾ ਡਰ ਲਥ ਗਿਆ ਸੋ ਸਗੋਂ ਬਹੁਤ ਮੈਲ ਅਗੇ ਨਾਲੋਂ ਦੋ ਹਿੱਸੇ ਹੋਰ ਚੜ ਗਈ ॥ ਜਿਕਣ ਜੇ ਤੂੰਬੀ ਬਾਹਰੋਂ ਕਈ ਵਾਰ ਧੋਤੀ ਹੋਵੇ ਅਤੇ ਅੰਦਰੋਂ ਨਿਰੀ ਕੌੜੀ ਵਿਹੁ ਵਾਂਗੂ ਰਹਿੰਦੀ ਹੈ ॥
"ਲਉਕੀ ਅਠਸਠ ਤੀਰਥ ਨ੍ਹਾਈ। ਕਉਰਾਪਨ ਤਊ ਨ ਜਾਈ।
ਭਾਵ ਬਾਹਰੋਂ ਸਰੀਰ ਧੋਣ ਨਾਲ ਮਨ ਦੀ ਖੁਟਿਆਈ ਨਹੀਂ ਜਾਂਦੀ।
ਈਕਣ ਹੀ ਸੰਤ ਤਾਂ ਅਣਨਾਤਿਆਂ ਹੀ ਚੰਗੇ ਹਨ ਅਤੇ ਚੋਰ ਨ੍ਹਾਉਣ ਨਾਲ ਵੀ ਚੋਰਾਂ ਦੇ ਚੋਰ ਹੀ ਰਹਿੰਦੇ ਹਨ।

**ਪਉੜੀ ॥ ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥**
**ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥**
**ਦਹਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥**
**ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ। ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥ ੧੨ ॥**

ਆਪੇ ਹੀ ਜਗਤ ਨੂੰ ਧੰਦਿਆਂ ਵਿਚ ਲਾਇਆ ਹੈ ਆਪੇ ਹੀ ਓਨਾਂ ਤੇ ਹੁਕਮ ਚਲੌਂਦਾ ਹੈ ਇਕਨਾਂ ਨੂੰ ਆਪੇ ਹੀ ਆਪਣੇ ਵੱਲ ਆਪਣੀ ਸੇਵਾ ਵਿਚ ਲਾਇਆ ਹੈ ਓਨਾਂ ਗੁਰਾਂ ਨਾਲ ਮਿਲਕੇ ਸੁਖ ਪਾਇਆ ਹੈ ॥ ਇਹ ਮਨ ਦਸਾਂ ਦਿਸ਼ਾਂ ਵੱਲ ਦੌੜਦਾ ਸੀ ਗੁਰਾਂ ਨੇ ਰੋਕ ਰਖਿਆ ॥ ਸਾਰੀ ਦੁਨੀਆਂ ਨਾਮ ਨੂੰ ਚਾਹੁੰਦੀ ਹੈ ਪਰ ਗੁਰਮਤਿ ਵਾਲਿਆਂ ਨੇ ਗੁਰਾਂ ਦੀ ਸਿਖਿਆ ਕਰਕੇ ਪਾਯਾ ਹੈ। ਮੁੱਢ ਦਾ ਲਿਖਿਆ ਹੋਯਾ ਮੇਟ ਨਹੀਂ ਸੱਕੀ ਦਾ ਜੋ ਵਾਹਿਗੁਰੂ ਨੇ ਲਿਖ ਪਾਇਆ ਹੈ ॥

Digitized by Panjab Digital Library | www.panjabdigilib.org

## ਸਲੋਕ ਮਃ ੧

**ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥**
**ਖੂਲੇ ਹਟ ਹੋਆ ਵਾਪਾਰੁ ॥ ਜੋ ਪਹੁੰਚੈ ਸੋ ਚਲਣ ਹਾਰੁ ॥**
**ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ ਨਾਮੁ ਲਾਹਾ ਪਰਵਾਣੁ ॥**
**ਘਰਿ ਆਏ ਵਜੀ ਵਾਧਾਈ ॥ ਸਚ ਨਾਮ ਕੀ ਮਿਲੀ ਵਡਿਆਈ ॥ ੧**

ਸਾਰੇ ਜੱਗ ਵਿੱਚ, ਚੰਦ ਸੂਰਜ ਦੋ ਦੀਵੇ ਹਨ ਅਤੇ ਚੌਦਾਂ ਲੋਕ "ਹੱਟ ਨਾਲੇ" ਬਜ਼ਾਰ ਹਨ। ਜਿੰਨੇ ਜੀਵ ਹਨ ਓਹ ਵਣਜਾਰੇ ਹਨ। ਹੱਟ ਖੁਲਿਆ ਤਾਂ ਵਪਾਰ ਹੋਯਾ ਭਾਵ ਜੱਗ ਬਣਿਆਂ ਤਾਂ ਜੀਵ ਕੰਮ ਕਰਨ ਲੱਗੇ ਇਹ ਪਾਪ ਪੁੰਨ ਦਾ ਵਪਾਰ ਹੋਯਾ ਵਾ ਰੋਜ਼ ਦਾ ਰੋਜ਼ ਹੁੰਦਾ ਜਾਂਦਾ ਹੈ। ਜੇਹੜਾ ਇਹਨਾਂ ਹੱਟਾਂ ਤੇ ਪਹੁੰਚਦਾ ਆਉਂਦਾ ਹੈ ਓਹ ਅੰਤ ਨੂੰ ਚਲਣ ਵਾਲਾ ਹੁੰਦਾ ਹੈ ਭਾਵ ਜੋ ਦੁਨੀਆਂ ਤੇ ਆਯਾਹੈ ਹਰ ਇਕ ਨੇ ਜਰੂਰ ਮਰਨਾ ਹੈ। ਧਰਮ ਕਰਨਾਂ ਦਲਾਲ ਹੈ ।ਇਹ ਜੀਵਾਂ ਦੇ ਲੇਖੇ ਦੇ ਨਿਸ਼ਾਨ ਪਾਈ ਜਾਂਦਾ ਹੈ ਭਾਵ ਧਰਮ ਅਧਰਮ ਦੋਵੇਂ ਦਲਾਲ ਲੇਖਾ ਲਿਖੀ ਜਾਂਦੇ ਹਨ ਵਾ ਧਰਮ ਰਾਜਾ ਨੇ ਮੱਥੇ ਤੇ ਲੇਖਾਂ ਦਾ ਨਿਸ਼ਾਨ ਪਾਯਾ ਹੈ। ਗੁਰੂ ਜੀ ਆਖਦੇ ਹਨ ਜਿਨਾਂ ਨੇ ਨਾਮ ਦਾ ਲਾਭ ਲਿਆ ਹੈ ਓਹ ਪਰਵਾਣ ਹਨ। ਓਹ ਆਪਣੇ ਘਰ ਵਾਹਿਗੁਰੂ ਕੋਲ ਆਏ ਬੜੀ ਵਧਾਈ ਪਰਗਟ ਹੋਈ ਭਾਵ ਖੁਸ਼ੀਆਂ ਹੋਈਆਂ।— "ਸੰਤ ਮੂਏ ਕਿਆ ਰੋਈਐ ਜਉ ਅਪਨੈ ਗ੍ਰਹਿ ਜਾਇ ॥
ਰੋਵਹੁ ਸਾਕਤ ਬਾਪਰੈ ਜੁ ਹਾਟੈ ਹਾਟ ਬਿਕਾਇ" ॥
ਉਸਨੂੰ ਸੱਚੇ ਨਾਮ ਦੀ ਵਡਿਆਈ ਮਿਲੀ ॥

**ਮਃ ੧ ॥ ਰਾਤੀ ਹੋਵਨਿ ਕਾਲੀਆ ਸੁਪੇਦਾ ਸੇਵੰਨ ॥**
**ਦਿਹੁ ਬਗਾ ਤਪੈ ਘਣਾ ਕਾਲਿਆਂ ਕਾਲੇ ਵੰਨ ॥**
**ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥**
**ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥ ੨ ॥**

ਭਾਵੇਂ ਰਾਤਾਂ ਕਿੰਨੀਆਂ ਹੀ ਹਨੇਰੀਆਂ ਕਾਲੀਆਂ ਬੋਲੀਆਂ ਹੋਣ ਪਰ ਰਾਤ ਨੂੰ ਵੀ ਚਿੱਟਿਆਂ ਪਦਾਰਥਾਂ ਦਾ ਚਿੱਟਾ ਹੀ ਰੰਗ ਰਹਿੰਦਾ ਹੈ ਏਸੇ ਤਰਾਂ ਭਾਵੇਂ ਹੁਣ ਕਲਜੁਗ ਰੂਪ ਹਨੇਰੀਆਂ ਰਾਤਾਂ ਆ ਗਈਆਂ ਹਨ ਪਰ ਭਜਨ ਬੰਦਗੀ ਵਾਲਿਆਂ ਦਾ ਓਹੋ ਹੀ ਰੰਗ ਹੈ। ਹੋਰ ਜੀਕਣ ਭਾਵੇਂ ਦਿਨ ਚਿੱਟਾ ਹੋਵੇ ਭਾਵ ਸੂਰਜ ਦੇ ਪ੍ਰਕਾਸ਼ ਨਾਲ ਬੜਾ ਤਪੇ ਭਾਵ ਬੜਾ ਚਾਨਣ ਹੋਵੇ ਪਰ ਕਾਲਿਆਂ ਪਦਾਰਥਾਂ ਦੇ

Digitized by Panjab Digital Library | www.panjabdigilib.org

ਕਾਲੇ ਹੀ ਰੰਗ ਰਹਿੰਦ ਹਨ ਇਸਤਰਾਂ ਭਾਵੇਂ ਪਿਛਲੇ ਸਤਜੁਗ ਦੇ ਦਿਨ ਆ ਜਾਣ ਭਾਵ ਕੋਈ ਦਿਨ ਐਸਾ ਚੜ੍ਹੇ ਕਿ ਓਹ ਪੁੰਨ ਕਰਨ ਓਨਾਂ ਦਾ ਬੜਾ ਤਪ ਤੇਜ ਪ੍ਰਕਾਸ ਜਸ ਹੋਵੇ ਪਰ ਫਿਰ ਵੀ ਓਨਾਂ ਕਾਲਿਆਂ ਪਾਪੀਆਂ ਦੇ ਕਾਲੇ ਹੀ ਰੰਗ ਰਹਿੰਦੇ ਹਨ ਅਥਵਾ ਪਿਛਲੇ ਜੁੱਗਾਂ ਵਿਚ ਵੀ ਕਾਲਿਆਂ *ਰਾਵਣ ਆਦਿਕਾਂ ਦੇ ਰੰਗ ਕਾਲੇ ਹੀ ਰਹੇ ॥ ਅੰਨੇ ਆਦਮੀ ਅਕਲ ਤੋਂ ਬਿਨਾਂ ਵਾ †ਅਕਾਲ ਪੁਰਖ ਤੋਂ ਬਿਨਾਂ ਮੂਰਖ ਅਗਜਾਨ ਹਨੇਰੇ ਵਿਚ ਭੁਲੇ ਹੋਏ ਹਨ। ਗੁਰੂ ਜੀ ਆਖਦੇ ਹਨ ਵਾਹਿਗੁਰੂ ਤੋਂ ਬਿਨਾਂ ਕਈ ਵੀ ਮਾਨ ਨਹੀ ਪਾਉਂਦੇ ॥

## ਪਉੜੀ ॥

**ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥**
**ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥**
**ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥**
**ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥**
**ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥ ੧੩ ॥**

ਵਾਹਿਗੁਰੂ ਸਚੇ ਨੇ ਆਪੇ ਹੀ ਸਰੀਰ ਕਿਲਾ ਰਚਿਆ ਹੈ। ਇਕ ਦ੍ਵੈਤ ਭਾਵ ਵਾਲੇ ਆਪਣੇ ਵਲੋਂ ਭੁਲਾਏ ਹਨ ਜੇਹੜੇ ਹੰਗਤਾ ਵਿਚ ਵਿਆਪਦੇ ਹਨ ॥ ਇਹ ਮਨੁਖਾ ਜਨਮ ਦੁਰਲਭ ਸੀ ਸੋ ਇਸ ਵਿਚ ਮਨਮੁਖ ਬੜੇ ਤਪਦੇ ਹਨ ॥ ਜਿਸਨੂੰ ਆਪ ਵਾਹਿਗੁਰੂ ਸਮਝਾਵੇਗਾ। ਓਹ ਸਮਝੇਗਾ ਜਿਸਨੂੰ ਸਤਿਗੁਰੂ ਥਾਪਦਾ (ਇਸਥਿਤ) ਕਰਦਾ ਹੈ। ਸਾਰਾ ਜਗਤ ਖੇਲ ਰਚਾਇਆ ਹੈ ਅਰ ਆਪੇ ਹੀ ਸਾਰਿਆਂ ਵਿਚ ਵਰਤਦਾ ਹੈ ॥

## ਸਲੋਕੁ ਮ: ੧

**ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥**
**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥**
**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥**

---

*ਕਾਲੀਆਂ ਰਾਤਾਂ ਕੁਸੰਗਤਾਂ ਮਹਾਤਮਾਂ ਨੂੰ ਕੁਝ ਨਹੀਂ ਕਰ ਸਕਦੀਆਂ ਅਤੇ ਸਤਸੰਗ ਵਿਚ ਭਾਵੇਂ ਕਿੰਨਾਂ ਹੀ ਉਪਦੇਸ਼ ਹੋਵੇ ਪਰ ਪਾਪੀਆਂ ਦਾ ਮਨ ਸਾਫ ਨਹੀਂ ਹੁੰਦਾ ਇਸਤਰਾਂ ਵੀ ਅਰਥ ਕਰਦੇ ਹਨ।

†ਲਘੂ ਦਾ ਦੀਰਘ ਹੋ ਜਾਂਦਾ ਹੈ।

Digitized by Panjab Digital Library | www.panjabdigilib.org

**ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥**
**ਨਾਨਕ ਕੂੜੇ ਕਤਿਐ ਕੂੜਾ ਤਣੀਐ ਤਾਣੁ ॥**
**ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ । ੧ ॥**

"ਕਲਜੁਗ ਵਿਚ" ਚੋਰਾਂ, ਯਾਰਾਂ, ਰੰਡੀਆਂ ਇਸਤ੍ਰੀਆਂ ਭਾਵ ਖਰਾਬ ਔਰਤਾਂ ਅਤੇ ਫਫੇਕੁਟਣੀਆਂ ਦੀ ਸਭਾ ਲਗਦੀ ਹੈ ਅਥਵਾ ਬੇਮੁਖਾਂ ਦੇਵਤਿਆਂ ਦੇ ਉਪਾਸ਼ਕਾਂ ਨਾਸਤਕਾਂ ਵਾਹਿਗੁਰੂ ਵਲੋਂ ਭੁਲਾਉਣ ਵਾਲਿਆਂ ਦਾ ਦਰਬਾਰ ਲਗਦਾ ਹੈ॥ ਇਹਨਾਂ ਅਧਰਮੀਆਂ ਦੀ ਦੋਸਤੀ ਵਿਚ ਅਧਰਮੀਆਂ ਦਾ ਹੀ ਖਾਣਾ ਹੁੰਦਾ ਹੈ। ਭਾਵ ਅਧਰਮੀਆਂ ਪਾਸੋਂ ਲੈਕੇ ਖਾਂਦੇ ਹਨ ॥ ਵਾਹਿਗੁਰੂ ਦੀ ਸਾਰ ਨਹੀਂ ਜਾਣਦੇ ਭੂਤਨਿਆਂ ਦੇ ਮਨ ਵਿਚ ਸਦਾ ਹੀ ਕਾਮ ਵਸਦਾ ਹੈ ਵਾ ਸ਼ੈਤਾਨਾਂ ਦੇ ਨਾਲ ਰਹਿੰਦੇ ਹਨ ॥ ਜੀਕੂੰ ਖੋਤੇ ਨੂੰ ਚੰਦਨ ਲਾਈਏ ਮਲੀਏ ਫਿਰ ਵੀ ਸੁਆਹ ਦੀ ਪਾਣ ਚੜ੍ਹਾ ਲੈਂਦਾ ਹੈ ਭਾਵ ਸੁਆਹ ਵਿਚ ਲੇਟ ਪੈਂਦਾ ਹੈ।

ਚੰਦਨ ਲੇਪ ਉਤਾਰੈ ਧੋਇ। ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥

ਭਾਵ ਜੇ ਕਿਸੇ ਨੂੰ ਨਾਮ ਦਾ ਜਪਣਾ ਦਸੀਏ ਫਿਰ ਮਨਮੁਖ ਵਿਸ਼ੇ ਵਕਾਰਾਂ ਵਿਚ ਜਾ ਲਗਦਾ ਹੈ ॥

ਗੁਰੂ ਜੀ ਆਖਦੇ ਹਨ ਝੂਠ ਹੀ ਸੂਤਰ ਕਤਦੇ ਹਨ ਅਤੇ ਝੂਠ ਹੀ ਤਾਣੀ ਤਣਦੇ ਹਨ ਭਾਵ ਝੂਠੀਆਂ ਸਲਾਹਾਂ ਤੇ ਝੂਠੇ ਵਿਹਾਰ ਕਾਰ ਕਰਦੇ ਹਨ ॥ ਝੂਠਾ ਹੀ ਕਪੜਾ ਮਿਣਦੇ ਹਨ, ਅਤੇ ਝੂਠਾ ਹੀ ਕਪੜਾ ਪਾਕੇ ਹੰਕਾਰ ਕਰਦੇ ਹਨ, ਵਾ ਝੂਠਾ ਹੀ ਕੰਮ ਕਰਦੇ ਹਨ ਅਤੇ ਝੂਠਾ ਲਾਭ ਉਠਾਕੇ ਮਾਨ ਕਰਦੇ ਹਨ ॥

ਬੁਰਗੂ=ਕਾਜੀ।

**ਮਃ ੧ ॥ ਬਾਂਗਾਂ ਬੁਰਗੂ ਸਿੰਗੀਆ ਨਾਲੇ ਮਿਲੀ ਕਲਾਣ ॥**
**ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥**
**ਨਾਨਕ ਜਿਨੀ ਸੁਣਿਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥੨॥**

ਮੁਲਾਂ ਬਾਗਾਂ ਦੇਣ ਵਾਲਿਆਂ ਅਤੇ ਕਾਜੀ ਨਿਮਾਜ ਪੜ੍ਹਾਉਣ ਵਾਲਿਆਂ ਜੋਗੀ ਸਿੰਙੀਆਂ ਵਜਾਉਣ ਵਾਲਿਆਂ ਦੇ ਨਾਲ ਭੱਟਾਂ ਮਰਾਸੀਆਂ ਡੂੰਮਾਂ ਦੀ ਕਲਾਣ ਮਿਲੀ ਹੋਈ ਭਾਵ ਚੰਗਿਆਂ ਆਦਮੀਆਂ ਦੀ ਸਰੇਣੀ ਵੀ ਬੁਰਿਆਂ ਦੇ ਨਾਲ ਰਲ ਬੈਠੀ ਹੈ ਇਕ ਦਾਤੇ ਹਨ ਇਕ ਮੰਗਤੇ ਹਨ ਜਿਨਾਂ ਨੇ ਤੇਰਾ ਨਾਮ ਜਪਿਆ ਹੈ ਓਹ ਪਰਵਾਣ ਹੋਏ ਹਨ ॥ ਗੁਰੂ ਜੀ ਆਖਦੇ ਹਨ ਜਿਨਾਂ ਨੇ ਤੇਰਾ ਨਾਮ ਸੁਣਕੇ ਮੰਨਿਆਂ ਹੈ ਮੈਂ ਓਨਾਂ ਤੋਂ ਕੁਰਬਾਨ ਜਾਂਦਾ ਹਾਂ ॥

Digitized by Panjab Digital Library | www.panjabdigilib.org

ਪਉੜੀ ॥

ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨ ਝਗੜੈ ਜਗੁ ਮੁਇਆ ॥
ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥
ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿਨਾਮੁ ਸਮਇਆ ॥ ੧੪ ॥

ਮਾਇਆ ਦਾ ਪਿਆਰ ਸਾਰਾ ਝੂਠਾ ਹੈ ਮਾਇਆ ਵਿਚ ਪਿਆਰ ਕਰਨ ਵਾਲਾ ਵੀ ਅੰਤ ਨੂੰ ਝੂਠਾ ਹੋਗਿਆ। ਜਗ ਨੇ ਹੰਗਤਾ ਦਾ ਝਗੜਾ ਗਲ ਪਾ ਲਿਆ ਝਗੜੇ ਵਿਚ ਹੀ ਮਰ ਗਿਆ ॥ ਗੁਰਮੁਖਾਂ ਨੇ ਝਗੜਾ ਦੂਰ ਕਰ ਦਿਤਾ ਅਤੇ ਸਾਰਿਆਂ ਵਿਚ ਇਕ ਨੂੰ ਰਵਿਆ ਹੋਇਆ ਜਾਣਿਆਂ ॥ ਗੁਰਮੁਖ ਨੇ ਆਪਣੇ ਆਤਮਾਂ ਵਰਗਾ ਵਾਹਿਗੁਰੂ ਨੂੰ ਪਛਾਣਿਆਂ ਤਾਂ ਸੰਸਾਰ ਸਮੁੰਦ੍ਰ ਤੋਂ ਤਰ ਗਿਆ ॥ ਮਨ ਵਾਹਿਗੁਰੂ ਦੇ ਨਾਮ ਵਿਚ ਸਮਾ ਗਿਆ ਅਤੇ ਵਾਹਿਗੁਰੂ ਦੀ ਜੋਤ ਨਾਲ ਗੁਰਮੁਖ ਦੀ ਜੋਤ ਮਿਲ ਗਈ ॥

ਮ: ੧ ॥ ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥
ਹਉਮੈ ਗਰਬੁ ਨਿਵਾਰੀਐ ਕਾਮ ਕਰੋਧੁ ਅਹੰਕਾਰੁ ॥
ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥
ਅਹਿਨਿਸਿ ਨਵ ਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥
ਨਾਨਕ ਇਹ ਬਿਧਿ ਛੁਟੀਐ ਨਦਰਿ ਤੇਰੀ ਸੁਖੁ ਹੋਇ ॥੧॥

ਹੇ ਸਤਿਗੁਰੂ ਜੀ ਤੂੰ ਸੱਮਰਥ ਦਾਤਾ ਹੈਂ ਮੈਨੂੰ ਨਾਮ ਦੀ ਭਿੱਖਿਆ ਦੇਵੋ ॥ ਇਸ ਦਾਨ ਨਾਲ ਹੰਗਤਾ ਕਾਮ ਕਰੋਧ ਹੰਕਾਰ ਦਾ ਹੰਕਾਰ ਦੂਰ ਕਰੀਦਾ ਹੈ ॥ ਜੀਕੂੰ ਨਾਮ ਦਾ ਆਸਰਾ ਮਿਲੇ ਤਾਂ ਲਬ ਲੋਭ ਨੂੰ ਚੰਗੀ ਤਰਾਂ ਸਾੜੀਦਾ ਹੈ ॥ ਫਿਰ ਰਾਤ ਦਿਨ ਮਨ ਨਵਾਂ ਨਿਰਮਲਾ ਹੁੰਦਾ ਹੈ ਤੇ ਮੈਲਾ ਕਦੀ ਨਹੀਂ ਹੁੰਦਾ ॥ ਗੁਰੂ ਜੀ ਆਖਦੇ ਹਨ ਇਸ ਰੀਤੀ ਨਾਲ ਦੁੱਖਾਂ ਤੋਂ ਛੁਟੀਦਾ ਹੈ ਮੇਰੇ ਵਾਹਿਗੁਰੂ ਤੇਰੀ ਨਦਰ ਨਾਲ ਸੁਖ ਹੁੰਦਾ ਹੈ ॥

ਮ: ੧ ॥ ਇਕੋ ਕੰਤ ਸਬਾਈਆ ਜਿਤੀ ਦਰਿ ਖੜੀਆਹ ॥
ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ ॥ ੨ ॥

Digitized by Panjab Digital Library | www.panjabdigilib.org

ਜਿਤਨੀਆਂ ਸੰਸਾਰ ਵਿਚ ਸਤ ਸੰਗਤ ਰੂਪ ਦਰਵਾਜੇ ਤੇ ਖੜੋਤੀਆਂ ਹੋਈਆਂ ਹਨ ਇਕੋ ਵਾਹਿਗੁਰੂ ਪਤੀ ਦੀਆਂ ਸਾਰੀਆਂ ਜੀਵ ਰੂਪ ਇਸਤ੍ਰੀਆਂ ਹਨ ॥ ਗੁਰੂ ਜੀ ਆਖਦੇ ਹਨ ਗੁਰਮੁਖਇਸਤ੍ਰੀਆਂ ਵਾਹਿਗੁਰੂ ਵਿਚ ਰੱਤੀਆਂ ਹੋਈਆਂ ਹਨ । ਓਨਾਂ ਕੋਲੋਂ ਜਗਜਾਸੂ ਰੂਪ ਇਸਤ੍ਰੀਆਂ ਵਾਹਿਗੁਰੂ ਦੇ ਮਿਲਨ ਦੀਆਂ ਗਲਾਂ ਪੁੱਛਦੀਆਂ ਹਨ ॥

**ਮਃ ੧ ॥ ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥**
**ਮੈ ਤਨਿ ਅਵਗੁਣ ਏਤੜੇ ਖਸਮੁ ਨ ਫੇਰੇ ਚਿਤੁ ॥ ੩ ॥**

"ਗੁਰਮੁਖ ਰੂਪ" ਸਾਰੀਆਂ ਇਸਤ੍ਰੀਆਂ ਵਾਹਿਗੁਰੂ ਵਿਚ ਰੱਤੀਆਂ ਹੋਈਆਂ ਹਨ ਮੈ ਦੁਹਾਗਣੀ ਕਿਸ ਗਿਣਤੀ ਵਿਚ ਹਾਂ ॥ ਮੇਰੇ ਸਰੀਰ ਵਿਚ ਐਨੇ ਔਗਣ ਹਨ ਕੇ ਪਤੀ ਮੇਰੇ ਵਲ ਚਿੱਤ ਹੀ ਨਹੀਂ ਫੇਰਦਾ ਇਹ ਨਿੰਮ੍ਰਤਾ ਦੀ ਅਰਦਾਸ ਹੈ ॥

ਵਾਤਿ=ਮੂੰਹ ॥

**ਮਃ ੧ । ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ ॥**
**ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ ॥ ੪ ॥**

ਜਿਨਾਂ ਦੇ ਮੂੰਹੋਂ ਵਾਹਿਗੁਰੂ ਦੀ ਸਿਫਤਿ ਹੁੰਦੀ ਹੈ ਮੈਂ ਓਨਾਂ ਤੋਂ ਬਲਿਹਾਰੀ ਹਾਂ ॥ ਹੇ ਪਤੀ ਜਿਸ ਤਰਾਂ ਸਾਰੀਆਂ ਸੁਹਾਗਣਾਂ ਦੀ ਉਮਰ ਰੂਪ ਰਾਤ ਸਫਲ ਕੀਤੀ ਹੈ ਉਸਤਰਾਂ ਇਕ ਮੇਰੀ ਦੁਹਾਗਣੀ ਦੀ ਵੀ ਇਕ ਰਾਤ ਸਫਲ ਕਰੋ ਭਾਵ ਉਮਰ ਐਵੇਂ ਜਾਂਦੀ ਹੈ ॥

## ਪਉੜੀ ॥

**ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥**
**ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥**
**ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥**
**ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥**
**ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥ ੧੫ ॥**

ਹੇ ਵਾਹਿਗੁਰੂ ਤੇਰੇ ਦਰਵਾਜ਼ੇ ਤੇ ਮੰਗਤਾ ਦਾਨ ਮੰਗਦਾ ਹੈ ਕਿਰਪਾ ਕਰਕੇ ਦੇਹ ॥ ਗੁਰਮੁਖਾਂ ਵਿਚ ਮੈਨੂੰ ਮਿਲਾ ਲੈ ਜਿਸ ਕਰਕੇ ਮੈਂ ਦਾਸ ਵਾਹਿਗੁਰੂ ਦਾ ਨਾਮ ਦਾਨ ਪਾਵਾਂ ॥ ਓਨਾਂ ਗੁਰਮੁਖਾਂ ਨੇ ਇਕ ਰਸ ਰਾਤ ਦਿਨੇ ਸ਼ਬਦ ਦੇ ਵਜਾਉਂਦੇ ਭਾਵ

Digitized by Panjab Digital Library | www.panjabdigilib.org

ਉਚਾਰਨ ਵਿਚ ਮਨ ਲਾਯਾ ਹੈ ਅਤੇ ਅੰਤ ਨੂੰ ਤੇਰੀ ਜੋਤੀ ਵਿਚ ਆਪਣੀ ਜੋਤਿ ਧਰ ਦਿਤੀ ਹੈ ॥ ਹਿਰਦੇ ਵਿਚ ਵਾਹਿਗੁਰੂ ਦੇ ਗੁਣ ਗਾਂਉਂਦੇ ਤੇ ਰਸਨਾਂ ਨਾਲ ਵਾਹਿਗੁਰੂ ਦਾ ਜੈ ਜੈ ਕਾਰ ਸ਼ਬਦ ਕਰਦੇ ਹਨ ॥ ਤੂੰ ਆਪੇ ਹੀ ਜਗਤ ਵਿਚ ਵਰਤਦਾ ਹੈਂ ਗੁਰਮੁਖ ਤੇਰੇ ਨਾਲ ਪ੍ਰੀਤਿ ਕਰਦੇ ਹਨ ॥

## ਸਲੋਕੁ ਮਃ ੧ ॥

**ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥**
**ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥ ੧ ॥**

ਜਿਨਾਂ ਨੇ ਪ੍ਰੇਮ ਰਸ ਨਹੀਂ ਪਾਇਆ ਅਤੇ ਵਾਹਿਗੁਰੂ ਦੇ ਭਜਨ ਦਾ ਸੁਆਦ ਲਾਭ ਨਹੀ ਪਾਇਆ ॥ ਓਹ ਸੁੰਞੇ ਘਰ ਦਾ ਪਰਾਹੁਣਾ ਜਿਸ ਤਰਾਂ ਆਇਆ ਓਸੇ ਤਰਾਂ ਚਲਿਆ ਗਿਆ ॥

ਸਹੰਸ=ਹਜਾਰ । ਕਰੰਗੀ=ਡੰਗਰਾਂ ਦੇ ਹੱਡ । ਹੰਸ=ਜੀਵ ॥

**ਮਃ ੧ ॥ ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ ॥**
**ਸਿਫਤਿ ਸਲਾਹਣੁ ਛਡਿਕੈ ਕਰੰਗੀ ਲਗਾ ਹੰਸੁ ॥**
**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥**
**ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ ੨ ॥**

ਜਿਸਨੇ ਦਿਨ ਰਾਤ ਭਜਨ ਤੋਂ ਬਿਨਾਂ ਗਵਾ ਲਿਆ ਹੈ ਓਹ ਜਦੋਂ ਵਾਹਿਗੁਰੂ ਦੇ ਪਾਸ ਗਿਆ ਤਾਂ ਓਸਨੂੰ ਸੌ ਦਿਨ ਦੇ ਅਤੇ ਹਜਾਰ ਰਾਤ ਦੇ ਉਲਾਮੇ ਮਿਲਣਗੇ ॥ ਹੰਸ ਰੂਪ ਜੀਵ ਮੋਤੀ ਰੂਪ ਵਾਹਿਗੁਰੂ ਦਾ ਸਲਾਹੁਣਾ ਛਡਕੇ ਵਿਸ਼ਿਆਂ ਰੂਪ ਡੰਗਰਾਂ ਦੇ ਹੱਡਾਂ ਨੂੰ ਚੱਬਣ ਜਾ ਲਗਾ ਹੈ ॥ ਇਸਤਰਾਂ ਦਾ ਜੀਵਿਆ ਧ੍ਰਿਗ ਹੈ ਜਿਸ ਕਰਕੇ ਨਿਰਾ ਅੰਨ ਖਾ ਖਾ ਕੇ ਪੇਟ ਵਧਾਇਆ ਹੈ । ਗੁਰੂ ਜੀ ਆਖਦੇ ਹਨ ਸਚੇ ਨਾਮ ਤੋਂ ਬਿਨਾਂ ਸਾਰੇ ਲੋਕ ਸਰਬੰਧੀ ਦੁਸ਼ਮਨਤਾ ਦਾ ਸਬਬ ਹਨ ਭਾਵ ਮਿਤਰ ਵੀ ਸਤਰੂ ਹਨ ॥

## ਪਉੜੀ ॥

**ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ ॥**
**ਗੁਰਮੁਖਿ ਸੇਵਿ ਸਲਾਹਿ ਸਚਾ ਉਰਧਾਰਿਆ ॥**
**ਘਰੁ ਦਰੁ ਪਾਵੈ ਮਹਲੁ ਨਾਮ ਪਿਆਰਿਆ ॥**

Digitized by Panjab Digital Library | www.panjabdigilib.org

ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥
ਤੂ ਆਪਿ ਸਵਾਰਹਿ ਆਪਿ ਸਿਰਜਨ ਹਾਰਿਆ ॥ ੧੬ ॥

ਜੇਹੜਾ ਜਸ ਕਰਨ ਵਾਲਾ ਹੋਕੇ ਨਿਤ ਹੀ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਉਸਨੇ ਜਨਮ ਸਵਾਰਿਆ ਹੈ। ਗੁਰਮੁਖਾਂ ਨੇ ਸੇਵਾ ਸਿਫਤ ਕਰਕੇ ਸਚਾ ਦਿਲ ਵਿਚ ਧਾਰਿਆ ਹੈ ॥ ਥਵਾ ਸਿਰੋਮਣੀ ਗੁਰੂ ਦੀ ਸੇਵਾ ਕਰਕੇ ਅਤੇ ਵਾਹਿਗੁਰੂ ਨੂੰ ਸਲਾਹਕੇ ਸਚਾ ਵਾਹਿਗੁਰੂ ਰਿਦੇ ਵਿਚ ਧਾਰਿਆ ਹੈ। ਨਾਮ ਦਾ ਪਿਆਰਾ ਆਪਣੇ ਰਿਦੇ ਦੇ ਅੰਦਰੋਂ ਹੀ ਵਾਹਿਗੁਰੂ ਨੂੰ ਪਾਉਂਦਾ ਹੈ ॥ ਮੁਖੀਆਂ ਸਤਿਗੁਰਾਂ ਤੋਂ ਨਾਮ ਪਾਇਆ ਹੈ ਇਸ ਲਈ ਮੈਂ ਗੁਰਾਂ ਤੋਂ ਵਾਰਿਆ ਹਾਂ ॥
ਹੇ ਵਾਹਿਗੁਰੂ ਤੂੰ ਆਪੇ ਹੀ ਜਗਤ ਨੂੰ ਪੈਦਾ ਕਰਦਾ ਹੈਂ ਅਤੇ ਆਪੇ ਹੀ ਸਵਾਰਦਾ ਹੈਂ।

## ਸਲੋਕ ਮਃ ੧ ॥

*ਬੇਦ=ਜਾਣ।

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰ-ਮੁਖਿ ਉਤਰਸਿ ਪਾਰਿ ॥ ੧ ॥

ਜੀਕਣ ਦੀਵਾ ਬਲਦਾ ਹੈ ਤਾਂ ਹਨੇਰਾ ਚਲਿਆ ਜਾਂਦਾ ਹੈ। ਏਸੇ ਤਰਾਂ ਹੀ ਜਾਣ ਵਾਹਿਗੁਰੂ ਦੇ ਜਸ ਦੀ ਬਾਣੀ ਦਾ ਪਾਠ ਬੁਧੀ ਦੇ ਪਾਪਾਂ ਨੂੰ ਖਾ ਜਾਂਦਾ ਹੈ। ਜਿਸ ਤਰਾਂ ਸੂਰਜ ਚੜ੍ਹਦਾ ਹੈ ਤਾਂ ਚੰਦ੍ਰਮਾ ਨਹੀ ਜਾਪਦਾ। ਜਿਥੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਓਥੇ ਅਗਯਾਨ ਮਿਟ ਜਾਂਦਾ ਹੈ॥ ਵੇਦਾਂ ਦਾ ਪਾਠ

---

*ਕੋਈ ਇਸਤ੍ਰਾਂ ਵੀ ਕਰਦੇ ਹਨ ਕਿਸੇ ਪੰਡਤ ਨੇ ਗੁਰੂ ਜੀ ਨੂੰ ਆਖਿਆ ਕਿ ਜਿਸ ਤਰਾਂ ਦੀਵਾ ਬਲਦਾ ਹੈ ਤਾਂ ਹਨੇਰਾ ਦੂਰ ਹੋ ਜਾਂਦਾ ਹੈ ਏਸੇ ਤਰਾਂ ਹੀ ਵੇਦ ਦਾ ਪਾਠ ਪਾਪਾਂ ਨੂੰ ਖਾ ਜਾਂਦਾ ਹੈ ਪਰ ਗੁਰੂ ਜੀ ਆਖਿਆ ਨਹੀ ਇਹ ਝੂਠ ਹੈ 'ਵੇਦ ਪਾਠ ਸੰਸਾਰ ਕੀ ਕਾਰ। ਜਿਨਕੀ ਲਿਵ ਹਰ ਚਰਨਨ ਲਾਗੀ। ਤੇ ਬੇਦਨ ਤੇ ਭਏ ਤਿਆਗੀ॥ ਵੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨ ਜਾਇ'।

Digitized by Panjab Digital Library | www.panjabdigilib.org

ਤਾਂ ਸੰਸਾਰ ਦੀ ਕਾਰ ਵਾਂਗੂ ਹੈ ਭਾਵ ਵੇਦਾਂ ਦੇ ਪੜਨ ਵਿਚ ਕੁਝ ਲਾਭ ਨਹੀ ਇਹ ਇਕ ਕੰਮ ਹੈ। ਜਿਸਤਰਾਂ ਹੋਰ ਸੰਸਾਰ ਦੇ ਕੰਮ ਹਨ। ਪੰਡਤ ਵੇਦਾਂ ਨੂੰ ਪੜ ਪੜ ਕੇ ਲੋਕਾਂ ਨੂੰ ਨੱਗਣ ਦਾ ਵਿਚਾਰ ਕਰਦੇ ਹਨ। (ਅਰਝ ਉਰਝ ਕੇ ਪਚਮੂਆ ਚਾਰੋ ਵੇਦੋਂ ਮਾਹਿ ॥) ਵਾਹਿਗੁਰੂ ਦੇ ਸਮਝੇ ਤੋ ਬਿਨਾਂ ਸਭ ਖੁਆਰ ਹੁੰਦੇ ਹਨ ॥ ਗੁਰੂ ਜੀ ਆਖਦੇ ਹਨ ਗੁਰਮੁਖ ਸੰਸਾਰ ਸਮੁੰਦਰ ਤੋਂ ਪਾਰ ਉਤਰ ਦੇ ਹਨ ॥

**ਮ: ੧ ॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥**
**ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥**
**ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥**

ਮਨਮੁਖ ਨੂੰ ਗੁਰਾਂ ਦੇ ਸ਼ਬਦ ਦਾ ਸੁਆਦ ਨਹੀਂ ਆਯਾ ਅਤੇ ਨਾਂ ਹੀ ਨਾਮ ਨਾਲ ਪਿਆਰ ਲਗਾ ॥ ਰਸਨਾ ਨਾਲ ਫਿਕਾ ਬੋਲਦਾ ਹੈ ਨਿਤ ਨਿਤ ਖੁਆਰ ਹੁੰਦਾ ਹੈ ॥ ਗੁਰੂ ਜੀ ਆਖਦੇ ਹਨ ਪਿਛਲਾ ਕਿਰਤ ਪਿਆ ਕਮੌਂਦਾ ਹੈ ਮੇਟਣ ਵਾਲਾ ਕੋਈ ਨਹੀ ਭਾਵ ਜੋ ਮਨਮੁਖ ਦੇ ਮਥੇ ਤੇ ਲਿਖਿਆ ਹੈ ਉਸਨੂੰ ਕੋਈ ਨਹੀ ਮਿਟਾ ਸਕਦਾ ॥

## ਪਉੜੀ ॥

**ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥**
**ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥**
**ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥**
**ਮੇਲੁ ਭਇਆ ਚਿਰੀ ਵਿਛੁੰਨਿਆ ਗੁਰਪੁਰਖ ਮਿਲਾਏ ॥**
**ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥ ੧੭ ॥**

ਜੇਹੜਾ ਆਪਣੇ ਵਾਹਿਗੁਰੂ ਨੂੰ ਸਲਹੁੰਦਾ ਹੈ ਓਹ ਸੋਭਾ ਪਾਉਂਦਾ ਹੈ ॥ ਰਿਦੇ ਵਿਚੋਂ ਹੰਗਤਾ ਨੂੰ ਦੂਰ ਕਰਕੇ ਸੱਚ ਨੂੰ ਮਨ ਵਿਚ ਵਸਾਂਉਂਦਾ ਹੈ ॥ ਸੁਚੀ ਬਾਣੀ ਕਰਕੇ ਵਾਹਿਗੁਰੂ ਦੇ ਗੁਣ ਉਚਾਰਦਾ ਹੈ ਤੇ ਸੱਚਾ ਸੁਖ ਪਾਉਂਦਾ ਹੈ ॥ ਜਿਨਾਂ ਗੁਰਾਂ ਨੇ ਅਕਾਲ ਪੁਰਖ ਨਾਲ ਮਿਲਾਇਆ ਹੈ ਓਨਾਂ ਚਿਰਾਂ ਦੇ ਵਿਛੜਿਆਂ ਦਾ ਮੇਲ ਹੋਯਾ ਹੈ ॥ ਵਾਹਿਗੁਰੂ ਦਾ ਨਾਮ ਧਿਆਵੇ ਮੈਲਾ ਮਨ ਇਸਤਰਾਂ ਸੁਧ ਹੁੰਦਾ ਹੈ ॥

Digitized by Panjab Digital Library | www.panjabdigilib.org

## ਸਲੋਕੁ ਮਃ ੧ ॥

ਕੂਮਲ=ਕੂਲੀ ਕਰੂਮਲੀ ॥ ਗੁਪਸਿ=ਗੁੰਦ, ਪਰੋਅ ॥

**ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ ॥**
**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ ॥ ੧ ॥**

ਕਾਇਆਂ ਰੂਪ ਬੂਟੀ ਨਾਲ ਜੋ ਕੂਲੀ ਬੂਧੀ ਰੂਪ ਕਰੂਮਲੀ ਹੈ ਉਸ ਨਾਲੋਂ ਗੁਣ ਰੂਪ ਫੁਲ ਤੋੜਕੇ ਗੁਰੂ ਜੀ ਆਖਦੇ ਹਨ ਰਸਨਾਂ ਨਾਲ ਮਾਲਾ ਗੁੰਦੋ ॥ ਇਹਨਾਂ ਫੁਲਾਂ ਦੀ ਮਾਲਾ ਪਰੋਅ ਕੇ ਪਾਉਣ ਨਾਲ ਵਾਹਿਗੁਰੂ ਸਾਡੇ ਵੱਲ ਆਉਣ ਦਾ ਦੁਖ ਕਰੇਗਾ ਹੋਰ ਬਿਰਛਾਂ ਦੀਆਂ ਟਾਹਣੀਆਂ ਨਾਲੋਂ ਫੁਲ ਕੀ ਚੁਣਦੇ ਹੋ ॥

(ਦਿਸਾ ਪੁਰੀ=ਪਰਦੇਸ ।।)

**ਮਃ ੨ । ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ ॥**
**ਜਿਨਕੇ ਕੰਤੁ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥ ੨ ॥**

ਗੁਰੂ ਜੀ ਆਖਦੇ ਹਨ ਓਨਾਂ ਨੂੰ ਬਸੰਤ=ਅਨੰਦ ਹੈ ਜਿਨਾਂ ਦੇ ਘਰ ਰਿਦੇ ਵਿਚ ਕੰਤ ਵਾਹਿਗੁਰੂ ਵਸਿਆ ਹੈ ॥ ਜਿਨਾਂ ਇਸਤ੍ਰੀਆਂ ਦੇ ਪਤੀ ਹੋਰਨਾਂ ਦਿਸ਼ਾਂ ਪੁਰੀਆਂ ਸ਼ੈਹਿਰਾਂ ਵਲ ਗਏ ਹੋਏ ਹਨ ਓਹ ਰਾਤ ਦਿਨੇ ਸੜਦੀਆਂ ਫਿਰਦੀਆਂ ਹਨ ॥

## ਪਉੜੀ ॥

**ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ ॥**
**ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ ॥**
**ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ ॥**
**ਸਤਿਗੁਰ ਚਰਣੀ ਲਗਿਆ ਹਰਿਨਾਮੁ ਨਿਤ ਜਪਨੀ ॥**
**ਜੋ ਇਛੈ ਸੋ ਫਲੁ ਪਾਇਸੀ ਸਭ ਘਰੈ ਵਿਚਿ ਜਚਨੀ ॥ ੧੮ ॥**

ਪੂਰੇ ਸਤਿਗੁਰਾਂ ਦੇ ਬਚਨਾਂ ਦੁਆਰਾ ਆਪੇ ਹੀ ਕਿਰਪਾ ਕਰਕੇ ਬਖਸ਼ਦਾ ਹੈ ॥
ਰਾਤ ਦਿਨੇ ਸੇਵਾ ਕਰਾਂ, ਗੁਣਾਂ ਨੂੰ ਉਚਾਰਾਂ ਅਤੇ ਮਨ ਨੂੰ ਸਚੇ ਵਿਚ ਰਚਾਂ ॥
ਮੇਰਾ ਵਾਹਿਗੁਰੂ ਬੇਅੰਤ ਹੈ ਕਿਸੇ ਨੇ ਅੰਤ ਨਹੀਂ ਲਿਆ ॥ ਸਤਿਗੁਰਾਂ ਦੀ ਚਰਨੀ ਲਗਿਆਂ ਹੋਇਆਂ ਵਾਹਿਗੁਰੂ ਦਾ ਨਾਮ ਨਿਤ ਹੀ ਜਪੀਦਾ ਹੈ ॥
ਜੋ ਚਾਹੁੰਦਾ ਹੈ ਸੋ ਫਲ ਪਾ ਲੈਂਦਾ ਹੈ ਸਾਰੀਆਂ "ਜਚਨੀ" ਲੋੜਾਂ ਘਰ ਵਿਚ ਹੀ

Digitized by Panjab Digital Library | www.panjabdigilib.org

ਪੂਰੀਆਂ ਹੋ ਜਾਂਦੀਆਂ ਹਨ ॥

## ਸਲੋਕੁ ਮ: ੧ ॥

**ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥**
**ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥ ੧ ॥**

ਸਾਰੀਆਂ ਰੁਤਾਂ ਵਿਚੋਂ ਪਹਿਲੇ ਬਸੰਤ ਦਾ ਨਾਮ ਆਂਉਂਦਾ ਹੈ ਅਤੇ ਬਸੰਤ ਹੀ ਸਾਰਿਆਂ ਬ੍ਰਿਛਾਂ ਨਾਲੋਂ ਪਹਿਲੇ ਆਉਂਦਾ ਕੀ ਫੁਲਦਾ ਹੈ ਏਸੇ ਹੀ ਤਰਾਂ ਸਭ ਤੋਂ ਪਹਿਲੋਂ ਸੋ ਵਾਹਿਗੁਰੂ ਮੌਲਿਆ ਹੋਯਾ ਕੀ ਬਣਿਆਂ ਹੋਯਾ ਹੈ ॥ ਜਿਸਦੇ ਫੁਲਣ ਕਰਕੇ ਸਾਰੇ ਫੁਲੇ ਹੋਇ ਹਨ ਤਿਸਨੂੰ ਕੋਈ ਨਹੀਂ ਪ੍ਰਫੁਲਤ ਕਰਦਾ ਭਾਵ ਜਿਸਦੇ ਖੁਸ਼ੀ ਹੋਯਾਂ ਸਭ ਖੁਸ਼ੀ ਹੋ ਰਹੇ ਹਨ ਤਿਸਨੂੰ ਕੋਈ ਨਹੀਂ ਖੁਸ਼ੀਕਰਦਾ ਭਾਵ ਭੁਜਨ ਕਰਦਾ ॥

**ਮ: ੨ ॥ ਪਹਿਲ ਬਸੰਤੈ ਆਗਮਨਿ ਤਿਸਕਾ ਕਰਹੁ ਬੀਚਾਰੁ ॥**
**ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥ ੨ ॥**

ਜੇਹੜਾ ਵਾਹਿਗੁਰੂ ਬਸੰਤ ਦੇ ਆਉਣ ਤੋਂ ਪਹਿਲਾਂ ਦਾ ਹੀ ਆਇਆ ਹੋਯਾ ਹੈ ਉਸਦੇ ਭੁਜਨ ਦਾ ਵਿਚਾਰ ਕਰੋ ॥ ਗੁਰੂ ਜੀ ਆਖਦੇ ਹਨ ਉਸਨੂੰ ਸਲਾਹੋ ਜੋ ਸਾਰਿਆਂ ਨੂੰ ਆਸਰਾ ਦੇਂਦਾ ਹੈ ॥

**ਮ: ੨ ॥ ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥ ੩ ॥**

ਜੇਹੜਾ ਸੰਸਾਰ ਵਿਚ ਮਿਲਿਆ ਹੋਇਆ ਹੈ ਜੇਹੜਾ ਉਸ ਨਾਲ ਮਿਲਿਆ ਹੈ ਓਹ ਵਾਹਿਗੁਰੂ ਨਾਲ ਨਹੀਂ ਮਿਲਿਆ ਅਥਵਾ ਜੇਹੜਾ ਆਪਣੇ ਆਪ ਨੂੰ ਵਾਹਿਗੁਰੂ ਨਾਲ ਮਿਲਿਆ ਮਿਲਿਆ ਆਖਦਾਹੈ ਓਹ ਵਾਹਿਗੁਰੂ ਨਾਲ ਨਹੀਂ ਮਿਲਦਾ ਜੇਹੜਾ ਸਾਰਿਆਂ ਨਾਲ ਮਿਲਿਆ ਹੋਯਾ ਵਾਹਿਗੁਰੂ ਹੈ ਤਿਸ ਨਾਲ ਜੇਹੜੇ ਗੁਰਮੁਖ ਮਿਲੇ ਹੋਏ ਹਨ ॥ ਤਿਨਾਂ ਗੁਰਮੁਖਾਂ ਦੇ ਨਾਲ ਅੰਦਰੋਂ ਮਨ ਕਰਕੇ ਜੋ ਮਿਲੇ ਓਹ ਮਿਲਿਆ ਹੋਯਾ ਕਹੀਦਾ ਹੈ ॥

## ਪਉੜੀ ॥

**ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ ॥**
**ਦੂਜੀ ਕਾਰੈ ਲਗਿਆ ਫਿਰਿ ਜੋਨੀ. ਪਾਵੈ ॥**

Digitized by Panjab Digital Library | www.panjabdigilib.org

ਨਾਮਿ ਰਤਿਆ ਨਾਮੁ ਪਾਈਐ ਨਾਮੇ ਗੁਣ ਗਾਵੈ ॥
ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ ॥
ਸਤਿਗੁਰ ਸੇਵਾ ਸਫਲ ਹੈ ਸੇਵਿਐ ਫਲ ਪਾਵੈ ॥ ੧੯ ॥

ਜੇਹੜਾ ਵਾਹਿਗੁਰੂ ਦਾ ਨਾਮ ਸਲਾਹੁੰਦਾ ਹੈ ਓਹ ਸੱਚੀ ਕਾਰ ਕਮੌਂਦਾ ਹੈ॥ ਦੂਜੀ ਕਾਰ ਵਿਚ ਲਗਿਆਂ ਹੋਇਆਂ ਜਾਂ ਲੱਗਾ ਹੋਯਾ ਫਿਰ ਫਿਰਕੇ ਜਨਮਾਂ ਨੂੰ ਪਾਉਂਦਾ ਹੈ ॥ ਨਾਮ ਵਿਚ ਰੱਤਿਆਂ ਹੋਇਆਂ ਨਾਮੀ ਨੂੰ ਪਾਈਦਾ ਹੈ ਇਸ ਲਈ ਨਾਮ ਦੇ ਹੀ ਗੁਣ ਗਾਂਉਂਣੇ ਚਾਹੀਦੇ ਹਨ ॥ ਗੁਰਾਂ ਦੇ ਸ਼ਬਦ ਕਰਕੇ ਸਲਾਹੀਏ ਤਾਂ ਵਾਹਿਗੁਰੂ ਦੇ ਨਾਮ ਵਿਚ ਸਮਾਈਦਾ ਹੈ ॥ ਸਤਿਗੁਰਾਂ ਦੀ ਸੇਵਾ ਕਰਨੀ ਸਫਲ ਹੈ ਜੇਹੜਾ ਸੇਵਾ ਕਰਦਾ ਹੈ ਓਹ ਫਲ ਪਾਉਂਦਾ ਹੈ ॥

## ਸਲੋਕੁ ਮਃ ੨ ॥

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥ ੧ ॥

ਕਿਸੇ ਦਾ ਕੋਈ ਆਸਰਾ ਕਿਸੇ ਦਾ ਕੋਈ ਆਸਰਾ ਮੇਰਾ ਨਿਮਾਣੀ ਦਾ ਆਸਰਾ ਇਕ ਤੂੰ ਹੈਂ ॥ ਫਿਰ ਕਿਉਂ ਨਾਂ ਰੋਕੇ ਮਰ ਜਾਈਏ ਜਿੰਨਾਂ ਚਿਰ ਤੂੰ ਚਿਤ ਚੇਤੇ ਨ ਆਵੇਂ ॥

ਮਃ ੨ ॥ ਜਾ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮਾਲਿਓਇ ॥
ਨਾਨਕ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ ੨ ॥

ਜਦੋਂ ਸੁਖ ਹੋਵੇ ਤਦੋਂ ਵੀ ਵਾਹਿਗੁਰੂ ਨੂੰ ਉਚਾਰਦੇ ਰਹੋ ਦੁਖ ਵਿਚ ਵੀ ਵਾਹਿਗੁਰੂ ਨੂੰ ਸੰਭਾਲੋ ਕੀ ਯਾਦ ਕਰੋ ॥ ਗੁਰੂ ਜੀ ਆਖਦੇ ਹਨ ਸਿਆਣੀਏਂ ਇਸਤਰਾਂ ਕੰਤ ਨਾਲ ਮਿਲਾਵਾ ਹੁੰਦਾ ਹੈ ॥

## ਪਉੜੀ ॥

ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥
ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥
ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥
ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ ੨੦ ॥ ੧ ॥

Digitized by Panjab Digital Library | www.panjabdigilib.org

ਮੈਂ ਕੀੜਾ ਆਦਮੀ ਕੀ ਸਲ੍ਹਾਹਾਂ ਤੇਰੀ ਵੱਡੀ ਵਡਿਆਈ ਹੈ ॥ ਤੂੰ ਦਿਆਲੂ ਅਗਮ ਅਗੰਮ ਹੈਂ ਆਪੇ ਹੀ ਮਿਲਾ ਲੈਂਗਾ ॥
ਮੇਰਾ ਤੇਰੇ ਤੋਂ ਬਿਨਾਂ ਬੇਲੀ ਕੋਈ ਨਹੀ ਓੜਕ ਨੂੰ ਸਾਥੀ ਤੂੰ ਹੈਂ । ਜੇਹੜੇ ਤੇਰੀ ਸਰਨ ਆਏ ਹਨ ਓਨਾਂ ਨੂੰ ਤੂੰ ਛੁੜਾ ਲੈਂਦਾ ਹੈਂ । ਗੁਰੂ ਜੀ ਆਖਦੇ ਹਨ ਤੂੰ ਵੇਪਰਵਾਹ ਹੈਂ ਤੈਨੂੰ ਰਤਾ ਵੀ ਲਾਲਚ ਨਹੀ ਹੈ।

## ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ ਕਬੀਰ ਕੇ

## ੧ ਓ ਸਤਿਗੁਰਪ੍ਰਸਾਦਿ ॥

ਅਵਤਰਿ=ਮਨੁਖਾ ਜਨਮ ਵਿਚ ਉਤਰਨਾ ।

**ਅਵਤਰਿ ਆਇ ਕਹਾ ਤੁਮ ਕੀਨਾ ॥**
**ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥**

ਹੇ ਭੈੜੇ ਆਦਮੀ ! ਅਮੋਲਕ ਮਨੁਖਾ ਦੇਹ ਵਿਚ ਉਤਰਕੇ ਭਾਵ ਜਨਮ ਲੈਕੇ ਤੂੰ ਕੀ ਕੀਤਾ ਹੈ, ਵਾਹਿਗੁਰੂ ਦਾ ਨਾਮ ਕਦੀ ਵੀ ਨਹੀ ਲਿਆ ॥

**ਰਾਮ ਨ ਜਪਹੁ ਕਵਨ ਮਤਿ ਲਾਗੇ ॥**
**ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥ ਰਹਾਉ ॥**

ਵਾਹਿਗੁਰੂ ੨ ਨਹੀ ਜਪਦੇ ਕੇਹੜੀ ਸਿਖਿਆ (ਭੈੜੀ ਅਕਲ) ਵਿਚ ਲਗੇ ਹੋਏ ਹੋ ਹੇ ਅਭਾਗੇ ਆਦਮੀ ! ਮਰ ਜਾਣ ਵਾਲਿਆਂ ਕੰਮਾਂ ਨੂੰ ਕੀ ਕਰਦਾ ਹੈਂ ਭਾਵ ਜਨਮ ਮਰਨ ਵਿਚ ਪੌਣ ਵਾਲੇ ਕੰਮਾਂ ਨੂੰ ਕੀ ਕਰਦਾ ਹੈਂ ਵਾ ਮਰ ਜਾਨ ਦੇ ਵੇਲੇ ਕੀ ਕਰੇਂਗਾ ਭਾਵ ਮੌਤ ਤੋਂ ਬਚਨ ਦਾ ਕੇਹੜਾ ਉਪਾਉ ਕਰੇਂਗਾ ?

ਇਕ ਸਰ=ਏਕ ਸਾਰ; ਇਕ ਰਸ, ਬਹੁਤ ।

**ਦੁਖ ਸੁਖ ਕਰਿਕੈ ਕੁਟੰਬੁ ਜੀਵਾਇਆ ॥**
**ਮਰਤੀ ਬਾਰ ਇਕਸਰ ਦੁਖੁ ਪਾਇਆ ॥ ੨ ॥**

ਜਿਨਾਂ ਨੇ ਦੁਖ ਸੁਖ (ਬੜੇ ਔਖੇ ਹੋਕੇ ਕੰਮ) ਕਰਕੇ ਆਪਣੇ ਕੁਟੰਬ ਨੂੰ ਜੀਵਾਲਿਆ (ਪਾਲਿਆ) ਹੈ ਓਨਾਂ ਨੇ ਮਰਨ ਦੇ ਵੇਲੇ ਹਦੋਂ ਬ੍ਰਾਹਲਾ ਦੁਖ ਪਾਇਆ ।

Digitized by Panjab Digital Library | www.panjabdigilib.org

ਗਹਨ=ਪਕੜਨ। ਸੰਮਾਰਾ=ਯਾਦ॥

ਕੰਠ ਗਹਨ ਤਬ ਕਰਨ ਪੁਕਾਰਾ॥
ਕਹਿ ਕਬੀਰ ਆਗੇ ਤੇ ਨ ਸੰਮਾਰਾ॥ ੩॥ ੧ ॥

ਜਦੋਂ ਜਮਦੂਤ ਤੁਹਾਨੂੰ ਗਲੋਂ ਫੜਨਗੇ ਤਦੋਂ ਤੁਸੀ ਪੁਕਾਰੋਗੇ, ਭਾਵ ਸਬੰਧੀਆਂ ਨੂੰ ਵਾਜਾਂ ਮਾਰੋਗੇ, ਕਬੀਰ ਜੀ ਕਹਿੰਦੇ ਹਨ ਤਦ ਓਹ ਜਮਦੂਤ ਤੁਹਾਨੂੰ ਕਹਿਣਗੇ ਹੇ ਨੀਚੋ! ਇਸ ਦੁਖ ਤੋਂ ਤੁਹਾਨੂੰ ਵਾਹਿਗੁਰੂ ਦਾ ਨਾਮ ਛੁਡਾਉਣ ਵਾਲਾ ਸੀ ਸੋ ਤੁਸਾਂ ਤਿਸ ਦੁਖ ਤੋਂ ਅਗੇ ਪਹਿਲੇ ਯਾਦ ਨ ਕੀਤਾ॥

## ਸੂਹੀ ਕਬੀਰ ਜੀ

"ਬਿਸ੍ਰਬਧ ਨਵੋਢਾ ਨਾਇਕਾ ਰੂਪ ਜਗਜਾਸੂ"

ਥਰ ਹਰ=ਕੰਬਣਾ ਡੋਲਣਾ॥ ਬਾਲਾ=ਬੇਸਮਝ ਇਸਤ੍ਰੀ

*ਥਰ ਹਰ ਕੰਪੈ ਬਾਲਾ ਜੀਉ॥
ਨ ਜਾਨਉ ਕਿਆ ਕਰਸੀ ਪੀਉ॥ ੧ ॥

ਧੀਰਜ ਤੋਂ ਰਹਤ ਹੋਇਆ ੨ ਬੇਸਮਝ ਜੀਵ ਕੰਬਦਾ ਹੈ ਮੈਂ ਨਹੀ ਜਾਣਦਾ ਕਿ ਵਾਹਿਗੁਰੂ ਮੇਰੇ ਨਾਲ ਕੀ ਕਰੇਗਾ॥

ਰੈਨ=ਰਾਤ। ਮਤ=ਨਾਂ। ਭਵਰ=ਭੌਰੇ, ਕਾਲੇ ਵਾਲ। ਬਗ=ਬਗਲੇ, ਚਿਟੇਵਾਲ।

ਰੈਨਿ ਗਈ ਮਤ ਦਿਨ ਭੀ ਜਾਇ॥
†ਭਵਰ ਗਏ ਬਗ ਬੈਠੇ ਆਇ॥ ੧॥ ਰਹਾਉ ॥

ਜੁਆਨੀ ਰੂਪ ਰਾਤ ਐਂਵੇ ਹੀ ਚਲੀ ਗਈ ਹੈ ਇਕੁਰ ਹੀ ਬੁਢੇਪਾ ਰੂਪ ਦਿਨ ਵਾਹਿਗੁਰੂ ਦੇ ਭਜਨ ਤੋਂ ਬਿਨਾ ਐਂਵੇ ਨਾ ਚਲਿਆ ਜਾਵੇ, ਭਵਰੇ ਉਡ ਗਏ ਹਨ ਬਗਲੇ ਆਣ ਬੈਠੇ ਹਨ, ਭਾਵ ਕਾਲੇ ਵਾਲ ਦੂਰ ਹੋ ਗਏ ਹਨ ਚਿਟੇ ਵਾਲ ਆ ਗਏ ਹਨ॥

ਕਰਵੈ=ਭਾਂਡੇ॥

ਕਾਚੈ ਕਰਵੈ ਰਹੈ ਨ ਪਾਨੀ॥
ਹੰਸੁ ਚਲਿਆ ਕਾਇਆ ਕੁਮਲਾਨੀ॥ ੨ ॥

ਜਿੱਕੁਰ ਕਚੇ ਭਾਂਡੇ ਵਿਚ ਪਾਣੀ ਨਹੀਂ ਠੈਹਰਦਾ ਇੱਕੁਰ ਹੀ ਜੀਵ ਆਤਮਾ ਜਦ ਚਲਿਆ ਜਾਵੇਗਾ, ਤਦ ਏਹ ਕਾਂਇਆਂ ਸੁੱਕ ਜਾਵੇਗੀ॥

---

*ਥਾਲੀ ਵਿਚ ਪਾਣੀ ਕੰਬਦਾ ਵੀ ਅਰਥ ਕਰਦੇ ਹਨ॥

†ਉਪਮਾਨ ਹੈ ਅਤੇ ਉਪਮੇਯ ਨਹੀ, ਇਸ ਲਈ ਇਹ ਉਪਮੇਯ ਲੁਪਤਾਲੰਕਾਰ ਹੈ

Digitized by Panjab Digital Library | www.panjabdigilib.org

(ਮਨਮੁਖ ਇਸਤ੍ਰੀ)

ਭਤਾਰਾ=ਪਤੀ ॥ ਰਲੀਆ=ਖੁਸ਼ੀਆਂ ॥

## ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥
## ਕਿਉ ਰਲੀਆ ਮਾਨੈ ਬਾਝੁ ਭਤਾਰਾ ॥ ੩ ॥

ਜਿਕੁਰ ਕੁਆਰੀ ਕੰਨਿਆ ਸ਼ਿੰਗਾਰ ਕਰੇ (ਵਾ ਕਰਦੀ ਹੈ) ਪਰ ਪਤੀ ਤੋਂ ਬਿਨਾ ਖੁਸ਼ੀਆਂ ਕਿੱਕੁਰ ਮਾਣੇ, ਭਾਵ ਵਿਆਹੀਆਂ ਹੋਈਆਂ ਇਸਤ੍ਰੀਆਂ ਵਾਂਙੂ ਓਹ ਅਨੰਦ ਨਹੀਂ ਲੈ ਸਕਦੀ (ਇੱਕੁਰ ਹੀ ਮਨਮੁਖ)

ਪਿਰਾਨੀ=ਪੀੜਾ ਸੰਯੁਕਤ ਥਕ ਗਈ ॥

ਭੁਜਾ=ਬਾਹਾਂ ॥ ਸਿਰਾਨੀ=ਪੂਰੀ ਹੋਈ ॥

## ਕਾਗ ਉਡਾਵਤ ਭੁਜਾ ਪਿਰਾਨੀ ॥
## ਕਹਿ ਕਬੀਰ ਇਹ ਕਥਾ ਸਿਰਾਨੀ ॥ ੪ ॥ ੨ ॥

ਕਾਂ ਉਡਾਉਂਦੀ ਦੀਆਂ ਬਾਹਾਂ ਵੀ ਥਕ ਗਈਆਂ ਭਾਵ ਭਾਵੇਂ ਓਹ ਇਸਤ੍ਰੀ ਕਿੰਨੇ ਹੀ ਸਗਨ ਕਰੇ ਪਰ ਫਿਰਭੀ ਉਸਨੂੰ ਅਨੰਦ ਨਹੀਂ ਹੁੰਦਾ, ਕਬੀਰ ਜੀ ਕਹਿੰਦੇ ਹਨ ਇਕੁਰ ਓਸ ਮਨਮੁਖ ਇਸਤ੍ਰੀ ਦੇ ਸਮੇਂ ਦੀ ਸਾਰੀ ਉਮਰ ਦੁਖਾਂ ਵਿਚ ਬਿਅਰਥ ਬੀਤੀ ॥

# ਸੂਹੀ ਕਬੀਰ ਜੀਉ

ਅਮਲੁ=ਚੰਗੇ ਕੰਮ ॥ ਸਿਰਾਨੋ=ਪੂਰੇ ਹੋਏ, ਮੁੱਕ ਗਏ ਬੀਤ ਗਏ ॥

## ਅਮਲੁ ਸਿਰਾਨੋ ਲੇਖਾ ਦੇਨਾ ॥
## ਆਏ ਕਠਿਨ ਦੂਤ ਜਮ ਲੇਨਾ ॥

ਚੰਗੇ ਕੰਮ ਕੀਤੇ ਹੋਏ ਮੁੱਕ ਗਏ ਹਨ ਇਸ ਲਈ ਹੁਣ ਲੇਖਾ ਦੇਣਾ ਪਵੇਗਾ ਬੁਰਾ ਹਾਲ ਕਰਨ ਵਾਲੇ ਜਮਦੂਤ ਲੈਨ ਵਾਸਤੇ ਆਏ ਹਨ ॥

(ਕਹਿੰਦੇ ਹਨ)

## ਕਿਆ ਤੈ ਖਟਿਆ ਕਹਾ ਗਵਾਇਆ ॥
## ਚਲਹੁ ਸਿਤਾਬ ਦੀਬਾਨਿ ਬੁਲਾਇਆ ॥ ੧ ॥

ਕੀ ਤੂੰ ਖਟਿਆ ਹੈ ਅਤੇ ਕਿਥੇ ਓਹ ਗਵਾ ਦਿਤਾ ਹਈ, ਭਾਵ ਮਨੁਖਾ ਜਨਮ ਜੇਹੜਾ ਤੈਨੂੰ ਮਿਲਿਆ ਸੀ ਉਸ ਵਿਚ ਤੂੰ ਕੀ ਖਟਿਆ ਹੈ ਅਤੇ ਓਹ ਕਿਥੇ ਗਵਾਇਆ ਈ ? ਭਾਵ ਵਿਸ਼ਿਆਂ ਵਿਚ ਸਮਾ ਬਿਤਾਇਆ ਹੈ, ਇਸ ਲਈ ਤੂੰ ਹੁਣ ਉਠ ਤੁਰ ਛੇਤੀ ਦੀਵਾਨ ਧਰਮ ਰਾਜਾ ਨੇ ਤੈਨੂੰ ਬੁਲਾਇਆ ਹੈ ਵਾ ਧਰਮ ਰਾਜਾ ਦੇ ਦੀਵਾਨ ਵਿਚ

Digitized by Panjab Digital Library | www.panjabdigilib.org

ਚਿਤ੍ਰ ਗੁਪਤਾਂ ਸਦਿਆ ਹੈ ॥

ਦਰਹਾਲ=ਛੇਤੀ, ਜਿਸ ਹਾਲ ਵਿਚ ਪਿਆ ਹੈਂ ॥

**ਚਲੁ ਦਰਹਾਲੁ ਦੀਵਾਨ ਬੁਲਾਇਆ ॥**
**ਹਰਿ ਫੁਰਮਾਨੁ ਦਰਗਹ ਕਾ ਆਇਆ ॥ ੧ ॥ ਰਹਾਉ ॥**

ਜਿਸ ਹਾਲ ਵਿਚ ਤੂੰ ਪਿਆ ਹੋਇਆ ਹੈਂ ਛੇਤੀ ਚਲ ਵਹਿਗੁਰੂ ਦੇ ਵਡੇ ਦੀਵਾਨ ਸਾਹਿਬ ਨੇ ਤੈਨੂੰ ਬੁਲਾਇਆ ਹੈ ਕੇਵਲ ਤੈਨੂੰ ਧਰਮ ਰਾਜਾ ਨੇ ਹੀ ਨਹੀ ਬੁਲਾਇਆ ਖਾਸ ਵਾਹਿਗੁਰੂ ਦੀ ਦਰਗਾਹ ਦਾ ਨਾਲ ਫੁਰਮਾਨ ਆਇਆ ਹੈ ॥

(ਜੀਵ)

**ਕਰਹੁ ਅਰਦਾਸਿ ਗਾਵ ਕਿਛੁ ਬਾਕੀ ॥**
**ਲੇਉ ਨਿਬੇਰਿ ਆਜੁ ਕੀ ਰਾਤੀ ॥**

ਮੈਂ ਬੇਨਤੀ ਕਰਦਾ ਹਾਂ ਕਿ ਇਸ (ਸਰੀਰ ਰੂਪ) ਪਿੰਡ ਵਿਚ ਮੇਰਾ ਕੁਝ ਲੇਖਾ ਲੋਕਾਂ ਵਲ ਬਾਕੀ ਲੱਗਦਾ ਹੈ, ਉਹ ਮੈਨੂੰ ਅੱਜ ਦੀ ਰਾਤ ਵਿੱਚ ਨਿਵੇੜ ਲੈਣ (ਖਾ ਲੈਣ) ਦਿਓ ॥

**ਕਿਛੁ ਭੀ ਖਰਚੁ ਤੁਮਾਰਾ ਸਾਰਉ ॥**
**ਸੁਬਹ ਨਿਵਾਜ ਸਰਾਇ ਗੁਜਾਰਉ ॥ ੨ ॥**

ਕੁਝ ਥੋੜਾ ਜੇਹਾ ਖਰਚ ਉਸ ਵਿਚੋਂ ਤੁਹਾਡੇ ਵੀ ਪੇਸ਼ ਕਰਾਂਗਾ ਭਾਵ ਤੁਹਾਨੂੰ ਦਿਆਂਗਾ ਅਤੇ ਸਵੇਰ ਦੀ ਨਿਮਾਜ ਰਸਤੇ ਦੀ ਸਰਾਇ ਵਿਚ ਕਰਾਂਗਾ, ਭਾਵੇਂ ਇਕੁਰਦੀ ਬੇਨਤੀ ਵੀ ਕਰੇਂਗਾ ਪਰ ਫਿਰ ਵੀ ਜਮਦੂਤਾਂ ਨਹੀਂ ਛਡਣਾ ਵਾ ਜੇਹੜੀ ਨਿਮਾਜ ਸਵੇਰ ਦੀ ਹੁੰਦੀ ਹੈ ਓਹ ਮੈਂ ਤੁਹਾਡੇ ਨਾਲ ਉਸ ਸਰਾਂ ਵਿਚ ਪੜ੍ਹਾਂਗਾ ਦੂਤ ਕਹਿੰਦੇ ਹਨ ਅਸਾਂ ਓਥੇ ਨਿਮਾਜ ਪੜ੍ਹਨੀ ਹੈ ॥

**ਸਾਧ ਸੰਗਿ ਜਾਕਉ ਹਰਿ ਰੰਗੁ ਲਾਗਾ ॥**
**ਧਨੁ ਧਨੁ ਸੋ ਜਨੁ ਪੁਰਖੁ ਸੁਭਾਗਾ ॥**

ਸੰਤਾਂ ਦੇ ਸੰਗ ਕਰਕੇ ਜਿਸ ਆਦਮੀ ਨੂੰ ਵਾਹਿਗੁਰੂ ਦਾ ਪ੍ਰੇਮ ਲਗਾ ਹੈ ਓਹ ਸ੍ਰੇਸ਼ਟ ਭਾਗਾਂ ਵਾਲਾ ਆਦਮੀ ਧੰਨ ਧੰਨਤਾ ਯੋਗ ਹੈ ॥

**ਈਤ ਊਤ ਜਨ ਸਦਾ ਸੁਹੇਲੇ ॥**
**ਜਨਮ ਪਦਾਰਥ ਜੀਤਿ ਅਮੋਲੇ ॥ ੩ ॥**

ਇਧਰ ਉਧਰ (ਲੋਕ ਪ੍ਰਲੋਕ) ਵਿੱਚ ਉਹ ਭਗਤ ਜਨ ਸਦਾ ਹੀ ਸੁਖੀ ਹਨ ਕਿਉਂ

Digitized by Panjab Digital Library | www.panjabdigilib.org

792



ਕਿ ਉਨਾਂ ਨੇ ਅਮੋਲਕ ਰੂਪ ਪਦਾਰਥ ਜਿਤ ਲਿਆ ਹੈ॥

ਜਾਗਤੁ ਸੋਇਆ ਜਨਮੁ ਗਵਾਇਆ ॥
ਮਾਲੁ ਧਨੁ ਜੋਰਿਆ ਭਇਆ ਪਰਾਇਆ ॥

ਜੇਹੜਾ ਜਾਗਦਾ ਹੋਇਆਂ ਹੀ ਸਉਂ ਗਿਆ ਹੈ ਉਸਨੇ ਜਨਮ ਗਵਾ ਲਿਆ ਹੈ ਓਹ ਜੇਹੜਾ ਮਾਲ (ਡੰਗਰ ਵੱਛਾ) ਧਨ ਕੱਠਾ ਕੀਤਾ ਸੀ ਸੋ ਸਭ ਪਰਾਇਆ ਹੋ ਗਿਆ ॥

ਕਹੁ ਕਬੀਰ ਤੇਈ ਨਰ ਭੂਲੇ ॥
ਖਸਮ ਬਿਸਾਰਿ ਮਾਟੀ ਸੰਗ ਰੂਲੇ ॥ ੪ ॥ ੩ ॥

ਕਬੀਰ ਜੀ ਕਹਿੰਦੇ ਹਨ ਓਹੋ ਹੀ ਆਦਮੀ ਭੁਲੇ ਹਨ ਜੇਹੜੇ ਪਿਛੇ ਕਹੇ ਹਨ ਸੋ ਓਹ ਵਾਹਿਗੁਰੂ ਨੂੰ ਭੁਲਾਕੇ ਮਿਟੀ ਨਾਲ ਰੁਲ ਗਏ ਹਨ ॥

ਸੂਹੀ ਕਬੀਰ ਜੀਉ ॥ ਲਲਿਤ

ਲਲਤਿ=ਜਾਤੀ, ਸੁੰਦਰ। ਜਰਾ=ਬੁਢੇਪਾ। ਸ੍ਰਵਨ=ਕੰਨ ॥

793

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥

ਹੇ ਲੋਕੋ ! ਤੁਹਾਡੇ ਨੇਤ੍ਰ ਵੀ ਥੱਕ ਗਏ ਹਨ ਕੰਨ ਵੀ ਸੁਣ ਸੁਣਕੇ ਥਕ ਗਏ ਹਨ, ਸੁੰਦਰ ਕਾਇਆਂ ਵੀ ਥੱਕ ਗਈ ਹੈ ਅਤੇ ਬੁਢੇਪੇ ਵਾਲੀ ਉਮਰ ਵੀ ਵਾਜਾਂ ਮਾਰਦੀ ਚਲੀ ਆਉਂਦੀ ਹੈ, ਅਤੇ ਸੁਆਦ ਲੈਣ ਵ... ਸਾਰੀ ਅਕਲ ਵੀ ਥੱਕ ਗਈ ਹੈ ਵਾ ਬੁਢੇਪੇ ਦੀ ਉਮਰ ਨੂੰ ਹਿੱਕਦੀ ਵਧੌਂਦੀ ਅਕਲ ਸਰੀ ਥਕ ਗਈ ਹੈ ਪਰ ਅਫਸੋਸ ਮਨ ਤੋਂ ਇਕ ਮਾਇਆ ਨਹੀਂ ਥਕੀ ॥

ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥
ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥

ਹੇ ਬੌਰੇ ਤੂੰ ਗਿਆਨ ਦੇਣ ਵਾਲਾ ਵਿਚਾਰ ਨਾ ਪਾਇਆ ਅਤੇ ਬਿਅਰਥ ਹੀ ਜਨਮ ਗਵਾ ਲਿਆ ॥

ਸਰੇਵਹੁ=ਸੇਵੋ। ਭਾਉ=ਪ੍ਰੇਮ। ਘਟ=ਘੜਾ, ਸਰੀਰ

ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥
ਜਾ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥ ੨ ॥

Digitized by Panjab Digital Library | www.panjabdigilib.org

ਹੇ ਪ੍ਰਾਣੀ! ਓਨਾ ਚਿਰ ਵਾਹਿਗੁਰੂ ਨੂੰ ਸੇਂਵਦੇ ਰਹੋ ਜਿੰਨਾ ਚਿਰ ਸਰੀਰ ਵਿਚ ਸੁਆਸ ਹਨ। ਜੇ ਸਰੀਰ ਚਲਿਆ ਜਾਵੇ ਤਾਂ ਬੇਸ਼ਕ ਜਾਣ ਦੇਣਾ ਪਰ ਪ੍ਰੇਮ ਨ ਜਾਵੇ, ਵਾਹਿਗੁਰੂ ਦੇ ਚਰਨਾਂ ਵਿਚ ਹੀ ਨਿਵਾਸ ਕਰਦੇ ਰਹਿਣਾ ॥

ਜਿਨਿ=ਜਿਤ ॥

**ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥**
**ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥ ੩ ॥**

ਜਿਸਦੇ ਅੰਦਰ ਗੁਰਾਂ ਦੇ ਉਪਦੇਸ਼ ਨੂੰ ਵਾਹਿਗੁਰੂ ਵਸਾਏ ਉਸਦੀ ਪਿਆਸ ਦੂਰ ਹੋ ਜਾਂਦੀ ਹੈ। ਵਾਹਿਗੁਰੂ ਦਾ ਹੁਕਮ ਮੰਨੇ "ਏਹੋ ਹੀ ਚੌਪੜ ਖੇਡੇ" ਮਨ ਨੂੰ ਜਿਤੇ "ਏਹ ਪਾਸਾ ਢਾਲੇ" ॥

**ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥**
**ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ**
**ਢਾਲਿ ਜੁ ਜਾਨਹਿ ਪਾਸਾ ॥ ੪ ॥ ੪ ॥**

ਜੇਹੜੇ ਆਦਮੀ ਵਾਹਿਗੁਰੂ ਨੂੰ ਅਵਿਗਤ ਜਾਣ ਕਰ ਯਾਦ ਕਰਦੇ ਹਨ ਉਨਾਂ ਦਾ ਕੁਝ ਨਹੀਂ ਨਾਸ ਹੁੰਦਾ। ਕਬੀਰ ਜੀ ਕਹਿੰਦੇ ਹਨ ਉਹ ਆਦਮੀ ਇਸ ਸੰਸਾਰ ਰੂਪ ਬਾਜੀ ਵਿਚੋਂ ਕਦੀ ਵੀ ਨਹੀਂ ਹਾਰਦੇ ਜੇਹੜੇ ਪਾਸਾ ਢਾਲਣ ਜਾਣਦੇ ਹਨ ॥

## ਸੂਹੀ ਲਲਿਤ ਕਬੀਰ ਜੀਉ

ਸਿਕਦਾਰਾ=ਸਰਦਾਰ। ਬੋਈ=ਬੀਜੀ। ਦੁਖਾਲਾ=ਔਖਾ ॥

**ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥**
**ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥ ੧ ॥**

ਇਕ ਸਰੀਰ ਰੂਪ ਕਿਲਾ ਹੈ ਜਿਸ ਵਿਚ ਪੰਜ ਕਾਮਾਦਿਕ ਸਰਦਾਰ ਹਨ, ਪੰਜੇ ਹੀ ਮਾਮਲਾ ਮੰਗਦੇ ਹਨ, ਪਰ ਮੈਂ ਤਾਂ ਜ਼ਮੀਨ ਕਿਸੇ ਦੀ ਵੀ ਨਹੀਂ ਬੀਜੀ ਭਾਵ "ਮੈਂ ਤਾਂ ਕਿਸੇ ਨੂੰ ਵੀ ਆਦਰ ਨਹੀਂ ਦੇਂਦਾ" ਇਸ ਲਈ ਮੈਨੂੰ ਐਸਾ ਮਾਮਲਾ ਦੇਣਾ ਔਖਾ ਹੈ ॥

ਭੁਜਾ=ਬਾਹਾਂ। ਡਸੈ=ਡੰਗ ਮਾਰੇ ॥

**ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥**
**ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ**
**ਤਿਨਿ ਹਉ ਲੀਆ ਉਬਾਰੀ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਵਾਹਿਗੁਰੂ ਦੇ ਲੋਕੋ ! ਮੈਨੂੰ ਰੋਜ ਹੀ ਧਰਮ ਰਾਜਾ "ਪਟਵਾਰੀ" ਦੁਖ ਦੇਂਦਾ ਸੀ, ਮੈਂ ਉਚੀਆਂ ਬਾਹਾਂ ਕਰਕੇ ਗੁਰਾਂ ਪਾਸ ਪੁਕਾਰਿਆ ਓਨਾਂ ਨੇ ਮੈਨੂੰ ਰੱਖ ਲਿਆ ॥

ਡਾਡੀ=ਮਿਣਨ ਵਾਲਾ, ਡੰਡਿਆਂ ਵਾਲਾ ॥
ਮਾਪਹਿ=ਮਿਣਦੇ। ਬਿਸਟਾਲਾ=ਵੱਢੀ, ਭੇਟਾ ॥

**ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥**
**ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥ ੨ ॥**

ਨੌਂ ਮਿਣਨ ਵਾਲੇ (ਗੋਲਕਾਂ) ਦਸ ਇਨਸਾਫ ਕਰਨ ਵਾਲੇ (ਇੰਦ੍ਰੇ) ਦੌੜਦੇ ਹਨ ਚੰਗੇ ਗੁਣਾਂ ਰੂਪ ਰੱਯਤ ਨੂੰ ਵੱਸਣ ਨਹੀਂ ਦੇਂਦੇ ਪੂਰੀ ਡੋਰੀ ਰੱਖ ਕੇ ਮਿਣਦੇ ਨਹੀਂ (ਭਾਵ ਆਪਣੇ ਕਰਮਾਂ ਤੇ ਸ਼ਾਕਰ ਨਹੀਂ ਰਹਿੰਦੇ) ਬਹੁਤ ਹੀ ਮਾਮਲਾ ਲੈਂਦੇ ਹਨ (ਭਾਵ ਅਧਰਮ ਕਰਦੇ ਹਨ, ਦੁਖ ਦੇਂਦੇ ਹਨ) ॥

ਰਿਜਮ=ਰੰਚਕ, ਥੋੜਾ ॥

**ਬਹਤਰਿ ਘਰ ਇਕੁ ਪੁਰਖੁ ਸਮਾਇਆ**
**ਉਨਿ ਦੀਆ ਨਾਮੁ ਲਖਾਈ ॥**
**ਧਰਮਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥ ੩ ॥**

ਬਹਤ੍ਰ ਕੋਠੜੀਆਂ ਵਾਲੇ ਸਰੀਰ ਵਿਚ ਇਕ ਪੁਰਸ਼ ਸਮਾਯਾ ਹੋਯਾ ਹੈ, ਉਸਦਾ ਮੈਨੂੰ ਗੁਰਾਂ ਨੇ ਨਾਮ ਦਸ ਦਿਤਾ ਹੈ ਫਿਰ ਮੈਂ ਧਰਮ ਰਾਜੇ ਦਾ ਦਫਤਰ ਸੋਧ ਲਿਆ ਓਥੋਂ ਮੇਰੇ ਵੱਲ ਕੋਈ ਰਿਜਮ ਵੀ ਬਾਕੀ ਨਾ ਨਿਕਲੀ ॥

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥**
**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾਕਾ ਨਾਉ ਬਿਬੇਕੋ ॥ ੪ ॥ ੫ ॥**

ਸੰਤਾਂ ਨੂੰ ਮਤ ਕੋਈ ਨਿੰਦੋ ਕਿਉਂਕਿ ਸੰਤ ਤੇ ਵਾਹਿਗੁਰੂ ਦੋਵੇਂ ਇਕ ਹਨ, ਕਬੀਰ ਜੀ ਕਹਿੰਦੇ ਹਨ ਮੈਂ ਸੋ ਗੁਰੂ ਪਾਇਆ ਹੈ ਜਿਸਦਾ ਨਾਮ ਦੋ ਤੋਂ ਇਕ ਹੈ ॥

## ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

**ੴ ਸਤਿਗੁਰਪ੍ਰਸਾਦਿ ॥**

ਰਲੀਆਂ=ਖੁਸ਼ੀਆਂ ॥

**ਸਹ ਕੀ ਸਾਰ ਸੁਹਾਗਨਿ ਜਾਨੈ ॥**

Digitized by Panjab Digital Library | www.panjabdigilib.org

ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥

ਪਤੀ ਦੀ ਸਾਰ ਸੁਹਾਗਣਾਂ ਜਾਣਦੀਆਂ ਹਨ, ਹੰਕਾਰ ਨੂੰ ਛੱਡਕੇ ਸੁਖਾਂ ਸਹਿਤ ਖੁਸ਼ੀਆਂ ਮਾਣਦੀਆਂ ਹਨ ॥

ਅੰਤਰੁ=ਫਰਕ ॥ ਅਭਾਖੈ=ਨਾ ਕਹਿਣਾ ॥

ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥ ੧ ॥

ਤਨ ਮਨ ਸਭ ਪਤੀ ਨੂੰ ਦੇ ਦੇਂਦੀਆਂ ਹਨ, ਕੁਝ ਵੀ ਫਰਕ ਨਹੀਂ ਰਖਦੀਆਂ ਵਾ ਤਨ ਮਨ ਦੇ ਦਵੇ ਅਤੇ ਫਰਕ ਨ ਰਖੇ ਹੋਰਨਾਂ ਨੂੰ ਵੇਖਕੇ ਨਾ ਓਨ੍ਹਾਂ ਪਾਸੋਂ ਕੁਝ ਸੁਣੇ ਅਤੇ ਨਾ ਕਹੇ, ਭਾਵ ਹੋਰਨਾਂ ਪਤੀਆਂ ਨੂੰ ਇਸਤ੍ਰੀ ਰੂਪ ਦੇਖੇ ਅਤੇ ਨਾ ਓਨ੍ਹਾਂ ਕੋਲੋਂ ਕੁਝ ਸੁਣ ਅਤੇ ਨਾ ਓਨ੍ਹਾਂ ਨਾਲ ਬੋਲੇ ॥

ਸੋ ਕਤ ਜਾਨੈ ਪੀਰ ਪਰਾਈ ॥
ਜਾਕੈ ਅੰਤਰਿ ਦਰਦੁ ਨ ਪਾਈ ॥ ੧ ॥ ਰਹਾਉ ॥

ਜਿਸਦੇ ਅੰਦਰ ਦਰਦ ਨਹੀਂ ਪਾਈਦੀ, ਓਹ ਕਿਸੇ ਦੀ ਪੀੜਾ ਨੂੰ ਕਿਆ ਜਾਣਦਾ ਹੈ ॥

ਪਖ=ਪਾਸੇ ॥ ਨਾਹ=ਪਤੀ ॥ ਨਿਰੰਤਰਿ=ਇਕ ਰਸ

ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥

ਛੁੱਟੜ ਇਸਤ੍ਰੀ ਦੋਹਾਂ ਪਾਸਿਆਂ (ਲੋਕ ਪ੍ਰਲੋਕ, ਸਾਹੁਰੇ ਪੇਕੇ) ਦੇ ਸੁਖ ਵਲੋਂ ਰਹਿਤ ਹੈ ਇਸ ਲਈ ਦੁੱਖੀ ਰਹਿੰਦੀ ਹੈ ਜਿਸਨੇ ਪਤੀ ਦੀ ਇਕ ਰਸ ਭਗਤੀ ਨਹੀ ਕੀਤੀ ਭਾਵ ਵਾਹਿਗੁਰੂ ਨਾਲ ਅਭੇਦ ਨਹੀਂ ਹੋਈ ॥

ਪੁਰਸਲਾਤ=ਪੁਲ, ਮੁਸਕਲ ॥ ਪੰਥ=ਰਸਤਾ ॥ ਗਵਨ=ਜਾਣਾ ॥

ਪੁਰਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥ ੨ ॥

ਉਸ ਪਲ ਦਾ ਰਸਤਾ ਬੜਾ ਔਖਾ ਹੈ, ਨਾਲ ਕੋਈ ਸਾਥੀ ਨਹੀਂ ਹੋਵੇਗਾ ॥ ਅਕੱਲਾ ਜਾਣਾ ਪਵੇਗਾ ॥

ਦੁਖੀਆ ਦਰਦਵੰਦੁ ਦਰਿ ਆਇਆ ॥

Digitized by Panjab Digital Library | www.panjabdigilib.org

ਬਹੁਤ ਪਿਆਸ ਜਬਾਬੁ ਨ ਪਾਇਆ ॥

ਹੇ ਦਰਦਵੰਦ ਵਾਹਿਗੁਰੂ! ਮੈਂ ਦੁਖੀ ਹੋਕੇ ਤੇਰੇ ਬੂਹੇ (ਸਤਸੰਗ ਵਾ ਸੰਸਾਰ) ਤੇ ਆਇਆ ਹਾਂ, ਮੈਨੂੰ ਤੇਰੇ ਦਰਸ਼ਨ ਦੀ ਬਹੁਤ ਪਿਆਸ (ਇਛਾ) ਹੈ ਅਜੇ ਤਕ ਮੈਂ ਤੇਰੇ ਵਲੋਂ ਕੋਈ ਜਵਾਬ ਨਹੀ ਪਾਇਆ।

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥ ੩ ॥ ੧ ॥

ਰਵਿਦਾਸ ਜੀ ਕਹਿੰਦੇ ਹਨ ਹੇ ਵਾਹਿਗੁਰੂ! ਮੈਂ ਤੇਰੀ ਸ਼ਰਨ ਹਾਂ ਜਿਕੁਰ ਜਾਣਦੇਹੋ ਤਿਕਰ ਹੀ ਮੇਰੀ ਗਤੀ ਕਰੋ।

ਸੂਹੀ। ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚ ਰਹਨੁ ਥਿਰੁ ਨਾਹੀ ॥

ਜੇਹੜਾ ਦਿਨ ਚੜ੍ਹਦਾ ਹੈ ਸੋ ਬੀਤ ਜਾਂਦਾ ਹੈ। ਇਕਰ ਹੀ ਅਸਾਂ ਕੂਚ ਕਰਨਾ ਹੈ। "ਥਿਰ ਨਹੀ ਰਹਿਣਾ"॥

ਗਵਨ=ਜਾਣਾ ॥

ਸੰਗ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨ ਸਿਰ ਊਪਰਿ ਮਰਨਾ ॥ ੧ ॥

ਸਾਡਾ ਸਾਥ ਚਲਦਾ ਹੈ ਅਸਾਂ ਵੀ ਚਲਣਾ ਹੈ, ਪਹਿਲੇ ਜਿਸ ਮਰ ਜਾਣ ਨੂੰ ਅਸੀ ਦੂਰ ਜਾਣਦੇ ਸੀ ਓਹ ਹੁਣ ਸਿਰ ਤੇ ਖੜਾ ਜਾਣ ਲਿਆ ਹੈ॥

ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ ॥

ਕੀ ਤੂੰ ਸੁਤਾ ਹੈਂ? ਜਾਗ ਇਆਣੇ! ਤੂੰ ਜਗ ਵਿਚ ਜੀਉਣਾ ਸਚਾ ਕਰਕੇ ਜਾਣਿਆ ਹੈ

ਅੰਬਰਾਵੈ=ਪਹੁੰਚਾਵੈ। ਭੀਤਰ=ਅੰਦਰ।

ਜਿਨਿ ਜੀਉ ਦੀਆ ਸੁ ਰਿਜਕ ਅੰਬਰਾਵੈ ॥
ਸਭ ਘਟਿ ਭੀਤਰਿ ਹਾਟੁ ਚਲਾਵੈ ॥

ਜਿਸਨੇ ਦੇਹ ਵਿਚ ਜੀਉ ਨੂੰ ਅਸਥਿਰ ਕਰ ਦਿਤਾ ਹੈ। ਸੋਈ ਰਿਜਕ ਪਹੁੰਚਾਂਦਾ (ਵਾ ਪਹੁੰਚਾਵੇ) ਹੈ, ਸਾਰਿਆਂ ਘਟਾਂ ਦੇ ਅੰਦਰ ਹਟੀਆਂ ਚਲਾਉਂਦਾ ਹੈ ਭਾਵ ਸਭ ਦੇ ਅੰਦਰ ਅੰਨ ਪਹੁੰਚਾਂਵਦਾ ਹੈ ਏਹੋ ਹੀ ਓਹ ਹਟੀ ਚਲਾਂਉਂਦਾ ਹੈ॥

Digitized by Panjab Digital Library | www.panjabdigilib.org

ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮਾਰਿ ਸਵੇਰਾ ॥ ੨ ॥

ਉਸਦੀ ਬੰਦਗੀ ਕਰ ਅਤੇ ਇਹ ਮੈਂ ਆਪ ਹਾਂ ਇਹ ਮੇਰਾ ਪਦਾਰਥ ਹੈ ਇਹ ਛਡ ਦੇਹ ਅਤੇ ਵਾਹਿਗੁਰੂ ਦਾ ਨਾਮ ਸਵੇਰੇ (ਰੋਜ ਛੇਤੀ) ਰਿਦੇ ਵਿਚ ਯਾਦ ਕਰ ॥

ਸਿਰਾਨੋ=ਬੀਤ ਗਿਆ। ਪੰਥ=ਰਸਤਾ।

ਜਨਮੁ ਸਿਰਾਨੋ ਪੰਥੁ ਨ ਸਵਾਰਾ ॥
ਸਾਂਝ ਪਰੀ ਦਹਦਿਸਿ ਅੰਧਿਆਰਾ ॥

ਅਮੋਲਕ ਮਨੁਖਾ ਜਨਮ ਤੇਰਾ ਐਵੇਂ ਹੀ ਬੀਤ ਗਿਆ ਅਤੇ ਤੂੰ ਅਪਨਾ ਅਗਲਾ ਰਸਤਾ ਨ ਸਵਾਰਿਆ, ਹੁਣ ਸੰਧਿਆ ਹੋਗਈ (ਭਾਵ ਬੁਢੇਪਾ ਆਗਿਆ) ਦਸਾਂ ਹੀ ਦਿਸਾਂ ਵਲ ਅੰਧੇਰਾ ਹੋ ਗਿਆ ਭਾਵ ਮੌਤ ਆ ਗਈ ॥

ਨਿਦਾਨਿ=ਮੂਰਖ। ਫਨ ਖਾਨੇ=ਫਨਾਹ ਰੂਪ ਘਰ ॥

ਕਹਿ ਰਵਿਦਾਸ ਨਿਦਾਨ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥ ੩ ॥ ੨ ॥

ਰਵਿਦਾਸ ਜੀ ਕੈਂਹਦੇ ਹਨ ਹੇ ਮੂਰਖ ਦੀਵਾਨੇ! ਵਾਹਿਗੁਰੂ ਨੂੰ ਕਿਉਂ ਨਹੀ ਯਾਦ ਕਰਦਾ, ਇਹ ਦੁਨੀਆਂ ਰੂਪ ਘਰ ਨਾਸਵੰਤ ਹੈ।

ਸਾਲ=ਥਾਂ। ਫੁਨਿ=ਫੇਰ ॥

ਸੂਹੀ ॥ ਊਚੇ ਮੰਦਰ ਸਾਲ ਰਸੋਈ ॥
ਏਕ ਘਰੀ ਫੁਨਿ ਰਹਨੁ ਨ ਹੋਈ ॥ ੧ ॥

ਉਚੇ ਮੰਦਰ, ਰਸੋਈ ਦੀ ਥਾਂ, 'ਮਰਨ ਦੇ ਵੇਲੇ' ਇਕ ਘੜੀ ਵੀ ਉਨਾਂ ਵਿਚ ਰਹਿਣਾ ਨਹੀ ਹੁੰਦਾ॥

ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ ੧ ॥ ਰਹਾਉ ॥

ਇਹ ਸਰੀਰ ਕਾਲ ਅਗਨੀ ਅਗੇ ਇਕਰ ਦਾ ਹੈ ਜਿਕੁਰ ਘਾਹ ਦੀ ਟੱਟੀ ਹੁੰਦੀ ਹੈ ਘਾਹ ਸੜ ਗਿਆ ਅਤੇ ਮਿ ੀ ਵਿਚ ਰਲ ਗਿਆ ॥

ਸਵੇਰਾ=ਪ੍ਰਾਤਾਕਾਲ, ਛੇਤੀ। ਬੰਧ=ਸਰਬੰਧੀ।
ਸਹੇਰਾ=ਸਹੇਲੇ, ਮਿਤ੍ਰ ਸਹੇੜੇ ਹੋਏ ॥

Digitized by Panjab Digital Library | www.panjabdigilib.org

ਭਾਈ ਬੰਧ ਕੁਟੰਬ ਸਹੇਰਾ ॥
ਓਇ ਭੀ ਲਾਗੇ ਕਾਢੁ ਸਵੇਰਾ ॥ ੨ ॥

ਭਾਈ, ਸਨਬੰਧੀ, ਕੁਟੰਬ, ਸਹੇਲੇ, ਓਹ ਵੀ ਕਹਿਣ ਲਗੇ ਕਿ ਛੇਤੀ ਕਢੋ ॥

ਉਰਹਿ=ਰਿਦਾ । ਤਨ=ਸਰੀਰ, ਨਾਲ ॥

ਘਰਿ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥ ੩ ॥

ਜੇਹੜੀ ਘਰ ਦੀ ਇਸਤ੍ਰੀ ਰਿਦੇ ਨਾਲ ਲਗੀ ਰਹਿੰਦੀ ਸੀ ਉਹ ਤਾਂ ਭੂਤ ਭੂਤ ਕਹਿਕੇ ਦੌੜੀ ॥

ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮ ਕਹਿ ਛੂਟਿਆ ॥ ੪ ॥

ਰਵਿਦਾਸ ਜੀ ਕਹਿੰਦੇ ਹਨ ਸਾਰਾ ਜਗ ਹੀ ਲੁਟਿਆ ਗਿਆ ਹੈ, ਮੈਂ ਇਕ ਵਾਹਿ-ਗੁਰੂ ਨੂੰ ਕਹਿਕੇ ਛੁਟਿਆ ਹਾਂ ॥

## ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ

### ੧ ਓ ਸਤਿਗੁਰਪ੍ਰਸਾਦਿ ॥

ਤਪਿ ਤਪਿ=ਤਪਸਿਆ ਕਰਦਾ ਹੋਯਾ (ਤਪ ਤਪਦਾ ਹੋਯਾ) ॥
ਲੁਹਿ ਲੁਹਿ=ਝੁਲਸ ਝੁਲਸਿ ਕੇ ( ਲੂਹੜ=ਲੂਹੜਾ ) ॥

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥

"ਤਪਿ ਤਪਿ ਲੁਹਿ ਲੁਹਿ" ਹੱਥ ਮਰੋੜਦੀ ਹਾਂ, ਬਾਵਲੀ, ਹੋਈ, ਹੋਈ ਸੋ ਸ਼ਹੁ ਨੂੰ ਲੋੜਦੀ ਹਾਂ ॥

ਤੈ ਸਹ ਮਨ ਮਹਿ ਕੀਆ ਰੋਸੁ ॥
ਮੁਝੁ ਅਵਗੁਣ ਸਹ ਨਾਹੀ ਦੋਸੁ ॥ ੧ ॥

ਤੈਂ ਪਤੀ ਨੇ ਮਨ ਵਿੱਚ ਗੁਸਾ ਕੀਤਾ ਹੈ, ਮੇਰੇ ਵਿਚ ਹੀ ਔਗੁਣ ਹਨ, ਪਤੀ ਨੂੰ ਕੋਈ ਦੋਸ਼ ਨਹੀਂ ॥

Digitized by Panjab Digital Library | www.panjabdigilib.org

ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥ ੧ ॥

ਤੈਂ ਸਾਹਿਬ ਦੀ ਮੈਂ ਸਾਰ ਨਹੀਂ ਜਾਣੀ, ਜੋਬਨ ਨੂੰ ਨਾਸ ਕਰਕੇ ਪਿਛੋਂ ਪਛਤਾਈ ਹਾਂ ॥

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥

(ਪ੍ਰਸ਼ਨ) ਹੇ ਕਾਲੀ ਕੋਇਲ ! ਤੂੰ ਕਿਸ ਗੁਣ ਕਰਕੇ ਕਾਲੀ ਹੋਈ ਹੈਂ ? (ਉਤਰ) ਆਪਣੇ ਪਿਆਰੇ ਦੇ ਵਿਛੋੜੇ ਵਿਚ ਮੈਂ ਸੜੀ ਹੋਈ ਹਾਂ। ਕਿਸੇ ਤਪੀ ਨੂੰ ਸਮਝਾਯਾਹੈ

ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥ ੨ ॥

ਆਪਣੇ ਪਤੀ ਤੋਂ ਬਿਨਾ ਕਿਥੇ ਸੁਖ ਪਾਵੇ, ਜੇ ਉਹ ਪ੍ਰਭੂ ਵਾਹਿਗੁਰੂ ਹੀ ਕਿਰਪਾਲੂ ਹੋਵੇ ਤਾਂ ਆਪਣੇ ਨਾਲ ਮਿਲਾ ਲੈਂਦਾ ਹੈ ॥

ਵਿਧਣ=ਬਹੁਤ ਦੁਖਾਂ ਨਾਲ ਵਿੰਨ੍ਹਿਆ ਹੋਇਆ । ਮੁੰਧ=ਮੂਰਖ ।

ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥

ਸੰਸਾਰ ਰੂਪ ਖੂਹੀ ਬਹੁਤ ਦੁਖਦਾਈ ਹੈ, ਤਿਸ ਉਤੇ ਜੀਵ ਰੂਪ ਮੂਰਖ ਇਸਤ੍ਰੀ ਇਕੇਲੀ ਹੈ, ਨਾਂ ਕੋਈ ਸਾਥੀ ਹੈ ਨਾ ਕੋਈ ਬੇਲੀ ਹੈ ॥

ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥ ੩ ॥

ਜਦ ਵਾਹਿਗੁਰੂ ਨੇ ਕਿਰਪਾ ਕਰਕੇ ਸਾਧ ਸੰਗਤ ਮਿਲਾਈ ਤਾਂ ਫਿਰ ਮੈਂ ਜਿਧਰ ਦੇਖਾਂ ਓਧਰ ਹੀ ਮੇਰਾ ਅੱਲਾ ਬੇਲੀ ਨਜ਼ਰ ਆਇਆ ॥

ਖਰੀ=ਬਹੁਤ । ਉਡੀਣੀ=ਉਦਾਸੀਨ । ਖੰਨਿਅਹੁ=ਖੰਡੇ, ਤਲਵਾਰ ॥
ਪਿਈਣੀ=ਤਿੱਖੀ ਪਤਲੀ ॥

ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥

ਮੇਰੀ ਵਾਟ ਬਹੁਤ ਹੀ ਔਖੀ, ਖੰਡੇ ਨਾਲੋਂ ਤਿੱਖੀ ਅਤੇ ਬਹੁਤ ਹੀ ਪਤਲੀ ਹੈ ॥

Digitized by Panjab Digital Library | www.panjabdigilib.org

ਉਸ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮਾਰਿ ਸਵੇਰਾ ॥ ੪ ॥ ੧ ॥

ਮਾਰਗ=ਪੰਥ, ਰਸਤਾ। ਸਵੇਰਾ=ਸਵੇਰ, ਮਨੁਖਾ ਜਨਮ, ਕਲਜੁਗ, ਛੇਤੀ॥

ਉਸ ਉਤੇ ਮੇਰਾ ਚਲਨਾ ਹੈ, ਸ਼ੇਖ ਫਰੀਦ ਜੀ ਕਹਿੰਦੇ ਹਨ ਉਸ ਰਸਤੇ ਨੂੰ ਛੇਤੀ ਯਾਦ ਕਰ ॥

"ਅੰਨਜੋਕਤੀ ਉਪਦੇਸ਼"

ਸੂਹੀ ਲਲਿਤ ॥

ਸਰਵਰੁ=ਤਾਲ। ਦੁਹੇਲਾ=ਔਖਾ ॥
ਕਸੁੰਭੜੈ=ਅੱਗ ਵਾ ਕਸੁੰਭਾ। ਢੋਲਾ= ਪਿਆਰਾ । ਜਲ ਜਾਸੀ=ਸੜ ਜਾਵੇਗਾ ਵਾ ਪਾਣੀ ਦੇ ਉਤੋਂ ਦੀ ਵਗ ਜਾਣ ਨਾਲ ॥
ਪਤਲੀ=ਇਜਤ ਰੱਖ ਲਈ ॥

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ ੧ ॥

ਤੂੰ ਬੇੜੇ ਨੂੰ ਬੰਨ੍ਹ ਨ ਸਕਿਓਂ ਤੇਰੀ ਬੰਨ੍ਹਣ ਦੀ ਵੇਲਾ ਸੀ, ਭਾਵ ਸਾਧਨ ਕਰਕੇ ਗਿਆਨ ਨੂੰ ਨਾ ਪੱਕਾ ਕੀਤਾ ॥
ਜਦ ਭਰਕੇ ਸਮੁੰਦਰ ਉਛਲੇਗਾ ਤਦ ਤੈਨੂੰ ਤਰਣਾ ਔਖਾ ਹੋ ਜਾਵੇਗਾ। ਭਾਵ ਜਦ ਤੈਨੂੰ ਬੁਢੇਪਾ ਆਵੇਗਾ ਤਾਂ (ਸੰਸਾਰ ਤੋ ਤੈਨੂੰ ਵਾਹਿਗੁਰੂ ਨਾਲ ਮਿਲਣਾ ਔਖਾ ਹੋਵੇਗਾ।

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥ ਰਹਾਉ ॥

ਹੇ ਪਿਆਰੇ ! ਇਹ ਸੰਸਾਰ ਜੋ ਤੈਨੂੰ ਕਸੁੰਭੇ ਵਤ ਸੁੰਦਰ ਪਰਤੀਤ ਹੁੰਦਾ ਹੈ (ਵਾਸਤਵ ਵਿੱਚ ਇਹ ਵਿਸ਼ੇ ਵਿਕਾਰ ਅਗਨੀ ਰੂਪ ਹੈ) ਇਸ ਵਿਚ ਪੈਕੇ ਤੂੰ ਸੜ ਜਾਏਂਗਾ ॥

ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾਥਣੀ ਨ ਆਵਈ ਫਿਰਿ ਹੋਇ ਨ ਮੇਲਾ ॥ ੨ ॥

ਇਕਨਾਂ ਵਾਹਿਗੁਰੂ ਦੇ ਬਚਨ ਸੁਣਕੇ ਆਪਣੀ ਇਜਤ ਰੱਖ ਲਈ ॥ ਜਿਕੁਰ ਥਣਾਂ ਵਿਚੋਂ ਦੁਧ ਨਿਕਲਿਆ ਹੋਇਆ ਫਿਰ ਉਸ ਰਸਤੇ ਨਹੀਂ ਆਉਂਦਾ ਤਿਕੁਰ ਹੀ ਸੰਸਾਰ ਉਤੇ ਮਨੁਖਾ ਦੇਹ ਨਾਲ ਤੇਰਾ ਮੇਲ ਨਹੀਂ ਹੋਣਾ ॥

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥

Digitized by Panjab Digital Library | www.panjabdigilib.org

## ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ ੩ ॥ ੨ ॥

ਅਲਾਏ=ਕਹਿਣਾ । ਡੁੰਮਣਾ=ਉਦਾਸ, ਦੁ-ਮਨਾ (ਦੁਚਿਤਾ)

ਫਰੀਦ ਜੀ ਕਹਿੰਦੇ ਹਨ ਹੇ ਪਿਆਰਿਓ ! ਜਦੋਂ ਵਾਹਿਗੁਰੂ ਧਰਮ ਰਾਜਾ ਨੂੰ ਹੁਕਮ ਦੇਕੇ ਤੁਹਾਨੂ ਬੁਲਾਵੇਗਾ ਤਦੋਂ ਤੁਹਾਡਾ ਜੀਵ ਆਤਮਾ ਉਦਾਸ ਹੋਕੇ ਚਲੇਗਾ ਅਤੇ ਇਹ ਸਰੀਰ ਸੁਆਹ ਦੀ ਢੇਰੀ ਹੋ ਜਾਵੇਗਾ ॥

## ਰਾਗ ਬਿਲਾਵਲੁ ਮਹਲਾ ੧ ਚਉਪਦੇ ਘਰੁ ੧

## ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਪ੍ਰਮੇਸਰ ਦੇ ਸਨਮੁਖ ਬੇਨਤੀ ਹੈ

## ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
## ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥ ੧ ॥

ਸੁਲਤਾਨ=ਬਾਦਸ਼ਾਹ ॥ ਰਜਾਈ=ਹੁਕਮ ਕਰਨ ਵਾਲਾ ॥
ਅਸਨਾਈ=ਦੋਸਤੀ, ਪ੍ਰੀਤੀ ॥

ਹੇ ਮਾਲਕਾ ਤੂੰ ਪਾਤਸ਼ਾਹ ਹੈਂ ਤੇ ਜੇ ਮੈਂ ਤੈਨੂੰ ਮੀਆਂ ਆਖਕੇ ਬੁਲਾਵਾਂ ਤਾਂ ਤੇਰੀ ਇਸ ਵਿਚ ਕੀ ਵਡਿਆਈ ਹੈ ਭਾਵ ਜਿਸਤਰਾਂ ਕਿਸੇ ਵਡੇ ਪਾਤਸ਼ਾਹ ਨੂੰ ਮੀਆਂ ਕਹਕੇ ਸਦੀਏ ਤੇ ਉਸ ਦੀ ਕੁਛ ਵਡਿਆਈ ਨਹੀਂ ਹੁੰਦੀ ਹੈ ਅਤੇ ਨਾਹੀ ਓਹ ਖੁਸ਼ੀ ਹੁੰਦਾ ਹੈ ਇਕਰ ਹੀ ਜੇ ਅਕਾਲ ਪੁਰਖ ਨੂੰ ਰਾਵਣ ਮਾਰਨ ਵਾਲਾ ਜਾਂ ਮੁਰਦੈਂਤ ਨੂੰ ਮਾਰਨ ਵਾਲਾ ਜਾਂ ਪਹਾੜ ਚੁੱਕਣ ਵਾਲਾ ਗਿਰਧਾਰੀ ਆਦਕ ਆਖੀਏ ਤਾਂ ਉਸਦੀ ਕੁਛ ਵਡਿਆਈ ਨਹੀਂ ਹੈ ਜਾਂ ਕਹਾ=ਕਿਥੇ ਤੂੰ ਪਾਤਸ਼ਾਹ ਹੈਂ ਅਤੇ ਕਹਾ=ਕਿਥੇ ਮੈਂ ਇਕ ਛੋਟਾ ਜੇਹਾ ਆਦਮੀ ਜਾਂ ਸਰਦਾਰ ਹਾਂ ਭਾਵ ਤੂੰ ਪ੍ਰਮੇਸਰ ਹੈਂ ਮੈਂ ਜੀਵ ਹਾਂ ਮੈਂ ਕੀ ਹਾਂ ਜੋ ਤੇਰੀ ਬਹੁਤੀ ਵਡਿਆਈ ਆਖ ਸੱਕਾਂ। ਹੇ ਮਾਲਕਾ ਜੋ ਤੂੰ ਮੈਨੂੰ ਆਖਣਾ ਦੇਂਦਾ ਹੈਂ ਓਹ ਮੈਂ ਉਚਾਰਨਾ ਕਰਦਾ ਹਾਂ ਭਾਵ ਤੇਰਾ ਬੁਲਾਇਆ ਬੋਲਦਾ ਹਾਂ ਤੇਰੀ ਕਿਰਪਾ ਤੋਂ ਬਿਨਾ ਮੈਂ ਮੂਰਖ ਪਾਸੋਂ ਤੇਰੀ ਵਡਿਆਈ ਬਹੁਤੀ ਕਥਨ ਨਹੀ ਕੀਤੀ ਜਾਂਦੀ ਹੈ ॥

## ਤੇਰੇ ਗੁਣ ਗਾਵਾ ਦੇਹਿ ਬੁਝਾਈ ॥
## ਜੈਸੇ ਸਚ ਮਹਿ ਰਹਉ ਰਜਾਈ ॥ ੧ ॥ ਰਹਾਉ ॥

ਹੇ ਮਾਲਕ ਮੈਨੂੰ ਇਕਰ ਸਮਝਾ ਦੇਹ ਕਿ ਜਿਸ ਕਰਕੇ ਮੈਂ ਤੇਰੇ ਗੁਣਾਂ ਨੂੰ ਗਾਂਦਾ

Digitized by Panjab Digital Library | www.panjabdigilib.org

ਰਹਾਂ ਤੇ ਹੇ ਮਾਲਕ ਜਿਸਤਰਾਂ ਮੈਂ ਤੇਰੇ ਸਚੇ ਰੂਪ ਵਿਚ ਟਿਕਿਆ ਰਹਾਂ ॥

**ਜੋ ਕਿਛੁ ਹੋਆ ਸਭ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥**
**ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥**

ਜੇਹੜਾ ਇਹ ਸਭ ਕੁਛ ਸ ਰਾ ਸੰਸਾਰ ਪਸ ਰਾ ਹੋਇਆ ਹੈ ਸੋ ਇਹ ਸਾਰਾ ਤੇਰੇ ਇਕ ਖਿਆਲ ਤੋਂ ਹੀ ਹੋਇਆ ਹੈ ਅਤੇ ਤੇਰੀ ਸਾਰਿਆਂ ਨਾਲ ਦੋਸਤੀ ਹੈ ॥ ਹੇ ਮਾਲਕਾ ਮੈਂ ਤੇਰਾ ਅੰਤ ਨਹੀਂ ਜਾਂਨਦਾ ਹਾਂ ਮੈਂ ਅੰਨੇ ਦੀ ਕੋਈ ਸਿਆਣਪ ਨਹੀ ਹੈ ਭਾਵ ਜੋ ਕੁਛ ਮੈਂ ਆਖਿਆ ਹੈ ਓਹ ਤੇਰੀ ਕਿਰਪਾ ਨਾਲ ਹੀ ਆਖਿਆ ਹੈ ਤੇਰੀ ਮਿਹਰ ਹੋਵੇ ਤੇ ਤਾਂ ਤੇਰਾ ਰੂਪ ਜਾਣੀਦਾ ਹੈ ॥

**ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥**
**ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥**

ਤੇਰੇ ਜਸ ਨੂੰ ਕਥਨ ਕਰਨ ਵਾਲਿਆਂ ਦੇ ਕਥਨ ਕੀਤੇ ਹੋਏ ਜੇਹੜੇ ਪੁਸਤਕ ਹਨ ਓਨਾਂ ਨੂੰ ਮੈਂ ਕੀ ਕਥਨ ਕਰਕੇ ਵੇਖਾਂ ਜਾਂ ਕਥਾ ਕਰਨ ਵਾਲਾ ਹੋਕੇ ਤੇਰੀ ਕਥਾ ਨੂੰ ਕਥਨ ਕਰਕੇ ਕੀ ਵੇਖਾਂ ਹੇ ਮਾਲਕਾ ਤੇਰਾ ਸਾਰਾ ਜਸ ਮੈਥੋਂ ਨਹੀਂ ਅਖਿਆ ਜਾਂਦਾ ਹੈ। ਹੇ ਮਾਲਕਾ ਜੇਹੜੀ ਤੈਨੂੰ ਚੰਗੀ ਲਗਦੀ ਹੈ ਓਹੋ ਹੀ ਮੈਂ ਥੋੜੀ ਜਹੀ ਤੇਰੀ ਵਡਿਆਈ ਆਖ ਸਕਦਾ ਹਾਂ ਜਾਂ ਆਖਦਾ ਹਾਂ ॥

**ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥ ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥ ੪ ॥ ੧ ॥**

ਹੇ ਮਾਲਕਾ ਇਤਨੇ ਸਾਰੇ ਕੁੱਤੇ ਹਨ ਭਾਵ ਬਹੁਤ ਕੁੱਤੇ ਹਨ ਪਰ ਓਹ ਸਾਰੇ ਕੁੱਤੇ ਕਿਸੇ ਨ ਕਿਸੇ ਮਾਲਕ ਦੇ ਹਨ ਓਨਾਂ ਦਾ ਕੋਈ ਨਾ ਕੋਈ ਮਾਲਕ ਹੈ ਅਤੇ ਮੈਂ ਤਾਂ ਬੇਗਾਨਾ ਕੁੱਤਾ ਹਾਂ ਓਹ ਕੁੱਤੇ ਤਾਂ ਚੋਰਾਂ ਨੂੰ ਭੌਂਕਦੇ ਹਨ ਮੈਂ ਇਸ ਸਰੀਰ ਦੇ ਵਿਸ਼ਿਆਂ *ਵਿਕਾਰਾਂ ਨੂੰ ਭੌਂਕਦਾ ਹਾਂ ਜੋ ਇਹ ਦੂਰ ਹੋ ਜਾਣ ॥ ਜੇ ਮੈਂ ਭਗਤੀ ਤੋਂ ਹੀਣਾ ਹੋਗਿਆ ਤੇ ਤਾਂ ਵੀ ਆਪਦਾ ਦਾਸ ਹਾਂ ਤੁਸੀ ਮੇਰੇ ਮਾਲਕ ਹੋ ਇਹ ਇੱਕੁਰ ਦਾ ਨਾਮ ਤਾਂ ਕਦੀ ਨਹੀ ਜਾਵੇਗਾ ਭਾਵ ਤੂੰ ਆਪ ਹੀ ਆਪਣਿਆਂ ਦਾਸਾਂ ਦੀ ਲਜਿਆ ਰਖਦਾ ਹੈਂ ॥

---

*ਗੁਰੂ ਜੀ ਨਿੰਮ੍ਰਤਾ ਵਾਸਤੇ ਆਖਦੇ ਹਨ ਕਿ ਮੈਂ ਸਰੀਰ ਦੇ ਵਿਕਾਰਾਂ ਨੂੰ ਦੂਰ ਕਰਨ ਲਈ ਸਦਾ ਸੁਚੇਤ ਰਹਿੰਦਾ ਹਾਂ ॥ ਮਹਾਤਮਾਂ ਲੋਕ ਹੋਰਨਾਂ ਨੂੰ ਸਮਝਾਉਣ ਵਾਸਤੇ ਇਕਰ ਦੇ ਬਚਨ ਲਿਖਦੇਹਨ ਜੋ ਕਿਸੇ ਨੂੰ ਬੁਰਾ ਆਖਣ ਨਾਲੋਂ ਆਪ ਨੂੰ ਬੁਰਾ ਆਖਣਾ ਤੇ ਉਸ ਅਗਾਂਵੇ ਨੇ ਆਪ ਹੀ ਸ਼ਰਮਿੰਦਾ ਹੋਕੇ ਸਮਝ ਲੈਣਾ ॥

Digitized by Panjab Digital Library | www.panjabdigilib.org

(ਸਨਮੁਖ ਬੇਨਤੀ)

## ਬਿਲਾਵਲੁ ਮਹਲਾ ੧

**ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ ੧ ॥**

ਹੇ ਮਾਲਕ। ਮਨ ਰੂਪ ਮਕਾਨ ਬਾਂਦਰ ਨੂੰ ਵਸ ਕਰਨ ਵਾਸਤੇ ਸਰੀਰਉਤੇ ਕਲੰਦਰ= ਤਿਆਗੀ ਫਕੀਰਾਂ ਦਾ ਭੇਖ ਮੈਂ ਕੀਤਾ ਹੈ ਜਾਂ ਸਰੀਰ ਦੇ ਮੰਦਰ=ਅੰਦਰ ਮਨ ਨੂੰ ਵਸ ਕੀਤਾ ਹੈ ਏਹੋ ਹੀ ਕਲੰਦਰ=ਸੰਤ ਦਾ ਵੇਸ ਕੀਤਾ ਹੈ ਕਲੰਦਰਾਂ ਦਾ ਭੇਖ ਕਰਨ ਵਾਲੇ ਫਕੀਰ ਤੀਰਥ ਜਾਤਰਾ ਨੂੰ ਜਾਂਦੇ ਹਨ ਏਧਰ ਮਨ ਨੂੰ ਅੰਦਰ ਕਰਨਾ ਹੀ ਤੀਰਥ ਹੈ ਭਾਵ ਮਨ ਦੇ ਅੰਦਰ ਬਹੁਤਸਾਰੇ ਵਿਕਾਰ ਹਨ ਜੇ ਇਸ ਮਨ ਨੂੰ ਵਸ ਕਰਲਈਏ ਤਾਂ ਸਰੀਰ ਦੇ ਅੰਦਰ ਹੀ ਇਸ਼ਨਾਨ ਕਰਨਾ ਹੋ ਜਾਂਦਾ ਹੈ।

ਇਕ ਮਾਲਕ ਪ੍ਰਮੇਸਰ ਮੇਰੇ ਪ੍ਰਾਣਾਂ ਦੇ ਵਿਚ ਵਸਦਾ ਹੈ ਭਾਵ ਪ੍ਰਮੇਸਰ ਮੇਰੇ ਰਿਦੇ ਦਾ ਆਸਰਾ ਹੈ ਓਹ ਹਰ ਵੇਲੇ ਹੀ ਅੰਦਰ ਵਸਦਾ ਹੈ ਇਸ ਲਈ ਮੈਂ ਹੁਣ ਜਨਮ ਮਰਨ ਵਿਚ ਨਹੀਂ ਆਵਾਂਗਾ ॥

**ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥ ੧ ॥ ਰਹਾਉ ॥**

ਹੇ ਮੇਰੀ ਮਾਂ ਭਾਵ ਸੰਤ ਮੇਰਾ ਮਨ ਮਾਲਕ ਦੇ ਨਾਲ ਮਿਲ ਗਿਆ ਹੈ ਭਾਵ ਉਸਦੇ ਚਰਨਾਂ ਨਾਲ ਪ੍ਰੀਤੀ ਲਗੀ ਹੈ ਹੁਣ ਪਰਾਈ ਪੀੜਾ ਨੂੰ ਕੌਣ ਜਾਣੇ ਭਾਵ ਸਰਬੰਧੀ ਆਦਿਕਾਂ ਦੇ ਦੁਖ ਨੂੰ ਮੈਂ ਨਹੀ ਜਾਣਦਾ ਹਾਂ ਮੈਂ ਓਨਾਂ ਪਿਛੇ ਨਹੀਂ ਰੋਂਦਾ ਹ ਮੈਨੂੰ ਕਿਸੇ ਦਾ ਵੀ ਫਿਕਰ ਨਹੀ ਹੈ ॥

**ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮਾਰੀ॥੨।**

ਪੈਰ ਆਦਿਕਾਂ ਨਾਲ ਮਾਲਕ ਪਾਸ ਪੁਜਿਆ ਨਹੀਂ ਜਾਂਦਾ ਅਖਾਂ ਆਦਿਕਾਂ ਨਾਲ ਮਾਲਕ ਨੂ ਨਹੀ ਵੇਖਿਆ ਜਾਂਦਾਹੈ ਓਹ ਅਲਖ ਤੇ ਬੜਾ ਵਡਾ ਹੈ ਓਹ ਖਾਣ ਪੀਣ ਦੀ ਸਾਡੀ ਚਿੰਤਾ ਆਪ ਕਰਦਾ ਹੈ ਭਾਵ ਸਾਰਿਆਂ ਜੀਆਂ ਦੀ ਪਾਲਨਾ ਕਰਦਾ ਹੈ ॥ ਹੇ ਮਾਲਕ ਤੂੰ ਜਲਾਂ ਥਲਾਂ, ਧਰਤੀ, ਅਕਾਸ਼ ਵਿਚ ਲਬਾਲਬ ਹੋਕੇ ਮਿਲਿਆ ਹੋਇਆ ਹੈਂ ਅਤੇ ਸਾਰਿਆਂ ਦਿਲਾਂ ਅੰਦਰ ਤੇਰੀ ਜੋਤ, ਤਾਕਤ, ਚੇਤਨਤਾ, ਸ਼ਕਤੀ ਹੈ ॥

**ਸਿਖ ਮਤਿ ਸਭ ਬੁਧਿ ਤੁਮਾਰੀ ਮੰਦਰਿ ਛਾਵਾ ਤੇਰੇ ॥ ਤੁਝ ਬਿਨੁ**

Digitized by Panjab Digital Library | www.panjabdigilib.org

**ਅਵਰੁ ਨ ਜਾਣਾ ਮੇਰੇ ਸਾਹਿਬਾ ਗਣ ਗਾਵਾ ਨਿਤ ਤੇਰੇ ॥ ੩ ॥**

ਸਿਖਿਆ ਤੇ ਅਕਲ ਅਤੇ ਚੰਗੀ ਬੁਧੀ ਸਭ ਤੇਰੀ ਦਿਤੀ ਹੋਈ ਦਾਤ ਹੈ ਮੇਰੇ ਮਕਾਨ ਸਰੀਰ ਨੂੰ ਵੀ ਤੇਰਾ ਆਸਰਾ ਹੈ ਜਾਂ ਆਪ ਮਕਾਨ ਮੈਂ ਆਪਣੇ ਸਰੀਰ ਅੰਦਰ ਤੇਰੇ ਜਸ ਨੂੰ ਟਿਕਾਇਆ ਹੈ ਜਾਂ ਆਪ ਮਕਾਨ ਰੂਪ ਹੋ ਮੇਰੇ ਸਰੀਰ ਨੂੰ ਆਪ ਦਾ ਹੀ ਆਸਰਾ ਹੈ। ਹੇ ਮਾਲਕਾ ਮੈਂ ਤੈਥੋਂ ਬਿਨਾਂ ਹੋਰ ਕੁਛ ਨਹੀ ਜਾਣਦਾ ਹਾਂ ਭਾਵ ਕਿਸੇ ਨੂੰ ਨਹੀ ਮੰਨਦਾ ਹਾਂ ਰੋਜ ਤੇਰੇ ਗੁਣਾਂ ਨੂੰ ਗਾਂਦਾ ਹਾਂ ॥

**ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥ ੪ ॥ ੨ ॥**

ਛੋਟੇ ਵਡੇ ਜੀਅ ਸਾਰੇ ਹੀ ਤੇਰੀ ਸ਼ਰਨ ਹਨ ਸਾਰਿਆਂ ਨੂੰ ਪਾਲਣ ਦੀ ਚਿੰਤਾ ਤੇਰੇ ਪਾਸ ਹੈ ਭਾਵ ਸਾਰਿਆਂ ਦਾ ਫਿਕਰ ਤੈਨੂੰ ਹੈ ॥ ਗੁਰੂ ਜੀ ਹੇ ਮਾਲਕਾ ਜੋ ਤੈਨੂੰ ਚੰਗਾ ਲਗਦਾ ਹੈ ਉਸਨੂੰ ਮੈਂ ਦਿਲ ਵਿਚ ਚੰਗਾ ਜਾਣਾ ਮੇਰੀ ਆਪਦੇ ਪਾਸ ਇਹ ਪ੍ਰਾਰਥਨਾ ਹੈ।

(ਪ੍ਰਮੇਸ਼ਰ ਸਭ ਰੂਪ ਹੈ)

## ਬਿਲਾਵਲੁ ਮਹਲਾ ੧

ਧਤੁਰਕਟੀ=ਬਿਭਚਾਰਨੀ। ਭੂੰਡੀ=ਭੈੜੀ, ਖੋਟੀ। ਕਾਮਣਿ=ਇਸਤ੍ਰੀ। ਕਾਮਣਿਆਰਿ=ਟੂਣੇ ਕਰਨ ਵਾਲੀ ॥

**ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥ ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥ ੧ ॥**

ਮਾਲਕ ਆਪ ਹੀ ਅਵਾਜ਼ ਹੈ ਅਤੇ ਆਪੇ ਹੀ ਨਿਸ਼ਾਨਾ ਹੈ ਭਾਵ ਅਵਾਜ ਦਾ ਕੰਨੀਂ ਪੈਣਾਂ ਜਾਂ ਆਪ ਹੀ ਪ੍ਰਮੇਸਰ ਹੈ ਤੇ ਆਪ ਹੀ ਪ੍ਰਗਟ ਰੂਪ ਪਰਵਾਨਗੀ ਦਾ ਪਰਵਾਨਾਂ ਹੈ ਅਤੇ ਆਪ ਹੀ ਸੁਣਨ ਵਾਲਾ ਹੈ ਆਪ ਹੀ ਸਮਝਣ ਵਾਲਾ ਹੈ। ਆਪੇ ਹੀ ਆਪਣੇ ਜੋਰ ਨਾਲ ਸੰਸਾਰ ਨੂੰ ਬਣਾ ਬਣਾ ਕੇ ਵੇਖਦਾ ਹੈ ॥ ਹੇ ਮਾਲਕ ਤੂੰ ਨਾਮ ਦਾ ਦਾਤਾ ਹੈਂ ਜਿਨਾਂ ਨੂੰ ਨਾਮ ਦਿਤਾ ਹੈ ਓਹ ਤੇਰੀ ਦਰਗਾਹ ਵਿਚ ਪਰਵਾਣ ਹੂਏ ਹਨ ॥

**ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਿਕੁ ਤੂ ਅਲਖ ਅਭੇਉ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਮਾਇਆ ਤੋਂ ਰਹਿਤ ਮਾਲਕ ਤੇਰਾ ਨਾਮ ਇੱਕਰ ਦਾ ਪ੍ਰਕਾਸ਼ਕ, ਨ ਵੇਖਿਆ ਜਾਣ ਵਾਲਾ ਨ ਭੇਤ ਲਿਆ ਜਾਣ ਵਾਲਾ ਹੈ ਮੈਂ ਉਸ ਇੱਕਰ ਦੇ ਨਾਮ ਦਾ ਮੰਗਤਾ ਹਾਂ ॥

**ਮਾਇਆ ਮੋਹ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ॥ਨਾਮੁ ਮਿਲੈ ਚਾਨਣੁ ਅੰਧਿਆਰਿ॥੨ ।**

ਹੇ ਮਾਲਕਾ ਇਹ ਜੋਹੜੀ ਤੇਰੀ ਮਾਇਆ ਹੈ ਇਹ ਜੀਆਂ ਨੂੰ ਮੋਹਣ ਵਾਲੀ ਖਰਾਬ ਇਸਤ੍ਰੀ ਹੈ ।। ਇਹ ਖਰਾਬ ਇਸਤ੍ਰੀ ਟੂਣੇ ਕਰਨ ਵਾਲੀ ਹੈ ਭਾਵ ਛਲ ਕਰਨ ਵਾਲੀ ਸਾਰਿਆਂ ਨੂੰ ਵੱਸ ਕਰ ਲੈਂਦੀ ਹੈ ॥

ਇਹ ਉਸ ਮਾਲਕ ਦੇ ਦਿਤੇ ਹੋਏ ਪਦਾਰਥ ਰਾਜ, ਰੂਪ, ਸਾਰੇ ਚਾਰ ਦਿਨ ਭਾਵ ਥੋੜੇ ਦਿਨ ਵਿਖਾਈ ਦੇਂਦੇ ਹਨ ਇਹਨਾਂ ਦਾ ਸਾਰਾ ਹੰਕਾਰ ਝੂਠਾ ਹੈ ॥

ਮੈਨੂੰ ਤੇਰਾ ਨਾਮ ਮਿਲੇ ਜਿਸ ਕਰਕੇ ਅੰਧੇ ਮਨ ਵਿਚ ਚਾਨਣ ਹੁੰਦਾ ਹੈ ਜਾਂ ਹੋ ਜਾਵੇ ॥

**ਚਖਿਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ॥ ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥ ੩ ॥**

ਮਾਇਆ ਚੱਖਕੇ ਛੱਡ ਦਿਤੀ ਹੈ ਭਾਵ ਵੇਖਕੇ ਛੱਡੀ ਹੈ ਇਸ ਵਿਚ ਕੋਈ ਸ਼ਕ ਨਹੀ ਹੈ ਭਾਵ ਜਿਸਤਰਾਂ ਦੀ ਹੈ ਓਸੇ ਤਰਾਂ ਦੀ ਜਾਣੀ ਹੈ ॥ ਜਿਸਦਾ ਪਿਓ ਦੀਹਦਾ ਭਾਵ ਹੈਗਾ ਹੈ ਓਹ ਆਦਮੀ ਹੋਰ ਜਾਤੀ ਦਾ ਨਹੀਂ ਹੁੰਦਾ ਹੈ ਓਸੇਤਰਾਂ ਜਿਸਦਾ ਤੂੰ ਮਾਲਕ ਹੈਂ ਓਹ ਤੇਰਾ ਹੀ ਕਹਾਂਦਾ ਹੈ ॥ ਜੇਹੜਾ ਇਕ ਹੈ ਉਸਨੂੰ ਜੇਹੜਾ ਪਛਾਨਣ ਵਾਲਾ ਹੈ ਉਸਨੂੰ ਕੋਈ ਡਰ ਨਹੀਂ ਰਹਿੰਦਾ ਹੈ ॥ ਓਹ ਕਰਤਾ ਆਪੇ ਹੀ ਕਰਦਾ ਕਰਾਉਂਦਾ ਹੈ ਜਾਂ ਜੇਹੜਾ ਅਪਣੇ ਆਪ ਨੂੰ ਕਰਤਾ ਮੰਨਕੇ ਕਰਮ ਕਰਦਾ ਕਰਾਉਂਦਾ ਸੀ ਓਹ ਹੁਣ ਅਪਣੇ ਆਪ ਨੂੰ ਕਰਤਾ ਨਹੀਂ ਮੰਨਦਾ ਹੈ ਜਾਂ ਹੇ ਕਰਤਾ ਸਭ ਕੁਛ ਤੂੰ ਹੀ ਕਰਦਾ ਕਰਾਉਂਦਾ ਹੈਂ ॥

**ਸਬਦਿ ਮੁਏ ਮਨੁ ਮਨ ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੇ ਧਾਰਿਆ ॥ ਅਵਰੁ ਨ ਸੂਝੈ ਗੁਰ ਕਉ ਵਾਰਿਆ ॥ ਨਾਨਕ ਨਾਮਿ ਰਤੇ ਨਿਸਤਾਰਿਆ ॥ ੪ ॥ ੩ ॥**

ਜੇਹੜੇ ਆਦਮੀ ਗੁਰੂ ਦੇ ਉਪਦੇਸ਼ ਨੂੰ ਸੁਣਕੇ ਜੀਵਤ ਭਾਵ ਤੋਂ ਮਰੇ ਹਨ ਓਨਾਂ ਨੇ ਆਪਣੇ ਮਨ ਵਿਚੋਂ ਹੰਕਾਰ ਨੂੰ ਮਾਰਿਆ ਹੈ। ਮਨ=ਮਮਤਾ ਮਨੌਤਾ, ਮੈਂ ਮੈਂ । ਮਨ ਨੂੰ ਖਿਆਲਾਂ ਦੇ ਦੌੜਨ ਵਲੋਂ ਰੋਕ ਰੱਖਿਆ ਹੈ ਅਤੇ ਸਚੇ ਵਿਚ ਟਿਕਾ

Digitized by Panjab Digital Library | www.panjabdigilib.org

ਰਖਿਆ ਹੈ ॥ ਹੇ ਮਾਲਕ ਮੈਨੂੰ ਤੇਰੇ ਬਿਨਾ ਹੋਰ ਕੁਛ ਨਹੀਂ ਦੀਹਦਾ ਹੈ ਜਿਨਾਂ ਗੁਰਾਂ ਨੇ ਇਹ ਦਾਤ ਦਿਤੀ ਹੈ ਮੈਂ ਓਨਾਂ ਤੋਂ ਵਾਰਨੇ ਜਾਂਦਾ ਹਾਂ ॥ ਗੁਰੂ ਜੀ, ਹੇ ਮਾਲਕਾ ਜੇਹੜੇ ਤੇਰੇ ਨਾਮ ਵਿਚ ਰਤੇ ਹਨ ਓਨਾਂ ਨੂੰ ਤੂੰ ਸੰਸਾਰ ਤੋਂ ਤਾਰਿਆ ਹੈ ॥

## ਬਿਲਾਵਲੁ ਮਹਲਾ ੧

**ਗੁਰਬਚਨੀ ਮਨੁ ਸਹਜ ਧਿਆਨੇ ॥ ਹਰਿ ਕੈ ਰੰਗਿ ਰਤਾ ਮਨੁ ਮਾਨੇ ॥ ਮਨਮੁਖ ਭਰਮਿ ਭੁਲੇ ਬਉਰਾਨੇ ॥ ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥ ੧ ॥**

ਗੁਰਾਂ ਦਾ ਉਪਦੇਸ਼ ਲੈਕੇ ਮੇਰਾ ਮਨ ਸ਼ਾਂਤੀ ਦੇ ਧਿਆਨ ਵਿਚ ਟਿਕਿਆ ਹੈ ॥ ਮਾਲਕ ਦੇ ਪ੍ਰੇਮ ਵਿਚ ਰੱਤਾ ਹੋਇਆ ਮੇਰਾ ਮਨ ਮੰਨਦਾ ਹੈ ਭਾਵ ਖੁਸ਼ੀ ਹੁੰਦਾ ਹੈ ॥ ਜੇਹੜੇ ਮਨਮੁਖ ਹਨ ਓਹ ਗੁਰਾਂ ਤੋਂ ਬਿਨਾ ਭਰਮ ਵਿਚ ਭੁਲੇ ਹੋਏ ਬੌਰੇ ਹੋ ਗਏ ਹਨ ॥ ਗੁਰ ਸ਼ਬਦ ਦੁਆਰਾ ਉਸ ਮਾਲਕ ਦੀ ਪਛਾਣ ਕੀਤਿਆਂ ਬਿਨਾਂ ਕਿਸਤਰਾਂ ਰਿਹਾ ਜਾਵੇ ॥

**ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥ ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ ॥੧ ॥ ਰਹਾਉ ॥**

ਹੇ ਮੇਰੀ ਮਾਂ ਮੈਂ ਮਾਲਕ ਦੇ ਦਰਸਨ ਬਿਨ ਕਿਸਤਰਾਂ ਜੀਵਾਂ ਉਸ ਮਾਲਕ ਤੋਂ ਬਿਨਾ ਮੇਰਾ ਜੀਆ ਖਿਨ ਭਰ ਵੀ ਨਹੀਂ ਰਹਿ ਸੱਕਦਾ ਹੈ ਮੈਨੂੰ ਸਤਿਗੁਰਾਂ ਨੇ ਉਸ ਦੇ ਮਿਲਨ ਦੀ ਸਮਝ ਸਮਝਾਈ ਹੈ ॥

**ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥ ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ॥ ਸਦ ਬੈਰਾਗਨਿ ਹਰਿਨਾਮੁ ਨਿਹਾਲੀ ਅਬ ਜਾਨੇ ਗੁਰਮੁਖਿ ਹਰਿ ਨਾਲੀ ॥ ੨ ॥**

ਜਿਸ ਛਿਨ ਵਿਚ ਮੇਰਾ ਮਾਲਕ ਭੁਲ ਜਾਵੇ ਓਦੋਂ ਮੈਂ ਦੁਖੀ ਹੋਕੇ ਮਰਦੀ ਹਾਂ॥ ਮੈਂ ਸਾਹ ਲੈਂਦਿਆਂ ਰੋਟੀ ਖਾਂਦਿਆਂ ਆਪਣੇ ਮਾਲਕ ਨੂੰ ਲੱਭਕੇ ਜਪਦੀ ਹਾਂ ॥ ਮੇਰੀ ਅਕਲ ਸਦਾ ਹੀ ਪ੍ਰੇਮ ਵਾਲੀ ਹੋਈ ਹੈ ਓਸੇ ਨਾਮ ਨੂੰ ਜਪਕੇ ਨਿਹਾਲ ਹੋਈ ਜਾਂ ਵੇਖਦੀ ਹੈ ॥ ਹੁਣ ਗੁਰਾਂ ਦੀ ਕਿਰਪਾ ਨਾਲ ਮਾਲਕ ਨੂੰ ਨਾਲ ਹੀ ਜਾਣਿਆ ਹੈ॥

**ਅਕਥ ਕਥਾ ਕਹੀਐ ਗੁਰਭਾਇ ॥ ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ ॥ ਬਿਨੁ ਗੁਰ ਕਰਣੀ ਕਿਆ ਕਾਰ ਕਮਾਇ ॥ ਹਉਮੈ**

Digitized by Panjab Digital Library | www.panjabdigilib.org

**ਮੇਟਿ ਚਲੈ ਗੁਰਸਬਦਿ ਸਮਾਇ ॥ ੩ ॥**

ਗੁਰੂ ਨਾਲ ਪ੍ਰੇਮ ਕਰਕੇ ਅਕਥ ਮਾਲਕ ਦੀ ਕਥਾ ਆਖੀਦੇ ॥ ਓਹ ਗੁਰੂ, ਔਖੇ ਮਿਲਨ ਵਾਲੇ ਮਾਲਕ ਨੂੰ ਸੌਖੇ ਤਰੀਕੇ ਨਾਲ ਵਿਖਾ ਦੇਂਦੇ ਹਨ ॥ ਗੁਰੂ ਬਿਨਾ ਕੀ ਕਾਰ ਕਮਾਵੇਗਾ ਭਾਵ ਉਸ ਪਾਸੋਂ ਕੋਈ ਕਰਣੀ=ਭਰਤੀ ਨਹੀਂ ਹੋ ਸਕੇਗੀ ਭਾਵ ਗੁਰੂ ਬਿਨਾ ਚੰਗੇ ਗੁਣ ਵੀ ਕੀ ਹਨ ॥ ਜੇਹੜੇ ਆਦਮੀ ਗੁਰੂ ਨੂੰ ਪੁਛਕੇ ਭਗਤੀ ਰਸਤੇ ਵਿਚ ਚਲੇ ਹਨ ਓਹ ਹੰਕਾਰ ਨੂੰ ਦੂਰ ਕਰਕੇ ਮਾਲਕ ਨਾਲ ਮਿਲ ਗਏ ਹਨ ॥

**ਮਨਮੁਖੁ ਵਿਛੁੜੇ ਖੋਟੀ ਰਾਸਿ ॥ ਗੁਰਮੁਖਿ ਨਾਮਿ ਮਿਲੇ ਸਾਬਾਸਿ ॥ ਹਰਿ ਕਿਰਪਾਧਾਰੀ ਦਾਸਨਿਦਾਸ ॥ ਜਨ ਨਾਨਕ ਹਰਿਨਾਮੁ ਧਨੁ ਰਾਸਿ ॥ ੪ ॥ ੪ ॥**

ਖੋਟੀ ਰਾਸ=ਭੈੜਿਆਂ ਕਰਮਾਂ ਵਾਲੇ ਮਨਮੁਖ ਮਾਲਕ ਤੋਂ ਸਦਾ ਵਿਛੜੇ ਰਹਿੰਦੇ ਹਨ ॥ ਗੁਰਮੁਖਾਂ ਨੂੰ ਮਾਲਕ ਵਲੋਂ ਸ਼ਾਬਾਸ਼ੇ ਮਿਲਦੀ ਹੈ ਜਾਂ ਮਾਲਕ ਨਾਲ ਮਿਲ ਗਏ ਹਨ ਓਨਾਂ ਨੂੰ ਧੰਨ ਧੰਨ ਹੁੰਦਾ ਹੈ ॥ ਜੇਹੜੇ ਦਾਸਾਂ ਦੇ ਦਾਸ ਹੋਏ ਹਨ ਓਨਾਂ ਉਤੇ ਮਾਲਕ ਨੇ ਕਿਰਪਾ ਕੀਤੀ ਹੈ ॥ ਗੁਰੂ ਜੀ, ਓਨਾਂ ਦਾਸਾਂ ਨੂੰ ਸੱਚੀ ਰਾਸ ਮਾਲਕ ਦਾ ਨਾਮ ਮਿਲਿਆ ਹੈ ॥

### ਸਾਰੇ ਪਦਾਰਥਾਂ ਨੂੰ ਧਿਰਕਾਰ

## ਬਿਲਾਵਲੁ ਮਹਲਾ ੩ ਘਰੁ ੧

## ੴ ਸਤਿਗੁਰਪ੍ਰਸਾਦਿ ॥

**ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥ ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥ ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥ ੧ ॥**

ਖਾਣ, ਸੌਣ, ਕਪੜਿਆਂ ਨੂੰ ਸਰੀਰ ਦੇ ਅੰਗਾਂ ਉਤੇ ਚੜਾਉਣ ਭਾਵ ਪੌਣ ਨੂੰ ਧਿਰਕਾਰ ਹੈ (ਨਾਮ ਬਿਨਾ) ਸਾਰੇ ਟੱਬਰ ਸਮੇਤ ਸਰੀਰ ਨੂੰ ਵੀ ਧਿਰਕਾਰ ਹੈ ਜਿਸ ਕਰਕੇ ਅਜੇ ਤਕ ਮਾਲਕ ਨੂੰ ਨਹੀਂ ਪਾਇਆ ਹੈ ॥ ਮਨੁਖਾ ਜਨਮ ਰੂਪ

Digitized by Panjab Digital Library | www.panjabdigilib.org

ਪੌੜੀ ਜਦੋਂ ਹਥ ਤੋਂ ਛੁਟ ਗਈ ਤਾਂ ਫਿਰ ਹਥ ਨਹੀਂ ਆਵੇਗੀ ਭਾਵ ਫੇਰ ਨਹੀਂ ਫੜੀ ਜਾਣੀ ਹੈ ਨਾਮ ਬਿਨਾ ਬਿਅਰਥ ਜਨਮ ਗਵਾਇਆ ਗਿਆ ਹੈ ਅਹਿਲਾ=ਐਵੇਂ ਜਾਂ ਸੁੰਦਰ ॥

**ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿਕੇ ਚਰਣ ਵਿਸਾਰੇ ॥ ਜਗ ਜੀਵਨ ਦਾਤਾ ਜਨ ਸੇਵਕ ਤੇਰੇ ਤਿਨਕੇ ਤੈ ਦੂਖ ਨਿਵਾਰੇ ॥ ੧ ॥ ਰਹਾਉ ॥**

ਜਿਨਾਂ ਨੇਂ ਮਾਲਕ ਦੇ ਚਰਨ ਮਨ ਤੋਂ ਭੁਲਾ ਦਿਤੇ ਹਨ ਓਨਾਂ ਨੂੰ ਦੂਸਰਾ ਖਿਆਲ ਮਾਲਕ ਨਾਲ ਪ੍ਰੀਤੀ ਨਹੀਂ ਲਗਾਣ ਦੇਂਦਾ ॥ ਹੇ ਜਗ ਜੀਵਨ ਦਾਤੇ ਪ੍ਰਮੇਸਰ ਜੇਹੜੇ ਤੇਰੇ ਦਾਸ ਹਨ ਓਨਾਂ ਦੇ ਤੂੰ ਸਾਰੇ ਦੁਖ ਦੂਰ ਕੀਤੇ ਹਨ ॥

**ਤੂ ਦਇਆਲੁ ਦਇਆ ਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥ ਮੁਕਤ ਬੰਧ ਸਭ ਤੁਝ ਤੇ ਹੋਏ ਐਸਾ ਆਖਿ ਵਖਾਣੇ ॥ ਗੁਰਮੁਖਿ ਹੋਵੈ ਸੁ ਮੁਕਤਿ ਕਹੀਐ ਮਨਮੁਖ ਬੰਧ ਵਿਚਾਰੇ ॥ ੨ ॥**

ਤੂੰ ਵਡਾ ਦਿਆਲੂ ਦਯਾ ਕਰਨ ਵਾਲਾ ਦਾਤਾ ਸਾਰਿਆਂ ਦਾ ਮਾਲਕ ਹੈਂ ਇਹ ਜੀਅ ਵਿਚਾਰੇ ਕੀ ਹਨ ਭਾਵ ਗਰੀਬ ਹਨ ਤੇਰੇ ਦਾਸ ਹਨ ॥ ਇਹ ਆਦਮੀ ਤੇਰੇ ਬਣਾਏ ਹੋਏ ਤੇਰੀ ਕਿਰਪਾ ਨਾਲ ਹੀ ਬੰਧਨਾਂ ਤੋਂ ਮੁਕਤ ਹੁੰਦੇ ਹਨ ਜਾਂ ਬੱਨ੍ਹੇ ਤੇ ਖੁਲੇ ਫਿਰਨ ਵਾਲੇ ਜੀਵ ਸਭ ਤੈਥੋਂ ਹੀ ਬਣੇ ਹਨ ਇੱਕਤ ਦਾ ਤੇਰਾ ਜਸ ਸੰਤ ਮੂੰਹ ਨਾਲ ਆਖਦੇ ਹਨ ॥ ਜੇਹੜੇ ਗੁਰਮੁਖ ਹੁੰਦੇ ਹਨ ਓਹ ਮੁਕਤ ਆਖੇ ਜਾਂਦੇ ਹਨ ਜੇਹੜੇ ਮਨਮੁਖ ਹਨ ਓਹ ਵਿਚਾਰੇ ਬਝੇ ਹੋਏ ਹਨ ॥

**ਸੋ ਜਨੁ ਮੁਕਤਿ ਜਿਸੁ ਏਕ ਲਿਵਲਾਗੀ ਸਦਾ ਰਹੈ ਹਰਿ ਨਾਲੇ ॥ ਤਿਨ ਕੀ ਗਹਣਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥ ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥ ੩ ॥**

ਓਹ ਮੁਕਤ ਹਨ ਜਿਨਾਂ ਦੀ ਇਕ ਨਾਲ ਪ੍ਰੀਤੀ ਲਗੀ ਹੈ ਓਹ ਸਦਾ ਹੀ ਤੇਰੇ ਨਾਲ ਰਹਿੰਦੇ ਹਨ॥ ਜੇਹੜੇ ਸਚੇ ਮਾਲਕ ਨੇ ਆਪ ਸਵਾਰੇ ਹਨ ਓਨਾਂ ਦੀ ਗਹਿਣ=ਛਪੀ ਹੋਈ ਰੀਤੀ ਆਖੀ ਨਹੀ ਜਾਂਦੀ ਹੈ ।ਗਹਿਣ=ਫੜੀ ਹੋਈ ਨੂੰ ਵੀ ਆਖਦੇ ਹਨ ਭਾਵ ਓਹਨਾਂ ਦੀ ਫੜੀ ਹੋਈ ਨਹੀ ਹੈ ॥ ਜੇਹੜੇ ਭਰਮ ਵਿਚ ਭੁਲੇ ਹੋਏ ਹਨ ਓਹ ਮਨਮੁਖ ਆਖੀਦੇ ਹਨ ਓਹ ਸੰਸਾਰ ਸਮੁੰਦਰ ਦੇ ਨਾਂ ਉਰਲੇ ਪਾਸ ਦੇ ਨਾਂ ਪਰਲੇ ਪਾਸੇ ਦੇ ਹੁੰਦੇ ਹਨ॥

Digitized by Panjab Digital Library | www.panjabdigilib.org

ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮਾਲੇ॥ ਹਰਿਜਨ ਮਾਇਆ ਮਾਹਿ ਨਿਸਤਾਰੇ॥ ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ॥ ੪ ॥ ੧ ॥

ਜਿਸਦੇ ਉਤੇ ਮਾਲਕ ਕਿਰਪਾ ਕਰਦਾ ਹੈ ਓਹ ਗੁਰੂ ਦੇ ਉਪਦੇਸ਼ ਨੂੰ ਸੰਭਾਲਕੇ ਮਾਲਕ ਨੂੰ ਪਾ ਲੈਂਦਾ ਹੈ ॥ ਮਾਲਕ ਨੇ ਅਪਣੇ ਦਾਸ ਦੁਨੀਆਂ ਵਿਚ ਰਹਿੰਦੇ ਹੀ ਤਾਰ ਦਿਤੇ ਹਨ ॥ ਗੁਰੂ ਜੀ ਜਿਸਦੇ ਮਥੇ ਉਤੇ ਚੰਗੇ ਭਾਗ ਹੁੰਦੇ ਹਨ ਓਹ ਆਦਮੀ ਕਾਲ ਨੂੰ ਵੀ ਮਾਰਕੇ ਪਰੇ ਸੁਟ ਦੇਂਦਾ ਹੈ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ

## ਬਿਲਾਵਲੁ ਮਹਲਾ ੩

ਅਤੁਲੁ ਕਿਉ ਤੋਲਿਆ ਜਾਇ॥ ਦੂਜਾ ਹੋਇ ਤ ਸੋਝੀ ਪਾਇ॥ ਤਿਸ ਤੇ ਦੂਜਾ ਨਾਹੀ ਕੋਇ॥ ਤਿਸਦੀ ਕੀਮਤ ਕਿਕੂ ਹੋਇ॥ ੧ ॥

ਓਹ ਅਤੋਲ ਮਾਲਕ ਕਿਸਤਰਾਂ ਤੋਲਿਆ ਜਾਵੇ ॥ ਜੇ ਉਸਤੋਂ ਬਿਨਾ ਹੋਰ ਕੋਈ ਦੂਸਰਾ ਹੋਵੇ ਤਾਂ ਉਸਦੀ ਖਬਰ ਪਾਵੇ ਭਾਵ ਕੋਈ ਨਹੀ ਹੈ। ਉਸਤੋਂ ਬਿਨਾਂ ਦੂਸਰਾ ਕੋਈ ਨਹੀ ਹੈ ਉਸ ਮਾਲਕ ਦੀ ਕੀਮਤ ਕਿਸੇਤਰਾਂ ਵੀ ਨਹੀ ਹੋ ਸਕਦੀ

ਗੁਰ ਪ੍ਰਸਾਦਿ ਵਸੈ ਮਨਿ ਆਇ ॥
ਤਾ ਕੋ ਜਾਣੈ ਦੁਬਿਧਾ ਜਾਇ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਮਾਲਕ ਮਨ ਵਿਚ ਆਵਸਦਾ ਹੈ। ਜਿਸ ਦੀ ਦ੍ਵੈਤ ਦੂਰ ਹੋ ਜਾਂਦੀ ਹੈ ਓਹ ਮਾਲਕ ਨੂੰ ਜਾਣ ਲੈਂਦਾ ਹੈ ॥

ਆਪਿ ਸਰਾਫੁ ਕਸਵਟੀ ਲਾਇ॥ ਆਪੇ ਪਰਖੇ ਆਪਿ ਚਲਾਇ॥ ਆਪੇ ਤੋਲੇ ਪੂਰਾ ਹੋਇ॥ ਆਪੇ ਜਾਣੈ ਏਕੋ ਸੋਇ॥ ੨ ॥

ਓਹ ਗੁਰੂ ਸਰਾਫ ਤਾੜਨਾ ਕਸੌਟੀ ਉਤੇ ਲਾਂਦਾ ਹੈ ॥ ਆਪ ਹੀ ਪਰਖਦਾ ਹੈ ਆਪ ਹੀ ਚੰਗੇ ਰਸਤੇ ਚਲਾਂਦਾ ਹੈ ॥ ਆਪ ਹੀ ਪੂਰਾ ਗੁਰੂ ਹੋਕੇ ਤੋਲਦਾ ਹੈ ਭਾਵ ਸਿਖ ਨੂੰ ਵੇਖਦਾ ਹੈ ॥ ਆਪ ਹੀ ਉਸ ਇਕ ਰੂਪ ਨੂੰ ਜਾਣ ਲੈਂਦਾ ਹੈ ॥

ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ॥ ਜਿਸ ਨੋ ਮੇਲੇ ਸੁ ਨਿਰਮਲੁ ਹੋਇ॥ ਜਿਸ ਨੋ ਲਾਏ ਲਗੈ ਤਿਸੁ ਆਇ। ਸਭੁ ਸਚੁ ਦਿਖਾਲੇ ਤਾ ਸਚਿ ਸਮਾਇ॥ ੩ ॥

Digitized by Panjab Digital Library | www.panjabdigilib.org

ਮਾਇਆ ਦਾ ਸਾਰਾ ਰੂਪ ਜਗਤ ਉਸ ਮਾਲਕ ਤੋਂ ਹੀ ਹੁੰਦਾ ਹੈ ॥ ਜਿਸਨੂੰ ਗੁਰੂ ਨਾਲ ਮਿਲਾਂਦਾ ਹੈ ਓਹ ਨਿਰਮਲ ਹੋ ਜਾਂਦਾ ਹੈ॥ ਮਾਲਕ ਜਿਸਨੂੰ ਪ੍ਰੇਮ ਲਗਾਂਦਾ ਹੈ ਉਸਨੂੰ ਆ ਲੱਗਦਾ ਹੈ ॥ ਜੇ ਗੁਰੂ ਜਗਤ ਵਿਚ ਸਭ ਸੱਚ ਵਿਖਾ ਦੇਵੇ ਤਾਂ ਆਦਮੀ ਸਚੇ ਮਾਲਕ ਵਿਚ ਸਮਾ ਜਾਂਦਾ ਹੈ ॥

**ਆਪੇ ਲਿਵ ਧਾਤੁ ਹੈ ਆਪੇ ॥ ਆਪਿ ਬੁਝਾਏ ਆਪੇ ਜਾਪੇ ॥ ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥ ੪ ॥੨**

ਆਪੇ ਹੀ ਪ੍ਰੀਤੀ ਨੂੰ ਜਗਾਉਣ ਵਾਲਾ ਹੈ ਆਪੇ ਹੀ ਮਾਇਆ ਵਾਲੇ ਪਾਸੇ ਲਾਉਣ ਵਾਲਾ ਹੈ ॥ ਆਪ ਹੀ ਗੁਰੂ ਹੋਕੇ ਸਮਝਾ ਦੇਂਦਾ ਹੈ ਅਤੇ ਆਪ ਹੀ ਸਿਖ ਹੋਕੇ ਜਾਣ ਜਾਂਦਾ ਹੈ ਭਾਵ ਸਮਝ ਜਾਂਦਾ ਹੈ ॥ ਆਪੇ ਹੀ ਗੁਰੂ ਹੈ ਆਪੇ ਹੀ ਉਪਦੇਸ਼ ਹੈ ॥ ਗੁਰੂ ਜੀ,ਆਪ ਹੀ ਅਪਣੇ ਆਪਨੂੰ ਉਪਦੇਸ਼ ਸੁਣਾਂ-ਦਾ ਹੈ ਭਾਵ ਆਖਕੇ ਸੁਣਾਂਦਾ ਹੈ ॥

## ਬਿਲਾਵਲੁ ਮਹਲਾ ੩

**ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥ ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥ ੧ ॥**

ਮਾਲਕ ਦੀ ਸੇਵਾ ਕਰਨ ਨਾਲ ਸੇਵਕ ਆਖਿਆ ਜਾਂਦਾ ਹੈ ਭਾਵ ਉਸਦਾ ਨਾਮ ਸੇਵਕ ਪੈ ਜਾਂਦਾ ਹੈ ਅਤੇ ਮਾਲਕ ਦੀ ਕਿਰਪਾ ਨਾਲ ਓਹੋ ਹੀ ਸੇਵਕ ਦੁਨੀਆਂ ਉਤੇ ਮੰਨਿਆਂ ਜਾਂਦਾ ਹੈ ਇਸ ਗਲ ਵਿਚ ਕੋਈ ਕੀ ਬਹਾਨਾ ਕਰ ਸਕਦਾ ਹੈ ਭਾਵ ਕੀ ਕੋਈ ਝੂਠ ਸਮਝ ਸਕਦਾ ਹੈ ॥ ਪਰ ਐਹੋ ਜਹਿਆ ਤੇਰਾ ਇਹ ਇਕ ਖੇਲ ਬਣਿਆਂ ਹੋਇਆ ਹੈ ਜੇ ਵੇਖੀਏ ਤੇ ਤਾਂ ਤੂੰ ਇਕ ਹੀ ਸਾਰਿਆਂ ਵਿਚ ਮਿਲਿਆ ਹੋਇਆ ਹੈਂ ।

**ਸਤਿਗੁਰਿ ਪਰਚੈ ਹਰਿਨਾਮਿ ਸਮਾਨਾ ॥ ਜਿਸੁ ਕਰਮੁ ਹੋਵੈ ਸੋ ਸਤਿ-ਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥ ੧ ॥ ਰਹਾਉ ॥**

ਜੇਹੜੇ ਗੁਰੂ ਦੇ ਉਪਦੇਸ਼ ਵਿਚ ਪਰਚੇ ਹਨ ਓਨਾਂ ਦਾ ਮਨ ਇਕ ਨਾਮ ਵਿਚ ਸਮਾ-ਇਆ ਹੈ ॥ ਜਿਹਦੇ ਭਾਗਾਂ ਵਿਚ ਗੁਰੂ ਦਾ ਮਿਲਾਪ ਹੈ ਓਹ ਗੁਰੂ ਨੂ ਲਭਕੇ ਸਹਿਜੇ ਹੀ ਦਿਨੇ ਰਾਤ ਤੇਰੇ ਧਿਆਨ ਵਿਚ ਲੱਗਾ ਰਹਿੰਦਾ ਹੈ ॥

**ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥ ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ**

Digitized by Panjab Digital Library | www.panjabdigilib.org

ਵਖਿਆਨਾ ॥ ੨ ॥

ਹੇ ਮਾਲਕਾ ਕੀ ਕੋਈ ਤੇਰੀ ਸੇਵਾ ਕਰੇ ਤੇ ਕੀ ਕੋਈ ਸੇਵਾਦਾ ਹੰਕਾਰ ਕਰੇ ॥ ਹੇ ਮਾਲਕਾ ਜਦੋਂ ਤੂੰ ਆਪਣੀ ਤਾਕਤ ਖਿੱਚ ਲੈਂਦਾ ਹੈਂ ਤਾਂ ਕੋਈ ਕਿਸੇ ਤਰਾਂ ਵਖਿਆਨ ਕਰਕੇ ਵਿਖਾਵੇ ਭਾਵ ਬੋਲਕੇ ਦਸੇ ਭਾਵ ਤੇਰੇ ਬਿਨਾ ਕੋਈ ਕੁਛ ਨਹੀ ਕਰ ਸਕਦਾ ਹੈ ॥

ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥
ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿਭਾਵੈ ਭਗਵਾਨਾ॥

ਆਪੇ ਹੀ ਗੁਣਾਂ ਦਾ ਸਮੁੰਦਰ ਹੈ ਅਤੇ ਆਪੇ ਹੀ ਗੁਰੂ ਹੈ ਆਪੇ ਹੀ ਚੇਲਾ ਹੈ ॥ ਹੇ ਮਾਲਕ ਜਿਸਤਰਾਂ ਤੂੰ ਆਪ ਚਲਾਉਣਾ ਚਾਹੁੰਦਾ ਹੈਂ ਓਸੇਤਰਾਂ ਹਰ ਕੋਈ ਚਲਦਾ ਹੈ ਭਾਵੈ=ਭਾਉਂਦਾ ਭਾਵ ਚਾਹੁੰਦਾ ਹੈ ॥

ਕਹਤੁ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥
ਇਕਨਾ ਘਰਿ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥ ੪ ॥ ੩ ॥

ਗੁਰੂ ਜੀ ਆਖਦੇ ਹਨ ਤੂੰ ਸਚਾ ਮਾਲਕ ਹੈਂ ਤੇਰੇ ਕੰਮਾਂ ਨੂੰ ਕੌਣ=ਕੋਈ ਨਹੀਂ ਜਾਣ ਸਕਦਾ ਹੈ ॥ ਇਕਨਾਂ ਗੁਰਮੁਖਾਂ ਨੂੰ ਤੂੰ ਘਰ ਵਿਚ ਹੀ ਵਡਿਆਈ ਦੇਂਦਾ ਹੈ ਅਤੇ ਇਕ ਹੰਕਾਰ ਕਰਨ ਵਾਲੇ ਮਨਮੁਖ ਤੈਥੋਂ ਭੁਲੇ ਹੋਏ ਸਦਾ ਹੀ ਜੂਨੀਆਂ ਵਿਚ ਭੌਂਦੇ ਫਿਰਦੇ ਹਨ ॥

(ਕਲਜੁਗ ਤੇ ਨਾਮ)

## ਬਿਲਾਵਲੁ ਮਹਲਾ ੩

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥ ਇਸੁ ਪਰਪੰਚ ਮਹਿ ਸਾਚੇਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥ ੧ ॥

ਉਸ ਮਾਲਕ ਨੇ ਇਸ ਸੰਸਾਰ ਦਾ ਪੂਰਾ ਬਨਾਉ ਬਣਾਇਆ ਹੈ ਇਸ ਸੰਸਾਰ ਵਿਚ ਜੇਹੜਾ ਇਕ ਮਾਲਕ ਮਿਲਿਆ ਹੋਇਆ ਹੈ ਹੇ ਗੁਰਮੁਖੋ ਉਸ ਨੂੰ ਵੇਖੋ ਜਾਂ ਸਾਰਿਆਂ ਜੀਆਂ ਨੂੰ ਇਕ ਸਮ ਦ੍ਰਿਸ਼ਟੀ ਨਾਲ ਵੇਖੋ ॥ ਇਸ ਸੰਸਾਰ ਵਿਚ ਸਚੇ ਨਾਮ ਦੀ ਵਡਿਆਈ ਹੈ ਭਾਵ ਨਾਮ ਜਪਣ ਨਾਲ ਵਡਿਆਈ ਮਿਲਦੀ ਹੈ, ਤੁਸੀ ਕੋਈ ਮਨ ਵਿਚ ਹੰਕਾਰ ਨ ਕਰੋ ਕਿ ਹੋਰ ਕਿਸੇ ਤਰਾਂ ਵਡਿਆਈ ਮਿਲਦੀ ਹੈ ॥

Digitized by Panjab Digital Library | www.panjabdigilib.org

## ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥ ॥ ੧ ॥ ਰਹਾਉ ॥

ਜਿਸਨੂੰ ਗੁਰੂ ਦੀ ਮੱਤ ਆ ਜਾਵੇ ਉਸਦਾ ਮਨ ਗੁਰੂ ਵਿਚ ਮਿਲ ਜਾਂਦਾ ਹੈ। ਇਸ ਉਪਦੇਸ਼ ਰੂਪ ਬਾਣੀ ਨੂੰ ਜੇਹੜਾ ਜੀਅ ਕਰਕੇ ਜਾਣ ਲੈਂਦਾ ਹੈ ਭਾਵ ਪ੍ਰੇਮ ਕਰਦਾ ਹੈ ਉਸਦੇ ਅੰਦਰ ਨਾਮ ਆ ਜਾਂਦਾ ਹੈ ਜਾਂ ਓਹ ਨਾਮ ਨੂੰ ਜਪਦਾ ਹੈ।

## ਚਹੁ ਜੁਗਾ ਕਾ ਹੁਣਿ ਨਿਬੇੜਾ ਨਰਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿਨਾਮਾ ॥ ੨ ॥

ਚਹੁੰਆਂ ਜੁੱਗਾਂ ਦਾ ਹੁਣ ਨਿਬੇੜਾ ਹੋਗਿਆ ਹੈ ਭਾਵ ਅੰਤ ਹੋਗਿਆ ਹੈ ਭਾਵ ਹੋਰਨਾਂ ਜੁੱਗਾਂ ਵਿਚ ਅਸੀ ਜਨਮ ਧਾਰਦੇ ੨ ਥੱਕ ਗਏ ਹਾਂ ਹੁਣ ਕਲਜੁਗ ਵਿਚ ,ਨਾਮ ਜਪਕੇ ਜਨਮਾਂ ਦਾ ਨਾਸ਼ ਕਰ ਲਿਆ ਹੈ ਕਿਉਂਕਿ ਮਰਦ ਮਨੁਖੋ ਭਾਵ ਪ੍ਰੇਮੀਓ ਗੁਰਮੁਖੋ ਇਕ ਨਾਮ ਖਜਾਨਾ ਹੀ ਦੁਨੀਆਂ ਤੋਂ ਤਾਰਨ ਵਾਲਾ 'ਹੈ॥ ਜਤ ਰੱਖਣਾ, ਸੱਚ ਬੋਲਣਾ, ਸੰਜਮ ਵਿਚ ਵਰਤਣਾ, ਤੀਰਥਾਂ ਦਾ ਨ੍ਹਾਉਣਾ ਓਨਾ ਪਿਛ-ਲਿਆਂ ਜੁਗਾਂ ਦਾ ਧਰਮ ਭਾਵ ਕੰਮ ਸੀ ਹੁਣ ਕਲਜੁਗ ਵਿਚ ਨਾਮ ਜਪਣਾ ਤੇ ਮਾਲਕ ਦੀ ਕੀਰਤੀ ਕਰਨੀ ਜਾਂ ਨਾਮ ਦਾ ਕੀਰਤਨ ਕਰਨਾ ਹੀ ਮੁਖ ਧਰਮ ਹੈ॥

## ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ੩

ਜੁਗਾਂ ਜੁਗਾਂ ਵਿਚ ਆਪੋ ਆਪਣਾ ਧਰਮ ਆਦਮੀ ਨੂੰ ਸੁਖੀ ਕਰਦਾ ਸੀ ਬੇਸ਼ਕ ਤੁਸੀ ਵੇਦਾਂ ਪੁਰਾਣਾਂ ਨੂੰ ਵੀ ਵਿਚਾਰਕੇ ਵੇਖੋ ਭਾਵ ਸਾਰੇ ਨਾਮ ਜਪਣਾ ਦੱਸਦੇ ਹਨ॥ ਜਿਨਾਂ ਨੇ ਗੁਰੂ ਤੋਂ ਉਪਦੇਸ਼ ਸੁਣਕੇ ਨਾਮ ਧਿਆਇਆ ਹੈ ਓਹ ਆਦਮੀ ਜਗਤ ਵਿਚ ਪੂਰੇ ਤੇ ਪਰਵਾਣ ਹਨ॥

## ਕਹਤ ਨਾਨਕ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥੪

ਗੁਰੂ ਜੀ ਆਖਦੇ ਹਨ ਜਦੋਂ ਆਦਮੀ ਸੱਚੇ ਮਾਲਕ ਨਾਲ ਪ੍ਰੀਤੀ ਲਾਂਦਾ ਹੈ ਤਾਂ ਮਨ ਤੋਂ ਹੰਕਾਰ ਦੂਰ ਹੋ ਜਾਂਦਾ ਹੈ॥ ਮਾਲਕ ਦਾ ਨਾਮ ਆਖਦੇ ਸੁਣਦੇ ਸਾਰੇ ਹੀ ਸੁਖ ਪਾਂਦੇ ਹਨ ਅਤੇ ਨਾਮ ਨੂੰ ਮੰਨਣ ਵਾਲੇ ਮੁਕਤੀ ਨਿਧੀਆਂ ਦਾ ਖਜਾਨਾ ਪਾ

Digitized by Panjab Digital Library | www.panjabdigilib.org

ਲੈਂਦ ਹਨ ॥

## ਬਿਲਾਵਲੁ ਮਹਲਾ ੩

**ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥ ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥ ਮੰਗਲੁ ਨਾਰੀ ਗਾਵਹਿ ਆਏ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥ ੧ ॥**

ਗੁਰੂ ਦੀ ਰਾਹੀਂ ਵਾਹਿਗੁਰੂ ਆਪੇ ਹੀ ਜਿਸ ਦੇ ਮਨ ਵਿਚ ਨਾਮ ਦੀ ਪ੍ਰੀਤੀ ਲਾਂਦਾ ਹੈ ਉਸਦੇ ਦਿਲ ਵਿਚ ਅਨੰਦ ਹੋ ਜਾਂਦਾ ਹੈ ਓਹ ਗੁਰ ਉਪਦੇਸ਼ ਕਰਕੇ ਸੋਹਣਾ ਲਗਦਾ ਹੈ ॥ ਸੰਤ ਇਸਤ੍ਰੀਆਂ ਆਕੇ ਮਾਲਕ ਦਾ ਜਸ ਗਾਂਦੀਆਂ ਹਨ । ਓਹ ਮਾਲਕ ਨਾਲ ਮਿਲਕੇ ਸਦਾ ਸੁਖ ਪਾਂਦੀਆਂ ਹਨ ॥

**ਹਉ ਤਿਨ ਬਲਿਹਾਰੈ ਜਿਨਾ ਹਰਿ ਮੰਨਿ ਵਸਾਏ ॥ ਹਰਿਜਨ ਕਉ ਮਿਲਿਆ ਸੁਖੁ ਪਾਈਐ ਹਰਿਗੁਨ ਗਾਵੈ ਸਹਜਿ ਸੁਭਾਏ ॥ ॥ ੧ ॥ ਰਹਾਉ ॥**

ਜਿਨਾ ਨੇ ਮਾਲਕ ਦੇ ਨਾਮ ਨੂੰ ਮਨ ਵਿਚ ਵਸਾਇਆ ਹੈ ਓਨਾਂ ਸੰਤਾਂ ਤੋਂ ਮੈਂ ਬਲ-ਹਾਰ ਜਾਂਦਾ ਹਾਂ। ਉਨਾਂ ਪ੍ਰਮੇਸਰ ਪਿਆਰਿਆਂ ਨੂੰ ਮਿਲਕੇ ਸੁਖ ਪਾਈਦਾ ਹੈ ਕਿਉਂਕਿ ਓਹ ਸਹਿਜ ਸੁਭਾਵਕ ਹੀ ਮਾਲਕ ਦੇ ਗੁਣ ਗਾਂਦੇ ਰਹਿੰਦੇ ਹਨ ॥

**ਸਦਾ ਰੰਗਿ ਰਾਤੇ ਤੇਰੈ ਚਾਏ ॥ ਹਰਿਜੀਉ ਆਪਿ ਵਸੈ ਮਨਿ ਆਏ ॥ ਆਪੇ ਸੋਭਾ ਸਦਹੀ ਪਾਏ ॥ ਗੁਰਮੁਖਿ ਮੇਲੈ ਮੇਲਿ ਮਿਲਾਏ ॥ ੨ ॥**

ਹੇ ਮਾਲਕ ਓਹ ਭਗਤ ਤੇਰੇ ਚਾ ਭਾਵ ਅਨੰਦ ਵਿਚ ਪ੍ਰੇਮ ਵਿਚ ਰਤੇ ਰਹਿੰਦੇ ਹਨ ਭਾਵ ਤੇਰੇ ਪ੍ਰੇਮ ਦਾ ਬੜਾ ਚਾ ਹੈ ਜਾਂ ਇੱਕਰ ਦੀ ਦਸ਼ਾ ਵਾਲਾ ਜਦੋਂ ਕੋਈ ਭਗਤ ਹੋਵੇ ਤਾਂ ਆਪੇ ਹੀ ਮਾਲਕ ਉਸਦੇ ਮਨ ਵਿਚ ਆ ਵੱਸਦਾ ਹੈ ॥ ਤਾਂ ਆਦਮੀ ਆਪੇ ਹੀ ਸਦਾ ਸੋਭਾ ਪਾਂਦਾ ਹੈ ॥ ਅਜੇਹੇ ਗੁਰਮੁਖਾਂ ਦੇ ਮੇਲ ਵਿਚ ਜੇਹੜੇ ਆਦਮੀ ਮਾਲਕ ਨੇ ਮੇਲੇ ਹਨ ਓਨਾਂ ਨੂੰ ਆਪਣੇ ਨਾਲ ਹੀ ਮਿਲਾ ਲਿਆ ਹੈ ॥

**ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜਘਰਿ ਵਾਸਾ ਹਰਿਗੁਣ ਗਾਏ ॥ ਰੰਗਿ ਚਲੂਲੈ ਹਰਿਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥ ੩ ॥**

ਜੇਹੜੇ ਗੁਰਮੁਖ ਉਸ ਮਾਲਕ ਵਿਚ ਰਤੇ ਹਨ ਓਨਾਂ ਨੇ ਹੋਰਨਾਂ ਜੀਆਂ ਨੂੰ ਭੀ

Digitized by Panjab Digital Library | www.panjabdigilib.org

ਗੁਰਉਪਦੇਸ਼ ਵਿਚ ਰੰਗਿਆ ਹੈ ॥ ਜਿਨਾਂ ਨੇ ਮਾਲਕ ਦੇ ਗੁਣ ਗਾਏ ਹਨ ਓਨਾਂ ਦਾ ਅਪਣੇ ਅਸਲੀ ਘਰ ਵਿਚ ਵਾਸਾ ਹੋਇਆ ਹੈ ॥ ਓਹ ਆਦਮੀ ਮਾਲਕ ਦੇ ਅਨੰਦ ਨੂੰ ਪੁੱਜ ਗਏ ਹਨ ਅਤੇ ਗਾਹੜੇ ਰੰਗ ਵਾਲੇ ਹੋ ਗਏ ਹਨ ॥ ਇੱਕਰ ਜੇਹੜੇ ਸੱਚ ਵਿਚ ਸਮਾ ਗਏ ਹਨ ਓਨਾਂ ਦਾ ਇਹ ਪ੍ਰੇਮ ਰੰਗ ਕਦੀ ਨਹੀਂ ਉਤਰਦਾ ਹੈ॥

**ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥ ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥**

ਓਨਾਂ ਦੇ ਦਿਲ ਵਿਚ ਗੁਰਾਂ ਦਾ ਉਪਦੇਸ਼ ਹੈ ਓਸੇ ਕਰਕੇ ਓਨਾਂ ਦਾ ਸਾਰਾ ਅਗਿਆਨ ਹਨੇਰਾ ਦੂਰ ਹੋ ਗਿਆ ਹੈ ॥ ਜਦੋਂ ਗੁਰਾਂ ਨੇ ਗਿਆਨ ਦਿਤਾ ਤਾਂ ਮੇਰਾ ਮਾਲਕ ਮਿਲਿਆ ॥ ਜੇਹੜੇ ਸੱਚ ਵਿਚ ਰਤੇ ਹਨ ਓਨਾਂ ਦਾ ਮੁੜਕੇ ਫੇਰਾ ਨਹੀ ਹੁੰਦਾ ਹੈ ਭਾਵ ਓਹ ਜੰਮਦੇ ਨਹੀਂ ਹਨ ॥ ਗੁਰੂ ਜੀ, ਇੱਕਰ ਦੇ ਨਾਮ ਨੂੰ ਪੱਕਾ ਕਰਾਉਣ ਵਾਲਾ ਮੇਰਾ ਗੁਰੂ ਹੀ ਹੈ ॥

## ਬਿਲਾਵਲੁ ਮਹਲਾ ੩

**ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥ ਹਉਮੈ ਮਾਇਆ ਸਬਦਿ ਜਲਾਈ ॥ ਦਰਿ ਸਾਚੈ ਗੁਰ ਤੇ ਸੋਭਾ ਪਾਈ ॥ ੧ ॥**

ਪੂਰੇ ਗੁਰੂ ਤੋਂ ਵਡਿਆਈ ਪਾਈ ਹੈ ॥ ਅਚਾਣਕ ਹੀ ਨਾਮ ਮਨ ਵਿਚ ਆ ਵਸਿਆ ਹੈ ਜੋ ਚਿੰਤਾ ਦੂਰ ਕਰਨ ਵਾਲਾ ਹੈ ॥ ਮਾਇਆ ਦਾ ਹੰਕਾਰ ਗੁਰਉਪਦੇਸ਼ ਕਰਕੇ ਸਾੜਿਆ ਜਾਂਦਾ ਹੈ ॥ ਸਚੇ ਗੁਰੂ ਦੀ ਕਿਰਪਾ ਨਾਲ ਮਾਲਕ ਦੇ ਬੂਹੇ ਉਤੇ ਸੋਭਾ ਪਾਈਦੀ ਹੈ ॥

**ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥ ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥ ੧ ॥ ਰਹਾਉ ।**

ਮੈਂ ਜਗਤ ਦੇ ਮਾਲਕ ਨੂੰ ਸੇਵਾਂ ਗਾ ਮੇਰਾ ਦੁਨੀਆਂ ਉਤੇ ਹੋਰ ਕੋਈ ਕੰਮ ਨਹੀਂ ਹੈ ॥ ਮੇਰੇ ਮਨ ਵਿਚ ਦਿਨੇ ਰਾਤ ਅਨੰਦ ਹੁੰਦਾ ਰਹੇ ਇਸ ਲਈ ਗੁਰਾਂਦੁਆਰਾ ਤੇਰਾ ਨਾਮ ਵਡਿਆਈ ਦੇਣ ਵਾਲਾ ਮੰਗਦਾ ਹਾਂ ॥

**ਮਨ ਕੀ ਪਰਤੀਤਿ ਮਨ ਤੇ ਪਾਈ ॥ ਪੂਰੇ ਗੁਰ ਤੇ ਸਬਦਿ ਬੁਝਾਈ॥**

Digitized by Panjab Digital Library | www.panjabdigilib.org

**ਜੀਵਣ ਮਰਣੁ ਕੋ ਸਮਸਰਿ ਵੇਖੈ ॥ ਬਹੁੜਿ ਨ ਮਰੈ ਨਾ ਜਮੁ ਪੇਖੈ ॥**

ਮਨ ਦੀ ਪ ਕਿਆਈ "ਪ੍ਰਤੀਤੇ" ਮਨ ਤੋਂ ਹੀ ਪਾਈ ਹੈ ਭਾਵ ਮਨ ਆਪੇ ਹੀ ਮੰਨ ਗਿਆ ਹੈ ਸਮਝਾਉਣ ਦੀ ਲੋੜ ਨਹੀਂ ਹੈ ॥ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਸਮਝ ਆਈ ਹੈ ॥ ਜੇਹੜਾ ਜੀਉਣ ਮਰਨ ਨੂੰ ਇਕੋ ਜੇਹਾ ਵੇਖਦਾ ਹੈ ॥ ਫਿਰ ਮਰਨਾ ਵੀ ਨਹੀ ਹੈ ਅਤੇ ਜਮ ਨੂੰ ਵੀ ਨਹੀ ਵੇਖਦਾ ਹੈ ॥

**ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥ ਸਦਹੀ ਲਾਗਾ ਸਹਜਿ ਧਿਆਨ ॥ ਅਨਦਿਨੁ ਗਾਵੈ ਏਕੋ ਨਾਮ ॥ ੩ ॥**

ਦਿਲ ਦੇ ਅੰਦਰ ਹੀ ਸਾਰੇ ਕਰੋੜਾਂ ਖਜਾਨੇ ਹਨ ॥ ਜਦੋਂ ਓਹ ਖਜਾਨੇ ਸਾਰੇ ਗੁਰਾਂ ਨੇ ਵਿਖਾ ਦਿਤੇ ਤਾਂ ਹੰਕਾਰ ਚਲਿਆ ਗਿਆ ॥ ਫਿਰ ਸਦਾ ਹੀ ਮਾਲਕ ਵਿਚ ਧਿਆਨ ਲੱਗਾ ॥ ਫਿਰ ਓਹ ਦਿਨੇ ਰਾਤ ਇਕ ਨਾਮ ਨੂੰ ਗਾਂਦਾ ਹੈ ॥

**ਇਸੁ ਜੁਗ ਮਹਿ ਵਡਿਆਈ ਪਾਈ ॥ ਪੂਰੇ ਗੁਰ ਤੇ ਨਾਮੁ ਧਿਆਈ॥ ਜਹ ਦੇਖਾ ਤਹ ਰਹਿਆ ਸਮਾਈ ॥ ਸਦਾ ਸੁਖਦਾਤਾ ਕੀਮਤਿ ਨਹੀ ਪਾਈ । ੪ ॥**

ਇਸ ਕਲਜੁਗ ਵਿਚ ਨਾਮ ਜਪਕੇ ਵਡਿਆਈ ਪਾਈ ਹੈ ॥ ਪੂਰੇ ਗੁਰਾਂ ਦੀ ਕਿਰਪਾ ਨਾਲ ਨਾਮ ਨੂੰ ਧਿਆਇਆ ਹੈ । ਹੁਣ ਮੈਂ ਜਿਥੇ ਵੇਖਦਾ ਹਾਂ ਓਥੇ ਹੀ ਮਾਲਕ ਮਿਲਿਆ ਹੋਇਆ ਵੇਖਦਾ ਹਾਂ ਭਾਵ ਸਾਰੇ ਜੀਵ ਤੇਰਾ ਰੂਪ ਹਨ ॥ ਮਾਲਕ ਤਾਂ ਸਦਾ ਸੁਖਦੇਣ ਵਾਲਾ ਹੈ ਪਰ ਉਸਦੀ ਕੀਮਤ ਨਹੀਂ ਪਾਈ ਜਾਂਦੀ ਹੈ, ਕੋਈ ਵੀ ਕੀਮਤ ਨਹੀ ਪਾ ਸਕਦਾ ਹੈ ॥

**ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥ ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥ ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥ ੫ ॥ ੬ ॥ ੧੦ ॥**

ਪੂਰਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਇਆ ਹੈ । ਜਿਸ ਗੁਰੂ ਨੇ ਅੰਦਰ ਹੀ ਨਾਮ ਨਿਧੀਆਂ ਦਾ ਖਜਾਨਾ ਵਿਖਾ ਦਿਤਾ ਹੈ ॥ ਜੇਹੜਾ ਗੁਰੂ ਦਾ ਉਪ-ਦੇਸ਼ ਮਿੱਠਾ ਹੈ ਉਸ ਵਿਚ ਮੈਂ ਮਨ ਨੂੰ ਲਾਇਆ ਹੈ ॥ ਗੁਰੂ ਜੀ, ਉਸ ਕਰਕੇ ਸਾਡੀ ਤ੍ਰਿਸ਼ਨਾ ਅੱਗ ਬੁਝ ਗਈ ਹੈ ਅਤੇ ਮਨ ਤਨ ਵਿਚ ਸੁਖ ਪਾ ਲਿਆ ਹੈ ॥

Digitized by Panjab Digital Library | www.panjabdigilib.org

## ਰਾਗੁ ਬਿਲਾਵਲੁ ਮਹਲਾ ੪ ਘਰੁ੩

### ੧ ਓ ਸਤਿਗੁਰਪ੍ਰਸਾਦਿ ॥

**ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥ ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ॥ ੧ ॥**

ਹੇ ਮੇਰੇ ਦਿਲ ਦੀ ਜਾਨਣ ਵਾਲਿਆ ਮਾਲਕਾ ਮੈਨੂੰ ਉਦਮ ਕਰਨ ਵਾਲੀ ਅਕਲ ਦੇਹ, ਕਿਉਂਕਿ ਜਿਸਤਰਾਂ ਤੂੰ ਸਾਨੂੰ ਸਾਰਿਆਂ ਜੀਆਂ ਨੂੰ ਪ੍ਰੇਰ ਦਾ ਹੈਂ ਓਸੇਤਰਾਂ ਅਸੀਂ ਸਾਰੇ ਅਦਮੀ ਕੰਮ ਕਰਦੇ ਹਾਂ ॥ ਜਿਸਤਰਾਂ ਜੇਹੜਾ ਪੁਤਲੀਆਂ ਨਚਾਉਣ ਵਾਲਾ ਮੰਦਾਰੀ ਹੈ ਓਹ ਜਿਸਤਰਾਂ ਤਾਰ ਨੂੰ ਵਜਾਂਦਾ ਹੈ ਭਾਵ ਹਿਲਾਂਦਾ ਹੈ ਓਸੇਤਰਾਂ ਪੁਤਲੀਆਂ ਵਜਦੀਆਂ ਭਾਵ ਨਚਦੀਆਂ ਹਨ, ਇਕਰ ਹੀ ਜੇਹੜੇ ਜੀਵ ਪੁਤਲੀਆਂ ਹਨ ਓਨਾਂ ਨੂੰ ਤੂੰ ਅਪਣੀ ਮਾਇਆ ਰੂਪ ਤਾਰ ਨਾਲ ਨਚਾਂਦਾ ਹੈਂ ਭਾਵ ਵਿਹਾਰ ਕਰਾਂਦਾ ਹੈ ॥

**ਜਪਿ ਮਨ ਰਾਮ ਨਾਮੁ ਰਸਨਾ ॥ ਮਸਤਕਿ ਲਿਖਤ ਲਿਖੇ ਗੁਰੁ ਪਾਇਆ ਹਰਿ ਹਿਰਦੈ ਹਰਿ ਬਸਨਾ ॥ ੧ ॥ ਰਹਾਉ ॥**

ਮੈਂ ਮਾਲਕ ਦੇ ਨਾਮ ਨੂੰ ਮਨ ਕਰਕੇ ਜਬਾਨ ਨਾਲ ਜਪਣਾ ਕਰਦਾ ਹਾਂ ॥
ਮਥੇ ਦੇ ਲੇਖ ਲਿਖੇ ਅਨੁਸਾਰ ਭਾਵ ਵੱਡੇ ਕਰਮਾਂ ਕਰਕੇ ਗੁਰੂ ਲੱਭਾ ਹੈ ਸੋ ਗੁਰੂ ਦੀ ਕਿਰਪਾ ਨਾਲ ਮਾਲਕ ਦਾ ਨਾਮ ਦਿਲ ਵਿਚ ਟਿਕਿਆ ਹੈ।

**ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ ॥ ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ ॥**

ਮਾਇਆ ਦਾ ਫੜਿਆ ਹੋਇਆ ਆਦਮੀ ਜਨਮ ਵਿਚ ਭੌਂਦਾ ਹੈ ਹੇ ਮਾਲਕ ਆਪਣਾ ਦਾਸ ਜਾਣਕੇ ਬਚਾ ਲੈ ॥ ਜਿੱਕੁਣ ਪ੍ਰਹਲਾਦ ਨੂੰ ਹਰਨਾਖਸ਼ ਨੇ ਫੜ ਲਿਆ ਸੀ ਓਹ ਭਗਤ ਮਾਲਕਦੀ ਸ਼ਰਨ ਆਇਆ ਤੇ ਤਾਂ ਮਾਲਕ ਨੇ ਆਪਣਾ ਜਾਣਕੇ ਰਖ ਲਿਆ ਇੱਕਰ ਹੀ ਮੈਨੂ ਬਚਾ ॥

**ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥ ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ ॥**

ਤੇਰਾ ਨਾਮ ਜਪਕੇ ਕਿਸ ਕਿਸ ਦੀ ਮੁਕਤੀ ਹੋ ਜਾਣ ਦੀ ਰੀਤੀ ਦਸੀਏ ਹੇ ਮਾਲਕਾ ਤੂੰ

Digitized by Panjab Digital Library | www.panjabdigilib.org

ਅਨੇਕਾਂ ਹੀ ਪਾਪੀਆਂ ਨੂੰ ਪਵਿਤਰ ਕੀਤਾ ਹੈ ਭਾਵ ਜਿਤਨੇ ਤੇਰਾ ਨਾਮ ਜਪਕੇ ਤਰੇ ਹਨ ਓਨਾਂ ਦੀ ਗਿਣਤੀ ਨਹੀ ਹੋ ਸਕਦੀ ਹੈ ॥

ਜੇਹੜਾ ਤੇਰਾ ਓਹ ਭਗਤ ਰਵਿਦਾਸ ਮੋਇਆਂ ਹੋਇਆਂ ਡੰਗਰਾਂ ਨੂੰ ਢੋਂਣ ਵਾਲੀ ਜਾਤੀ ਵਿਚ ਸੀ ਜਿਸਦੇ ਹਥ ਸਦਾ ਚੰਮ ਨਾਲ ਚੰਬੜੇ ਰਹਿੰਦੇ ਸੀ ਜਾਂ ਹਥਾਂ ਨਾਲ ਚੰਮ ਚੰਬੜਿਆ ਭਾਵ ਫੜਿਆ ਹੋਇਆ ਜਾਂ ਲਗਾ ਰਹਿੰਦਾ ਸੀ ਭਾਵ ਭਾਂਵੇ ਓਹ ਜੁੱਤੀਆਂ ਗੰਢਣ ਵਾਲਾ ਸੀ ਪਰ ਫਿਰ ਵੀ ਹੇ ਮਾਲਕ ਓਹ ਤੇਰੀ ਸ਼ਰਨ ਹੋਣ ਨਾਲ ਨਾਮ ਜਪਕੇ ਸੰਸਾਰ ਸਮੁੰਦਰ ਤੋਂ ਤਰ ਗਿਆ ॥

**ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ ॥ ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ ॥ ੪ ॥ ੧ ॥**

ਹੇ ਮੇਰੇ ਦੀਨ ਦਿਆਲ ਮਾਲਕ ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਿਆ ਸਾਨੂੰ ਪਾਪੀਆਂ ਨੂੰ ਪਾਪਾਂ ਵਾਲੇ ਕਰਮਾਂ ਦੇ ਕਰਨ ਵਲੋਂ ਰੱਖ ਲੈ ਭਾਵ ਪਾਪਾਂ ਤੋਂ ਬਚਾ ਲੈ ॥ ਗੁਰੂ ਜੀ, ਹੇ ਮਾਲਕਾ ਜੇਹੜੇ ਤੇਰਾ ਪਤਾ ਦੱਸਣ ਵਾਲੇ ਜਾਂ ਵਿਖਾਉਣ ਵਾਲੇ ਦਾਸ ਹਨ ਮੈਨੂੰ ਦਾਸ ਨੂੰ ਓਨਾਂ ਦੇ ਦਾਸਾਂ ਦਾ ਦਾਸ ਬਣਾ ਲੈ ॥

## ਬਿਲਾਵਲੁ ਮਹਲਾ ੪

**ਹਮਮੂਰਖਮੁਗਧ ਅਗਿਆਨਮਤੀ ਸਰਣਾਗਤਿ ਪੁਰਖ ਅਜਨਮਾ ॥ ਕਰਿ ਕਿਰਪਾ ਰਖਿਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ**

ਹੇ ਅਜਨਮ ਮਾਲਕ ਅਸੀ ਬਹੁਤ ਮੂਰਖ ਬੇਸਮਝ ਅਕਲ ਵਾਲੇ ਤੇਰੀ ਸ਼ਰਨ ਆਏ ਹਾਂ ॥ ਹੇ ਮਾਲਕ ਅਸੀ ਅਕਰਮਾ=ਅਭਾਗੀ ਚੰਗਿਆਂ ਗੁਣਾਂ ਤੋਂ ਬਿਨਾ ਪੱਥਰ ਵਰਗੇ ਹਾਂ ਤੂੰ ਕਿਰਪਾ ਕਰਕੇ ਰੱਖ ਲੈ ਬਚਾ ਲੈ ॥

**ਮੇਰੇ ਮਨ ਭਜੁ ਰਾਮਨਾਮੈ ਰਾਮਾ ॥ ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ ॥ ੧ ॥ ਰਹਾਉ ॥**

ਹੇ ਮਾਲਕ ਮੈਂ ਤੇਰੇ ਨਾਮ ਨੂੰ ਜਪਿਆ ਹੈ ॥ ਮੈਂ ਗੁਰਾਂ ਦੀ ਸਿਖਿਆ ਲੈਕੇ ਤੇਰਾ ਸ੍ਵਾਦ ਪਾਇਆ ਹੈ ਹੋਰ ਸਾਰਾ ਬਿਅਰਥ ਕੰਮ ਛੱਡ ਦਿਤਾ ਹੈ ॥

**ਹਰਿ ਜਨ ਸੇਵਕ ਸੇ ਹਰਿ ਤਾਰੇ ਹਮ ਨਿਰਗੁਨ ਰਾਖੁ ਉਪਮਾ ॥ ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ ਹਰਿ ਜਪੀਐ ਵਡੇ ਕਰੰਮਾ ॥**

Digitized by Panjab Digital Library | www.panjabdigilib.org

ਜੇਹੜੇ ਮਾਲਕ ਦੇ ਸੇਵਕ ਹਨ ਓਹ ਮਾਲਕ ਨੇ ਤਾਰ ਲਏ ਹਨ ਸਾਡੀ ਵੀ ਨਿਰਗੁਣ ਆਰਿਆਂ ਦੀ ਰਖਿਆ ਕਰ ਇਸ ਗਲ ਵਿਚ ਤੇਰੀ ਉਪਮਾ ਹੈ ॥ ਹੇ ਮਾਲਕ ਤੇਰੇ ਤੋਂ ਬਿਨਾ ਹੋਰ ਕੋਈ ਰਾਖਾ ਨਹੀ ਹੈ ਤੇਰੇ ਨਾਮ ਨੂੰ ਵਡਿਆਂ ਕਰਮਾਂ ਕਰਕੇ ਜਪਿਆ ਜਾਂਦਾ ਹੈ ॥

**ਨਾਮਹੀਨ ਧ੍ਰਿਗੁ ਜੀਵਤੇ ਤਿਨ ਵਡ ਦੂਖ ਸਹੰਮਾ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ ॥ ੩ ॥**

ਜੇਹੜੇ ਆਦਮੀ ਨਾਮ ਤੋਂ ਬਿਨਾ ਜੀਉਂਦੇ ਹਨ ਓਨਾਂ ਨੂੰ ਧਿਰਕਾਰ ਹੈ, ਓਨਾਂ ਨੇ ਜਮ ਆਦਕਾਂ ਦਾ ਵਡਾ ਦੁਖ ਸਹਾਰਨਾ ਹੈ ॥ ਓਨਾਂ ਮਨਮੁਖਾਂ ਨੂੰ ਮੁੜ ਮੁੜ ਅਨੇਕਾਂ ਜੂਨੀਆਂ ਵਿਚ ਭੁਆਇਆ ਜਾਵੇਗਾ ਕਿਉਂਕਿ ਓਹ ਖੋਟਿਆਂ ਭਾਗਾਂ ਵਾਲੇ ਮੂਰਖ ਚੰਗਿਆਂ ਗੁਣਾਂ ਤੋਂ ਬਿਨਾ ਹਨ ॥

**ਹਰਿਜਨੁ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥ ਗੁਰਿ ਸਤਿਗੁਰੁ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥ ੪ ॥**

ਹੇ ਮਾਲਕਾ ਜਿਨਾਂ ਸੰਤਾਂ ਨੂੰ ਤੇਰੇ ਨਾਮ ਦਾ ਆਸਰਾ ਹੈ ਓਨਾਂ ਦੇ ਮੁੱਢ ਤੋਂ ਹੀ ਤੂੰ ਵਡੇ ਭਾਗ ਲਿਖ ਦਿਤੇ ਹਨ ਏਸੇ ਲਈ ਓਹ ਚੰਗੇ ਕੰਮ ਕਰਦੇ ਹਨ ॥
ਗੁਰੂ ਜੀ, ਸਾਨੂੰ ਗੁਰੂ ਨੇ ਨਾਮ ਪੱਕਾ ਕਰ ਦਿਆ ਹੈ ਏਸੇ ਲਈ ਸਾਡਾ ਜਨਮ ਸਫਲ ਹੋਇਆ ਹੈ ॥

## ਬਿਲਾਵਲੁ ਮਹਲਾ ੪

**ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥ ਤੁਮਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥੧॥**

ਹੇ ਮਾਲਕਾ ਸਾਡਾ ਚਿਤ ਲੋਭ ਮੋਹ ਆਦਿਕ ਵਿਸ਼ਿਆਂ ਵਿਚ ਲੋਭਿਆ ਹੋਇਆ ਹੈ ਏਸੇ ਲਈ ਬਹੁਤੀ ਖੋਟੀ ਅਕਲ ਰੂਪ ਮੈਲ ਨਾਲ ਭਰਿਆ ਹੋਇਆ ਹੈ ॥
ਹੇ ਮਾਲਕ ਅਸੀਂ ਤੇਰੀ ਸੇਵਾ ਨਹੀਂ ਕਰ ਸਕਦੇ ਹਾਂ ਇਸ ਲਈ ਮੈਂ ਮੂਰਖ ਕਿਸਤਰਾਂ ਤਰਾਂਗਾ ॥

**ਮੇਰੇ ਮਨ ਜਪਿ ਨਰ ਹਰ ਨਾਮੁ ਨਰ ਹਰਾ ॥ ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥ ੧ ॥ ਰਹਾਉ ॥**

ਹੇ ਮਨ ਸਾਰੇ ਕੰਮ ਛੱਡਕੇ ਨਰਾਂ ਨੂੰ ਹਰਿਆਂ ਕਰਨ ਵਾਲੇ ਮਾਲਕ ਦਾ ਨਾਮ ਜਪ ਜਦੋਂ ਮਾਲਕ ਨੇ ਮੇਰੇ ਦਾਸ ਉਤੇ ਕਿਰਪਾ ਕੀਤੀ ਤਾਂ ਮੈਂ ਗੁਰੂ ਨੂੰ ਮਿਲਕੇ ਇਸ

Digitized by Panjab Digital Library | www.panjabdigilib.org

ਸੰਸਾਰ ਸਮੁੰਦਰ ਤੋਂ ਪਾਰ ਪਿਆ ॥

**ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ ॥**
**ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ ॥੨॥**

ਹੇ ਮੇਰੇ ਪਿਤਾ ਮਾਲਕ ਮੈਨੂੰ ਕਿਰਪਾ ਕਰਕੇ ਅਜੇਹੀ ਅਕਲ ਦੇਹ ਜਿਸ ਕਰਕੇ ਮੈਂ ਤੇਰਾ ਜਸ ਹੀ ਕਰਦਾ ਰਹਾਂ ॥ ਜੇਹੜੇ ਆਦਮੀ ਤੁਹਾਡੇ ਨਾਮ ਦੇ ਨਾਲ ਲਗ ਗਏ ਹਨ ਓਹ ਇਕੁੱਰ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ ਜਿੱਕਰ ਲਕੜ ਦੇ ਨਾਲ ਲੱਗਕੇ ਲੋਹਾ ਤਰ ਜਾਂਦਾ ਹੈ ॥

**ਸਾਕਤ ਨਰ ਹੋਛੀ ਮਤਿ ਮਧਿਮ ਜਿਨ ਹਰਿ ਹਰਿ ਸੇਵ ਨ ਕਰਾ॥**
**ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥੩॥**

ਮਾਇਆ ਦੇ ਉਪਾਸ਼ਕ ਆਦਮੀ ਵਿਚਕਾਰਲੇ ਕਰਮਾਂ ਵਾਲੇ ਤੇ ਤੁਛ ਬੁਧੀ ਵਾਲੇ ਹਨ ਜਿੰਨਾਂ ਨੇ ਤੇਰੇ ਨਾਮ ਨੂੰ ਸੇਵਨ ਨਹੀਂ ਕਰਿਆ ਹੈ ਭਾਵ ਓਹ ਪਾਪੀ ਹਨ ॥ ਓਹ ਆਦਮੀ ਭਾਗਾਂ ਤੋਂ ਬਿਨਾ ਖੋਟੇ ਕੰਮਾਂ ਵਾਲੇ ਹਨ ਓਹ ਮੁੜ ਮੁੜ ਜੰਮਦੇ ਮਰਦੇ ਰਹਿੰਦੇ ਹਨ ॥

**ਜਿਨ ਕਉ ਤੁਮ ਹਰਿ ਮੇਲਹੁ ਸੁਆਮੀ ਤੇ ਨਾਏ ਸੰਤੋਖ ਗੁਰਸਰਾ ॥**
**ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩**

ਹੇ ਮਾਲਕਾ ਜਿਨਾਂ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ ਓਹ ਆਦਮੀ ਸੰਤੋਖ ਰੂਪ ਸਰੋਵਰ ਜਾਂ ਗੁਰੂ ਦੇ ਸੰਤੋਖ ਸਰ ਤਾਲ ਵਿਚ ਨ੍ਹਾਂਦੇ ਹਨ ॥ ਗੁਰੂ ਜੀ, ਓਨਾਂ ਦੀ ਖੋਟੀ ਅਕਲ ਰੂਪ ਮੈਲ ਦੂਰ ਹੋ ਗਈ ਹੈ ਕਿਉਂਕਿ ਓਨਾਂ ਤੇਰਾ ਨਾਮ ਜਪਿਆ ਹੈ ਏਹੋ ਹੀ ਓਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ ॥

## ਬਿਲਾਵਲੁ ਮਹਲਾ ੪

**ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥**
**ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥**

ਹੇ ਮੇਰੇ ਭਰਾਓ ਸੰਤੋ ਆਓ ਅਤੇ ਆਕੇ ਮਿਲੋ ਅਤੇ ਬੈਠਕੇ ਮਾਲਕ ਦੀ ਕਥਾ ਕਰੋ ਭਾਵ ਅਸੀਂ ਤੁਸੀਂ ਰਲ ਮਿਲਕੇ ਪ੍ਰਮੇਸਰ ਦੀਆਂ ਗਲਾਂ ਕਰੀਏ ॥ ਮਾਲਕ ਦਾ ਨਾਮ ਕਲਜੁਗ ਵਿਚ ਜਹਾਜ ਹੈ ਪਰ ਮਲਾਹ ਰੂਪ ਗੁਰੂ ਦੇ ਉਪਦੇਸ਼

Digitized by Panjab Digital Library | www.panjabdigilib.org

ਦੁਆਰਾ ਨਾਮ ਦੇ ਜਹਾਜ ਕਰਕੇ ਸੰਸਾਰ ਤੋਂ ਤਰੋ ॥

**ਮੇਰੇ ਮਨਿ ਹਰਿਗੁਣ ਹਰਿ ਉਚਰਹੁ॥ ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥ ੧ ॥ ਰਹਾਉ ॥**

ਹੇ ਮੇਰੇ ਮਨ ਮਾਲਕ ਦੇ ਗੁਣਾਂ ਨੂੰ ਉਚਾਰਨ ਕਰੋ॥ ਜਿਨਾਂ ਦੇ ਮੱਥੇ ਉਤੇ ਚੰਗੇ ਲੇਖ ਲਿਖੇ ਹੋਏ ਹਨ ਓਨਾਂ ਨੇ ਮਾਲਕ ਦੇ ਗੁਣ ਗਾਏ ਹਨ ਓਨਾਂ ਦੀ ਸੰਗਤ ਵਿਚ ਮਿਲਕੇ ਤੁਸੀਂ ਵੀ ਇਸ ਸੰਸਾਰ ਸਮੁੰਦਰ ਤੋਂ ਪਾਰ ਪਓਗੇ ॥

**ਕਾਇਆ ਨਗਰ ਮਹਿ ਰਾਮਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ॥ ਸਤਿਗੁਰੁ ਸੇਵਿ ਸਫਲ ਹਰਿਦਰਸਨੁ ਮਿਲਿ ਅੰਮ੍ਰਿਤ ਹਰਿਰਸੁ ਪੀਅਹੁ॥ ੨ ॥**

ਇਹ ਦੇਹ ਰੂਪ ਨਗਰੀ ਵਿਚ ਮਾਲਕ ਦਾ ਨਾਮ ਹੀ ਰਸ ਲੈਣਾ ਉਤਮ ਗਲ ਹੈ ਪਰ ਸੰਤਾਂ ਨਾਲ ਮਿਲਕੇ ਓਹ ਨਾਮ ਕਿਕੁਣ ਲਭੀਏ । ਹੇ ਸੰਤੋ ਤੁਸੀਂ ਇਕੁਰ ਦਾ ਉਪ-ਦੇਸ਼ ਕਰੋ ਜਿਸਤਰਾਂ ਨਾਮ ਪਾਈਏ ॥

ਮਾਲਕ ਦਾ ਸਫਲ ਦਰਸ਼ਨ ਗੁਰੂ ਹੀ ਹੈ ਸੋ ਗੁਰੂ ਦੀ ਸੇਵਾ ਕਰੋ । ਗੁਰੂ ਨਾਲ ਮਿਲਕੇ ਅਮ੍ਰਿਤ ਰੂਪ ਨਾਮ ਰਸ ਨੂੰ ਪੀਓ ॥

**ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿਸੰਤਹੁ ਚਾਖਿ ਦਿਖਹੁ ॥ ਗੁਰਮਤਿ ਹਰਿਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖਰਸਹੁ ॥ ੩**

ਮਾਲਕ ਦਾ ਨਾਮ ਅਮ੍ਰਿਤ ਵਰਗਾ ਮਿਠਾ ਹੈ ਹੇ ਸੰਤੋ ਉਸ ਮਾਲਕ ਦੇ ਨਾਮ ਦਾ ਸਵਾਦ ਚਖਕੇ ਵੇਖ ਲਓ॥ ਗੁਰਾਂ ਦੀ ਸਿਖਿਆ ਨਾਲ ਜਿਨਾਂ ਗੁਰਮੁਖਾਂ ਨੂੰ ਨਾਮ ਰਸ ਮਿਠਾ ਲਗਾ ਹੈ ਓਨਾਂ ਨੂੰ ਸਾਰਿਆਂ ਵਿਸ਼ਿਆਂ ਦੇ ਸਵਾਦ ਭੁਲ ਗਏ ਹਨ ॥

**ਰਾਮਨਾਮੁ ਰਸੁ ਰਾਮਰਸਾਇਣੁ ਹਰਿ ਸੇਵਹੁ ਸੰਤਜਨਹੁ ॥ ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ ੪ ॥ ੪ ॥**

ਵਿਆਪਕ ਮਾਲਕ ਦਾ ਨਾਮ ਰਸਾਂ ਦਾ ਘਰ ਭਾਵ ਮਿਠਾ ਹੈ ਹੇ ਸੰਤੋ ਓਸੇ ਨਾਮ ਨੂੰ ਸਦਾ ਸੇਵੋ ਭਾਵ ਯਾਦ ਰਖੋ ॥ ਗੁਰੂ ਜੀ, ਜੇਹੜੇ ਚਾਰ ਪਦਾਰਥ ਹਨ ਅਤੇ ਜੇ ਤੁਸੀ ਓਹਨਾਂ ਚਹੁੰਆਂ ਹੀ ਪਦਾਰਥਾਂ ਨੂੰ ਪਾਇਆ ਚਾਹੁੰਦੇ ਹੋ ਤਾਂ ਗੁਰਾਂ ਦੀ ਸਿਖਿਆ ਲੈਕੇ ਮਾਲਕ ਦਾ ਨਾਮ ਚੇਤੇ ਰਖੋ ॥

Digitized by Panjab Digital Library | www.panjabdigilib.org

(ਗੁਰੂ ਦੀ ਮਹਿਮਾ, ਅਕਾਲਪੁਰਖ ਦੇ ਸਨਮੁਖ ਬੇਨਤੀ)

## ਬਿਲਾਵਲੁ ਮਹਲਾ ੪

**ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿਮੰਤ੍ਰੁ ਜਪੈਨੀ ॥ ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭਰੈਨੀ ॥ ੧ ॥**

ਜਪੈਨੀ=ਜਪਨਜੋਗ ।

ਖੱਤਰੀ, ਬ੍ਰਾਹਮਨ, ਸੂਦਰ, ਵੈਸ਼ ਚਹੁੰਆਂ ਵਰਨਾਂ ਵਿਚੋਂ ਕੋਈ ਵੀ ਮਾਲਕ ਦੇ ਨਾਮ ਮੰਤ੍ਰ ਜਪਣ ਵਾਲੇ ਦਾ ਜਾਪ ਕਰੇ ਓਹੋ ਹੀ ਸੁਖ ਪਾਵੇਂਗਾ ਗੁਰੂ ਨੂੰ ਪ੍ਰਮੇਸਰ ਜਾਣਕੇ ਪੂਜੋ ਅਤੇ ਰੋਜ ਸਾਰਾ ਦਿਨ ਰਾਤ ਉਸਦੀ ਸੇਵਾ ਕਰੋ ॥

**ਹਰਿਜਨ ਦੇਖਹੁ ਸਤਿਗੁਰੁ ਨੈਨੀ ॥ ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ ॥ ੧ ॥ ਰਹਾਉ ॥**

ਹੇ ਪ੍ਰਮੇਸਰ ਦੇ ਦਾਸ ਗੁਰੂ ਦਰਸ਼ਨ ਨੇਤਰਾਂ ਨਾਲ ਵੇਖੋ। ਗੁਰੂ ਦੀ ਅਕਲ ਨਾਲ ਬਾਣੀ ਕਰਕੇ ਪ੍ਰਮੇਸਰ ਦੇ ਨਾਮ ਨੂੰ ਬੋਲੋ ਤਾਂ ਫਿਰ ਜੋ ਚਾਹੋਗੇ ਸੋ ਫਲ ਪਾ ਲਓਗੇ ।

**ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥ ਅਪਨਾ ਭਲਾ ਸਭੁਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥ ੨ ॥**

ਭਾਵੇਂ ਬਹੁਤਿਆਂ ਅਨੇਕਾਂ ਜਤਨਾਂ ਨੂੰ ਸੋਚੀਏ ਕਰੀਏ ॥ ਤਾਂ ਵੀ ਜੇਹੜੀ ਗਲ ਹੋਣ ਵਾਲੀ ਹੈ ਓਹੋ ਹੀ ਹੁੰਦੀ ਹੈ ॥ ਹਰ ਕੋਈ ਅਪਣਾ ਭੁਲਾ ਚਾਹੁੰਦਾਹੈ ਪਰ ਓਹ ਮਾਲਕ ਓਹ ਗਲ ਕਰ ਦੇਂਦਾ ਹੈ ਜੋ ਸਾਡੇ ਚਿਤ ਚੇਤੇ ਕਦੀ ਵੀ ਨਹੀ ਹੁੰਦੀ ਹੈ ਜਾਂ ਚਿਤ ਦੀ ਚਿਤਵਣੀ= ਯਾਦਗੀਰੀ ਵਿਚ ਨਹੀ ਹੁੰਦੀ ।

(ਮਾਲਕ ਅਗੇ ਬੇਨਤੀ)

**ਮਨ ਕੀ ਮਤਿ ਤਿਆਗਹੁ ਹਰਿਜਨ ਏਹਾ ਬਾਤ ਕਠੈਨੀ ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥ ੩ ॥**

ਹੇ ਪ੍ਰਮੇਸਰਦੇ ਪਿਆਰਿਓ ਮਨ ਦੀ ਮਤ ਛਡ ਦਿਓ ਪਰ ਇਹ ਗਲ ਬੜੀ ਔਖੀ ਹੈ ਗੁਰੂ ਦੀ ਅਕਲ ਲੈਕੇ ਰਾਤ ਦਿਨ ਮਾਲਕ ਦਾ ਨਾਮ ਧਿਆਓ ।

**ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥ ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ**

Digitized by Panjab Digital Library | www.panjabdigilib.org

॥੪॥੫॥

ਵਿਹਾਰਾਂ ਦੀ ਅਕਲ ਤੇ ਚੰਗੀ ਅਕਲ ਹੇ ਮਾਲਕ ਇਹ ਸਭ ਤੇਰੇ ਹੀ ਵਸ ਹੈ ਅਸੀ ਆਦਮੀ ਸਾਰੇ ਵਾਜੇ ਹਾਂ ਅਤੇ ਤੁਸੀ ਵਾਜਿਆਂ ਦੇ ਵਜਾਉਣ ਵਾਲੇ ਜੰਤ੍ਰੀ=ਵਜੰਤਰ ਪੁਰਖ ਹੋ ਭਾਵ ਜਿਸਤਰਾਂ ਕੰਮ ਕਰਾਂਦੇ ਹੋ ਓਸੇ ਤਰਾਂ ਅਸੀ ਕਰਦੇ ਹਾਂ॥ ਗੁਰੂ ਜੀ, ਹੇ ਮੇਰੇ ਮਾਲਕ ਸਾਰੇ ਜਗਤ ਦੇ ਕਰਨ ਵਾਲੇ ਜਿਸਤਰਾਂ ਤੈਨੂੰ ਭਾਂਦਾ ਹੈ ਓਸੇ ਤਰਾਂ ਅਸੀਂ ਬੋਲਦੇ ਹਾਂ॥

## ਬਿਲਾਵਲੁ ਮਹਲਾ ੪

**ਅਨਦਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ॥ ਧਰਮਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ॥ ੧ ॥**

ਜੇਹੜਾ ਸਾਰਿਆਂ ਅਨੰਦਾਂ ਦਾ ਮੁੱਢ ਪੁਰਖਾਂ ਵਿਚੋਂ ਉਤਮ ਪ੍ਰਮੇਸਰ ਹੈ ਉਸਨੂੰ ਚੇਤੇ ਕੀਤਾ ਉਸਦੇ ਅਨੰਦ ਨੂੰ ਪਾਕੇ ਰਾਤ ਦਿਨੇ ਅਨੰਦ ਹੋਇਆ ਹੈ॥ ਧਰਮਰਾਜਾ ਦੀ ਕੁਸਾਮਤ ਦੂਰ ਕਰ ਦਿਤੀ ਅਤੇ ਜੇਹੜੇ ਜਮਦੂਤਾਂ ਦੇ ਅਗੇ ਛੰਦੇ=ਤਰਲਿਆਂ ਦੇ ਬਚਨ ਕਰਨੇ ਸੀ ਓਹ ਵੀ ਸਾਰੇ ਦੂਰ ਹੋ ਗਏ॥

**ਜਪਿ ਮਨ ਹਰਿ ਹਰਿ ਨਾਮੁ ਗੁਬਿੰਦੇ ॥ ਵਡਭਾਗੀ ਗੁਰੁ ਸਤਿਗੁਰੁ ਪਾਇਆ ਗੁਣ ਗਾਏ ਪਰਮਾਨੰਦੇ॥ ੧ ॥ ਰਹਾਉ ॥**

ਹੇ ਮਨ ਮਾਲਕ ਦਾ ਹਰੀ ਹਰੀ ਨਾਮ ਜਪ॥ ਵਡਿਆਂ ਭਾਗਾਂ ਨਾਲ ਗੁਰੂ ਲਭਿਆ ਹੈ ਸੋ ਹੁਣ ਗੁਰੂ ਦੀ ਕਿਰਪਾ ਨਾਲ ਪਰਮ ਅਨੰਦ ਮਾਲਕ ਦੇ ਗੁਣ ਗਾਏ ਹਨ॥

**ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥ ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥ ੨ ॥**

ਜੇਹੜੇ ਮਾਇਆ ਦੇ ਉਪਾਸ਼ਕ ਮੂਰਖ ਆਦਮੀ ਹਨ ਓਹ ਮਾਇਆ ਵਿਚ ਲੱਗਕੇ ਜੀਆਂ ਨੂੰ ਬਧਿਕ=ਮਾਰਨ ਵਾਲੇ ਸ਼ਿਕਾਰੀ ਭਾਵ ਪਾਪੀ ਹਨ ਓਹ ਮਾਇਆ ਦੇ ਵਾਸਤੇ ਜਤਨ ਕਰਦੇ ਪਾਪ ਕਰਮਾਂ ਵਿਚ ਆਪ ਫਿਰਦੇ ਹਨ ਅਤੇ ਹੋਰਨਾਂ ਸੰਗੀਆਂ ਨੂੰ ਵੀ ਭਰਮਾਂਦੇ ਹਨ॥ ਓਹ ਭੈੜਿਆਂ ਕਰਮਾਂ ਦੇ ਬਧੇ ਹੋਏ ਤ੍ਰਿਸ਼ਨਾਂ ਅੱਗ ਵਿਚ ਸਦਾ ਹੀ ਸੜਦੇ ਹਨ ਜਿਕਰ ਤੇਲੀ ਦੇ ਬੌਲਦ ਕੋਹਲੂ ਦੇ ਚਾਰ ਚੁਫੇਰੇ ਭੌਂਦੇ ਰਹਿੰਦੇ ਹਨ ਭਾਵ ਮਾੜਿਆਂ ਕਰਮਾਂ ਦੇ ਵਸ ਹੋਕੇ ਜੂਨੀਆਂ ਪਾਂਦੇ ਹਨ॥

**ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ॥ ਜਿਨ ਹਰਿ**

Digitized by Panjab Digital Library | www.panjabdigilib.org

ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥ ੩ ॥

ਜੇਹੜੇ ਗੁਰਮੁਖ ਆਦਮੀ ਹਨ ਓਹ ਗੁਰਾਂ ਦੀ ਸੇਵਾ ਵਿਚ ਲਗੇ ਹਨ ਸੋ ਓਹ ਸੰਸਾਰ ਸਮੁੰਦਰ ਤੋਂ ਤਰ ਗਏ ਹਨ ਇਸ ਲਈ ਓਹ ਵਡਿਆਂ ਭਾਗਾਂ ਵਾਲੇ ਹਨ ਜੇਹੜੇ ਗੁਰੂ ਦੀ ਸੇਵਾ ਕਰਦੇ ਹਨ ਜਿਨਾਂ ਨੇ ਮਾਲਕ ਨੂੰ ਜਪਿਆ ਹੈ ਓਨਾਂ ਨੇ ਸੁਖ ਫਲ ਮੁਕਤੀ ਨੂੰ ਪਾਇਆ ਹੈ ਓਨਾਂ ਦੇ ਦਿਲ ਵਿਚੋਂ ਮਾਇਆ ਦੇ ਸਾਰੇ ਫਾਹੇ ਟੁਟ ਗਏ ਹਨ ॥

ਆਪੇ ਠਾਕਰੁ ਆਪੇ ਸੇਵਕੁ ਸਭੁ ਆਪੇਆਪਿ ਗੋਵਿੰਦੇ ॥ ਜਨ ਨਾਨਕ ਆਪੇਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥ ੪ ॥ ੬ ॥

ਗੁਰਮੁਖਾਂ ਦੀ ਨਜ਼ਰ ਵਿਚ ਸਾਰੇ ਪ੍ਰਮੇਸਰ ਆਪਿ ਹੀ ਆਪੇ ਹੈ ਭਾਵ ਆਪੇ ਆਗਿਆ ਦੇਂਦਾ ਹੈ ਅਤੇ ਆਪੇ ਹੀ ਸੇਵਾ ਕਰਦਾ ਹੈ ਸਾਰੇ ਸੰਸਾਰ ਵਿਚ ਆਪ ਹੀ ਆਪ ਪ੍ਰਮੇਸਰ ਹੈ ॥ ਗੁਰੂ ਜੀ, ਓਹ ਮਾਲਕ ਆਪ ਹੀ ਸਾਰੇ ਸੰਸਾਰ ਵਿਚ ਵਰਤਦਾ ਭਾਵ ਮਿਲਿਆ ਹੋਇਆ ਹੈ ਓਹ ਜਿਸਤਰਾਂ ਜੀਆਂ ਨੂੰ ਰਖਦਾ ਹੈ ਓਸੇਤਰਾਂ ਸਾਰੇ ਜੀਵ ਰਹਿੰਦੇ ਹਨ॥

## ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩

## ੴ ਸਤਿਗੁਰਪ੍ਰਸਾਦਿ ॥

ਬੋਲਹੁ ਭਈਆ ਰਾਮਨਾਮੁ ਪਤਿਤ ਪਾਵਨੋ ਹਰਿਸੰਤ ਭਗਤ ਤਾਰਨੋ ॥ ਹਰਿ ਭਰਿਪਰੇ ਰਹਿਆ ॥ ਜਲਿ ਥਲੇ ਰਾਮ ਨਾਮੁ ਨਿਤ ਗਾਈਐ ਹਰਿ ਦੂਖ ਬਿਸਾਰਨੋ ॥ ੧ ॥ ਰਹਾਉ ॥

ਹੇ ਭਰਾਓ ਪਾਪੀਆਂ ਦੇ ਪਵਿਤ੍ਰ ਕਰਨ ਵਾਲੇ ਪ੍ਰਮੇਸਰ ਦਾ ਨਾਮ ਬੋਲੋ ਭਾਵ ਜਪੋ ॥ ਸੰਤਾਂ ਭਗਤਾਂ ਨੂੰ ਮਾਲਕ ਦਾ ਨਾਮ ਹੀ ਤਾਰਨ ਵਾਲਾ ਹੈ ॥ ਓਹ ਮਾਲਕ ਜਲਾਂ ਥਲਾਂ ਸਾਰਿਆਂ ਥਾਵਾਂ ਵਿਚ ਲਬਾ ਲਬ ਹੋਇਆ ਰ ਹੈ ਉਸ ਮਾਲਕ ਦਾ ਨਾਮ ਦੁਖਾਂ ਨੂੰ ਦੂਰ ਕਰਨ ਵਾਲਾ ਰੋਜ ਹੀ ਗਾਈਏ ॥

ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥ ਹਰਿ ਜਪਿਆ ਹਰਿਦੂਖ ਬਿਸਾਰਨ ਹਾਰਾ ॥ ਗੁਰੁ ਭੇਟਿਆ ਹੈ ਮੁਕਤਿ ਦਾਤਾ ॥ ਹਰਿ ਕੀਈ ਹਮਾਰੀ ਸਫਲ ਜਾਤਾ ॥ ਮਿਲਿ ਸੰਗਤੀ ਗੁਨ ਗਾਵਨੋ ॥ ੧ ॥

ਉਸ ਮਾਲਕ ਨੇ ਸਾਡਾ ਜਨਮ ਸਫਲ ਕਰ ਦਿਤਾ ਹੈ ॥ ਅਸਾਂ ਦੁਖਾਂ ਦੇ ਦੂਰ

Digitized by Panjab Digital Library | www.panjabdigilib.org

ਕਰਨ ਵਾਲੇ ਮਾਲਕ ਦਾ ਨਾਮ ਜਪਿਆ ਹੈ ॥ ਸਾਨੂੰ ਮੁਕਤੀ ਦੇਣ ਵਾਲ ਗੁਰੂ ਮਿਲ ਪਿਆ ਹੈ ॥ ਗੁਰਾਂ ਦੇ ਉਪਦੇਸ਼ ਦੁਆਰਾ ਮਾਲਕ ਦੇ ਨਾਮ ਦੇ ਜਾਪ ਨੇ ਸਾਡੀ ਜਾਤਰਾ ਸਫਲ ਕਰ ਦਿਤੀ ਹੈ ਭਾਵ ਜਨਮ ਸਫਲ ਹੋਇਆ ਹੈ ਹੁਣ ਅਸੀਂ ਸਾਧ ਸੰਗਤ ਵਿਚ ਮਿਲਕੇ ਉਸਦੇ ਗੁਣ ਗਾਂਦੇ ਹਾਂ ॥

**ਮਨ ਰਾਮਨਾਮ ਕਰਿ ਆਸਾ ॥ ਭਾਉ ਦੂਜਾ ਬਿਨਸਿ ਬਿਨਾਸਾ ॥ ਵਿਚਿ ਆਸਾ ਹੋਇ ਨਿਰਾਸੀ ॥ ਸੋ ਜਨੁ ਮਿਲਿਆ ਹਰਿਪਾਸੀ ॥ ਕੋਈ ਰਾਮਨਾਮ ਗੁਨ ਗਾਵਨੋ ॥ ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੧੭॥**

ਹੇ ਮਨ ਮਾਲਕ ਦਾ ਨਾਮ ਜਪਣ ਦੀ ਆਸਾ ਕਰ ॥ ਜੇਹੜਾ ਦੂਸਰਾ ਖਿਆਲ ਆਦਮੀ ਨੂੰ ਨਾਸ ਕਰਨ ਵਾਲਾ ਹੈ ਉਸਨੂੰ ਜਦੋਂ ਆਦਮੀ ਨਾਸ ਕਰਦਾ ਹੈ ਤਾਂ ਦ੍ਵੈਤ ਭਾਵ ਫਿਰ ਆਪੇ ਹੀ ਨਾਸ ਹੋ ਜਾਂਦਾ ਹੈ ॥

ਜੇਹੜਾ ਆਦਮੀ ਨਾਮ ਜਪਨ ਦੀ ਆਸਾ ਵਿਚ ਹੋਕੇ ਹੋਰਨਾਂ ਪਦਾਰਥਾਂ ਦੀ ਆਸਾ ਤੋਂ ਨਿਰਾਸ ਹੁੰਦਾ ਹੈ ॥ ਉਹ ਆਦਮੀ ਜੇਹੜਾ ਮਾਲਕ ਦਾ ਸਰੂਪ ਪਾਸ ਹੀ ਸੀ ਉਸ ਵਿਚ ਮਿਲ ਗਿਆ ਹੈ ॥ ਜੇਹੜਾ ਕੋਈ ਮਾਲਕ ਦੇ ਗੁਣਾਂ ਨੂੰ ਗਾਵੇਗਾ ॥ ਗੁਰੂ ਜੀ, ਉਸ ਨੂੰ ਮਾਲਕ ਅਪਣੇ ਚਰਨਾਂ ਵਿਚ ਲਾ ਲੈਂਦਾ ਹੈ ॥

801

## ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧

### ੧ ਓ ਸਤਿਗੁਰਪ੍ਰਸਾਦਿ ॥

**ਨਦਰੀ ਆਵੈ ਤਿਸੁ ਸਿਉ ਮੋਹੁ । ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥ ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ ਸਾਧ ਸੰਗਤਿ ਕੈ ਅੰਚਲਿ ਲਾਵਹੁ ॥ ੧ ॥**

ਜੇਹੜਾ ਸੰਸਾਰ ਨਜ਼ਰ ਆਉਂਦਾ ਹੈ ਆਦਮੀ ਉਸਦੇ ਨਾਲ ਮੋਹ ਲਾਂਦਾ ਹੈ ਜਾਂ ਜੇਹੜਾ ਨਾਮ ਨਜ਼ਰ ਆਂਦਾ ਹੈ ਉਸ ਨਾਲ ਮੋਹ ਲਾਂਦਾ ਹੈ ਭਾਵ ਜੇ ਨਾਮ ਨਜ਼ਰ ਆਵੇ ਤੇ ਤਾਂ ਉਸ ਨਾਲ ਪ੍ਰੇਮ ਕਰੇ । ਹੇ ਨਾ ਮਰਨ ਵਾਲੇ ਮਾਲਕ ਤੈਨੂੰ ਕਿਸਤਰਾਂ

Digitized by Panjab Digital Library | www.panjabdigilib.org

ਖ਼ਰੀ।



ਮਿਲੀਏ, ਭਾਵ ਆਦਮੀ ਤਾਂ ਦੁਨੀਆਂ ਨਾਲ ਮੋਹ ਕਰਦਾ ਹੈ ਪਰ ਹੇ ਮਾਲਕ ਤੈਨੂੰ ਕਿਸਤਰਾਂ ਮਿਲਿਆ ਜਾਵੇ ॥ ਹੇ ਮਾਲਕ ਜੀ ਕਿਰਪਾ ਕਰਕੇ ਮੈਨੂੰ ਰਸਤੇ ਪਾਓ ॥ ਸਾਧ ਸੰਗਤ ਦੇ ਲੜ ਭਾਵ ਆਸਰੇ ਲਾਓ ॥

## ਕਿਉ ਤਰੀਐ ਬਿਖਿਆ ਸੰਸਾਰੁ ॥ ਸਤਿਗੁਰ ਬੋਹਿਥੁ ਪਾਵੈ ਪਾਰਿ ॥ ੧ ॥ ਰਹਾਉ ॥

ਵਿਸ਼ਿਆਂ ਨਾਲ ਭਰੇ ਹੋਏ ਸੰਸਾਰ ਤੋਂ ਕਿਸਤਰਾਂ ਤਰੀਏ ਜੇਕਰ ਗੁਰੂ ਗਿਆਨ ਰੂਪ ਜਹਾਜ ਦੇ ਦੇਣ ਤਾਂ ਉਸਨੂੰ ਪਾਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਈਦਾ ਹੈ ॥

## ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ ॥ ਹਰਖ ਸੋਗ ਤੇ ਰਹਹਿ ਨਿਰਾਰਾ ॥ ਸਿਰ ਊਪਰਿ ਆਪਿ ਗੁਰੂ ਰਖਵਾਰਾ ॥ ੨ ॥

ਫਿਰ ਪੌਣ ਵਰਗੀ ਮਾਇਆ ਛਲ ਵਾਲੇ ਝੁਲਾਰੇ ਦੇਂਦੀ ਹੈ ਭਾਵ ਅਨੇਕਾਂ ਛਲ ਵਿਖਾਕੇ ਵਸ ਕਰ ਲੈਂਦੀ ਹੈ ॥ ਪਰ ਜੇਹੜੇ ਮਾਲਕ ਦੇ ਭਗਤ ਹਨ ਓਹ ਸਦਾ ਹੀ ਟਿਕੇ ਰਹਿੰਦੇ ਹਨ ॥ ਓਨਾਂ ਗੁਰਮੁਖਾਂ ਦਾ ਮਨ ਖੁਸ਼ੀ ਗਮੀ ਤੋਂ ਵੱਖਰਾ ਰਹਿੰਦਾ ਹੈ ॥ ਕਿਉਂਕਿ ਉਸਦੇ ਸਿਰ ਉਤੇ ਰਖਿਆ ਕਰਨ ਵਾਲਾ ਗੁਰੂ ਬੈਠਾ ਹੈ ॥

## ਪਾਇਆ ਵੇੜੁ ਮਾਇਆ ਸਰਬ ਭੁਇਅੰਗਾ । ਹਉਮੈ ਪਚੇ ਦੀਪਕ ਦੇਖਿ ਪਤੰਗਾ ॥ ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥ ੩ ॥

ਪ੍ਰਮੇਸਰ ਦੀ ਮਾਇਆ ਰੂਪ ਭੁਇਅੰਗਾ=ਸਰਪਣੀ ਨੇ ਸਾਰਿਆਂ ਜੀਆਂ ਨੂੰ ਵੇੜ=ਘੇਰਾ ਪਾਇਆ ਹੋਇਆ ਹੈ ਭਾਵ ਭਗਤੀ ਬਿਨਾ ਸਾਰੇ ਆਦਮੀ ਮਾਇਆ ਦੇ ਵੱਸ ਹਨ ॥ ਜਿਸਤਰਾਂ ਦੀਵੇ ਨੂੰ ਵੇਖਕੇ ਪਤੰਗਾ ਸੜ ਜਾਂਦਾ ਹੈ ਇੱਕਰ ਹੀ ਮਾਇਆ ਦੇ ਪਦਾਰਥਾਂ ਨੂੰ ਵੇਖਕੇ ਆਦਮੀ ਮਰਦੇ ਜਾਂਦੇ ਹਨ ॥ ਸਿਖ ਇਸਤ੍ਰੀ ਗੁਰੂ ਤੋਂ ਬਿਨਾ ਭਾਵੇਂ ਸਾਰੇ ਹੀ ਸ਼ਿੰਗਾਰ ਸਾਧਨ ਕਰੇ ਪਰ ਫਿਰ ਵੀ ਮਾਲਕ ਨੂੰ ਨਹੀਂ ਪਾਂਦੀ ਹੈ ॥ ਜਦੋਂ ਆਪ ਹੀ ਜਿਨਾਂ ਗੁਰਮੁਖਾਂ ਉਤੇ ਕਿਰਪਾਲੂ ਹੁੰਦਾ ਹੈ ਜਾਂ ਓਨਾਂ ਦਾ ਗੁਰੂ ਨਾਲ ਮੇਲ ਕਰਾ ਦੇਂਦਾ ਹੈ ਜਾਂ ਜਦੋਂ ਗੁਰੂ ਦਿਆਲ ਹੋਣ ਤਾਂ ਪ੍ਰਮੇਸਰ ਨਾਲ ਮਿਲਾ ਦੇਂਦੇ ਹਨ ॥

## ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ

Digitized by Panjab Digital Library | www.panjabdigilib.org

**ਹੀਰਾ ਮਿਲੈ ਨ ਉਪਾਇਆ ॥ ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥ ੪ ॥**

ਮੈਂ ਉਦਾਸ ਹੋਈ ਫਿਰਦੀ ਨੇ ਇਕ ਰਤਨ=ਅਮੋਲ ਪ੍ਰਮੇਸਰ ਦਸਾਇਆ=ਪੁਛਿਆ ਹੈ ਭਾਵ ਓਹ ਕਿਥੇ ਹੈ ॥ ਓਹ ਨਿਰਮੋਲਕ ਹੀਰਾ ਗੁਰੂ ਦੀ ਕਿਰਪਾ ਬਿਨਾ ਹੋਰ ਕਿਸੇ ਜਤਨ ਨਾਲ ਨਹੀ ਮਿਲਦਾ ਹੈ ॥ ਇਹ ਸਰੀਰ ਮਾਲਕ ਦਾ ਮਕਾਨ ਹੈ ਏਸੇ ਵਿਚ ਮਾਲਕ ਦਾ ਨਾਮ ਪਿਆਰਾ ਹੈ ॥ ਜਦੋਂ ਗੁਰੂ ਨੇ ਗਿਆਨ ਦਾ ਪੜਦਾ ਖੋਲ ਦਿਤਾ ਤਾਂ ਮੈਂ ਵੇਖਕੇ ਨਿਹਾਲ ਨਿਹਾਲ ਹੋਇ ਗਈ ॥

**ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥ ਆਨਦਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿਗੁਣ ਆਖਿ ਸਮਾਇਆ ॥ ੫ ॥ ੧ ॥**

ਜਿਸਨੇ ਨਾਮ ਜਪਣ ਦਾ ਰਸ ਚਖਿਆ ਹੈ ਉਸਨੂੰ ਉਸ ਨਾਮ ਜਪਣ ਦਾ ਸੁਆਦ ਆਇਆ ਹੈ ॥ ਜਿਸਤਰਾਂ ਗੂੰਗਾ ਮਿਠਿਆਈ ਦਾ ਸੁਆਦ ਲੈਕੇ ਮਨ ਵਿਚ ਹੀ ਅਸਚਰਜ ਹੋਇਆ ਰਹਿੰਦਾ ਹੈ ॥ ਗੁਰਮੁਖਾਂ ਨੂੰ ਸਾਰਿਆਂ ਥਾਵਾਂ ਵਿਚ ਇਕ ਮਾਲਕ ਨਜਰ ਆਇਆ ਹੈ। ਹੇ ਮਾਲਕ ਮੈਂ ਤੇਰਿਆਂ ਗੁਣਾਂ ਨੂੰ ਆਖਕੇ ਤੇਰੇ ਵਿਚ ਚਿਤ ਕਰਕੇ ਸਮਾਇਆ ਰਹਿੰਦਾ ਹਾਂ।

## ਬਿਲਾਵਲੁ ਮਹਲਾ ੫

**ਸਰਬ ਕਲਿਆਣ ਕੀਏ ਗੁਰਦੇਵ ॥ ਸੇਵਕੁ ਅਪਨੀ ਲਾਇਓ ਸੇਵ ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥ ੧ ॥**

ਜਿਸ ਦਾਸ ਦਾ ਚਿਤ ਅਪਣੀ ਸੇਵਾ ਵਿਚ ਲਾ ਲਿਆ ਹੈ ਉਸ ਦਾਸ ਨੂੰ ਗੁਰੂ ਦੇਵ ਨੇ ਸਾਰੇ ਸੁਖ ਦੇ ਦਿਤੇ ਹਨ ॥ ਅਲੱਖ ਅਭੇਵ ਮਾਲਕ ਨੂੰ ਜਪਕੇ ਕੋਈ ਵਿਘਨ ਨਹੀਂ ਲੱਗਦਾ ਹੈ ॥

**ਧਰਤਿ ਪੁਨੀਤ ਭਈ ਗੁਨ ਗਾਏ ॥ ਦੁਰਤੁ ਗਇਆ ਹਰਿਨਾਮੁ ਧਿਆਏ ॥ ੧ ॥ ਰਹਾਉ ॥**

ਓਹ ਧਰਤੀ ਪਵਿਤ੍ਰ ਹੋ ਗਈ ਹੈ ਜਿਥੇ ਬੈਠਕੇ ਸੰਤਾਂ ਨੇ ਮਾਲਕ ਦੇ ਗੁਣ ਗਾਏ ਹਨ ॥ ਜਿਸਨੇ ਮਾਲਕ ਦਾ ਨਾਮ ਧਿਆਇਆ ਹੈ ਉਸਦੇ ਸਾਰਿਆਂ ਪਾਪਾਂ ਦਾ ਅਕੱਠ ਦੂਰ ਹੋ ਗਿਆ ਹੈ ॥

**ਸਭਨੀ ਥਾਂਈ ਰਵਿਆ ਆਪਿ ॥ ਆਦਿ ਜੁਗਾਦਿ ਜਾਕਾ ਵਡ**

ਪਰਤਾਪੁ ॥ ਗੁਰ ਪ੍ਰਸਾਦਿ ਨ ਹੋਇ ਸੰਤਾਪੁ ॥ ੨ ॥

ਸਾਰਿਆਂ ਥਾਵਾਂ ਵਿਚ ਆਪ ਮਾਲਕ ਮਿਲਿਆ ਹੋਇਆ ਹੈ, ਜਿਸ ਮਾਲਕ ਦਾ ਪਹਿਲੇ ਜੁੱਗਾਂ ਦੇ ਪਹਿਲੇ ਬੜਾ ਵੱਡਾ ਪ੍ਰਤਾਪ ਹੈ ॥ ਗੁਰਾਂ ਦੀ ਕਿਰਪਾ ਨਾਲ ਸਿਖ ਨੂੰ ਨਾਮ ਜਪਣ ਕਰਕੇ ਕੋਈ ਸੰਤਾਪ ਨਹੀਂ ਹੁੰਦਾ ਹੈ ॥

ਗੁਰ ਕੇ ਚਰਨ ਲਗੇ ਮਨਿ ਮੀਠੇ ॥ ਨਿਰ ਬਿਘਨ ਹੋਇ ਸਭ ਥਾਂਈ ਵੂਠੇ ॥ ਸਭਿ ਸੁਖ ਪਾਏ ਸਤਿਗੁਰ ਤੂਠੇ ॥ ੩ ॥

ਜਿਸਦੇ ਮਨ ਵਿਚ ਗੁਰਾਂ ਦੇ ਚਰਨ ਮਿਠੇ ਲੱਗੇ ਹਨ । ਓਹ ਆਦਮੀ ਸਾਰਿਆਂ ਥਾਵਾਂ ਵਿਚ ਸੁਖੀ ਹੋਕੇ ਵਸਿਆ ਹੈ ॥ ਜਦੋਂ ਗੁਰੂ ਪ੍ਰਸੰਨ ਹੋਏ ਤਾਂ ਸਾਰੇ ਸੁਖ ਪਾ ਲਏ ॥

ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ ਜਿਥੈ ਕਿਥੈ ਦੀਸਹਿ ਨਾਲੇ ॥ ਨਾਨਕ ਦਾਸਿ ਖਸਮਿ ਪ੍ਰਤਿਪਾਲੇ ॥ ੪ ॥ ੨ ॥

ਗੁਰ ਸਿੱਖਾਂ ਦਾ ਰਾਖਾ ਆਪ ਮਾਲਕ ਹੋਇਆ ਹੈ ॥ ਹੁਣ ਮਾਲਕ ਜਿਥੇ-ਕਿਥੇ ਨਾਲ ਹੀ ਦੀਂਹਦਾ ਹੈ ॥ ਗੁਰੂ ਜੀ, ਮਾਲਕ ਆਪਣੇ ਦਾਸਾਂ ਨੂੰ ਪਾਲਦਾ ਹੈ।

(ਸਨਮੁਖ ਬੇਨਤੀ)

## ਬਿਲਾਵਲੁ ਮਹਲਾ ੫

ਸੁਖਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥ ਮੋਹਿ ਅਨਾਥ ਤੁਮਰੀ ਸਰਣਾਈ ॥ ਕਰਿ ਕਿਰਪਾ ਹਰਿਚਰਣ ਧਿਆਈ ॥ ੧ ॥

ਹੇ ਸੁਖਾਂ ਦੇ ਸਮੁੰਦਰ ਮੇਰੇ ਪਿਆਰੇ ਮਾਲਕ ॥ ਹੇ ਮੇਰੇ ਮਾਲਕ ਤੇਰੇ ਗੁਣ ਬੇਗਿਣਤ ਹਨ ॥ ਮੈਂ ਗਰੀਬ ਤੇਰੀ ਸ਼ਰਨ ਹਾਂ ॥ ਹੇ ਮਾਲਕਾ ਮੇਰੇ ਉਤੇ ਕਿਰਪਾ ਕਰ ਜੋ ਮੈਂ ਤੇਰੇ ਚਰਨਾਂ ਨੂੰ ਧਿਆਵਾਂ ॥

ਦਇਆ ਕਰਹੁ ਬਸਹੁ ਮਨਿ ਆਇ ॥ ਮੋਹਿ ਨਿਰਗੁਨ ਲੀਜੈ ਲੜਿਲਾਇ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਮਾਲਕ ਅਜੇਹੀ ਕਿਰਪਾ ਕਰੋ ਜੋ ਮੇਰੇ ਮਨ ਵਿਚ ਆ ਵਸੋ ॥ ਮੈਨੂੰ ਨਿਰਗੁਣਿਆਰੇ ਨੂੰ ਆਪਣੇ ਲੜ ਲਾ ਲਓ।

**ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ ਹਰਿਸੇਵਕ ਨਾਹੀ ਜਮਪੀੜ ॥ ਸਰਬ ਦੂਖ ਹਰਿ ਸਿਮਰਤ ਨਸੇ ॥ ਜਾਕੈ ਸੰਗਿ ਸਦਾ ਪ੍ਰਭੁ ਬਸੈ ।੨**

ਜਿਨਾਂ ਨੂੰ ਮਾਲਕ ਚੇਤੇ ਆਉਂਦਾ ਹੈ ਓਨਾਂ ਨੂੰ ਕਿਸਤਰਾਂ ਦੀ ਭੀੜ ਹੈ ਭਾਵ ਕੋਈ ਬਿਪਤਾ ਨਹੀਂ ਪੈਂਦੀ ਹੈ ॥

ਮਾਲਕ ਦੇ ਸੇਵਕ ਨੂੰ ਜਮ ਦੀ ਪੀੜ ਵੀ ਨਹੀਂ ਹੁੰਦੀ ਹੈ ॥ ਜਿਸਦੇ ਨਾਲ ਸਦਾ ਹੀ ਮਾਲਕ ਵਸਦਾ ਹੈ ਓਹ ਸਦਾ ਹੀ ਮਾਲਕ ਨੂੰ ਯਾਦ ਕਰਦਾ ਰਹਿੰਦਾ ਹੈ ਏਸੇ ਲਈ ਉਸਦੇ ਸਾਰੇ ਦੁਖ ਨਸ ਜਾਂਦੇ ਹਨ ॥

**ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥ ਬਿਸਰਤ ਨਾਮੁ ਹੋਵਤ ਤਨੁ ਛਾਰੁ ॥ ਪ੍ਰਭ ਚਿਤਿਆਏ ਪੂਰਨ ਸਭ ਕਾਜ ॥ ਹਰਿ ਬਿਸਰਤ ਸਭ ਕਾ ਮੁਹਤਾਜ ॥ ੩ ॥**

ਮਾਲਕ ਦਾ ਨਾਮ ਮਨ ਤਨ ਦਾ ਆਸਰਾ ਹੈ। ਨਾਮ ਦੇ ਭੁਲਣ ਨਾਲ ਸਰੀਰ ਸੁਆਹ ਹੋ ਜਾਂਦਾ ਹੈ। ਮਾਲਕ ਦੇ ਚੇਤੇ ਆਉਣ ਨਾਲ ਸਾਰੇ ਕੰਮ ਪੂਰੇ ਹੋਜਾਂਦੇ ਹਨ ॥ ਮਾਲਕ ਦਾ ਨਾਮ ਜਿਸਦੇ ਚਿਤ ਤੋਂ ਭੁਲ ਜਾਂਦਾ ਹੈ ਓਹ ਸਾਰਿਆਂ ਦਾ ਮੁਥਾਜ ਭਾਵ ਵਸ ਹੁੰਦਾ ਹੈ॥

**ਚਰਨਕਮਲ ਸੰਗਿ ਲਾਗੀ ਪ੍ਰੀਤਿ ॥ ਬਿਸਰਿਗਈ ਸਭ ਦੁਰਮਤਿ ਰੀਤਿ ॥ ਮਨ ਤਨ ਅੰਤਰਿ ਹਰਿ ਹਰਿ ਮੰਤ ॥ ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥ ੪ ॥ ੩ ॥**

ਜਿਨਾਂ ਦੀ ਚਿਤ ਦੀ ਪ੍ਰੀਤੀ ਮਾਲਕ ਦੇ ਚਰਨਾਂ ਕਮਲਾਂ ਨਾਲ ਲਗੀ ਹੈ। ਓਨਾਂ ਦੇ ਚਿਤ ਤੋਂ ਖੋਟੀ ਅਕਲ ਦੀ ਰੀਤੀ ਭੁਲ ਜਾਂਦੀ ਹੈ ॥ ਭਗਤਾਂ ਦੇ ਮਨ ਤਨ ਦੇ ਅੰਦਰ ਮਾਲਕ ਦਾ ਉਪਦੇਸ਼ ਹੈ। ਗੁਰੂ ਜੀ, ਏਸੇ ਲਈ ਭਗਤਾਂ ਦੇ ਘਰ-ਦਿਲ ਵਿਚ ਸਦਾ ਹੀ ਅਨੰਦ ਹੈ॥

Digitized by Panjab Digital Library | www.panjabdigilib.org

ਯਾਨੜੀ ਛੰਦਾਂ ਦੀ ਇਕ ਖਾਸ ਜਾਤ ਹੈ, ਜਾਂ ਜਾਨੀਅੜਾ ਮੇਰਾ ਪ੍ਰਭ ਜਾਨੀ ਅੜਾ ਇਸ ਸਬਦ ਦੀ ਜੇਹੜੀ ਗੌਣ ਦੀ ਰੀਤੀ ਹੈ ਓਸੇ ਰੀਤੀ ਵਿਚ ਇਸ ਯਾਨੜੀਏ ਸਬਦ ਨੂੰ ਗਾਉਣਾ ਹੈ ਇਹ ਗਲ ਰਾਗੀਆਂ ਨੂੰ ਪਕੀ ਕੀਤੀ ਹੈ ਹੁਣ ਓਹ ਅਗੇ ਭਵੇਂ ਗੌਣ ਭਾਵੇਂ ਨਾਂ ਇਹ ਦੋਸ਼ ਓਹਨਾਂ ਨੂੰ, ਅਜਕਲ ਦੇ ਰਾਗੀ ਪੁਰਾਣੀਆਂ ਰੀਤੀਆਂ ਨੂੰ ਘੱਟ ਜਾਣਦੇ ਹਨ ॥

ਰਾਗੁ ਬਿਲਾਵਲੁ ਮਹਲਾ ੫ ਘਰੁ ੨

ਯਾਨੜੀਏ ਕੈ ਘਰਿ ਗਾਵਣਾ

੧ ਓ ਸਤਿਗੁਰਪ੍ਰਸਾਦਿ ॥

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥ ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥ ੧ ॥ ਰਹਾਉ ॥

ਹੇ ਮੇਰੇ ਪਿਆਰੇ ਮਾਲਕ ਮੇਰੇ ਮਨ ਨੂੰ ਹਰ ਵੇਲੇ ਤੇਰੀ ਓਟ ਹੈ ॥ ਹੇ ਮੇਰੇ ਪਿਆਰੇ ਹੋਰ ਸਾਰੀਆਂ ਹੀ ਚਤੁਰਾਈਆਂ ਬਿਅਰਥ ਹਨ ਇਕ ਤੁਸੀ ਹੀ ਰਖਿਆ ਕਰਨ ਵਾਸਤੇ ਹੋ ॥

ਸਤਿਗੁਰ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥ ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸਨੋ ਹੋਇ ਦਇਆਲਾ ॥ ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥ ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥ ੧ ॥

ਹੇ ਮੇਰੇ ਪਿਆਰੇ ਜਿਸਨੂੰ ਪੂਰਾ ਗੁਰੂ ਮਿਲਦਾ ਹੈ ਓਹ ਆਦਮੀ ਨਿਹਾਲ ਹੋ ਜਾਂਦਾਹੈ ਹੇ ਮੇਰੇ ਪਿਆਰੇ ਗੁਰੂ ਦੀ ਸੇਵਾ ਓਹ ਆਦਮੀ ਕਰਦਾ ਹੈ ਜਿਸਦੇ ਉਤੇ ਤੂੰ ਦਿਆਲੂ ਹੁੰਦਾ ਹੈਂ ॥ ਹੇ ਮੇਰੇ ਮਾਲਕ ਸਾਰੀਆਂ ਸ਼ਕਤੀਆਂ ਕਰਕੇ ਲਬਾ ਲਬ ਅਜੇਹੀ ਗੁਰਦੇਵ ਦੀ ਸਫਲ ਮੂਰਤੀ ਆਪ ਹੀ ਹੋ ਭਾਵ ਗੁਰੂ ਦਾ ਰੂਪ ਤੁਸੀ ਹੋ ਗੁਰੂ ਦਾ ਦਰਸ਼ਨ ਕਰਨ ਨਾਲ ਸਾਰੇ ਫਲ ਮਿਲਦੇ ਹਨ ॥ ਗੁਰੂ ਜੀ, ਗੁਰੂ ਪ੍ਰਮੇਸਰ ਦਾ ਰੂਪ ਹੈ ਤੇ ਸਦਾ ਹੀ ਪਾਸ ਹੈ।

ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ ਅਪੁਨਾ ਪ੍ਰਭੁ ਜਾਤਾ ॥ ਹਰਿਨਾਮੁ ਅਰਾਧਹਿ ਨਾਮ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ ॥

Digitized by Panjab Digital Library | www.panjabdigilib.org

**ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ ॥ ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ ॥ ੨ ॥**

ਜਿਨਾਂ ਨੇ ਆਪਣਾ ਮਾਲਕ ਜਾਣਿਆ ਹੈ ਮੈਂ ਉਨਾਂ ਦੀ ਸੋਭਾ ਸੁਣ ੨ ਕੇ ਜੀਉਂਦਾ ਹਾਂ॥ ਓਹ ਭਗਤ ਮਾਲਕ ਦਾ ਨਾਮ ਅਰਾਧਦੇ ਹਨ ਅਤੇ ਨਾਮ ਨੂੰ ਹੀ ਮੂਹ ਤੋਂ ਬੋਲਦੇ ਹਨ ਅਤੇ ਨਾਮ ਵਿਚ ਹੀ ਉਨਾਂ ਦਾ ਮਨ ਰਤਾ ਰਹਿੰਦਾ ਹੈ ॥
ਸੇਵਕ ਤਾਂ ਮਾਲਕ ਦੇ ਦਾਸਾਂ ਦੀ ਸੇਵਾ ਮੰਗਦਾ ਹੈ ਪਰ ਪੂਰੇ ਭਾਗ ਹੋਣ ਤੇ ਤਾਂ ਤੇਰੇ ਦਾਸਾਂ ਦੀ ਸੇਵਾ ਕਮਾਵਾਂ॥ ਗੁਰੂ ਜੀ,ਹੇ ਮਾਲਕਾ ਮੇਰੀ ਏਹੋ ਹੀ ਬੇਨਤੀ ਹੈ ਜੋ ਮੈਂ ਤੇਰੇ ਦਾਸਾਂ ਦਾ ਦਰਸ਼ਨ ਵੇਖਣਾ ਪਾਵਾਂ।

**ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥ ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥ ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥ ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥ ੩ ॥**

ਹੇ ਪਿਆਰੇ ਓਹ ਵਡਿਆਂ ਭਾਗਾਂ ਵਾਲੇ ਆਖੀਦੇ ਹਨ ਜਿਨਾ ਦਾ ਸੰਤਾਂ ਦੀ ਸੰਗਤ ਵਿਚ ਵਾਸਾ ਹੈ ॥ ਅੰਮ੍ਰਿਤ ਵਰਗੇ ਮਿਠੇ ਨਾਮ ਨੂੰ ਯਾਦ ਕਰੀਏ ਤਾਂ ਮਨ ਨਿਰਮਲ ਹੋ ਜਾਂਦਾ ਹੈ ਤੇ ਮਨ ਵਿਚ ਚਾਨਣ ਹੋ ਜਾਂਦਾ ਹੈ।
ਹੇ ਮਾਲਕ ਜੰਮਣ ਮਰਨ ਦਾ ਦੁਖ ਦੂਰ ਹੋ ਜਾਂਦਾ ਹੈ ਅਤੇ ਜਮ ਦੀ ਕੁਸ਼ਾਮਤ ਵੀ ਦੂਰ ਹੋ ਜਾਂਦੀ ਹੈ ॥ ਗੁਰੂ ਜੀ ਜੇਹੜੇ ਅਪਣੇ ਮਾਲਕ ਦੇ ਮਨ ਨੂੰ ਚੰਗੇ ਲਗੇ ਹਨ ਓਨਾਂ ਨੂੰ ਹੀ ਮਾਲਕ ਦਾ ਦਰਸ਼ਨ ਹੋਇਆ ਹੈ ॥

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥ ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸੇ ਪਾਪ ਘਨੇਰੇ ॥ ਪਸੂ ਪਰੇਤ ਮੁਗਧ ਕਉ ਤਾਰੇ ਪਾਹਿਨ ਪਾਰਿ ਉਤਾਰੈ । ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥ ੪ ॥੧।੪॥**

ਹੇ ਉਚੇ ਵਡੇ ਬਿਅੰਤ ਮਾਲਕ ਤੇਰਿਆਂ ਗੁਣਾਂ ਨੂੰ ਕੌਣ ਜਾਣ ਸਕਦਾ ਹੈ ॥
ਤੈਨੂੰ ਗੌਣ ਸੁਣਨ ਵਾਲੇ ਸਾਰੇ ਤਰ ਜਾਂਦੇ ਹਨ ਅਤੇ ਪਾਪੀਆਂ ਦੇ ਅਨੇਕਾਂ ਪਾਪ

---

*ਇਹ ਪ੍ਰਸਿਧ ਸਬਦ ਜੋਟੀਆਂ ਦੀ ਧਾਰਨਾ ਨਾਲ ਪੜਨ ਵਾਲਾ ਹੈ ਦਿਲ ਤੇ ਵੜਾ ਅਸਰ ਕਰਦਾ ਹੈ।

Digitized by Panjab Digital Library | www.panjabdigilib.org

ਦੂਰ ਹੋ ਜਾਂਦੇ ਹਨ ॥ ਚੰਗਿਆਂ ਆਦਮੀਆਂ ਦੀ ਕੀ ਗਿਣਤੀ ਹੈ ਬੜੇ ੨ ਨਖਿੱਧ ਜੂਨੀਆਂ ਵਾਲੇ ਪਸ਼ੂ ਪ੍ਰੇਤ ਮੂਰਖ, ਪੱਥਰਾਂ ਵਰਗੇ ਜੜ ਸਾਰੇ ਹੀ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਦਿਤੇ ਹਨ ਸਾਰੀ ਕਿਰਪਾ ਤੇਰੇ ਨਾਮ ਦੀ ਹੈ॥ ਗੁਰੂਜੀ, ਮੈਂ ਦਾਸ ਤੇਰੀ ਸ਼ਰਨ ਹਾਂ ਤੇ ਸਦਾ ੨ ਬਲਿਹਾਰ ਜਾਂਦਾ ਹਾਂ ॥

ਸੰਸਾਰ ਨੂੰ ਫਿੱਕਾ, ਝੂਠਾ ਦਸਦੇ ਹੋਏ ਉਪਦੇਸ਼ ਕਰਦੇ ਹਨ

## ਬਿਲਾਵਲੁ ਮਹਲਾ ੪

**ਬਿਖੈਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾਰਸੁ ਪੀਓ ॥ ਬਿਨੁ ਰਸੁ ਚਾਖੇ ਬੁਡਿਗਈ ਸਗਲੀ ਸੁਖੀ ਨ ਹੋਵਤ ਜੀਓ ॥ ਮਾਨੁ ਮਹਤੁ ਨ ਸਕਤਿਹੀ ਕਾਈ ਸਾਧਾ ਦਾਸੀ ਥੀਓ ॥ ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ ॥ ੧ ॥**

ਹੇ ਸੰਤ ਸਖੀਓ ਸੁਣੋ ਇਹ ਵਿਸ਼ਿਆਂ ਦਾ ਰਸ ਰੂਪ ਬਨ=ਪਾਣੀ ਬੜਾ ਫਿੱਕਾ ਹੈ ਇਸ ਲਈ ਇਸ ਰਸ ਨੂੰ ਛਡ ਦਿਓ ਅਤੇ ਜੇਹੜਾ ਨਾਮ ਵਡਾ ਰਸ ਅੰਮ੍ਰਿਤ ਵਰਗਾ ਮਿੱਠਾ ਸੁਆਦੀ ਹੈ ਉਸ ਨੂੰ ਪੀਓ ਜਾਂ ਸੰਸਾਰ ਵਿਸ਼ਿਆਂ ਦਾ ਜੰਗਲ ਹੈ ਇਸ ਵਿਚ ਨਾਮ ਜਪਕੇ ਬਚੋ ॥ ਨਾਮ ਰਸ ਦੇ ਚਖਿਆਂ ਬਿਨਾ ਸਾਰੀ ਹੀ ਦੁਨੀਆਂ ਸੰਸਾਰ ਸਮੁੰਦਰ ਵਿਚ ਡੁਬ ਗਈ ਹੈ ਇਸ ਵਿਚ ਲਗਣ ਨਾਲ ਕੋਈ ਆਦਮੀ ਵੀ ਸੁਖੀ ਨਹੀਂ ਹੁੰਦਾ ਹੈ ॥ ਇਸ ਲਈ ਮਾਨ, ਵਡਿਆਈ, ਸ਼ਕਤੀ ਭਾਵ ਤਾਕਤ ਦਾ ਹੰਕਾਰ ਕੋਈ ਨ ਕਰੋ ਅਤੇ ਸੰਤਾਂ ਦੀ ਦਾਸੀ ਹੋ ਜਾਹ ॥ ਗੁਰੂ ਜੀ, ਓਹ ਮਾਲਕ ਦੇ ਦਰਵਾਜੇ ਸਾਧ ਸੰਗਤ ਜਾਂ ਸੰਸਾਰ ਉਤੇ ਸੋਭਾ ਵਾਲੇ ਹਨ ਜੇਹੜੇ ਆਦਮੀ ਮਾਲਕ ਨੇ ਅਪਣੇ ਦਾਸ ਬਣਾ ਲਏ ਹਨ ॥

**ਹਰਿ ਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥ ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ ॥ ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੂਖੁ ਨ ਪਾਇਆ ॥ ਧੰਨਿ ਧੰਨਿ ਹਰਿ ਸਾਧਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ ॥ ੨ ॥**

Digitized by Panjab Digital Library | www.panjabdigilib.org

ਹੇ ਸਖੀਏ ਇਸ ਸੰਸਾਰ ਦੇ ਸਾਰੇ ਹੀ ਇਹ ਪਦਾਰਥ ਝੂਠੇ ਹਨ ਜਿਸਤਰਾਂ ਸਵੇਰੇ ਦੇ ਵੇਲੇ ਅਕਾਸ਼ ਵਿਚ ਇਕ ਗੰਧਰਬ ਨਗਰੀ ਅਣਹੋਣੀ ਜਹੀ ਵਿਖਾਈ ਦੇਂਦੀ ਹੈ ਅਤੇ ਜਿਸਤਰਾਂ ਬਾਲਕ ਅਪਨੇ ਪਰਛਾਵੇਂ ਨੂੰ ਨੇਤ੍ਰ ਦੀ ਖਰਾਬੀ ਕਰਕੇ ਤੇ ਚਿਤ੍ਰ ਦੇ ਭਰਮ ਜਾਣ ਨਾਲ ਕੋਈ ਭੂਤ ਵੇਖਦਾ ਹੈ ਜਿਸਤਰਾਂ ਦੁਪਹਿਰ ਵੇਲੇ ਚਮਕਦੀ ਰੇਤ ਵਿਚ ਪਾਣੀ ਨਹੀਂ ਹੁੰਦਾ ਹੈ ਓਹ ਚਿਤ ਤੇ ਭਰਮ ਕਰਕੇ ਹਰਨ ਪਾਣੀ ਸਮਝ ਲੈਂਦਾ ਹੈ ਜਿਸਤਰਾਂ ਰੁਖ ਦੀ ਛਾਂ ਟਿਕੀ ਨਹੀਂ ਰਹਿੰਦੀ ਹੈ ਇੱਕਰ ਹੀ ਸੰਸਾਰਕ ਪਦਾਰਥ ਸਮਝੋ ॥ ਹੇ ਸਖੀਏ ਇਹ ਮਾਇਆ ਚੰਚਲ ਹੈ ਇਹ ਨਾਲ ਨਹੀਂ ਚਲਦੀ ਹੈ ਇਹ ਜੀਉ ਵੀ ਅੰਤ ਨੂੰ ਛਡ ਕੇ ਤੁਰ ਜਾਂਦਾ ਹੈ ॥

ਜੇਹੜੇ ਰੂਪਾਂ ਰਸਾਂ ਦੇ ਭੋਗ ਭੋਗਣ ਵਿਚ ਮਸਤ ਹੋਏ ਹਨ ਓਹ ਸਦਾ ਹੀ ਬਹੁਤ ਦੁਖੀ ਰਹਿੰਦੇ ਹਨ ਇਹਨਾਂ ਪਦਾਰਥਾਂ ਤੋਂ ਕਦੀ ਵੀ ਕਿਸੇ ਨੇ ਸੁਖ ਨਹੀਂ ਪਾਇਆ ਹੈ ॥ ਗੁਰੂ ਜੀ, ਹੇ ਸਖੀਏ ਜਿਨਾਂ ਨੇ ਨਾਮ ਨੂੰ ਧਿਆਇਆ ਹੈ ਓਹ ਸਾਧ ਧੰਨ ਹਨ ॥

**ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ॥ ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨਕਮਲ ਲਿਵਲਾਈਐ॥ ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ॥ ਪ੍ਰੇਮ ਬਿਛੋਹ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ॥ ੩॥**

ਇਸ ਲਈ ਵਡਿਆਂ ਭਾਗਾਂ ਵਾਲੀਏ ਸਖੀਏ ਸੰਤਾਂ ਦੀ ਸੰਗਤ ਵਿਚ ਜਾਕੇ ਵਸੋ ਜਿਸ ਕਰਕੇ ਉਸ ਮਾਲਕ ਦੇ ਨਾਲ ਮਿਲ ਜਾਈਏ॥ ਓਥੇ ਨ ਦੁਖ ਤੇ ਨ ਭੁਖ ਤੇ ਨ ਕੋਈ ਰੋਗ ਹੀ ਚੰਬੜਦਾ ਹੈ ਇਸ ਲਈ ਸੰਤਾਂ ਦੇ ਚਰਨਾ ਕਮਲਾਂ ਨਾਲ ਪ੍ਰੀਤੀ ਲਾਈਏ ॥ ਓਥੇ ਜੰਮਕੇ ਆਉਣਾ ਤੇ ਮਰਕੇ ਜਾਣਾ ਨਹੀਂ ਹੁੰਦਾ ਹੈ ਇਸ ਲਈ ਇਸ ਮਨ ਨੂੰ ਟਿਕਾਕੇ ਸੰਤਾਂ ਦੀ ਸਰਨ ਪਾਈਏ ॥ ਗੁਰੂ ਜੀ, ਸੰਤਾਂ ਨਾਲ ਪ੍ਰੇਮ ਕਰਨ ਨਾਲ ਫਿਰ ਪ੍ਰਮੇਸਰ ਨਾਲੋਂ ਵਿਛੋੜਾ ਨਹੀਂ ਹੁੰਦਾ ਹੈ ਅਤੇ ਮੋਹ ਵੀ ਆਕੇ ਨਹੀਂ ਚੰਬੜਦਾ ਹੈ ਓਥੇ ਇਕ ਨਾਮ ਦਾ ਹੀ ਧਿਆਉਣਾ ਕਰੀਦਾ ਹੈ ॥

**ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ॥ ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ॥ ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ।**

Digitized by Panjab Digital Library | www.panjabdigilib.org

ਨਾਨਕ ਅਚਰਜੁ ਅਚਰਜੁ ਸਿਉ ਮਿਲਿਆ ਕਹਣਾ ਕਛੂ ਨ ਜਾਏ ॥
॥੪।੨॥੫॥

ਜਿਨਾਂ ਦੇ ਉਤੇ ਉਸ ਮਾਲਕ ਨੇ ਕਿਰਪਾ ਦੀ ਨਜ਼ਰ ਕੀਤੀ ਹੈ ਹੇ ਪਿਆਰੇ ਓਨਾਂ ਦਾ ਮਨ ਗੁਰ ਉਪਦੇਸ਼ ਵਿਚ ਮਿਲ ਗਿਆ ਹੈ ਅਤੇ ਓਹ ਆਦਮੀ ਸੁਭਾਵਕ ਹੀ ਉਸਦੇ ਪ੍ਰੇਮ ਰੰਗ ਵਿਚ ਰੰਗੇ ਹੋਇ ਲਾਲ ਹੋ ਗਏ ਹਨ ॥ ਅਪਣੇ ਪਿਆਰੇ ਦ ਨਾਲ ਮਿਲਕੇ ਓਨਾਂ ਦੀ ਦਿਲ ਰੂਪ ਸੇਜ ਸੋਹਣੀ ਹੋ ਗਈ ਹੈ ਅਤੇ ਓਸਦੇ ਜਸ ਗੁਣਾਂ ਨੂੰ ਗਾਕੇ ਵਡਾ ਅਨੰਦ ਹੋਇਆ ਹੈ ॥
ਓਹ ਸਖੀ ਮਾਲਕ ਦੀ ਸਹੇਲੀ ਭਾਵ ਪਿਆਰੀ ਹੈ ਜੇਹੜੀ ਮਾਲਕ ਦੇ ਪ੍ਰੇਮ ਵਿਚ ਰੱਤੀ ਹੋਈ ਮਸਤ ਹੈ ਉਸ ਦੇ ਮਨ ਤਨ ਦੀਆਂ ਸਾਰੀਆਂ ਇਛਿਆ ਪੂਰੀਆਂ ਹੋ ਗਈਆਂ ਹਨ ॥ ਗੁਰੂ ਜੀ, ਇੱਕਰ ਭਰਤ ਸੰਤ ਅਸਚਰਜ ਹੋਕੇ ਅਸ ਚਰਜ ਮਾਲਕ ਨਾਲ ਮਿਲ ਗਿਆ ਇਸ ਗਲ ਦਾ ਕੁਛ ਆਖਣਾ ਆਖਿਆ ਨਹੀਂ ਜਾਂਦਾ ਹੈ ॥

(ਪ੍ਰਮੇਸ਼ਰ ਸਾਰਿਆਂ ਦੇ ਨਾਲ ਤੇ ਵਖਰਾ ਵੀ ਹੈ)

## ਰਾਗੁ ਬਿਲਾਵਲੁ ਮਹਲਾ ੫ ਘਰੁ ੪

ੴ ਸਤਿਗੁਰਪ੍ਰਸਾਦਿ ॥

ਏਕ ਰੂਪ ਸਗਲੋ ਪਾਸਾਰਾ ॥
ਆਪੇ ਬਨਜੁ ਆਪਿ ਬਿਉਹਾਰਾ ॥ ੧ ॥

ਸਾਰੇ ਸੰਸਾਰਦਾ ਪਸਾਰਾ ਇਕ ਮਾਲਕ ਦੇ ਰੂਪ ਤੋਂ ਹੈ॥ ਓਹ ਆਪ ਹੀ ਵਨਜ ਹੈ ਅਤੇ ਆਪ ਹੀ ਵਿਹਾਰ ਕਰਨ ਵਾਲਾ ਹੈ ॥

ਐਸੋ ਗਿਆਨ ਬਿਰਲੋਈ ਪਾਏ ॥
ਜਤ ਜਤ ਜਾਈਐ ਤਤ ਦ੍ਰਿਸਟਾਏ ॥ ੧ ॥ ਰਹਾਉ ॥

ਐਹੋ ਜਹਿਆ ਗਿਆਨ ਕੋਈ ਵਿਰਲਾ ਹੀ ਪਾਂਦਾ ਹੈ ॥ ਜਿਥੇ ੨ ਜਾਈਏ ਓਥੇ ਓਥੇ ਪ੍ਰਮੇਸਰ ਹੀ ਨਜ਼ਰ ਆਉਂਦਾ ਹੈ ਇਹ ਗਿਆਨ ਕੋਈ ਵਿਰਲਾ ਹੀ ਪਾਂਦਾ ਹੈ ॥

ਅਨਿਕ ਰੰਗ ਨਿਰਗੁਨ ਇਕ ਰੰਗਾ॥

Digitized by Panjab Digital Library | www.panjabdigilib.org

ਆਪੇ ਜਲੁ ਆਪ ਹੀ ਤਰੰਗਾ ॥ ੨ ॥

ਸਹਿਤ ਅਕਾਰ ਦੇ ਅਨੇਕਾਂ ਰੰਗਾਂ ਵਿਚ ਵੀ ਹੈ ਅਤੇ ਅਕਾਰ ਤੋਂ ਬਿਨਾ ਇਕ ਰੰਗ ਵੀ ਆਪ ਹੀ ਹੈ ॥ ਆਪ ਹੀ ਪਾਣੀ ਹੋਕੇ ਸਾਰਿਆਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਬੁਲਬੁਲਾ ਆਦਮੀ ਬਣਿਆਂ ਫਿਰਦਾ ਹੈ ॥

ਆਪਹੀ ਮੰਦਰੁ ਆਪਹਿ ਸੇਵਾ ॥
ਆਪਹੀ ਪੂਜਾਰੀ ਆਪਹੀ ਦੇਵਾ ॥ ੩ ॥

ਆਪ ਹੀ ਮਕਾਨ ਠਾਕਰ ਦੁਆਰਾ ਆਦਿਕ ਹੈ ਅਤੇ ਆਪ ਹੀ ਸੇਵਾ ਕਰਨ ਵਾਲਾ ਪੁਜਾਰੀ ਆਦਿਕ ਹੈ। ਆਪ ਹੀ ਪੂਜਾ ਕਰਨ ਵਾਲਾ ਹੈ ਅਤੇ ਆਪ ਹੀ ਦੇਵਤਾ ਸ਼ਿਵਜੀ ਆਦਿਕ ਹੈ ॥

ਆਪਹਿ ਜੋਗ ਆਪਹੀ ਜੁਗਤਾ ॥
ਨਾਨਕ ਕੇ ਪ੍ਰਭ ਸਦਹੀ ਮੁਕਤਾ ॥ ੪ ॥ ੧ ॥ ੬ ॥

ਆਪ ਹੀ ਜੋਗ ਹੈ ਅਤੇ ਅ ਪ ਹੀ ਜੋਗ ਵਿਚ ਜੁੜਨ ਵਾਲਾ ਜੋਗੀ ਹੈ। ਗੁਰੂ ਜੀ, ਦਾਸ ਦਾ ਮਾਲਕ ਸਦਾ ਮੁਕਤ ਹੈ ॥

ਬਿਲਾਵਲੁ ਮਹਲਾ ੫

ਆਪਿ ਉਪਾਵਨ ਆਪਿ ਸਧਰਨਾ ॥
ਆਪਿ ਕਰਾਵਨ ਦੋਸੁ ਨ ਲੈਨਾ ॥ ੧ ॥

ਮਾਲਕ ਆਪ ਹੀ ਸਾਰੇ ਜਗਤ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਸਧਾਰਨ ਜਾਂ ਸਹਿਤ ਆਸਰੇ ਦੇ ਹੈ ਭਾਵ ਸਾਰਿਆਂ ਨੂੰ ਬਣਾਕੇ ਪਾਲਦਾ ਹੈ ॥ ਆਪ ਹੀ ਸਾਰਿਆਂ ਕੰਮਾਂ ਨੂੰ ਕਰਾਉਣ ਵਾਲਾ ਹੈ ਪਰ ਅਪਣੇ ਸਿਰ ਉਤੇ ੋਸ਼ ਨਹੀ ਲੈਂਦਾ ਹੈ ਭਾਵ ਵਖਰਾ ਹੈ ॥

ਆਪਨ ਬਚਨੁ ਆਪਹੀ ਕਰਨਾ ॥
ਆਪਨ ਬਿਭਉ ਆਪਹੀ ਜਰਨਾ ॥ ੧ ॥ ਰਹਾਉ ॥

ਆਪ ਹੀ ਬਚਨ ਰੂਪ ਹੈ ਆਪ ਹੀ ਬਚਨ ਕਰਨ ਵਾਲਾ ਹੈ ॥ ਅਪਣੀ ਰਾਜ ਭਾਗ ਦੀ ਸਮੱਗਰੀ ਨੂੰ ਆਪ ਹੀ ਜਰਨ=ਸਹਾਰਨ ਵਾਲਾ ਹੈ ਭਾਵ ਵੱਡੇ ਪ੍ਰਤਾਪ ਵਾਲਾ ਹੈ ਤੇ ਆਪ ਹੀ ਉਸ ਪ੍ਰਤਾਪ ਨੂੰ ਸਹਾਰਦਾ ਹੈ ॥

ਆਪਹੀ ਮਸਟਿ ਆਪਹੀ ਬੁਲਨਾ ॥

Digitized by Panjab Digital Library | www.panjabdigilib.org

ਆਪਹੀ ਅਛਲੁ ਨ ਜਾਈ ਛਲਨਾ ॥ ੨ ॥

ਆਪ ਹੀ ਚੁਪ ਰਹਿੰਦਾ ਹੈ ਅਤੇ ਆਪ ਹੀ ਬੋਲਦਾ ਹੈ ਆਪ ਹੀ ਅਛਲ ਹੈ। ਕਿਸੇ ਪਾਸੋਂ ਛਲਿਆ ਨਹੀਂ ਜਾਂਦਾ ਹੈ ॥

ਆਪ ਹੀ ਗੁਪਤ ਆਪਿ ਪਰਗਟਨਾ ॥
ਆਪ ਹੀ ਘਟਿ ਘਟਿ ਆਪਿ ਅਲਿਪਨਾ ॥ ੩ ॥

ਆਪ ਹੀ ਛਪਿਆ ਹੋਇਆ ਹੈ ਆਪ ਹੀ ਪ੍ਰਗਟ ਹੋਇਆ ੨ ਹੈ ॥ ਆਪ ਹੀ ਸਾਰਿਆਂ ਦਿਲਾਂ ਵਿਚ ਮਿਲਿਆ ਹੋਇਆ ਹੈ ਅਤੇ ਆਪ ਹੀ ਸਾਰਿਆਂ ਤੋਂ ਵਖਰਾ ਹੈ ਭਾਵ ਉਸਨੂੰ ਕੋਈ ਲੇਪ ਨਹੀ ਹੈ ਓਹ ਸਭ ਤੋਂ ਵਖਰਾ ਹੈ ॥

ਆਪੇ ਅਵਿਗਤੁ ਆਪ ਸੰਗਿ ਰਚਨਾ ॥
ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥ ੪ ॥ ੨ ॥ ੭ ॥

ਆਪ ਹੀ ਚਾਲ, ਰੀਤੀ, ਆਦਕ ਤੋਂ ਬਿਨਾ ਹੈ ਅਤੇ ਆਪਹੀ ਸਾਰੀ ਰਚਨਾ ਦੇ ਨਾਲ ਮਿਲਿਆ ਹੋਇਆ ਹੈ ॥ ਗੁਰੂ ਜੀ ਆਖਦੇ ਹਨ ਹੇ ਮਾਲਕਾ ਇਹ ਸੰਸਾਰ ਦੇ ਸਾਰੇ ਜੀਵ ਆਪਦੇ ਮੰਗਤੇ ਹਨ ॥

(ਆਪਣੇ ਪ੍ਰਥਾਇ ਗੁਰੂ ਦੀ ਵਡਿਆਈ)

ਬਿਲਾਵਲੁ ਮਹਲਾ ੫

ਭੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥ ੧ ॥

ਮਾਲਕ ਤੋਂ ਭੁਲਿਆਂ ਹੋਇਆਂ ਨੂੰ ਜਿਨਾਂ ਗੁਰਾਂ ਨੇ ਉਪਦੇਸ਼ ਦੁਆਰਾ ਗਿਆਨ ਰਸਤਾ ਦਸਿਆ ਹੈ ॥ ਐਹੋ ਜਹਿਆ ਗੁਰੂ ਅਸਾਂ ਵਡਿਆਂ ਭਾਗਾਂ ਕਰਕੇ ਪਾਇਆ ਹੈ ॥

ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥
ਬਸਿ ਰਹੇ ਹਿਰਦੈ ਗੁਰਚਰਨ ਪਿਆਰੇ ॥ ੧ ॥ ਰਹਾਉ ॥

ਜਿਸ ਨਾਮ ਨੂੰ ਭਗਤ, ਗੁਰਾਂ ਦੇ ਪਿਆਰੇ ਚਰਨ, ਦਿਲ ਵਿਚ ਵਸਾਕੇ ਯਾਦ ਕਰਦੇ ਹਨ ਹੇ ਮਨ ਉਸ ਨਾਮ ਨੂੰ ਤੂੰ ਵੀ ਗੁਰੂ ਦੁਆਰੇ ਯਾਦ ਕਰ ॥

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥

Digitized by Panjab Digital Library | www.panjabdigilib.org

ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ ੨॥

ਕਾਮ, ਕ੍ਰੋਧ, ਲੋਭ, ਮੋਹ ਆਦਕ ਵਿਕਾਰਾਂ ਨੇ ਜੇਹੜਾ ਮੇਰਾ ਮਨ ਵਸ ਕਰ ਲਿਆ ਹੋਇਆ ਸੀ, ਸੋ ਗੁਰੂ ਨੇ ਓਨਾਂ ਵਿਕਾਰਾਂ ਦੇ ਬੰਧਨਾਂ ਨੂੰ ਕੱਟ ਕੇ ਮੁਕਤੀ ਕਰ ਦਿਤਾ ਹੈ ॥

ਦੂਖ ਸੂਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥ ੩ ॥

ਜਿਨਾਂ ਕਰਮਾਂ ਦੇ ਅਨੁਸਾਰ ਦੁਖ ਸੁਖ ਨੂੰ ਕਰਦਾ ਹੋਇਆ ਜੰਮਦਾ ਮਰਦਾ ਸੀ ਹੁਣ ਗੁਰੂ ਨੇ ਮੈਨੂੰ ਆਪਣੇ ਚਰਨ ਕਮਲਾਂ ਦਾ ਭਾਵ ਆਸਰਾ ਦਿਤਾ ਹੈ ॥

ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥ ੪ ॥ ੩ ॥ ੮ ॥

ਤ੍ਰਿਸ਼ਨਾਂ ਰੂਪ ਅੱਗ ਦੇ ਸੰਸਾਰ ਸਮੁੰਦਰ ਵਿਚ ਡੁੱਬਦੇ ਨੂੰ ਗੁਰੂ ਨੇ ਬਾਂਹ ਫੜਕੇ ਬਾਹਰ ਕੱਢ ਲਿਆ ਹੈ ।

## ਬਿਲਾਵਲੁ ਮਹਲਾ ੫

ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥
ਕਵਨ ਸੁਮਤਿ ਜਿਤੁ ਹਰਿਹਰਿ ਜਪਨਾ ॥ ੧ ॥

ਹੇ ਮਾਲਕਾ ਮੈਂ ਆਪਣਾ ਤਨ ਮਨ ਧਨ ਸਾਰਾ ਹੀ ਤੈਨੂੰ ਦੇ ਦੇਂਦਾ ਹਾਂ ॥ ਤੂੰ ਕਿਰਪਾ ਕਰਕੇ ਮੈਨੂੰ ਦੱਸ ਓਹ ਚੰਗੀ ਅਕਲ ਕੇਹੜੀ ਹੈ ਜਿਸ ਕਰਕੇ ਮੈਂ ਤੇਰਾ ਨਾਮ ਜਪਣਾ ਕਰਾਂ ॥

ਕਰਿ ਆਸਾ ਆਇਓ ਪ੍ਰਭ ਮਾਗਨਿ ॥
ਤੁਮ ਪੇਖਤ ਸੋਭਾ ਮੇਰੈ ਆਗਨਿ ॥ ੧॥ ਰਹਾਉ ॥

ਹੇ ਮਾਲਕ ਮੈਂ ਆਸਾ ਕਰਕੇ ਮੰਗਣ ਵਾਸਤੇ ਤੇਰੇ ਬੂਹੇ ਉਤੇ ਆਇਆ ਹਾਂ॥ ਤੇਰਾ ਰੂਪ ਵੇਖਦਿਆਂ ਹੀ ਮੇਰਾ ਦਿਲ ਜੇਹੜਾ ਵੇਹੜੇ ਵਰਗਾ ਹੈ ਓਹ ਸੋਭਾ ਵਾਲਾ ਹੋ ਜਾਵੇਗਾ ਜਾਂ ਉਸ ਵਿਚ ਸੋਭਾ ਹੋਵੇਗੀ॥

ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥
ਸਾਧ ਸੰਗਿ ਇਸੁ ਮਨਹਿ ਉਧਾਰਉ ॥ ੨॥

ਅਨੇਕਾਂ ਜੁਗਤੀਆਂ ਤੇ ਬਹੁਤਿਆਂ ਵਿਚਾਰਾਂ ਨੂੰ ਕਰਕੇ ਹੁਣ ਵੀ ਤੇਰੀ ਕਿਰਪਾ ਨਾਲ

Digitized by Panjab Digital Library | www.panjabdigilib.org

ਹੀ ਜਾਣਿਆਂ ਹੈ ਕਿ ਸੰਤਾਂ ਦੀ ਸੰਗਤ ਕਰਕੇ ਨਾਮ ਦੇ ਜਪਣ ਨਾਲ ਇਸ ਮਨ ਦਾ ਉਧਾਰ ਕਰਾਂ ॥

ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥
ਤਾ ਮਿਲੀਐ ਜਾ ਲਏ ਮਿਲਾਈ ॥ ੩ ॥

ਵਿਹਾਰ ਦੀ ਅਕਲ ਪੜਨ ਦੀ ਅਕਲ ਹੋਰ ਜੇਹੜੀ ਕੋਈ ਚੰਗੀ ਸੋਚ ਸਮਝ ਹੈ ਅਤੇ ਜੇਹੜੀ ਚਤਰਾਈ ਹੈ ਜੋ ਲੋਕਾਂ ਨਾਲ ਕਰਨੀ ਹੈ ਸੋ ਇਹ ਮੇਰੇ ਵਿਚ ਕੋਈ ਨਹੀਂ ਹੈ ॥ ਹੇ ਮਾਲਕਾ ਜੇ ਤੂੰ ਆਪ ਹੀ ਕਿਰਪਾ ਕਰਕੇ ਆਪਣੇ ਨਾਲ ਮਿਲਾ ਲਵੇਂ ਤੇ ਤਾਂ ਹੀ ਮਿਲੀਦਾ ਹੈ ॥

ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥
ਕਹੁ ਨਾਨਕ ਸਫਲੁ ਸੋ ਆਇਆ ॥ ੪ ॥ ੪ ॥ ੯ ॥

ਹੇ ਮਾਲਕ ਤੇਰਾ ਦਰਸਨ ਪਾਇਆ ਤਾਂ ਨੇਤ੍ਰਾਂ ਨੂੰ ਸੰਤੋਖ ਆਇਆ ॥ ਗੁਰੂ ਜੀ, ਓਹ ਅਜੇਹਾ ਆਦਮੀ ਸੰਸਾਰ ਵਿਚ ਆਇਆ ਹੋਇਆ ਸਫਲ ਹੁੰਦਾ ਹੈ ॥

## ਬਿਲਾਵਲੁ ਮਹਲਾ ੫

ਮਾਤ ਪਿਤਾ ਸੁਤ ਸਾਥਿ ਨ ਮਾਇਆ ॥
ਸਾਧ ਸੰਗਿ ਸਭੁ ਦੂਖੁ ਮਿਟਾਇਆ ॥ ੧ ॥

ਨਾਮ ਤੋਂ ਬਿਨਾ, ਮਾਤਾ ਪਿਤਾ, ਪੁਤ, ਹੋਰ ਸਾਰੇ ਮਾਇਆ ਦੇ ਪਦਾਰਥ ਧਨ ਆਦਕ ਕੋਈ ਵੀ ਨਾਲ ਨਹੀਂ ਜਾਂਦਾ ਹੈ ॥ ਮਾਲਕ ਦੇ ਸੰਤਾਂ ਦੀ ਸੰਗਤ ਵਿਚ ਮਿਲਕੇ ਸਾਰਿਆਂ ਦੁਖਾਂ ਨੂੰ ਦੂਰ ਕੀਤਾ ਹੈ ।

ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥
ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥ ੧ ॥ ਰਹਾਉ ॥

ਓਹ ਮੇਰਾ ਮਾਲਕ ਆਪੇ ਹੀ ਸਾਰਿਆਂ ਵਿਚ ਮਿਲਿਆ ਹੋਇਆ ਹੈ ॥ ਮਾਲਕ ਦੇ ਨਾਮ ਨੂੰ ਜਬਾਨ ਨਾਲ ਜਪਿਆਂ ਹੋਇਆਂ ਫਿਰ ਕੋਈ ਦੁਖ ਨਹੀਂ ਆਕੇ ਚੰਬੜਦਾ ਹੈ ॥

ਤਿਖਾ ਭੂਖ ਬਹੁ ਤਪਤਿ ਵਿਆਪਿਆ ॥
ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥ ੨ ॥

Digitized by Panjab Digital Library | www.panjabdigilib.org

ਮੇਰੇ ਮਨ ਨੂੰ ਤ੍ਰਿਸ਼ਨਾ ਤੇਹ ਭੁਖ ਅਤੇ ਬਹੁਤ ਸਾਰਾ ਤਪਤ ਦਾ ਰੋਗ ਚੰਬੜਿਆ ਹੋਇਆ ਸੀ ॥ ਹੇ ਮਾਲਕ ਜਦੋਂ ਤੇਰੇ ਨਾਮ ਨੂੰ ਜਪਿਆ ਤਾਂ ਮੇਰਾ ਦਿਲ ਠੰਢਾ ਹੋ ਗਿਆ ॥

ਕੋਟਿ ਜਤਨ ਸੰਤੋਖੁ ਨ ਪਾਇਆ ॥
ਮਨੁ ਤ੍ਰਿਪਤਾਨਾ ਹਰਿਗੁਣ ਗਾਇਆ ॥ ੩ ॥

ਪਹਿਲੇ ਕਰੋੜਾਂ ਜਤਨਾ ਕਰਕੇ ਇਸ ਮਨ ਨੇ ਸੰਤੋਖ ਨਹੀਂ ਪਾਇਆ ਹੈ ਹੇ ਮਾਲਕਾ ਜਦੋਂ ਤੇਰਿਆਂ ਗੁਣਾਂ ਨੂੰ ਗਾਇਆ ਤਾਂ ਇਹ ਮਨ ਰਜ ਗਿਆ ॥

ਦੇਹੁ ਭਗਤਿ ਪ੍ਰਭ ਅੰਤਰਜਾਮੀ ॥
ਨਾਨਕ ਕੀ ਬੇਨੰਤੀ ਸੁਆਮੀ ॥ ੪ ॥ ੫ ॥ ੧੦॥

ਗੁਰੂ ਜੀ, ਹੇ ਮਾਲਕਾ ਮੇਰੀ ਇਹ ਬੇਨਤੀ ਹੈ ਕਿ ਤੂੰ ਦਿਲ ਦੀਆਂ ਬੁਝਣ ਵਾਲਾ ਹੈਂ ਕਿਰਪਾ ਕਰਕੇ ਮੈਨੂੰ ਆਪਣੀ ਭਗਤੀ ਦੇਹ ॥

ਬਿਲਾਵਲੁ ਮਹਲਾ ੫

ਗੁਰੁ ਪੂਰਾ ਵਡਭਾਗੀ ਪਾਈਐ ॥
ਮਿਲਿ ਸਾਧੂ ਹਰਿਨਾਮੁ ਧਿਆਈਐ ॥ ੧ ॥

ਅਜੇਹਾ ਪੂਰਾ ਗੁਰੂ ਵਡਿਆਂ ਭਾਗਾਂ ਕਰਕੇ ਪਾਈਦਾ ਹੈ ॥ ਜਿਸਦੀ ਕਿਰਪਾ ਨਾਲ ਸੰਤਾਂ ਨਾਲ ਮਿਲਕੇ ਮਾਲਕ ਦਾ ਨਾਮ ਧਿਆਈਦਾ ਹੈ ॥

ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥
ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥ ੧ ॥

ਹੇ ਮਾਲਕ ਅਸੀਂ ਤੇਰੀ ਸ਼ਰਨ ਹਾਂ ॥ ਗੁਰੂ ਦੇ ਚਰਨਾਂ ਨੂੰ ਯਾਦ ਭਾਵ ਸੇਵਾ ਕਰਨ ਨਾਲ ਪਾਪ ਕਟੇ ਜਾਂਦੇ ਹਨ ॥

ਅਵਰਿ ਕਰਮ ਸਭ ਲੋਕਾਚਾਰ ॥
ਮਿਲਿ ਸਾਧੂ ਸੰਗਿ ਹੋਇ ਉਧਾਰ ॥ ੨ ॥

ਨਾਮ ਤੋਂ ਬਿਨਾ ਹੋਰ ਜਿਤਨੇ ਕਰਮ ਹਨ ਓਹ ਸਾਰੇ ਹੀ ਲੋਕਾਂ ਦਾ ਵਿਖਾਵਾ ਹਨ ॥ ਮਾਲਕ ਦੇ ਸੰਤਾਂ ਨਾਲ ਮਿਲਕੇ ਸੰਸਾਰ ਤੋਂ ਉਧਾਰ ਹੁੰਦਾ ਹੈ ॥

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥
ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥ ੩ ॥

Digitized by Panjab Digital Library | www.panjabdigilib.org

ਸਤਾਈ ਸਿੰਮ੍ਰਤੀਆਂ ਛੇ ਸ਼ਾਸਤ੍ਰ ਚਾਰ ਵੇਦ ਇਹ ਸਾਰੇ ਵਿਚਾਰਕੇ ਵੇਖ ਲਏ ਹਨ ਇਹ ਵੀ ਸਾਰੇ ਇੱਕਰ ਆਖਦੇ ਹਨ ਕਿ ਜਿਸ ਨਾਮ ਨੇ ਅਨੇਕਾਂ ਭਗਤ ਪਾਰ ਉਤਾਰੇ ਹਨ ਓਸੇ ਦਾ ਜਾਪ ਕਰੀਏ ॥

ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ।
ਸਾਧੂ ਧੂਰਿ ਮਿਲੈ ਨਿਸਤਰੀਐ ॥ ੪ ॥ ੬ ॥ ੧੧ ॥

ਗੁਰੂ ਜੀ ਮੈਂ ਦਾਸ ਉਤੇ ਏਹੋ ਹੀ ਕਿਰਪਾ ਕਰੋ ਕਿ ਤੇਰਿਆਂ ਸੰਤਾਂ ਦੀ ਧੂੜ ਮਿਲ ਜਾਵੇ ਜਿਸ ਕਰਕੇ ਸੰਸਾਰ ਤੋਂ ਤਰ ਜਾਈਦਾ ਹੈ ॥

## ਬਿਲਾਵਲੁ ਮਹਲਾ ੫

ਗੁਰ ਕਾ ਸਬਦੁ ਰਿਦੈ ਮਹਿ ਚੀਨਾ॥
ਸਗਲ ਮਨੋਰਥ ਪੂਰਨ ਆਸੀਨਾ ॥ ੧ ॥

ਜਨਾਂ ਨੇ ਗੁਰੂ ਦਾ ਉਪਦੇਸ਼ ਮੁਕਤੀ ਦਾਤਾ ਦਿਲ ਵਿਚ ਜਾਣਿਆ ਹੈ ॥ ਓਹ ਆਪਣੇ ਅਸਲੀ ਰੂਪ ਵਿਚ ਆਸੀਨਾ=ਟਿਕ ਗਏ ਹਨ ਓਨਾਂ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ ॥

ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥
ਕਰਿ ਕਿਰਪਾ ਅਪਨਾ ਨਾਮੁ ਦੀਨਾ ॥ ੧ ॥ ਰਹਾਉ ।

ਮਾਲਕ ਨੇ ਸੰਤਾਂ ਦਾ ਮੂੰਹ ਉਜਲਾ ਕੀਤਾ ਹੈ ॥ ਜਿਨਾਂ ਨੂੰ ਮਾਲਕ ਨੇ ਆਪਣਾ ਨਾਮ ਕਿਰਪਾ ਕਰਕੇ ਦਿਤਾ ਹੈ ॥

ਅੰਧ ਕੂਪ ਤੇ ਕਰੁ ਗਹਿ ਲੀਨਾ॥
ਜੈ ਜੈ ਕਾਰ ਜਗਤਿ ਪ੍ਰਗਟੀਨਾ॥ ੨ ॥

ਸੰਸਾਰ ਰੂਪ ਅੰਨੇ ਖੂਹ ਵਿਚ ਡਿਗਦਿਆਂ ਨੂੰ ਮਾਲਕ ਨੇ ਹਥ ਫੜਕੇ ਬਾਹਰ ਕੱਢ ਲਿਆ ਹੈ ਭਾਵ ਹਥ ਰੂਪ ਰਿਦਾ ॥ ਸਾਰੇ ਸੰਸਾਰ ਵਿਚ ਪ੍ਰਗਟ ਹੀ ਜੈ ਜੈ ਕਾਰ ਹੁੰਦਾ ਹੈ ॥

ਨੀਚਾ ਤੇ ਊਚ ਊਨ ਪੂਰੀਨਾ ॥
ਅੰਮ੍ਰਿਤ ਨਾਮੁ ਮਹਾਰਸੁ ਲੀਨਾ॥ ੩॥

ਨੀਚਾਂ ਤੋਂ ਉਚ ਬਣ ਗਏ ਖਾਲੀ ਰਿਦਿਆਂ ਵਾਲੇ ਗੁਣਾਂ ਨਾਲ ਭਰ ਗਏ ॥ ਓਨਾਂ ਦਾ ਮਨ ਨਾਮ ਰੂਪ ਅੰਮ੍ਰਿਤ ਵਡੇ ਰਸ ਵਿਚ ਲੀਨ ਹੋਇਆ ਹੈ ॥

Digitized by Panjab Digital Library | www.panjabdigilib.org

ਮਨ ਤਨ ਨਿਰਮਲ ਪਾਪ ਜਲਿ ਖੀਨਾ ॥
ਕਹੁ ਨਾਨਕ ਪ੍ਰਭ ਭਏ ਪ੍ਰਸੀਨਾ । ੪ ॥੭ ॥੧੨॥

ਖੀਨਾ=ਨਾਸ ॥

ਨਾਮ ਰੂਪ ਅੰਮ੍ਰਿਤ ਜਲ ਨਾਲ ਮਨ ਤਨ ਨਿਰਮਲ ਹੋ ਗਿਆ ਅਤੇ ਸਾਰੇ ਪਾਪ ਸੜ ਗਏ ਜਾਂ ਨਾਮ ਜਲ ਨਾਲ ਧੋਤੇ ਗਏ ॥ ਗੁਰੂ ਜੀ, ਭਗਤਾਂ ਉਤੇ ਪ੍ਰਮੇਸਰ ਪ੍ਰਸੀਨਾ=ਪ੍ਰਸੰਨ ਹੋਇਆ ਹੈ ॥

ਬਿਲਾਵਲ ਮਹਲਾ ੫

ਸਗਲ ਮਨੋਰਥ ਪਾਈਐ ਮੀਤਾ ॥
ਚਰਨਕਮਲ ਸਿਉ ਲਾਈਐ ਚੀਤਾ ॥ ੧ ॥

ਹੇ ਮਿਤ੍ਰ ਜਦੋਂ ਮਾਲਕਦੇ ਚਰਨਾਂ ਕਮਲਾਂ ਨਾਲ ਚਿਤ ਲਾਈਦਾ ਹੈ ਤਾਂ ਸਾਰੇ ਮਨੋਰਥ ਪਾ ਲਈਦੇ ਹਨ ॥

ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥
ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥ ੧ ॥ ਰਹਾਉ ॥

ਜੇਹੜੇ ਮਾਲਕ ਦੇ ਨਾਮ ਨੂੰ ਯਾਦ ਕਰਦੇ ਹਨ ਮੈਂ ਓਨਾਂ ਤੋਂ ਬਲਹਾਰ ਜਾਂਦਾ ਹਾਂ ॥ ਮਾਲਕ ਦੇ ਗੁਣ ਗਾਂਦਿਆਂ ਸਾਰੀ ਸੜਨਤਾ ਬੁਝ ਜਾਂਦੀ ਹੈ ॥

ਸਫਲ ਜਨਮੁ ਹੋਵਤ ਵਡਭਾਗੀ ।
ਸਾਧਸੰਗਿ ਰਾਮਹਿ ਲਿਵਲਾਗੀ ॥ ੨ ॥

ਸਾਧ ਸੰਗਤ ਕਰਕੇ ਪ੍ਰਮੇਸਰ ਦੇ ਨਾਮ ਵਿਚ ਪ੍ਰੀਤੀ ਲੱਗਦੀ ਹੈ ॥ ਇਸੇ ਲਈ ਵਡਭਾਗੀਆਂ ਦਾ ਜਨਮ ਸਫਲ ਹੁੰਦਾ ਹੈ ॥

ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥
ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥ ੩ ॥

ਅਕਲ ਚੰਗੀ ਹੋਣੀ, ਇਜ਼ਤ ਬਣੀ ਰਹਿਣੀ, ਧਨ ਪਾਸ ਹੋਣਾ ਬਹੁਤ ਸਾਰਾ ਸੁਖ ਮਿਲਨਾ ਇਹਨਾਂ ਵਸਤੂਆਂ ਦਾ ਸਹਿਜੇ ਹੀ ਇਹ ਅਨੰਦ ਸਮਝਿਆ ਜਾਂਦਾ ਹੈ। ਹੇ ਪਰਮ ਅਨੰਦ ਸਰੂਪ ਜੋ ਇਕ ਨਿਮਖ ਭਰ ਵੀ ਤੇਰਾ ਨਾਮ ਨ ਭੁਲੇ

ਹਰਿਦਰਸਨ ਕੀ ਮਨਿ ਪਿਆਸ ਘਨੇਰੀ ॥

Digitized by Panjab Digital Library | www.panjabdigilib.org

ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥ ੪ ॥ ੮ ॥ ੧੩ ॥

ਮੇਰੇ ਦਿਲ ਵਿਚ ਮਾਲਕ ਦੇ ਮਿਲਨ ਦੀ ਬਹੁਤ ਇਛਿਆ ਹੈ। ਗੁਰੂ ਜੀ ਆਖਦੇ ਹਨ ਹੇ ਮਾਲਕਾ ਮੈਂ ਤੇਰੀ ਸ਼ਰਨ ਹਾਂ ॥

## ਬਿਲਾਵਲੁ ਮਹਲਾ ੫

ਮੋਹਿ ਨਿਰਗੁਨ ਸਭ ਗੁਣਹ ਬिहੂਨਾ ॥
ਦਇਆਧਾਰਿ ਅਪੁਨਾ ਕਰਿ ਲੀਨਾ ॥ ੧ ॥

੧ ੩ ਸੰਤੋਖ ਆਦਿਕ ਸਾਰਿਆਂ ਗੁਣਾਂ ਤੋਂ ਬਿਨਾਂ ਮੈ ਨਿਰਗੁਣਿਆਰੇ ਨੂੰ ਮਾਲਕ ਨੇ ਕਿਰਪਾ ਕਰਕੇ ਅਪਣਾ ਦਾਸ ਕਰ ਲਿਆ ਹੈ ॥

ਮੇਰਾ ਮਨੁ ਤਨੁ ਹਰਿਗੋਪਾਲਿ ਸੁਹਾਇਆ ॥
ਕਰਿ ਕਿਰਪਾ ਪ੍ਰਭੁ ਘਰ ਮਹਿ ਆਇਆ ॥ ੧ ॥ ਰਹਾਉ ॥

ਧਰਤੀ ਭਾਵ ਦੁਨੀਆਂ ਦੀ ਪਾਲਣਾ ਕਰਨ ਵਾਲੇ ਮਾਲਕ ਦੇ ਚਰਨਾਂ ਉਤੇ ਮੇਰਾ ਮਨ ਤਨ "ਸੋਹਾਇਆ" ਸੋਭਦਾ ਰਹਿੰਦਾ ਹੈ ॥ ਮਾਲਕ ਕਿਰਪਾ ਕਰਕੇ ਮੇਰੇ ਦਿਲ ਵਿਚ ਆਇਆ ਹੈ ॥

ਭਗਤਿ ਵਛਲ ਭੈ ਕਾਟਨਹਾਰੇ ॥
ਸੰਸਾਰ ਸਾਗਰ ਅਬ ਉਤਰੇ ਪਾਰੇ । ੨ ॥

ਹੇ ਭਗਤਾਂ ਦੇ ਪਿਆਰੇ ਸਾਰਿਆਂ ਦੇ ਡਰ ਦੂਰ ਕਰਨ ਵਾਲੇ ਅਸੀਂ ਹੁਣ ਤੇਰੇ ਨਾਮ ਨੂੰ ਜਪਕੇ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਏ ਹਾਂ ॥

ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥
ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥ ੩ ॥

ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਮਾਲਕ ਦਾ ਧਰਮ ਵੇਦ ਨੇ ਲਿਖਿਆ ਹੈ ਸੋ ਓਹ ਧਰਮ ਅਸਾਂ ਮਾਲਕ ਦਾ ਅੱਖਾਂ ਨਾਲ ਵੇਖ ਲਿਆ ਹੈ ॥

ਸਾਧਸੰਗਿ ਪ੍ਰਗਟੇ ਨਾਰਾਇਣ ॥
ਨਾਨਕ ਦਾਸ ਸਭਿ ਦੂਖ ਪਲਾਇਣ ॥ ੪ ॥ ੯ ॥ ੧੪ ॥

ਸਾਧ ਸੰਗਤ ਦੀ ਕਿਰਪਾ ਨਾਲ ਜਿਸਦੇ ਦਿਲ ਦੇ ਵਿਚ ਮਾਲਕ ਪ੍ਰਗਟਿਆ ਹੈ ਗੁਰੂ ਜੀ, ਓਨਾਂ ਮਾਲਕ ਦੇ ਦਾਸਾਂ ਨਾਲ ਮਿਲਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ ਜਾਂ ਓਨਾਂ ਦਾਸਾਂ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ ॥

Digitized by Panjab Digital Library | www.panjabdigilib.org

ਬਿਲਾਵਲੁ ਮਹਲਾ ੫

ਕਵਨੁ ਜਾਨੈ ਪ੍ਰਭ ਤੁਮਰੀ ਸੇਵਾ ॥
ਪ੍ਰਭ ਅਬਿਨਾਸੀ ਅਲਖ ਅਭੇਵਾ ॥ ੧ ॥

ਹੇ ਮਾਲਕਾ ਤੇਰੀ ਸੇਵਾ ਨੂੰ ਕੌਣ ਜਾਣ ਸਕਦਾ ਹੈ ॥ ਹੇ ਮਾਲਕ ਤੂੰ ਅਲੱਖ ਅਭੇਵ ਤੇ ਨ ਮਰਨ ਵਾਲਾ ਹੈਂ ॥

ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ ਊਚ ਮਹਲ ਸੁਆਮੀ ਪ੍ਰਭ ਮੇਰੇ ॥ ਤੂੰ ਅਪਰੰਪਰ ਠਾਕੁਰ ਮੇਰੇ ॥ ੧ ॥ ਰਹਾਉ ॥

ਹੇ ਡੂੰਘੇ ਟਿਕੇ ਹੋਏ ਮਾਲਕ ਤੇਰੇ ਗੁਣ ਬਿਅੰਤ ਹਨ। ਹੇ ਮੇਰੇ ਮਾਲਕ ਤੂੰ ਸੰਸਾਰ ਤੋਂ ਪਰੇ ਰਹਿਣ ਵਾਲਾ ਹੈ ਅਤੇ ਤੇਰੇ ਰਹਿਣ ਦੇ ਮਹਿਲ ਵੀ ਉਚੇ ਹਨ ਭਾਵ ਸਤਸੰਗ ਤੇਰਾ ਮਹਿਲ ਹੈ ॥

ਏਕਸ ਬਿਨੁ ਨਾਹੀ ਕੋ ਦੂਜਾ ॥
ਤੁਮਹੀ ਜਾਨਹੁ ਅਪਨੀ ਪੂਜਾ ॥ ੨॥

ਇਕ ਤੇਰੇ ਬਿਨਾਂ ਹੋਰ ਦੂਸਰਾ ਕੋਈ ਨਹੀ ਹੈ, ਇਸ ਲਈ ਤੁਸੀ ਆਪ ਹੀ ਅਪਣੀ ਪੂਜਾ ਨੂੰ ਜਾਣਦੇ ਹੋ ॥

ਆਪਹੁ ਕਛੂ ਨ ਹੋਵਤ ਭਾਈ ॥
ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ॥੩॥

ਅਸੀਂ ਸਾਰਿਆਂ ਜੀਆਂ ਨੂੰ ਇਕਰ ਆਖਦੇ ਹਾਂ ਕਿ ਹੇ ਭਾਈ ਅਪਣੇ ਆਪ ਕੁਛ ਨਹੀ ਹੋ ਸਕਦਾ ਹੈ ਭਾਵ ਜੀਆਂ ਪਾਸੋਂ ਕੁਛ ਨਹੀਂ ਹੋ ਸਕਦਾ ਹੈ। ਜਿਸਨੂੰ ਮਾਲਕ ਦੇਂਦਾ ਹੈ ਓਹ ਨਾਮ ਨੂੰ ਪਾਂਦਾ ਹੈ ॥

ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥
ਗੁਣ ਨਿਧਾਨ ਪ੍ਰਭੁ ਤਿਨਹੀ ਪਾਇਆ ॥ ੪ ॥ ੧੦॥੧੫॥

ਗੁਰੂ ਜੀ, ਜੇਹੜਾ ਦਾਸ ਮਾਲਕ ਨੂੰ ਚੰਗਾ ਲਗਦਾ ਹੈ। ਗੁਣਾਂ ਦਾ ਸਮੁੰਦਰ ਮਾਲਕ ਓਸੇ ਨੇ ਹੀ ਪਾਇਆ ਹੈ ॥

Digitized by Panjab Digital Library | www.panjabdigilib.org

(ਇਸ ਆਦਮੀ ਉਤੇ ਪ੍ਰਮੇਸਰ ਦਾ ਪਰਉਪਕਾਰ)

ਬਿਲਾਵਲੁ ਮਹਲਾ ੫

ਮਾਤ ਗਰਭ ਮਹਿ ਹਾਥ ਦੇ ਰਾਖਿਆ ॥
ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥ ੧

ਹੇ ਆਦਮੀ ਜਿਸ ਮਾਲਕ ਨੇ ਤੈਨੂੰ ਮਾਤਾ ਦੇ ਪੇਟ ਦੀ ਅੱਗ ਵਿਚ ਹੱਥ ਦੇਕੇ ਰਖਿਆ ਹੈ ਉਸ ਮਾਲਕ ਦੇ ਨਾਮ ਨੂੰ ਛੱਡਕੇ ਤੂੰ ਵਿਸ਼ਿਆਂ ਰੂਪ ਫਲਾਂ ਦੇ ਰਸ ਨੂੰ ਚੱਖਿਆ ਹੈ ॥

ਭਜੁ ਗੋਬਿੰਦ ਸਭ ਛੋਡਿ ਜੰਜਾਲ ॥ ਜਬ ਜਮੁ ਆਇ ਸੰਘਾਰੈ ਮੂੜੇ
ਤਬ ਤਨੁ ਬਿਨਸਿ ਜਾਇ ਬੇਹਾਲ ॥ ੧ ॥ ਰਹਾਉ ॥

ਪ੍ਰਮੇਸਰ ਦੇ ਨਾਮ ਨੂੰ ਯਾਦ ਕਰ ਹੋਰ ਸਾਰਿਆਂ ਜੰਜਾਲਾਂ ਨੂੰ ਛੱਡ ਦੇਹ। ਹੇ ਮੂਰਖ ਜਦੋਂ ਜਮ ਆਕੇ ਤੇਰੇ ਸਰੀਰ ਨੂੰ ਮਾਰਨਗੇ ਤਾਂ ਤੇਰਾ ਸਰੀਰ ਨਾਸ ਹੋ ਜਾਵੇਗਾ ਓਸ ਵੇਲੇ ਤੂੰ ਬਿਹਾਲ ਭਾਵ ਦੁਖੀ ਹੋਵੇਂਗਾ।

ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥
ਕਰਨਹਾਰੁ ਇਕ ਨਿਮਖ ਨ ਜਾਪਿਆ ॥ ੨ ॥

ਹੇ ਜੀਵ ਤੂੰ ਇਸ ਤਨ ਮਨ ਧਨ ਨੂੰ ਅਪਣਾ ਕਰਕੇ ਜਾਣਿਆਂ ਹੈ ਅਤੇ ਜੇਹੜਾ ਪ੍ਰਮੇਸਰ ਤੇਰੇ ਬਣਾਉਣ ਵਾਲਾ ਹੈ ਉਸਦੇ ਨਾਮ ਨੂੰ ਇਕ ਨਿਮਖ ਭਰ ਵੀ ਨਹੀਂ ਜਪਿਆ ਹੈ ॥

ਮਹਾਮੋਹ ਅੰਧਕੂਪ ਪਰਿਆ ॥
ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥ ੩ ॥

ਅਗਿਆਨ ਰੂਪ ਵਡੇ ਅੰਨੇ ਖੂਹ ਵਿਚ ਤੂੰ ਡਿਗ ਪਿਆ ਹੈਂ ਮਾਇਆ ਰੂਪ ਪੜਦੇ ਕਰਕੇ ਮਾਲਕ ਦੇ ਨਾਮ ਨੂੰ ਦਿਲ ਤੋਂ ਭੁਲਾ ਦਿੱਤਾ ਹੈ ॥

ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥
ਸੰਤਸੰਗਿ ਨਾਨਕ ਪ੍ਰਭੁ ਪਾਇਆ ॥ ੪ ॥ ੧੧ ॥ ੧੬ ॥

ਵਡਿਆਂ ਭਾਗਾਂ ਕਰਕੇ ਜਿਨਾਂ ਨੇ ਉਸ ਮਾਲਕ ਦਾ ਕੀਰਤਨ ਗਾਇਆ ਹੈ ॥ ਗੁਰੂ ਜੀ, ਓਨਾਂ ਨੇ ਸੰਤਾਂ ਦੇ ਸੰਗ ਨਾਲ ਰਲਕੇ ਉਸ ਮਾਲਕ ਨੂੰ ਲੱਭ

Digitized by Panjab Digital Library | www.panjabdigilib.org

ਲਿਆ ਹੈ।

ਬਿਲਾਵਲੁ ਮਹਲਾ ੫

ਮਾਤ ਪਿਤਾ ਸੁਤ ਬੰਧਪ ਭਾਈ ॥
ਨਾਨਕ ਹੋਆ ਪਾਰਬ੍ਰਹਮੁ ਸਹਾਈ ॥ ੧ ॥

ਮਾਂ, ਪਿਓ, ਪੁਤ, ਸਰਬੰਧੀ ਭਾਈ ਵਰਗਾ ॥ ਗੁਰੂ ਜੀ, ਆਖਦੇ ਹਨ ਓਨਾਂ ਗੁਰਾਂ ਦੀ ਕਿਰਪਾ ਨਾਲ ਸਾਰਿਆਂ ਸਰਬੰਧੀਆਂ ਵਰਗਾ ਹੋਕੇ ਸਾਡਾ ਪ੍ਰਮੇਸਰ ਹੀ ਸਹਾਈ ਹੋਇਆ ਹੈ ॥

ਸੂਖ ਸਹਜ ਆਨੰਦ ਘਣੇ ॥ ਗੁਰੁ ਪੂਰਾ ਪੂਰੀ ਜਾਕੀ ਬਾਣੀ ਅਨਿਕ ਗੁਣਾ ਜਾਕੇ ਜਾਹਿ ਨ ਗਣੇ ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਅਨੇਕਾਂ ਤਰਾਂ ਦੇ ਸੁਖ ਅਤੇ ਵਿਹਾਰਕ ਅਨੰਦ ਬਹੁਤ ਹੀ ਆ ਮਿਲੇ ਹਨ। ਗੁਰੂ ਜੀ ਪੂਰੇ ਹਨ ਅਤੇ ਓਨਾਂ ਦੀ ਬਾਣੀ ਵੀ ਪੂਰੀ ਭਾਵ ਸੱਚੀ ਹੈ ਅਤੇ ਕਿਰਪਾਲਤਾ ਆਦਕ ਅਨੇਕਾਂ ਹੀ ਓਨਾਂ ਦੇ ਵਿਚ ਗੁਣ ਹਨ ਜੋ ਗਿਣੇ ਨਹੀਂ ਜਾਂਦੇ ਹਨ ॥

ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥
ਭਏ ਮਨੋਰਥ ਸੋ ਪ੍ਰਭੁ ਜਾਪੇ ॥ ੨ ॥

ਸਾਡੇ ਸੁਖ ਦੇ ਉਪਾ ਭਾਵ ਸਾਧਨ ਮਾਲਕ ਨੇ ਆਪੇ ਹੀ ਸਾਰੇ ਕਰ ਦਿਤੇ ਹਨ ਭਾਵ ਸਾਨੂੰ ਬਹੁਤ ਸੁਖ ਦਿਤੇ ਹਨ ॥ ਅਸਾਂ ਮਾਲਕ ਦਾ ਨਾਮ ਜਪਿਆ ਹੈ ਇਸ ਲਈ ਸਾਰੇ ਹੀ ਮਨੋਰਥ ਪੂਰੇ ਹੋ ਗਏ ਹਨ ॥

ਅਰਥ ਧਰਮ ਕਾਮ ਮੋਖ ਕਾ ਦਾਤਾ ॥
ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥ ੩ ॥

ਜੇਹੜਾ ਗੁਰੂ ਧਰਮ, ਅਰਥ, ਕਾਮ, ਮੋਖ ਚਹੁੰਆਂ ਫਲਾਂ ਦਾ ਦਾਤਾ ਹੈ ॥ ਉਸ ਫੈਸਲਾ ਕਰਨ ਵਾਲੇ ਮਾਲਕ ਨੂੰ ਯਾਦ ਕਰਕੇ ਸਾਡੀ ਸਾਰੀ ਗੱਲ ਜਾਂ ਉਮਰ ਜਾਂ ਸੇਵਾ ਪੂਰੀ ਭਾਵ ਸਫਲ ਹੋ ਗਈ ਹੈ ਜਾਂ ਹਰ ਤਰਾਂ ਕਰਕੇ ਸਾਡੀ ਪੂਰੀ ਪੈ ਗਈ ਹੈ ॥

ਸਾਧਸੰਗਿ ਨਾਨਕਿ ਰੰਗੁ ਮਾਣਿਆ ॥
ਘਰ ਆਇਆ ਪੂਰੇ ਗੁਰਿ ਆਣਿਆ ॥ ੪ ॥ ੨ ॥ ੧੭ ॥

Digitized by Panjab Digital Library | www.panjabdigilib.org

ਗੁਰੂ ਜੀ, ਸਾਧ ਸੰਗਤ ਵਿਚ ਮਿਲਕੇ ਨਾਮ ਦਾ ਅਨੰਦ ਪਾਲਿਆ ਹੈ ਏਸੇ ਲਈ ਪੂਰਿਆਂ ਗੁਰਾਂ ਦੇ ਉਪਦੇਸ਼ ਦਾ ਲਿਆਂਦਾ ਹੋਇਆ ਮਨ ਆਪਣੇ ਘਰ ਵਿਚ ਆ ਗਿਆ ਹੈ ॥

(ਗੁਰਮੁਖ–ਮਨਮੁਖ)

## ਬਿਲਾਵਲੁ ਮਹਲਾ ੫

ਸ੍ਰਬ ਨਿਧਾਨ ਪੂਰਨ ਗੁਰਦੇਵ ॥ ੧ ॥ ਰਹਾਉ ॥
ਹਰਿ ਹਰਿ ਨਾਮੁ ਜਪਤ ਨਰ ਜੀਵੇ ॥
ਮਰਿ ਖੁਆਰੁ ਸਾਕਤ ਨਰ ਥੀਵੇ ॥ ੧ ॥

ਪੂਰੇ ਗੁਰੂ ਸਾਰਿਆਂ ਖਜ਼ਾਨਿਆਂ ਦੇ ਮਾਲਕ ਹਨ ॥ ਅਜੇਹੇ ਗੁਰੂ ਨੂੰ ਮਿਲਕੇ ਜੇਹੜੇ ਮਾਲਕ ਦਾ ਨਾਮ ਜਪਦੇ ਹਨ ਓਹ ਗੁਰਮੁਖ ਸੰਸਾਰ ਵਿਚ ਜੀਉਂਦੇ ਹਨ ॥
ਅਤੇ ਜੇਹੜੇ ਮਨਮੁਖ ਸਾਕਤ ਆਦਮੀ ਹਨ ਓਹ ਨਾਮ ਤੋਂ ਬਿਨਾ ਖੁਆਰ ਹੋਕੇ ਮਰਦੇ ਹਨ ॥

ਰਾਮ ਨਾਮੁ ਹੋਆ ਰਖਵਾਰਾ ॥
ਝਖ ਮਾਰਉ ਸਾਕਤੁ ਵੇਚਾਰਾ ॥ ੨ ॥

ਗੁਰਮੁਖਾਂ ਦਾ ਰਾਖਾ ਮਾਲਕ ਦਾ ਨਾਮ ਹੁੰਦਾ ਹੈ ॥ ਜੇਹੜਾ ਸਾਕਤ ਨਾਮ ਤੋਂ ਬਿਨਾ ਹੈ ਓਹ ਵਿਚਾਰਾ ਭਾਵੇਂ ਕਿਡਾ ਹੀ ਝਖ ਮਰਦਾ ਹੈ ਪਰ ਉਸਦਾ ਵੱਸ ਕੁਛ ਨਹੀਂ ਚੱਲਦਾ ਹੈ ॥

ਨਿੰਦਾ ਕਰਿ ਕਰਿ ਪਚਹਿ ਘਨੇਰੇ ॥
ਮਿਰਤਕ ਫਾਸ ਗਲੈ ਸਿਰਿ ਪੈਰੇ ॥ ੩ ॥

ਅਜੇਹੇ ਬਹੁਤ ਸਾਰੇ ਆਦਮੀ ਹਨ ਜੇਹੜੇ ਸੰਤਾਂ ਦੀ ਨਿੰਦਿਆ ਕਰਕੇ ਅੱਗ ਵਿਚ ਸੜ ਸੜ ਕੇ ਮਰਦੇ ਹਨ ॥ ਓਨਾਂ ਮੁਰਦਿਆਂ ਦੇ ਗਲ ਵਿਚ ਜਮ ਫਾਹੀ ਪਾਂਦੇ ਹਨ ਅਤੇ ਸਿਰ ਪੈਰ ਵਿਚ ਡੰਡਾ ਮਾਰਦੇ ਹਨ ਜਾਂ ਸਿਰ ਪੈਰ ਗਲ ਵਿਚ ਫਾਹੀ ਪਾਂਦੇ ਹਨ ॥

ਕਹੁ ਨਾਨਕ ਜਪਹਿ ਜਨ ਨਾਮ ॥
ਤਾਕੇ ਨਿਕਟਿ ਨ ਆਵੈ ਜਾਮ ॥੪॥ ੧੩ ॥ ੧੯ ॥

ਗੁਰੂ ਜੀ, ਜੇਹੜੇ ਆਦਮੀ ਨਾਮ ਜਪਦੇ ਹਨ ਓਨਾਂ ਦੇ ਨੇੜੇ ਜਮ ਨਹੀਂ

Digitized by Panjab Digital Library | www.panjabdigilib.org

ਆਉਂਦਾ ਹੈ ॥

(ਗੁਰ ਸਿਖ ਪ੍ਰਸ਼ਨੋਤ੍ਰੀ)

## ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ

ੴ ਸਤਿਗੁਰਪ੍ਰਸਾਦਿ ॥

**ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥**
**ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥ ੧ ॥**

ਹੇ ਗੁਰੂ ਜੀ ਮੈਂ ਮਾਲਕ ਨੂੰ ਕੇਹੜੇ ਸੰਜੋਗ (ਭਾਵ ਮਿਲਾਪ ਜਾਂ ਚੰਗਿਆਂ ਕਰਮਾਂ) ਦੇ ਕਰਨ ਨਾਲ ਮਿਲਾਂ ॥ ਹੇ ਸਿਖ ਪਲ ੨ ਨਿਮਖ ੨ ਸਦਾ ਜਾਪ ਕਰਨ ਨਾਲ ਮਾਲਕ ਨੂੰ ਮਿਲੇਂਗਾ ॥

**ਚਰਨ ਕਮਲ ਪ੍ਰਭ ਕੇ ਨਿਤ ਧਿਆਵਹੁ ॥**
**ਕਵਨ ਸੁਮਤਿ ਜਿਤੁ ਪ੍ਰੀਤਮੁ ਪਾਵਉ ॥ ੧ ॥ ਰਹਾਉ ॥**

ਓਹ ਕੇਹੜੀ ਅਕਲ ਹੈ ਜਿਸ ਕਰਕੇ ਮੈਂ ਆਪਣੇ ਪਿਆਰੇ ਨੂੰ ਪਾਵਾਂ ? ਜਦੋਂ ਮਾਲਕ ਦੇ ਚਰਨਾਂ ਕਮਲਾਂ ਨੂੰ ਰੋਜ ਹੀ ਧਿਆਵਣਾ ਕਰੋਗੇ ਤਾਂ ਉਸ ਨੂੰ ਪਾ ਲਓਗੇ ॥

**ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥**
**ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥ ੨ ॥ ੧ ॥ ੧੯ ॥**

ਗੁਰੂ ਜੀ, ਹੇ ਮਾਲਕ ਮੇਰੇ ਉਤੇ ਇਕੁਰ ਦੀ ਕਿਰਪਾ ਕਰੋ ॥ ਜੋ ਮਾਲਕ ਦਾ ਨਾਮ ਮੈਥੋਂ ਕਦੀ ਵੀ ਨ ਭੁਲੇ ਭਾਵ ਕਿਸੇ ਵੇਲੇ ਵੀ ਨ ਵਿਸਰੇ ॥

## ਬਿਲਾਵਲੁ ਮਹਲਾ ੫

**ਚਰਨ ਕਮਲ ਪ੍ਰਭ ਹਿਰਦੈ ਧਿਆਏ ॥**
**ਰੋਗ ਗਏ ਸਗਲੇ ਸੁਖ ਪਾਏ ॥ ੧ ॥**

ਜਦੋਂ ਮਾਲਕ ਦੇ ਚਰਨ ਕਮਲ ਰਿਦੇ ਵਿਚ ਯਾਦ ਕੀਤੇ ॥ ਤਦੋਂ ਤਨ ਮਨ ਦੇ ਸਾਰੇ ਰੋਗ ਦੂਰ ਹੋ ਗਏ ਅਤੇ ਸਾਰੇ ਸੁਖ ਪਾ ਲਏ ॥

**ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥**

Digitized by Panjab Digital Library | www.panjabdigilib.org

ਸਫਲ ਜਨਮੁ ਜੀਵਨ ਪਰਵਾਨੁ ॥੧॥ਰਹਾਉ॥

ਗੁਰਾਂ ਨੇ ਮੈਨੂੰ ਨਾਮ ਦਾ ਦਾਨ ਦਿਤਾ ਹੈ ਅਤੇ ਮੇਰੇ ਮਨ ਵਿਚੋਂ ਜਨਮ ਦਾ ਦੁਖ ਕੱਟ ਦਿਤਾ ਹੈ ਏਸੇ ਲਈ ਮੇਰਾ ਜਨਮ ਸਫਲ ਹੋਇਆ ਹੈ ਅਤੇ ਜੀਵਣਾ ਵੀ ਲੇਖੇ ਲੱਗਾ ਹੈ ॥

ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥

ਕਹੁ ਨਾਨਕ ਜਪਿ ਜੀਵੇ ਗਿਆਨੀ ॥੨। ੨॥੨੦॥

ਹੇ ਮਾਲਕ ਤੇਰੀ ਜੇਹੜੀ ਅਕੱਥ ਕਥਾ ਹੈ ਅਤੇ ਅੰਮ੍ਰਿਤ ਵਰਗੀ ਮਿੱਠੀ ਬਾਣੀ ਹੈ ॥ ਗੁਰੂ ਜੀ ਆਖਦੇ ਹਨ ਉਸਨੂੰ ਜਪਕੇ ਭਾਵ ਕਥਨ ਕਰਕੇ ਗਿਆਨੀ ਆਦਮੀ ਜੀਉਂਦੇ ਹਨ ॥

ਬਿਲਾਵਲੁ ਮਹਲਾ ੫

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥

ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥

ਪੂਰਿਆਂ ਗੁਰਾਂ ਨੇ ਸਾਡੇ ਦਿਲ ਵਿਚ ਸ਼ਾਂਤੀ ਪਾਈ ਹੈ ॥ ਜਿਸ ਕਰਕੇ ਸੁਖ ਪੈਦਾ ਹੋਏ ਹਨ ਅਤੇ ਲਗਾਤਾਰ ਅਨੰਦ ਦੇ ਵਾਜੇ ਵੱਜਦੇ ਹਨ ॥

ਤਾਪ ਪਾਪ ਸੰਤਾਪ ਬਿਨਾਸੇ ॥

ਹਰਿ ਸਿਮਰਤਿ ਕਿਲਵਿਖ ਸਭਿ ਨਾਸੇ ॥੧॥

ਸਰੀਰ ਦੇ ਤਾਪ ਮਨ ਦੇ ਸੰਤਾਪ=ਚੰਗੀਤਰਾਂ ਤਪਾਉਣ ਵਾਲੇ ਖਿਆਲ ਅਤੇ ਪਾਪ ਸਾਰੇ ਨਾਸ ਹੋ ਗਏ ਹਨ। ਨਾਮ ਸਿਮਰਦਿਆਂ ਹੋਇਆਂ ਸਾਰੇ ਵੱਡੇ ੨ ਪਾਪ ਨਸ ਗਏ ਹਨ ॥

ਅਨਦ ਕਰਹੁ ਮਿਲਿ ਸੁੰਦਰ ਨਾਰੀ ॥

ਗੁਰਿ ਨਾਨਕ ਮੇਰੀ ਪੈਜ ਸਵਾਰੀ ॥੨॥੩॥੩੧॥

ਮੈਂ ਸੁੰਦਰ ਇਸਤ੍ਰੀ ਸੰਤਾਂ ਨਾਲ ਮਿਲਕੇ ਅਨੰਦ ਕਰਦੀ ਹਾਂ। ਗੁਰੂ ਨਾਨਕ ਜੀ ਨੇ ਮੇਰੀ ਇਜ਼ਤ ਸਵਾਰ ਰੱਖੀ ਹੈ ॥

ਜੀਆਂ ਦੇ ਔਗੁਣ ਤੇ ਬੇਨਤੀ

ਬਿਲਾਵਲੁ ਮਹਲਾ ੫

ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨ ਬਾਧਿਆ ਅਤਿ ਬਿਕਰਾਲ ॥

Digitized by Panjab Digital Library | www.panjabdigilib.org

**ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥੧॥**

ਇਹ ਆਦਮੀ ਮਮਤਾ ਤੇ ਮੋਹ ਦੇ ਵੱਸ ਹੋਇਆ ੨ ਅਤੇ ਛਲ ਤੇ ਹੰਕਾਰ ਆਦਿਕ ਵਿਕਾਰਾਂ ਵਿਚ ਮਸਤ ਹੋਇਆ ੨ ਬਹੁਤ ਹੀ ਭਿਆਨਕ ਭਰਮ ਰੂਪ ਬੰਧਨਾਂ ਕਰਕੇ ਬੰਨਿਆਂ ਹੋਇਆ ਹੈ ॥ ਦਿਨ ਦਿਨ ਦਾ ਸਮਾਂ ਬੀਤਦਿਆਂ ਹੋਇਆਂ ਇਸ ਆਦਮੀ ਦੀ ਵਿਕਾਰ ਕਰਦਿਆਂ ਉਮਰ ਘਟ ਦੀ ਜਾਂਦੀ ਹੈ ਅਤੇ ਵਾਸ਼ਨਾ ਦੀ ਫਾਹੀ ਵਿਚ ਫਸਿਆ ਹੋਇਆ ਜਮਾਂ ਦੇ ਜਾਲ ਵਿਚ ਪੈਂਦਾ ਹੈ॥

**ਤੇਰੀ ਸਰਣਿ ਪ੍ਰਭ ਦੀਨ ਦਇਆਲਾ॥ ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ ॥ ੧ ॥ ਰਹਾਉ॥**

ਸਾਗਰ=ਸਮੁੰਦਰ । ਰਵਾਲ=ਧੂੜ ॥

ਹੇ ਦੀਨ ਦਿਆਲ ਮਾਲਕ ਤੇਰੀ ਸ਼ਰਨ ਆਇਆ ਹੈ ਜੇਹੜਾ ਸੰਸਾਰ ਸਮੁੰਦਰ ਤਰਨਾ ਬਹੁਤ ਹੀ ਔਖਾ ਹੈ ਤੁਸਾਂ ਸਾਧ ਸੰਗਤ ਦੀ ਚਰਨ ਧੂੜ ਦੇਕੇ ਇਸਤੋਂ ਤਾਰ ਲਿਆ ਹੈ ॥

**ਪ੍ਰਭ ਸੁਖਦਾਤੇ ਸਮਰਥ ਸੁਆਮੀ ਜੀਉ ਪਿੰਡੁ ਸਭੁ ਤੁਮਰਾ ਮਾਲੁ ॥ ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ । ੨ ॥ ੪ ॥ ੨੨ ॥**

ਹੇ ਸੁਖ ਦਾਤੇ ਸਾਰਿਆਂ ਦੇ ਮਾਲਕ ਇਹ ਜੀਅ ਤੇ ਸਰੀਰ ਹੋਰ ਮਾਲ ਧਨ ਸਭ ਕੁਛ ਆਪ ਦਾ ਹੀ ਦਿਤਾ ਹੋਇਆ ਹੈ ॥ ਗੁਰੂ ਜੀ, ਹੇ ਮਾਲਕ ਸਦਾ ਕਿਰਪਾਲੂ ਸਾਡੇ ਭਰਮ ਦੇ ਬੰਧਨ ਕਟੋ ਭਾਵ ਭਰਮ ਨੂੰ ਪੈਦਾ ਹੋਏ ੨ ਨੂੰ ।

{ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਤਾਪ ਲੱਥ ਗਿਆ ਤਾਂ ਗੁਰੂ ਜੀ ਸ਼ਬਦ ਉਚਰਿਆ ॥ ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਜੀ ਦੀ ਦਿਆਲਤਾ ਤੇ ਆਪਣੇ ਉਤੇ ਖੁਸ਼ੀ ਦੱਸੀ ਹੈ ਇੱਕੁਰ ਦੇ ਸ਼ਬਦ ਹੋਰ ਵੀ ਸੋਰਠ ਆਦਕ ਰਾਗਾਂ ਵਿਚ ਹਨ ਅਤੇ ਏਥੇ ਬਿਲਾਵਲ ਵਿਚ ਵੀ ਹਨ ਸੋ ਓਨਾਂ ਸ਼ਬਦਾਂ ਵਿਚੋਂ ਇਹ ਵੀ ਇਕ ਸ਼ਬਦ ਇਸ ਪ੍ਰਥਾਇ ਹੈ ॥ }

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੫

**ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮਾਰਿਆ ॥**
**ਸਾਧਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥ ੧ ॥**

ਮਾਲਕ ਨੇ ਹਰ ਤਰਾਂ ਨਾਲ ਸਾਨੂੰ ਅਨੰਦ ਦੇਣਾ ਕੀਤਾ ਹੈ ਉਸ ਨੇ ਆਪਣੇ ਭਗਤਾਂ ਦਾ ਪਿਆਰਾ ਧਰਮ ਸੰਭਾਲਿਆ ਹੈ ਭਾਵ ਭਗਤਾਂ ਦੀ ਰਖਿਆ ਕਰਨ ਵਾਲਾ ॥ ਜੇਹੜੇ ਬਾਬਾ ਬੁਢਾ ਜੀ ਆਦਕ ਸੰਤ ਹਨ ਸੋ ਓਹ ਦਿਆਲੂ ਹੋਏ ਹਨ ਇਸ ਕਰਕੇ ਸਾਰੇ ਪਰਵਾਰ ਦੇ ਲੋਕ ਖੁਸ਼ੀ ਹੋਏ ਹਨ ॥

**ਕਾਰਜੁ ਸਤਿਗੁਰਿ ਆਪਿ ਸਵਾਰਿਆ ॥ ਵਡੀ ਆਰਜਾ ਹਰਿਗੋਬਿਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥ ੧ ॥ ਰਹਾਉ ॥**

ਗੁਰੂ ਨਾਨਕ ਦੇਵ ਜੀ ਨੇ ਸਾਡਾ ਸਾਰਾ ਕਾਰਜ ਆਪ ਸਵਾਰਿਆ ਹੈ ਜਿਨਾਂ ਗੁਰਾਂ ਨੇ ਕਿਰਪਾ ਕਰਕੇ ਹਰ ਗੋਬਿੰਦ ਦੀ ਵਡੀ ਉਮਰ ਕੀਤੀ ਹੈ ਸੋ ਸਾਰਿਆਂ ਸੁਖਾਂ ਮੰਗਲਾਂ ਦਾ ਦੇਣ ਵਾਲਾ ਸੁਖਦਾਈ ਨਾਮ ਅਸਾਂ ਵਿਚਾਰਿਆ ਹੈ ॥

**ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥**
**ਮਨਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥ ੨ ॥ ੫ ॥ ੨੩ ॥**

ਬਣ ਤ੍ਰਿਣ ਸਾਰੇ ਜਗਤ ਵਿਚ ਭਾਵ ਸਿਖ ਸੇਵਕ ਵੱਡੇ ਛੋਟੇ ਸਾਰੇ ਆਦਮੀ ਹਰੇ ਭਾਵ ਅਨੰਦ ਵਾਲੇ ਹੋ ਗਏ ਹਨ ਅਤੇ ਓਨਾਂ ਦਾ ਮਨ ਆਸਰੇ ਵਾਲਾ ਹੋਇਆ ਹੈ । ਗੁਰੂ ਜੀ, ਮਨ ਭਾਂਦੇ ਸਾਰੇ ਫਲ ਪਾ ਲਏ ਹਨ ਪੂਰੇ ਮਾਲਕ ਨੇ ਸਾਡੀ ਇਛਿਆ ਨੂੰ ਪੂਰਿਆਂ ਕੀਤਾ ਹੈ ॥

## ਬਿਲਾਵਲੁ ਮਹਲਾ ੫

**ਜਿਸੁ ਊਪਰਿ ਹੋਵਤ ਦਇਆਲੁ ॥**
**ਹਰਿ ਸਿਮਰਤ ਕਾਟੈ ਸੋ ਕਾਲੁ ॥ ੧ ॥ ਰਹਾਉ ॥**

ਜਿਸ ਦੇ ਉਤੇ ਮਾਲਕ ਦਿਆਲ ਹੁੰਦਾ ਹੈ ॥ ਓਹ ਮਾਲਕ ਨੂੰ ਯਾਦ ਕਰਦਾ ਹੋਇਆ ਸਮਾਂ ਬਤੀਤ ਕਰਦਾ ਹੈ ਜਾਂ ਜਨਮ ਮਰਨ ਨੂੰ ਦੂਰ ਕਰ ਦੇਂਦਾ ਹੈ ॥

**ਸਾਧਸੰਗਿ ਭਜੀਐ ਗੋਪਾਲੁ ॥ ਗੁਨ ਗਾਵਤ ਤੂਟੈ ਜਮਜਾਲੁ ॥ ੧ ॥**

Digitized by Panjab Digital Library | www.panjabdigilib.org

ਆਪੇ ਸਤਿਗੁਰੁ ਆਪੇ ਪ੍ਰਤਿਪਾਲ ॥ਨਾਨਕੁ ਜਾਚੈ ਸਾਧਰਵਾਲ ॥ ੨ ॥ ੬ ॥ ੨੪ ॥

ਸਾਧਸੰਗਤ ਕਰਕੇ ਦੁਨੀਆਂ ਪਾਲਕ ਦਾ ਨਾਮ ਜਪੀਏ ॥ ਉਸਦੇ ਗੁਣ ਗਾਂਦਿਆਂ ਹੋਇਆਂ ਜਮ ਦੇ ਫਾਹ ਟੁਟ ਜਾਂਦੇ ਹਨ ॥ ਗੁਰੂ ਆਪੇ ਹੀ ਮਾਲਕ ਰੂਪ ਹੋਕੇ ਜੀਆਂ ਦੀ ਪਾਲਣਾ ਕਰਦਾ ਹੈ ॥ ਗੁਰੂ ਜੀ, ਅਸੀਂ ਸੰਤਾਂ ਦੇ ਚਰਨਾਂ ਦੀ ਧੂੜੀ ਮੰਗਦੇ ਹਾਂ ॥

(ਅਪਣੇ ਮਨ ਪ੍ਰਥਾਇ)

ਬਿਲਾਵਲੁ ਮਹਲਾ ਪ

ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥
ਅਨਦਿਨੁ ਕੀਰਤਨੁ ਹਰਿਗੁਣ ਗਾਮ ॥ ੧ ॥

ਹੇ ਭਾਈ ਅਪਣੇ ਦਿਲ ਵਿਚ ਨਾਮ ਨੂੰ ਸਿੰਜੋ ਭਾਵ ਨਾਮ ਪਾਣੀ ਮਨ ਖੇਤੀ ਨੂੰ ਦਿਓ ॥ ਦਿਨੇ ਰਾਤ ਮਾਲਕ ਦੇ ਗੁਣਾਂ ਦਾ ਕੀਰਤਨ ਗਾਓ ਇਹ, ਮਨ ਨੂੰ ਤਰਾਵਤ ਆਵੇਗੀ ॥

ਐਸੀ ਪ੍ਰੀਤਿ ਕਰਹੁ ਮਨ ਮੇਰੇ ॥
ਆਠ ਪਹਰ ਪ੍ਰਭ ਜਾਨਹੁ ਨੇਰੇ ॥ ੧ ॥ ਰਹਾਉ ॥

ਹੇ ਮੇਰੇ ਮਨ ਮਾਲਕ ਦੇ ਚਰਨਾਂ ਨਾਲ ਇੱਕਰ ਦੀ ਪ੍ਰੀਤੀ ਕਰੋ ॥ ਕਿ ਮਾਲਕ ਨੂੰ ਅਠੇ ਪਹਿਰ ਨੇੜੇ ਜਾਣੋ ॥

ਕਹੁ ਨਾਨਕ ਜਾਕੇ ਨਿਰਮਲ ਭਾਗ ॥
ਹਰਿਚਰਨੀ ਤਾਕਾ ਮਨੁ ਲਾਗ ॥ ੨ ॥ ੭ ॥ ੨੫ ॥

ਗੁਰੂ ਜੀ, ਜਿਨਾਂ ਆਦਮੀਆਂ ਦੇ ਚੰਗੇ ਭਾਗ ਹਨ ॥ ਓਨਾਂ ਦਾ ਮਨ ਮਾਲਕ ਦੇ ਚਰਨਾਂ ਕਮਲਾਂ ਨਾਲ ਲਗਦਾ ਹੈ ॥

ਬਿਲਾਵਲੁ ਮਹਲਾ ਪ

ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥
ਨੀਦ ਪਈ ਸੁਖ ਸਹਜ ਘਰੁ ਆਇਆ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਤਾਪ ਰੋਗ ਚਲਿਆ ਗਿਆ ਹੈ ਮਾਲਕ ਨੇ ਆਪ ਹੀ ਦੂਰ ਕੀਤਾ ਹੈ ਹੁਣ ਵਡਾ ਸੁਖ ਦਿਲ ਵਿਚ ਆਯਾ ਹੈ ਏਸੇਲਈ ਨੀਂਦ ਚੰਗੀ ਆ ਪਈ ਭਾਵ ਸ਼ਾਂਤੀ ਆਈ ਹੈ ॥

ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥
ਅੰਮ੍ਰਿਤਨਾਮੁ ਰਿਦ ਮਾਹਿ ਧਿਆਈ ॥ ੧ ॥

ਹੇ ਮੇਰੇ ਭਰਾਓ ਹੁਣ ਰੱਜ ੨ ਕੇ ਭੋਜਨ ਖਾਓ। ਦਿਲ ਵਿਚ ਨਾਮ ਅਮ੍ਰਿਤ ਨੂੰ ਯਾਦ ਕਰਨ ਵਾਲੇ ਹੋ ਜਾਓ ॥

ਨਾਨਕ ਗੁਰਪੂਰੇ ਸਰਨਾਈ ॥
ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥ ੨ ॥ ੮ ॥ ੨੬ ॥

ਗੁਰੂ ਜੀ, ਮੈਂ ਅਜੇਹੇ ਗੁਰੂ ਪੂਰੇ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਹਾਂ ॥
ਜਿਨਾਂ ਨੇ ਆਪਣੇ ਨਾਮ ਦੀ ਆਪ ਇਜ਼ਤ ਰਖੀ ਹੈ ॥

{ ਪ੍ਰਿਥੀ ਚੰਦ ਦਾ ਪ੍ਰੇਰਿਆ ਹੋਇਆ ਸੁਲਹੀ ਆਇਆ ਬਾਬੇ ਬੁਢੇ ਜੀ ਦਾ ਬਚਨ ਸਚਾ ਹੋਇਆ ਸ੍ਰੀ ਗੁਰੂ ਜੀ ਵਡਾਲੀ ਪਿੰਡ ਜਾ ਰਹੇ ਤਿੰਨ ਵਰੇ ਗੁਜਾਰਕੇ ਫੇਰ ਅਮ੍ਰਿਤਸਰ ਆਏ ਉਸ ਵੇਲੇ ਸ਼ਬਦ ਉਚਾਰਿਆ ॥ }

## ਬਿਲਾਵਲੁ ਮਹਲਾ ੫

ਸਤਿਗੁਰ ਕਰਿਦੀਨੇ ਅਸਥਿਰ ਘਰਬਾਰ ॥ ੧ ॥ ਰਹਾਉ ॥
ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ ॥ ੧ ॥ ਨਾਨਕ ਦਾਸ ਤਾਕੀ ਸਰਣਾਈ ਜਾਕੋ ਸਬਦੁ ਅਖੰਡ ਅਪਾਰ ॥ ੨ ॥ ੯ ॥ ੨੭ ॥

ਹੁਣ ਗੁਰੂ ਨੇ ਸ਼ਾਡੇ ਘਰ ਦਰਵਾਜੇ ਟਿਕਾ ਦਿਤੇ ਹਨ ਭਾਵ ਸਾਨੂੰ ਘਰਾਂ ਵਿਚ ਬਹਾ ਦਿਤਾ ਹੈ ਜੇਹੜਾ ਕੋਈ ਆਦਮੀ ਹੁਣ ਇਨਾਂ ਘਰਾਂ ਦੀ ਨਿੰਦਿਆ ਕਰੇਗਾ ਉਸਨੂੰ ਅਗੋਂ ਹੀ ਪ੍ਰਮੇਸ਼ਰ ਮਾਰ ਦੇਵੇ ਗਾ ॥
ਗੁਰੂ ਜੀ, ਮੈਂ ਦਾਸ ਨੇ ਉਸ ਪ੍ਰਮੇਸ਼ਰ ਦੀ ਸ਼ਰਨ ਲਈ ਹੈ ਜਿਸ ਵਡੇ ਮਾਲਕ ਦਾ ਸ਼ਬਦ=ਹੁਕਮ ਸਦਾ ਹੀ ਅਖੰਡ=ਲਗਾਤਾਰ ਭਾਵ ਨ ਹਟਣ ਵਾਲਾ ਹੈ ਓਹੋ ਹੀ ਮਾਲਕ ਸ਼ਾਡਾ ਰਾਖਾ ਹੈ

Digitized by Panjab Digital Library | www.panjabdigilib.org

{ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦਾ ਤਾਪ ਉਤਰ ਗਿਆ ਤੇ ਸ਼ਬਦ ਉਚਾਰਿਆ }

## ਬਿਲਾਵਲੁ ਮਹਲਾ ੫

ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥ ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ ੧ ॥ ਰਹਾਉ ॥
ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥
ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਧ ਜੋਗ ॥ ੧ ॥
ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥
ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥੨॥੧੦॥

ਗੁਰੂ ਹਰਿ ਗੋਬਿੰਦ ਸਾਹਿਬ ਦੇ ਸਰੀਰ ਨੂੰ ਤਾਪ ਹੋਣ ਕਰਕੇ ਜੋ ਸਿਖਾਂ ਦੇ ਮਨ ਨੂੰ ਸੰਤਾਪ ਸੀ ਓਹ ਸਾਰੇ ਹੀ ਦੂਰ ਹੋ ਗਏ ਹਨ ਅਤੇ ਤਾਪ ਹੋਣ ਕਰਕੇ ਜਿਤਨੇ ਹੋਰ ਸੀਤਲਾ ਆਦਿਕ ਰੋਗ ਹੋਣੇ ਸੀ ਓਹ ਵੀ ਸਾਰੇ ਨਾਸ ਹੋ ਗਏ ਹਨ ॥ ਹੇ ਦਇਆ ਮਾਲਕ ਨੇ ਤੈਨੂੰ ਬਖਸ਼ ਦਿਤਾ ਹੈ ਹੁਣ ਤੂੰ ਬਾਬੇ ਬੁਢੇ ਵਰਗੇ ਸੰਤਾਂ ਨਾਲ ਮਿਲਕੇ ਨਾਮ ਰਸ ਨੂੰ ਭੋਗ ਭਾਵ ਜਪ ॥
ਤੇਰਾ ਸਰੀਰ ਤੇ ਮਨ ਅਰੋਗ ਹੋਗਿਆ ਹੈ ਹੁਣ ਜੇਹੜੀ ਤੇਰੀ ਮੰਡਲੀ ਸਿਖਾਂ ਸੰਗਤਾਂ ਦੀ ਹੈ ਓਨਾਂ ਸਾਰਿਆਂ ਦੇ ਮਨਾ ਵਿਚ ਸਾਰੇ ਸੁਖਾਂ ਦੇ ਅਕੱਠ ਆ ਗਏ ਹਨ ਭਾਵ ਸਾਰਿਆਂ ਦੇ ਮਨ ਸੁਖੀ ਹੋਏ ਹਨ ॥ ਹੁਣ ਰੋਜ ਹੀ ਮਾਲਕ ਦੇ ਗੁਣ ਗਾਓ ਇਹ ਨਾਮ ਰੂਪ ਦਵਾਈ ਸਦਾ ਹੀ ਆਪ ਦੇ ਜੋਗ ਹੈ ॥ ਹੁਣ ਬਾਹਰ ਵਡਾਲੀ ਤੋਂ ਆਕੇ ਅਪਣੇ ਘਰ ਸ੍ਰੀ ਅਮ੍ਰਿਤਸਰ ਸੁੰਦਰ ਸ਼ਹਿਰ ਵਿਚ ਆ ਵਸੋ ਪ੍ਰਮੇਸਰ ਨੇ ਏਥੇ ਵਸਣ ਦਾ ਇਹ ਬੜਾ ਚੰਗਾ ਸੰਜੋਗ ਬਣਾ ਦਿਤਾ ਹੈ ॥
ਗੁਰੂ ਜੀ, ਮਾਲਕ ਪ੍ਰਸੰਨ ਹੋਇਆ ਹੈ ਇਸ ਲਈ ਸਾਰੇ ਵਿਛੋੜੇ ਆਦਿਕ ਦੁਖ ਦੂਰ ਹੋ ਗਏ ਹਨ ॥

(ਮਾਇਆ ਹੈ)

## ਬਿਲਾਵਲੁ ਮਹਲਾ ੫

ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥
ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ ॥੧॥ਰਹਾਉ॥

Digitized by Panjab Digital Library | www.panjabdigilib.org

ਇਹ ਬੰਨਣ ਪੌਣਵਾਲੀ ਮਾਇਆ ਕਿਸੇ ਦੇ ਨਾਲ ਵੀ ਨਹੀਂ ਚਲਦੀ ਹੈ ॥ ਵਡੇ ੨ ਚੱਕਰ ਵਰਤੀ ਰਾਜੇ ਵੀ ਇਸ ਸੰਸਾਰ ਤੋਂ ਖਾਲੀ ਉਠਕੇ ਚਲੇ ਗਏ ਹਨ ਇਹ ਸਾਰੀ ਗੱਲ ਸੰਤਾਂ ਦੇ ਧਿਆਨ ਵਿਚ ਹੈ ਹੋਰ ਕੋਈ ਨਹੀਂ ਜਾਣਦਾ ਹੈ ॥

**ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲਿ॥**
**ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥ ੧ ॥**

ਹੰਕਾਰ ਵਾਲੀ ਅਕਲ ਵਲੇ ਦਾ ਨਾਸ ਹੁੰਦਾ ਹੈ ਇਹ ਮੁਢ ਦੀ ਮਰਜਾਦਾ ਚਲੀ ਆਈ ਹੈ ॥ ਓਹ ਵਿਸ਼ਿਆਂ ਵਿਚ ਭਿਆਨਕ ਹੋਏ ਹੋਏ ਬਹੁਤ ਜੂਨੀਆਂ ਵਿਚ ਜੰਮਦੇ ਮਰਦੇ ਰਹਿੰਦੇ ਹਨ ।

**ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥ ਸਿਮਰਿ ਸਿਮਰਿ ਨਾਨਕ ਤਰੇ ਹਰਿਕੇ ਰੰਗ ਲਾਲ ॥੨॥੧੧॥੨੯॥**

ਮੌਤ ਨੂੰ ਚੇਤੇ ਰੱਖਕੇ ਸੰਤ ਸੱਚੇਬਚਨ ਆਖਦੇ ਹਨ ਅਤੇ ਰੋਜ ਹੀ ਪ੍ਰਮੇਸਰ ਦੇ ਨਾਮ ਨੂੰ ਜਪਦੇ ਰਹਿੰਦੇ ਹਨ ॥ ਗੁਰੂ ਜੀ, ਸੰਤ ਮਾਲਕ ਦੇ ਨਾਮ ਨੂੰ ਯਾਦ ਕਰਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ ਅਤੇ ਪ੍ਰੇਮ ਨਾਲ ਲਾਲ ਹੋ ਗਏ ਹਨ ।

(ਅਪਣੇ ਉਤੇ ਮਾਲਕ ਦੇ ਉਪਕਾਰ)

## ਬਿਲਾਵਲੁ ਮਹਲਾ ੫

**ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥**
**ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥੧॥ ਰਹਾਉ॥**

ਸ਼ਾਂਤੀ ਵਿਚ ਸਮਾਧੀ ਲੱਗਣ ਨਾਲ ਅਨੰਦ ਹੋਇਆ ਹੈ ਏਹੋ ਹੀ ਪੂਰਿਆਂ ਗੁਰਾਂ ਨੇ ਵਡਾ ਸੁਖ ਸਾਨੂੰ ਦਿੱਤਾ ਹੈ ॥ ਜੇਹੜਾ ਮਾਲਕ ਸਦਾ ਹੀ ਸਹਾਈ ਅੰਗ ਸੰਗ ਹੈ ਉਸਦੇ ਅਮ੍ਰਿਤ ਵਰਗਿਆਂ ਗੁਣਾਂ ਨੂੰ ਚਿਤ ਵਿਚ ਜਾਣ ਲਿਆ ਹੈ ॥

**ਜੈਜੈਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥**
**ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥੧॥**

ਏਸੇ ਲਈ ਸਾਰੇ ਜਗਤ ਵਿਚ ਸਾਡੇ ਜੈ ਜੈ ਕਾਰ ਹੁੰਦੇ ਹਨ ਅਤੇ ਸਾਰਿਆਂ ਜੀਆਂ ਦੇ ਮਨ ਸਾਡੇ ਦਰਸ਼ਨ ਨੂੰ ਲੋਚਦੇ ਹਨ॥ ਗੁਰੂ ਜੀ ਸਾਡੇ ਉਤੇ ਪ੍ਰਸੰਨ ਹੋਗਏ

Digitized by Panjab Digital Library | www.panjabdigilib.org

ਹਨ ਉਸ ਮਾਲਕ ਦੀ ਪ੍ਰਸੰਨਤਾ ਕਰਕੇ ਕੋਈ ਵਿਘਨ ਨਹੀ ਹੋਇਆ ਹੈ ॥

ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥
ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥ ੨ ॥

ਜਿਨਾਂ ਦਾ ਪੱਖ ਓਹ ਮਾਲਕ ਦਿਆਲੂ ਕਰਦਾ ਹੈ ਓਨਾਂ ਦੇ ਸਾਰੇ ਲੋਕ ਦਾਸ ਬਣ ਜਾਂਦੇ ਹਨ ॥ ਗੁਰੂ ਜੀ, ਗੁਰਾਂ ਦੇ ਪਾਸ ਸਦਾ ਸਦਾ ਵਡਿਆਈਆਂ ਹਨ ਭਾਵ ਸਾਰਿਆਂ ਸਮਿਆਂ ਵਿਚ ਸਾਰੀਆਂ ਵਡਿਆਈਆਂ ਸਤਿਗੁਰਾਂ ਦੇ ਪਾਸ ਹੀ ਰਹਿੰਦੀਆਂ ਹਨ ਗੁਰਾਂ ਦੇ ਪਾਸ ਰਹਿਣ ਵਾਲਿਆਂ ਸਿਖਾਂ ਨੂੰ ਵਡਿਆਈਆਂ ਮਿਲਦੀਆਂ ਹਨ ॥

੮੦੪

(ਜਗਤ ਨਾਸਵੰਤ ਹੈ)

## ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ

੧ ਓ ਸਤਿਗੁਰਪ੍ਰਸਾਦਿ ॥

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥
ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ ॥
ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ ॥੧॥ ਰਹਾਉ ॥

ਇਹ ਜੋਹੜਾ ਜਗਤ ਹੈ ਇਹ ਮੰਡਲਾ ਅਕਾਰ ਭਾਵ ਗੋਲ ਮੋਲ ਹੈ ਅਤੇ ਪੰਜਾਂ ਤੱਤਾਂ ਦਾ ਬਣਾਇਆ ਹੋਇਆ ਹੈ ਸੋ ਛੇਤੀ ਨਾਲ ਹੀ ਨਾਸ ਹੋ ਜਾਣ ਵਾਲਾ ਹੈ ॥
ਜਿੱਕਰ ਰੇਤ ਦਾ ਘਰ ਬਾਰ=ਪਾਣੀ ਵਿਚ ਹੁੰਦਾ ਹੈ ਜਾਂ ਬਾਲਕ ਬਣਾਂਦੇ ਹਨ॥
ਜਿਸਤਰਾਂ ਉਸ ਰੇਤ ਦੇ ਘਰ ਨੂੰ ਨਾਸ ਹੁੰਦਿਆਂ ਬਾਰ=ਚਿਰ ਨਹੀਂ ਲੱਗਦਾ ਹੈ ਓਸੇ ਤਰਾਂ ਇਹ ਸੰਸਾਰ ਹੈ ਜਿਸਤਰਾਂ ਕਾਗਜ ਉਤੇ ਪਾਣੀ ਦੀ ਛਿਟ ਕਾਗਜ ਦੀ ਵੈਰਨ ਹੈ ਭਾਵ ਪਾਣੀ ਦੀ ਛਿਟ ਪੈਂਦਿਆਂ ਹੀ ਕਾਗਜ਼ ਗਲ ਜਾਂਦਾ ਹੈ ਓਸੇ ਤਰਾਂ ਇਸ ਸੰਸਾਰ ਦੇ ਨਾਸ ਹੋਣ ਵਿਚ ਚਿਰ ਨਹੀਂ ਲਗਦਾ ਹੈ ॥
ਹੇ ਭਾਈ ਸਾਡੀ ਮਨਸਾ=ਸਿਖਿਆ ਨੂੰ ਸੁਣ ਅਤੇ ਮਨ ਵਿਚ ਵਿਚਾਰਕੇ ਸੱਚ ਨੂੰ ਵੇਖ ਅਤੇ ਝੂਠ ਨੂੰ ਛੱਡ ਦੇਹ ॥ ਜੋਹੜੇ ਜਗਤ ਦਾ ਨ ਹੋਣਾ ਦੱਸਦੇ ਹਨ ॥
ਸਿਧੀਆਂ ਕਰਨ ਵਾਲੇ ਸਿਧ, ਸਾਧਨਾ ਕਰਨ ਵਾਲੇ ਸਾਧਨ, ਜੋਗੀ ਗ੍ਰਿਹਸਤੀ,

Digitized by Panjab Digital Library | www.panjabdigilib.org

ਇੱਕਰ ਦੇ ਜਿਤਨੇ ਜਗਤ ਵਿਚ ਦੇਹ ਧਾਰੀ ਆਦਮੀ ਸਨ ਸਾਰੇ ਹੀ ਮਰਕੇ ਘਰਾਂ ਨੂੰ ਛੱਡਕੇ ਬਾਹਰ ਉਜਾੜ ਭਾਵ ਮਸਾਣਾਂ ਵਿਚ ਚਲੇ ਗਏ ਹਨ ਜਾਂ ਘਰ ਬੂਹੇ ਛੱਡ ਗਏ ਹਨ ॥

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥

ਜਿਸਤਰਾਂ ਰਾਤ ਦਾ ਸੁਫਨਾ ਸੱਚਾ ਨਹੀਂ ਹੁੰਦਾ ਹੈ ਇਕੁਰ ਹੀ ਇਹ ਸੰਸਾਰ ਝੂਠਾ ਹੈ ॥ ਜਿਤਨੇ ਨਜ਼ਰ ਆਉਣ ਵਾਲੇ ਪਦਾਰਥ ਹਨ ਸਾਰੇ ਹੀ ਨਾਸ ਹੋ ਜਾਣ ਵਾਲੇ ਹਨ। ਹੇ ਗਵਾਰ ਮੂਰਖ! ਇਹਨਾਂ ਝੂਠਿਆਂ ਪਦਾਰਥਾਂ ਵਿਚ ਕਿਉਂ ਲੱਗਦਾ ਹੈਂ ॥

ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥
ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥ ੩ ॥

ਤੇਰੇ ਭਰਾ ਤੇ ਛੋਟੀ ਉਮਰ ਦੇ ਮਿੱਤਰ ਕਿਥੇ ਹਨ ਆਪਣੇ ਵਿਚਾਰ ਵਾਲੇ ਨੇਤਰਾਂ ਨੂੰ ਖੋਹਲਕੇ ਵੇਖ ਇਕ ਮਰਕੇ ਚਲੇ ਗਏ ਹਨ ਇਕ ਚਲਣ ਨੂੰ ਤਿਆਰ ਹਨ ਅਤੇ ਇਕ ਆਪਣੀ ਵਾਰੀ ਓੜਕ ਨੂੰ ਮਰਕੇ ਚਲੇ ਜਾਣਗੇ ਸਾਰੇ ਵਾਰੋ ਵਾਰੀ ਆਪਣੀ ਆਪਣੀ ਵਾਰੀ ਮਰਕੇ ਚਲੇ ਜਾਣਗੇ ॥

ਜਿਨਿ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿਦੁਆਰ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥੪॥ ੧ ॥੩੧॥

ਜਿਨਾਂ ਨੇ ਪੂਰਾ ਗੁਰੂ ਸੇਵਿਆ ਹੈ ਓਹ ਪ੍ਰੇਮ ਕਰਕੇ ਬੂਹੇ ਉਤੇ ਟਿਕ ਗਏ ਹਨ ਭਾਵ ਜਨਮ ਮਰਨ ਤੋਂ ਰਹਿਤ ਹੋਗਏ ਹਨ ॥ ਗੁਰੂ ਜੀ, ਜੇਹੜਾ ਮਾਲਕ ਦਾ ਦਾਸ ਹੈ ਉਸ ਦੀ ਇੱਜ਼ਤ ਆਪ ਹੀ ਮੁਰਾਰੀ=ਮੁਰਦੈਂਤ ਦਾ ਵੈਰੀ ਪ੍ਰਮੇਸਰ ਰੱਖਦਾ ਹੈ ॥

(ਮਾਲਕ ਦੇ ਮਿਲਾਪ ਦਾ ਅਨੰਦ)

## ਬਿਲਾਵਲੁ ਮਹਲਾ ੫

ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ॥
ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥ ੧ ॥

ਲੋਕਾਂ ਦੀਆਂ ਵਡਿਆਈਆਂ ਅੱਗ ਵਿਚ ਪਾ ਦਿਆਂ॥ ਜਿਸਤਰਾਂ ਮੇਰਾ ਆਪਣਾਂ ਪਿਆਰਾ ਮਾਲਕ ਮਿਲ ਜਾਵੇ ਮੈਂ ਓਸੇ ਤਰਾਂ ਦੇ ਬਚਨਾਂ ਨੂੰ ਮੂੰਹ ਤੋਂ ਬੋਲਣਾਂ ਕਰਾਗਉ=ਕਰਾਂ॥

Digitized by Panjab Digital Library | www.panjabdigilib.org

ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥
ਲਪਟਿ ਰਹਿਓ ਮਨੁ ਬਾਸਨਾ ਗੁਰਮਿਲਿ ਇਹ ਤਿਆਗਉ ॥ ੧॥ ਰਹਾਉ ॥

ਜੇ ਮਾਲਕ ਦਿਆਲੂ ਹੋਣ ਤਾਂ ਮੈਂ ਓਨਾਂ ਦੀ ਭਗਤੀ ਵਿਚ ਲੱਗਾਂ ॥ ਜੇਹੜਾ ਮਨ ਵਾਸ਼ਨਾ ਦੇ ਵਿਚ ਚੰਬੜਿਆ ਹੋਇਆ ਹੈ ਇਹਨਾਂ ਵਾਸ਼ਨਾਂ ਨੂੰ ਮੈਂ ਗੁਰਾਂ ਨਾਲ. ਮਿਲਕੇ ਛਡ ਦਿਆਂ ॥

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥
ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ ॥੨॥

ਮੈਂ ਗੁਰਾਂ ਅਗੇ ਬਹੁਤ ਹੀ ਪ੍ਰੇਮ ਵਾਲੀ ਬੇਨਤੀ ਕਰਾਂ ਅਤੇ ਅਪਨੇ ਇਸ ਜੀਅ ਨੂੰ ਅੱਗ ਵਿਚ ਹੋਮ ਗਉ=ਸਾੜਦਿਆਂ ਭਾਵ ਇਸਦੀਆਂ ਵਾਸ਼ਨਾਂ ਦੂਰ ਕਰਾਂ ॥ ਜਿਤਨੇ ਮਨ ਦੇ ਅਰਥ=ਜਤਨ ਜਾਂ ਖਿਆਲ ਹਨ ਅਤੇ ਹੋਰ ਕੰਮ ਜਿਤਨੇਕੁ ਦਨ ਸਾਰਿਆਂ ਨੂੰ ਇਕ ਥੋੜਾ ਜੇਹਾ ਚਿਰ ਮਾਲਕ ਦੇ ਸੁਹਾਗ ਭਾਵ ਸੁਖ ਦੇ ਉਤੋਂ ਦੀ ਵਾਰ ਦਿਆਂ ਭਾਵ ਮਾਲਕ ਦੇ ਥੋੜੇ ਚਿਰ ਦੇ ਸੁਖ ਦਾ ਅਨੰਦ ਬਹੁਤ ਚਿਰ ਹੈ ਤੇ ਸਾਰਿਆਂ ਰਾਜ ਭਾਗ ਦੇ ਪਦਾਰਥਾਂ ਦਾ ਬਹੁਤਾ ਸੁਖ ਕੁਛ ਨਹੀਂ ਹੈ ॥

ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥
ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ॥

ਗੁਰਾਂ ਦੇ ਬਚਨ ਦੁਆਰਾ ਕਾਮ ਕ੍ਰੋਧ ਆਦਿਕ ਪੰਜਾਂ ਦਾ ਸੰਗ ਅਤੇ ਰਾਗ ਦ੍ਵੈਖ ਆਦਕ ਸਾਰੇ ਵਿਕਾਰ ਛੁਟ ਗਏ ਭਾਵ ਦੂਰ ਹੋ ਗਏ ਹਨ ॥ ਗਿਆਨ ਰੂਪ ਦੀਵੇ ਦੇ ਚਾਨਣ ਨਾਲ ਮਾਲਕ ਦਾ ਰੂਪ ਦਿਸ ਪਿਆ ਹੈ ਜਿਸ ਕਰਕੇ ਹੁਣ ਮੈਂ ਰਾਤ ਦਿਨ ਜਾਗਦਾ ਰਹਿੰਦਾ ਹਾਂ ॥

ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ ॥
ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ ॥੪॥੨॥੩੨॥

ਹੇ ਮਾਲਕਾ ਓਹ ਸਿਖ ਇਸਤ੍ਰੀ ਤੇਰੀਆਂ ਸੁਹਾਗਣਾਂ ਸੰਤਾਂ ਦੀ ਸ਼ਰਨ ਵਿਚ ਆਈ ਹੈ ਜਿਸਦੇ ਮਥੇ ਉਤੇ ਭਾਗ ਹਨ, ਗੁਰੂ ਜੀ, ਓਨਾਂ ਹੀ ਗੁਰਮੁਖਾਂਨੇ ਮਾਲਕ ਨੂੰ ਪਾਇਆ ਹੈ ਏਸੇ ਕਰਕੇ ਓਨਾਂ ਦਾ ਤਨ ਮਨ ਠੰਢਾ ਹੋ ਗਿਆ ਹੈ ॥

# ਬਿਲਾਵਲੁ ਮਹਲਾ ੫

**ਲਾਲਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥**

ਪਿਆਰੇ ਦਾ ਪ੍ਰੇਮ ਉਸਨੂੰ ਲਗਾ ਹੈ ਜਿਸਦੇ ਵਡੇ ਭਾਗ ਹਨ ਭਾਵ ਪ੍ਰੇਮ ਦਾ ਰੰਗ ਲਾਲ ਹੀ ਆਖਿਆ ਜਾਂਦਾ ਹੈ ਇਹ ਰੰਗ ਨ ਕਦੀ ਮੈਲਾ ਹੁੰਦਾ ਹੈ ਨਾਂ ਇਸਨੂੰ ਕੋਈ ਦਾਗ ਹੀ ਲੱਗਦਾ ਹੈ ਭਾਵ ਕਾਮ ਆਦਕ ਤੇ ਪਾਪ ਓਨਾਂ ਨੂੰ ਕੁਛ ਨਹੀਂ ਕਰ ਸਕਦੇ।

**ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥
ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ। ੧॥ ਰਹਾਉ ॥**

ਹੇ ਸੁਖਦਾਈ ਮਾਲਕ ਜਿਨਾਂ ਨੂੰ ਸੁਖੱਲਾ ਹੀ ਪੂਰਾ ਗੁਰੂ ਆ ਮਿਲਿਆ ਹੈ ਓਨਾਂ ਦਾ ਮਨ ਸੁਭਾਵਕ ਹੀ ਤੇਰੇ ਅੰਦਰ ਮਿਲ ਗਿਆ ਹੈ ਹੁਣ ਓਨਾਂ ਤੋਂ ਤੇਰਾ ਮਿਲਾਪ ਇਕ ਪਲ ਭਰ ਵੀ ਛਡਿਆ ਨਹੀ ਜਾਂਦਾ ਹੈ ॥

**ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰ ਕਰਾਇਆ। ੨ ॥**

ਓਨਾਂ ਨੂੰ ਬੁਢੇਪਾ, ਮਰਨਾ ਆਦਿਕ ਕੋਈ ਦੁਖ ਨਹੀ ਚੰਬੜ ਸਕਦਾ ਹੈ ਤੇ ਓਨਾਂ ਹੋਰ ਕੋਈ ਦੁਖ ਵੀ ਨਹੀ ਪਾਇਆ ਹੈ ॥ ਓਹ ਨਾਮ ਅਮ੍ਰਿਤ ਨੂੰ ਪੀਕੇ ਬਹੁਤ ਹੀ ਰੱਜ ਗਏ ਹਨ, ਗੁਰਾਂ ਨੇ ਉਪਦੇਸ਼ ਦੇਕੇ ਮਰਨ ਤੋਂ ਰਹਿਤ ਕਰ ਦਿਤਾ ਹੈ ॥

**ਸੋ ਜਾਨੈ ਜਿਨਿ ਚਾਖਿਆ ਹਰਿਨਾਮੁ ਅਮੋਲਾ ॥
ਕੀਮਤ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩ ॥**

ਅਜੇਹੇ ਪ੍ਰਮੇਸਰ ਦਾ ਅਮੋਲਕ ਨਾਮ ਰਸ ਜੇਹੜਾ ਹੈ ਓਸਨੂੰ ਓਹੋ ਹੀ ਜਾਂਣਦਾ ਹੈ ਜਿਸਨੇ ਸਵਾਦ ਚਖਿਆ ਹੈ ਭ ਵ ਗੁਰਾਂ ਪਾਸੋਂ ਮੰਤਰ ਲੈਕੇ ਜਪਿਆ ਹੈ ਓਹੋ ਹੀ ਅਨੰਦ ਸਮਝਦਾ ਹੈ ॥ ਨਾਮ ਰਸ ਦੀ ਕੀਮੰਤ ਨਹੀ ਆਖੀ ਜਾਂਦੀ ਹੈ ਮੈਂ ਕੀ ਮੂੰਹੋਂ ਆਖਕੇ ਜਸ ਨੂੰ ਬੋਲਾਂ॥

**ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣਨਿਧਿ ਤੇਰੀ ਬਾਣੀ ॥ ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥ ੩ ॥ ੩੩ ॥**

ਹੇ ਮਾਲਕ ਤੇਰਾ ਦਰਸ਼ਨ ਸਫਲ ਹੈ ਤੇ ਤੇਰੀ ਬਾਣੀ ਦਾ ਜਾਪ ਗੁਣਾਂ ਦਾ ਸਮੁੰਦਰ ਹੈ ਗੁਰੂ ਜੀ, ਮੈਂ ਤੇਰੇ ਪਾਸੋਂ ਇਹ ਦਾਨ ਮੰਗਦਾ ਹਾਂ ਜੋ ਤੇਰਿਆਂ ਦਾਸਾਂ ਦੀ ਚਰਨ ਧੂੜ

Digitized by Panjab Digital Library | www.panjabdigilib.org

ਨੂੰ ਪਾਵਾਂ ਤੇ ਤੇਰਿਆਂ ਦਾਸਾਂ ਤੋਂ ਕੁਰਬਾਨ ਜਾਵਾਂ॥

## ਬਿਲਾਵਲੁ ਮਹਲਾ ੫

**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥**
**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥ ੧ ॥**

ਹੇ ਮਾਲਕ ਮੇਰੇ ਉਤੇ ਕਿਰਪਾ ਕਰਕੇ ਮੈਨੂੰ ਆਪਣੀ ਸ਼ਰਨ ਵਿਚ ਰਖੋ । ਮੈਂ ਆਪ ਦੀ ਸੇਵਾ ਕਰਨੀ ਕੁਛ ਨਹੀ ਜਾਣਦਾ ਹਾਂ ਮੈਂ ਮੂਰਖਾਂ ਤੋਂ ਵੀ ਨੀਵਾਂ ਮੂਰਖ ਹਾਂ ਭਾਵ ਬਹੁਤ ਮੂਰਖ ਹਾਂ ॥

**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥**
**ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨ ਹਾਰੇ॥ ੧ ॥ ਰਹਾਉ॥**

ਹੇ ਮੇਰੇ ਪ੍ਰੀਤਮ ਪਿਆਰੇ ਮੈਂ ਤੇਰੇ ਉਤੇ ਮਾਨ ਕਰਦਾ ਹਾਂ ਭਾਵ ਤੂੰ ਮੇਰਾ ਮਾਲਕ ਵਡਾ ਹੈਂ ॥ ਅਸੀ ਅਪਰਾਧੀ ਸਦਾ ਭੁਲਣ ਵਾਲੇ ਹਾਂ ਅਤੇ ਤੁਸੀ ਬਖਸ਼ਨ ਵਾਲੇ ਹੋ ॥

**ਹਮ ਅਵਗੁਨ ਕਰਹ ਅਸੰਖ ਨੀਤਿ ਤੁਮ ਨਿਰਗੁਨਦਾਤਾਰੇ ॥**
**ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥ ੨ ॥**

ਅਸੀਂ ਰੋਜ ਹੀ ਬੇਗਿਣਤ ਔਗੁਣਾਂ ਦੇ ਕਰਨ ਵਾਲੇ ਹਾਂ ॥ ਤੁਸੀਂ ਨਿਰਗੁਣ ਆਰਿਆਂ ਨੂੰ ਦਾਤਾਂ ਦੇਣ ਵਾਲੇ ਹੋ । ਹੇ ਮਾਲਕਾ ਅਸੀਂ ਤੇਰੇ ਭਜਨ ਨੂੰ ਛਡਕੇ ਜੇਹੜੀ ਤੇਰੀ ਮਾਇਆ ਦਾਸੀ ਹੈ ਉਸਦੀ ਸੰਗਤ ਕਰਦੇ ਹਾਂ ਭਾਵ ਮਾਇਆ ਵਿਚ ਲਗੇ ਹੋਏ ਹਾਂ ਇਕੁਰ ਦੇ ਸਾਡੇ ਮਾੜੇ ਕੰਮ ਹਨ ॥

**ਤੁਮ ਦੇਵਹੁ ਸਭੁਕਿਛੁ ਦਇਆਧਾਰਿ ਹਮ ਅਕਿਰਤਘਨਾਰੇ ॥**
**ਲਾਗਿਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥ ੩ ॥**

ਤੁਸੀਂ ਆਪਣੀ ਕਿਰਪਾ ਕਰਕੇ ਸਾਨੂੰ ਸਾਰ ਸੁਖ ਦੇਂਦੇ ਹੋ ਪਰ ਅਸੀਂ ਨ ਕੀਤਾ ਜਾਨਣ ਵਾਲੇ ਹਾਂ ॥ ਜਾਂ ਕੀਤੇ ਉਪਕਾਰ ਨੂੰ ਨਾਸ ਭਾਵ ਗਵਾ ਦੇਂਦਾ ਹਾਂ। ਤੇਰੇ ਦਾਨ ਕੀਤੇ ਹੋਇ ਪਦਾਰਥਵਿਚ ਪ੍ਰੀਤੀ ਲਗਾਂਦੇਹਾਂ ਅਤੇ ਜੇਹੜਾ ਤੂੰ ਸਾਡਾ ਮਾਲਕ ਦਾਨ ਦੇਣਵਾਲਾ ਹੈਂ ਤੇਰੇ ਭਜਨ ਵਿਚ ਸਾਡਾਚਿਤ ਨਹੀਂ ਹੈ ॥

**ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨ ਹਾਰੇ॥ ਕਹੁ ਨਾਨਕ ਸਰਨਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥ ੪ ॥ ੪ ॥ ੩੪ ॥**

Digitized by Panjab Digital Library | www.panjabdigilib.org

ਹੇ ਮਾਲਕਾ ਤੇਰੇ ਤੋਂ ਬਿਨਾ ਕੁਛ ਨਹੀਂ ਹੁੰਦਾ ਹੈ ਤੂੰ ਜਨਮਾਂ ਦੇ ਕੱਟਣ ਵਾਲਾ ਹੈਂ ਗੁਰੂ ਜੀ, ਹੇ ਦਿਆਲੂ ਮਾਲਕ ਮੈਂ ਤੇਰੀ ਸ਼ਰਨ ਆਇਆ ਹਾਂ ਮੈਨੂੰ ਮੂਰਖ ਨੂੰ ਕਿਰਪਾ ਕਰਕੇ ਤਾਰ ਲਓ ।

(ਸਨਮੁਖ ਬੇਨਤੀ)

## ਬਿਲਾਵਲੁ ਮਹਲਾ ਪ

**ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥**
**ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ ॥ ੧ ॥**

ਕਿਸੇ ਨੂੰ ਦੋਸ਼ ਨ ਦੇਈਏ ਜੇਹੜਾ ਅਪਣਾ ਮਾਲਕ ਹੈ ਉਸ ਨੂੰ ਧਿਆਈਏ । ਜਿਸਦੀ ਸੇਵਾ ਕਰਕੇ ਬਹੁਤ ਸੁਖ ਹੁੰਦਾ ਹੈ, ਹੇ ਮਨ ਉਸਨੂੰ ਗਾਈਏ ॥

**ਕਹੀਐ ਕਾਹਿ ਪਿਆਰੇ ਤੁਝੁ ਬਿਨਾ ॥**
**ਤੁਮ ਦਇਆਲ ਸੁਆਮੀ ਸਭ ਅਵਗੁਨ ਹਮਾ । ੧ ॥ ਰਹਾਉ ॥**

ਹੇ ਮਾਲਕਾ ਤੇਰੇ ਬਿਨਾ ਹੋਰ ਕਿਸਨੂੰ ਅਪਣਾ ਹਾਲ ਦਸੀਏ ॥ ਤੁਸਾਂ ਦੀਨ ਦਿਆਲੂ ਮੇਰੇ ਮਾਲਕ ਹੋ ਸਾਡੇ ਵਿਚ ਸਾਰੇ ਔਗੁਣ ਹਨ ॥

**ਜਿਉ ਤੁਮ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ ॥**
**ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ ॥ ੨ ।**

ਹੇ ਮਾਲਕ ਜਿਸਤਰਾਂ ਤੂੰ ਰਖਦਾ ਹੈਂ ਉਸੇਤਰਾਂ ਮੈਂ ਰਹਿੰਦਾ ਹਾਂ ਹੋਰ ਕੋਈ ਮੇਰਾ ਚਾਰਾ ਭਾਵ ਜ਼ੋਰ ਨਹੀਂ ਹੈ ॥ ਹੇ ਨਿਆਸਰਿਆਂ ਦੇ ਆਸਰਾ ਮੈਂ ਤੇਰੀ ਸ਼ਰਨ ਆਇਆ ਹਾਂ ਮੈਨੂੰ ਤੇਰੇ ਇਕ ਨਾਮ ਦਾ ਹੀ ਆਸਰਾ ਹੈ ॥

**ਜੋ ਤੁਮ ਕਰਹੁ ਸੋਈ ਭਲਾ ਮਨਿਲੇਤਾ ਮੁਕਤਾ ॥**
**ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥ ੩ ॥**

ਜੇਹੜਾ ਤੁਸੀਂ ਕਰਦੇ ਹੋ ਉਸਨੂੰ ਜੇਹੜਾ ਭਲਾ ਕਰਕੇ ਮੰਨ ਲੈਂਦਾ ਹੈ ਓਹ ਮੁਕਤੀ ਹੋ ਜਾਂਦਾ ਹੈ ॥ ਓਹ ਆਦਮੀ ਭਾਣਾ ਮੰਨਣ ਵਾਲਾ ਇਸ ਸੰਸਾਰ ਸਮੱਗਰੀ ਨੂੰ ਤੇਰੀ ਹੀ ਕੀਤੀ ਹੋਈ ਜਾਣਦਾ ਹੈ ਅਤੇ ਸਾਰਿਆਂ ਵਿਚ ਤੇਰੀ ਸ਼ਕਤੀ ਜੁੜੀ ਹੋਈ ਪਛਾਣਦਾ ਹੈ ਜਾਂ ਸਾਰੀਆਂ ਜੁਗਤਾਂ ਤੇਰੀਆਂ ਹੀ ਹਨ ॥

**ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥ ਹੋਹੁ ਕ੍ਰਿਪਾਲ ਦਇ**

Digitized by Panjab Digital Library | www.panjabdigilib.org

ਆਲ ਪ੍ਰਭ ਨਾਨਕੁ ਗੁਣ ਗਾਵੈ ॥ ੪ ॥ ੫ ॥ ੩੫ ॥

ਮੈਂ ਤੇਰਿਆਂ ਸੰਤਾਂ ਦੇ ਚਰਨ ਧੋਵਾਂ ਅਤੇ ਸੇਵਾ ਕਰਾਂ ਪਰ ਹੇ ਮਾਲਕਾ ਜੇ ਤੈਨੂੰ ਚੰਗੀ ਲੱਗ ਜਾਵੇ ਤੇ ਤਾਂ ਤੂੰ ਮੇਰੇ ਉਤੇ ਕਿਰਪਾਲੂ ਦਿਆਲੂ ਹੋ ਜਾਵੇਂ ਤਾਂ ਗੁਰੂ ਜੀ ਆਖਦੇ ਹਨ ਮੈਂ ਤੇਰੇ ਗੁਣ ਗਾਂਦਾ ਰਹਾਂ ॥

(ਵੈਰਾਗ ਵਾਲਾ ਉਪਦੇਸ਼ ਹੈ)

## ਬਿਲਾਵਲੁ ਮਹਲਾ ੫

ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥ ੧ ॥

ਮੌਤ ਸਿਰ ਉਤੇ ਖੜੋਤੀ ਹੱਸਦੀ ਹੈ ਪਰ ਪਸੂ ਆਦਮੀ ਨਹੀਂ ਸਮਝਦਾ ਹੈ ॥ ਵਿਸ਼ਿਆਂ ਦੇ ਸਵਾਦ ਅਤੇ ਹੰਕਾਰ ਦੇ ਝਗੜਿਆਂ ਵਿਚ ਲਗਕੇ ਮਰ ਜਾਣਾ ਨਹੀਂ ਸੁਝਦਾ ਹੈ ।

ਸਤਿਗੁਰੁ ਸੇਵਹ ਆਪਣਾ ਕਾਹੇ ਫਿਰਹੁ ਅਭਾਗੇ ॥
ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥ ੧ ॥ ਰਹਾਉ ॥

ਹੇ ਅਭਾਗੇ ਅਦਮੀਓ ਜਨਮਾਂ ਵਿਚ ਦੁਖ ਪੰਦੇ ਕਿਉਂ ਫਿਰਦੇ ਹੋ ਅਪਣੇ ਗੁਰੂ ਦੀ ਸੇਵਾ ਕਰੋ ॥ ਕਸੁੰਭੇ ਦੇ ਰੰਗ ਨੂੰ ਰੰਗਲਾ=ਸੁੰਦਰ ਵੇਖਕੇ ਕਿਉਂ ਭੁਲਕੇ ਉਸ ਰੰਗ ਵਿਚ ਲੱਗੇ ਹੋ ॥

ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥
ਮਾਟੀ ਸਉ ਮਾਟੀ ਰਲੀ ਨਾਗਾ ਉਠਿਜਾਈ ॥ ੨ ॥

ਅਪਣੇ ਵਰਤਣ ਲਈ ਭਾਵ ਖਾਣ ਪੀਣ ਵਾਸਤੇ ਪਾਪ ਕਰਕੇ ਧਨ ਕੱਠਾ ਕੀਤਾ ਹੈ ਬਸ ਫੇਰ ਪਿਛੋਂ ਪ੍ਰਾਣ ਨਿਕਲ ਜਾਂਦੇ ਹਨ ਫੇਰ ਇਹ ਮਿੱਟੀ ਦੀ ਦੇਹ ਮਿੱਟੀ ਵਿਚ ਹੀ ਰਲ ਜਾਂਦੀ ਹੈ ਅਤੇ ਇਹ ਜੀਵ ਮਾਇਆ ਨੂੰ ਛਡਕੇ ਨੰਗਾ ਹੀ ਉਠਕੇ ਚਲਿਆ ਜਾਂਦਾ ਹੈ ।

ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥
ਅੰਤ ਕਾਲਿ ਭਜਿਜਾਹਿਗੇ ਕਾਹੇ ਜਲਹੁ ਕਰੋਧੀ ॥ ੩ ॥

ਜਿਨਾਂ ਸਰਬੰਧੀਆਂ ਦੇ ਪਾਲਣ ਵਾਸਤੇ ਬੜਾ ਥਕੇਵਾਂ ਕਰਦਾ ਹੈ ਭਾਵ ਕਮਾਂਦਾ ੨ ਥੱਕ ਜਾਂਦਾ ਹੈ ਓਹ ਸਰਬੰਧੀ ਬੁਢੇਪੇ ਜਾਂ ਮਰਨ ਵੇਲੇ ਵੈਰੀ ਵਿਰੋਧੀ ਬਣ ਜਾਂਦੇ

Digitized by Panjab Digital Library | www.panjabdigilib.org

ਹਨ ॥ ਓਹ ਅੰਤ ਸਮੇਂ ਦੁਖੀ ਦੇਖਕੇ ਦੌੜ ਜਾਂਦੇ ਹਨ ਹੇ ਮੂਰਖੋਂ ਸਮਝੋ ਤੁਸੀ ਕਰੋਧੀ ਹੋਕੇ ਕਿਉਂ ਸੜਦੇ ਹੋ ਜਾਂ ਓਹ ਆਦਮੀ ਕੋਰੋਧੀ ਹੋਕੇ ਕਿਉਂ ਸੜਦਾ ਹੈ ਇਹਨਾਂ ਸਰਬੰਧੀਆਂ ਤੇ ਸਹੈਤਾ ਨਹੀਂ ਕਰਨੀ ਹੈ ॥

**ਦਾਸਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ ॥**

**ਕਹੁ ਨਾਨਕ ਬੰਧਨ ਛੁਟੇ ਸਤਿਗੁਰ ਕੀ ਸਰਨਾ॥ ੪ ॥ ੬ ॥ ੩੬ ॥**

ਓਹੋ ਆਦਮੀ ਸੰਤਾਂ ਦੇ ਚਰਨਾਂ ਦੀ ਧੂੜੀ ਦਾ ਦਾਸ ਹੋਇਆ ਹੈ ਜਿਸਦੇ ਮਥੇ ਉਤੇ ਵਡੇ ਭਾਗ ਹਨ ॥ ਗੁਰੂ ਜੀ, ਸਤਿਗੁਰੂ ਦੀ ਸ਼ਰਨ ਜਾਂਣ ਨਾਲ ਸਾਰੇ ਬੰਧਨ ਛੁਟ ਜਾਂਦੇ ਹਨ ।

(ਸਤਸੰਗ)

## ਬਿਲਾਵਲੁ ਮਹਲਾ ੫

**ਪਿੰਗੁਲ ਪਰਬਤ ਪਾਰਿਪਰੇ ਖਲ ਚਤੁਰ ਬਕੀਤਾ ॥**

**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥**

ਪਿੰਗਲੇ ਪਹਾੜ ਤੋਂ ਪਾਰ ਹੋ ਗਏ ਭਾਵ ਭੈੜਿਆਂ ਕੰਮਾਂ ਵਾਲੇ ਦੁਨੀਆਂ ਤੋਂ ਤਰ ਗਏ ॥ ਸਤਿਸੰਗ ਨੇ ਵਡਿਆਂ ਮੂਰਖਾਂ ਨੂੰ ਸਿਆਣਿਆਂ ਕਰ ਦਿਤਾ ॥ ਗੁਰੂ ਪਵਿਤਰ ਦੇ ਮਿਲਨ ਨਾਲ਼ ਅੰਨੇ ਨੂੰ ਤਿੰਨ ਲੋਕ ਸੁਝ ਪਿਆ ਭਾਵ ਤਿੰਨਾਂਲੋਕਾਂ ਦਾ ਚਾਨਣ ਹੋ ਗਿਆ ॥

**ਮਹਿਮਾ ਸਾਧੂਸੰਗ ਕੀ ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ ॥**

ਹੇ ਮੇਰੇ ਮਿਤਰ ਸੰਤਾਂ ਦੇ ਸੰਗ ਦੀ ਮਹਿਮਾਂ ਸੁਣੋ । ਰਾਗ ਦਵੈਖ ਮੈਲ ਨਾਸ ਹੋ ਗਈ ਕਰੋੜਾਂ ਪਾਪ ਦੂਰ ਹੋ ਗਏ ਅਤੇ ਸਾਰਿਆਂ ਸਾਥੀਆਂ ਦੇ ਚਿਤ ਵੀ ਨਿਰਮਲ ਹੋਗਏ ॥

**ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥**

**ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥**

ਮਾਲਕ ਦੀ ਭਗਤੀ ਇਕਰ ਦੀ ਸ਼ਕਤੀ ਵਾਲੀ ਹੈ ਕਿ ਕੀੜੀ ਨੇ ਹਾਥੀ ਨੂੰ ਜਿਤ ਲਿਆ ਹੈ ਭਾਵ ਨਿੰਮ੍ਰਤਾ ਨੇ ਮਨ ਨੂੰ ਵਸ ਕੀਤਾ ਹੈ । ਜਿਸ ਜਿਸ ਨੂੰ ਮਾਲਕ ਨੇ ਆਪਣਾ ਦਾਸ ਕਰ ਲਿਆ ਹੈ ਓਸ ਉਸ ਨੂੰ ਸੰਤਾਂ ਨੇ ਨਾਂ ਡਰਨ ਵਾਲਾ ਪਦ ਦਾਨ ਦਿਤਾ ਹੈ ਭਾਵ ਡਰ ਤੋਂ ਰਹਿਤ ਕਰ ਦਿਤਾ ਹੈ ॥

Digitized by Panjab Digital Library | www.panjabdigilib.org

ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ ੩ ॥

ਸ਼ੇਰ ਬਿਲੀ ਵਰਗਾ ਹੋਗਿਆ ਜਾਂ ਹੰਕਾਰ ਦੂਰ ਹੋਗਿਆ ਜਾਂ ਬਿਲੀ ਤੋਂ ਸ਼ੇਰ ਹੋ ਗਿਆ ਭਾਵ ਜੀਵ ਉਚਿਆਂ ਖਿਆਲਾਂ ਵਾਲਾ ਹੋਗਿਆ। ਜੇਹੜਾ ਮੰਸਾਰ ਸੁਮੇਰ ਪਰਬਤ ਵਰਗਾ ਦੀਂਹਦਾ ਸੀ ਓਹ ਤ੍ਰਿਣ ਵਰਗਾ ਤੁੱਛ ਦਿਸਨ ਲਗ ਪਿਆ॥ ਜਾਂ ਜੇਹੜਾ ਤ੍ਰਿਣਾਂ ਵਾਂਗ ਡੋਲਦਾ ਫਿਰਦਾ ਸੀ ਓਹ ਪਹਾੜ ਵਰਗਾ ਅਡੋਲ ਹੋ ਗਿਆ ਜੇਹੜਾ ਅਧੇ ਪੈਸੇ ਵਾਸਤੇ ਥੱਕ ਦੇ ਫਿਰਦੇ ਸੀ ਭਾਵ ਦੁਖ ਪਾਂਦੇ ਸੀ ਕੌਡੀ ਕੌਡੀ ਵਾਸਤੇ ਓਹ ਆਦਮੀ ਬੜੇ ਬੜੇ ਧਨੀ ਗਿਣੇ ਗਏ ਭਾਵ ਧਨੀ ਹੋ ਗਏ ॥

ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰਸਰੀਤਾ ॥ ੪ ॥ ੭ ॥ ੩੭ ॥

ਮੈਂ ਸੰਤਾਂ ਦੀ ਕੀ ਵਡਿਆਈ ਆਖ ਸੱਕਾਂ ਭਾਵ ਆਖੀ ਨਹੀਂ ਜਾਂਦੀ ਹੈ ਓਹ ਸੰਤ ਬਿਅੰਤ ਗੁਣਾਂ ਵਾਲੇ ਹਨ ॥ ਗੁਰੂ ਜੀ, ਸੰਤਾਂ ਪਾਸ ਇਹ ਬੇਨਤੀ ਕਰੋ ਕਿ ਹੇ ਸੰਤੋ ਕਿਰਪਾ ਕਰਕੇ ਸਾਨੂੰ ਪ੍ਰਮੇਸਰ ਦਾ ਨਾਮ ਦਿਓ ਏਹੋ ਹੀ ਆਪਦੇ ਦਰਸ਼ਨ ਦੀ ਰੀਤੀ ਹੈ ਜਾਂ ਮੈਂ ਦਰਸਨ ਤੋਂ ਖਾਲੀ ਹਾਂ ਮੈਨੂੰ ਦਰਸ਼ਨ ਕਰਾ ਦਿਓ ॥

## ਬਿਲਾਵਲੁ ਮਹਲਾ ੫

ਅਹੰ=ਹੰਕਾਰ ॥ ਪਰਬਾਦ=ਝਗੜਾ ॥ ਸਾਦਿ=ਸੁਆਦ ॥
ਗ੍ਰਿਹਿ=ਘਰ ॥ ਬਾਦ=ਬਿਅਰਥ ॥ ਪਾਪਿਸਟ=ਪਾਪੀ ਨੂੰ ਮਿਲਕੇ ॥

ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ ॥
ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦ ॥ ੧ ॥

ਇਹ ਆਦਮੀ ਅਕਲ ਵਿਚ ਹੰਕਾਰ ਕਰਕੇ ਹੋਰਨਾਂ ਲੋਕਾਂ ਨਾਲ ਝਗੜੇ ਕਰਦੇ ਹਨ ਅਤੇ ਰੋਜ ਹੀ ਲੋਭ ਕਰਕੇ ਜ਼ਬਾਨ ਦੇ ਸੁਆਦਾਂ ਵਿਚ ਅਨੇਕ ਪਾਪ ਕਰਦੇ ਹਨ ॥ ਕਪਟੀ ਆਦਮੀ ਵਾਸ਼ਨਾ ਵਿਚ ਚੰਬੜਿਆ ਹੋਇਆ ਹੈ ਅਤੇ ਘਰਦਿਆਂ ਧੰਧਿਆਂ ਵਿਚ ਵਿੰਨਿਆਂ ਹੋਇਆ ਹੈ ਭਾਵ ਫਸਿਆ ਹੋਇਆ ਹੈ ਜਿਨਾਂ ਵਿਸ਼ਿਆਂ ਵਾਸਤੇ ਜਤਨ ਕਰਦਾ ਹੈ ਓਹ ਆਦ ਤੋਂ ਹੀ ਸਾਰੇ ਝੂਠੇ ਭਾਵ ਫਿਕੇ ਭਾਵ ਵਿਹੁ ਰੂਪ ਹਨ ॥

ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪਰਸਾਦਿ ॥
ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ ॥ ੧ ॥ ਰਹਾਉ ॥

ਮੈਂ ਪੂਰਿਆਂ ਗੁਰਾਂ ਦੀ ਕਿਰਪਾ ਨਾਲ ਇੱਕਰ ਵੀ ਸਾਰੀ ਦੁਨੀਆਂ ਅੱਖਾਂ ਨਾਲ

Digitized by Panjab Digital Library | www.panjabdigilib.org

ਵੇਖੀ ਹੈ ਭਾਵ ਛਲ ਕਰਦੀ ਹੈ ਤੇ ਦੁਖ ਪਾਂਦੀ ਹੈ ॥ ਰਾਜ, ਜਗੀਰ, ਧਨ, ਜੋਬਨ ਇੱਕਰ ਦਾ ਜੇਹੜਾ ਸੁਖ ਹੈ ਇਹ ਨਾਮ ਤੋਂ ਬਿਨਾ ਸਾਰਾ ਹੀ ਬਿਅਰਥ ਹੈ ॥

ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥
ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥ ੨ ॥

ਸੁੰਦਰ ਰੂਪ, ਧੂਪ=ਅਤਰ ਆਦਕ ਸੁਗੰਧਤਾ ਸਰੀਰ ਨੂੰ ਲਾਉਣ ਵਾਲੀਆਂ ਚੰਗੇ ਚੰਗੇ ਕਪੜੇ, ਹੋਰ ਖਾਣੇ ਆਦਕ ਚੰਗੇ ਚੰਗੇ ਪਦਾਰਥ ਇਹ ਸਾਰੇ ਪਾਪੀ ਆਦਮੀ ਦੇ ਨਾਲ ਮਿਲਕੇ ਵਿਸ਼ਟਾ ਹੋ ਜਾਂਦੇ ਹਨ ॥

ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥
ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥ ੩ ॥

ਚੁਰਾਸੀ ਲੱਖ ਜੂਨੀਆਂ ਵਿਚ ਫਿਰਦੇ ਫਿਰਦੇ ਨੂੰ ਇਹ ਮਨੁਖਾ ਜਨਮ ਬੜਾ ਅਮੋਲਕ ਮਿਲਿਆ ਹੈ ਸੋ ਇਹ ਦੇਹ ਆਦਕ ਸਾਰੇ ਪਦਾਰਥ ਇਕ ਛਿਨ ਵਿਚ ਨਾਸ ਹੋ ਜਾਣ ਵਾਲੇ ਹਨ ਜੇ ਆਦਮੀ ਇਸ ਮਨੁਖ ਜਨਮ ਵੇਲੇ ਤੋਂ ਭੁਲ ਗਿਆ ਤਾਂ ਫਿਰ ਓਨਾਂ ਸੂਰਾਂ ਕੁਤਿਆਂ ਦੀਆਂ ਜੂਨੀਆਂ ਵਿਚ ਫਿਰੇਗਾ ॥

ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦਿ ॥
ਸੂਖ ਸਹਜ ਨਾਨਕ ਆਨੰਦ ਤਾਕੈ ਪੂਰਨ ਨਾਦ ॥ ੪ ॥ ੮ ॥ ੩੮॥

ਜਿਨਾਂ ਨੂੰ ਮਾਲਕ ਦੀ ਕਿਰਪਾ ਨਾਲ ਗੁਰੂ ਮਿਲਿਆ ਹੈ ਓਹ ਆਦਮੀ ਨਾਮ ਨੂੰ ਜਪਕੇ ਅਸਚਰਜ ਪ੍ਰਮੇਸਰ ਦਾ ਰੂਪ ਹੀ ਹੋ ਗਏ ਹਨ । ਗੁਰੂ ਜੀ, ਗੁਰਮੁਖਾਂ ਨੂੰ ਹਰ ਤਰਾਂ ਦਾ ਸੁਖ ਮਿਲਿਆ ਹੈ ਅਤੇ ਪੂਰੇ ਜਸ ਦੇ ਵਾਜੇ ਵਜੇ ਹਨ ॥

## ਬਿਲਾਵਲੁ ਮਹਲਾ ੫

ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥ ੧ ॥

ਜਿਨਾਂ ਦੇ ਆਸਰੇ ਸੰਸਾਰ ਸਮੁੰਦਰ ਤੋਂ ਤਰੇ ਹਾਂ ਓਨਾਂ ਸੰਤਾਂ ਦੇ ਚਰਨ ਜਹਾਜ ਵਰਗੇ ਹਨ ਅਤੇ ਓਨਾਂ ਸੰਤਾਂ ਨੇ ਵਿਕਾਰਾਂ ਨੂੰ ਜੇਤ=ਜਿਤਿਆ ਹੋਇਆ ਹੈ ਜਾਂ ਜੇਤ=ਜਿਨਾਂ ਸੰਤਾਂ ਦੇ ਆਸਰੇ ॥ ਸੰਸਾਰ ਰੂਪ ਉਜਾੜ ਵਿਚੋਂ ਭਗਤੀ ਗਿਆਨ ਦੇ ਰਸਤੇ ਓਨਾਂ ਸੰਤਾਂ ਨੇ ਪਾਇਆ ਹੈ ਜਿਨਾਂ ਨੂੰ ਗੁਰਾਂ ਨੇ ਭੇਤ ਦਸਿਆ ਹੈ ॥

ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥

Digitized by Panjab Digital Library | www.panjabdigilib.org

ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥ ੧ ॥ ਰਹਾਉ ॥

ਜਿਨਾ ਨੇ ਮਾਲਕ ਦੇ ਨਾਮ ਨਾਲ ਹੇਤ=ਪਿਆਰ ਕੀਤਾ ਹੈ ਉਠਦਿਆਂ ਬਹਿੰਦਿਆਂ ਸੌਂਦਿਆਂ ਮਾਲਕ ਨੂੰ ਚੇਤੇ ਰਖਿਆ ਹੈ ।

ਪੰਚ ਚੋਰ ਆਗੈ ਭਗੇ ਜਬ ਸਾਧ ਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥ ੨ ॥

ਜਦੋਂ ਚੰਗਿਆਂ ਸੰਤਾਂ ਦਾ ਸੰਗ ਹੋਇਆ ਤਾਂ ਕਾਮ ਆਦਿਕ ਪੰਜ ਚੋਰ ਅਗੇ ਦੌੜ ਉਠੇ ਭਾਵ ਦੂਰ ਹੋ ਗਏ ॥ ਫੇਰ ਸਾਸਾਂ ਦੀ ਰਾਸ ਸਾਬਤ ਬਚ ਰਹੀ ਅਤੇ ਬੜਾ ਲਾਭ ਹੋਇਆ ਭਾਵ ਨਾਮ ਜਪਿਆ ਤੇ ਸਾਸ ਸਫਲ ਹੋਏ ॥ ਘਰ=ਦਿਲ ਦੇ ਵਿਚ ਹੀ ਮਾਲਕ ਨੂੰ ਲਭ ਲਿਆ ਫਿਰ ਬੜੀ ਚਿਟੀ ਸੋਭਾ ਹੋਈ ਜਾਂ ਇਕ੍ਰਤ ਦੀ ਸੋਭਾ ਹੋਈ ਕਿ ਨਾਮ ਜਪਕੇ ਤਰਨ ਦਾ ਪੁਲ ਬੰਨ੍ਹ ਦਿਤਾ ਜੋ ਕਈ ਲੋਕ ਤਰਨ ਲਗੇ ॥

ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥ ੩ ॥

ਗੁਰਮੁਖ ਅਚਲ ਸਰੂਪ ਵਿਚ ਇਸਤਤਿ ਹੋ ਗਏ ਓਨਾਂ ਦੀ ਸਾਰੀ ਚਿੰਤਾ ਦੂਰ ਹੋ ਗਈ ਹੁਣ ਓਹ ਡੋਲਦੇ ਨਹੀਂ ਹਨ ॥ ਓਨਾਂ ਦਾ ਭਰਮ ਭੁਲਾਵਾ ਵੀ ਦੂਰ ਹੋ ਗਿਆ ਕਿਉਂਕਿ ਉਸ ਮਾਲਕ ਨੂੰ ਅਪਣੀਆਂ ਅੱਖਾਂ ਨਾਲ ਵੇਖ ਲਿਆ ॥

ਗੁਨ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰਿਤ ॥ ੪ ॥ ੯ ॥ ੩੯ ॥

ਗੰਭੀਰਤਾ ਆਦਿਕ ਗੁਣਾਂ ਦੇ ਭਰੇ ਹੋਇ ਓਹ ਸੰਤ ਗੁਣਾਂ ਦੇ ਮਾਲਕ ਹਨ ਓਨਾਂ ਦੇ ਗੁਣ ਕਿਤਨੇ ਕੁ ਆਖੀਏ ਭਾਵ ਬਹੁਤ ਹਨ ॥ ਗੁਰੂ ਜੀ, ਜਿੰਨਾਂ ਨੇ ਸਾਧ ਸੰਗਤ ਕਰਕੇ ਨਾਮ ਦੇ ਜਾਪ ਨੂੰ ਪਾਇਆ ਹੈ ਓਨਾਂ ਨੇ ਹੀ ਮਾਲਕ ਰੂਪ ਅੰਮ੍ਰਿਤ ਨੂੰ ਪਾਲਿਆ ਹੈ ॥

## ਬਿਲਾਵਲੁ ਮਹਲਾ ੫

ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥
ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥ ੧ ॥

ਸੰਤਾਂ ਦੀ ਸੰਗਤ ਤੋਂ ਬਿਨਾ ਜੇਹੜਾ ਸੰਸਾਰ ਵਿਚ ਜੀਉਣਾ ਹੈ ਓਹ ਸਾਰਾ ਹੀ ਬਿਅ-

Digitized by Panjab Digital Library | www.panjabdigilib.org

ਰਬ ਹੈ। ਸੰਤਾਂ ਨਾਲ ਮਿਲਕੇ ਸਾਰੇ ਹੀ ਭਰਮ ਦੂਰ ਹੋ ਗਏ ਹਨ ਅਤੇ ਸਾਡੀ ਗਤੀ ਭਾਵ ਚੰਗੀ ਹਾਲਤ ਹੋਈ ਹੈ ਭਾਵ ਸੁਖ ਮਿਲਿਆ ਹੈ ॥

**ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥**
**ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥੧॥ ਰਹਾਉ ॥**

ਜਿਸ ਦਿਨ ਮੈਨੂੰ ਸੰਤ ਮਿਲੇ ਹਨ ਮੈਂ ਉਸ ਦਿਨ ਤੋਂ ਬਲਿਹਾਰ ਜਾਂਦਾ ਹਾਂ ਫਿਰ ਓਨਾਂ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ ਅਤੇ ਓਨਾਂ ਸੰਤਾਂਤੋਂ ਅਪਣੇ ਤਨ ਮਨ ਦੇ ਸਹਿਤ ਜੀਅ ਨੂੰ ਵਾਰਨੇ ਕਰਦਾ ਹਾਂ ॥

**ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜ੍ਤਾਰੀ ॥**
**ਸਗਲਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ ॥ ੨ ॥**

ਏਨੀ ਗੱਲ ਮੈਥੋਂ ਛੁਡਾਈ ਹੈ ਅਤੇ ਏਨੀ ਪੱਕੀ ਕਰਾਈ ਹੈ ਜੇਹੜਾ ਸਾਰਿਆਂ ਦੇ ਚਰਨਾਂ ਦੀ ਧੂੜ ਇਹ ਮਨ ਹੋਇਆ ਹੈ ਇਹ ਨਿੰਮ੍ਰਤਾ ਪੱਕੀ ਕਰਾਈ ਹੈ ਅਤੇ ਜੇਹੜੀ ਅਪਧਾਰੀ=ਆਪਣੇ ਵਿੱਚ ਬ੍ਰਿਤੀ ਧਾਰੀ ਹੋਈ ਸੀ ਓਹ ਸਾਰੀ ਨਾਸ ਹੋ ਗਈ ਹੈ ਇਹ ਗੱਲ ਛੁਡਾਈ ਹੈ ॥

**ਨਿੰਦ ਚਿੰਦ ਪਰਦੂਖਨਾ ਏ ਖਿਨ ਮਹਿ ਜਾਰੀ ॥**
**ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ ॥ ੩ ॥**

ਨਿੰਦਿਆ, ਉਸਤਤੀ, ਪਰਾਇਆਂ ਵਿਚ ਦੂਸ਼ਨ ਵੇਖਣੇ ਅਜੇਹਿਆਂ ਦੋਸ਼ਾਂ ਦੀ ਡਾਰ ਇਕ ਛਿਨ ਵਿਚ ਸਾੜ ਸੁੱਟੀ ਹੈ ॥ ਕਿਰਪਾ ਕਰਨ ਵਾਲੇ ਮਾਲਕ ਨੂੰ ਆਪਣੇ ਨੇੜੇ ਵੇਖਕੇ ਸਾਰਿਆਂ ਜੀਆਂ ਉਤੇ ਦਯਾ ਕੀਤੀ ਹੈ ਓਹ ਮਾਲਕ ਦੂਰ ਨਹੀਂ ਹੈ ਇਹ ਉਪਦੇਸ਼ ਸਾਰਿਆਂ ਜੀਆਂ ਨੂੰ ਦਿਤਾ ਹੈ ਸੰਤਾਂ ਨੇ ਇਹ ਗਲ ਪੱਕੀ ਕਰਾਈ ਹੈ ॥

**ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ ॥**
**ਹੀਤਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥੪॥੧੦॥੪੦॥**

ਤਨ ਮਨ ਸੀਤਲ ਹੋ ਗਏ ਹਨ ਸੰਸਾਰੀ ਬੰਧਨਾ ਤੋਂ ਛੁੱਟ ਗਏ ਹਾਂ ਗੁਰੂ ਜੀ, ਜੇਹੜਾ ਇੱਕੁਰ ਦੇ ਸੰਤਾਂ ਦਾ ਦਰਸਨ ਹੈ ਏਹੋ ਹੀ ਸਾਡੇ ਪ੍ਰਾਣ ਧਨ ਸਭ ਕੁਛ ਹੈ ਓਸੇ ਵਿਚ ਸਾਡੇ ਚਿਤ ਦਾ ਹਿਤ ਲੱਗਾ ਹੋਇਆ ਹੈ ॥

Digitized by Panjab Digital Library | www.panjabdigilib.org

(ਬੇਨਤੀ,ਦਾਨ ਮੰਗਣਾ)

## ਬਿਲਾਵਲੁ ਮਹਲਾ ੫

**ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥**
**ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥ ੧ ॥**

ਹੇ ਮਾਲਕਾ ਤੇਰੇ ਸੰਤਾਂ ਦੀ ਟਹਿਲ ਕਰਾਂ ਅਤੇ ਸੰਤਾਂ ਦੇ ਚਰਨਾਂ ਦੀ ਧੂੜ ਨੂੰ ਕੇਸਾਂ ਨਾਲ ਝੜਾਂ ॥ ਆਪਣਾ ਸਿਰ ਸੰਤਾਂ ਦੀ ਭੇਟਾ ਦਿਆਂ ਅਤੇ ਫਿਰ ਓਨਾਂ ਤੋਂ ਤੇਰਿਆਂ ਸੁੰਦਰ ਗੁਣਾਂ ਨੂੰ ਸੁਣਾਂ ॥

**ਤੁਮ ਮਿਲਤੇ ਮੇਰਾ ਮਨੁ ਜੀਓ ਤੁਮ ਮਿਲਹੁ ਦਇਆਲ ॥**
**ਨਿਸਿ ਬਾਸੁਰ ਮਨਿ ਅਨਦੁ ਹੋਤ ਚਿਤਵਤ ਕਿਰਪਾਲ ॥੧॥ਰਹਾਉ॥**

ਹੇ ਮਾਲਕਾ ਤੇਰੇ ਮਿਲਨ ਨਾਲ ਮੇਰਾ ਮਨ ਜੀਉਂਦਾ ਹੋਵੇਗਾ ਇਸ ਲਈ ਤੂੰ ਮੈਨੂੰ ਮਿਲ ॥ ਹੇ ਕਿਰਪਾਲ ਤੇਰੇ ਨਾਮ ਨੂੰ ਯਾਦ ਕਰਦਿਆਂ ਹੋਇਆਂ ਮੇਰੇ ਮਨ ਵਿਚ ਦਿਨੇ ਰਾਤ ਸਦਾ ਹੀ ਅਨੰਦ ਹੁੰਦਾ ਹੈ ॥

**ਜਗਤ ਉਧਾਰਨ ਸਾਧ ਪ੍ਰਭ ਤਿਨ ਲਾਗਉ ਪਾਲ ॥**
**ਮੋਕਉ ਦੀਜੈ ਦਾਨੁ ਪ੍ਰਭ ਸੰਤਨ ਪਗਰਾਲ ॥ ੨ ॥**

ਜੇਹੜੇ ਸੰਤ ਇਸ ਸੰਸਾਰ ਤੋਂ ਤਾਰਨ ਵਾਲੇ ਹਨ ਮੈਂ ਓਨਾਂ ਦੇ ਪੱਲੇ ਲੱਗਦਾ ਹਾਂ ਭਾਵ ਆਸਰਾ ਲੈਂਦਾ ਹਾਂ ॥ ਹੇ ਮਾਲਕ ਮੈਨੂੰ ਆਪਣੇ ਸੰਤਾਂ ਦੀ ਚਰਨ ਧੂੜ ਦਾ ਦਾਨ ਦੇਹ ॥

**ਉਕਤਿ ਸਿਆਨਪ ਕਛੁ ਨਹੀ ਨਾਹੀ ਕਛੁ ਘਾਲ ॥**
**ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮ ਜਾਲ ॥ ੩ ॥**

ਬਾਣੀ ਦੀ ਚਤੁਰਾਈ ਨਾਲ ਉਕਤਿ=ਕਥਨੀ ਭਾਵ ਚੰਗੀ ਬੋਲੀ ਅਤੇ ਅਕਲ ਦੀ ਸਿਆਣਪ ਕੁਛ ਨਹੀ ਹੈ ਅਤੇ ਸਰੀਰ ਕਰਕੇ ਚੰਗਿਆਂ ਕਰਮਾਂ ਦੀ ਘਾਲ= ਕਮਾਈ ਵੀ ਕੁਛ ਨਹੀ ਹੈ। ਭਰਮ, ਜਨਮਾਂ ਦੇ ਡਰ, ਮੋਹ ਆਦਿਕਾਂ ਤੋਂ ਰਖ ਲਓ ਅਤੇ ਜਮ ਦੇ ਜਾਲ ਵਿਚੋਂ ਕਢ ਲਓ ॥

**ਬਿਨਉ ਕਰਉ ਕਰਣਾਪਤੇ ਪਿਤਾ ਪ੍ਰਤਿਪਾਲ ॥ ਗੁਣ ਗਾਵਉ ਤੇਰੇ ਸਾਧਸੰਗਿ ਨਾਨਕ ਸੁਖਸਾਲ ॥ ੪ ॥ ੧੧ ॥ ੪੧ ॥**

ਹੇ ਕਿਰਪਾ ਦੇ ਪਤੀ ਜੀਆਂ ਦੀ ਪਾਲਨਾ ਕਰਨ ਵਾਲੇ ਪਿਤਾ ਮੈਂ ਤੇਰੇ ਅਗੇ ਬੇਨਤੀ

Digitized by Panjab Digital Library | www.panjabdigilib.org

ਕਰਦਾ ਹਾਂ॥ ਗੁਰੂ ਜੀ, ਹੇ ਮਾਲਕ ਜੇਹੜਾ ਤੇਰਾ ਸਤਸੰਗ ਸੁਖਾਂ ਦਾ ਸਾਲ=ਘਰ ਹੈ ਮੈਂ ਉਸ ਵਿਚ ਬੈਠਕੇ ਤੇਰੇ ਗੁਣ ਗਾਂਦਾ ਰਹਾਂਗਾ ॥

## ਬਿਲਾਵਲੁ ਮਹਲਾ ੫

**ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥**
**ਪਰਤਾਪੁ ਤੁਮਾਰਾ ਦੇਖਿਕੈ ਜਮਦੂਤ ਛਡਿਜਾਹਿ ॥ ੧ ॥**

ਹੇ ਮਾਲਕ ਜੀ ਜੋ ਤੁਸੀ ਕੀਤਾ ਚ ਹੁੰਦੇ ਹੋ ਓਹੋ ਹੀ ਕਰ ਦੇਂਦੇ ਹੋ ਤੁਹਾਡੇ ਬਿਨਾਂ ਕੁਛ ਨਹੀ ਹੋ ਸਕਦਾ ਹੈ ਭਾਵ ਕੋਈ ਕੁਛ ਨਹੀ ਕਰ ਸਕਦਾ ਹੈ। ਭਜਨ ਦਾ ਪ੍ਰਤਾਪ ਵੇਖਕੇ ਆਦਮੀ ਨੂੰ ਜਮਦੂਤ ਵੀ ਛੱਡਕੇ ਭਜ ਜਾਂਦੇ ਹਨ॥

**ਤੁਮਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ ॥**
**ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ ॥ ੧ ॥ ਰਹਾਉ ॥**

ਹੇ ਪੂਰਨ ਗੁਰਦੇਵ ਸਾਰੀਆਂ ਕਲਾਂ ਦੇ ਕਰਨ ਜੋਗ ਤੇਰੀ ਕਿਰਪਾ ਨਾਲ ਮੋਹ ਆਦਿਕ ਬੰਧਨ ਤੋਂ ਛੁਟ ਜਾਈਦਾ ਹੈ। ਅਤੇ ਝੂਠਿਆਂ ਪਦਾਰਥਾਂ ਦੀ ਮਮਤਾ ਦੂਰ ਹੋ ਜਾਂਦੀ ਹੈ॥

**ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ॥**
**ਜੀਵਨ ਸੁਖੁ ਸਭੁ ਸਾਧ ਸੰਗਿ ਪ੍ਰਭ ਮਨਸਾ ਪੂਰੁ ॥ ੨ ॥**

ਲਭਦਿਆਂ ੨ ਇਹ ਲਭਿਆ ਕਿ ਨਾਮ ਤੋਂ ਬਿਨਾਂ ਸਾਰਾ ਸੰਸਾਰ ਹੀ ਝੂਠਾ ਹੈ ਚੰਗਾ ਜੀਵਨ ਅਤੇ ਸਾਰੇ ਸੁਖਾਂ ਦਾ ਘਰ ਸਤਸੰਗ ਹੀ ਹੈ ਸੋ ਹੇ ਮਾਲਕ ਸਾਡੀ ਸਤਸੰਗ ਕਰਨ ਦੀ ਵਾਸ਼ਨਾ ਹੈ ਸੋ ਪੂਰੀ ਕਰ॥

**ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ ॥**
**ਜਤ ਕਤ ਤੁਮ ਭਰਪੂਰ ਹਹੁ ਮੇਰੇ ਦੀਨ ਦਇਆਲੀ ॥ ੩ ॥**

ਜਿਸ ੨ ਪਾਸੇ ਆਪ ਲਾਂਦੇ ਹੋ ਓਸੇ ੨ ਪਾਸੇ ਅਸੀ ਲਗਦੇ ਹਾਂ। ਹੋਰ ਸਾਰੀ ਆਪਣੇ ਮਨ ਦੀ ਚਤਰਾਈ ਸਾੜ ਦਿਤੀ ਹੈ॥ ਹੇ ਮੇਰੇ ਦੀਨਦਿਆਲ ਮਾਲਕ ਜਿਥੇ ਜਿਥੇ ਹਰ ਥਾਂ ਵਿਚ ਆਪ ਲਬ੍ਰਾਲਬ ਹੋ ਰਹੇ ਹੋ ਭਾਵ ਮਿਲੇ ਹੋਏ ਹੋ॥ ਦਇਆਲੀ=ਪਦ ਤੁਕਬੰਦੀ ਪੂਰਨ ਕਰਨ ਵਾਸਤ ਹੈ॥

**ਸਭੁ ਕਿਛੁ ਤੁਮਤੇ ਮਾਗਨਾ ਵਡਭਾਗੀ ਪਾਏ ॥**
**ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ। ੪॥੧੨॥੪੨॥**

Digitized by Panjab Digital Library | www.panjabdigilib.org

ਹੇ ਮਾਲਕਾ ਸਭ ਕੁਛ ਤੇਰੇ ਪਾਸੋਂ ਹੀ ਮੰਗਣਾ ਹੈ ਪਰ ਜੋ ਕੁਛ ਪਾਈਦਾ ਹੈ ਵਡਿਆਂ ਭਾਗਾਂ ਕਰਕੇ ਪਾਈਦਾ ਹੈ ਜਾਂ ਵਡਿਆਂ ਭਾਗਾਂ ਵਾਲਿਆਂ ਨੂੰ ਤੇਰਾ ਦਰਸਨ ਹੁੰਦਾ ਹੈ ਗੁਰੂ ਜੀ, ਹੇ ਮਾਲਕਾ ਮੇਰੀ ਇਹ ਬੇਨਤੀ ਹੈ ਕਿ ਮੈਂ ਜਿਤਨਾਂ ਚਿਰ ਜੀਉਂਦਾ ਰਹਾਂ ਤੇਰਿਆਂ ਗੁਣਾਂ ਨੂੰ ਗਾਂਦਾ ਰਹਾਂ ॥

(ਸਤਸੰਗ ਦਾ ਲਾਭ)

## ਬਿਲਾਵਲੁ ਮਹਲਾ ੫

**ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥**
**ਪ੍ਰਭ ਸੇਤੀ ਰੰਗ ਰਾਤਿਆ ਤਾਤੇ ਗਰਭਿ ਨ ਗ੍ਰਸਨਾ। ੧ ॥**

ਸਤਸੰਗ ਦੇ ਵਿਚ ਵੱਸਣ ਨਾਲ ਸਾਰੇ ਪਾਪ ਨਸ ਜਾਂਦੇ ਹਨ । ਮਾਲਕ ਦੇ ਪ੍ਰੇਮ ਨਾਲ ਰਤਿਆਂ ਹੋਇਆਂ ਫਿਰ ਪੇਟ ਦੀ ਫਾਹੀ ਵਿਚ ਨਹੀਂ ਫਸੀਦਾ ਹੈ ਭਾਵ ਜਨਮ ਨਹੀਂ ਧਾਰੀਦਾ ਹੈ ॥

**ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥**
**ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥ ੧ ॥ ਰਹਾਉ ॥**

ਮਾਲਕ ਦਾ ਨਾਮ ਆਖਣ ਨਾਲ ਰਸਨਾ ਪਵਿਤ੍ਰ ਹੋ ਜਾਂਦੀ ਹੈ ॥ ਗੁਰੂ ਦਾ ਜਪ ਜਪਣ ਭਾਵ ਉਪਦੇਸ਼ ਸੁਣਨ ਨਾਲ ਮਨ ਤਨ ਨਿਰਮਲ ਹੋ ਜਾਂਦਾ ਹੈ ॥

**ਹਰਿਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥**
**ਬੁਧਿਪ੍ਰਗਾਸ ਪ੍ਰਗਟ ਭਈ ਉਲਟਿਕਮਲੁ ਬਿਗਸਨਾ ॥ ੨ ॥**

ਪ੍ਰਮੇਸਰ ਦੇ ਨਾਮ ਰਸ ਨੂੰ ਚਖਦਿਆਂ ਹੀ ਮਨ ਰਜ ਜਾਂਦਾ ਹੈ ਭਗਤ ਨਾਮ ਰਸ ਨੂੰ ਲੈਕੇ ਹਸਦਾ ਹੈ ॥ ਚਾਨਣ ਵਾਲੀ ਅਕਲ ਪ੍ਰਗਟ ਹੋ ਜਾਂਦੀ ਹੈ ਦਿਲ ਕੌਲ ਪੁਠਾ ਹੋਯਾ੨ ਖਿੜ ਆਉਂਦਾ ਭਾਵ ਖੁਸ਼ੀ ਹੁੰਦਾ ਹੈ ਜਾਂ ਸੰਸਾਰ ਵਲੋਂ ਉਲਟਕੇ ਮੁੜ ਕੇ ਪ੍ਰਸੰਨ ਹੁੰਦਾ ਹੈ ।

**ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥**
**ਦਹਦਿਸ ਧਾਵਤ ਮਿਟਿਗਏ ਨਿਰਮਲਥਾਨਿ ਬਸਨਾ ॥ ੩ ॥**

ਸ਼ਾਂਤੀ ਆਦਕ ਗੁਣਾਂ ਨੂੰ ਪਾਕੇ ਇਹ ਮਨ ਠੰਢਾ ਹੋਕੇ ਸੰਤੋਖ ਨੂੰ ਪਾਂਦਾ ਹੈ ਇਸ ਲਈ ਸਾਰੀ ਤ੍ਰਿਸਨਾ ਅੱਗ ਬੁਝ ਜਾਂਦੀ ਹੈ॥ ਜਦੋਂ ਪ੍ਰਮੇਸਰ ਦੇ ਨਿਰਮਲ ਥਾਂ ਵਿਚ ਵੱਸਣਾ ਹੁੰਦਾ ਹੈ ਤਾਂ ਦਸਾਂ ਪਾਸਿਆਂ ਵਲ ਦੌੜਨ ਦੇ ਖਿਆਲ ਦੂਰ ਹੋ ਜਾਂਦੇ ਹਨ ॥

Digitized by Panjab Digital Library | www.panjabdigilib.org

**ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥ ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥**

ਰੱਖਣ ਵਾਲੇ ਮਾਲਕ ਨੇ ਅਪਣੀ ਕਿਰਪਾ ਨਾਲ ਇਸ ਸੰਸਾਰ ਦੇ ਦੁਖ ਤੋਂ ਰਖ ਲਿਆ ਹੈ ਏਸੇ ਲਈ ਸਾਰੇ ਭਰਮ ਸੁਆਹ ਹੋ ਗਏ ਹਨ ਭਾਵ ਸੜ ਗਏ ਹਨ॥ ਗੁਰੂ ਜੀ, ਸੰਤਾਂ ਦੇ ਦਰਸ਼ਨ ਨੂੰ ਵੇਖਕੇ ਨਾਮ ਦਾ ਖਜਾਨਾ ਪਾਕੇ ਸੁਖੀ ਹੋ ਗਏ ਹਨ॥

(ਮਨ ਦਾ ਪ੍ਰੇਮ, ਬੇਨਤੀ)

## ਬਿਲਾਵਲੁ ਮਹਲਾ ੫

ਛੋਹਰਾ=ਛੋਟਾ ਬਾਲਕ, ਦਾਸ । ਲੂਗਰਾ=ਕੰਬਲ, ਭੂਰਾ ਆਦਿਕ ਮੋਟਾ ਕਪੜਾ, ਨਗਨ =ਨੰਗਾ ।

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥**
**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥**

ਪਾਣੀ ਭਰਕੇ, ਪੱਖਾ ਝਲਕੇ, ਚਕੀ ਪੀਹਕੇ, ਤੇਰੇ ਦਾਸਾਂ ਦੀ ਇਕੁਰ ਦੀ ਸੇਵਾ ਕਰਕੇ ਭਾਂ ਫਿਰ ਨਿਹਾਲ ਹੋ ਜਾਈਦਾ ਹੈ ਰਾਜ ਕਰਨਾ, ਜਗੀਰਾਂ ਦਾ ਸੁਖ ਭੋਗਣਾ ਇਹ ਜੇਹੜੀਆਂ ਸਰਦਾਰੀਆਂ ਹਨ ਮੈਂ ਸਾਰੀਆਂ ਹੀ ਅਗ ਵਿਚ ਸਾੜ ਸੁਟਦਾ ਹਾਂ।

**ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥**
**ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ ॥੧॥ ਰਹਾਉ ॥**

ਜੇਹੜਾ ਸੰਤਾਂ ਦਾ ਛੋਟਾ ਦਾਸ ਹੈ ਮੈਂ ਉਸ਼ਦੀ ਚਰਨੀ ਲਗਦਾ ਹਾਂ ਬੜੇ ੨ ਮਾਇਆ ਧਾਰੀ ਪਾਤਸ਼ਾਹ ਵੀ ਹੋਣ ਮੈਂ ਓਹਨਾਂ ਨੂੰ ਛਡ ਦੇਂਦਾ ਹਾਂ ਭਾਵ ਓਹਨਾਂ ਦੇ ਮਥੇ ਨਹੀ ਲਗਦਾ ਹਾਂ॥

**ਸੰਤਨ ਕਾ ਦਾਨਾ ਰੂਖਾ ਸੋ ਸਰਬਨਿਧਾਨ ॥**
**ਗ੍ਰਿਹਿ ਸਾਕਤ ਛਤੀਹਪ੍ਰਕਾਰ ਤੇ ਬਿਖੂ ਸਮਾਨ ॥੨॥**

ਜੇਹੜਾ ਸੰਤਾਂ ਦਾ ਰੁਖਾ ਅੰਨ ਹੈ ਓਹ ਸਾਰਿਆਂ ਖਜ਼ਾਨਿਆਂ ਦਾ ਘਰ ਹੈ ਭਾਵ ਮਿਠਾ ਸੁਖਦਾਈ ਅੰਨ ਹੈ, ਜੇਹੜਾ ਬੁਰੇ ਆਦਮੀ ਦੇ ਘਰ ਦਾ ਅੰਨ ਕਈ ਤਰਾਂ ਦਾ ਹੈ ਓਹ ਵਿਹੁ ਵਰਗਾ ਹੈ। (ਭਾਈ ਲਾਲੋ ਵਾਲੀ ਸਾਖੀ ਸਮਝੋ)

**ਭਗਤਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥**
**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥**

Digitized by Panjab Digital Library | www.panjabdigilib.org

ਤੇਰੇ ਭਗਤਾਂ ਦਾ ਦਿਤਾ ਹੋਇਆ ਛੋਟਾ ਜੇਹਾ ਪਾਟਾ ਹੋਇਆ ਭੂਰਾ ਭਾਵੇਂ ਹੋਵੇ ਓਸਨੂੰ ਵੀ ਉਤੇ ਲੈਕੇ ਨੰਗਿਆਂ ਨਹੀ ਹੋਈਦਾ ਹੈ (ਜਿਵੇਂ ਗੁਰੂ ਅਮਰਦਾਸ ਜੀ ਨੂੰ ਇਕ ਪਰਨਾ ਮਿਲਦਾ ਸੀ) ਬੁਰੇ ਆਦਮੀ ਦਾ ਦਿਤਾ ਹੋਇਆ ਭਾਵੇਂ ਰੇਸ਼ਮੀ ਕਪੜਾ ਵੀ ਹੋਵੇ ਉਸਨੂੰ ਉਤੇ ਲੈਣ ਨਾਲ ਇਜ਼ਤ ਦੂਰ ਹੋ ਜਾਂਦੀ ਹੈ ਭਾਵ ਮਨ ਬੁਰਿਆਂ ਕੰਮਾਂ ਵਲ ਜਾਂਦਾ ਹੈ ॥

**ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ ॥**
**ਹਰਿਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥ ੪ ॥**

ਬੁਰੇ ਆਦਮੀ ਨਾਲ ਮੂੰਹ ਜੋੜਨ ਭਾਵ ਉਸਦੀ ਸੰਗਤ ਕਰਨ ਨਾਲ ਅਧ ਵਿਚੋਂ ਹੀ ਪ੍ਰੇਮ ਟੁਟ ਜਾਂਦਾ ਹੈ ॥ ਜੇਹੜਾ ਆਦਮੀ ਤੇਰਿਆਂ ਭਗਤਾਂ ਦੀ ਸੇਵਾ ਕਰਦਾ ਹੈ ਓਹ ਲੋਕ ਪਰਲੋਕ ਵਿਚ ਸਾਰਿਆ ਦੁਖਾ ਦੇ ਬੰਧਨਾਂ ਤੋਂ ਛੁਟਜਾਂਦਾਹੈ

**ਸਭਕਿਛੁ ਤੁਮਹੀ ਤੇ ਹੋਆ ਆਪਿ ਬਣਤ ਬਣਾਈ ॥**

**ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥ ੫ ॥ ੧੪ ॥ ੪੪**

ਹੇ ਮਾਲਕਾ ਸਭ ਕੁਛ ਤੈਥੋਂ ਹੀ ਹੋਇਆ ਹੈ ਅਤੇ ਤੂੰ ਆਪ ਹੀ ਸਾਰੇ ਸੰਸਾਰ ਦੀ ਬਣੌਟ ਬਣਾਈ ਹੈ ਭਾਵ ਸਾਰਿਆਂ ਦਾ ਮਾਲਕ ਤੂੰ ਆਪ ਹੀ ਹੈਂ ॥ ਗੁਰੂ ਜੀ, ਸਾਡੀ ਇਹ ਬੇਨਤੀ ਹੈ ਤੇਰਿਆਂ ਸੰਤਾਂ ਦੇ ਦਰਸਨ ਦਾ ਮਿਲਾਪ ਕਰਕੇ ਸਦਾ ਤੇਰਿਆਂ ਗੁਣਾਂ ਨੂੰ ਗਾਂਦੇ ਰਹੀਏ ॥

(ਗੁਣ ਮੰਗਣੇ, ਬੇਨਤੀ)

## ਬਿਲਾਵਲੁ ਮਹਲਾ ੫

**ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥**
**ਸੰਤ ਚਰਣ ਕਰ ਸੀਸੁ ਧਰਿ ਹਰਿਨਾਮੁ ਧਿਆਵਉ ॥ ੧ ॥**

ਹੇ ਮਾਲਕਾ ਕੰਨਾਂ ਨਾਲ ਤੇਰਾ ਨਾਮ ਸੁਣਾਂ ਅਤੇ ਜਬਾਨ ਨਾਲ ਜਸ ਗਾਵਾਂ ॥ ਸੰਤਾਂ ਦੇ ਚਰਨਾਂ ਉਤੇ ਸਿਰ ਧਰਕੇ ਨਾਮ ਨੂੰ ਧਿਆਵਾਂ ॥

**ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥**
**ਸੰਤਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥ ੧ ॥ ਰਹਾਉ ॥**

ਹੇ ਦਿਆਲੂ ਮਾਲਕ ਮੇਰੇਉਤੇ ਇਹ ਕਿਰਪਾ ਕਰ ਜਿਸ ਤੇ ਮੈਂ ਨਿਧੀਆਂ ਸਿੱਧੀਆਂ ਪਾ ਲਵਾਂ ਓਹ ਰਿਧੀਆਂ ਕੇਹੜੀਆਂ ਹਨ ਜੋ ਤੇਰਿਆਂ ਸੰਤਾਂ ਦੀ ਚਰਨ ਧੂੜ ਨੂੰ ਲੈਕੇ

Digitized by Panjab Digital Library | www.panjabdigilib.org

ਆਪਣੇ ਮਥੇ ਉਤੇ ਲਾਵਾਂ ॥

**ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥**
**ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ॥ ੨ ॥**

ਨੀਵੇਂ ਤੋਂ ਨੀਵਾਂ ਬਹੁਤ ਹੀ ਨੀਵਾਂ ਹੋਕੇ ਸੰਤਾਂ ਨੂੰ ਬੇਨਤੀ ਕਰਕੇ ਬੁਲਾਵਾਂ ॥ ਪੈਰਾਂ ਨੂੰ ਮਲਾਂ ਹੰਕਾਰ ਨੂੰ ਛੱਡ ਦਿਆਂ ਇਕੁਰ ਤੇਰਿਆਂ ਸੰਤਾਂ ਦੀ ਸੰਗਤ ਵਿਚ ਸਮਾਵਾਂ ॥

**ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥**
**ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥ ੩॥**

ਮੈਨੂੰ ਤੇਰਾ ਨਾਮ ਸਾਸ ਸਾਸ ਨ ਭੁੱਲੇ ਹੇ ਮਾਲਕ ਤੈਨੂੰ ਛੱਡ ਕੇ ਹੋਰ ਕਿਧਰੇ ਨ ਦੌੜਾਂ॥ ਇੱਕਰ ਦੇ ਗੁਰੂ ਦੇ ਸਫਲ ਦਰਸਨ ਦੇ ਮਿਲਾਪ ਕਰਕੇ ਮਾਨ ਮੋਹ ਆਦਕ ਵਿਕਾਰਾਂ ਨੂੰ ਦੂਰ ਕਰਦਿਆਂ॥

**ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥**
**ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ ੪ ॥੧੫॥੪੫॥**

ਸਤ ਸੰਤੋਖ ਦਯਾ ਧਰਮ ਆਦਕ ਗੁਣਾਂ ਦਾ ਸ਼ਿੰਗਾਰ ਬਣਾਵਾਂ ਭਾਵ ਇਹਨਾਂ ਗੁਣਾਂ ਨੂੰ ਧਾਰਾਂ॥ ਗੁਰੂ ਜੀ, ਹੇ ਮਾਲਕਾ ਜੇ ਤੈਨੂੰ ਚੰਗੀ ਲੱਗਾਂ ਤਾਂ ਮੈਂ ਸਫਲ ਸੁਹਾਗਣੀ ਹੋਵਾਂ ਭਾਵ ਮੇਰਾ ਜੀਵਨ ਸਫਲ ਹੋਵੇ ॥

(ਸਤਸੰਗ ਦਾ ਲਾਭ)

## ਬਿਲਾਵਲੁ ਮਹਲਾ ੫

**ਅਟਲਬਚਨ ਸਾਧੂਜਨਾ ਸਭ ਮਹਿ ਪ੍ਰਗਟਾਇਆ ॥**
**ਜਿਸੁ ਜਨੁ ਹੋਆ ਸਾਧਸੰਗੁ ਤਿਸੁ ਭੇਟੈ ਹਰਿਰਾਇਆ ॥ ੧ ॥**

ਸਾਰਿਆਂ ਲੋਕਾਂ ਵਿਚ ਇਹ ਗਲ ਪ੍ਰਗਟ ਹੈ ਕਿ ਸਾਧੂਆਂ ਦਾ ਬਚਨ ਅਟੱਲ ਹੈ ਮੁੜਦਾ ਨਹੀਂ ਹੈ॥ ਜਿਸ ਆਦਮੀ ਨੂੰ ਸੰਤਾਂ ਦਾ ਸੰਗ ਹੋਇਆ ਹੈ ਉਸਨੂੰ ਪ੍ਰਮੇਸਰ ਮਿਲ ਪਿਆ ਹੈ ॥

**ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ ॥ ਅਨਿਕ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈਆਇਆ ॥ ੧ ॥ ਰਹਾਉ ॥**

ਇਹ ਜੇਹੜੇ ਸੰਤ ਪ੍ਰਮੇਸਰ ਦੀ ਪ੍ਰਤੀਤੀ ਕਰਾਉਣ ਵਾਲੇ ਹਨ ਓਨਾਂ ਦੇ ਮੇਲ ਨਾਲ

Digitized by Panjab Digital Library | www.panjabdigilib.org

ਨਾਮ ਨੂੰ ਜਪਕੇ ਸੁਖ ਪਾਇਆ ਹੈ ॥ ਜੇਹੜੀਆਂ ਅਸੀਂ ਅਨੇਕ ਗਲਾਂ ਕਰਦੇ ਸਾਂ ਭਾਵ ਬਾਹਰ ਦੇ ਸਾਧਨ ਪਰ ਗੁਰਾਂ ਬਿਨਾ ਘਰ ਵਿਚ ਨਹੀਂ ਆਏ ਸਾਂ ਹੁਣ ਮੈਨੂੰ ਗੁਰੂ ਘਰ ਵਿਚ ਲੈ ਆਇਆ ਹੈ ਭਾਵ ਮੇਰਾ ਮਨ ਟਿਕ ਗਿਆ ਹੈ ॥

**ਸਰਣਿਪਰੇ ਕੀ ਰਾਖਤਾ ਨਾਹੀ ਸਹਸਾਇਆ ॥**
**ਕਰਮਭੂਮਿ ਹਰਿਨਾਮੁ ਬੋਇ ਅਉਸਰੁ ਦੁਲਭਾਇਆ ॥ ੨ ॥**

ਪ੍ਰਮੇਸਰ ਸ਼ਰਨ ਪਏ ਦੇ ਲਜਿਆ ਰੱਖਦਾ ਹੈ ,ਇਸ ਗਲ ਵਿਚ ਕੋਈ ਸ਼ੱਕ ਨਹੀ ਹੈ ਚੰਗਿਆਂ ਕਰਮਾਂ ਦੀ ਜੇਹੜੀ ਜਮੀਨ ਬੀਜਣੀ ਹੈ ਭਾਵ ਮਨੁਖ ਜਨਮ ਵਿਚ ਭਜਨ ਕਰਨਾ ਹੈ ਏਹੋ ਹੀ ਨਾਮ ਦਾ ਬੀਜਣਾ ਹੈ ਇਹ ਸਮਾ ਬੜਾ ਦੁਰਲਭ ਹੈ ਭਾਵ ਫਿਰ ਨਾਮ ਜਪਨ ਨੂੰ ਸਮਾ ਨਹੀਂ ਮਿਲਣਾ ਹੈ ॥

**ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ ॥**
**ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥ ੩ ॥**

ਜੇਹੜਾ ਪ੍ਰਮੇਸਰ ਆਪ ਅੰਤਰਜਾਮੀ ਹੈ ਓਹ ਆਪ ਹੀ ਸਭ ਕੁਛ ਕਰਦਾ ਕਰਾਂਦਾ ਹੈ ਭਾਵ ਉਸਦਾ ਹੁਕਮ ਅਟੱਲ ਹੈ ਜਾਂ ਜੀਵ ਉਸਦਾ ਕਰਾਇਆ ਹੋਇਆ ਕੰਮ ਕਰਦੇ ਹਨ ॥ ਉਸ ਮਾਲਕ ਨੇ ਬਹੁਤ ਹੀ ਪਾਪੀ ਪਵਿਤ੍ਰ ਕਰ ਦਿਤੇ ਹਨ ਇਹ ਸਾਡੇ ਮਾਲਕ ਦਾ ਪ੍ਰਣ ਹੈ ਭਾਵ ਫਰਜ਼ ਹੈ ॥

**ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥ ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥ ੪ ॥ ੧੬ ॥੪੬ ॥**

ਹੇ ਮਨੁਖੋ ਮਾਇਆ ਦੇ ਭਰਮਾਇ ਹੋਇ ਤੁਸੀਂ ਨਾਮ ਤੋਂ ਨ ਭੁਲੋ ਗੁਰੂ ਜੀ, ਜਿਸ ਨੂੰ ਮਾਲਕ ਨੇ ਸਿਰੋਪਾਉ ਪਹਿਰਾਇਆ ਹੋਇਆ ਹੈ ਭਾਵ ਭਗਤੀ ਦਿਤੀ ਹੋਈ ਹੈ ਉਸ ਆਦਮੀ ਦੀ ਇਜਤ ਮਾਲਕ ਰਖੇਗਾ ॥

(ਪ੍ਰਮੇਸਰ ਦੇ ਉਪਕਾਰ)

### ਬਿਲਾਵਲੁ ਮਹਲਾ ੫

**ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥**
**ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥ ੧ ॥**

ਜਿਸ ਮਾਲਕ ਨੇ ਮਿੱਟੀ ਤੋਂ ਭਾਵ ਪੰਜਾਂ ਤੱਤਾਂ ਤੋਂ ਇਸ ਦੁਰਲਭ ਮਨੁਖ ਦੇਹ ਨੂੰ ਬਣਾਇਆ ਹੈ ॥ ਅਨੇਕਾਂ ਛੇਕ ਭਾਵ ਕਲੰਕ ਕਾਮ

Digitized by Panjab Digital Library | www.panjabdigilib.org

ਆਦਕ ਮਨ ਦੇ ਅੰਦਰ ਢਕੇ ਹੋਇ ਹਨ ਅਤੇ ਬਾਹਰੋਂ ਸਰੀਰ ਬੜਾ ਨਿਰਮਲ ਨਜ਼ਰ ਆਉਂਦਾ ਹੈ ॥

**ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥**
**ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥ ੧ ॥ ਰਹਾਉ ॥**

ਜਿਸ ਮਾਲਕ ਦੇ ਇਹ ਗੁਣ ਜੀਵ ਨੂੰ ਦਿਤੇ ਹੋਇ ਹਨ ਓਹ ਮਾਲਕ ਮਨ ਤੋਂ ਕਿਉਂ ਭੁਲੇ ॥ ਜਿਸ ਮਾਲਕ ਦੇ ਨਾਮ ਨੂੰ ਛਡਕੇ ਜੇਹੜੇ ਹੋਰ ਦ੍ਵੈਤ ਭਾਵ ਵਿਚ ਰਚੇ ਹੋਇ ਹਨ ਓਹ ਆਦਮੀ ਖੇਹ ਵਿਚ ਰਲ ਜਾਣਗੇ ਭਾਵ ਜਨਮਾਂ ਵਿਚ ਦੁਖ ਪਾਣਗੇ ॥

**ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥**
**ਛੋਡਿ ਪਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥ ੨ ॥**

ਉਸ ਨਾਮ ਨੂੰ ਸਾਸ ਸਾਸ ਯਾਦ ਕਰੋ, ਯਾਦ ਕਰਨ ਲਗੇ ਦੇਰ ਨ ਕਰੋ । ਸਾਰੇ ਸੰਸਾਰ ਫੈਲਾ ਵਾਲੇ ਨੂੰ ਛਡਕੇ ਉਸ ਮਾਲਕ ਦੇ ਨਾਮ ਵਿਚ ਪ੍ਰੀਤੀ ਕਰੋ ਅਤੇ ਝੂਠਿਆਂ ਪਦਾਰਥਾਂ ਦਾ ਪ੍ਰੇਮ ਛਡ ਦਿਓ ॥

**ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ ॥**
**ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ ॥ ੩ ॥**

ਜਿਸ ਇਕ ਮਾਲਕ ਨੇ ਅਨੇਕ ਤਰਾਂ ਨਾਲ ਜੀਆਂ ਦੇ ਬਹੁਤ ਸਾਰੇ ਰੰਗ ਕਰ ਦਿਤੇ ਹਨ ਓਹ ਮਾਲਕ ਤਿੰਨਾਂ ਸਮਿਆਂਵਿਚ ਹੋਵੇਗਾ ਉਸ ਪ੍ਰਮੇਸਰ ਦੀ ਸੇਵਾ ਕਰੋ ਗੁਰਾਂਤੋਂ ਅਕਲ ਲੈਕੇ ਨਾਮ ਜਪੋ ॥

**ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ ॥**
**ਦਾਸ ਦਾਸ ਕੋ ਦਾਸਰਾ ਨਾਨਕ ਕਰਿਲੇਹ ॥ ੪ ॥ ੧੭ ॥ ੪੭ ॥**

ਓਹ ਮਾਲਕ ਸਾਰਿਆਂ ਉਚਿਆਂ ਤੋਂ ਵਡਾ ਉਚਾ ਹੈ ਅਤੇ ਸਾਰਿਆਂ ਦੇ ਨਾਲ ਸਹਾਈ ਹ ਉਸਦੇ ਜਸ ਨੂੰ ਸਾਰੇ ਵਰਨਨ ਕਰਦੇ ਹਨ । ਗੁਰੂ ਜੀ, ਮੈਨੂੰ ਦਸਨੂੰ ਅਪਣਿਆਂ ਦਾਸਾਂ ਦਾ ਦਾਸ ਕਰ ਲਓ ਜਾਂ ਪ੍ਰਮੇਸ਼ਰ ਅਗੇ ਇਹ ਬੇਨਤੀ ਕਰੋ ॥

(ਮਾਲਕ ਦਾ ਆਸਰਾ)

**ਬਿਲਾਵਲੁ ਮਹਲਾ ੫**

**ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ ॥**

Digitized by Panjab Digital Library | www.panjabdigilib.org

ਸਭ ਊਪਰਿ ਸਮਰਥ ਪ੍ਰਭੁ ਪੂਰਨ ਗੁਣਤਾਸ ॥ ੧ ॥

ਸੰਤਾਂ ਨੇ ਇਕ ਮਾਲਕ ਦੀ ਓਟ ਲਈ ਹੈ ਹੋਰ ਸਾਰੀ ਆਸਾ ਛਡ ਦਿਤੀ ਹੈ ਜਿਸ ਦੀ ਆਸਾ ਰਖੀ ਹੈ ਓਹ ਮਾਲਕ ਕਿਸਤਰਾਂ ਦਾ ਹੈ ਓਹ ਸਮਰਥ ਮਾਲਕ ਸਾਰਿਆਂ ਦੇ ਸਿਰ ਉਤੇ ਹੈ ਅਤੇ ਸਾਰਿਆਂ ਵਿਚ ਮਿਲਿਆ ਹੋਇਆ ਗੁਣਾਂ ਦਾ ਸਮੁੰਦਰ ਹੈ ॥

ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥ ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥ ੧ ॥ ਰਹਾਉ ॥

ਭਗਤ ਜਨਾਂ ਦਾ ਆਸਰਾ ਨਾਮ ਹੈ ਓਹ ਸਦਾ ਉਸ ਮਾਲਕ ਦੀ ਸ਼ਰਨ ਪੈਂਦੇ ਹਨ ਫਿਰ ਓਸੇ ਗਲ ਨੂੰ ਸਪਸ਼ਟ ਕਰਦੇ ਹਨ ਕਿ ਭਗਤਾਂ ਦੇ ਮਨ ਵਿਚ ਸਦਾ ਪਰਮੇਸਰ ਦਾ ਹੀ ਆਸਰਾ ਰਹਿੰਦਾ ਹੈ।

ਆਪਿ ਰਖੈ ਆਪਿ ਦੇਵਸੀ ਆਪੇ ਪ੍ਰਤਿਪਾਰੈ ॥
ਦੀਨਦਇਆਲ ਕ੍ਰਿਪਾਨਿਧੇ ਸਾਸਿ ਸਾਸਿ ਸਮਾਰੈ ॥ ੨ ॥

ਆਪ ਹੀ ਸੰਤਾਂ ਦੀ ਰਖਿਆ ਕਰਦਾ ਹੈ ਤੇ ਆਪ ਹੀ ਦਾਤ ਦੇਂਦਾ ਹੈ ਅਤੇ ਹਰ ਤਰਾਂ ਪਾਲਣਾ ਕਰਦਾ ਹੈ ਕਿਉਂਕਿ ਸੰਤ ਦੀਨ ਦਿਆਲ ਕਿਰਪਾਨਿਧੀ ਪ੍ਰਮੇਸਰ ਦਾ ਨਾਮ ਸਾਸ ਸਾਸ ਯਾਦ ਕਰਦੇ ਹਨ ॥

ਕਰਣਹਾਰੁ ਜੋ ਕਰਿਰਹਿਆ ਸਾਈ ਵਡਿਆਈ ॥
ਗੁਰਿਪੂਰੈ ਉਪਦੇਸਿਆ ਸੁਖੁ ਖਸਮਰਜਾਈ ॥ ੩ ॥

ਜੋ ਕੁਛ ਕਰਨ ਵਾਲਾ ਮਾਲਕ ਕਰਦਾ ਹੈ ਸੰਤ ਉਸਦੀ ਸਾਰੀ ਵਡਿਆਈ ਹੀ ਕਰਨੀ ਜਾਣਦੇ ਹਨ ॥ ਜਿਨਾ ਨੂੰ ਪੂਰੇ ਗੁਰੂ ਨੇ ਉਪਦੇਸ਼ ਦਿਤਾ ਹੈ ਓਹ ਉਸ ਮਾਲਕ ਦੀਆ ਗਯਾ ਵਿਚ ਚਲਕੇ ਸੁਖੀ ਹੁੰਦੇ ਹਨ ॥

ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥ ਨਹ ਬਿਨਸੈ ਨਹ ਛੋਡਿਜਾਇ ਨਾਨਕ ਰੰਗਿ ਰਾਤਾ ॥ ੪ ॥ ੧੮॥੪੮॥

ਸੰਤਾਂ ਨੇ ਸਾਰੀ ਚਿੰਤਾ, ਸੰਸਾ, ਗਿਣਤੀ ਛਡਕੇ ਉਸ ਮਾਲਕ ਦੇ ਹੁਕਮ ਨੂੰ ਪਛਾਣ ਲਿਆ ਹੈ, ਗੁਰੂ ਜੀ, ਨਾਂ ਓਹ ਮਾਲਕ ਕਦੀ ਨਾਸ ਹੁੰਦਾ ਹੈ ਅਤੇ ਨ ਕਿਤੇ ਛਡਕੇ ਜਾਂਦਾ ਹੈ ਇਕਰ ਦੇ ਮਾਲਕ ਦੇ ਪ੍ਰੇਮ ਵਿਚ ਮਨ ਰੱਤਾ ਰਹਿੰਦਾ ਹੈ।

Digitized by Panjab Digital Library | www.panjabdigilib.org

(ਸੰਤਾਂ ਦੀ ਮਹਿਮਾਂ)

## ਬਿਲਾਵਲੁ ਮਹਲਾ ੫

**ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥**
**ਅੰਧਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥ ੧ ॥**

ਸੰਤਾਂ ਦੇ ਦਰਸ਼ਨ ਨਾਲ ਬਹੁਤ ਵਡੀ ਤਤੀ ਅਗ ਭਾਵ ਵਿਸ਼ਿਆਂ ਦੀ ਤ੍ਰਿਸ਼ਨਾਂ ਦੀ ਸੜਨਤਾ ਜਾਂ ਮਾਲਕ ਦੇ ਵਿਛੋੜੇ ਦੀ ਅਗ ਠੰਢੀ ਹੋ ਗਈ ਹੈ ਭਾਵ ਵਿਛੋੜਾ ਦੂਰ ਹੋ ਗਿਆ ਹੈ ਸੰਤਾਂ ਦੇ ਚਰਨਾਂ ਨੂੰ ਛੁੰਹਦਿਆਂ ਹੀ ਸਾਰੇ ਪਾਪ ਨਠ ਗਏ ਹਨ॥ ਪਾਪਾਂ ਰੂਪ ਅੰਨੇ ਖੂਹ ਵਿਚ ਗਲਦੇ ਜਾਂਦੇ ਸਾਂ ਸੰਤਾਂ ਨੇ ਹਥ ਦੇਕੇ ਕਢ ਲਿਆ ਹੈ ॥

**ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ ॥**
**ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ ॥ ੧ ॥ ਰਹਾਉ ॥**

ਓਹ ਸੰਤ ਸਾਡੇ ਸਜਨ ਹਨ ਅਸੀ ਓਹਨਾਂ ਦੀ ਚਰਨ ਧੂੜ ਹਾਂ ਜਿਨਾਂ ਦੇ ਮਿਲਨ ਨਾਲ ਜੀਅ ਸੁਖੀ ਹੁੰਦਾ ਹੈ ਓਹ ਸੰਤ ਦਾਨ ਦੇਣ ਵਾਲੇ ਹਨ ਭਾਵ ਦੁਖ ਤੋਂ ਛੁਡਾਂਦੇ ਹਨ ॥

**ਪਰਾਪੂਰਬਲਾ ਲੀਖਿਆ ਮਿਲਿਆ ਅਬ ਆਇ ॥**
**ਬਸਤ ਸੰਗਿ ਹਰਿਸਾਧ ਕੈ ਪੂਰਨ ਆਸਾਇ ॥ ੨ ॥**

ਜੇਹੜਾ ਬਹੁਤ ਪੁਰਾਣਾ ਪਹਿਲੇ ਦਾ ਚੰਗਾ ਲੇਖ ਲਿਖਿਆ ਹੋਇਆ ਸੀ ਉਸ ਕਰਕੇ ਹੁਣ ਸਾਨੂੰ ਸੰਤਾਂ ਦਾ ਸੰਗ ਆ ਮਿਲਿਆ ਹੈ। ਸੰਤਾਂ ਦੇ ਨਾਲ ਵਸਦਿਆਂ ਹੋਇਆਂ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ ॥

**ਭੈ ਬਿਨਸੇ ਤਿਹੁਲੋਕ ਕੇ ਪਾਏ ਸੁਖਥਾਨ ॥**
**ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥ ੩ ॥**

ਸਤਸੰਗ ਵਿਚ ਵਸਣ ਨਾਲ ਤਿੰਨਾਂ ਲੋਕਾਂ ਦੇ ਡਰ ਜਨਮ ਮਰਨ ਦੇ ਦੂਰ ਹੋ ਜਾਂਦੇ ਹਨ ਅਤੇ ਹਰ ਤਰਾਂ ਨਾਲ ਸੁਖ ਦੇ ਥਾਂ ਪਾ ਲਈਦੇ ਹਨ ਸਮਰਥ ਗੁਰੂ ਨੇ ਸਾਡੇ ਉਤੇ ਬੜੀ ਕਿਰਪਾ ਕੀਤੀ ਹੈ ਇਸ ਲਈ ਸਾਡੇ ਮਨ ਵਿਚ ਤੇਰਾ ਨਾਮ ਆ ਵਸਿਆ ਹੈ ॥

**ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥ ਕਰਣਕਾਰਣ ਸਮਰਥ ਪ੍ਰਭੁ ਹਰਿ ਅਗਮ ਅਪਾਰ ॥ ੪ ॥ ੧੯ ॥ ੪੯ ॥**

ਗੁਰੂ ਜੀ; ਹੇ ਮਾਲਕ ਸਾਡੇ ਮਨ ਦੀ ਤੂੰ ਓਟ ਹੈਂ ਅਤੇ ਸਰੀਰ ਦਾ ਵੀ ਆਸਰਾ ਹੈਂ ਹੇ ਮਾਲਕ ਤੂੰ ਸੰਸਾਰ ਦੇ ਕਰਨ ਵਾਲਾ ਸਮਰਥ ਹੈਂ ਅਤੇ ਅਪੁਜ ਵਡਾ ਹੈਂ ॥

( ਸੰਤ ਤੇ ਬੇਮੁਖ)

## ਬਿਲਾਵਲੁ ਮਹਲਾ ੫

**ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥**
**ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥ ੧ ॥**

ਹੇ ਮਾਲਕ ਓਹੋ ਹੀ ਆਦਮੀ ਮੈਲਾ ਗਰੀਬ ਤੇ ਸੋਭਾ ਤੋਂ ਬਿਨਾਂ ਹੈ ਜਿਸਨੂੰ ਤੇਰਾ ਨਾਮ ਚਿਤ ਤੋਂ ਵਿਸਰ ਗਿਆ ਹੈ।
ਜੇਹੜਾ ਮਾਲਕ ਸਾਰਿਆਂ ਦੇ ਕਰਨ ਵਾਲਾ ਹੈ ਮੂਰਖ ਉਸ ਦੇ ਪ੍ਰਤਾਪ ਨੂੰ ਨਹੀਂ ਸਮਝਦਾ ਹੈ॥ ਆਪਣੇ ਆਪ ਨੂੰ ਕਰਤਾ ਗਿਣਦਾ ਹੈ ਇਸ ਲਈ ਇਹ ਮਨਮੁਖ ਬਿਗਾਨਾ ਹੈ ਭਾਵ ਜਮਾਂ ਦੇ ਵੱਸ ਪਿਆ ਹੋਇਆ ਹੈ॥

**ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ ॥**
**ਸੰਤਨ ਕੈ ਆਨੰਦੁ ਏਹੁ ਨਿਤ ਹਰਿਗੁਣ ਗਾਏ ॥ ੧ ॥ ਰਸਾਉ ॥**

ਜਦੋਂ ਤੂੰ ਭੁੱਲ ਜਾਂਦਾ ਹੈਂ ਤਦੋਂ ਬਹੁਤ ਦੁਖੀ ਹੋਈਦਾ ਹੈ ਅਤੇ ਜਦੋਂ ਤੂੰ ਚੇਤੇ ਆਉਂਦਾ ਹੈਂ ਓਦੋਂ ਬਹੁਤ ਸੁਖ ਹੁੰਦਾ ਹੈ ਤੇਰਿਆਂ ਸੰਤਾਂ ਨੂੰ ਇਹ ਅਨੰਦ ਸਦਾ ਹੀ ਬਣਿਆ ਰਹਿੰਦਾ ਹੈ ਜੋ ਓਹ ਹਰ ਸਮੇਂ ਤੇਰੇ ਗੁਣਾਂ ਨੂੰ ਗਾਂਦੇ ਰਹਿੰਦੇ ਹਨ॥

**ਊਚੇ ਤੇ ਨੀਚਾ ਕਰੇ ਨੀਚ ਖਿਨ ਮਹਿ ਥਾਪੈ ॥**
**ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥ ੨ ॥**

ਤੂੰ ਉਚਿਆਂ ਤੋਂ ਨੀਵਿਆਂ ਕਰ ਦੇਂਦਾ ਹੈਂ ਅਤੇ ਆਪਣੀ ਕਿਰਪਾ ਨਾਲ ਨੀਵਿਆਂ ਨੂੰ ਉਚਿਆਂ ਕਰਕੇ ਇਕ ਛਿਨ ਵਿਚ ਉਚੇ ਥਾਂ ਉਤੇ ਬਹਾ ਦੇਂਦਾ ਹੈ॥ ਹੇ ਮਾਲਕ ਤੇਰੇ ਪ੍ਰਤਾਪ ਦੀ ਕੀਮਤ ਨਹੀਂ ਆਖੀ ਜਾਂਦੀ ਹੈ॥

**ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ॥**
**ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ ॥ ੩ ॥**

ਰੰਗਾਂ ਰੂਪਾਂ ਦੀ ਲੀਲਾ ਵੇਂਹਦਿਆਂ ਵੇਂਹਦਿਆਂ ਮਨਮੁਖਾਂ ਦਾ ਮਰਨ ਦਾ ਦਿਨ ਨੇੜੇ ਆਗਿਆ ਹੈ ਉਸ ਵੇਲੇ ਸੁਪਨੇ ਵਰਗਾ ਜੇਹੜਾ ਝੂਠਾ ਸੰਸਾਰ ਸੀ ਓਹ ਸੁਪਨਾ ਹੀ ਹੋ ਗਿਆ ਭਾਵ ਓਹਨਾਂ ਜੋੜਿਆਂ ਹੋਇਆਂ ਪਦਾਰਥਾਂ ਵਿਚੋਂ ਕੋਈ ਪਦਾਰਥ ਵੀ ਸੰਗੀ ਸਹਾਈ ਨ ਹੋਇਆ ਜੇਹੜਾ ਕੋਈ ਚੰਗਾ ਕਰਮ ਕੀਤਾ ਹੋਇਆ ਸੀ ਓਹੋ ਹੀ

Digitized by Panjab Digital Library | www.panjabdigilib.org

ਨਾਲ ਚਲਿਆ ॥

**ਕਰਣਕਾਰਣ ਸਮਰਥ ਪ੍ਰਭ ਤੇਰੀ ਸਰਣਾਈ॥ ਹਰਿ ਦਿਨਸੁ ਰੈਣਿ ਨਾਨਕੁ ਜਪੈ ਸਦ ਸਦ ਬਲਿਜਾਈ॥ ੪ ॥ ੨੦ ॥ ੫੦ ॥**

ਹੇ ਸੰਸਾਰ ਦੇ ਕਰਨ ਵਾਲੇ ਸਮਰਥ ਮਾਲਕ ਅਸੀਂ ਤੇਰੀ ਸ਼ਰਨ ਹਾਂ॥ ਗੁਰੂ ਜੀ, ਹੇ ਮਾਲਕ ਮੈਂ ਤੇਰੇ ਨਾਮ ਨੂੰ ਦਿਨੇ ਰਾਤ ਜਪਦਾ ਰਹਾਂ ਅਤੇ ਸਦਾ ਬਲਹਾਰ ਜਾਵਾਂ॥

## ਬਿਲਾਵਲੁ ਮਹਲਾ ੫

ਕਰ=ਹੱਥ॥ ਸੂਹਨੀ=ਬੁਹਾਰੀ, ਬੌਕਰ, ਝਾੜੂ॥ ਬੀਜਨੁ=ਪੱਖਾ॥

**ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ॥ ਬਾਰਿ ਜਾਉ ਲਖਬੇਰੀਆ ਦਰਸੁ ਪੇਖਿ ਜੀਵਾਵਉ॥ ੧ ॥**

ਹੇ ਮਾਲਕ ਇਸ ਸਿਰ ਨਾਲ ਪਾਣੀ ਢੋਵਾਂ ਹੱਥਾਂ ਨਾਲ ਪੈਰਾਂ ਨੂੰ ਪੱਖਾ ਝੱਲਾਂ॥ ਓਨਾਂ ਸੰਤਾਂ ਤੋਂ ਲੱਖਾਂ ਵਾਰੀ ਬਲਹਾਰ ਜਾਵਾਂ ਓਨਾਂ ਸੰਤਾਂ ਦਾ ਦਰਸਨ ਵੇਖਕੇ ਮੋਏ ਹੋਏ ਮਨ ਨੂੰ ਜੀਵਾਵਾਂ॥

**ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ॥ ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ॥ ੧ ॥ ਰਹਾਉ॥**

ਜੇਹੜਾ ਮੈਂ ਮਨ ਵਿਚ ਮਨੋਰਥ ਮੰਗਣਾ ਕਰਦਾ ਹਾਂ ਓਹ ਮੈਂ ਆਪਣੇ ਮਾਲਕ ਤੋਂ ਪਾ ਲੈਂਦਾ ਹਾਂ ਸੋ ਓਹ ਮਨੋਰਥ ਕੀ ਹੈ ਅਗੇ ਦੱਸਦੇ ਹਨ। ਤੇਰੇ ਸੰਤਾਂ ਦੇ ਬਹਿਣ ਵਾਲੇ ਥਾਂ ਝਾੜ ਦਿਆਂ ਅਤੇ ਪੱਖਾ ਝੱਲਾਂ॥

**ਅੰਮ੍ਰਿਤਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ॥ ਉਆ ਰਸ ਮਹਿ ਸਾਂਤਿ ਤ੍ਰਿਪਤ ਹੋਇ ਬਿਖੈ ਜਲਨਿ ਬੁਝਾਵਉ॥ ੨॥**

ਜੇਹੜੇ ਤੇਰੇ ਸੰਤ ਗੁਣਾਂ ਰੂਪ ਅੰਮ੍ਰਿਤ ਨੂੰ ਸਦਾ ਹੀ ਮੂੰਹ ਤੋਂ ਬੋਲਦੇ ਹਨ ਓਨਾਂ ਨੂੰ ਸੁਣਕੇ ਆਪਣੇ ਮਨ ਨੂੰ ਪੀਵਾਵਾਂ॥ ਓਸੇ ਰਸ ਵਿਚ ਲੀਨ ਹੋਕੇ ਰੱਜਕੇ ਸ਼ਾਂਤੀ ਨੂੰ ਪਾਕੇ ਵਿਸ਼ਿਆਂ ਰੂਪ ਅੱਗ ਦੀ ਸੜਨਤਾ ਨੂੰ ਬੁਝਾ ਦਿਆਂ॥

**ਜਬ ਭਗਤਿ ਕਰਹਿ ਸੰਤ ਮੰਡਲੀ ਤਿਨ ਮਿਲਿ ਹਰਿਗਾਵਉ। ਕਰਉ ਨਮਸਕਾਰ ਭਗਤਜਨ ਧੂਰਿ ਮੁਖਿ ਲਾਵਉ॥ ੩॥**

ਜਦੋਂ ਸੰਤਾਂ ਦੀ ਮੰਡਲੀ ਪ੍ਰਮੇਸਰ ਦੀ ਭਗਤੀ ਕਰੇ ਤਾਂ ਓਨਾਂ ਨਾਲ ਮਿਲਕੇ ਮੈਂ ਵੀ

Digitized by Panjab Digital Library | www.panjabdigilib.org

ਪ੍ਰਮੇਸਰ ਦੇ ਗੁਣ ਗਾਵਾਂ ॥ ਅਜੇਹਿਆਂ ਭਗਤਾਂ ਨੂੰ ਨਮਸਕਾਰ ਕਰਕੇ ਓਨਾਂ ਦੇ ਚਰਨਾਂ ਦੀ ਧੂੜ ਮੂੰਹ ਉਤੇ ਲਾਵਾਂ ॥

## ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥
## ਨਾਨਕ ਕੀ ਪ੍ਰਭ ਬੇਨਤੀ ਹਰਿਸਰਨਿ ਸਮਾਵਉ ।੪॥੨੧॥੫੧॥

ਉਠਦਾ ਬੈਠਦਾ ਨਾਮ ਨੂੰ ਹੀ ਜਪਾਂ ਇਹ ਚੰਗਾ ਕੰਮ ਕਮਾਵਾਂ ॥ ਗੁਰੂ ਜੀ, ਹੇ ਮਾਲਕ ਤੇਰੇ ਅਗੇ ਇਹ ਬੇਨਤੀ ਹੈ ਜੋ ਤੇਰੀ ਸ਼ਰਨ ਵਿਚ ਮਿਲਿਆ ਰਹਾਂ ਭਾਵ ਮਨ ਨੂੰ ਜੋੜ ਰਖਾਂ ॥

(ਸੰਤਾਂ ਦੀ ਮਹਿਮਾ)

## ਬਿਲਾਵਲੁ ਮਹਲਾ ੫

## ਇਹੁ ਸਾਗਰੁ ਸੋਈ ਤਰੈ ਜੋ ਹਰਿਗੁਣ ਗਾਏ ॥
## ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥ ੧ ॥

ਇਸ ਸੰਸਾਰ ਸਮੁੰਦਰ ਤੋਂ ਓਹ ਆਦਮੀ ਤਰੇ ਹਨ ਜਿਨਾਂ ਨੇ ਮਾਲਕ ਦੇ ਗੁਣਾਂ ਨੂੰ ਗਾਇਆ ਹੈ ॥ ਸਾਧ ਸੰਗਤ ਦੇ ਵਿਚ ਵੱਸਣਾ ਇਸ ਗੱਲ ਨੂੰ ਕੋਈ ਵਡਿਆਂ ਭਾਗਾਂ ਵਾਲਾ ਹੀ ਪਾਂਦਾ ਹੈ ॥

## ਸੁਣਿ ਸੁਣਿ ਜੀਵੈ ਦਾਸ ਤੁਮ ਬਾਣੀ ਜਨ ਆਖੀ ॥
## ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ।੧॥ ਰਹਾਉ ॥

ਹੇ ਮਾਲਕਾ ਜੇਹੜੀ ਤੇਰਿਆਂ ਪਿਛਲਿਆਂ ਭਗਤਾਂ ਨੇ ਬਾਣੀ ਬੋਲੀ ਹੈ ਉਸਨੂੰ ਸੁਣਕੇ ਅਸੀਂ ਦਾਸ ਜੀਉਂਦੇ ਹਾਂ ॥ ਇਹ ਗੱਲ ਜਿਥੇ ਕਿਥੇ ਸਾਰਿਆਂ ਲੋਕਾਂ ਵਿਚ ਪ੍ਰਗਟ ਹੋ ਗਈ ਹੈ ਕਿ ਮਾਲਕ ਨੇ ਆਪਣਿਆਂ ਦਾਸਾਂ ਦੀ ਲਜਿਆ ਰਖੀ ਹੈ ਭਾਵ ਜਿਸਤਰਾਂ ਸਧਨੇ ਕਬੀਰ ਆਦਕ ਨੂੰ ਬਚਾਯਾ ॥

## ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥
## ਅਮ੍ਰਿਤਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥

ਜਿਨਾਂ ਦੇ ਉਤੇ ਗੁਰੂ ਜੀ ਸਹਾਈ ਹੋਏ ਹਨ ਓਨਾਂ ਨੇ ਨਾਮ ਰੂਪ ਅੰਮ੍ਰਤ ਜਲ ਨੂੰ ਦਿਲ ਰੂਪ ਖੇਤੀ ਵਿਚ ਸਿੰਜਿਆ ਭਾਵ ਕੱਠਾ ਕੀਤਾ ਹੈ ॥ ਮਾਲਕ ਨੇ ਓਨਾਂ ਨੂੰ ਸੰਸਾਰਅੱਗ ਦੇ ਸਮੁੰਦਰ ਤੋਂ ਕੱਢ ਲਿਆ ਹੈ ਅਤੇ ਵਿਸ਼ਿਆਂ ਰੂਪ ਤ੍ਰਿਸ਼ਨਾ ਅੱਗ ਦੀ ਸੜਨਤਾ ਬੁਝਾ ਦਿਤੀ ਹੈ ॥

Digitized by Panjab Digital Library | www.panjabdigilib.org

**ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ॥**
**ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ।੩॥**

ਜਿਨਾਂ ਨੇ ਸਾਰਿਆਂ ਸੁਖਾਂ ਦਾ ਥਾਂ ਸੰਤਾਂ ਦਾ ਸੰਗ ਪਾਇਆ ਹੈ ਓਨਾਂ ਦੇ ਜੰਮਣ ਮਰਨ ਦਾ ਦੁਖ ਕਟਿਆ ਗਿਆ ਹੈ। ਮਾਲਕ ਨੇ ਓਨਾਂ ਦੀ ਭਰਮ ਤੇ ਮੋਹ ਦੀ ਫਾਹੀ ਵੀ ਕੱਟ ਦਿਤੀ ਹੈ ਪ੍ਰਮੇਸਰ ਨੂੰ ਓਨਾਂ ਦਾ ਕਰਮ ਚੰਗਾ ਲਗਾ ਹੈ॥

**ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ।**
**ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ।੪॥੨੨॥੫੨।**

ਹੇ ਭਰਾਓ ਤੁਸੀਂ ਹੋਰ ਕਿਸੇ ਦੀ ਤਾਕਤ ਹੋਰ ਕੁਛ ਨਾ ਸਮਝੋ ਸਭ ਕੁਛ ਮਾਲਕ ਦੇ ਹੱਥ ਵੱਸ ਹੈ॥ ਗੁਰੂ ਜੀ,ਅਸਾਂ ਉਸ ਮਾਲਕ ਦੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਸਾਰੇ ਸੁਖ ਪਾਏ ਹਨ॥

(ਰੋਗ ਤੋਂ ਰਖਿਆ ਹੋਈ)

## ਬਿਲਾਵਲੁ ਮਹਲਾ ੫

**ਬੰਧਨ ਕਾਟੇ ਆਪਿ ਪ੍ਰਭ ਹੋਆ ਕ੍ਰਿਪਾਲ॥**
**ਦੀਨ ਦਇਆਲ ਪ੍ਰਭਿ ਪਾਰਬ੍ਰਹਮ ਤਾਕੀ ਨਦਰਿ ਨਿਹਾਲ॥੧॥**

ਮਾਲਕ ਨੇ ਸਾਰੇ ਬੰਧਨ ਕੱਟ ਦਿਤੇ ਹਨ ਕਿਉਂ ਜੋ ਸਾਡੇ ਉਤੇ ਮਾਲਕ ਕਿਰਪਾਲ ਹੋਇਆ ਹੈ ਜੇਹੜਾ ਮਾਲਕ ਦੀਨ ਦਿਆਲ ਹੈ ਉਸਦੀ ਕਿਰਪਾ ਨਾਲ ਅਸੀਂ ਨਿਹਾਲ ਹੋਏ ਹਾਂ॥

**ਗੁਰਿਪੂਰੈ ਕਿਰਪਾ ਕਰੀ ਕਾਟਿਆ ਦੁਖੁਰੋਗੁ। ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨਜੋਗੁ॥੧॥ਰਹਾਉ॥**

ਪੂਰੇ ਗੁਰੂ ਨਾਨਕ ਜੀ ਨੇ ਹੁਣ ਕਿਰਪਾ ਕੀਤੀ ਹੈ ਜੋ ਸਾਰਾ ਦੁਖ ਰੋਗ ਕੱਟ ਦਿਤਾ ਹੈ ਸਰੀਰ ਦੇ ਸੁਖੀ ਹੋਣ ਨਾਲ ਮਨ ਸੀਤਲ ਹੋਇਆ ਹੈ ਧਿਆਉਣ ਜੋਗ ਮਾਲਕ ਨੂੰ ਮਨ ਵਿਚ ਧਿਆਇਆ ਹੈ॥

**ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗ ਨ ਵਿਆਪੈ॥**
**ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ॥੨॥**

ਮਾਲਕ ਦਾ ਨਾਮ ਦਵਾਈ ਹੈ ਜਿਸਦੇ ਜਪਨ ਨਾਲ ਕੋਈ ਰੋਗ ਨਹੀਂ ਚੰਬੜਦਾ ਹੈ ਜੇਹੜਾ ਸਾਧ ਸੰਗਤ ਨਾਲ ਮਿਲਕੇ ਮਨ ਤਨ ਨਾਲ ਨਾਮ ਹਿਤ ਕਰਕੇ ਜਪਦਾ ਹੈ

Digitized by Panjab Digital Library | www.panjabdigilib.org

ਉਸਨੂੰ ਕੋਈ ਦੁਖ ਨਹੀ ਜਾਪੈ=ਜਾਣੀਦਾ ਹੈ ॥

ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥

ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥ ੩ ॥

ਦਿਲ ਅੰਦਰ ਪ੍ਰੀਤੀ ਲਾਕੇ ਮਾਲਕ ਦਾ ਨਾਮ ਜਪੀਏ ਫਿਰ ਸਾਰੇ ਹੀ ਪਾਪ ਉਤਰ ਜਾਂਦੇ ਹਨ ਜਦੋਂ ਸੁਧ ਮਨ ਹੋਕੇ ਸੰਤਾਂ ਦੀ ਸਰਨ ਜਾਈਏ ਜਾਂ ਸੰਤਾਂ ਦੇ ਪਾਸ ਜਾਣ ਨਾਲ ਮਨ ਸੁਧ ਹੋ ਜਾਂਦਾ ਹੈ ॥

ਸੁਨਤ ਜਪਤ ਹਰਿ ਨਾਮ ਜਸੁ ਤਾਕੀ ਦੂਰਿ ਬਲਾਈ ॥

ਮਹਾਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣਗਾਈ॥ ੪ ॥ ੨੩ ॥ ੫੩ ॥

ਜੇਹੜਾ ਨਾਮ ਦਾ ਜਸ ਸੁਣਦਾ ਜਾਂ ਜਪਦਾ ਹੈ ਉਸਦੀ ਬਲਾ ਦੂਰ ਹੋ ਜਾਂਦੀ ਹੈ ॥ ਗੁਰੂ ਜੀ, ਵੱਡਾ ਮੰਤ੍ਰ ਨਾਮ ਉਚਾਰਦੇ ਹਨ ਅਤੇ ਮਾਲਕ ਦੇ ਗੁਣ ਹੀ ਗਾਂਦੇ ਹਨ ॥

## ਬਿਲਾਵਲੁ ਮਹਲਾ ੫

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥

ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥ ੧ ॥

ਮਾਲਕ ਦੇ ਡਰ ਨਾਲ ਹੀ ਦਿਲ ਵਿਚ ਭਗਤੀ ਪੈਦਾ ਹੁੰਦੀ ਹੈ ਉਸ ਭਗਤੀ ਕਰਕੇ ਮਨ ਦੇ ਅੰਦਰ ਸ਼ਾਂਤੀ ਹੋ ਜਾਂਦੀ ਹੈ॥ ਮਾਲਕ ਦਾ ਨਾਮ ਜਪਣ ਨਾਲ ਹੀ ਭਰਮ ਤੇ ਭ੍ਰਾਂਤੀ ਦੂਰ ਹੋ ਜਾਂਦੀ ਹੈ ਭਾਵ ਭ੍ਰਾਂਤੀ ਵਿਚ ਭੌਣਾ ਦੂਰ ਹੋ ਜਾਂਦਾ ਹੈ ॥

ਗੁਰੁ ਪੂਰਾ ਜਿਸੁ ਭੇਟਿਆ ਤਾਕੈ ਸੁਖਿ ਪਰਵੇਸੁ ॥

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥ ੧ ॥ ਰਹਾਉ ॥

ਜਿਨਾਂ ਨੂੰ ਪੂਰਾ ਗੁਰੂ ਮਿਲਿਆ ਹੈ ਓਨਾਂ ਦੇ ਮਨ ਵਿਚ ਸੁਖ ਆਇਆ ਹੈ ਭਾਵ ਪ੍ਰਮੇਸਰ ਆਇਆ ਹੈ। ਮਨ ਦੀ ਮਤ ਛਡ ਦੇਈਏ ਗੁਰੂ ਦਾ ਉਪਦੇਸ਼ ਸੁਣੀਏ ॥

ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥

ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥ ੨ ॥

ਜੇਹੜਾ ਓਹ ਦਾਤਾ ਅਕਾਲਪੁਰਖ ਸਿਮਰਨ ਦੇ ਜੋਗ ਹੈ ਉਸਦੇ ਸਿਮਰਨ ਨੂੰ ਸਿਮਰੀਏ ਸੋ ਓਹ ਅਪਾਰ ਪੁਰਖ ਮਨ ਤੋਂ ਕਦੀ ਨ ਭੁਲੇ॥

ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥

Digitized by Panjab Digital Library | www.panjabdigilib.org

## ਜਾਕਉ ਕਿਰਪਾ ਕਰਹੁ ਪ੍ਰਭ ਤਾਕਉ ਲਾਵਹੁ ਸੇਵ ॥ ੩ ॥

ਅਸਚਰਜ ਗੁਰੂ ਦੀ ਕਿਰਪਾ ਨਾਲ ਸਾਡਾ ਪ੍ਰੇਮ ਮਾਲਕ ਦੇ ਚਰਨਾਂ ਕਮਲਾਂ ਵਿਚ ਲੱਗਾ ਹੈ ਹੇ ਮਾਲਕ ਗੁਰੂ ਜੀ ਜਿਨਾਂ ਦੇ ਉਤੇ ਤੁਸੀ ਕਿਰਪਾ ਕਰਦੇ ਹੋ ਓਨਾਂ ਨੂੰ ਪ੍ਰਮੇਸਰ ਦੀ ਸੇਵਾ ਵਿਚ ਲਾ ਦੇਂਦੇ ਹੋ ॥

## ਨਿਧਿ ਨਿਧਾਨ ਅੰਮ੍ਰਿਤੁ ਪੀਆ ਮਨਿ ਤਨਿ ਆਨੰਦ ॥ ਨਾਨਕ ਕਬਹੂ ਨ ਵੀਸਰੈ ਪ੍ਰਭ ਪਰਮਾਨੰਦ ॥ ੪ ॥ ੨੪ ॥ ੫੪ ॥

ਓਨਾਂ ਨੇ ਸਾਰੀਆਂ ਨਿਧੀਆਂ ਦਾ ਖਜ਼ਾਨਾ ਨਾਮ ਅੰਮ੍ਰਿਤ ਪੀਤਾ ਹੈ ਇਸ ਕਰਕੇ ਮਨ ਤਨ ਅਨੰਦ ਵਾਲਾ ਹੋਇਆ ਹੈ ॥ ਗੁਰੂ ਜੀ,ਭਗਤਾਂ ਦੇ ਮਨ ਤੋਂ ਮਾਲਕ ਕਦੀ ਨਹੀਂ ਭੁਲਦਾ ਹੈ ਏਸੇ ਲਈ ਓਹ ਬਹੁਤ ਅਨੰਦ ਵਾਲੇ ਰਹਿੰਦੇ ਹਨ ॥

### ਬਿਲਾਵਲੁ ਮਹਲਾ ੫

## ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥
## ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥ ੧ ॥

ਤ੍ਰਿਸ਼ਨਾ ਅੱਗ ਦੂਰ ਹੋਗਈ, ਮਮਤਾ ਵੀ ਦੂਰ ਹੋ ਗਈ, ਜਨਮ ਮਰਨ ਦੇ ਡਰ ਤੇ ਭਰਮ ਵੀ ਦੂਰ ਹੋ ਗਏ ॥ ਅਪਣੇ ਅਸਲੀ ਰੂਪ ਵਿਚ ਇਸਥਤੀ ਪਾਈ ਹੈ, ਹੁਣ ਬੜਾ ਅਨੰਦ ਹੋਇਆ ਹੈ ਗੁਰੂ ਨੇ ਸਾਡੇ ਉਤੇ ਬੜਾ ਪਰਉਪਕਾਰ ਕੀਤਾ ਹੈ ਜਾਂ ਸਾਨੂੰ ਧਰਮੀ ਬਣਾ ਦਿਤਾ ਹੈ ॥

## ਗੁਰੁਪੂਰਾ ਆਰਾਧਿਆ ਬਿਨਸੀ ਮੇਰੀ ਪੀਰ ॥ ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ ॥ ੧ ॥ ਰਹਾਉ ॥

ਮੈਂ ਪੂਰਾ ਗੁਰੂ ਜਪਿਆ ਹੈ ਏਸੇ ਲਈ ਮੇਰੀ ਪੀੜ ਦੂਰ ਹੋ ਗਈ ਹੈ ਭਾਵ ਮਾਲਕ ਦੇ ਵਿਛੋੜੇ ਦੀ ਪੀੜ ॥ ਹੇ ਬੀਰ=ਭਰਾ ਓਸੇਵੇਲੇ ਸਾਡਾ ਮਨ ਤਨ ਸਾਰਾ ਠੰਢਾ ਹੋਗਿਆ ਹੈ ਅਤੇ ਸੁਖ ਪਾ ਲਿਆ ਹੈ ॥

## ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ॥
## ਪੀ ਅਮਿਤੁ ਤ੍ਰਿਪਤਾਸਿਆ ਤਾਕਾ ਅਚਰਜ ਸੁਆਦੁ ॥ ੨ ॥

ਗੁਰਾਂ ਦੀ ਕਿਰਪਾ ਨਾਲ ਜਦੋਂ ਸਾਡਾ ਮਨ ਅਗਿਆਨ ਵਿਚ ਸੁਤਾ ਹੋਇਆ ਜਾਗਿਆ ਤਾਂ ਮਾਲਕ ਦਾ ਨਾਮ ਜਪਿਆ ਜਦੋਂ ਮਨ ਜਾਗਿਆ ਤਾਂ ਅਸਚਰਜ ਮਾਲਕ ਨੂੰ ਵੇਖਿਆ ॥ ਉਸਦੇ ਅੰਮ੍ਰਿਤ ਨਾਮ ਨੂੰ ਪੀਕੇ ਰੱਜ ਗਏ ਉਸਦਾ ਸੁਆਦ ਬੜਾ ਅਸਚਰਜ ਆਇਆ ॥

Digitized by Panjab Digital Library | www.panjabdigilib.org

ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ॥
ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ ॥ ੩ ॥

ਆਪ ਵੀ ਮੁਕਤ ਹੋ ਗਏ ਸੰਗੀ ਵੀ ਸਾਰੇ ਤਰ ਗਏ ਤੇ ਟਬਰ ਸਮੇਤ ਸਾਰੇ ਕੁਲ ਦੇ ਲੋਕ ਵੀ ਤਰ ਗਏ ॥ ਇੱਕੁਰ ਦੀ ਗੁਰੂ ਦੀ ਸੇਵ ਸਫਲ ਹੈ ਜਿਸ ਗੁਰੂਦੀ ਸੇਵਾ ਕਰਨ ਨਾਲ ਮਾਲਕ ਦੇ ਦਰਬਾਰ ਵਿਚ ਨਿਰਮਲ ਹੋ ਗਏ ਹਾਂ ॥

ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣ ਹੀਨੁ॥
ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥ ੪ ॥ ੨੫ ॥੫੫

ਮੈਂ ਨੀਚ ਗਰੀਬ, ਮੂਰਖ, ਗੁਣ ਬਿਨਾ, ਨਿਰਗੁਣਿਆਰਾ ਸੀ ॥ ਗੁਰੂ ਜੀ, ਜਦੋਂ ਮੇਰੇ ਉਤੇ ਉਸ ਮਾਲਕ ਦੀ ਕਿਰਪਾ ਹੋਈ ਤਾਂ ਉਸ ਮਾਲਕ ਨੇ ਮੈਨੂੰ ਅਪਣਾ ਦਾਸ ਬਣਾ ਲਿਆ ॥

(ਭਗਤਾਂ ਦਾ ਪ੍ਰਤਾਪ)

ਬਿਲਾਵਲੁ ਮਹਲਾ ੫

ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ ॥
ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥ ੧ ॥

ਮਾਲਕ ਭਗਤਾਂ ਦਾ ਆਸਰਾ ਹੈ ਮਾਲਕ ਤੋਂ ਬਿਨਾ ਭਗਤਾਂ ਨੂੰ ਹੋਰ ਕੋਈ ਥਾਂ ਨਹੀਂ ਹੈ ॥ ਭਗਤਾਂ ਦਾ ਬਲ, ਦੀਵਾਨ, ਪਰਵਾਰ, ਧਨ ਆਦਕ ਹੇ ਮਾਲਕਾ ਤੇਰਾ ਨਾਮ ਹੀ ਹੈ ॥

ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥ ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ॥ ੧ ॥ ਰਹਾਉ ॥

ਹੇ ਮਾਲਕਾ ਤੂੰ ਅਪਣੀ ਕਿਰਪਾ ਕਰਕੇ ਅਪਣੇ ਦਾਸ ਦੁਖਾਂ ਦੁਸ਼ਮਣਾਂ ਤੋਂ ਰਖ ਲਏ ਹਨ ਭਾਵ ਬਚਾ ਰਖੇ ਹਨ ॥ ਜੇਹੜੇ ਆਦਮੀ ਤੇਰੇ ਦਾਸਾਂ ਦੇ ਨਿੰਦਕ ਹਨ ਓਹ ਨਿੰਦਿਆ ਕਰਦੇ ਸੜ ਗਏ ਹਨ ਫਿਰ ਓਨਾਂ ਨੂੰ ਜਮ ਕਾਲ ਨੇ ਫੜ ਲਿਆ ਹੈ॥

ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ ॥
ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ ॥ ੨ ॥

ਸੰਤਾਂ ਨੇ ਤਾਂ ਇਕ ਨਾਮ ਦਾ ਹੀ ਧਿਆਉਣਾ ਕੀਤਾ ਹੈ ਪਰਮੇਸਰ ਬਿਨਾਂ ਓਨਾਂ ਦਾ ਹੋਰ ਕੋਈ ਨਹੀ ਹੈ। ਭਗਤਾਂ ਦਾ ਇਕ ਮਾਲਕ ਦੇ ਅਗੇ ਹੀ ਬੇਨਤੀ ਹੈ ਓਹ

Digitized by Panjab Digital Library | www.panjabdigilib.org

ਕਿਸਤਰਾਂ ਦਾ ਹੈ ਉਹ ਸਾਰਿਆਂ ਵਿਚ ਮਿਲਿਆ ਹੋਇਆ ਹੈ ॥

ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥
ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥ ੩ ॥

ਪ੍ਰਮੇਸਰ ਦੀ ਪੁਰਾਣੀ ਕਥਾ ਮੈਂ ਇਕਰ ਦੀ ਸੁਣੀ ਹੈ ਕਿ ਆਪਣਿਆਂ ਭਗਤਾਂ ਦੀ ਅਵਾਜ ਸੁਣਕੇ ਆਪ ਸਹਾਈ ਹੁੰਦਾ ਹੈ। ਭਗਤਾਂ ਨੂੰ ਦੁਖ ਦੇਣਵਾਲੇ ਦੁਸ਼ਟ ਆਦਮੀ ਸਾਰੇ ਹੀ ਟੁਕੜੇ ੨ ਕਰ ਦਿਤੇ ਹਨ ਅਤੇ ਮਾਲਕ ਨੇ ਅਪਣਿਆਂ ਭਗਤਾਂ ਨੂੰ ਮੰਨ ਲਿਆ ਹੈ ਭਾਵ ਸਹੈਤਾ ਕੀਤੀ ਹੈ ॥

ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ॥ ਪ੍ਰਭ ਕੇ ਸੇਵਕ ਸਰ-ਣਿ ਪ੍ਰਭ ਤਿਨ ਕਉ ਭਉ ਨਾਹਿ ॥ ੪ ॥ ੨੬ ॥ ੫੬ ॥

ਹੇ ਮਾਲਕ ਮੈਂ ਤੇਰੇ ਅ॰ ਸਚੇ ਬਚਨ ਆਖਦਾ ਹਾਂ ਇਹ ਕਥਾ ਸਾਰਿਆਂ ਵਿਚ ਪ੍ਰਗਟ ਹੈ ਜੇਹੜੇ ਮਾਲਕ ਦੇ ਦਾਸ ਮਾਲਕ ਦੀ ਸ਼ਰਨ ਆਏ ਹਨ ਉਹਨਾਂ ਨੂੰ ਕੋਈ ਡਰ ਨਹੀ ਰਹਿੰਦਾ ਹੈ ॥

## ਬਿਲਾਵਲੁ ਮਹਲਾ ੫

ਬੰਧਨ ਕਾਟੈ ਸੋ ਪ੍ਰਭੂ ਜਾਕੈ ਕਲ ਹਾਥ ॥
ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥ ੧ ॥

ਹੇ ਮਾਲਕਾ ਜਿਸ ਤੇਰੇ ਹਥ ਵਿਚ ਸਾਰੀਆਂ ਤਾਕਤਾਂ ਹਨ ਸੋ ਤੂੰ ਆਪ ਹੀ ਜੁਲਮਾਂ ਦੇ ਬੰਧਨਾ ਨੂੰ ਕੱਟਦਾ ਹੈਂ ॥ ਹੋਰ ਕਿਸੇ ਕਰਮ ਕਰਕੇ ਬੰਧਨਾਂ ਤੋਂ ਨਹੀ ਛੁਟੀਦਾ ਹੈ ਹੇ ਮਾਲਕ ਤੁਸੀ ਆਪ ਹੀ ਰਖਿਆ ਕਰ ਸਕਦੇ ਹੋ ॥

ਤਉ ਸਰਣਾਗਤਿ ਮਾਧਵੇ ਪੂਰਨ ਦਇਆਲ ॥
ਛੂਟਿ ਜਾਇ ਸੰਸਾਰ ਤੇ ਰਾਖੈ ਗੋਪਾਲ ॥ ੧ ॥ ਰਹਾਉ ॥

ਹੇ ਪੂਰੇ ਦਿਆਲੂ ਮਾਲਕ ਮੈਂ ਤੇਰੀ ਸ਼ਰਨ ਹਾਂ ਹੇ ਮਾਲਕ ਜਿਸਨੂੰ ਤੂੰ ਰਖ ਲੈਂਦਾ ਹੈਂ ਉਹ ਇਸ ਸੰਸਾਰ ਤੋਂ ਛੁਟ ਜਾਂਦਾ ਹੈ।

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥
ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ ੨ ॥

ਮੈਂ ਭਰਮ ਕਰਕੇ ਏਨਾਂ ਆਸਾ ਮੋਹ ਆਦਿਕ ਵਿਕਾਰਾਂ ਵਿਚ ਲੋਭਿਆ ਹੋਇਆ ਹਾਂ ਝੂਠ ਸੰਸਾਰ ਦੀ ਸਮੱਗਰੀ ਇਸ ਮਨ ਵਿਚ ਆ ਵਸੀ ਹੈ ਹੇ ਮਾਲਕਾ ਤੇਰੇ

Digitized by Panjab Digital Library | www.panjabdigilib.org

ਸਰੂਪ ਨੂੰ ਨਹੀ ਜਾਣਿਆ ਹੈ ॥

**ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮਾਰੇ ॥**
**ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥ ੩ ॥**

ਹੇ ਵਡੀ ਜੋਤ ਪੂਰਨ ਪ੍ਰਮੇਸ਼ਰ ਇਹ ਸਾਰੇ ਜੀਅ ਤੇਰੇ ਹੀ ਹਨ ਹੇ ਅਪੁਜ ਵਡੇ ਮਾਲਕ ਜਿਸ ਤਰਾਂ ਤੂੰ ਰਖਦਾ ਹੈਂ ਮੈਂ ਓਸੇ ਤਰਾਂ ਰਹਿੰਦਾ ਹਾਂ ਭਾਵ ਤੇਰੇ ਹੁਕਮ ਵਿਚ ਪ੍ਰਸੰਨ ਹਾਂ ॥

**ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥ ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥ ੪ ॥ ੨੭ ॥ ੫੭ ॥**

ਹੇ ਸੰਸਾਰ ਦੇ ਕਰਨ ਵਾਲਿਆ ਮਾਲਕਾ ਤੂੰ ਮੈਨੂੰ ਆਪਣਾ ਨਾਮ ਦੇਹ ॥ ਗੁਰੂ ਜੀ, ਤੇਰਿਆਂ ਸੰਤਾਂ ਦਾ ਸੰਗ ਕਰਕੇ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ ਹੇ ਮਾਲਕ ਮੈਂ ਸਦਾ ਤੇਰੇ ਗੁਣ ਗਾਂਦਾਂ ਰਹਾਂ॥

(ਮਨ ਨੂੰ ਉਲਾਂਭਾ)

## ਬਿਲਾਵਲੁ ਮਹਲਾ ੫

**ਕਵਨੁ ਕਵਨੁ ਨਹੀ ਪਤਰਿਆ ਤੁਮਰੀ ਪਰਤੀਤਿ ॥**
**ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ੧ ॥**

ਪਤਰਿਅ=ਡਿਗਿਆ । ਹੇ ਮਨਾ ਤੇਰੇ ਉਤੇ ਪ੍ਰਤੀਤ ਕਰਨ ਨਾਲ ਭਾਵ ਤੇਰੇ ਮਗਰ ਲਗਣ ਨਾਲ ਭਜਨ ਕਰਨ ਤੋਂ ਕੇਹੜਾ ੨ ਨਹੀ ਡਿਗਿਆ ਹੈ ਭਾਵ ਬਹੁਤ ਡਿਗ ਪਏ ਹਨ ਹੇ ਮਨਾ ਵਡੀ ਮੋਹਣੀ ਮਾਇਆ ਦਾ ਮੋਹਿਆ ਹੋਇਆ ਤੂੰ ਨਰਕ ਵਿਚ ਪੈਣ ਵਾਲੀ ਰੀਤ ਵਿਚ ਵਰਤਦਾ ਭਾਵ ਰਹਿੰਦਾ ਹੈਂ ॥

**ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥**

ਹੇ ਖੁਟਹਰਿ=ਖੋਟਿਆ ਮਨਾ ਤੇਰਾ ਹੁਣ ਵਿਸਾਹ ਨਹੀਂ ਹੈ ਤੂੰ ਬਹੁਤ ਵਿਸ਼ਿਆਂ ਦੇ ਰੱਸ ਵਿਚ ਮਸਤ ਹੋਇਆ ਹੋਇਆ ਹੈ ਭਾਵ ਨਾਮ ਤੋਂ ਭੁਲਾ ਹੈਂ ॥ ਜਿਕਰ ਖੋਤੇ ਦੇ ਪੈਰਾਂ ਦਾ ਬੰਧਨ ਤਦੋਂ ਛੁੱਟਦਾ ਹੈ ਜਦੋਂ ਉਸਦੇ ਉਤੇ ਭਾਰ ਲੱਦੀ ਦਾ ਹੈ ਭਾਵ ਜਦੋਂ ਇਸ ਮਨ ਨੂੰ ਕਿਸੇ ਕਥਾ ਕੀਰਤਨ ਚੰਗੇ ਪਾਸੇ ਲਾਈਏ ਤੇ ਤਾਂ ਇਹ ਟਿਕਿਆ ਰਹਿੰਦਾ ਹੈ ਸਮਾਧੀ ਆਦਕ ਰੱਸੇ ਇਸ ਨੂੰ ਬਧੇ ਰਹਿਣ ਇਹ ਵੇਹਲਾ ਨ ਰਹੇ ॥

Digitized by Panjab Digital Library | www.panjabdigilib.org

ਜਪ ਤਪ ਸੰਜਮ ਤੁਮ ਖੰਡੇ ਜਮ ਕੇ ਦੁਖ ਡਾਂਡ ॥
ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥

ਹੇ ਜੀਆ ਤੂੰ ਜਪ ਤਪ ਮਨ ਆਦਕ ਇੰਦ੍ਰਿਆਂ ਨੂੰ ਰੋਕਣਾ ਇਹ ਚੰਗੇ ਕੰਮ ਖੰਡੇ=ਨਾਸ ਕਰ ਦਿਤੇ ਹਨ ਇਸ ਲਈ ਤੈਨੂੰ ਜਮ ਦੇ ਡੰਡ ਦੇ ਦੁਖ ਲੱਗਣਗੇ ਭਾਵ ਸਿਰ ਉਤੇ ਡੰਡੇ ਵਜਣਗ ॥ ਹੇ ਨਿਰ ਲੱਜੇ ਭਾਂਡ=ਭੰਡ ਮਖੌਲੀਏ ਆਦਮੀ ਤੂੰ ਮਾੜੀਆਂ ਜੂਨੀਆਂ ਦੇ ਦੁਖਾਂ ਨੂੰ ਨਹੀਂ ਯਾਦ ਕਰਦਾ ਹੈਂ ਭਾਵ ਬਹੁਤ ਦੁਖ ਮਿਲੇਗਾ ॥

ਹਰਿ ਸੰਗਿ ਸਹਾਈ ਮਹਾਮੀਤੁ ਤਿਸੁ ਸਿਉ ਤੇਰਾ ਭੇਦੁ ॥
ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥

ਜੇਹੜਾ ਮਾਲਕ ਤੇਰਾ ਵੱਡਾ ਮਿੱਤ੍ਰ ਸਦਾ ਹੀ ਅੰਗ ਸੰਗ ਸਹਾਈ ਹੈ ਉਸਦੇ ਨਾਲ ਤੇਰਾ ਫਰਕ ਪਿਆ ਹੋਇਆ ਹੈ ਤੂੰ ਪੰਜਾਂ ਕਾਮ ਆਦਕਾਂ ਜਾਂ ਰਾਹ ਮਾਰਨ ਵਾਲਿਆਂ ਵੈਰੀਆਂ ਦੇ ਨਾਲ ਬੀਧਾ=ਮਿਲਿਆ ਹੋਇਆ ਹੈਂ ਏਸੇ ਲਈ ਤੈਨੂੰ ਵੱਡਾ ਦੁਖ ਪੈਦਾ ਹੋਇਆ ਹੈ ਭਾਵ ਜੰਮਣ ਮਰਨ ਦਾ ਫੇਰ ਪਿਆ ਹੈ ॥

ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ ਤਨੁ ਮਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ ॥ ੪ ॥ ੨੮ ॥੫੮

ਗੁਰੂ ਜੀ, ਮੈਂ ਓਨਾਂ ਸੰਤਾਂ ਦੀ ਸ਼ਰਨ ਆਇਆ ਹਾਂ ਜਿਨਾਂ ਨੇ ਆਪਣਾ ਮਨ ਵੱਸ ਕੀਤਾ ਹੈ ॥ ਓਨਾਂ ਇਕਰ ਦੇ ਸੰਤਾਂ ਨੂੰ ਪ੍ਰਮੇਸਰ ਨੇ ਆਪਣਾ ਤਨ ਧਨ ਆਦਕ ਸਾਰਾ ਸਰਬੰਧ ਦੇ ਦਿਤਾ ਹੈ ਭਾਵ ਮਾਲਕ ਨੇ ਓਨਾਂ ਨੂੰ ਸਭ ਕੁਛ ਦੇ ਦਿਤਾ ਹੈ ਅਤੇ ਓਨਾਂ ਸੰਤਾਂ ਨੇ ਸਭ ਕੁਛ ਮਾਲਕ ਨੂੰ ਦੇ ਦਿਤਾ ਹੈ॥

## ਬਿਲਾਵਲੁ ਮਹਲਾ ੫

ਉਦਮੁ ਕਰਤ ਆਨਦੁ ਭਇਆ ਸਿਮਰਤਿ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥

ਨਾਮ ਦੇ ਸਿਮਰਨ ਦਾ ਉਦਮ ਕਰਦਿਆਂ ਹੀ ਸਾਰਾ ਵਿਹਾਰਾਂ ਦਾ ਅਨੰਦ ਹੋਇਆ ਹੈ ਅਤੇ ਸਿਮਰਨ ਕਰਨ ਨਾਲ ਚੰਗਾ ਸੁਖ ਮਿਲਦਾ ਹੈ ਪ੍ਰਮੇਸਰ ਦਾ ਨਾਮ ਜਪਕੇ ਸਾਰਿਆਂ ਵਿਚ ਮਿਲੇ ਹੋਏ ਪੂਰਨ ਪ੍ਰਮੇਸਰ ਦਾ ਵਿਚਾਰ ਪ੍ਰਾਪਤ ਹੋਇਆ ਹੈ ॥

ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥
ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਮੈਂ ਗੁਰਾਂ ਦੇ ਚਰਨਾਂ ਕਮਲਾਂ ਨੂੰ ਜਪਕੇ ਭਾਵ ਆਸਰਾ ਲੈਕੇ ਅਤੇ ਪ੍ਰਮੇਸਰ ਦਾ ਜਾਪ ਜਪਦਾ ਹੋਇਆ ਜੀਉਂਦਾ ਹਾਂ ॥ ਇਕਰ ਮਾਲਕ ਨੂੰ ਯਾਦ ਕਰਦਾ ਹੋਇਆ ਨਾਮ ਅੰਮ੍ਰਤ ਨੂੰ ਮੂੰਹ ਨਾਲ ਪੀਂਦਾ ਹਾਂ ॥

ਜੀਅ ਜੰਤ ਸਭਿ ਸੁਖਿ ਬਸੇ ਸਭਿ ਕੈ ਮਨਿ ਲੋਚ ॥
ਪਰਉਪਕਾਰ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥

ਛੋਟੇ ਵਡੇ ਸਾਰੇ ਜੀਅ ਸੁਖੀ ਵਸੇ ਹਨ ਸਾਰਿਆਂ ਦੇ ਮਨ ਵਿਚ ਇਹ ਇਛਿਆ ਹੈ ਭਾਵ ਭਲਾ ਕੰਮ ਕਰੀਏ ॥ ਭਲੇ ਆਦਮੀ ਰੋਜ ਹੀ ਚਿਤ ਵਿਚ ਪਰ ਉਪਕਾਰ ਕਰਨ ਨੂੰ ਸੋਚਦੇ ਰਹਿੰਦੇ ਹਨ ਅਤੇ ਉਨਾਂ ਵਿਚ ਕੁਛ ਪੋਚ=ਨੀਚਤਾ ਭਾਵ ਮੈਲਾ ਖਿਆਲ ਨਹੀਂ ਹੁੰਦਾ ਹੈ ॥

ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥
ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥ ੩ ॥

ਜਿਥੇ ਨਾਮ ਜਪੀਦਾ ਹੈ ਓਹ ਥਾਂ ਧੰਨ ਹੈ ਓਥੇ ਵੱਸਣ ਵਾਲੇ ਵੀ ਧੰਨ ਹਨ ॥ ਜਿਥੇ ਪ੍ਰਮੇਸਰ ਦਾ ਬਹੁਤ ਸਾਰਾ ਕੀਰਤਨ ਹੁੰਦਾ ਰਹਿੰਦਾ ਹੈ ਉਸ ਦਾ ਫਲ ਬੜਾ ਹੈ ਕਿ ਸੁਣਨ ਵਾਲਿਆਂ ਦਾ ਸ਼ਾਂਤੀ ਸੁਖ ਵਿਚ ਟਿਕਾਣਾ ਹੁੰਦਾ ਹੈ ਭਾਵ ਮਨ ਸੁਖੀ ਹੁੰਦਾ ਹੈ ॥

ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥
ਨਾਨਕ ਪ੍ਰਭ ਸਰਣਾਗਤੀ ਜਾਕੈ ਸਭੁ ਕਿਛੁ ਹਾਥ ॥ ੪ ॥੨੯॥੫੯॥

ਗਰੀਬਾਂ ਦਾ ਮਾਲਕ ਮਨ ਤੋਂ ਕਦੇ ਵੀ ਨ ਭੁਲੇ ਜਾਂ ਨਹੀਂ ਭੁਲਦਾ ਹੈ ॥ ਗੁਰੂ ਜੀ, ਜਿਸ ਮਾਲਕ ਦੇ ਸਭ ਕੁਛ ਹੱਥ ਵੱਸ ਹੈ ਮੈਂ ਉਸਦੀ ਸ਼ਰਨ ਆਇਆ ਹਾਂ ॥

(ਪ੍ਰਮੇਸਰ ਦੇ ਉਪਕਾਰ)

## ਬਿਲਾਵਲੁ ਮਹਲਾ ੫

ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖਿ ਮਹਿ ਪਾਇਆ ॥
ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ ॥ ੧ ॥

ਜਿਸ ਮਾਲਕ ਨੇ ਤੈਨੂੰ ਮਾਂ ਦੇ ਪੇਟ ਵਿਚ ਬੰਨਕੇ ਫੇਰ ਛਡ ਦਿਤਾ ਹੈ ਫੇਰ ਅਨੇਕਾਂ ਸੁਖਾਂ ਵਿਚ ਪਾਇਆ ਹੈ ਭਾਵ ਸੁਖ ਦਿਤੇ ਹਨ ॥ ਉਸ ਮਾਲਕ ਦੇ ਚਰਨਾਂ ਕਮਲਾਂ ਨੂੰ ਸਦਾ ਯਾਦ ਕਰ ਜਿਸ ਕਰਕੇ ਤ੍ਰਿਸ਼ਨਾ ਅੱਗ ਦਾ ਤਾਇਆ ਹੋਇਆ ਤੂੰ ਠੰਢਾ ਹੋ ਜਾਵੇਂਗਾ ॥

Digitized by Panjab Digital Library | www.panjabdigilib.org

**ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ ॥**
**ਜਿਨਿ ਏਹੁ ਰਚਨ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ ॥ ੧॥**

ਜੀਉਂਦਿਆਂ ਜਾਂ ਮੋਇਆਂ ਇਹ ਸੰਸਾਰ ਕੁਛ ਕੰਮ ਨਹੀਂ ਆਉਂਦਾ ਹੈ ਭਾਵ ਸੰਸਾਰ ਦੇ ਪਦਾਰਥ ਸਰਬੰਧੀ ਇਹ ਕਿਸੇ ਕੰਮ ਨਹੀਂ ਹਨ ਓੜਕ ਨੂੰ ਸਹੈਤਾ ਨਹੀਂ ਕਰ ਸਕਦੇ ਹਨ ॥ ਇਕਰ ਜਾਣ ਕਿ ਜਿਸ ਮਾਲਕ ਨੇ ਇਹ ਸੰਸਾਰ ਪੈਦਾ ਕੀਤਾ ਹੈ ਉਸਦੇ ਨਾਲ ਕੋਈ ਪ੍ਰੇਮ ਲਗਾਂਦਾ ਹੈ ਜਾਂ ਜਿਸ ਨੇ ਇਹ ਸੰਸਾਰ ਪੈਦਾ ਕੀਤਾ ਹੈ ਉਸ ਨੇ ਵੇਖਣ ਵਾਸਤੇ ਬੰਦਿਆਂ ਨੂੰ ਘਲਿਆ ਹੈ ਕਿ ਇਸ ਨਾਲ ਕੋਈ ਪ੍ਰੇਮ ਲਗਾਂਦਾ ਹੈ ਕਿ ਮੈਨੂੰ ਛਡ ਦੇਂਦਾ ਹੈ ਜਾਂ ਇਸ ਸੰਸਾਰ ਨਾਲ ਕੋਈ ਨ ਪ੍ਰੇਮ ਲਾਵੇ ਪ੍ਰਮੇਸ਼ਰ ਦਾ ਭਜਨ ਕਰੇ ਇਹ ਸਿਖਿਆ ਦਿਤੀ ਹੈ ॥

**ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥**
**ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥ ੨ ॥**

ਹੇ ਜੀਵ ਗਰਮੀ ਤੇ ਠੰਢ ਉਸ ਮਾਲਕ ਨੇ ਹੀ ਬਣਾਈ ਹੈ ਭਾਵ ਦੁਖ ਸੁਖ, ਫਿਰ ਧੁਪ ਤੋਂ ਭਗਤਾਂ ਨੂੰ ਕੱਢ ਲੈਂਦਾ ਹੈ ਭਾਵ ਦੁਖ ਤੋਂ ਬਚਾ ਲੈਂਦਾ ਹੈ ॥ ਕੀੜੀ ਤੋਂ ਹਾਥੀ ਬਣਾ ਦੇਂਦਾ ਹੈ ਭਾਵ ਛੋਟੇ ਤੋਂ ਵਡਾ ਕਰ ਦੇਂਦਾ ਹੈ ਵਿਛੜੇ ਹੋਇ ਨੂੰ ਅਪਣੇ ਨਾਲ ਮਿਲਾ ਲੈਂਦਾ ਹੈ ॥

**ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ ॥**
**ਕਿਰਤਿ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥ ੩ ॥**

ਜੇਹੜੇ ਚਹੁੰਆਂ ਖਾਣੀਆਂ ਵਾਲੇ ਜੀਵ ਹਨ ਓਹ ਸਾਰੇ ਹੀ ਪ੍ਰਮੇਸ਼ਰ ਦੇ ਬਣਾਏ ਹੋਏ ਹਨ ਸਾਰਿਆਂ ਆਦਮੀਆਂ ਦੀ ਕਿਰਤ ਕਮੌਣੀ ਏਹੋ ਹੀ ਸਫਲ ਹੈ ਜੋ ਪ੍ਰਮੇਸਰ ਦੀ ਨਿਰਤਕਾਰੀ ਵਿਚ ਸ਼ਾਮਲ ਹੋਣਾ ਹੈ ਭਾਵ ਭਜਨ ਕਰਨਾ ॥ ਰਵੀਐ=ਬੋਲਣਾ ਜਾਂ ਗਾਣਾ ॥ ਨਿਰਤ=ਨਾਚ ਭਾਵ ਕੰਮ ਕਰਨਾ ॥

**ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥**
**ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥ ੪॥੩੦॥੬੦॥**

ਹੇ ਮਾਲਕਾ ਸਾਡੇ ਪਾਸੋਂ ਕੁਛ ਨਹੀਂ ਹੋਣਾ ਹੈ ਇਕ ਅਸੀਂ ਤੇਰੇ ਸੰਤਾਂ ਦੇ ਚਰਨਾਂ ਦੀ ਸ਼ਰਨ ਆਏ ਹਾਂ ॥ ਗੁਰੂ ਜੀ, ਮੋਹ ਵਿਚ ਮਸਤ ਹੋਣਾ ਇਹ ਇਕ ਤਰਾਂ ਦਾ ਅਸੀਂ ਅੰਨੇ ਖੂਹ ਵਿਚ ਪਏ ਹੋਏ ਹਾਂ ਇਸ ਖੂਹ ਤੋਂ ਸਾ ਨੂੰ ਗੁਰੂ ਦੀ ਰਾਹੀਂ ਕੱਢ ਲਓ ॥

Digitized by Panjab Digital Library | www.panjabdigilib.org

## ( ਸਿਖ ਬਚਨ )

## ਬਿਲਾਵਲੁ ਮਹਲਾ ੫

**ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥**
**ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥ ੧ ॥**

ਮੈਂ ਮਾਲਕ ਨੂੰ ਲਭਦੀ ੨ ਬਹੁਤ ਫਿਰਦੀ ਹਾਂ ਜੰਗਲ ਆਦਿਕ ਥਾਵਾਂ ਵਿਚ ਵੀ ਬਹੁਤ ਖੋਜਦੀ ਫਿਰਦੀ ਹਾਂ ਪਰ ਓਹ ਮਾਲਕ ਜੇਹੜਾ ਛਲਿਆ ਨਹੀ ਜਾਂਦਾ ਕਿਸੇ ਹਥਿਆਰ ਨਾਲ ਕਟਿਆ ਨਹੀਂ ਜਾਂਦਾ ਕੋਈ ਉਸਦਾ ਭੇਦ ਨਹੀ ਲੈ ਸਕਦਾ। ਜਾਂ ਓਹ ਸਜਾਤੀ ਵਜਾਤੀ ਜਾਤਾਂ ਦੇ ਫਰਕ ਤੋਂ ਰਹਿਤ ਹੈ ਇਕਰ ਦਾ ਮੇਰਾ ਮਾਲਕ ਹੈ ਓਹ ਤਾਂ ਮੇਰੈਂ ਅੰਦਰ ਘਰ ਵਿਚ ਹੀ ਹੈ ॥

**ਕਬ ਦੇਖਉ ਪ੍ਰਭ ਆਪਨਾ ਆਤਮ ਕੈ ਰੰਗਿ ॥**
**ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥ ੧ ॥ ਰਹਾਉ ॥**

ਮੈਂ ਆਪਣੇ ਮਾਲਕ ਨੂੰ ਆਪਣੇ ਦਿਲ ਦੇ ਪ੍ਰੇਮ ਨਾਲ ਕਦੋਂ ਵੇਖਾਂਗਾ ਜਿਸ ਕਰਕੇ ਮਾਲਕ ਦੇ ਨਾਲ ਵਸੀਏ ਇਸ ਲਈ ਜਾਗਣ ਨਾਲੋਂ ਸੁਪਨਾ ਹੀ ਚੰਗਾ ਹੈ ॥

**ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ ॥**
**ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥ ੨ ॥**

ਸਾਰਿਆਂ ਵਰਨਾਂ ਆਸ਼੍ਰਮਾਂ ਵਿਚ ਰਹਿਕੇ ਓਨਾਂ ਲੋਕਾਂ ਤੋਂ ਮੈਂ ਧਾਰਮਕ ਪੁਸਤਕਾਂ ਨੂੰ ਸੁਣਦਾ ਹਾਂ ਕਿਉਂਕਿ ਮੈਨੂੰ ਮਾਲਕ ਦੇ ਦਰਸ਼ਨ ਦੀ ਤੇਹ ਲਗੀ ਹੋਈ ਹੈ ਜਿਸ ਮਾਲਕ ਦਾ ਨਾ ਕੋਈ ਰੂਪ ਹੈ ਨ ਰੇਖ ਹੈ ਨ ਪੰਜਾਂ ਤਤਾਂ ਦਾ ਬਣਾਇਆ ਜਾਂ ਬਣਿਆ ਹੋਇਆ ਉਸਦਾ ਸਰੀਰ ਹੀ ਹੈ ਓਹ ਇਕੁਰ ਦਾ ਨ ਮਰਨ ਵਾਲਾ ਮਾਲਕ ਹੈ ॥

**ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸਰੁ ॥**
**ਕਰਿ ਕਿਰਪਾ ਜਾਕਉ ਮਿਲੇ ਧਨਿ ਧਨਿ ਤੇ ਈਸੁਰ ॥ ੩ ॥**

ਉਸ ਸਤ ਚਿਤ ਅਨੰਦ ਸਰੂਪ ਨੂੰ ਵਿਰਲੇ ਜੋਗੀਆਂ ਦੇ ਵਡੇ ਜੋਗੀ ਸੰਤ ਆਖਦੇ ਹਨ ਇਕੁਰ ਦੇ ਸੰਤ ਜਿਨਾਂ ਨੂੰ ਕਿਰਪਾ ਕਰਕੇ ਮਿਲੇ ਹਨ ਓਹ ਸੰਤ ਮਾਲਕ ਦਾ ਰੂਪ ਧੰਨ ਹਨ ॥

**ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥**

Digitized by Panjab Digital Library | www.panjabdigilib.org

ਨਾਨਕ ਤਿਸੁ ਪ੍ਰਭੁ ਭੇਟਿਆ ਜਾਕੇ ਪੂਰਨ ਕਰਮਾ॥੪॥ ੩੧॥ ੬੧॥

ਓਨਾਂ ਸੰਤਾਂ ਨੂੰ ਓਹ ਮਾਲਕ ਦਿਲ ਦੇ ਅੰਦਰ ਅਤੇ ਓਹੋ ਮਾਲਕ ਦੁਨੀਆਂ ਵਿਚ ਬਾਹਰ ਨਜਰ ਆਉਂਦਾ ਹੈ ਕਿਉਂਕਿ ਓਨਾਂ ਦੇ ਮਨ ਤੋਂ ਸਾਰਾ ਭਰਮ ਨਾਸ਼ ਹੋਗਿਆ ਹੈ॥ ਗੁਰੂ ਜੀ, ਓਸਨੂੰ ਓਹ ਮਾਲਕ ਮਿਲਿਆ ਹੈ ਜਿਸਦੇ ਮਥੇ ਉਤੇ ਪੂਰੇ ਭਾਗ ਹਨ ।

(ਗੁਰਾਂ ਦੀ ਬਖਸ਼ਸ਼)

## ਬਿਲਾਵਲੁ ਮਹਲਾ ੫

ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ ॥
ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ ॥ ੧ ॥

ਮਾਲਕ ਦੇ ਪ੍ਰਤਾਪ ਨੂੰ ਵੇਖਕੇ ਛੋਟੇ ਵਡੇ ਜੀਵ ਸਾਰੇ ਪ੍ਰਸੰਨ ਹੋ ਗਏ ਹਨ॥ ਜੇਹੜਾ ਸੰਸਾਰ ਦੇ ਬੰਧਨਾਂ ਵਾਲਾ ਸਾਡਾ ਕਰਜ ਸੀ ਇਹ ਗੁਰਾਂ ਨੇ ਉਦਮ ਜਾਂ ਜਤਨ ਕਰਕੇ ਆਪ ਹੀ ਲਾਹ ਦਿਤਾ ਹੈ॥

ਖਾਤ ਖਰਚਤ ਨਿਬਹਤ ਰਹੈ ਗੁਰਸਬਦ ਅਖੂਟ ॥
ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥ ੧ ॥ ਰਹਾਉ ॥

ਸਾਨੂੰ ਗੁਰੂ ਦਾ ਸ਼ਬਦ ਨਾ ਮੁਕਣ ਵਾਲਾ ਮਿਲਿਆ ਹੈ ਜਿਸਨੂੰ ਅਸੀ ਖਾਂਦੇ ਖਰਚਦੇ ਭਾਵ ਜਪਦੇ ਜਪਾਂਦੇ ਹਾਂ ਹੁਣ ਸਾਡਾ ਸਦਾ ਓਸੇ ਖਰਚ ਨਾਲ ਨਿਰਬਾਹ ਹੁੰਦਾ ਹੈ ਜਾਂ ਹੁੰਦਾ ਜਾਂਦਾ ਹੈ ਭਾਵ ਗੁਰੂ ਸ਼ਬਦ ਦੇ ਆਸਰੇ ਅਸੀ ਜੀਉਂਦੇ ਹਾਂ॥
ਉਸ ਸਬਦ ਦੇ ਆਸਰੇ ਸਤ ਸੰਤੋਖ ਆਦਿਕ ਗੁਣਾਂ ਦੀ ਸਮੱਗਰੀ ਆ ਮਿਲੀ ਹੈ ਜੇਹੜੀ ਕਦੀ ਵੀ ਮੁਕਦੀ ਨਹੀ ਹੈ॥

ਸਾਧਸੰਗਿ ਆਰਾਧਨਾ ਹਰਿਨਿਧਿ ਆਪਾਰ ॥
ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥ ੨ ॥

ਜਿਨਾਂ ਨੇ ਸੰਤਾਂ ਦੀ ਸੰਗਤ ਵਿਚ ਮਿਲਕੇ ਅਪਾਰ ਮਾਲਕ ਨਿਧੀ ਰੂਪ ਨੂੰ ਚੇਤੇ ਕੀਤਾ ਹੈ ਓਨਾਂ ਨੂੰ ਧਰਮ, ਅਰਥ, ਕਾਮ,ਮੋਖ ਚਾਰੇ ਫਲ ਦੇਂਦਾ ਮਾਲਕ ਦੇਰ ਨਹੀਂ ਲਾਂਦਾ ਹੈ॥

ਭਗਤ ਅਰਾਧਹਿ ਏਕਰੰਗਿ ਗੋਬਿੰਦ ਗੁਪਾਲ ॥
ਰਾਮਨਾਮ ਧਨੁ ਸੰਚਿਆ ਜਾਕਾ ਨਹੀ ਸੁਮਾਰ ॥ ੩ ॥

ਗੋਬਿੰਦ ਧਰਤੀ ਦੀ ਪਾਲਨਾ ਕਰਨ ਵਾਲੇ ਨੂੰ ਭਗਤ ਇਕ ਪ੍ਰੇਮ ਨਾਲ ਚੇਤੇ ਕਰਦੇ

Digitized by Panjab Digital Library | www.panjabdigilib.org

ਹਨ ਓਨਾਂ ਨੇ ਮਾਲਕ ਦੇ ਨਾਮ ਧਨ ਨੂੰ ਕੱਠਾ ਕੀਤਾ ਹੈ ਜਿਸ ਧਨ ਦੀ ਗਿਣਤੀ ਦਾ ਕੋਈ ਅੰਤ ਨਹੀ ਹੈ ॥

**ਸਰਣਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ ॥ ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ ॥ ੪ ॥ ੩੨ ॥ ੬੨ ॥**

ਹੇ ਮਾਲਕ ਅਸੀ ਤੇਰੀ ਸ਼ਰਨ ਪਏ ਹਾਂ ਅਤੇ ਤੇਰੀ ਹੀ ਵਡਿਆਈ ਕਰਦੇ ਹਾਂ ॥ ਗੁਰੂ ਜੀ, ਮਾਲਕਾ ਤੇਰਾ ਕਿਸੇ ਤਰਾਂ ਵੀ ਅੰਤ ਨਹੀ ਪਾਇਆ ਜਾਂਦਾ ਹੈ ਤੂੰ ਬਿਅੰਤ ਸਾਰਿਆਂ ਦਾ ਮਾਲਕ ਹੈਂ ॥

### (ਸੰਤਾਂ ਦੀ ਮਹਿਮਾਂ)

### ਬਿਲਾਵਲੁ ਮਹਲਾ ੫

**ਸਿਮਰਿ ਸਿਮਰਿ ਪੂਰਨਪ੍ਰਭੂ ਕਾਰਜ ਭਏ ਰਾਸਿ ॥ ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥ ੧ ॥ ਰਹਾਉ ॥**

ਪੂਰੇ ਮਾਲਕ ਨੂੰ ਯਾਦ ਕਰਨ ਨਾਲ ਭਗਤਾਂ ਦੇ ਸਾਰੇ ਕੰਮ ਰਾਸ ਹੋ ਗਏ ਹਨ ਓਨਾਂ ਸੰਤਾਂ ਦੇ ਪਾਸ ਭਾਵ ਸਾਧ ਸੰਗਤ ਕਰਤਾਰ ਪੁਰ ਵਿਚ ਓਹ ਕਰਤਾ ਅਕਾਲ ਪੁਰਖ ਵੱਸਦਾ ਹੈ ॥

**ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥
ਰਖਵਾਲਾ ਗੋਬਿੰਦਰਾਇ ਭਗਤਨ ਕੀ ਰਾਸਿ ॥ ੧ ॥**

ਜਿਨਾਂ ਨੇ ਗੁਰੂ ਪਾਸ ਬੇਨਤੀ ਕੀਤੀ ਹੈ ਓਨਾਂ ਨੂੰ ਕੋਈ ਵਿਘਨ ਨਹੀਂ ਲੱਗਦਾ ਹੈ ਓਨਾਂ ਭਗਤਾਂ ਦੀ ਰਾਸ ਮਾਲਕ ਦਾ ਨਾਮ ਹੈ ਓਨਾਂ ਦੀ ਰਖਿਆ ਕਰਨ ਵਾਲਾ ਆਪ ਮਾਲਕ ਹੈ ॥

**ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥ ੨ ॥**

ਸੰਤਾਂ ਦੇ ਗੁਣਾਂ ਦੀ ਕਦੀ ਵੀ ਟੋਟ ਨਹੀਂ ਆਉਂਦੀ ਹੈ ਕਿਉਂਕਿ ਓਨਾਂ ਦੇ ਦਿਲ ਖਜ਼ਾਨੇ ਭਰੇ ਹੋਏ ਹਨ ॥ ਅਪੁੱਜ ਵਡੇ ਮਾਲਕ ਦੇ ਚਰਨ ਕਮਲ ਓਨਾਂ ਦੇ ਮਨ ਤਨ ਵਿਚ ਆ ਵਸੇ ਹਨ ॥

**ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥
ਸੰਤਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥ ੩ ॥**

Digitized by Panjab Digital Library | www.panjabdigilib.org

ਜੇਹੜੇ ਹੋਰ ਵੀ ਉਸ ਸਤਸੰਗ ਵਿਚ ਵੱਸਦੇ ਹੋਏ ਭਗਤੀ ਕਮਾਂਦੇ ਹਨ ਓਹ ਸਾਰੇ ਹੀ ਸੁਖੀ ਹੋ ਜਾਂਦੇ ਹਨ ਓਨਾਂ ਦੇ ਪਾਸ ਕੁਛ ਕੋਈ ਗਲ ਘਾਟੇ ਵਾਲੀ ਨਹੀਂ ਵੇਖੀਦੀ ਹੈ ਕਿਉਕਿ ਸੰਤਾਂ ਦੀ ਕਿਰਪਾ ਨਾਲ ਓਨਾਂ ਨੂੰ ਪੂਰਨ ਮਾਲਕ ਜਗਤ ਦਾ ਈਸ਼ਰ ਮਿਲਿਆ ਹੈ ॥

**ਜੈ ਜੈ ਕਾਰੁ ਸਭੈ ਕਰਹਿ ਸਚੁਥਾਨੁ ਸੁਹਾਇਆ ॥ ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥ ੪ ॥ ੩੨ ॥ ੬੩ ॥**

ਇਕਰ ਦਾ ਜੇਹੜਾ ਸੱਚਾ ਥਾਂ ਸਤਸੰਗ ਸੁਹਾਇਆ ਹੋਇਆ ਹੈ ਸਾਰੇ ਉਸਦੀ ਜੈ ਜੈ ਕਾਰ "ਉਸਤਤੀ" ਕਰਦੇ ਹਨ ॥ ਗੁਰੂ ਜੀ, ਜਿਸ ਨੂੰ ਪੂਰਾ ਗੁਰੂ ਮਿਲਿਆ ਹੈ ਉਸਨੇ ਨਾਮ ਖਜਾਨੇ ਨੂੰ ਚੇਤੇ ਕਰਕੇ ਸੁਖ ਪਾਇਆ ਹੈ ॥

(ਮਾਲਕ ਤੇ ਸੰਤਾਂ ਦੀ ਮਹਿਮਾਂ)

## ਬਿਲਾਵਲੁ ਮਹਲਾ ੫

**ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥**

**ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥ ੧ ॥ ਰਹਾਉ ॥**

ਮਾਲਕ ਦਾ ਨਾਮ ਚੇਤੇ ਕਰੀਏ ਜਿਸ ਕਰਕੇ ਹੰਕਾਰ ਰੋਗ ਤੋਂ ਰਹਿਤ ਹੋ ਜਾਈਦਾ ਹੈ ਮਾਲਕ ਦੀ ਭਗਤੀ ਰੂਪ ਇਕਰ ਦੀ ਲਾਠੀ ਹੈ ਜਿਸਨੇ ਭਗਤਾਂ ਦੇ* ਹੰਕਾਰ ਰੋਗ ਨੂੰ ਮਾਰਿਆ ਹੈ ॥

**ਗੁਰੁਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥**

*ਇਕ ਦਿਨ ਪ੍ਰਹਿਲਾਦ ਨੂੰ ਹੰਕਾਰ ਆ ਗਿਆ ਕਿ ਜਿਸ ਪ੍ਰਮੇਸਰ ਨੇ ਮੇਰੇ ਪਿਓ ਨੂੰ ਮਾਰਿਆ ਹੈ ਮੈਂ ਉਸ ਨਾਲ ਲੜਕੇ ਪਿਓ ਦਾ ਬਦਲਾ ਲਵਾਂ ਸਲਾਹ ਕਰਕੇ ਪ੍ਰਮੇਸਰ ਨਾਲ ਲੜਨ ਨੂੰ ਤਿਆਰ ਹੋ ਪਿਆ ਅਗੋਂ ਪ੍ਰਮੇਸਰ ਇਕ ਬੁਢੇ ਬ੍ਰਾਹਮਣ ਦਾ ਰੂਪ ਧਾਰਕੇ ਮਿਲਿਆ, ਆਖਣ ਲਗਾ ਕਿਧਰ ਚਲਿਆ ਹੈਂ, ਭਗਤ ਨੇ ਆਖਿਆ ਪ੍ਰਮੇਸਰ ਨਾਲ ਲੜਨ ਵਾਸਤੇ, ਬ੍ਰਾਹਮਣ ਨੇ ਆਖਿਆ ਹੱਛਾ ਮੈਂ ਵੀ ਤੇਰੇ ਨਾਲ ਸਹੈਤਾ ਕਰਦਾ ਹਾਂ ਮੇਰਾ ਵੀ ਪਿਓ ਭਗਵਾਨ ਨੇ ਮਾਰਿਆ ਹੈ ਓੜਕ ਦੋਵੇਂ ਤੁਰ ਪਏ ਰਾਹ ਵਿਚ ਬ੍ਰਾਹਮਣ ਦੀ ਲਾਠੀ ਡਿਗ ਪਈ ਉਸਨੇ ਪ੍ਰਹਿਲਾਦ ਨੂੰ ਆਖਿਆ ਮੈਨੂੰ ਲਾਠੀ ਫੜਾ ਦੇਹ ਮੈਂ ਬੁਢਾ ਹਾਂ ਪ੍ਰਹਿਲਾਦ ਤੋਂ ਓਹ ਲਾਠੀ ਧਰਤੀ ਉਤੋਂ ਨ ਚੁੱਕੀ ਗਈ ਗਿਆਨ ਹੋ ਗਿਆ ਪ੍ਰਮੇਸਰ ਦੀ ਚਰਨੀ ਪਿਆ ਤੇ ਭੁਲ ਬਖਸ਼ਾਈ ਕਿ ਮੂੜਕੇ ਹੰਕਾਰ ਨ ਕਰਾਂ ਗਾ ॥

Digitized by Panjab Digital Library | www.panjabdigilib.org

**ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ॥ ੧ ॥**

ਪੂਰੇ ਗੁਰੂ ਨੂੰ ਮਿਲਕੇ ਮਾਲਕ ਦਾ ਜਾਪ ਕਰੀਏ ਤਾਂ ਰੋਜ ਹੀ ਅਨੰਦ ਭੋਗਣਾ ਕਰੀਦਾ ਹੈ ਸਤਸੰਗ ਦੇ ਬਲਿਹਾਰ ਜਾਈਏ ਜਿਸਦੇ ਮਿਲਾਪ ਨਾਲ ਪ੍ਰਮੇਸਰ ਨੂੰ ਮਿਲਿਆ ਜਾਂਦਾ ਹੈ ॥

**ਜਿਸੁ ਸਿਮਰਤ ਸੁਖੁ ਪਾਈਏ ਬਿਨਸੈ ਬਿਓਗੁ ॥**
**ਨਾਨਕ ਪ੍ਰਭ ਸਰਣਾਗਤੀ ਕਰਣਕਾਰਣਜੋਗੁ ॥ ੨ ॥ ੩੪ ॥ ੬੪ ।**

ਜਿਸਦਾ ਨਾਮ ਯਾਦ ਕਰਨ ਨਾਲ ਮਿਲਾਪ ਦਾ ਸੁਖ ਪਾਈਦਾ ਹੈ ਅਤੇ ਵਿਛੋੜੇ ਦਾ ਦੁਖ ਨਾਸ ਹੋ ਜਾਂਦਾ ਹੈ ॥ ਗੁਰੂ ਜੀ, ਉਸ ਸੰਸਾਰ ਦ ਕਰਨ ਵਾਲੇ ਮਾਲਕ ਕਰਨ ਜੋਗ ਦੀ ਅਸੀ ਸ਼ਰਨ ਹਾਂ ॥

(ਗੁਰੂ ਦਾ ਮਿਲਾਪ ਨਾਮ ਦੀ ਮਹਿਮਾ)

## ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫

## ੴ ਸਤਿਗੁਰਪ੍ਰਸਾਦਿ ॥

**ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥**
**ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥ ੧ ॥**

ਅਸਾਂ ਨਾਮ ਜਪਣ ਦਾ ਦਾਰੂ ਲਿਆ ਭਾਵ ਨਾਮ ਜਪਿਆ ਹੈ ਹੋਰਨਾਂ ਉਪਾਵਾਂ ਨੂੰ ਅਸਾਂ ਛੱਡ ਦਿਤਾ ਹੈ ॥ ਸਰੀਰ ਦਾ ਤਪਣਾ, ਪਾਪ ਅਤੇ ਸਾਰੇ ਰੋਗ ਦੂਰ ਹੋ ਗਏ ਹਨ ਅਤੇ ਮਨ ਠੰਢਾ ਹੋਗਿਆ ਹੈ ॥

**ਗੁਰੁਪੂਰਾ ਆਰਾਧਿਆ ਸਗਲਾ ਦੁਖੁ ਗਇਆ ॥**
**ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ ॥ ੧ ॥ ਰਹਾਉ ॥**

ਅਸਾਂ ਗੁਰੂ ਦੇ ਉਪਦੇਸ਼ ਨਾਲ ਪੂਰਾ ਅਕਾਲ ਪੁਰਖ ਅਰਾਧਿਆ ਹੈ ਏਸੇ ਲਈ ਸਾਡਾ ਸਾਰਾ ਰੋਗ ਦੂਰ ਹੋਗਿਆ ਹੈ ॥ ਰਖਨ ਵਾਲੇ ਮਾਲਕ ਨੇ ਅਪਣੀ ਕਿਰਪਾ ਕਰਕੇ ਮੈਨੂੰ ਦੁਖਾਂ ਤੋਂ ਰਖ ਲਿਆ ਹੈ ॥

**ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ ॥**
**ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ । ੨ ।੧।੬੫**

Digitized by Panjab Digital Library | www.panjabdigilib.org

ਮਾਲਕ ਨੇ ਬਾਂਹ ਫੜਕੇ ਦੁਖਾਂ ਤੋਂ ਕਢ ਲਿਆ ਹੈ ਅਤੇ ਅਪਣਾ ਦਾਸ ਬਣਾਲਿਆ ਹੈ ॥ ਹੁਣ ਉਸ ਮਾਲਕ ਦਾ ਨਾਮ ਸਿਮਰਕੇ ਸੁਖੀ ਹੋਕੇ ਨਿਡਰ ਹੋਇਆ ਹਾਂ ਭਾਵ ਜਨਮ ਮਰਨ ਦੇ ਡਰ ਤੋਂ ਰਹਿਤ ਹੋਇਆ ਹਾਂ ॥

(ਭਗਤਾਂ ਦੀ ਵਡਿਆਈ)

## ਬਿਲਾਵਲੁ ਮਹਲਾ ੫

**ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥**
**ਸਫਲ ਸੇਵਾ ਪਾਰਬ੍ਰਹਮ ਕੀ ਤਾਕੀ ਨਹੀ ਹਾਨਿ ॥ ੧ ॥**

ਜਿਨਾਂ ਦੇ ਮਥੇ ਉਤੇ ਹੱਥ ਧਰਕੇ ਸਤਸੰਗ ਵਿਚ ਇਸਥਿਤ ਕੀਤਾਹੈ ਅਤੇ ਨਾਮ ਦਾਨ ਦਿੱਤਾ ਹੈ, ਉਨਾਂ ਦੀ ਮਾਲਕ ਦੀ ਸੇਵਾ ਕੀਤੀ ਸਫਲ ਹੋਈ ਹੈ ਜਾਂ ਸਫਲ ਰੂਪ ਸੇਵਾ ਕੀਤੀ ਹੈ ਤੇ ਉਨਾਂ ਭਗਤਾਂ ਦੀ ਕਦੀ ਹਾਨੀ ਨਹੀਂ ਹੁੰਦੀ ਹੈ ॥

**ਆਪੇਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥**
**ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥ ੧ ॥ ਰਹਾਉ ॥**

ਮਾਲਕ ਅਪਣਿਆਂ ਭਗਤਾਂ ਦੀ ਆਪੇ ਹੀ ਆਨ=ਪੈਜ, ਇਜ਼ਤ ਰਖਦਾ ਹੈ ਸੰਤ ਜੋ ਜੋ ਕੁਛ ਚਾਹੁੰਦੇ ਹਨ ਸੋ ਸਭ ਮਾਲਕ ਮੰਨ ਲੈਂਦਾ ਹੈ ॥

**ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭੁ ਕੇ ਪ੍ਰਾਨ ॥ ਸਹਜਿ ਸੁਭਾਏ ਨਾਨਕ ਮਿਲੇ ਜੋਤੀ ਜੋਤਿ ਸਮਾਨ ॥ ੨ ॥ ੨ ॥ ੬੬ ॥**

ਜੇਹੜੇ ਮਾਲਕ ਦੇ ਚਰਨਾਂ ਕਮਲਾਂ ਦੀ ਸ਼ਰਣ ਪਏ ਹਨ ਓਹ ਦਾਸ ਮਾਲਕ ਦੇ ਪਾਣ ਭਾਵ ਪਿਆਰੇ ਹਨ ॥ ਜੇਹੜੇ ਆਦਮੀ ਸਹਿਜ ਸੁਭਾਉ ਹੀ ਮਾਲਕ ਨੂੰ ਮਿਲੇ ਹਨ ਓਨਾਂ ਦੀ ਜੋਤ ਪ੍ਰਮੇਸਰ ਦੀ ਜੋਤ ਨਾਲ ਮਿਲ ਗਈ ਹੈ ॥

(ਅਮ੍ਰਿਤਸਰ ਜਾਂ ਸਤਸੰਗ)

## ਬਿਲਾਵਲੁ ਮਹਲਾ ੫

**ਚਰਣਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥**
**ਪ੍ਰਭ ਸਰਣਾਗਤਿ ਜਨ ਪਰੇ ਤਾਕਾ ਸਦ ਪਰਤਾਪੁ ॥ ੧ ॥**

ਸੰਤਾਂ ਨੂੰ ਆਪਣੇ ਚਰਨ ਕਮਲਾਂ ਦਾ ਆਸਰਾ ਆਪ ਹੀ ਮਾਲਕ ਨੇ ਦਿਤਾ ਹੈ। ਜੇਹੜੇ ਆਦਮੀ ਮਾਲਕ ਦੀ ਸ਼ਰਨ ਪਏ ਹਨ ਓਨਾਂ ਦਾ ਸਦਾ ਹੀ ਪ੍ਰਤਾਪ ਵਧਦਾ ਹੈ ॥

Digitized by Panjab Digital Library | www.panjabdigilib.org

**ਰਾਖਨਹਾਰ ਅਪਾਰ ਪ੍ਰਭ ਤਾਕੀ ਨਿਰਮਲ ਸੇਵ ॥ ਰਾਮਰਾਜ ਰਾਮ ਦਾਸਪੁਰਿ ਕੀਨੇ ਗੁਰਦੇਵ ॥ ੧ ॥ ਰਹਾਉ ॥**

ਜੇਹੜਾ ਬਿਅੰਤ ਮਾਲਕ ਸਾਰਿਆਂ ਦੁਖਾਂ ਤੋਂ ਰਖਨ ਵਾਲਾ ਹੈ.ਉਸਦੀ ਸੇਵਾ ਨਿਰਮਲ ਹੈ ॥ ਇਸ ਲਈ ਗੁਰੂ ਰਾਮਦਾਸ ਦੀ ਪੁਰੀ ਵਿਚ ਪ੍ਰਮੇਸਰ ਦਾ ਹੀ ਹੁਕਮ ਹੈ ਜਾਂ ਹੁਕਮ ਮੰਨਣ ਵਾਲੇ ਸਿਖ ਹਨ ਜਾਂ ਮਾਲਕ ਦੇ ਦਾਸਾਂ ਦੀ ਪੁਰੀ ਸਤਸੰਗ ਵਿਚ ਪ੍ਰਮੇਸਰ ਦੇ ਨਾਮ ਦਾ ਰਾਜ=ਚਾਨਣ ਹੈ ਭਾਵ ਗਿਆਨ ਵਾਲੇ ਲੋਕ ਪੈਦਾ ਕੀਤੇ ਹਨ ਇਹ ਗੁਰੂ ਨੇ ਕੰਮ ਕੀਤਾ ਹੈ ਭਾਵ ਗੁਰੂ ਨੇ ਸਿਖਾਂ ਦੀ ਜਿੰਦਗੀ ਸਵਾਰ ਦਿਤੀਹੈ

**ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ ॥ ਨਾਨਕ ਨਾਮ ਸਲਾਹੀਐ ਭਇ ਦੁਸਮਨ ਭਾਗੈ ॥ ੨ ॥ ੩ ॥ ੬੭ ॥**

ਇਸ ਲਈ ਹਰ ਸਮੇ ਵਿਚ ਮਾਲਕ ਨੂੰ ਯਾਦ ਕਰੀਏ ਜਿਸਦੇ ਯਾਦ ਕਰਨ ਨਾਲ ਕੋਈ ਵਿਘਨ ਨਹੀ ਲਗਦਾ ਹੈ ॥ ਗੁਰੂ ਜੀ, ਉਸ ਨਾਮ ਨੂੰ ਸਦਾ ਹੀ ਸਲਾਹੀਏ ਜਿਸਦੇ ਸਲਾਹੁਣ ਨਾਲ ਸਾਰੇ ਡਰ ਤੇ ਦੁਸ਼ਮਨ ਦੌੜ ਜਾਂਦੇ ਹਨ ॥

( ਨਾਮ ਜਪਣ ਵਾਲਿਆਂ ਦੀ ਵਡਿਆਈ )

## ਬਿਲਾਵਲੁ ਮਹਲਾ ੫

**ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥**
**ਉਚਰਤ ਗੁਨ ਗੋਪਾਲਜਸੁ ਦੂਰ ਤੇ ਜਮੁ ਭਾਗੈ ॥ ੧ ॥**

ਸਾਧ ਸੰਗਤ ਵਿਚ ਮਿਲਕੇ ਮਨ ਤਨ ਨਾਲ ਮਾਲਕ ਨੂੰ ਚੇਤੇ ਕਰੀਏ, ਪ੍ਰਮੇਸਰ ਦੇ ਗੁਣ ਤੇ ਜਸ ਨੂੰ ਉਚਾਰਦਿਆਂ ਹੋਇਆਂ ਜਮ ਦੂਰ ਤੋਂ ਹੀ ਦੌੜ ਜਾਂਦਾ ਹੈ ॥

**ਰਾਮਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥**
**ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥ ੧ ॥ ਰਹਾਉ ॥**

ਜੇਹੜੇ ਆਦਮੀ ਮਾਲਕ ਦੇ ਨਾਮ ਨੂੰ ਜਪਦੇ ਹਨ ਅਤੇ ਏਸੇ ਵਿਚ ਦਿਨੇ ਰਾਤ ਜਾਗਦੇ ਹਨ। ਉਸ ਇਕੁਰ ਦੇ ਆਦਮੀ ਦਾ ਬੁਰਾ ਕਰਨ ਵਾਲਾ ਕੋਈ ਤੰਤ੍ਰ ਮੰਤ੍ਰ ਕਰਨਵਾਲਾ ਵੀ ਨਹੀ ਦੇਖ ਜਾਂ ਦਬਾ ਸਕਦਾ ਹੈ ਅਤੇ ਉਸਨੂੰ ਕੋਈ ਚਾਖ=ਖੋਟੀ ਨਜ਼ਰ ਵੀ ਨਹੀ ਲਗਦੀ ਹੈ ਜਾਂ ਆਸਾ ਤ੍ਰਿਸਨਾਂ ਡਾਇਣ ਨਹੀ ਲਗਦੀ ਹੈ ॥

**ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥**
**ਆਨੰਦ ਮਗਨ ਰਸਿ ਰਾਮਰੰਗਿ ਨਾਨਕ ਸਰਨਾਗੈ ॥ ੨ ॥ ੪ ॥੬੮**

Digitized by Panjab Digital Library | www.panjabdigilib.org

ਜੇਹੜੇ ਆਦਮੀ ਮਾਲਕ ਦੇ ਨਾਮ ਵਿਚ ਪ੍ਰੇਮ ਕਰਨ ਵਾਲੇ ਹਨ ਓਨਾਂ ਦੇ ਕਾਮ ਕ੍ਰੋਧ, ਹੰਕਾਰ, ਮਾਨ=ਮਨੌਤਾਂ ਜਾਂ ਮਦ=ਮਸਤੀ ਤੇ ਮਾਨ=ਹੰਕਾਰ ਮੋਹ ਸਾਰੇ ਵਿਕਾਰ ਨਾਸ ਹੋ ਜਾਂਦੇ ਹਨ ॥ ਗੁਰੂ ਜੀ, ਜੇਹੜੇ ਮਾਲਕ ਦੀ ਸ਼ਰਨ ਆਏ ਹਨ ਓਹ ਮਾਲਕ ਦੇ ਪ੍ਰੇਮ ਰਸ ਵਿਚ ਰਸੇ ਹੋਏ ਅਨੰਦ ਵਿਚ ਮਗਨ ਰਹਿੰਦੇ ਹਨ ॥

## ਬਿਲਾਵਲੁ ਮਹਲਾ ੫

**ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ ॥**
**ਭਏ ਪ੍ਰਸੰਨ ਗੋਪਾਲ ਰਾਇ ਭਉ ਕਿਛੁ ਨਹੀ ਕਰਨਾ ॥ ੧ ॥**

ਜੀਆਂ ਦੇ ਖਾਣ ਪੀਣ ਦੀ ਜੇਹੜੀ ਜੁਗਤੀ ਜਾਂ ਰੀਤੀ ਹੈ ਓਹ ਮਾਲਕ ਦੇ ਹੀ ਵਸ ਹੈ ਹੇ ਭਰਾ ਜੋ ਮਾਲਕ ਆਖਦਾ ਹੈ ਓਹੋ ਹੀ ਕਰਨਾ ਮਾਲਕ ਨੂੰ ਚੰਗਾ ਲਗਦਾ ਹੈ ਭਾਵ ਓਹੋ ਹੀ ਓਨਾਂ ਨੂੰ ਕਰਨਾ ਜੋਗ ਹੈ ਜਿਨਾਂ ਆਦਮੀਆਂ ਦੇ ਉਤੇ ਮਾਲਕ ਪ੍ਰਸੰਨ ਹੋਇਆ ਹੈ ਓਹਨਾਂ ਨੇ ਫੇਰ ਕਿਸੇ ਦਾ ਕੁਛ ਡਰ ਨਹੀ ਕਰਨਾ ਹੈ ਭਾਵ ਮਾਲਕ ਦਾ ਡਰ ਮੰਨਣ ਨਾਲ ਹੋਰ ਡਰ ਨਾਸ ਹੋ ਜਾਂਦੇ ਹਨ ॥

**ਦੂਖ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥**
**ਜਮ ਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥ ੧ ॥ ਰਹਾਉ ॥**

ਹੇ ਭਰਾ ਜੇ ਤੂੰ ਮਾਲਕ ਨੂੰ ਚੇਤੇ ਕਰੇਂਗਾ ਤਾਂ ਤੈਨੂੰ ਕਦੇ ਕੋਈ ਦੁਖ ਨਹੀਂ ਲਗੇਗਾ ॥ ਹੇ ਗੁਰੂ ਦੇ ਪਿਆਰੇ ਸਿਖ ਨਾਮ ਜਪਣ ਨਾਲ ਤੇਰੇ ਨੇੜੇ ਜਮ ਦਾ ਦੂਤ ਨਹੀਂ ਆਵੇਗਾ ॥

**ਕਰਣ ਕਾਰਣ ਸਮਰਥੁ ਹੈ ਤਿਸੁ ਬਿਨੁ ਨਹੀ ਹੋਰੁ ॥**
**ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ ॥ ੨ ॥ ੫ ॥ ੬੯ ॥**

ਸੰਸਾਰ ਦੇ ਬਣਾਉਣ ਵਾਲਾ ਮਾਲਕ ਇਕ ਹੀ ਹੈ ਉਸਤੋਂ ਬਿਨਾ ਹੋਰ ਕੋਈ ਨਹੀ ਹੈ ॥ ਗੁਰੂ ਜੀ, ਅਸੀਂ ਉਸ ਮਾਲਕ ਦੀ ਸ਼ਰਨ ਹਾਂ ਓਹ ਸੱਚਾ ਹੈ ਓਸੇ ਦਾ ਸਾਡੇ ਮਨ ਨੂੰ ਜੋਰ ਹੈ ਭਾਵ ਸਾਡਾ ਮਨ ਉਸਦੇ ਆਸਰੇ ਹੈ ॥

(ਗੁਰਾਂ ਤੋਂ ਲਾਭ)

## ਬਿਲਾਵਲੁ ਮਹਲਾ ੫

**ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ।**
**ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾਤੇ ਬਹੁੜਿ ਨ ਧਾਉ ॥ ੧ ॥**

Digitized by Panjab Digital Library | www.panjabdigilib.org

ਅਸਾਂ ਅਪਨਾ ਮਾਲਕ ਚੇਤੇ ਕੀਤਾ ਹੈ ਏਸੇ ਲਈ ਸਾਡਾ ਦੁਖਾਂ ਦਾ ਥਾਂ ਭਾਵ ਅਗਿਆਨ ਨਾਸ ਹੋ ਗਿਆ ਹੈ ॥ ਸਾਧਸੰਗਤ ਵਿਚ ਮਿਲਕੇ ਸੱਚ ਵਿਚ ਟਿਕਾਣਾ ਪਾਇਆ ਹੈ ਏਸੇ ਲਈ ਅਸਾਂ ਬਹੁਤ ਸੁਖ ਪਾਏ ਹਨ ਇਸ ਲਈ ਹੁਣ ਫੇਰ ਨਹੀਂ ਦੌੜਾਂਗੇ ਭਾਵ ਜੰਮਾਂਗੇ ॥

## ਬਲਿਹਾਰੀ ਗੁਰ ਆਪਨੇ ਚਰਨਨ ਬਲਿ ਜਾਉ ॥
## ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥ ੧ ॥ ਰਹਾਉ ॥

ਮੈਂ ਆਪਣੇ ਗੁਰੂਦੇ ਚਰਨਾਂ ਕਮਲਾਂ ਤੋਂ ਬਲਿਹਾਰ ਜਾਂਦਾ ਹਾਂ ਗੁਰੂ ਨੂੰ ਵੇਖਦਿਆਂ ਹੀ ਗੁਣਾਂ ਨੂੰ ਗਾਂਦਾ ਹਾਂ ਇਸ ਲਈ ਅਨੰਦ, ਸੁਖ, ਉਤਸ਼ਾਹ ਸਾਰੇ ਹੀ ਸਾਨੂੰ ਆ ਬਣੇ ਹਨ ਭਾਵ ਬਹੁਤ ਅਨੰਦ ਹੋਇਆ ਹੈ ॥

## ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥
## ਨਾਨਕ ਪ੍ਰਭ ਸੁ ਪ੍ਰਸੰਨ ਭਏ ਬਾਂਛਤ ਫਲ ਪਾਉ ॥੨॥੯॥੭੦॥

ਕਥਾ ਕਰਨੀ ਰਾਗ ਵਿਚ ਜਾਂ ਪ੍ਰੇਮ ਨਾਲ ਕੀਰਤਨ ਕਰਨਾ ਨਾਦ=ਵਾਜੇ ਵਜਾਕੇ ਉਚੀ ਅਵਾਜ਼ ਦਾ ਕਰਨਾ ਭਾਵ ਬਹੁਤ ਉਚੀ ਕੀਰਤਨ ਕਰਨਾ ਸਾਨੂੰ ਏਹੋ ਹੀ ਸੁਅਉ=ਲਾਭ ਬਣਿਆਂ ਹੋਇਆ ਹੈ ਭਾਵ ਇਹ ਲਾਭ ਲੈਂਦੇ ਹਾਂ ॥ ਗੁਰੂ ਜੀ ਸਾਡੇ ਉਤੇ ਓਹ ਮਾਲਕ ਪ੍ਰਸੰਨ ਹੋਇਆ ਹੈ ਜਿਸ ਕਰਕੇ ਅਸੀਂ ਮਨ ਭਾਂਦਿਆਂ ਫਲਾਂ ਨੂੰ ਪਾਂਦੇ ਹਾਂ ॥

(ਬੇਨਤੀ, ਮੰਗਣਾ)

### ਬਿਲਾਵਲੁ ਮਹਲਾ ੫

## ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥
## ਤੁਮਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥ ੧ ॥

ਮੈਂ ਦਾਸ ਦੀ ਏਹੋ ਹੀ ਬੇਨਤੀ ਹੈ ਜੋ ਮੇਰੇ ਦਿਲ ਵਿਚ ਅਪਣੇ ਸਰੂਪ ਦਾ ਚਾਨਣਕਰੋ ਹੇ ਮਾਲਕਾ ਤੇਰੀ ਕਿਰਪਾ ਨਾਲ ਹੀ ਦੋਖਾਂ ਦਾ ਨਾਸ ਹੁੰਦਾ ਹੈ॥

## ਚਰਨਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥
## ਕੀਰਤਨ ਨਾਮੁ ਸਿਮਰਤ ਰਹਉ ਜਬਲਗੁ ਘਟਿ ਸਾਸੁ ॥੧॥ਰਹਾਉ॥

ਹੇ ਗੁਣਾਂ ਦੇ ਸਮੁੰਦਰ ਮਾਲਕ ਮੈਨੂੰ ਤੇਰੇ ਚਰਨਾਂ ਕਮਲਾਂ ਦਾ ਹੀ ਆਸਰਾ ਹੈ ॥ ਮੈਂ ਤੇਰੇ ਪਾਸੋਂ ਇਹ ਦਾਨ ਮੰਗਦਾ ਹਾਂ ਕਿ ਤੇਰਾ ਕੀਰਤਨ ਕਰਕੇ ਤੇਰਾ ਨਾਮ ਸਦਾਹੀ ਚੇਤੇ ਕਰਦਾ ਰਹਾਂ ਜਦੋਂ ਤਕ ਮੇਰੇ ਸਰੀਰ ਵਿਚ ਸਾਸ ਹਨ ॥

Digitized by Panjab Digital Library | www.panjabdigilib.org

ਮਾਤ ਪਿਤਾ ਬੰਧਪ ਤੂਹੈ ਤੂ ਸਰਬ ਨਿਵਾਸੁ ॥
ਨਾਨਕ ਪ੍ਰਭ ਸਰਣਾਗਤੀ ਜਾਕੋ ਨਿਰਮਲ ਜਾਸੁ ॥ ੨ ॥ ੭ ॥੭੧॥

ਮਾਤਾ ਪਿਤਾ ਸਰਬੰਧੀ ਤੂੰ ਹੀ ਸਾਡਾ ਹੈਂ ਅਤੇ ਸਾਰਿਆਂ ਦੇ ਅੰਦਰ ਤੂੰ ਹੀ ਨਿਵਾਸ ਕਰਦਾ ਹੈਂ। ਗੁਰੂ ਜੀ, ਮੈਂ ਉਸ ਮਾਲਕ ਦੀ ਸ਼ਰਨ ਹਾਂ ਜਿਸਦਾ ਨਿਰਮਲ ਜਸ ਹੈ ਭਾਵ ਬਹੁਤ ਪ੍ਰਤਾਪ ਹੈ ॥

(ਨਾਮ ਤੋਂ ਲਾਭ)

## ਬਿਲਾਵਲੁ ਮਹਲਾ ੫

ਸਰਬ ਸਿਧਿ ਹਰਿ ਗਾਈਐ ਸਭਿ ਭਲਾ ਮਨਾਵਹਿ ॥
ਸਾਧੁ ਸਾਧੁ ਮੁਖ ਤੇ ਕਹਹਿ ਸੁਣਿ ਦਾਸ ਮਿਲਾਵਹਿ ॥ ੧ ॥

ਨਾਮ ਨੂੰ ਗੌਣ ਨਾਲ ਸਾਰੀਆਂ ਸਿਧੀਆਂ ਮਿਲ ਜਾਂਦੀਆਂ ਹਨ ਉਸ ਗੌਣ ਵਾਲੇ ਦਾ ਸਾਰੇ ਲੋਕ ਭਲਾ ਮਨਾਂਦੇ ਹਨ ॥ ਉਸ ਨੂੰ ਸਾਰੇ ਲੋਕ ਸ਼ਾਬਾਸ਼ੇ ਸ਼ਾਬਾਸ਼ੇ ਮੂੰਹ ਤੋਂ ਆਖਦੇ ਹਨ ਅਤੇ ਓਨਾਂ ਦਾ ਜਸ ਸੁਣਕੇ ਸਾਰੇ ਦਾਸ ਮਿਲਕੇ ਮੁਕਤੀ ਲੈਣ ਲਈ ਕੋਲ ਆਉਂਦੇ ਹਨ ॥

ਸੂਖ ਸਹਜ ਕਲਿਆਣ ਰਸ ਪੂਰੈ ਗੁਰਿ ਕੀਨ ॥
ਜੀਅ ਸਗਲ ਦਇਆਲ ਭਏ ਹਰਿ ਹਰਿ ਨਾਮੁ ਚੀਨ॥ ੧॥ਰਹਾਉ॥

ਸੁਖ, ਸ਼ਾਂਤੀ, ਮੁਕਤੀ, ਪ੍ਰੇਮ ਇਹ ਗੁਣ ਵਾਲੀਆਂ ਗੱਲਾਂ ਸਾਨੂੰ ਪੂਰਿਆਂ ਗੁਰਾਂ ਦੇਣੀਆਂ ਕੀਤੀਆਂ ਹਨ ਸਾਰੇ ਜੀਅ ਸਾਡੇ ਉਤੇ ਦਿਆਲੂ ਹੋ ਗਏ ਹਨ ਅਸਾਂ ਉਸ ਮਾਲਕ ਦੇ ਨਾਮ ਨੂੰ ਮੁਕਤੀ ਦਾ ਦਾਤਾ ਜਾਣਿਆ ਹੈ ॥

ਪੂਰਿ ਰਹਿਓ ਸਰਬਤ੍ਰ ਮਹਿ ਪ੍ਰਭ ਗੁਣੀ ਗਹੀਰ ॥
ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ ਧੀਰ ॥ ੨ ॥ ੮ ॥ ੭੨ ॥

ਓਹ ਮਾਲਕ ਗੁਣਾਂ ਦਾ ਸਮੁੰਦਰ ਸਾਰਿਆਂ ਵਿਚ ਮਿਲਿਆ ਹੋਇਆ ਹੈ ॥
ਗੁਰੂ ਜੀ, ਉਸ ਮਾਲਕ ਦੀ ਧੀਰਜਤਾ ਨੂੰ ਵੇਖਕੇ ਉਸਦੇ ਭਗਤ ਸਦਾ ਅਨੰਦ ਰਹਿੰਦੇ ਹਨ ॥

Digitized by Panjab Digital Library | www.panjabdigilib.org

{ ਜਦੋਂ ਪ੍ਰਿਥੀ ਚੰਦ ਨੇ ਬ੍ਰਾਹਮਣ ਤੋਂ ਗੁਰੂ ਹਰਗੋਬਿੰਦ ਜੀ ਨੂੰ ਜ਼ਹਰ ਦਵਾਈ ।
ਉਸ ਵੇਲੇ ਗੁਰੂ ਜੀ ਦੀ ਰਖਿਆ ਹੋਈ ਤਾਂ ਗੁਰੂ ਜੀ ਸ਼ਬਦ ਉਚਾਰਿਆ । }

## ਬਿਲਾਵਲੁ ਮਹਲਾ ੫

**ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥**
**ਰਾਖਿਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ॥ ੧ ॥**

ਦਾਤੇ ਮਾਲਕ ਨੇ ਸਾਡੀ ਬੇਨਤੀ ਸੁਣੀ ਹੈ ਇਸ ਲਈ ਸਾਡੇ ਉਤੇ ਕਿਰਪਾਲ ਹੋਇਆ ਹੈ ॥ ਮਾਲਕ ਨੇ ਆਪਣਾ ਦਾਸ ਰੱਖ ਲਿਆ ਹੈ ਨਿੰਦਕ ਦੇ ਮੂੰਹ ਵਿਚ ਸੁਆਹ ਪਈ ਹੈ ॥

**ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ ॥**
**ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥ ੧ ॥ ਰਹਾਉ ॥**

ਪ੍ਰਥਾਇ ਸਾਖੀ ਮਹਾ ਪੁਰਖ ਬੋਲਦੇ ॥ - ਹੇ ਮਿਤ੍ਰ ਜਨ ਤੈਨੂੰ ਕੋਈ ਨਹੀਂ ਵੇਖ ਸਕਦਾ ਹੈ ਜਾਂ ਜੇਹੜੇ ਗੁਰੂ ਸਾਰਿਆਂ ਦੇ ਮਿਤ੍ਰ ਹਨ ਤੂੰ ਓਨਾਂ ਦਾ ਦਾਸ ਹੈਂ ਤੈਨੂੰ ਕੋਈ ਦੁਖ ਨਹੀਂ ਦਬਾ ਸਕੇ ਗਾ ਮਾਲਕ ਨੇ ਆਪ ਹੀ ਤੈਨੂੰ ਹੱਥ ਦੇਕੇ ਰੱਖ ਲਿਆ ਹੈ ॥

**ਜੀਅਨ ਕਾ ਦਾਤਾ ਏਕੁ ਹੈ ਬੀਆ ਨਾਹੀ ਹੋਰੁ ॥ ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ ॥ ੨ ॥ ੯ ॥ ੭੩ ॥**

ਸਾਰਿਆਂ ਜੀਆਂ ਦਾ ਦਾਤਾ ਇਕ ਹੈ ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ॥
ਗੁਰੂ ਜੀ, ਮੇਰੀ ਇਹ ਬੇਨਤੀ ਹੈ ਕਿ ਮੈਨੂੰ ਤੇਰਾ ਹੀ ਜੋਰ ਹੈ ਭਾਵ ਆਸਰਾ ਹੈ ॥

(ਤਥਾ)

## ਬਿਲਾਵਲੁ ਮਹਲਾ ੫

**ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥**
**ਨਿੰਦਕ ਮਿਰਤਕ ਹੋਇ ਗਏ ਤੁਮ ਹੋਹੁ ਨਿਚਿੰਦ ॥ ੧ ॥ ਰਹਾਉ ॥**

ਹੇ ਸਜਣੋ ਸਾਡੇ ਮਿਤ੍ਰ ਮਾਲਕ ਨੇ ਹਰ ਗੋਬਿੰਦ ਨੂੰ ਰਖ ਲਿਆ ਹੈ ॥ ਨਿੰਦਕ ਆਪਣੇ ਅਪਜਸ ਨੂੰ ਸੁਣਕੇ ਹੁਣ ਮਾਨੋ ਮਰ ਗਏ ਹਨ ਇਸ ਲਈ ਹੁਣ ਤੁਸੀ ਚਿੰਤ੍ਰਾ ਤੋਂ ਬਿਨਾ ਹੋ ਜਾਓ ॥

Digitized by Panjab Digital Library | www.panjabdigilib.org

ਸਗਲ ਮਨੋਰਥ ਪ੍ਰਭਿ ਕੀਏ ਭੇਟੇ ਗੁਰਦੇਵ ॥
ਜੈਜੈਕਾਰੁ ਜਗਤ ਮਹਿ ਸਫਲ ਜਾਕੀ ਸੇਵ ॥ ੧ ॥

ਸਾਰੇ ਮਨੋਰਥ ਮਾਲਕ ਨੇ ਪੂਰੇ ਕਰ ਦਿਤੇ ਹਨ ਕਿ ਸਾਨੂੰ ਗੁਰੂ ਮਿਲਿਆ ਹੈ ॥ ਉਸ ਮਾਲਕ ਨੇ ਸਾਰੇ ਜੱਗ ਵਿਚ ਸਾਡਾ ਜੈ ਜੈ ਕਾਰ ਕਰਾਇਆ ਹੈ ਉਸਦੀ ਸੇਵਾ ਸਫਲ ਹੈ ਭਾਵ ਭਗਤੀ ਜਰੂਰ ਫਲ ਦੇਂਦੀ ਹੈ ॥

ਊਚ ਅਪਾਰ ਅਗਨਤ ਹਰਿ ਸਭਿ ਜੀਅ ਜਿਸੁ ਹਾਥਿ ॥ ਨਾਨਕ ਪ੍ਰਭਸਰਣਾਗਤੀ ਜਤ ਕਤ ਮੇਰੈ ਸਾਥਿ ॥ ੨ ॥ ੧੦ ॥ ੭੪ ॥

ਮਾਲਕ ਉਚਾ ਵੱਡਾ ਬੇਗਿਣਤ ਗੁਣਾਂ ਵਾਲਾ ਹੈ ਸਾਰੇ ਜੀਅ ਉਸਦੇ ਹੱਥ ਵਸ ਹਨ ਹੇ ਮਾਲਕ ਮੈਂ ਆਪਦੀ ਸ਼ਰਨ ਹਾਂ ਤੂੰ ਜਿਥੇ ਕਿਥੇ ਮੇਰੇ ਨਾਲ ਭਾਵ ਸਹਾਈ ਹੈਂ ॥

੮੫ ਬਿਲਾਵਲੁ ਮਹਲਾ ੫

ਗੁਰੁਪੂਰਾ ਆਰਾਧਿਆ ਹੋਏ ਕਿਰਪਾਲ ॥
ਮਾਰਗੁ ਸੰਤਿ ਬਤਾਇਆ ਤੂਟੇ ਜਮਜਾਲ ॥ ੧ ॥

ਜਦੋਂ ਅਸਾਂ ਪੂਰਾ ਗੁਰੂ ਸਿਮਰਿਆ ਤਾਂ ਸਾਡੇ ਉਤੇ ਮਾਲਕ ਕਿਰਪਾਲੂ ਹੋਇਆ ॥ ਸੰਤਾਂ ਨੇ ਰਸਤਾ ਦਸਿਆ ਇਸ ਲਈ ਸਾਰੇ ਜਮ ਦੇ ਜਾਲ ਟੁਟ ਗਏ ਹਨ ॥

ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭਨਾਮ ॥
ਸਹਜ ਸੂਖ ਆਨੰਦਰਸ ਪੂਰਨ ਸਭਿਕਾਮ ॥ ੧ ॥ ਰਹਾਉ ॥

ਮਾਲਕ ਦਾ ਨਾਮ ਗਾਂਦਿਆਂ ਹੋਇਆਂ ਸਾਰਾ ਦੁਖ ਭੁਖ ਸੰਸਾ ਦੂਰ ਹੋਗਿਆ ਹੈ ਪ੍ਰੇਮ ਤੇ ਅਨੰਦ ਵਿਚ ਮਸਤ ਹੋਕੇ ਅਸਾਂ ਸੁਖ ਪਾਇਆ ਹੈ ਅਤੇ ਸਾਰੇ ਕੰਮ ਪੂਰੇ ਹੋ ਗਏ ਹਨ ॥

ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥ ਨਾਨਕ ਪ੍ਰਭ ਸਰ-ਣਾਗਤੀ ਜਾਕਾ ਵਡ ਪਰਤਾਪ ॥ ੨ ॥ ੧੧ ॥ ੭੫ ॥

ਮਾਲਕ ਸਾਡੇ ਆਪ ਰਾਖੇ ਹੋਏ ਹਨ ਏਸੇ ਲਈ ਸਾਡੀ ਸੜਨਤਾ ਬੁਝ ਗਈ ਹੈ ਅਤੇ ਅਸੀ ਸੀਤਲ ਹੋ ਗਏ ਹਾਂ ॥ ਗੁਰੂ ਜੀ, ਜਿਸਦਾ ਵਡਾ ਪ੍ਰਤਾਪ ਹੈ ਅਸੀਂ ਉਸ ਦੀ ਸ਼ਰਨ ਹਾਂ ॥

Digitized by Panjab Digital Library | www.panjabdigilib.org

(ਸਤਸੰਗ ਤੇ ਨਾਮ ਦਾ ਲਾਭ)

## ਬਿਲਾਵਲੁ ਮਹਲਾ ੫

ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ ॥
ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ ॥ ੧ ॥

ਨਾਮ ਜਪਨ ਨਾਲ ਦੇਹ ਧਰਤੀ ਸੋਹਣੀ ਹੋਈਹੈ ਦਿਲ ਥਾਂ ਸਫਲ ਹੋਇਆ ਹੈ ਅਤੇ ਸਾਰੇ ਕੰਮ ਪੂਰੇ ਹੋ ਗਏ ਹਨ ॥ ਜਮਾਂ ਦਾ ਡਰ ਦੌੜ ਗਿਆ ਹੈ ਭਰਮ ਵੀ ਨਸ ਗਿਆ ਹੈ ਕਿਉਂਕਿ ਅਸਾਂ ਰੋਜ ਹੀ ਮਾਲਕ ਨੂੰ ਜਪਿਆ ਹੈ ॥

ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ॥
ਸਾਈ ਘੜੀ ਸੁਲਖਣੀ ਸਿਮਰਤ ਹਰਿਨਾਮ । ੧ ॥ ਰਹਾਉ ॥

ਸੰਤਾਂ ਦੇ ਨਾਲ ਵਸਣ ਨਾਲ ਸਾਡਾ ਵਡੇ ਸੁਖ ਵਿਚ ਟਿਕਾਣਾ ਹੋਇਆ ਹੈ ਓਹੋ ਘੜੀ ਸੁਲਖਣੀ ਹੈ ਜਿਸ ਵਿਚ ਮਾਲਕ ਦੇ ਨਾਮ ਨੂੰ ਚੇਤੇ ਕਰਦੇ ਰਹੀਏ ॥

ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਾਮ ॥
ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ ॥ ੨ । ੧੨ ।੭੬

ਅਸੀ ਪਹਨਾਮ=ਲੁਕੇ ਹੋਇ ਫਿਰਦੇ ਸੀ ਸੋ ਨਾਮ ਦੇ ਪ੍ਰਤਾਪ ਕਰਕੇ ਸੰਸਾਰ ਵਿਚ ਪ੍ਰਗਟ ਹੋਗਏ ਹਾਂ ॥ ਗੁਰੂ ਜੀ, ਜੇਹੜਾ ਸਾਰਿਆਂ ਦੇ ਦਿਲਾਂ ਦਾ ਜਾਣੀ ਜਾਣ ਹੈ ਅਸੀ ਉਸਦੀ ਸ਼ਰਨ ਹਾਂ ॥

(ਗੁਰੂ ਹਰਿਗੋਬਿੰਦ ਜੀਦੇ ਰੋਗ ਦੂਰ ਹੋਣ ਸਮੇਂ)

## ਬਿਲਾਵਲੁ ਮਹਲਾ ੫

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ ॥
ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨੀ ਦਾਤਿ । ੧ ॥

ਮਾਲਕ ਨੇ ਆਪ ਰੋਗ ਦੂਰ ਕਰ ਦਿਤਾ ਹੈ ਸ਼ਾਂਤੀ ਸੁਖ ਆਨਕੇ ਪੈਦਾ ਹੋਇਆ ਹੈ। ਜਿਸਦਾ ਪ੍ਰਤਾਪ ਬੜਾ ਵਡਾ ਹੈ ਉਸ ਅਸਚਰਜ ਰੂਪ ਮਾਲਕ ਨੇ ਸਾਨੂੰ ਦਾਤ ਕੀਤੀਹੈ

ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ ॥
ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ ॥ ੧ ॥ ਰਹਾਉ ॥

ਗੁਰੂ ਪ੍ਰਮੇਸਰ ਨੇ ਕਿਰਪਾ ਕੀਤੀ ਹੈ ਜੋ ਰੋਗ ਤੋਂ ਮੇਰਾ ਭਾਈ=ਭੌਣ ਵਾਲਾ ਪਿਆਰਾ ਪੁਤ ਰਖ ਲਿਆ ਹੈ ਅਸੀ ਉਸ ਮਾਲਕ ਦੀ ਸ਼ਰਨ ਹਾਂ ਜੇਹੜਾ ਸਾਡਾ

Digitized by Panjab Digital Library | www.panjabdigilib.org

8੪੧



ਸਦਾ ਸਹਾਈ ਹੈ ॥

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥ ੨ ॥ ੧੩ ॥ ੭੭ ॥

ਦਾਸ ਦੀ ਬੇਨਤੀ ਕਦੀ ਵੀ ਖਾਲੀ ਨਹੀਂ ਹੁੰਦੀ ਭਾਵ ਐਵੇਂ ਨਹੀਜਾਂਦੀ ਹੈ ॥
ਗੁਰੂ ਜੀ; ਉਸ ਪੂਰੇ ਗੁਣਾਂ ਦੇ ਸਮੁੰਦਰ ਮਾਲਕ ਦਾ ਸਾਨੂੰ ਜੋਰ ਹੈ ॥

(ਸਤਸੰਗ ਤੇ ਪ੍ਰਮੇਸਰ)

## ਬਿਲਾਵਲੁ ਮਹਲਾ ੫

ਮਰਿ ਮਰਿ ਜਨਮੇ ਜਿਨ ਬਿਸਰਿਆ ਜੀਵਨ ਕਾ ਦਾਤਾ ॥
ਪਾਰਬ੍ਰਹਮੁ ਜਨਿ ਸੇਵਿਆ ਅਨਦਿਨੁ ਰੰਗਿ ਰਾਤਾ ॥ ੧ ॥

ਓਹ ਆਦਮੀ ਮੁੜ ੨ ਮਰਕੇ ਜੰਮੇ ਹਨ ਜਿਨਾਂ ਨੂੰ ਜੀਆਂ ਦਾ ਦਾਤਾ ਭੁਲ ਗਿਆ ਹੈ ॥ ਜਿਸ ਦਾਸ ਨੇ ਮਾਲਕ ਨੂੰ ਸੇਵਿਆ ਹੈ ਓਹ ਉਸ ਦੇ ਪ੍ਰੇਮ ਵਿਚ ਰਾਤ ਦਿਨ ਰੱਤਾ ਹੋਇਆ ਹੈ ॥

ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ ॥
ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ ॥ ੧ ॥ਰਹਾਉ॥

ਸ਼ਾਂਤੀ ਦੇਣ ਵਾਲਾ ਸੁਭਾਵਕ ਹੀ ਬੜਾ ਅਨੰਦ ਆਇਆ ਹੈ ਅਤੇ ਸਾਡੀ ਸਾਰੀ ਹੀ ਆਸਾ ਪੂਰੀ ਹੋ ਗਈ ਹੈ ॥ ਸਾਧ ਸੰਗਤ ਵਿਚ ਮਿਲਕੇ ਗੁਣਾਂ ਦੇ ਸਮੁੰਦਰ ਮਾਲਕ ਦੇ ਨਾਮ ਨੂੰ ਸਿਮਰਦਿਆਂ ਹੋਇਆਂ ਅਸਾਂ ਸੁਖਾਂ ਨੂੰ ਪਾ ਲਿਆ ਹੈ ਤੇ ਬੇਨਤੀ ਕਰਦੇ ਹਾਂ ॥

ਸੁਨਿ ਸੁਆਮੀ ਅਰਦਾਸਿ ਜਨ ਤੁਮ ਅੰਤਰਜਾਮੀ ॥
ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ ॥੨। ੧੪। ੭੮ ॥

ਹੇ ਅੰਤਰਜਾਮੀ ਸਾਰਿਆਂ ਦੇ ਮਾਲਕ ਮੈਂ ਦਾਸ ਦੀ ਅਰਦਾਸ ਨੂੰ ਸੁਣੋ ॥
ਗੁਰੂ ਜੀ,ਹੇ ਮੇਰੇ ਦਾਸ ਦੇ ਮਾਲਕ ਆਪ ਸਾਰਿਆਂ ਥਾਵਾਂ ਵਿਚ ਮਿਲੇ ਹੋਇ ਹੋ ॥

(ਗੁਰੂ ਪ੍ਰਮੇਸਰ)

## ਬਿਲਾਵਲੁ ਮਹਲਾ ੫

ਤਾਤੀ ਵਾਉ ਨ ਲਾਗਈ ਪਾਰਬ੍ਰਹਮ ਸਰਣਾਈ ॥

Digitized by Panjab Digital Library | www.panjabdigilib.org

ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ ॥ ੧ ॥

ਮਾਲਕ ਦੀ ਸਰਨ ਜਾਣ ਨਾਲ ਤੱਤੀ ਵਾ ਨਹੀਂ ਲਗਦੀ ਹੈ। ਹੇ ਭਰਾ ਸਾਡੇ ਚਾਰੇ ਪਾਸੇ ਮਾਲਕ ਦੀ ਭਗਤੀ ਰੂਪ ਲਕਾਰ ਭਾਵ ਰਖਿਆ ਕਰਨ ਵਾਲੀ ਲਕੀਰ ਹੋ ਗਈ ਹੈ ਹੁਣ ਸਾਨੂੰ ਦੁਖ ਨਹੀਂ ਲੱਗਦੇ ਹਨ ॥

ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥

ਰਾਮਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥ ੧ ॥ ਰਹਾਉ ॥

ਸਾਨੂੰ ਪੂਰਾ ਗੁਰੂ ਮਿਲਿਆ ਹੈ ਜਿਸਨੇ ਸਾਡੀ ਇਹ ਬਣੌਟ ਬਣਾਈ ਹੈ ॥ ਮਾਲਕ ਦਾ ਨਾਮ ਦਾਰੂ ਦਿਤਾ ਹੈ ਇਕ ਮਾਲਕ ਵਿਚ ਸਾਡੀ ਪ੍ਰੀਤੀ ਲਾਈ ਹੈ ॥

ਰਾਖਿਲੀਏ ਤਿਨਿ ਰਖਨਹਾਰਿ ਸਭਿ ਬਿਆਧਿ ਮਿਟਾਈ ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥ ੨ ॥ ੧੫ ॥ ੭੯ ॥

ਉਸ ਰੱਖਣ ਵਾਲੇ ਮਾਲਕ ਨੇ ਸਾਨੂੰ ਰੱਖ ਲਿਆ ਹੈ ਸਾਰਿਆਂ ਰੋਗਾਂ ਦੀ ਪੀੜ ਦੂਰ ਕਰ ਦਿਤੀ ਹੈ ॥ ਸਾਡੇ 'ਤੇ ਮਾਲਕ ਦੀ ਕਿਰਪਾ ਹੋਈ ਹੈ ਜੋ ਮਾਲਕ ਸਾਡਾ ਆਪ ਸਹਾਈ ਹੋਇਆ ਹੈ ॥

(ਗੁਰੂ ਹਰ ਗੋਬਿੰਦ ਪ੍ਰਥਾਇ)

## ਬਿਲਾਵਲੁ ਮਹਲਾ ੫

ਅਪਣੇ ਬਾਲਕ ਆਪਿ ਰਖਿਅਨੁ ਪਾਰ ਬ੍ਰਹਮ ਗੁਰਦੇਵ ॥

ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥ ੧ ॥ਰਹਾਉ॥

ਪ੍ਰਮੇਸਰ ਗੁਰੂ ਨੇ ਅਪਣੇ ਬਾਲਕ ਨੂੰ ਆਪ ਹੀ ਰੱਖ ਲਿਆ ਹੈ ਸੁਖ ਸ਼ਾਂਤੀ ਸੁਭਾਵਕ ਹੀ ਅਨੰਦ ਹੋਇਆ ਹੈ ਸਾਡੀ ਸੇਵਾ ਵੀ ਸਫਲ ਹੋਈ ਹੈ ॥

ਭਗਤਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥

ਰੋਗ ਮਿਟਾਇ ਜੀਵਾਲਿਅਨੁ ਜਾਕਾ ਵਡ ਪਰਤਾਪੁ ॥ ੧ ॥

ਭਗਤਾਂ ਦੀ ਬੇਨਤੀ ਆਪ ਮਾਲਕ ਨੇ ਸੁਣੀ ਹੈ ॥ ਬਾਲਕ ਦਾ ਤਾਪ ਰੂਪ ਰੋਗ ਦੂਰ ਕਰਕੇ ਜਿਵਾ ਲਿਆ ਹੈ ਜਿਸ ਮਾਲਕ ਦਾ ਵੱਡਾ ਪ੍ਰਤਾਪ ਹੈ ॥

ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥ ੨ ॥ ੧੬ ॥ ੮੦ ॥

Digitized by Panjab Digital Library | www.panjabdigilib.org

ਅਪਣੀ ਸ਼ਕਤੀ ਧਾਰਕੇ ਸਾਡੇ ਦੋਖ ਬਖਸ਼ ਦਿਤੇ ਹਨ ॥ ਗੁਰੂ ਜੀ, ਜਿਸ ਮਾਲਕ ਨੇ ਮਨ ਭਾਂਦੇ ਫਲ ਸਾਨੂੰ ਦਿਤੇ ਹਨ ਮੈਂ ਉਸਤੋਂ ਬਲਹਾਰ ਜਾਂਦਾ ਹਾਂ ॥

(ਅਭੈ ਦਾਨ ਦਾ ਮੰਗਣਾ)

## ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬

## ੧ ਓ ਸਤਿਗੁਰਪ੍ਰਸਾਦਿ ॥

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥੧॥ ਰਹਾਉ॥**

ਹੇ ਮੇਰੇ ਮਾਲਕ ਮੇਰੇ ਕੰਨਾਂ ਵਿਚ ਇਹ ਨ ਸੁਣਾਏ ਜਾਣ ਜਾਂ ਨ ਸੁਣਾ ਸੋ ਓਹ ਕੀ ਹੈ ਜੇਹੜੇ ਨ ਸੁਣਾਏ ਜਾਣ ॥ ਜੇਹੜੇ ਬੁਰੇ ਆਦਮੀ ਨਾਦ=ਵਾਜੇ ਵਜਾਕੇ ਉਚੀਧੁਨੀ ਉਠਾ ਕੇ ਗੌਣ ਗੌਂਦੇ ਹਨ ਭਾਵ ਜੇਹੜੇ ਬੁਰੇ ਆਦਮੀ ਉਚੀਰ ਗੌਣ ਗੌਂਦੇ ਹਨ ਅਤੇ ਅਨੇਕਾਂ ਬੋਲਾਂ ਨੂੰ ਬੋਲਦੇ ਹਨ ਓਹ ਸਾਰੇ ਬੋਲ ਅਜਾਏ=ਬਿਅਰਥ ਹਨ ਓਨਾਂ ਗੌਣਾਂ ਨੂੰ ਸੁਣਨ ਨਾਲ ਮਨ ਖਰਾਬ ਹੁੰਦਾ ਹੈ ॥

**ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥**
**ਅਭੈਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿਗੁਣ ਗਾਏ॥੧॥**

ਸੇਵਾਦਾਰ ਹੋਕੇ ਜੇਹੜੀ ਹੋਰਨਾਂ ਲੋਕਾਂ ਦੀ ਸੇਵਾ ਸੇਵਣੀ ਹੈ ਭਾਵ ਜੇਹੜੀ ਬੁਰਿਆਂ ਆਦਮੀਆਂ ਦੀ ਸੇਵਾ ਕਰਨੀ ਹੈ ਇਸ ਸੇਵਾ ਨਾਲੋਂ ਮੈਂ ਐਵੇਂ ਹੀ ਚੰਗਾ ਹਾਂ ਮੈਂ ਤਾਂ ਸਾਧਾਂ ਦੀ ਸੇਵਾ ਕਰਾਂਗਾ ਇਸ ਕਿਰਤਾਏ=ਕੰਮ ਨੂੰ ਮੈਂ ਸਦਾ ਹੀ ਕਰਾਂਗਾ ਜਾਂ ਹੇ ਮਾਲਕ ਜੇਹੜੇ ਸੰਤ ਤੇਰੀ ਸੇਵਾ ਕਰਦੇ ਹਨ ਮੈਂ ਓਨਾਂ ਦੀ ਸੇਵਾ ਕਰਕੇ ਨਾਮ ਨੂੰ ਸੇਵਿਆ ਭਾਵ ਜਪਿਆ ਕਰਾਂਗਾ ਮੈਂ ਇਹ ਕੰਮ ਕਰਾਂਗਾ ॥ ਹੇ ਦਾਤੇ ਮਾਲਕ ਪੁਰਖ ਜਦੋਂ ਸੰਤਾਂ ਦੀ ਸੰਗਤ ਵਿਚ ਮਿਲਕੇ ਮੈਂ ਤੇਰੇ ਗੁਣ ਗਾਵਾਂਗਾ ਤਦੋਂ ਮੈਂ ਤੈਥੋਂ ਅਭੈ ਦਾਨ ਪਾਵਾਂਗਾ ॥

**ਰਸਨਾ ਅਗਹ ਅਗਹ ਗੁਣ ਰਾਤੀ ਨੈਨ ਦਰਸ ਰੰਗੁ ਲਾਏ ॥**
**ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਮੋਹਿ ਚਰਣ ਰਿਦੈ ਵਸਾਏ ॥ ੨ ॥**

ਹੇ ਨ ਫੜੇ ਜਾਣਵਾਲੇ ਮਾਲਕ ਮੇਰੀ ਰਸਨਾਂ ਤੇਰਿਆਂ ਅਗਹ=ਬਿਅੰਤ ਗੁਣਾਂ ਵਿਚ ਰੱਤੀ ਰਹੇ ਅਤੇ ਮੇਰੇ ਨੇਤ੍ਰ ਤੇਰੇ ਦਰਸਨ ਦੇ ਪ੍ਰੇਮ ਵਿਚ ਲੱਗੇ ਰਹਿਣ ॥ ਗਰੀਬਾਂ ਦਾ ਦੁਖ ਦੂਰ ਕਰਨ ਵਾਲੇ ਮਾਲਕ ! ਮੇਰੇ ਉਤੇ ਕ੍ਰਿਪਾਲੂ ਹੋ ਜਾਹੁ

Digitized by Panjab Digital Library | www.panjabdigilib.org

ਮੇਰੇ ਦਿਲ ਵਿਚ ਅਪਣੇ ਚਰਨ ਕਮਲ ਵਸਾ ਦੇਹ।

**ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ॥ ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋਕਉ ਸਤਿਗੁਰ ਮੰਤ੍ਰੁ ਦ੍ਰਿੜਾਏ॥੩॥**

ਜੇਹੜੇ ਪੈਰ ਸਾਰਿਆਂ ਅੰਗਾਂ ਦੇ ਹੇਠਾਂ ਹਨ ਓਨਾਂ ਪੈਰਾਂ ਦੇ ਹੇਠਾਂ ਜੇਹੜੀ ਮਿਟੀ ਹੈ ਓਹ ਮਰਨ ਦੇ ਪਿਛੋਂ ਜਾਂ ਜੀਉਂਦਿਆਂ ਹੀ ਸਾਰਿਆਂ ਦੇ ਉਤੇ ਹੋ ਜਾਂਦੀ ਹੈ ਉਹ ਮਿਟੀ ਵਰਗੀ ਦ੍ਰਿਸਟੀ ਦਿਖਾਓ ਭਾਵ ਮੈਨੂੰ ਦੇ ਦਿਓ ਸਾਰਿਆਂ ਨੀਵਿਆਂ ਤੋਂ ਨੀਵਾਂ ਹੋਵਾਂ ਅਤੇ ਸਾਰਿਆਂ ਨੂੰ ਅਪਣੇ ਸਿਰ ਉਤੇ ਜਾਣਾ॥ ਜਦੋਂ ਮੈਨੂੰ ਗੁਰੂ ਨੇ ਉਪਦੇਸ਼ ਪੱਕਾ ਕਰਾ ਦਿਤਾ ਤਾਂ ਸੁਧ ਆਦਤ ਆਗਈ ਅਤੇ ਹੰਕਾਰ ਦੀ ਮਾੜੀ ਆਦਤ ਨਾਸ ਕਰ ਦਿਤੀ॥

**ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿਵਛਲੁ ਕਿਰਪਾਏ॥ ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈਦਾਨੁ ਸੁਖ ਪਾਏ॥ ੪॥੧॥੮੧॥**

ਜੇਹੜਾ ਭਗਤਾਂ ਦਾ ਪਜਾਰਾ ਕਿਰਪਾ ਕਰਨ ਵਾਲਾ ਅਤੁਲ ਮਾਲਕ ਹੈ ਓਹ ਕਿਸੇ ਪਾਸੋਂ ਤੋਲਿਆ ਨਹੀ ਜਾਂਦਾ ਹੈ ਭਾਵ ਉਸਦਾ ਕੋਈ ਅੰਤ ਨਹੀ ਪਾ ਸਕਦਾ ਹੈ ਜੇਹੜਾ ੨ ਪ੍ਰਮੇਸ਼ਰ ਦੀ ਸ਼ਰਨ ਪਿਆ ਹੈ ਉਸਨੂੰ ਮਾਲਕ ਨੇ ਅਭੈਦਾਨ ਦਿਤਾ ਹੈ ਤੇ ਉਸਨੇ ਸੁਖ ਪਾਇਆ ਹੈ॥

(ਸਨਮੁਖ ਬੇਨਤੀ)

## ਬਿਲਾਵਲੁ ਮਹਲਾ ੫

**ਪ੍ਰਭ ਜੀ ਤੂ ਮੇਰੇਪ੍ਰਾਨ ਅਧਾਰੈ॥ ਨਮਸਕਾਰ ਡੰਡਉਤਿ ਬੰਦਨਾ ਅਨਿਕਬਾਰ ਜਾਉ ਬਾਰੈ॥੧॥ ਰਹਾਉ॥**

ਹੇ ਮੇਰੇ ਮਾਲਕਾ ਤੂੰ ਮੇਰੇ ਪ੍ਰਾਣਾਂ ਦਾ ਆਸਰਾ ਹੈਂ। ਮੈ ਤੈਨੂੰ ਡੰਡੇ ਵਾਂਗ ਲੰਮਾ ਪੈਕੇ ਨਮਸਕਾਰ ਕਰਦਾ ਹਾਂ ਅਤੇ ਅਨੇਕਾਂ ਵਾਰੀ ਤੇਥੋਂ ਬਲਿਹਾਰ ਜਾਂਦਾ ਹਾਂ॥

**ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥ ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ॥ ੧ ॥**

ਉਠਦਿਆਂ ਬਹਿੰਦਿਆਂ ਸੌਂਦਿਆਂ ਜਾਗਦਿਆਂ ਸਾਰਿਆਂ ਸਮਿਆਂ ਵਿਚ ਇਹ ਮੇਰਾ ਮਨ ਤੈਨੂੰ ਚੇਤੇ ਕਰਦਾ ਰਹੇ। ਸੁਖ ਦੁਖ ਅਤੇ ਇਸ ਮਨ ਦੀ ਪੀੜਾ

Digitized by Panjab Digital Library | www.panjabdigilib.org

ਸ੍ਰਗੀ ਤੇਰੇਹੀ ਅਗੇ ਅਸੀ ਸਾਰੈ=ਆਖਦੇ ਹਾਂ ॥

ਤੂ ਮੇਰੀ ਓਟ ਬਲ ਬੁਧਿ ਧਨੁ ਤੁਮਹੀ ਤੁਮਹਿ ਮੇਰੈ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥ ੨
॥ ੨ ॥ ੮੨ ॥

ਤੂੰ ਹੀ ਮੇਰੀ ਓਟ ਅਤੇ ਬਲ, ਅਕਲ, ਧਨ, ਸਭ ਕੁਛ ਤੂੰਹੀਂ ਹੈਂ ਅਤੇ ਤੁਸੀ ਹੀ ਮੇਰਾ ਪਰਵਾਰ ਹੋ ॥ ਗੁਰੂ ਜੀ, ਜੋ ਤੁਸੀ ਕਰਦੇ ਹੋ ਓਹ ਸਾਨੂੰ ਚੰਗਾ ਲਗਦਾ ਹੈ ਤੇਰਿਆਂ ਚਰਨਾ ਕਮਲਾਂ ਨੂੰ ਵੇਖਕੇ ਸਾਰੇ ਸੁਖ ਪਾਏ ਹਨ ॥

(ਤਥਾ)

ਬਿਲਾਵਲੁ ਮਹਲਾ ੫

ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥ ਮੋਹ ਮਗਨ ਪਤਿਤ ਸੰਗਿ
ਪ੍ਰਾਨੀ ਐਸੇ ਮਨਹਿ ਬਿਸਾਰਨ ॥ ੧ ॥ ਰਹਾਉ ॥

ਹੇ ਮਾਲਕਾ ਮੈਂ ਸਾਰਿਆਂ ਪੁਸਤਕਾਂ ਤੇ ਲੋਕਾਂ ਤੋਂ ਤੈਨੂੰ ਇਕਰ ਦਾ ਸੁਣਿਆ ਹੈ ਜੋ ਤੂੰ ਸਭਿਆਂ ਦੇ ਉਧਾਰ ਕਰਨ ਵਾਲਾ ਹੈਂ ਜੇਹੜਾ ਇਹ ਪਾਪੀ ਆਦਮੀ ਮੋਹ ਦਾ ਫੜਿਆ ਹੋਇਆ ਵਿਸ਼ਿਆਂ ਨਾਲ ਮਿਲਕੇ ਮਸਤ ਹੋਇਆ ਹੋਇਆ ਹੈ ਇਸਨੇ ਇਕੁਰ ਦੇ ਮਾਲਕ ਨੂੰ ਮਨ ਤੋਂ ਭੁਲਾ ਦਿਤਾ ਹੈ ਜੇਹੜਾ ਮਾਲਕ ਤਰਨ ਤਾਰਨ ਹੈ ॥

ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥ ੧ ॥

ਇਸ ਆਦਮੀ ਨੇ ਵਿਸ਼ਿਆਂ ਰੂਪ ਜ਼ਹਿਰ ਕੱਠੀ ਕਰਕੇ ਗ੍ਰਾਹਜੁ=ਫੜ ਲਈ ਹੈ ਅਤੇ ਨਾਮ ਅੰਮ੍ਰਿਤ ਨੂੰ ਮਨ ਤੋਂ ਸੁਟ ਦਿਤਾ ਹੈ ॥ ਕਾਮ, ਕਰੋਧ, ਲੋਭ ਨਿੰਦਿਆ ਨਾਲ ਪ੍ਰੀਤੀ ਕੀਤੀ ਹੈ ਅਤੇ ਇਸ ਜੀਵ ਨੇ ਸਤ ਸੰਤੋਖ ਨੂੰ ਨਾਸ ਕਰ ਦਿਤਾ ਹੈ ॥

ਇਨ ਤੇ ਕਾਢਿਲੇਹੁ ਮੇਰੇ ਸੁਆਮੀ ਹਾਰਿਪਰੇ ਤੁਮ ਸਾਰਨ ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥
॥ ੨ ॥ ੩ ॥ ੮੩ ॥

ਹੇ ਮੇਰੇ ਮਾਲਕ ਇਨਾਂ ਵਿਕਾਰਾਂ ਵਿਚੋਂ ਕਢ ਲੈ ਅਸੀ ਹਾਰ ਕੇ ਤੇਰੀ ਸ਼ਰਨ ਆ ਪਏ ਹਾਂ॥ ਗੁਰੂ ਜੀ, ਮੈਂ ਦਾਸ ਦੀ ਤੇਰੇ ਪਾਸ ਇਹ ਬੇਨਤੀ ਹੈ ਮੈਂ ਗਰੀਬ ਨੂੰ

Digitized by Panjab Digital Library | www.panjabdigilib.org

ਸਾਧ ਸੰਗਤ ਨਾਲ ਤਾਰੋ ॥

(ਸੰਗਤ ਦਾ ਦਾਨ)

## ਬਿਲਾਵਲੁ ਮਹਲਾ ੫

**ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥ ਕਥਾ ਕੀਰਤਨੁ ਆਨੰਦ ਮੰਗਲਧੁਨਿ ਪੂਰਿਰਹੀ ਦਿਨਸੁ ਅਰੁ ਰਾਤ ॥੧॥ ਰਹਾਉ ॥**

ਮਾਲਕ ਦੇ ਜਸ ਦੀ ਗਲ ਸੰਤਾਂ ਦੇ ਪਾਸ ਸੁਣੀਦੀ ਹੈ। ਸਤਸੰਗ ਵਿਚ ਅਨੰਦ ਮੰਗਲ ਵਾਲੀ ਕਥਾ, ਕੀਰਤਨ ਦੀ ਅਵਾਜ ਦਿਨੇ ਰਾਤ ਪੂਰਨ ਹੋ ਰਹੀ ਹੈ ॥

**ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥ ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥**

ਮਾਲਕ ਨੇ ਕਿਰਪਾ ਕਰਕੇ ਆਪਣੇ ਦਾਸ ਕਰ ਲਏ ਹਨ ਅਤੇ ਆਪਣੇ ਨਾਮ ਦੀ ਦਾਤ ਕੀਤੀ ਹੈ ॥ ਅਠੇ ਪਹਿਰ ਮਾਲਕ ਦੇ ਗੁਣ ਗੌਣ ਨਾਲ ਕਾਮ ਕਰੋਧ ਇਸ ਤਨ ਤੋਂ ਚਲੇ ਜਾਂਦੇ ਹਨ ॥

**ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤੁ ਹਰਿਰਸੁ ਭੋਜਨੁ ਖਾਤ ॥ ਚਰਨਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ ॥੨॥੪॥੮੪॥**

ਦਰਸ਼ਨ ਵੇਖਕੇ ਸੰਤ ਬਹੁਤ ਰਜ ਗਏ ਹਨ ਅਤੇ ਹਰ ਸਮੇ ਅੰਮ੍ਰਿਤ ਰਸ ਭੋਜਨ ਨੂੰ ਖਾਂਦੇ ਹਨ ॥ ਗੁਰੂ ਜੀ, ਹੇ ਮਾਲਕ ਮੈਂ ਤੇਰੇ ਚਰਨਾਂ ਦੀ ਸ਼ਰਨ ਫੜੀ ਹੈ ਸਾਡੇ ਉਤੇ ਕਿਰਪਾ ਕਰੋ ਤੇ ਸਾਨੂੰ ਸਤਿਸੰਗ ਦੇ ਨਾਲ ਮਿਲਾਓ ਤੂੰ ਕਿਰਪਾ ਕਰਕੇ ਸਤਸੰਗ ਨਾਲ ਮਿਲਾਂਦਾ ਹੈਂ।

(ਮਾਲਕ ਦਾ ਪ੍ਰਤਾਪ ਤੇ ਆਪਣਾਂ ਲਾਭ)

## ਬਿਲਾਵਲੁ ਮਹਲਾ ੫

**ਰਾਖਿਲੀਏ ਅਪਨੇ ਜਨ ਆਪ ॥ ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ ਬਿਨਸਿਗਏ ਸਭ ਸੋਗ ਸੰਤਾਪ ॥ ੧ ॥ ਰਹਾਉ ॥**

ਮਾਲਕ ਨੇ ਅਪਣੇ ਦਾਸ ਆਪ ਹੀ ਰਖ ਲਏ ਹਨ ਜਿਨਾਂ ਨੂੰ ਕਿਰਪਾ ਕਰਕੇ

ਅਪਣਾ ਨਾਮ ਦਿਤਾ ਹੈ ਓਨਾਂ ਦੇ ਸੰਤਾਪ ਸਾਰੇ ਨਾਸ ਹੋ ਜਾਂਦੇ ਹਨ।।

ਗੁਣ ਗੋਵਿੰਦ ਗਾਵਹੁ ਸਭਿ ਹਰਿਜਨ ਰਾਗਰਤਨ ਰਸਨਾ ਆਲਾਪ ।। ਕੋਟਿ ਜਨਮ ਕੀ ਤ੍ਰਿਸਨਾ ਨਿਵਾਰੀ ਰਾਮ ਰਸਾਇਣ ਆਤਮ ਧ੍ਰਾਪ ।। ੧ ।।

ਜੇਹੜੇ ਰਾਗ ਰਤਨਾਂ ਵਰਗੇ ਹਨ ਓਨਾਂ ਨੂੰ ਅਪਣੀ ਆਪਣੀ ਜਬਾਨ ਨਾਲ ਬੋਲਕੇ ਹੇ ਭਰਾਓ ਤੁਸੀ ਸਾਰੇ ਮਾਲਕ ਦੇ ਗੁਣ ਗਾਓ ।। ਗੌਣ ਵਾਲਿਆਂ ਦੀ ਕਰੋੜਾਂ ਜਨਮਾਂ ਦੀ ਤ੍ਰਿਸ਼ਨਾਂ ਦੂਰ ਹੋ ਗਈ ਹੈ ਜੇਹੜਾ ਮਾਲਕ ਦਾ ਨਾਮ ਰਸ ਅਮ੍ਰਿਤ ਦਾ ਘਰ ਹੈ ਓਸਨੂੰ ਓਨਾਂ ਦਾ ਮਨ ਲੈਕੇ ਰਜ ਗਿਆ ਹੈ।। ਧ੍ਰਾਪ=ਰਜਣਾ।।

ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿਜਾਪ ।। ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ।। ।।੨।। ੫।। ੮੫ ।।

ਸ਼ਰਨ ਸੁਖ ਦਾਤੇ ਮਾਲਕ ਦੇ ਪੈਰ ਫੜੇ ਹਨ ਗੁਰਾਂ ਦੇ ਬਚਨ ਸੁਣਕੇ ਮਾਲਕ ਦੇ ਨਾਮ ਦਾ ਜਾਪ ਜਪਿਆ ਹੈ। ਗੁਰੂ ਜੀ, ਦੁਖਾਂ ਦਾ ਸੰਸਾਰ ਸਮੁੰਦਰ ਤਰਿਆ ਹੈ ਅਤੇ ਭਰਮ ਡਰ ਨਾਸ ਹੋ ਗਏ ਹਨ ਉਸ ਮਾਲਕ ਦਾ ਇਕਰ ਦਾ ਪ੍ਰਤਾਪ ਹੈ

(ਗੁਰੂ ਹਰਗੋਬਿੰਦ ਪ੍ਰਥਾਇ)

## ਬਿਲਾਵਲੁ ਮਹਲਾ ੫

ਤਾਪੁ ਲਾਹਿਆ ਗੁਰ ਸਿਰਜਨ ਹਾਰਿ।। ਸਤਿਗੁਰ ਅਪਨੇ ਕਉ ਬਲਿਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ ।। ੧ ।। ਰਹਾਉ ।।

ਪੈਦਾ ਕਰਨ ਵਾਲੇ ਮਾਲਕ ਨੇ ਤਾਪ ਲਾਹਿਆ ਹੈ ਮੈਂ ਆਪਣੇ ਗੁਰੂ ਤੋਂ ਸਦਾ ਬਲਹਾਰ ਜਾਂਦਾ ਹਾਂ ਜਿਸਨੇ ਸਾਰੇ ਸੰਸਾਰ ਦੀ ਇਜ਼ਤ ਰੱਖੀ ਹੈ।।

ਕਰੁ ਮਸਤਕਿ ਧਾਰਿ ਬਾਲਿਕੁ ਰਖਿਲੀਨੋ ।। ਪ੍ਰਭਿ ਅੰਮ੍ਰਿਤਨਾਮੁ ਮਹਾਰਸੁ ਦੀਨੋ ।। ੧ ।।

ਮਥੇ ਉਤੇ ਹਥ ਧਰਕੇ ਆਪਣਾ ਬਾਲਕ ਰੱਖ ਲਿਆ ਹੈ।। ਮਾਲਕ ਨੇ ਨਾਮ ਰੂਪ ਅੰਮ੍ਰਿਤ ਵਡਾ ਰਸ ਸਾਨੂੰ ਦਿਤਾ ਹੈ।।

ਦਾਸ ਕੀ ਲਾਜੁ ਰਖੈ ਮਿਹਰਵਾਨੁ ।।

Digitized by Panjab Digital Library | www.panjabdigilib.org

ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥ ੨ ॥ ੬ ॥ ੯੬ ॥

ਆਪਣਿਆਂ ਦਾਸਾਂ ਦੀ ਲਜਿਆ ਨੂੰ ਆਪ ਹੀ ਮਿਹਰਵਾਨ ਰੱਖਦਾ ਹੈ ॥ ਗੁਰੂ ਜੀ, ਜੇਹੜੇ ਸਤਸੰਗ ਵਿਚ ਮਿਲਕੇ ਉਸਦੇ ਜਸ ਨੂੰ ਬੋਲਦੇ ਹਨ ਓਹ ਮਾਲਕ ਦੀ ਦਰਗਾਹ ਜਾਂ ਸਤਸੰਗ ਵਿਚ ਪ੍ਰਵਾਣ ਹੁੰਦੇ ਹਨ ॥

## ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭

## ੴ ਸਤਿਗੁਰਪ੍ਰਸਾਦਿ ॥

ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨਕੋਠੜੀ ਖੁਲੀ ਅਨੂਪਾ ॥ ੧ ॥ ਰਹਾਉ ॥

ਜਿਥੇ ਗੁਰੂ ਦੇ ਉਪਦੇਸ਼ ਦਾ ਦੀਵਾ ਚਾਨਣ ਕਰਦਾ ਹੈ ॥ ਉਸ ਦਿਲ ਘਰ ਵਿਚੋਂ ਅਗਿਆਨ ਹਨੇਰਾ ਨਾਸ ਹੋ ਗਿਆ ਹੈ ਗੁਰੂ ਸਿਖਿਆ ਰੂਪ ਚੰਗਿਆਂ ਗੁਣਾਂ ਦੀ ਕੋਠੜੀ ਖੁਲ ਗਈ ਹੈ ਭਾਵ ਚੰਗੇ ਗੁਣ ਆਏ ਹਨ ॥

ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥ ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥ ੧ ॥

ਜਦੋਂ ਦਰਸਨ ਕੀਤਾ ਤਾਂ ਅਸਚਰਜ ਤੋਂ ਅਸਚਰਜ ਹੋ ਗਏ ਫਿਰ ਤੇਰੀ ਵਡਿਆਈ ਨਹੀਂ ਆਖੀ ਜਾਂਦੀ ਹੈ ਭਾਵ ਬਿਅੰਤ ਮਹਿਮਾ ਹੈ ਜਾਂ ਮਨ ਵਿਸ਼ਿਆਂ ਤੋਂ ਬਸ ਹੋ ਗਿਆ ॥ ਉਸ ਥਾਂ ਭਾਵ ਮਾਲਕ ਦੇ ਨਾਲ ਰਤੇ ਹੋਏ ਉਸ ਅਨੰਦ ਵਿਚ ਮਸਤ ਹੋਗਏ ਓਹ ਮਾਲਕ ਕਿਸਤਰਾਂ ਦਾ ਹੈ ਉਸਦੀ ਸ਼ਕਤੀ ਤਾਣੇ ਪੇਟੇ ਵਰਗੀ ਸਾਰੇ ਫੈਲੀ ਹੋਈ ਹੈ ॥

ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂ ਮੋਰਾ ॥ ੨ ॥

ਜੇਹੜੇ ਆਲ=ਘਰ ਦੇ ਜੰਜਾਲਾਂ ਭਾਵ ਧੰਧਿਆਂ ਦੇ ਜਾਲ=ਅਕੱਠ ਸਨ ਓਹ ਹੁਣ ਕੁਛ ਨਹੀਂ ਹਨ ਕਿਉਂਕਿ ਹੰਕਾਰ ਰੂਪ ਅਕਲ ਹੁਣ ਕੁਛ ਵੀ ਨਹੀਂ ਰਹੀ ਹੈ ॥ ਭੋਰਾ=ਥੋੜੀ ॥ ਤੂੰ ਵਡਿਆਂ ਉਚਿਆਂ ਤੋਂ ਉਚਾ ਹੈਂ ਤੇਰੀ ਕਿਸੇ ਖਾਸ ਪਾਸੇ ਵਿਚ ਖਿੱਚ ਨਹੀਂ ਹੈ ਜਾਂ ਤੇਰੇ ਵਿਚ ਕੋਈ ਬੀਚਾ=ਪੜਦਾ ਨਹੀਂ ਖੀਚਾ=ਖਿਚਿਆ ਭਾਵ ਤਾਣਿਆਂ ਹੋਇਆ ਹੈਂ ਮੈਂ ਤੇਰਾ ਦਾਸ ਹਾਂ ਤੂੰ ਮੇਰਾ ਮਾਲਕ ਹੈਂ ॥

Digitized by Panjab Digital Library | www.panjabdigilib.org

ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥
ਏਕੁ ਬਿਸਥੀਰਨੁ ਏਕੁ ਸੰਪੂਰਨ ਏਕੈ ਪ੍ਰਾਨ ਅਧਾਰਾ ॥ ੩ ॥

ਤੂੰ ਆਪ ਇਕ ਅਕਾਰ ਤੋਂ ਬਿਨਾਂ ਹੈਂ ਇਹ ਇਕ ਸੰਸਾਰ ਪਸਾਰਾ ਵੀ ਤੇਰਾ ਹੀ ਕੀਤਾ ਹੋਇਆ ਹੈ ਤੂੰ ਇਕ ਵਡਿਆਂ ਤੋਂ ਵੱਡਾ ਹੈਂ ॥ ਤੂੰ ਇਕ ਹੀ ਫੈਲਾਉਣ ਭਾਵ ਪੈਦਾ ਕਰਨ ਵਾਲਾ ਹੈਂ ਅਤੇ ਇਕ ਹੀ ਤੂੰ ਸਾਰਿਆਂ ਵਿਚ ਸੰਪੂਰਨ=ਲਬਾਲਬ ਹੋਇਆ ਹੋਇਆ ਹੈਂ ਤੂੰ ਇਕ ਹੀ ਸਾਰਿਆਂ ਨੂੰ ਪ੍ਰਾਣਾ ਦਾ ਆਸਰਾ ਦੇਣ ਵਾਲਾ ਹੈਂ ॥

ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥ ੪ ॥ ੧॥੮੭॥

ਤੂੰ ਨਿਰਮਲ ਤੋਂ ਨਿਰਮਲ ਹੈਂ ਸੁਚੇ ਤੋਂ ਸੁਚਾ ਹੈਂ ਭਾਵ ਬਹੁਤ ਹੀ ਪਵਿਤਰ ਹੈਂ ਬਹੁਤ ਵਾਰੀ ਸੁਚਾ ਕਹਿਣ ਤੋਂ ਬਹੁਤ ਸੁੱਚੇ ਦਾ ਭਾਵ ਹੈ ॥ ਗੁਰੂ ਜੀ, ਤੇਰਾ ਅੰਤ ਨਹੀਂ ਹੈ ਤੇਰੇ ਓੜਕ ਦਾ ਓੜਕ ਨਹੀਂ ਹੈ ਤੂੰ ਸਦਾ ਬਿਅੰਤ ਹੈ ਤੂੰ ਸਾਰਿਆਂ ਉਚਿਆਂ ਤੋਂ ਉਚਾ ਹੈਂ ॥

## ਬਿਲਾਵਲੁ ਮਹਲਾ ੫

ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ ਲਾਗੇ ਓਹ ਮੋਹਨੀ ਮੋਹਾਵਤ ਹੇ ॥ ੧ ॥ ਰਹਾਉ ॥

ਨਾਮ ਤੋਂ ਬਿਨਾ ਕੋਈ ਪਦਾਰਥ ਕੰਮ ਨਹੀਂ ਆਉਂਦਾ ਹੈ ਜਿਸ ਮਾਇਆ ਦੇ ਨਾਲ ਬਹੁਤ ਪ੍ਰੀਤੀ ਕਰਕੇ ਮਾਚ=ਪ੍ਰਸੰਨ ਹੁੰਦੇ ਹੋ ਓਹ ਮੋਹਨੀ ਮਾਇਆ ਸਾਰਿਆਂ ਜੀਆਂ ਨੂੰ ਠਗਾਂਦੀ ਭਾਵ ਲੁਟਾਂਦੀ ਹੈ ॥

ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥
ਉਰਝਿਰਹਿਓ ਇੰਦ੍ਰੀਰਸ ਪ੍ਰੇਰਿਓ ਬਿਖੈਠਗਉਰੀ ਖਾਵਤ ਹੇ ॥ ੧ ॥

ਓਹ ਮਾਇਆ ਕੇਹੜੀ ਹੈ ਸੋਨਾ, ਇਸਤ੍ਰੀ, ਸੁੰਦਰ ਸੇਜ, ਇਕ ਛਿਨ ਵਿਚ ਛਡਕੇ ਆਦਮੀ ਚਲਿਆ ਜਾਂਦਾ ਹੈ ॥ ਇੰਦ੍ਰੀਆਂ ਦੇ ਸ੍ਵਾਦ ਦਾ ਘੇਰਿਆ ਹੋਇਆ ਵਿਸ਼ਿਆਂ ਵਿਚ ਫਸਿਆ ਹੋਇਆ ਹੈ ਓਹੋ ਹੀ ਵਿਸ਼ਿਆਂ ਰੂਪ ਠਗ ਬੂਟੀ ਨੂੰ ਖਾਂਦਾ ਹੈ ਜਿਕਰ ਠਗ ਕੋਈ ਧਤੂਰਾ ਆਦਕ ਖੁਆਕੇ ਰਾਹੀਆਂ ਨੂੰ ਲੁਟ ਲੈਂਦੇ ਹਨ ਇਕਰ ਹੀ ਇਹ ਵਿਸ਼ਿਆਂ ਠਗਾਂ ਤੋਂ ਲੁਟਿਆ ਜਾਂਦਾ ਹੈ ॥

ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥

Digitized by Panjab Digital Library | www.panjabdigilib.org

**ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥੨ ॥**

ਜਿਕਰ ਕਿਸੇ ਨੇ ਘਾਹ ਦਾ ਮਕਾਨ ਬਣਾਕੇ ਸਵਾਰਿਆ ਹੈ ਅਤੇ ਫਿਰ ਉਸਦੇ ਥਲੇ ਅੱਗ ਬਾਲ ਦੇਂਦਾ ਹੈ ਇਕਰ ਹੀ ਇਹ ਸਰੀਰ ਹੈ ਤੇ ਵਿਸ਼ੇ ਵਿਕਾਰ ਹੇਠਾਂ ਅੱਗ ਹੈ ॥ ਹੇ ਹਠੀ ਆਦਮੀ ਤੂੰ ਇੱਕਰ ਦੇ ਕਿਲੇ ਵਿਚ ਵਸਕੇ ਤੂੰ ਆਕੜਕੇ ਫੁਲ ਵਾਂਗ ਫੁਲਕੇ ਕੀ ਪਾਂਦਾ ਹੈ ਭਾਵ ਇਸ ਵਿਚ ਤੈਨੂੰ ਕੁਛ ਲਾਭ ਨਹੀਂ ਹੈ ਤੂੰ ਕੀ ਫ਼ੁਲਦਾ ਹੈਂ ॥

**ਪੰਚਦੂਤ ਮੂੰਡ ਪਰ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧਿ ਅਗਿਆਨੀ ਸੋਇ ਰਹਿਓ ਮਦਮਾਵਤ ਹੇ ॥ ੩ ॥**

ਕਾਮ ਆਦਕ ਪੰਜ ਦੂਤ ਸਿਰ ਉਤੇ ਖੜੋਤੇ ਹਨ ਵਾਲ ਫੜਕੇ ਭੁਆਂਦੇ ਹਨ ਭਾਵ ਕਦੀ ਕਾਮ ਖਿੱਚਦਾ ਹੈ ਕਦੀ ਕ੍ਰੋਧ ॥ ਓਹ ਅੰਨੇ ਬੇ ਸਮਝ ਆਦਮੀ ਨੂੰ ਨਜ਼ਰ ਨਹੀਂ ਆਉਂਦੇ ਹਨ ਭਾਵ ਓਨਾਂ ਵਿਕਾਰਾਂ ਨੂੰ ਆਦਮੀ ਨੇ ਭੁਲਾ ਦਿਤਾ ਹੈ ਕਿਉਂਕਿ ਇਹ ਆਦਮੀ ਹੰਕਾਰ ਕਰਕੇ ਮੱਤਾ ਹੋਇਆ ਹੈ ਤੇ ਸੁਤਾ ਹੋਇਆ ਹੈ।

**ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ॥ ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰ ਪੁਰਖ ਧਿਆਵਤ ਹੇ ॥ ੪ ॥ ੨ ॥ ੮੮ ॥**

ਮਾਇਆ ਨੇ ਮੋਹ ਰੂਪ ਜਾਲ ਖਲਾਰਕੇ ਵਿਸ਼ਿਆਂ ਰੂਪ ਚੋਗ ਖਲਾਰ ਦਿੱਤੀ ਹੈ ਜਿਸ ਕਰਕੇ ਆਦਮੀ ਨੂੰ ਮਾਇਆ ਪੰਛੀਆਂ ਵਾਂਗ ਫੜਦੀ ਜਾਂਦੀ ਹੈ ॥ ਗੁਰੂ ਜੀ, ਉਸ ਮਾਇਆ ਦੇ ਬੰਧਨ ਕਟਣ ਵਾਸਤੇ ਮੈ ਗੁਰੂ ਪੁਰਖ ਨੂੰ ਚੇਤੇ ਕੀਤਾ ਹੈ ॥

(ਸੁਹਾਗਣ (ਇਸਤ੍ਰੀ) 822

## ਬਿਲਾਵਲੁ ਮਹਲਾ ੫

**ਹਰਿ ਹਰਿ ਨਾਮੁ ਅਪਾਰ ਅਮੋਲੀ ॥ ਪ੍ਰਾਨ ਪਿਆਰੇ ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥ ੧ ॥ ਰਹਾਉ ॥**

ਮਾਲਕ ਦਾ ਨਾਮ ਬਿਅੰਤ ਅਮੋਲਕ ਹੈ ॥ ਉਸ ਨਾਮ ਨੂੰ ਮੈਂ ਚਿਤ ਵਿਚ ਇੱਕਰ ਚੇਤੇ ਕਰਦਾ ਹਾਂ ਜਿਕਰ ਪਾਨਾਂ ਨੂੰ ਤੰਬੋਲੀ ਯਾਦ ਕਰਦਾ ਹੈ ਭਾਵ ਪਾਨਾਂ ਦੇ ਗਲ ਜਾਣ ਤੋਂ ਡਰਦਾ ਰਹਿੰਦਾ ਹੈ ਓਨਾਂ ਨੂੰ ਗਲਨ ਵਲੋਂ ਯਾਦ ਰਖਦਾ ਹੈ ਗਲਨ ਨਹੀ ਦੇਂਦਾ ਹੈ ਹਿਲਾਂਦਾ ਰਹਿੰਦਾ ਹੈ ਇੱਕਰ ਹੀ ਨਾਮ ਦਾ ਸਦਾ ਚੇਤੇ ਰਖਣਾ ਮੈਨੂੰ ਪ੍ਰਾਣਾਂ ਵਰਗਾ ਪਿਆਰਾ ਹੈ ਮਨ ਦਾ ਆਸਰਾ ਹੈ ॥

Digitized by Panjab Digital Library | www.panjabdigilib.org

ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥ ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ ॥ ੧ ॥

ਜਦੋਂ ਇਕਰ ਦਾ ਨਾਮ ਦਾ ਪ੍ਰੇਮ ਮੈਨੂੰ ਗੁਰੂ ਨੇ ਦਸਿਆ ਹੈ ਤਦੋਂ ਤੋਂ ਮੇਰਾ ਮਨ ਸ਼ਾਂਤੀ ਵਿਚ ਸਮਾਇਆ ਹੈ ਏਸੇ ਲਈ ਮੇਰੇ ਸਰੀਰ ਦੀ ਚੋਲੀ ਅਨੰਦ ਵਿਚ ਰੰਗੀ ਗਈ ਹੈ ਭਾਵ ਛੋਟੀ ਦੇਹ ਪ੍ਰਸੰਨ ਹੋਈ ਹੈ ॥ ਮੈਂ ਜੋ ਵਡਿਆਂ ਭਾਗਾਂ ਵਾਲੀ ਸਾਂ ਇਸ ਲਈ ਪਤੀ ਦੇ ਮੂੰਹ ਨਾਲ ਲੱਗੀ ਭਾਵ ਪ੍ਰਗਟ ਦਰਸ਼ਨ ਹੋਇਆ ਹੁਣ ਸਾਡਾ ਸੁਹਾਗ ਕਦੀ ਨਹੀਂ ਡੋਲੇਗਾ ਭਾਵ ਵਿਛੋੜਾ ਨਹੀਂ ਹੋਵੇਗਾ ॥

ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥ ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ ॥ ੨ ॥ ੩ । ੮੯ ॥

ਨ ਮੇਰੇ ਵਿਚ ਕੋਈ ਰੂਪ ਦੀ ਸੁੰਦਰਤਾ ਹੈ ਨ ਮੈ ਧੂਪ=ਜਸ ਹੀ ਕੀਤਾ ਹੈ ਨ ਚੰਗੀ ਵਾਸ਼ਨਾ ਸੁਗੰਧੀ ਹੈ ਨ ਵਿਚਾਰ ਵਾਲਾ ਦੀਵਾ ਹੀ ਹੈ ਪਰ ਗੁਰੂ ਕਿਰਪਾ ਨਾਲ ਮਾਲਕ ਦੀ ਸ਼ਕਤੀ ਤਾਣੇ ਪੇਟੇ ਵਾਂਗ ਮੇਰੇ ਅੰਗਾਂ ਅੰਗਾਂ ਦੇ ਨਾਲ ਮਿਲ ਗਈ ਹੈ ਭਾਵ ਮੈ ਮਾਲਕ ਨਾਲ ਮਿਲ ਗਈ ਹਾਂ ॥ ਗੁਰੂ ਜੀ, ਜਦੋਂ ਪਤੀ ਨੇ ਮੈਨੂੰ ਅਪਣੇ ਨਾਲ ਰਵੀ=ਮਿਲਾ ਲਿਆ ਤਾਂ ਮੈਂ ਸੁਹਾਗਣ ਹੋਈ ਤਾਂ ਫਿਰ ਮੇਰੀ ਸਰਧਾ ਜਾਂ ਅੰਤਸ਼ਕਰਣ ਰੂਪ ਖਟੋਲੀ=ਮੰਜੀ ਚੰਗੀ ਬਣ ਗਈ ਭਾਵ ਬਹੁਤ ਹੀ ਚੰਗੀ ਮੰਜੀ ਬਣੀ ਹੈ ॥

(ਤਬਾ)

## ਬਿਲਾਵਲੁ ਮਹਲਾ ੫

ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥ ੧ ॥ ਰਹਾਉ ॥

ਮਾਲਕ ਦਾ ਸਰੂਪ ਹੋ ਗਈ ਹਾਂ ਜਦੋਂ ਤੋਂ ਦਿਆਲੂ ਸੰਤ ਮਿਲੇ ਹਨ ਓਦੋਂ ਤੋ ਖੋਟੀ ਅਕਲ ਚਲੀ ਗਈ ਹੈ ॥

ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥ ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥ ੧ ॥

ਜੇਹੜਾ ਮਾਲਕ ਸਾਰੇ ਸੰਸਾਰ ਵਿਚ ਮਿਲਿਆ ਹੋਇਆ ਹੈ ਉਸ ਦਿਆਲੂ ਨੇ ਸ਼ਾਂਤੀ

Digitized by Panjab Digital Library | www.panjabdigilib.org

ਰੂਪ ਸੀਤਲਤਾ, ਸਾਨੂੰ ਦਿਤੀ ਹੈ ॥ ਕਾਮ, ਕ੍ਰੋਧ, ਤ੍ਰਿਸ਼ਨਾ, ਹੰਕਾਰ ਆਦਕ ਸਾਰੇ ਵਿਕਾਰ ਸਰੀਰ ਤੋਂ ਨਾਸ ਹੋ ਗਏ ਹਨ ॥

**ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥**
**ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥ ੨ ॥ ੪ ॥ ੯੦ ॥**

ਸਤ, ਸੰਤੋਖ, ਦਯਾ, ਧਰਮ, ਪਵਿਤ੍ਰਤਾ ਸੰਤਾਂ ਦੇ ਮੰਤ੍ਰ ਤੋਂ ਇਹ ਗੁਣਾਂ ਦੀ ਸਿਖਿਆ ਲਈ ਹੈ ॥ ਗੁਰੂ ਜੀ, ਜਿਨਾਂ ਇੱਕਰ ਮਾਲਕ ਦੇ ਸਰੂਪ ਨੂੰ ਮਨ ਨਾਲ ਪਛਾਣਿਆ ਹੈ ਓਨਾਂ ਨੂੰ ਸਾਰੀ ਸੋਝੀ ਆ ਪਈ ਹੈ ॥

(ਪ੍ਰਮੇਸਰ ਬਿਅੰਤ, ਸਨਮੁਖ ਬੇਨਤੀ)

## ਬਿਲਾਵਲੁ ਮਹਲਾ ੫

**ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥**
**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥ ੧ ॥**

ਅਸੀਂ ਜੀਵ ਵਿਚਾਰੇ ਕੀੜਿਆਂ ਵਰਗੇ ਕੀ ਹਾਂ ਤੇਰਾ ਇਕ ਵਾਲ ਵੀ ਵਰਨਨ ਨਹੀ ਕਰ ਸਕਦੇ ਹਾਂ ਭਾਵ ਥੋੜੀ ਸਿਫਤ ਵੀ ਨਹੀਂ ਕਰ ਸਕਦੇ ਹਾਂ ॥ ਬ੍ਰਹਮਾ, ਸ਼ਿਵਜੀ, ਸਿਧ, ਮੁਨੀ, ਇੰਦ੍ਰ ਆਦਕਾਂ ਨੇ ਵੀ ਹੇ ਬਿਅੰਤ ਮਾਲਕ ਤੇਰੀ ਗਤੀ ਨਹੀਂ ਪਾਈ ਹੈ ਭਾਵ ਰੀਤੀ ॥

**ਕਿਆ ਕਥੀਐ ਕਿਛੁ ਕਥਨੁ ਨ ਜਾਈ ॥**
**ਜਹ ਜਹ ਦੇਖਾ ਤਹ ਰਹਿਆ ਸਮਾਈ ॥ ੧ ॥ ਰਹਾਉ ॥**

ਤੇਰਾ ਰੂਪ ਕੀ ਕਥਨ ਕਰੀਏ ਕੁਛ ਕਥਨ ਨਹੀਂ ਕੀਤਾ ਜਾਂਦਾ ਹੈ ॥ ਮੈਂ ਜਿਥੇ ਜਿਥੇ ਤੈਨੂੰ ਵੇਖਦਾ ਹਾਂ ਓਥੇ ਓਥੇ ਤੂੰ ਮਿਲਿਆ ਹੋਇਆ ਹੈਂ ॥

**ਜਹ ਮਹਾ ਭਇਆਨ ਦੂਖ ਜਮ ਸੁਣੀਐ ਤਹ ਮੇਰੇ ਪ੍ਰਭ ਤੂਹੈ ਸਹਾਈ ॥**
**ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬੂਝ ਬੁਝਾਈ ॥ ੨ ॥ ੫ ॥ ੯੧ ॥**

ਜਿਥੇ ਬੜਾ ਡਰੌਣਾ ਜਮਾਂ ਦਾ ਦੁਖ ਸੁਣੀਦਾ ਹੈ ਹੇ ਮੇਰੇ ਮਾਲਕ ਓਥੇ ਤੂੰ ਸਹਾਈ ਹੁੰਦਾ

Digitized by Panjab Digital Library | www.panjabdigilib.org

ਹਾਂ ॥ ਗੁਰੂ ਜੀ, ਹੇ ਮਾਲਕ ਜਦੋਂ ਤੋਂ ਮੈਂ ਗੁਰੂ ਦੀ ਸ਼ਰਨ ਪਿਆ ਹਾਂ ਤਦੋ ਤੋਂ ਮੈਨੂੰ ਗੁਰੂ ਨੇ ਗਿਆਤ ਸਮਝਾ ਦਿਤੀ ਹੈ ਤਦੋਂ ਤੋਂ ਹੀ ਮੈ ਤੇਰੇ ਪੈਰ ਫੜੇ ਹਨ ॥

(ਤਥਾ)

## ਬਿਲਾਵਲੁ ਮਹਲਾ ੫

**ਅਗਮ ਰੂਪ ਅਬਿਨਾਸੀ ਕਰਤਾ ਪਤਿਤ ਪਵਿਤ ਇਕ ਨਿਮਖ ਜਪਾਈਐ ॥ ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ ॥ ੧ ॥**

ਹੇ ਅਪੁਜ ਰੂਪ ਨ ਮਰਨ ਵਾਲੇ ਸਾਰਿਆਂ ਦੇ ਕਰਨ ਵਾਲੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਮਾਲਕ ਮੈਨੂੰ ਇਕ ਨਿਮਖ ਆਪਣਾ ਨਾਮ ਜਪਾ ਭਾਵ ਥੋੜਾ ਜੇਹਾ ਚਿਰ ਹੀ ਨਾਮ ਜਪਾ ਮੈਂ ਤਰ ਜਾਵਾਂਗਾ । ਹੇ ਅਸਚਰਜ ਰੂਪ ਮੈਂ ਸੁਣਿਆਂ ਹੈ ਕਿ ਤੂੰ ਸੰਤਾਂ ਦੇ ਨਾਲ ਮਿਲਨ ਕਰਕੇ ਦਰਸ਼ਨ ਦੇਂਦਾ ਹੈਂ ਜਾਂ ਜੇਹੜੇ ਸੰਤਾਂ ਨੂੰ ਭੇਟਲੇ=ਮਿਲਨ ਵਾਲੇ ਹਨ ਓਨਾਂ ਦੇ ਪਵਿਤ੍ਰ ਚਰਨਾਂ ਨੂੰ ਮੇਰੇ ਮਨ ਵਿਚ ਲਗਾ ਭਾਵ ਪਿਆਰੇ ਲੱਗਣ ॥

**ਕਿਤੁ ਬਿਧੀਐ ਕਿਤੁ ਸੰਜਮਿ ਪਾਈਐ ॥
ਕਹੁ ਸੁਰ ਜਨ ਕਿਤੁ ਜੁਗਤੀ ਧਿਆਈਐ ॥ ੧ ॥ ਰਹਾਉ ॥**

ਕਿਸ ਰੀਤੀ ਕਿਸ ਜਤਨ ਨਾਲ ਮਾਲਕ ਨੂੰ ਲੱਭੀਏ ॥ ਹੇ ਦੇਵਤਿਆਂ ਵਰਗੇ ਸੰਤੋਂ ਮੈਨੂੰ ਦਸੋ, ਆਖੋ ਕਿ ਉਸ ਮਾਲਕ ਨੂੰ ਕਿਸ ਜੁਗਤੀ ਨਾਲ ਚੇਤੇ ਕੀਤਾ ਜਾਂਦਾ ਹੈ ॥

**ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥ ਨਾਨਕ ਸਰਨਿ ਸਰਣਿ ਸੁਖ ਸਾਗਰ ਮੋਹਿ ਟੇਕ ਤੇਰੋ ਇਕ ਨਾਈਐ ॥ ੨ ॥ ੬ ॥ ੯੨ ॥**

ਜੇਹੜਾ ਆਦਮੀ ਕਿਸੇ ਆਦਮੀ ਦੀ ਸੇਵਾ ਕਰਦਾ ਹੈ ਓਹ ਆਦਮੀ ਓਸੇ ਆਦਮੀ ਦੀ ਸੇਵਾ ਨੂੰ ਮੁੜ ਮੁੜ, ਰੋਜ ਰੋਜ ਲਈ ਲਈ ਜਾਂਦਾ ਹੈ ਭਾਵ ਰੋਜ ਕਰਦਾ ਰਹਿੰਦਾ ਹੈ ਭੁਲਾਂਦਾ ਨਹੀਂ ਹੈ ॥ ਜੇਹੜੇ ਚੰਗੇ ਆਦਮੀ ਹਨ ਓਹ ਇਹ ਚੇਤੇ ਰਖਦੇ ਹਨ ਕਿ ਫਲਾਣੇ ਵੇਲੇ ਉਸ ਆਦਮੀ ਨੇ ਮੇਰੀ ਸੇਵਾ ਕੀਤੀ ਸੀ ਓਹ ਬੜਾ ਯਾਦ ਰਖਦੇ ਹਨ ਇਸ ਲਈ ਹੇ ਮਾਲਕਾ ਤੂੰ ਇਸ ਆਦਮੀ ਦੀ ਸੇਵਾ ਕੀਤੀ ਦਾ ਫਲ ਕਿਉਂ ਨਹੀਂ ਦੇਵੇਂਗਾ ਭਾਵ ਜ਼ਰੂਰ ਦੇਵੇਂਗਾ ॥ ਗੁਰੂ ਜੀ, ਹੇ ਸੁਖਾਂ ਦੇ

Digitized by Panjab Digital Library | www.panjabdigilib.org

ਸਮੁੰਦ੍ਰ ਮਾਲਕ ਮੈਂ ਸਾਰੀਆਂ ਸਰਨਾਂ ਛੱਡਕੇ ਤੇਰੀ ਸ਼ਰਨ ਲਈ ਹੈ ਅਤੇ ਤੇਰੇ ਇਕ ਨਾਮ ਦੀ ਹੀ ਓਟ ਲਈ ਹੈ ॥

(ਸੰਤਾਂ ਦੀ ਸੇਵਾ ਤੋਂ ਲਾਭ)

## ਬਿਲਾਵਲੁ ਮਹਲਾ ੫

**ਸੰਤ ਸਰਣਿ ਸੰਤ ਟਹਲ ਕਰੀ ॥ ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ ॥ ੧ ॥ ਰਹਾਉ ॥**

ਸੰਤਾਂ ਦੀ ਸ਼ਰਨ ਲੈਕੇ ਮੈਂ ਸੰਤਾਂ ਦੀ ਸੇਵਾ ਕੀਤੀ ਹੈ। ਧੰਧਿਆਂ ਦਾ ਬੰਧਨ ਸਾਰੇ ਜੰਜਾਲਾਂ ਦਾ ਅਕੱਠ ਅਤੇ ਹੋਰ ਵਾਧੂ ਕੰਮਾਂ ਤੋਂ ਛੁਟ ਪਈ ਹਾਂ ॥

**ਸੂਖਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ ॥ ਐਸੋ ਹਰਿ ਰਸੁ ਬਰਨਿ ਨ ਸਾਕਉ ਗੁਰਿ ਪੂਰੈ ਮੇਰੀ ਉਲਟਿ ਧਰੀ ।੧**

ਜਦੋਂ ਗੁਰਾਂ ਤੋ ਮਾਲਕ ਦੇ ਨਾਮ ਨੂੰ ਪਾਇਆ ਤਾਂ ਮੈਂ ਵਡੇ ਸੁਖ ਨੂੰ ਪਾਕੇ ਬਹੁਤ ਅਨੰਦ ਵਾਲੀ ਹੋ ਗਈ ਹਾਂ ॥ ਮੈਂ ਇਕਰ ਦਾ ਮਾਲਕ ਦਾ ਰਸ ਵਰਨਨ ਨਹੀ ਕਰ ਸਕਦੀ ਹਾਂ ਕਿਉਂਕਿ ਪੂਰਿਆਂ ਗੁਰਾਂ ਨੇ ਮੇਰੀ ਬਿਰਤੀ ਜਗਤ ਵਲੋਂ ਉਲਟਾਕੇ ਮਾਲਕ ਵਾਲੇ ਪਾਸੇ ਧਰ ਦਿਤੀ ਹੈ ਭਾਵ ਟਿਕਾਈ ਹੈ।

**ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ ॥ ਪੂਰਨ ਪੂਰਿਰਹਿਓ ਕਿਰਪਾਨਿਧਿ ਕਹੁ ਨਾਨਕ ਮੇਰੀ ਪੂਰੀ ਪਰੀ ॥ ॥ ੨ ॥ ੭ ॥ ੯੩ ॥**

ਹੁਣ ਉਸ ਮਾਲਕ ਨੂੰ ਸਾਰਿਆਂ ਦੇ ਨਾਲ ਵੇਖਿਆ ਹੈ ਜਿਸਨੇ ਆਪਣੀ ਤਾਕਤ ਨਾਲ ਸਾਰੀ ਦੁਨੀਆਂ ਭਰੀ ਹੋਈ ਹੈ ਕਿਸੇ ਥਾਂ ਵੀ ਉਸਦੀ ਘਾਟੇ ਵਾਲੀ ਗਲ ਨਹੀ ਹੈ ॥ ਗੁਰੂ ਜੀ, ਓਹ ਜੇਹੜਾ ਮਾਲਕ ਕਿਰਪਾ ਦਾ ਖਜਾਨਾ ਹੈ ਓਹ ਸਾਰਿਆਂ ਨਾਲ ਮਿਲਿਆ ਹੋਇਆ ਹੈ ਗੁਰਾਂ ਦੀ ਕਿਰਪਾ ਨਾਲ ਮੈਂ ਉਸਨੂੰ ਜਾਣਿਆ ਹੈ। ਏਸੇ ਲਈ ਮੇਰੀ ਪੂਰੀ ਪਈ ਹੈ ਭਾਵ ਮੈਂ ਨਿਹਾਲ ਹੋਇਆ ਹਾਂ ॥

## ਬਿਲਾਵਲੁ ਮਹਲਾ ੫ 8-13

**ਮਨ ਕਿਆ ਕਹਤਾ ਹਉ ਕਿਆ ਕਹਤਾ ॥ ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ ॥ ੧ ॥ ਰਹਾਉ ॥**

ਹੇ ਮਾਲਕ ਮਨ ਮੈਨੂੰ ਕੀ ਆਖਦਾ ਹੈ ਕਿ ਵਿਸ਼ਿਆਂ ਦਾ ਅਨੰਦ ਲੈ ਅਤੇ ਮੈਂ ਮਨ

Digitized by Panjab Digital Library | www.panjabdigilib.org

ਨੂੰ ਕੀ ਆਖਦਾ ਹਾਂ ਭਾਵ ਕਿ ਭਜਨ ਵਿਚ ਲਗ । ਹੇ ਮੇਰੇ ਮਾਲਕ ਦਿਲ ਦੀਆਂ ਬੁਝਣ ਵਾਲੇ ਮੈਂ ਤੇਰੇ ਅਗੇ ਇਸਦਾ ਹਾਲ ਕੀ ਆਖਾਂ ਭਾਵ ਉਤੋਂ ਅਖਦਾ ਹੈ ਮੈਂ ਤੇਰਾ ਹਾਂ ਅੰਦਰੋਂ ਜਗਤ ਵਲ ਲਗਾ ਹੈ ॥

**ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ ॥**
**ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤਹੀ ਸੰਗਿ ਸੁਨਤਾ ॥੧**

ਜੋ,ਜੀਆਂ ਦੇ ਦਿਲ ਵਿਚ ਹੁੰਦਾ ਹੈ ਬਿਨਾਂ ਬੋਲਿਆਂ ਉਸ ਖਿਆਲ ਨੂੰ ਤੂੰ ਪਛਾਣਦਾ ਹੈਂ ਇਸ ਲਈ ਹੁਣ ਮੈਂ ਆਪਣੇ ਮਨ ਨੂੰ ਆਖਦਾ ਹਾਂ। ਹੇ ਮਨ ਕਿਸ ਵਾਸਤੇ ਅਤੇ ਕਿਥੋਂ ਤਕ ਡਹਕਦਾ ਭਾਵ ਭਰਮਦਾ ਫਿਰਦਾ ਹੈਂ ਜੇਹੜਾ ਮਾਲਕ ਤੇਰੇ ਨਾਲ ਹੀ ਵੇਖਦਾ ਸੁਣਦਾ ਹੈ ਭਾਵ ਉਸਤੋਂ ਕਿਸੇ ਤਰਾਂ ਵੀ ਕੁਛ ਲੁਕਾ ਛਿਪਾ ਨਹੀ ਹੋ ਸਕਦਾ ਹੈ ॥

**ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ ॥**
**ਕਹੁ ਨਾਨਕ ਗੁਰ ਭਏ ਦਇਆਰਾ ਹਰਿਰੰਗੁ ਨ ਕਬਹੂ ਲਹਤਾ ॥**
**॥੨॥੮॥੯੪॥**

ਹੇ ਮਾਲਕ ਤੈਥੋਂ ਬਿਨਾਂ ਹੋਰ ਕੋਈ ਦੂਸਰਾ ਕਰਤਾ ਨਹੀ ਹੈ ਅਸੀ ਤਾਂ ਤੈਨੂੰ ਇਕਰ ਦਾ ਅੰਤਰਜਾਮੀ ਜਾਣਕੇ ਮਨ ਵਿਚ ਅਨੰਦ ਹੋ ਗਏ ਹਾਂ ॥ ਗੁਰੂ ਜੀ,ਜਦੋਂ ਗੁਰੂ ਦਿਆਲੂ ਹੋ ਜਾਣ ਤਾਂ ਹੇ ਮਾਲਕ ਤੇਰਾ ਪ੍ਰੇਮ ਕਦੀ ਨਹੀ ਜਾਂਦਾ ਹੈ ਭਾਵ ਤੇਰੇ ਪ੍ਰੇਮ ਨਾਲ ਤੇਰੇ ਨਾਲ ਮਿਲ ਜਾਈਦਾ ਹੈ ॥

{ ਸੁਲਹੀ ਪਠਾਣ ਦਾ ਭਤੀਜਾ ਸੁਲਭੀ ਚੰਦੂ ਦਾ ਪ੍ਰੇਰਿਆ ਚੜ੍ਹਕੇ ਆਇਆ ਉਸਨੂੰ ਰਾਹ ਵਿਚ ਇਕ ਸਯਦ ਮਿਲਿਆ ਉਸਨੇ ਸੁਲਭੀ ਦੇ ਚਾਚੇ ਤੋਂ ਕਰਜਾ ਲੈਣਾ ਸੀ ਸੁਲਭੀ ਨੇ ਚਾਚੇ ਦੀ ਸਾਰੀ ਮਲਕੀਅਤ ਮੱਲ ਲਈ ਸੀ ਇਸ ਲਈ ਓਹ ਸੱਯਦ ਕਰਜਾ ਸੁਲਭੀ ਤੋਂ ਮੰਗਣ ਲਗਾ ਰਾਹ ਵਿਚ ਹੀ ਲੜਾਈ ਹੋ ਪਈ। ਸਯਦ ਨੇ ਤਲਵਾਰ ਮਾਰਕੇ ਸੁਲਭੀ ਨੂੰ ਮਾਰ ਦਿਤਾ ਇਹ ਖਬਰ ਸੁਣਕੇ ਗੁਰੂਜੀ ਸ਼ਬਦ ਉਚਾਰਿਆ }

## ਬਿਲਾਵਲੁ ਮਹਲਾ ੫

**ਨਿੰਦਕੁ ਐਸੇ ਹੀ ਝਰਿ ਪਰੀਐ ॥ ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਭਰਾ ਨਿੰਦਕ ਇਕਰ ਹੀ ਝੜ ਪੈਂਦੇ ਹਨ ॥ ਹੇ ਭਰਾ ਤੁਸੀ ਇਹ ਨਿਸ਼ਾਨੀ ਪ੍ਰਗਟ ਹੀ ਸੁਣੋ ਜਿਕਰ ਕੱਲਰ ਲੱਗਣ ਨਾਲ ਕੰਧ ਡਿਗ ਪੈਂਦੀ ਹੈ ॥

**ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥ ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ।**

ਜਦੋਂ ਥੋੜਾ ਜੇਹਾ ਦੋਸ਼ ਵੇਖਦਾ ਹੈ ਤਾਂ ਨਿੰਦਕ ਖੁਸ਼ੀ ਹੁੰਦਾ ਹੈ ਜਦੋਂ ਕਿਸੇ ਦਾ ਭਲਾ ਵੇਖਦਾ ਹੈ ਤਾਂ ਦੁਖਾਂ ਨਾਲ ਮਨ ਭਰਦਾ ਹੈ ਭਾਵ ਦੁਖੀ ਹੁੰਦਾ ਹੈ॥ ਅਠੇ ਪਹਿਰ ਬੁਰਾ ਯਾਦ ਕਰਦਾ ਰਹਿੰਦਾ ਹੈ ਪਰ ਬੁਰਾ ਕਰਨ ਨੂੰ ਪੁਜ ਨਹੀ ਸਕਦਾ ਹੈ ਤਾਂ ਵੀ ਬੁਰਾ ਚਿਤਵਦਾ ੨ ਮਰ ਜਾਂਦਾ ਹੈ ॥

**ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿਜਨ ਸਿਉ ਬਾਦੁ ਉਠਰੀਐ ॥ ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥ ੨ ॥ ੯ ॥ ੯੫ ॥**

ਜੇਹੜਾ ਨਿੰਦਕ ਮਾਲਕ ਦਾ ਭੁਲਾਇਆ ਹੋਇਆ ਸੀ ਉਸਦੇ ਨੇੜੇ ਕਾਲ ਆਗਿਆ ਸੀ ਕਿਉਂਕਿ ਮਾਲਕ ਦੇ ਦਾਸਾਂ ਨਾਲ ਝਗੜਾ ਉਠਾਂਦਾ ਹੈ ॥ ਗੁਰੂ ਜੀ, ਦਾਸਾਂ ਦਾ ਰਾਖਾ ਤਾਂ ਆਪ ਮਾਲਕ ਹੈ ਤਾਂ ਮਨੁਖ ਵਿਚਾਰੇ ਕੀ ਕਰ ਸਕਦੇ ਹਨ ॥

## ਬਿਲਾਵਲੁ ਮਹਲਾ ੫

**ਐਸੇ ਕਾਹੇ ਭੂਲਿਪਰੇ ॥ ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ॥ ੧ ॥ ਰਹਾਉ ॥**

ਹੇ ਜੀਵੋ ਇੱਕਰ ਕਿਉਂ ਭੁਲ ਪਏ ਹੋ ਸੋ ਕਿਸਤਰਾਂ ਭੁਲ ਗਏ ਹਨ ॥ ਖੋਟਿਆਂ ਕਰਮਾਂ ਨੂੰ ਆਪ ਕਰਦੇ ਤੇ ਹੋਰਨਾਂ ਤੋਂ ਕਰਾਉਂਦੇ ਹੋਏ ਫੇਰ ਤੁਸੀਂ ਮੁਕਰ ਪੈਂਦੇ ਹੋ ਭਾਵ ਝੂਠ ਬੋਲਕੇ ਆਖਦੇ ਹੋ ਕਿ ਅਸਾਂ ਨਹੀ ਕੀਤੇ ਪਰ ਤੁਹਾਡਿਆਂ ਕਰਮਾਂ ਨੂੰ ਇਕ ਮਾਲਕ ਸਦਾ ਹੀ ਤੁਹਾਡੇ ਨਾਲ ਹੋਕੇ ਵੇਖਦਾ ਹੈ ਅਤੇ ਜੇਹੜਾ ਤੁਸੀ ਬੋਲਦੇ ਹੋ ਉਸ ਨੂੰ ਵੀ ਓਹ ਸੁਣਦਾ ਰਹਿੰਦਾ ਹੈ ਭਾਵ ਮਾਲਕ ਤੋਂ ਤੁਹਾਡੇ ਪਾਸੋਂ ਕੁਛ ਲੁਕਾ ਛਪਾ ਨਹੀਂ ਹੁੰਦਾ ਹੈ ॥

**ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥ ੧ ॥**

ਵਿਸ਼ਿਆਂ ਰੂਪ ਕੱਚ ਦਾ ਖਰੀਦਣਾ ਕਰਦੇ ਹੋ, ਨਾਮ ਰੂਪ ਸੋਨੇ ਨੂੰ ਛਡਣਾ ਕਰਦੇ ਹੋ, ਇਸਤ੍ਰੀ, ਪੁਤ੍ਰ ਸਰਬੰਧੀ ਆਦਕ ਜੇਹੜੇ ਚੰਗੇ ਰਸਤੇ ਵਿਚ ਵਿਘਨ ਪਾਉਣ ਵਾਲੇ ਦੁਸ਼ਮਨ ਸਮਾਨ ਹਨ ਓਨਾਂ ਦੇ ਨਾਲ ਪ੍ਰੇਮ ਕਰਕੇ ਜੇਹੜੇ ਖਰੇ=ਚੰਗੇ ਸਜਣ ਸੰਤ ਸੁਖਦਾਈ ਹਨ ਓਨਾਂ ਦਾ ਸੰਗ ਛਡ ਦਿਤਾ ਹੈ ਜਾਂ ਖਰੇ=ਖੜੋਤੇ ਭਾਵ ਸੰਤਾਂ ਨੂੰ ਛਡ ਖੜੋਤੇ ਹੋ ॥ ਜੇਹੜਾ ਮਰ ਜਾਣਾ ਸਚ ਹੋ ਜਾਣਾ ਹੈ ਓਹ ਕੌੜਾ ਲਗਦਾ ਹੈ ਅਤੇ ਜੇਹੜਾ ਜੀਓਣਾ ਨਹੀ ਹੋਣਾ ਹੈ, ਸੋ ਓਹ ਤੁਹਾਨੂੰ ਮਿਠਾ ਲਗਦਾ ਹੈ ਇਕਰ ਵਿਸ਼ਿਆਂ ਵਿਚ ਲੰਪਟ ਹੋਕੇ ਤ੍ਰਿਸ਼ਨਾ ਅੱਗ ਵਿਚ ਸੜਦੇ ਹੋ ਜਾਂ ਜੜੇ ਗਏ ਹੋ ॥

**ਅੰਧਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥ ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥ ॥੨॥੧੦॥੯੬॥**

ਗ੍ਰਹਸਤ ਰੂਪ ਅੰਨੇ ਖੂਹ ਵਿਚ ਆਦਮੀ ਡਿਗ ਪਿਆ ਹੈ ਭਰਮ ਰੂਪ ਮੋਹ ਦੇ ਗਾਹੜੇ ਹਨੇਰੇ ਵਿਚ ਬੰਧਨ ਪਏ ਹੋਇ ਹਨ ਤੇ ਫਸਿਆ ਹੋਇਆ ਹੈ ॥ ਗੁਰੂ ਜੀ, ਜਿਨਾਂ ਦੇ ਉਤੇ ਆਪ ਮਾਲਕ ਦਿਆਲੂ ਹੁੰਦਾ ਹੈ ਓਨਾਂ ਨੂੰ ਗੁਰੂ ਮਿਲਕੇ ਅਕਲ ਰੂਪ ਬਾਂਹ ਫੜਾਕੇ ਉਸ ਅੰਨੇ ਖੂਹ ਤੋਂ ਕਢ ਲੈਂਦਾ ਹੈ ॥

## ਬਿਲਾਵਲੁ ਮਹਲਾ ੫

**ਮਨ ਤਨ ਰਸਨਾ ਹਰਿ ਚੀਨਾ ॥ ਭਏ ਅਨੰਦਾ ਮਿਟੇ ਅੰਦੇਸੇ ਸਰਬ ਸੂਖ ਮੋਕਉ ਗੁਰਿ ਦੀਨਾ ॥ ੧ ॥ ਰਹਾਉ ॥**

ਹੁਣ ਅਸਾਂ ਗੁਰੂ ਦੀ ਕਿਰਪਾ ਨਾਲ ਮਨ ਤਨ ਰਸਨਾ ਕਰਕੇ ਮਾਲਕ ਨੂੰ ਜਾਣਿਆਂ ਹੈ ਏਸੇ ਲਈ ਸਾਨੂੰ ਅਨੰਦ ਆਗਿਆ ਹੈ ਅਤੇ ਸਾਰੇ ਸੰਸੇ ਮਿਟ ਗਏ ਹਨ ਕਿਉਂਕਿ ਸਾਰਿਆਂ ਸੁਖਾਂ ਦਾ ਦਾਤਾ ਨਾਮ ਗੁਰੂ ਨੇ ਮੈਨੂੰ ਦਿਤਾ ਹੈ ॥

**ਇਆਨਪ ਤੇ ਸਭ ਭਈ ਸਿਆਨਪ ਪ੍ਰਭੁ ਮੇਰਾ ਦਾਨਾ ਬੀਨਾ ॥ ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ ॥ ੧ ॥**

ਹੁਣ ਮੂਰਖਤਾ ਤੋਂ ਸਾਰੀ ਹਰ ਤਰਾਂ ਦੀ ਸੋਝੀ ਹੋ ਗਈ ਹੈ ਮੇਰਾ ਮਾਲਕ ਚਤਰ ਤੇ ਹਰ ਤਰਾਂ ਦੀ ਗੱਲ ਵੇਖਣ ਵਾਲਾ ਹੈ ॥ ਓਹ ਜਿਸ ਆਪਣੇ ਦਾਸ ਨੂੰ ਹਥ ਦੇਕੇ ਰੱਖ ਲੈਂਦਾ ਹੈ ਉਸ ਤੋਂ ਕੋਈ ਕੁਛ ਖੋਹ ਨਹੀਂ ਸਕਦਾ ਹੈ ਭਾਵ ਹੋਰ ਕਿਸੇ ਦੇ ਹਥੋਂ ਉਸਦਾ ਕੁਛ ਵਿਗਾੜ ਨਹੀਂ ਹੋ ਸਕਦਾ ਹੈ ॥

**ਬਲਿ ਜਾਵਉ ਦਰਸਨ ਸਾਧੂ ਕੈ ਜਿਹ ਪ੍ਰਸਾਦਿ ਹਰਿਨਾਮੁ ਲੀਨਾ ॥**

Digitized by Panjab Digital Library | www.panjabdigilib.org

ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ ॥ ੨ ॥ ੧੧ ॥ ੯੭ ॥

ਮੈ ਓਨਾਂ ਸੰਤਾਂ ਦੇ ਦਰਸਨ ਤੋਂ ਬਲਹਾਰ ਜਾਂਦਾ ਹਾਂ ਜਿਨਾਂ ਦੀ ਕਿਰਪਾ ਨਾਲ ਮੈ ਮਾਲਕ ਦਾ ਨ ਮ ਲਿਆ ਹੈ ॥ ਗੁਰੂ ਜੀ, ਉਸ ਮਾਲਕ ਦੇ ਭਰੋਸੇ ਉਸ ਤੋਂ ਬਿਨਾ ਹੋਰ ਕਿਸੇ ਥਾਂ ਇਕ ਛਿਨ ਭਰ ਵੀ ਮਨ ਨਹੀ ਮੰਨਿਆਂ ਹੈ ਜਾਂ ਸਾਰਿਆਂ ਪਦਾਰਥਾਂ ਨੂੰ ਛੀਨਾ=ਨਾਸ ਵੰਤ ਜਾਣਕੇ ਕਿਸੇ ਵਿਚ ਮਨ ਨਹੀਂ ਮੰਨਿਆਂ ਹੈ ਭਾਵ ਮਾਲਕ ਦੀ ਹੀ ਪ੍ਰੀਤੀ ਕੀਤੀ ਹੈ ॥

(ਤਥਾ)

## ਬਿਲਾਵਲੁ ਮਹਲਾ ੫

ਗੁਰਿਪੂਰੈ ਮੇਰੀ ਰਾਖਿਲਈ ॥ ਅੰਮ੍ਰਿਤਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥ ੧ ॥ ਰਹਾਉ ॥

ਪੂਰੇ ਗੁਰੂ ਨੇ ਮੇਰੀ ਸੰਸਾਰ ਵਿਚ ਲਜਿਆ ਰੱਖ ਲਈ ਹੈ ॥ ਦਿਲ ਵਿਚ ਅੰਮ੍ਰਿਤ ਨਾਮ ਦਿਤਾ ਹੈ ਜਿਸ ਤੇ ਮੇਰੀ ਜਨਮਾਂ ੨ ਦੀ ਪਾਪਾਂ ਰੂਪ ਮੈਲ ਦੂਰ ਹੋ ਗਈ ਹੈ ॥

ਨਿਵਰੇ ਦੂਤ ਦੁਸਟ ਬੈਰਾਈ ਗੁਰਪੂਰੈ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥ ੧ ॥

ਜੇਹੜੇ ਸਾਡੇ ਨਾਲ ਕਾਮ ਆਦਕ ਜਾਂ ਸੁਲਹੀ ਸੁਲਭੀ ਦੂਤ ਦੁਸ਼ਮਣ ਦੁਸ਼ਟ ਵੈਰ ਕਰਨ ਵਾਲੇ ਸਨ ਓਹ ਸਾਰੇ ਹੀ ਦੂਰ ਹੋ ਗਏ ਹਨ ਕਿਉਕਿ ਅਸਾਂ ਪੂਰਿਆਂ ਗੁਰਾਂ ਦਾ ਜਾਪ ਜਪਿਆ ਹੈ ॥ ਹੁਣ ਕੋਈ ਵਿਚਾਰਾ ਸਾਡੇ ਨਾਲ ਕੀ ਕਰ ਸਕੇਗਾ ਭਾਵ ਬੁਰਾ ਨਹੀ ਕਰ ਸਕੇਗਾ ਕਿਉਕਿ ਮੇਰੇ ਮਾਲਕ ਦਾ ਬੜਾ ਵੱਡਾ ਪ੍ਰਤਾਪ ਹੈ ॥

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨਕਮਲ ਰਖੁ ਮਨ ਮਾਹੀ ॥ ਤਾ ਕੀ ਸਰਨਿ ਪਰਿਓ ਨਾਨਕ ਦਾਸ ਜਾਤੇ ਊਪਰਿ ਕੋ ਨਾਹੀ ॥ ੨॥ ੧੨ ॥ ੯੮ ॥

ਅਸਾਂ ਮਾਲਕ ਦੇ ਚਰਨਾਂ ਕਮਲਾਂ ਨੂੰ ਮਨ ਵਿਚ ਰੱਖਕੇ ਅਤੇ ਓਸ ਨੂੰ ਹੀ ਸਿਮਰਕੇ ਜਾਂ ਨਾਮ ਸਿਮਰਕੇ ਸੁਖ ਪਾਇਆ ਹੈ ॥ ਗੁਰੂ ਜੀ, ਮੈ ਦਾਸ ਉਸ ਦੀ ਸ਼ਰਨ ਪਿਆ ਹਾਂ ਜਿਸ ਮਾਲਕ ਦੇ ਉਤੇ ਹੋਰ ਕੋਈ ਨਹੀ ਹੈ ਭਾਵ ਵੱਡਾ ਹੈ ॥

Digitized by Panjab Digital Library | www.panjabdigilib.org

(ਨਾਮ ਦਾ ਜਾਪ)

## ਬਿਲਾਵਲੁ ਮਹਲਾ ੫

**ਸਦਾ ਸਦਾ ਜਪੀਐ ਪ੍ਰਭ ਨਾਮ ॥ ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ ॥ ੧ ॥ ਰਹਾਉ ॥**

ਹਰ ਵੇਲੇ ਮਾਲਕ ਦੇ ਨਾਮ ਨੂੰ ਜਪੀਏ ॥ ਜਿਸਦੇ ਜਪਨ ਨਾਲ ਇਸ ਲੋਕ ਵਿਚ ਬੁਢੇਪੇ ਦਾ ਅਤੇ ਮਰ ਜਾਣਦਾ ਰਤਾ ਵੀ ਡਰ ਤੇ ਦੁਖ ਨਹੀ ਚੰਬੜੇਗਾ ਅਗੇ ਦਰਗਾਹ ਵਿਚ ਵੀ ਸਾਰੇ ਕੰਮ ਪੂਰੇ ਹੋਣਗੇ ॥

**ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥ ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥**

ਜਿਸ ਗੁਰੂ ਤੋਂ ਇਹ ਨਾਮ ਖਜ਼ਾਨਾ ਪਾਈਦਾ ਹੈ ਅਪਣੇ ਹੰਕਾਰ ਨੂੰ ਛਡਕੇ ਰੋਜ ਹੀ ਉਸਦੀ ਸ਼ਰਨ ਪਏ ਰਹੀਏ। ਜਿਸ ਕਰਕੇ ਜਨਮ ਮਰਨ ਦੀ ਫਾਹੀ ਕਟੀ ਜਾਂਦੀ ਹੈ ਓਹ ਇਕ ਨਾਮ ਹੀ ਸਚੀ ਦਰਗਾਹ ਦਾ ਪਰਵਾਨਾ ਭਾਵ ਚਿਠਾ ਹੈ ਭਾਵ ਓਥੇ ਫਿਰ ਕੋਈ ਰੋਕ ਟੋਕ ਨਹੀ ਹੁੰਦੀ ਹੈ ॥

**ਜੋ ਤੁਮ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥ ਕਹੁ ਨਾਨਕ ਤਾਕੀ ਸਰਨਾਈ ਜਾਕਾ ਕੀਆ ਸਗਲ ਜਹਾਨੁ ॥ ॥ ੨ ॥ ੧੩ ॥ ੯੯ ॥**

ਹੇ ਭਰਾਓ ਜੋ ਕੁਛ ਮਾਲਕ ਕਰੇ ਉਸਨੂੰ ਤੁਸੀ ਚੰਗਾ ਕਰਕੇ ਮੰਨੋ ਇਸ ਕਰਕੇ ਤੁਹਾਡੇ ਮਨ ਤੋਂ ਸਾਰਾ ਹੰਕਾਰ ਦੂਰ ਹੋ ਜਾਏਗਾ ॥ ਭਾਵ ਰਾਜ਼ੀ ਹੋਕੇ ਹੁਕਮ ਮੰਨਣ ਨਾਲ ॥ ਗੁਰੂ ਜੀ, ਮੈ ਉਸ ਮਾਲਕ ਦੀ ਸ਼ਰਨ ਹਾਂ ਜਿਸ ਦਾ ਕੀਤਾ ਹੋਇਆ ਸਾਰਾ ਜਹਾਨ ਹੈ॥

(ਸੰਤ ਸੋਭਾ)

## ਬਿਲਾਵਲੁ ਮਹਲਾ ੫

**ਮਨ ਤਨ ਅੰਤਰਿ ਪ੍ਰਭੁ ਆਹੀ ॥ ਹਰਿਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥ ੧ ॥ ਰਹਾਉ ॥**

ਜਿਨਾਂ ਸੰਤਾਂ ਦੇ ਮਨ ਤਨ ਅੰਦਰ ਮਾਲਕ ਦਾ ਨਾਮ ਹੀ ਹੈ ਜਾਂ ਆਹੀ=ਚਾਹੁੰਦੇ ਹਨ ਸੰਤ ਮਾਲਕ ਨੂੰ ਮਨ ਅੰਦਰ। ਸੋ ਰੋਜ ਹੀ ਮਾਲਕ ਦੇ ਗੁਣ ਗਾਂਦੇ ਹੋਏ

Digitized by Panjab Digital Library | www.panjabdigilib.org

ਪਰਉਪਕਾਰ ਕਰਦੇ ਹਨ ਓਨਾਂ ਦੀ ਰਸਨਾ ਦਾ ਕੁਛ ਮੁਲ ਨਹੀ ਹੈ ਭਾਵ ਓਨਾਂ ਦਾ ਉਪਦੇਸ਼ ਮੁਕਤ ਦਾਤਾ ਹੈ ਜੋ ਪਰਉਪਕਾਰੀ ਹਨ ॥

## ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥ ੧ ॥

ਓਨਾਂ ਦੀਆਂ ਸਾਰੀਆਂ ਕੁਲਾਂ ਦੇ ਟੋਲੇ ਇਕ ਛਿਨ ਵਿਚ ਤਰ ਗਏ ਹਨ ਅਤੇ ਓਨਾ ਦੀ ਜਨਮਾਂ ਜਨਮਾਂ ਦੀ ਮੈਲ ਵੀ ਨਾਮ ਨੇ ਦੂਰ ਕਰ ਦਿਤੀ ਹੈ ॥ ਜੇਹੜਾ ਆਪਣਾ ਮਾਲਕ ਹੈ ਉਸਨੂੰ ਯਾਦ ਕਰਕੇ ਸੰਤ ਸੁਖ ਪਾਕੇ ਅਨੰਦ ਹੋਕੇ ਵਿਸ਼ਿਆਂ ਰੂਪ ਜੰਗਲ ਦੇ ਗਾਹਣ ਵਾਲੇ ਹੋ ਗਏ ਹਨ ਭਾਵ ਵਿਸ਼ਿਆਂ ਨੂੰ ਦਬਾ ਲਿਆ ਹੈ ਜਾਂ ਵਿਚੋਂ ਦੀ ਲੰਘ ਗਏ ਹਨ ॥ ਸੇਤੀ=ਨਾਲ ॥

## ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵਸਾਗਰੁ ਪਾਰਿ ਪਰਾਹੀ ॥ ਸੰਤ ਸੇਵਕ ਭਗਤਿ ਹਰਿ ਤਾਕੇ ਨਾਨਕ ਮਨੁ ਲਾਗਾ ਹੈ ਤਾਹੀ ॥ ੨ ॥ ੧੪ ॥ ੧੦੦ ॥

ਓਨਾਂ ਨੇ ਮਾਲਕ ਦੇ ਚਰਨ ਜਹਾਜ ਵਰਗੇ ਪਾ ਲਏ ਹਨ ਇਸ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ॥ ਗੁਰੂ ਜੀ, ਜੇਹੜੇ ਇਕਰ ਦੇ ਭਗਤ ਸੰਤ ਮਾਲਕ ਦੇ ਦਾਸ ਹਨ ਓਨਾਂ ਦਾ ਮਨ ਉਸ ਮਾਲਕ ਵਿਚ ਲਗਾ ਹੋਇਆਹੈ ॥

(ਸਨਮੁਖ ਬੇਨਤੀ)

### ਬਿਲਾਵਲੁ ਮਹਲਾ ੫

## ਧੀਰਉ ਦੇਖਿ ਤੁਮਾਰੇ ਰੰਗਾ ॥ ਤੁਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ॥ ੧ ॥ ਰਹਾਉ ॥

ਹੇ ਮਾਲਕਾ ਮੈਂ ਤੇਰਿਆਂ ਤਮਾਸ਼ਿਆਂ ਨੂੰ ਵੇਖਕੇ ਧੀਰਜ ਵਾਲਾ ਹੋਇਆ ਹਾਂ ਤੂੰ ਮਾਲਕ ਅੰਤਰਜਾਮੀ ਹੈਂ ਸੋ ਤੂੰ ਹੀ ਸੰਤਾਂ ਦੇ ਨਾਲ ਵੱਸਦਾ ਹੈਂ ਅਗੇ ਰੰਗ ਦਸਦੇ ਹਨ ॥

## ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥ ੧ ॥ ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ

Digitized by Panjab Digital Library | www.panjabdigilib.org

ਇਹੀ ਦਾਨੁ ਮੰਗਾ ॥ ੨ ॥ ੧੫ ॥ ੧੦੧ ॥

ਹੇ ਮਾਲਕਾ ਤੂੰ ਇਕ ਛਿਨ ਵਿਚ ਗਰੀਬ ਨੂੰ ਚੰਗੇ ਥਾਂ ਉਤੇ ਲਿਆ ਕੇ ਨਿਵਾਜ=ਵਡਿਆਈ ਦੇਂਦਾ ਹੈ ਅਤੇ ਨੀਵੇਂ ਕੀੜੇ ਨੂੰ ਰਾਜਾ ਬਣਾ ਦੇਂਦਾ ਹੈ ॥

ਗੁਰੂ ਜੀ, ਮੈਂ ਦਾਸ ਇਹ ਦਾਨ ਮੰਗਦਾ ਹਾਂ ਕਿ ਮੇਰੇ ਦਿਲ, ਤੋਂ ਆਪ ਕਦੀ ਵੀ ਨ ਭੁਲੋ ॥

## ਬਿਲਾਵਲੁ ਮਹਲਾ ੫

ਅਚੁਤ ਪੂਜਾ ਜੋਗ ਗੋਪਾਲ ॥ ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪਤਿਪਾਲ ॥ ੧ ॥ ਰਹਾਉ ॥

ਹੇ ਨ ਡਿਗਣ ਵਾਲੇ ਮਾਲਕ ਗੁਪਾਲ ਤੂੰ ਹੀ ਪੂਜਾ ਕਰਾਉਣ ਜੋਗ ਹੈਂ ॥

ਹੇ ਮਾਲਕ ਮੈਂ ਤੇਰੇ ਅਗੇ ਮਨ ਤਨ ਅਰਪ ਰਖਦਾ ਹਾਂ ਤੂੰ ਸਾਰਿਆਂ ਜੀਆਂ ਦਾ ਪ੍ਰਤਿਪਾਲਕ ਹੈਂ ।

ਸਰਨਿ ਸਮ੍ਰਥ ਅਕਥ ਸੁਖਦਾਤਾ ਕਿਰਪਾਸਿੰਧੁ ਬਡੋ ਦਇਆਲ ॥ ਕੰਠਿ ਲਾਇ ਰਾਖੈ ਅਪਨੇ ਕਉ ਤਿਸ ਨੋ ਲਗੈ ਨ ਤਾਤੀ ਬਾਲ ॥੧॥

ਹੇ ਅਕਥ ਮਾਲਕ ਤੂੰ ਸ਼ਰਨ ਆਇਆਂ ਨੂੰ ਸੁਖ ਦਾਤਾ ਹੈਂ ਅਤੇ ਕਿਰਪਾ ਦਾ ਸਮੁੰਦਰ ਬੜਾ ਵਡਾ ਦਿਆਲੂ ਹੈਂ ॥ ਜਿਸ ਅਪਣੇ ਦਾਸ ਨੂੰ ਗਲ ਨਾਲ ਲਾਕੇ ਰਖਦਾ ਹੈਂ ਉਸਨੂੰ ਫੇਰ ਤੱਤੀ ਬਾਲ=ਹਵਾ ਦੁਖ ਰੂਪ ਨਹੀਂ ਲੱਗਦੀ ਹੈ ॥

ਦਾਮੋਦਰ ਦਇਆਲ ਸੁਆਮੀ ਸਰਬਸੁ ਸੰਤ ਜਨਾ ਧਨ ਮਾਲ ॥ ਨਾਨਕ ਜਾਚਿਕ ਦਰਸੁ ਪ੍ਰਭ ਮਾਗੈ ਸੰਤ ਜਨਾ ਕੀ ਮਿਲੈ ਰਵਾਲ ॥ ੨ ॥ ੧੬ ॥ ੧੦੨ ॥

ਹੇ ਦਮੋਦਰ=ਸ਼ਕਤੀ ਨੂੰ ਅਪਣੇ ਆਸਰੇ ਰਖਣ ਵਾਲੇ ਦਿਆਲੂ ਮਾਲਕ ਸਾਰਿਆਂ ਸੰਤਾਂ ਦਾ ਧਨ ਮਾਲ ਸਰਬੰਧ ਆਦਕ ਤੂੰ ਆਪ ਹੀ ਹੈਂ ॥ ਗੁਰੂ ਜੀ, ਮੈਂ ਮੰਗਤਾ ਤੇਰੇ ਦਰਸ਼ਨ ਨੂੰ ਮੰਗਦਾ ਹਾਂ ਅਤੇ ਤੇਰਿਆਂ ਸੰਤਾਂ ਦੀ ਚਰਨ ਧੂੜ ਵੀ ਮੈਨੂੰ ਮਿਲ ਜਾਵੇ ॥

(ਨਾਮ ਦਾ ਲਾਭ)

## ਬਿਲਾਵਲੁ ਮਹਲਾ ੫

ਸਿਮਰਤ ਨਾਮੁ ਕੋਟਿ ਜਤਨ ਭਏ ॥ ਸਾਧਸੰਗਿ ਮਿਲਿ ਹਰਿ-

**ਗੁਨ ਗਾਇ ਜਮ ਦੂਤਨ ਕਉ ਤ੍ਰਾਸ ਹਏ ॥ ੧ ॥ ਰਹਾਉ ॥**

ਨਾਮ ਦੇ ਜਪਨ ਨਾਲ ਸਾਰੇ ਜਤਨ ਹੋ ਜਾਂਦੇ ਹਨ ਭਾਵ ਸਾਰੇ ਕੰਮ ਸੌਰ ਜਾਂਦੇ ਹਨ ਸੰਤਾਂ ਦੀ ਸੰਗਤ ਵਿਚ ਮਿਲਕੇ ਮਾਲਕ ਦੇ ਗੁਣ ਗਾਏ ਹਨ ਇਸ ਲਈ ਜਮਦੂਤਾਂ ਦਾ ਡਰ ਨਾਸ ਹੋਗਿਆ ਭਾਵ ਮਾਲਕ ਦੇ ਦਾਸਾਂ ਤੋਂ ਜਮਦੂਤ ਡਰ ਗਏ ਹਨ ॥

**ਜੇਤੇ ਪੁਨਹਚਰਨ ਸੇ ਕੀਨੇ ਮਨਿ ਤਨਿ ਪ੍ਰਭ ਕੇ ਚਰਣ ਗਹੇ ॥ ਆਵਣਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ ॥ ੧ ॥**

ਪਾਪਾਂ ਦੇ ਦੂਰ ਕਰਨ ਵਾਸਤੇ ਜਿਤਨੇ ਪੁਨਹ ਚਰਨ ਹਨ ਜਿਕੁਣ ਕੋਈ ਜਗ, ਵਰਤ, ਤੀਰਥਾਂ ਉਤੇ ਜਾਣਾ ਕਰਦਾ ਹੈ ਕਿ ਪਾਪ ਦੂਰ ਹੋ ਜਾਣ ਸੋ ਮੈਂ ਸਾਰੇ ਹੀ ਕਰ ਲਏ ਹਨ ਸੋ ਓਹ ਕੀ ਜੋ ਮਨ ਤਨ ਨਾਲ ਚਰਨ ਕਮਲ ਫੜ ਲਏ ਹਨ ਭਾਵ ਮਾਲਕ ਦੇ ਚਰਨ ਸਾਰਿਆਂ ਪਾਪਾਂ ਦੇ ਨਾਸ ਕਰਨ ਵਾਲੇ ਹਨ ॥

ਜਨਮ ਮਰਨ ਦਾ ਡਰ ਤੇ ਸਾਰਾ ਭਰਮ ਨਾਸ ਹੋਗਿਆ ਹੈ ਅਤੇ ਜੇਹੜੇ ਜਨਮਾਂ ਦੇ ਵਡੇ ਪਾਪ ਸਨ ਓਹ ਵੀ ਸਾਰੇ ਦਹੇ=ਸੜ ਗਏ ਹਨ ॥

**ਨਿਰਭਉ ਹੋਇ ਭਜਉ ਜਗਦੀਸੈ ਏਹੁ ਪਦਾਰਥੁ ਵਡਭਾਗਿ ਲਹੇ ॥ ਕਰਿ ਕਿਰਪਾ ਪੂਰਨ ਪ੍ਰਭ ਦਾਤੇ ਨਿਰਮਲ ਜਸੁ ਨਾਨਕ ਦਾਸ ਕਹੇ ॥ ੨ ॥ ੧੭ ॥ ੧੦੩ ॥**

ਇਸ ਲਈ ਨਿਡਰ ਹੋਕੇ ਮਾਲਕ ਨੂੰ ਯਾਦ ਕਰੋ ਇਹ ਨਾਮ ਰੂਪ ਪਦਾਰਥ ਕੋਈ ਵਡਿਆਂ ਭਾਗਾਂ ਨਾਲ ਹੀ ਲੈਂਦਾ ਹੈ ॥ ਇਹ ਬੇਨਤੀ ਕਰੀਏ ॥ ਗੁਰੂਜੀ, ਹੇ ਪੂਰਨ ਦਾਤੇ ਸਾਰਿਆਂ ਉਤੇ ਕਿਰਪਾ ਕਰ ਜਿਸ ਕਰਕੇ ਮੈਂ ਦਾਸ ਤੇਰੇ ਨਿਰਮਲ ਜਸ ਨੂੰ ਆਖਾਂ ॥

ਸੁਲਹੀ ਪਠਾਣ ਪ੍ਰਿਥੀਏ ਦਾ ਸਹਾਇਕ ਹੋਕੇ ਦਿਲੀ ਤੋਂ ਜਹਾਂਗੀਰ ਦਾ ਘਲਿਆ ਹੋਇਆ ਅੰਮ੍ਰਿਤਸਰ ਨੂੰ ਆਇਆ, ਗੁਰੂ ਜੀ ਦੇ ਪਾਸ ਸਿਖਾਂ ਬੇਨਤੀ ਕੀਤੀ ਗੁਰੂ ਜੀ ਚੁਪ ਰਹੇ ਓਹ ਕੋਠੇ ਪਿੰਡ ਜੋ ਪ੍ਰਿਥੀਏ ਦਾ ਸੀ ਆਵੇ ਉਤੇ ਚੜਿਆ ਕਿ ਅੰਮ੍ਰਿਤਸਰ ਨੂੰ ਵੇਖਾਂ ਕਿਥੇਕੁ ਹੈ ਤਾਂ ਆਵੇ ਦੀ ਅਗ ਤਕ ਘੋੜਾ ਚਲਿਆ ਗਿਆ ਓਹ ਓਥੇ ਹੀ ਡਿਗ ਪਿਆ ਓਸੇ ਦੀ ਤਲਵਾਰ ਪੁੱਠੀ ਹੋਕੇ ਲਗੀ ਸਿਰ ਵਢਿਆ ਗਿਆ ਸੜਕੇ ਮਰ ਗਿਆ ਇਹ ਖਬਰ ਸੁਣਕੇ ਗੁਰੂ ਜੀ ਸ਼ਬਦ ਉਚਾਰਿਆ ।

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੫

ਨਾਪਾਕ=ਅਪਵਿਤ੍ਰ ॥ ਕੁਠਾਰੁ=ਕੁਹਾੜਾ॥ ਪਚਿਆ=ਸੜਿਆ॥
ਧਾਕ=ਧੱਕ ਦਿਤਾ ਭਾਵ ਮਾਰ ਦਿਤਾ ॥

**ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥**

ਹੇ ਸਿਖੋ ਸਾਨੂੰ ਸੁਲਹੀ ਤੋਂ ਮਾਲਕ ਨੇ ਰੱਖ ਲਿਆ ਹੈ॥ ਉਸ ਸੁਲਹੀ ਦਾ ਹਥ ਕਿਤੇ ਨਹੀ ਪਹੁੰਚਿਆ ਹੈ ਓਹ ਅਪਵਿਤ੍ਰ ਹੋਕੇ ਮੋਇਆ ਭਾਵ ਸੜਕੇ ॥

**ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥**

ਤਲਵਾਰ ਰੂਪ ਕੁਹਾੜਾ ਜਾਂ ਗੁਰੂ ਦੀ ਖਿਮਾਂ ਹੀ ਕੁਹਾੜਾ ਕਢਕੇ ਮਾਲਕ ਨੇ ਉਸਦਾ ਸਿਰ ਵੱਢ ਸੁਟਿਆ, ਇਕ ਛਿਨ ਵਿਚ ਸੜਕੇ ਮਿੱਟੀ ਹੋ ਗਿਆ, ਗੁਰੂ ਘਰ ਦਾ ਬੁਰਾ ਹੀ ਚਾਹੁੰਦਾ ਚਾਹੁੰਦਾ ਆਵੇ ਵਿਚ ਸੜਕੇ ਮਰ ਗਿਆ ਜਿਸਨੇ ਪੈਦਾ ਕੀਤਾ ਉਸੇ ਨੇ ਨਰਕ ਵਿਚ ਧੱਕ ਦਿਤਾ ॥

**ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ੨ ॥ ੧੮ ॥ ੧੦੪ ॥**

ਪੁਤ੍ਰ ਮਿਤ੍ਰ, ਸਰਬੰਧੀ ਆਦਕ ਧਨ ਉਸਦਾ ਕੁਛ ਵੀ ਨ ਰਿਹਾ ਅਤੇ ਸਾਰਿਆਂ ਭਰਾਵਾਂ ਸਾਕਾਂ ਨੂੰ ਛੱਡ ਗਿਆ ॥ ਗੁਰੂ ਜੀ, ਮੈਂ ਉਸ ਮਾਲਕ ਤੋਂ ਬਲਹਾਰ ਜਾਂਦਾ ਹਾਂ ਜਿਸ ਨੇ ਸਾਡਾ ਬਚਨ ਪੂਰਾ ਕੀਤਾ ਹੈ ॥

## ਬਿਲਾਵਲੁ ਮਹਲਾ ੫

**ਪੂਰੇ ਗੁਰ ਕੀ ਪੂਰੀ ਸੇਵ ॥ ਆਪੇ ਆਪਿ ਵਰਤੈ ਸੁਆਮੀ ਕਾਰਜੁ ਰਾਸਿ ਕੀਆ ਗੁਰਦੇਵ ॥ ੧ ॥ ਰਹਾਉ॥**

ਪੂਰੇ ਗੁਰੂ ਦੀ ਸੇਵਾ ਵੀ ਪੂਰੀ ਹੈ ਭਾਵ ਸਫਲ ਹੈ ਉਸ ਸੇਵਾ ਤੋਂ ਇਕਰ ਦੀ ਨਜ਼ਰ ਹੋ ਗਈ ਕਿ ਸਾਰੇ ਥਾਂ ਮਾਲਕ ਹੀ ਵਰਤਦਾ ਹੈ ਇਸੇ ਕਰਕੇ ਮੁਕਤੀ ਰੂਪ ਕੰਮ ਗੁਰੂ ਨੇ ਰਾਸ ਕਰ ਦਿਤਾ ਹੈ ॥

Digitized by Panjab Digital Library | www.panjabdigilib.org

ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ ॥
ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ ॥ ੧ ॥

ਤਿਨਾਂ ਸਮਿਆਂ ਵਿਚ ਓਹੋ ਹੀ ਸਾਡਾ ਮਾਲਕ ਹੈ ਇਹ ਸੰਸਾਰ ਰੂਪ ਅਪਣਾ ਬਣਾਓ ਉਸਨੇ ਆਪ ਹੀ ਬਣਾਇਆ ਹੈ ॥ ਓਹ ਅਪਣਿਆਂ ਦਾਸਾਂ ਦੀ ਆਪ ਹੀ ਲਜਿਆ ਰਖਦਾ ਹੈ ਇਕਰ ਦੇ ਮੇਰੇ ਮਾਲਕ ਦਾ ਵੱਡਾ ਪ੍ਰਤਾਪ ਹੈ ॥

ਪਾਰਬ੍ਰਹਮ ਪਰਮੇਸੁਰ ਸਤਿਗੁਰ ਵਸਿਕੀਨੇ ਜਿਨਿ ਸਗਲੇ ਜੰਤ ॥
ਚਰਨਕਮਲ ਨਾਨਕ ਸਰਣਾਈ ਰਾਮਨਾਮ ਜਪਿ ਨਿਰਮਲ ਮੰਤ ॥
॥ ੨ ॥ ੧੯ ॥ ੧੦੫ ॥

ਜਿਸਨੇ ਸਾਰੇ ਜੀਵ ਵੱਸ ਕੀਤੇ ਹਨ ਓਹ ਮੇਰਾ ਮਾਲਕ ਗੁਰੂ ਪ੍ਰਮੇਸਰ ਹੈ ॥ ਗੁਰੂ ਜੀ, ਅਸੀਂ ਉਸਦੇ ਚਰਨਾਂ ਕਮਲਾਂ ਦੀ ਸ਼ਰਨ ਹੋਕੇ ਮਾਲਕ ਦਾ ਨਾਮ ਮੰਤ੍ਰ ਜਪ ਕੇ ਨਿਰਮਲ ਹੋ ਗਏ ਹਾਂ ॥

## ਬਿਲਾਵਲੁ ਮਹਲਾ ੫

ਤਾਪ ਪਾਪ ਤੇ ਰਾਖੇ ਆਪ ॥ ਸੀਤਲ ਭਏ ਗੁਰਚਰਨੀ ਲਾਗੇ
ਰਾਮ ਨਾਮ ਹਿਰਦੇ ਮਹਿ ਜਾਪ ॥ ੧ ॥ ਰਹਾਉ ॥

ਮਾਲਕ ਨੇ ਆਪ ਹੀ ਸਾਨੂੰ ਦੁਖਾਂ ਪਾਪਾਂ ਤੋਂ ਰਖ ਲਿਆ ਹੈ ॥ ਗੁਰੂ ਦੀ ਚਰਨੀ ਲੱਗਕੇ ਸੀਤਲ ਹੋ ਗਏ ਹਾਂ ਅਤੇ ਮਾਲਕ ਦੇ ਨਾਮ ਜਾਪ ਨੂੰ ਦਿਲ ਵਿਚ ਜਪਿਆ ਹੈ ॥

ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵਖੰਡ ਪ੍ਰਤਾਪ ॥
ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ ॥ ੧ ॥

ਮਾਲਕ ਨੇ ਕਿਰਪਾ ਕਰਕੇ ਸਾਡੇ ਮਥੇ ਉਤੇ ਹਥ ਧਰ ਦਿਤੇ ਹਨ ਅਤੇ ਜਗਤ ਤੋਂ ਸਾਨੂੰ ਤਾਰਿਆ ਹੈ ਏਸੇ ਲਈ ਨਵਾਂ ਖੰਡਾਂ ਵਿਚ ਸਾਡਾ ਪ੍ਰਤਾਪ ਹੋਇਆ ਹੈ ਜਾਂ ਜਿਸ ਮਾਲਕ ਦਾ ਨਵਾਂ ਖੰਡਾਂ ਵਿਚ ਪ੍ਰਤਾਪ ਹੈ ॥ ਦੁਖ ਨਾਸ ਹੋ ਗਏ ਹਨ ਤੇ ਸੁਖਾਂ ਦਾ ਅਨੰਦ ਦਿਲ ਅੰਦਰ ਆਇਆ ਹੈ, ਤ੍ਰਿਸ਼ਨਾ ਬੁਝ ਗਈ ਹੈ ਸਾਡਾ ਮਨ ਤਨ ਸੱਚ ਨੂੰ ਪਾਕੇ ਬਹੁਤ ਰੱਜ ਗਿਆ ਹੈ ॥

ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪ ॥

Digitized by Panjab Digital Library | www.panjabdigilib.org

੪੩੬



ਭਗਤਿ ਵਛਲ ਭੈਭੰਜਨ ਸੁਆਮੀ ਗੁਣ ਗਾਵਤ ਨਾਨਕ ਆਲਾਪ ॥ ੨ ॥ ੨੦ ॥ ੧੦੬॥

ਗਰੀਬਾਂ ਦਾ ਮਾਲਕ ਹੈ ਸਰਨ ਆਇਆਂ ਦਾ ਰਾਖਾ ਹੈ ਸਾਰੀ ਦੁਨੀਆਂ ਦਾ ਮਾਂ ਪਿਓ ਹੋਕੇ ਪਾਲਣਾ ਕਰਦਾ ਹੈ ॥ ਭਗਤਾਂ ਦਾ ਪਿਆਰਾ ਸਾਡੇ ਡਰ ਦੇ ਦੂਰ ਕਰਨ ਵਾਲਾ ਸਾਡਾ ਮਾਲਕ ਹੈ ॥ ਗੁਰੂ ਜੀ, ਅਸੀਂ ਉਸਦੇ ਗੁਣਾਂ ਨੂੰ ਰਾਗਾਂ ਵਿਚ ਉਚਾਰਨ ਕਰਦੇ ਹਾਂ ॥

## ਬਿਲਾਵਲੁ ਮਹਲਾ ੫

ਜਿਸਤੇ ਉਪਜਿਆ ਤਿਸਹਿ ਪਛਾਨੁ ॥ ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ ॥ ੧ ॥ਰਹਾਉ॥

ਜਿਸ ਮਾਲਕ ਤੋਂ ਮੈ ਜੰਮਿਆਂ ਸੀ ਹੁਣ ਗੁਰਾਂ ਦੁਆਰੇ ਉਸਨੂੰ ਪਛਾਣਿਆਂ ਹੈ ॥ ਮਾਲਕ ਪ੍ਰਮੇਸਰ ਨੂੰ ਧਿਆਇਆ ਹੈ ਉਸ ਕਰਕੇ ਸੁਖ ਖੇਮ=ਰਖਿਆ ਮੁਕਤੀ ਸਾਰੇ ਸਾਨੂੰ ਪ੍ਰਾਪਤ ਹੋਏ ਹਨ ॥

ਗੁਰੁ ਪੂਰਾ ਭੇਟਿਓ ਬਡਭਾਗੀ ਅੰਤਰਜਾਮੀ ਸੁਘੜੁ ਸੁਜਾਨੁ॥ ਹਾਥਦੇਇ ਰਾਖੇ ਕਰਿਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ॥੧

ਅੰਤਰਜਾਮੀ ਚੰਗੀ ਘਾੜਤ ਘੜਨ ਵਾਲੇ ਸਿਆਣੇ ਮਾਲਕ ਨੇ ਸਾਨੂੰ ਵਡਭਾਗੀਆਂ ਨੂੰ ਪੂਰਾ ਗੁਰੂ ਮਿਲਾ ਦਿਤਾ ਹੈ ॥ ਓਹ ਮਾਲਕ ਕਿਸਤਰਾਂ ਦਾ ਹੈ ਓਹ ਬੜਾ ਸ਼ਕਤੀ ਵਾਲਾ ਨਿਮਾਣਿਆਂ ਦਾ ਮਾਣ ਹੈ ਉਸਨੇ ਸਾਨੂੰ ਦਾਸਾਂ ਨੂੰ ਅਪਣੇ ਹਥ ਦੇਕੇ ਰਖ ਲਿਆ ਹੈ ॥

ਭ੍ਰਮ ਭੈ ਬਿਨਸਿ ਗਏ ਖਿਨਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥ ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥ ੨ ॥ ੨੧ ॥ ੧੦੭॥

ਏਸੇ ਲਈ ਸਾਡੇ ਭਰਮ ਡਰ ਇਕ ਛਿਨ ਵਿਚ ਨਾਸ ਹੋ ਗਏ ਹਨ ਜੇਹੜਾ ਦਿਲ ਅੰਦਰ ਅਗਿਆਨ ਹਨੇਰਾ ਸੀ ਉਸ ਵਿਚ ਗਿਆਨ ਚਾਨਣ ਹੋਗਿਆ ਹੈ ॥ ਗੁਰੂ ਜੀ, ਅਸੀਂ ਉਸਨੂੰ ਸਾਸ ਸਾਸ ਯਾਦ ਕਰਦੇ ਹਾਂ ਅਤੇ ਉਸ ਤੋਂ ਸਦਾ ਕੁਰ-ਬਾਨ ਜਾਂਦੇ ਹਾਂ ॥

## ਬਿਲਾਵਲੁ ਮਹਲਾ ੫

ਦੋਵੈ ਥਾਵ ਰਖੇ ਗੁਰ ਸੂਰੇ ॥ ਹਲਤ ਪਲਤ ਪਾਰਬ੍ਰਹਮਿ ਸਵਾਰੇ

Digitized by Panjab Digital Library | www.panjabdigilib.org

ਕਾਰਜ ਹੋਏ ਸਗਲੇ ਪੂਰੇ ॥ ੧ ॥

ਗੁਰੂ ਸੂਰਮੇ ਨੇ ਸਾਡੇ ਰਾਗ ਦ੍ਵੈਖ ਦੋਵੇਂ ਵੈਰੀ ਮਾਰਕੇ ਥਾਂ ਰਖੇ ਹਨ ਭਾਵ ਮਾਰ ਸੁਟੇ ਹਨ ਜਾਂ ਲੋਕ ਪ੍ਰਲੋਕ ਸਵਾਰ ਰਖੇ ਹਨ ॥ ਦੋਵੇਂ ਲੋਕ ਮਾਲਕ ਨੇ ਸਵਾਰੇ ਹਨ ਸਾਡੇ ਸਾਰੇ ਕੰਮ ਸੌਰ ਗਏ ਹਨ ॥

ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥
ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ॥੧

ਨਾਮ ਨੂੰ ਜਪਦਿਆਂ ਸੁਭਾਵਕ ਹੀ ਸੁਖ ਹੁੰਦਾ ਹੈ ਸੰਤਾਂ ਦੀ ਚਰਨ ਧੂੜ ਤੀਰਥ ਦਾ ਇਸ਼ਨਾਨ ਹੈ। ਜਨਮ ਮਰਨ ਮਿਟ ਗਏ ਮਾਲਕ ਵਿਚ ਇਸਥਿਤੀ ਪਾਈ ਏਸੇ ਲਈ ਜਨਮ ਮਰਨ ਦੇ ਝੋਰੇ ਵੀ ਦੂਰ ਹੋ ਗਏ ਹਨ ॥

ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥
ਨਾਨਕ ਸਰਣਿ ਪਰਿਓ ਦੁਖਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥ ੨
॥ ੨੨ ॥੧੦੮ ॥

ਭਰਮ ਤੇ ਡਰ ਤੋਂ ਤਰ ਗਏ ਭਾਵ ਬਚ ਗਏ ਹਾਂ ਅਤੇ ਜਮ ਦੇ ਡਰ ਤੋਂ ਵੀ ਛੁਟ ਗਏ ਹਾਂ ਕਿ ਸਾਰਿਆਂ ਘਟਾਂ ਦੇ ਅੰਦਰ ਮਾਲਕ ਨੂੰ ਮਿਲਿਆ ਹੋਇਆ ਜਾਣਿਆਂ ਹੈ ॥ ਗੁਰੂ ਜੀ, ਮੈ ਦੁਖਾਂ ਨੂੰ ਦੂਰ ਕਰਨ ਵਾਲੇ ਦੀ ਸ਼ਰਨ ਪਿਆ ਤਾਂ ਓਸੇ ਨੂੰ ਅੰਦਰ ਬਾਹਰ ਪਾਸ ਵੇਖਿਆ ਹੈ॥

## ਬਿਲਾਵਲੁ ਮਹਲਾ ੫ ੪੭੬

ਦਰਸਨੁ ਦੇਖਤ ਦੋਖ ਨਸੇ ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥ ੧ ॥ ਰਹਾਉ ॥

ਹੇ ਮਾਲਕ ਤੇਰਾ ਦਰਸ਼ਨ ਵੇਖਦਿਆਂ ਹੀ ਦੋਖ ਨੱਸ ਗਏ ਹਨ ਹੁਣ ਤੁਸੀ ਸਾਡੇ ਜੀਆਂ ਦੇ ਨਾਲ ਹੀ ਵਸੇ ਹੋ ਇਸ ਲਈ ਹੁਣ ਤੁਸੀ ਸਾਡੀ ਨਜ਼ਰ ਤੋਂ ਕਦੀ ਵੀ ਦੂਰ ਨਹੀ ਹੁੰਦੇ ਹੋ ॥

ਪ੍ਰੀਤਮ ਪ੍ਰਾਨ ਅਧਾਰ ਸੁਆਮੀ ॥ ਪੂਰਿ ਰਹੇ ਪ੍ਰਭ ਅੰਤਰਜਾਮੀ ॥੧॥
ਕਿਆ ਗੁਣ ਤੇਰੇ ਸਾਰਿ ਸਮਾਰੀ ॥ ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ ॥ ੨ ॥

ਹੇ ਮੇਰੇ ਪਿਆਰੇ ਮਾਲਕ ਪ੍ਰਾਣਾਂ ਦਾ ਆਸਰਾ ਹੇ ਅੰਤਰਜਾਮੀ ਤੂੰਹੀ ਸਾਰਿਆਂ ਵਿਚ

Digitized by Panjab Digital Library | www.panjabdigilib.org

ਪੂਰਨ ਹੈਂ ॥ ਮੈਂ ਤੇਰਿਆਂ ਸਾਰ=ਚੰਗਿਆਂ ਗੁਣਾਂ ਨੂੰ ਰਿਦੇ ਵਿਚ ਕੀ ਸੰਭਾਲਾਂ ਭਾਵ ਬਿਅੰਤ ਗੁਣ ਹਨ ॥ ਹੇ ਮਾਲਕ ਸਾਸ ਸਾਸ ਤੇਰੇ ਨਾਮ ਨੂੰ ਚੇਤੇ ਕਰਾਂ।

**ਕਿਰਪਾਨਿਧਿ ਪ੍ਰਭ ਦੀਨ ਦਇਆਲਾ ॥**
**ਜੀਅ ਜੰਤ ਕੀ ਕਰਹੁ ਪ੍ਰਤਿਪਾਲਾ॥ ੩ ॥**

ਹੇ ਕਿਰਪਾ ਨਿਧਾਨ ਦੀਨ ਦਿਆਲ ਮੇਰੇ ਮਾਲਕ ॥ ਛੋਟਿਆਂ ਵਡਿਆਂ ਜੀਆਂ ਦੀ ਆਪ ਹੀ ਪਾਲਣਾ ਕਰਦੇ ਹੋ ॥

**ਆਠ ਪਹਰ ਤੇਰਾ ਨਾਮੁ ਜਨ ਜਾਪੇ ॥**
**ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ ॥ ੪॥ ੨੩॥ ੨।੧੦੯॥**

ਮੈਂ ਦਾਸ ਅਠੇ ਪਹਿਰ ਤੇਰਾ ਨਾਮ ਜਪਦਾ ਹਾਂ ਗੁਰੂ ਜੀ, ਹੇ ਮਾਲਕ ਤੂੰ ਆਪਣਿਆਂ ਚਰਨਾਂ ਵਿਚ ਆਪ ਹੀ ਮੇਰੇ ਚਿਤ ਦੀ ਪ੍ਰੀਤੀ ਲਾਈ ਹੈ ॥

(ਜੀਆਂ ਦੀ ਉਮਰ ਬਿਅਰਥ)

## ਬਿਲਾਵਲੁ ਮਹਲਾ ੫

**ਤਨੁ ਧਨੁ ਜੋਬਨੁ ਚਲਤ ਗਇਆ ॥ ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸਿ ਭੋਰੁ ਭਇਆ ॥ ੧ ॥ਰਹਾਉ ॥**

ਜੇਹੜਾ ਤਨ ਧਨ ਜੋਬਨ ਆਦਕ ਪਦਾਰਥਾਂ ਦਾ ਅਕੱਠ ਹੈ ਇਹ ਨਾਮ ਤੋਂ ਬਿਨਾਂ ਸਾਰਾ ਬਿਅਰਥ ਹੀ ਚਲਿਆ ਗਿਆ ਹੈ ॥ ਮਾਲਕ ਦੇ ਨਾਮ ਦਾ ਭਜਨ ਨਹੀ ਕੀਤਾ ਹੈ ਵਿਕਾਰਾਂ ਨੂੰ ਕਰਦਿਆਂ ਹੋਇਆਂ ਉਮਰ ਰੂਪ ਰਾਤ ਗੁਜ਼ਰ ਗਈ ਹੈ ਕਾਲ ਰੂਪ ਸੂਰਜ ਦਿਨ ਆਕੇ ਚੜ੍ਹ ਪਿਆ ਹੈ ਜਾਂ ਸ਼ੁਰੂ ਰਾਤ ਤੋਂ ਵਿਕਾਰ ਕਰਦਿਆਂ ਨੂੰ ਦਿਨ ਚੜ੍ਹ ਪਿਆ ॥

**ਅਨਿਕ ਪ੍ਰਕਾਰ ਭੋਜਨ ਨਿਤ ਖਾਤੇ ਮੁਖ ਦੰਤਾ ਘਸਿ ਖੀਨ ਖਇਆ।**
**ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ॥ ੧ ॥**

ਅਨੇਕ ਤਰਾਂ ਦੇ ਭੋਜਨ ਰੋਜ ਖਾਂਦਿਆਂ ਹੋਇਆਂ ਮੂੰਹ ਵਿਚੋਂ ਦੰਦਾਂ ਦਾ ਅਕੱਠ ਘਸ ਗਿਆ ਹੈ ਅਤੇ ਇੰਦ੍ਰੀਆਂ ਵੀ ਖੀਨ=ਨਾਸ ਹੋ ਰਹੀਆਂ ਹਨ ਅਤੇ ਸਰੀਰ ਵੀ ਖਇਆ= ਨਾਸ ਹੋ ਗਿਆ ਹੈ ਇਹ ਚੀਜ਼ ਮੇਰੀ ਓਹ ਚੀਜ਼ ਮੇਰੀ ਇੱਕਰ ਮੇਰੀ ਮੇਰੀ ਕਰਦਿਆਂ ਠਗਿਆ ਗਿਆ ਪਾਪਾਂ ਨੂੰ ਕਰਦਿਆਂ ਹੋਇਆਂ ਚਿਤ ਵਿਚ ਦਯਾ ਨ ਪਈ ।

**ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ॥**

Digitized by Panjab Digital Library | www.panjabdigilib.org

**ਸਰਨਿ ਪਰੇ ਨਾਨਕ ਸੁਆਮੀ ਕੀ ਬਾਹ ਪਕਰਿ ਪ੍ਰਭੁ ਕਾਢਿ ਲਇਆ ॥੨॥੨੪॥੧੧੦॥**

ਵੱਡਾ ਵਿਕਾਰਾਂ ਰੂਪ ਬਹੁਤ ਡਰੌਣਾ ਜੇਹੜਾ ਸੰਸਾਰ ਸਮੁੰਦਰ ਦੁਖਾਂ ਦਾ ਭਰਿਆ ਹੋਇਆ ਹੈ ਇਸ ਵਿਚ ਪਿਆ ਹੋਇਆ ਆਦਮੀ ਗਲ ਦਾ ਜਾਂਦਾ ਹੈ, ਗੁਰੂਜੀ ਜੇਹੜਾ ਆਦਮੀ ਮਾਲਕ ਦੀ ਸ਼ਰਨ ਪਿਆ ਹੈ ਉਸਨੂੰ ਮਾਲਕ ਨੇ ਬਾਂਹ ਤੋਂ ਫੜਕੇ ਕਢ ਲਿਆ ਹੈ ਭਾਵ ਅਕਲ ਤੋਂ ਫੜਕੇ ॥

## ਬਿਲਾਵਲੁ ਮਹਲਾ ੫

**ਆਪਨਾ ਪ੍ਰਭੁ ਆਇਆ ਚੀਤਿ ॥ ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ ॥੧॥ ਰਹਾਉ ॥**

ਜੇਹੜਾ ਮੇਰਾ ਅਪਣਾ ਮਾਲਕ ਹੈ ਉਸਦਾ ਨਾਮ ਜਦੋਂ ਮੇਰੇ ਚਿਤ ਵਿਚ ਆਇਆ ਤਾਂ ਦੁਸ਼ਮਣ ਦੁਸਟ ਜੇਹੜੇ ਐਵੇਂ ਹੀ ਵੈਰ ਕਰਦੇ ਅਤੇ ਅਨੇਕਾਂ ਤਰਾਂ ਝਖਾਂ ਮਾਰਦੇ ਹੀ ਰਹਿੰਦੇ ਸਨ ਮਾਲਕ ਮਿਤ੍ਰ ਰੂਪ ਹੋਣ ਨਾਲ ਮੈਨੂੰ ਹਰਤਰਾਂ ਦਾ ਸੁਖ ਅਨੰਦ ਹੋਇਆ ਹੈ ਭਾਵ ਪ੍ਰਮੇਸਰ ਮਿਤ੍ਰ ਹੋਣ ਨਾਲ ਸਾਰੇ ਸੁਖ ਮਿਲੇ ਹਨ। ਹੇ ਮੇਰੇ ਭਰਾਓ ਮਿਤ੍ਰੋ ॥

**ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ ॥ ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ੧।**

ਵਿਆਧੀ ਵੀ ਚਲੀ ਗਈ ਭਾਵ ਸਰੀਰ ਦੇ ਰੋਗ ਅਤੇ ਉਪਾਧੀ=ਅਚਾਣ ਚਕ ਜੋ ਪੀੜਾ ਹੋਣੀ ਹੈ ਓਹ ਵੀ ਨਾਸ ਹੋ ਗਈ ਕਿਉਂਕਿ ਮਾਲਕ ਨੇ ਸਾਡਾ ਪਖ ਕੀਤਾ ਹੈ ॥ ਸ਼ਾਂਤੀ ਰੂਪ ਸੁਖ ਅਤੇ ਬਹੁਤ ਹੀ ਤਰਾਂ ਦਾ ਅਨੰਦ ਸਾਨੂੰ ਆ ਪ੍ਰਾਪਤ ਹੋਇਆ ਹੈ ਕਿਉਂਕਿ ਮਾਲਕ ਦਾ ਨਾਮ ਹਾਰ ਵਰਗਾ ਰਿਦੇ ਵਿਚ ਉਰ=ਬਹੁਤ ਚੰਗਾ ਜਾਣਕੇ ਪਹਿਰਿਆ ਹੈ ॥

**ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥ ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥**

ਹੇ ਮਾਲਕ ਤੇਰੇ ਅਗੇ ਵਿਹ ਬੇਨਤੀ ਹੈ ਕਿ ਜੀਵ ਸਰੀਰ, ਧਨ ਵਿਹ ਸਭ ਕੁਛ ਤੇਰੀ ਬਖਸ਼ੀ ਹੋਈ ਰਾਸ ਹੈ ਅਤੇ ਤੂੰ ਮੇਰਾ ਮਾਲਕ ਹੈਂ ॥ ਗੁਰੂ ਜੀ, ਹੇ ਮਾਲਕ ਤੂੰ ਅਪਣਿਆਂ ਦਾਸਾਂ ਨੂੰ ਆਪ ਹੀ ਦੁਖਾਂ ਤੋਂ ਰਖਣ ਵਾਲਾ ਹੈਂ ਮੈਂ ਦਾਸ ਸਦਾ ਹੀ ਤੇਰਾ ਚੇਲਾ ਹਾਂ ॥

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੫

**ਗੋਬਿੰਦੁ ਸਿਮਰਿ ਹੋਆ ਕਲਿਆਨੁ ॥ ਮਿਟੀ ਉਪਾਧਿ ਭਇਆ ਸੁਖੁਸਾਚਾ ਅੰਤਰਜਾਮੀ ਸਿਮਰਿਆ ਜਾਨੁ ॥ ੧ ॥ ਰਹਾਉ ॥**

ਮਾਲਕ ਨੂੰ ਚੇਤੇ ਕਰਨ ਨਾਲ ਸੁਖ ਹੋਇਆ ਹੈ ॥ ਸਾਰੀ ਉਪਾਧੀ ਮਿਟ ਗਈ ਹੈ ਹੁਣ ਸੱਚਾ ਸੁਖ ਹੋਇਆ ਹੈ ਕਿਉਂਕਿ ਮਾਲਕ ਨੂੰ ਅੰਤਰਜਾਮੀ ਜਾਣਕੇ ਚੇਤੇ ਕੀਤਾ ਹੈ ॥

**ਜਿਸਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ॥ ਦਾਸ ਅਪੁਨੇ ਕੀ ਆਪੇ ਰਾਖੀ ਭੈਭੰਜਨ ਊਪਰਿ ਕਰਤੇ ਮਾਣੁ ॥ ੧ ॥**

ਅਸੀਂ ਜਿਸਦੇ ਜੀਵ ਹਾਂ ਓਸੇ ਨੇ ਸਾਨੂੰ ਸੁਖੱਲਿਆਂ ਕੀਤਾ ਹੈ ਕਿਉਂਕਿ ਸਾਨੂੰ ਭਗਤਾਂ ਨੂੰ ਉਸ ਸੱਚੇ ਮਾਲਕ ਦਾ ਹੀ ਜੋਰ ਹੈ ॥ ਅਪਨੇ ਦਾਸ ਦੀ ਲਜਿਆ ਉਸਨੇ ਆਪ ਹੀ ਰੱਖੀ ਹੈ ਚੰਗੇ ਦਾਸ ਵੀ ਉਸ ਮਾਲਕ ਦੇ ਉਤੇ ਹੀ ਮਾਣ ਕਰਦੇ ਹਨ ਜੇਹੜਾ ਸਾਰਿਆਂ ਦੁਖਾਂ ਦੇ ਨਾਸ ਕਰਨ ਵਾਲਾ ਹੈ ॥

**ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ ॥ ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ ॥ ॥ ੨ ॥ ੨੬ ॥ ੧੧੨ ॥**

ਭਗਤਾਂ ਦੀ ਸਾਰਿਆਂ ਥਾਵਾਂ ਵਿਚ ਮਿਤ੍ਰਤਾਈ ਹੋਈ ਹੈ ਅਤੇ ਬੁਰਿਆਈ ਸਭ ਤੋਂ ਮਿਟਗਈ ਹੈ ਦਾਸਾਂ ਨਾਲ ਦੁਸਟਤਾਈ ਕਰਨ ਵਾਲੇ ਚੁਗਲ ਖੋਰ ਮਾਲਕ ਨੇ ਛਾਣ ਕੇ ਭਾਵ ਚੁਣਕੇ ਬਾਹਰ ਕਢ ਲਏ ਹਨ ਭਾਵ ਵਖਰੇ ਕਰਕੇ ਨਰਕਾਂ ਵਿਚ ਸੁਟੇ ਹਨ ਗੁਰੂ ਜੀ, ਸ਼ਾਂਤੀ ਸੁਖ ਤੋਂ ਬਹੁਤ ਅਨੰਦ ਹੋਇਆ ਹੈ ਅਸੀਂ ਉਸ ਮਾਲਕ ਦੇ ਗੁਣਾਂ ਨੂੰ ਉਚਾਰਨ ਕਰਕੇ ਜੀਂਵਦੇ ਹਾਂ ॥

## ਬਿਲਾਵਲੁ ਮਹਲਾ ੫

**ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥ ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ ॥ ੧ ॥ ਰਹਾਉ ॥**

ਮਾਲਕ ਸਾਡੇ ਉਤੇ ਕਿਰਪਾਲੂ ਹੋਇਆ ਹੈ ॥ ਗੁਰੂ ਨੇ ਸਾਡੇ ਸਾਰੇ ਕਾਰਜ ਸਵਾਰ ਦਿਤੇ ਹਨ, ਅਸੀਂ ਸੰਤਾਂ ਨਾਲ ਮਿਲਕੇ ਨਾਮ ਨੂੰ ਜਪਕੇ ਨਿਹਾਲ ਹੋਏ ਹਾਂ ॥

Digitized by Panjab Digital Library | www.panjabdigilib.org

ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ ॥
ਕੰਠਿਲਾਇਰਾਖੇ ਜਨ ਅਪਨੇ ਉਧਰਿਲੀਏ ਲਾਇ ਅਪਨੈ ਪਾਲ ॥੧

ਸਾਡੇ ਆਪਣੇ ਮਾਲਕ ਨੇ ਸਾਡਾ ਪੱਖ ਕੀਤਾ ਹੈ ਸਾਡੇ ਸਾਰੇ ਦੋਖੀ ਸੁਆਹ ਹੋਗਏ ਹਨ ॥ ਉਸ ਮਾਲਕ ਨੇ ਅਪਣੇ ਦਾਸ ਗਲ ਨਾਲ ਲਾ ਰਖੇ ਹਨ ਅਤੇਅਪਣੇ ਪਲੇ ਭਾਵ ਆਸਰੇ ਲਾਕੇ ਤਾਰ ਦਿਤੇ ਹਨ ॥

ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ ॥
ਕਹੁ ਨਾਨਕ ਮੇਰਾ ਸਤਿਗੁਰ ਪੂਰਾ ਗੁਰਪ੍ਰਸਾਦਿ ਪ੍ਰਭ ਭਏ ਨਿਹਾਲ ॥
॥੨॥੨੭॥੧੧੩॥

ਅਸੀਂ ਅਪਣੇ ਸਾਰੇ ਟੱਬਰ ਦੇ ਨਾਲ ਅਨੰਦ ਨਾਲ ਆਪਣੇ ਘਰ ਆਏ ਹਾਂ ਜਾਂ ਗੁਰੂ ਨਾਲ ਮਿਲਕੇ ਰਿਦੇ ਘਰ ਵਿਚ ਆਏ ਹਾਂ ਭਾਵ ਮਨ ਟਿਕਿਆ ਹੈ ਸਹੀ=ਨਿਸਚੇ ਕਰਕੇ ਸਲਾਮਤ=ਇਸਤਤ ਹੋਏ ਹਾਂ ਅਤੇ ਓਹ ਨਿੰਦਕ ਕਾਲ ਦੇ ਮੂੰਹ ਵਿਚ ਜਾ ਪ੍ਰਾਪਤ ਹੋਏ ਹਨ ਭਾਵ ਮਰ ਗਏ ਹਨ ॥ ਗੁਰੂ ਜੀ, ਜੇਹੜਾ ਮੇਰਾ ਪੂਰਾ ਗੁਰੂ ਹੈ ਉਸ ਗੁਰੂ ਦੀ ਕਿਰਪਾ ਨਾਲ ਮਾਲਕ ਨੂੰ ਜਾਣਕੇ ਅਸੀ ਨਿਹਾਲ ਹੋਏ ਹਾਂ ॥

827

## ਬਿਲਾਵਲੁ ਮਹਲਾ ੫

ਮੂ ਲਾਲਨ ਸਿਉ ਪ੍ਰੀਤਿ ਬਨੀ ॥ ੧ ॥ ਰਹਾਉ ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚਤਨੀ ॥ ੧ ॥

ਹੇ ਮੇਰੇ ਲਾਲਨ=ਪਿਆਰੇ ਮੂ=ਮੇਰੀ ਤੇਰੇ ਨਾਲ ਇੱਕਰ ਦੀ ਪ੍ਰੀਤੀ ਬਣੀ ਹੈ ॥ ਹੋਰ ਕਿਸੇ ਦੀ ਤੋੜੀ ਹੋਈ ਟੁਟਦੀ ਨਹੀਂ ਹੈ ਅਤੇ ਆਪ ਤੋਂ ਛੋੜੀ ਹੋਈ ਛੁਟਦੀ ਨਹੀਂ ਹੈ ॥ ਹੇ ਮਾਲਕ ਇੱਕਰ ਦੀ ਪੱਕੀ ਪ੍ਰੀਤੀ ਖਿਚਕੇ ਤਨੀ ਹੈ ਭਾਵ ਤੇਰੇ ਚਰਨਾਂ ਦੀ ਪ੍ਰੀਤੀ ਨੇ ਮੇਰੇ ਮਨ ਨੂੰ ਇੱਕਰ ਦਾ ਖਿਚਿਆ ਹੈ ਕਿ ਤੇਰੇ ਨਾਲ ਹੀ ਮਿਲ ਗਿਆ ਹਾਂ ॥

ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ ॥ ੨ ॥

ਹੇ ਮਾਲਕਾ ਤੂੰ ਆਪਣੀ ਕਿਰਪਾ ਕਰਕੇ ਦਿਨੇ ਰਾਤ ਮੇਰੇ ਮਨ ਵਿਚ ਵੱਸਦਾ ਹੈਂ॥

ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾਕੀ ਬਾਤ

Digitized by Panjab Digital Library | www.panjabdigilib.org

ਸੁਨੀ ॥ ੩ ॥

ਹੇ ਸ਼ਾਮ ਸੁੰਦਰ ਮੈ ਤੈਥੋਂ ਬਲਹਾਰ ਜਾਂਦਾ ਹਾਂ ਜਿਸ ਪ੍ਰਮੇਸਰ ਦੀ ਇਕਰ ਦੀ ਗਲ ਸੁਣੀ ਹੈ ਕਿ ਓਹ ਜੇਹੜਾ ਕਥਨ ਤੋਂ ਅਕਥ ਹੈ ਜਾਂ ਕਥਾ ਹੀ ਅਕੱਥ ਹਨ ।

ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥ ੪ ॥ ੨੮ ॥ ੧੧੪ ॥

ਗੁਰੂਜੀ, ਅਸੀਂ ਤੇਰੇ ਦਾਸਾਂਦੇ ਦਾਸ ਆਖੀਦੇਹਾਂ ਹੇ ਮਾਲਕ ਇਕਰਦਿਆਂ ਆਪਣਿਆਂ ਦਾਸਾਂ ਉਤੇ ਕਿਰਪਾ ਕਰ ॥

ਬਿਲਾਵਲੁ ਮਹਲਾ ੫

ਹਰਿ ਕੇ ਚਰਨ ਜਪਿ ਜਾਉ ਕੁਰਬਾਨੁ ॥ ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ਤਾਕਾ ਹਿਰਦੈ ਧਰਿ ਮਨ ਧਿਆਨੁ ॥ ੧ ॥ ਰਹਾਉ ॥

ਮੈ ਮਾਲਕ ਦੇ ਨਾਮ ਨੂੰ ਜਪਕੇ ਉਸਦੇ ਚਰਨਾਂ ਕਮਲਾਂ ਤੋਂ ਬਲਹਾਰ ਜਾਵਾਂ ਜੇਹੜਾ ਪ੍ਰਮੇਸਰ ਮੇਰੇ ਗੁਰੂ ਨੇ ਮੈਨੂੰ ਦਸਿਆ ਹੈ ਹੇ ਮਨ ਮੈ ਰਿਦੇ ਵਿਚ ਉਸਦਾ ਹੀ ਧਿਆਨ ਧਰਦਾ ਰਹਿੰਦਾ ਹਾਂ ॥

ਸਿਮਰਿ ਸਿਮਰਿ ਸਿਮਰਿ ਸੁਖ ਦਾਤਾ ਜਾਕਾ ਕੀਆ ਸਗਲੁ ਜਹਾਨੁ॥ ਰਸਨਾ ਰਵਹੁ ਏਕੁ ਨਾਰਾਇਣੁ ਸਾਚੀ ਦਰਗਹ ਪਾਵਹੁ ਮਾਨੁ ॥ ੧ ॥

ਜਿਸ ਮਾਲਕ ਦਾ ਸਾਰਾ ਜਹਾਨ ਕੀਤਾ ਹੋਇਆ ਹੈ ਓਹ ਸੁਖ ਦਾਤਾ ਮੈ ਸਦਾ ਹੀ ਸਿਮਰਿਆ ਹੈ ॥ ਹੇ ਭਰਾਓ ਤੁਸੀ ਵੀ ਉਸ ਮਾਲਕ ਦਾ ਰਸਨਾ ਨਾਲ ਨਾਮ ਜਪੋ, ਤਾਂ ਤੁਸੀ ਸੱਚੀ ਦਰਗਾਹ ਵਿਚ ਮਾਨ ਪਾਓਗੇ ॥

ਸਾਧੂਸੰਗੁ ਪਰਾਪਤਿ ਜਾਕਉ ਤਿਨਹੀ ਪਾਇਆ ਏਹੁ ਨਿਧਾਨੁ ॥ ਗਾਵਉ ਗੁਣ ਕੀਰਤਨੁ ਨਿਤ ਸੁਆਮੀ ਕਰਿ ਕਿਰਪਾ ਨਾਨਕ ਦੀਜੈ ਦਾਨੁ ॥ ੨ ॥ ੨੯ ॥੧੧੫॥

ਜਿਨਾਂ ਨੂੰ ਸੰਤਾਂ ਦਾ ਸੰਗ ਪ੍ਰਾਪਤ ਹੋਇਆ ਹੈ ਓਨਾਂ ਨੇ ਹੀ ਇਹ ਨਾਮ ਨਿਧੀਆਂ ਦਾ ਖਜ਼ਾਨਾ ਪਾਇਆ ਹੈ ॥ ਗੁਰੂ ਜੀ, ਹੇ ਮਾਲਕ ਮੈ ਦਾਸ ਤੇਰੇ ਗੁਣਾਂ ਦਾ ਕੀਰਤਨ ਰੋਜ ਹੀ ਗਾਂਦਾ ਹਾਂ ਸੋ ਸਾਡੇ ਉਤੇ ਆਪਣੀ ਕਿਰਪਾ ਕਰਕੇ ਸਾਨੂੰ ਏਹੋ ਹੀ ਦਾਨ ਦਿਓ ॥

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੫

**ਰਾਖਿ ਲੀਏ ਸਤਿਗੁਰ ਕੀ ਸਰਣ॥ ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮ ਮੇਰੋ ਤਾਰਣ ਤਰਣ॥ ੧ ॥ ਰਹਾਉ ॥**

ਗੁਰੂ ਦੀ ਸ਼ਰਨ ਜਾਣ ਨਾਲ ਸਾਨੂੰ ਗੁਰੂ ਨੇ ਰਖ ਲਿਆ ਹੈ॥ ਜੇਹੜਾ ਮਾਲਕ ਤਾਰਨ ਨੂੰ ਜਹਾਜ ਵਰਗਾ ਹੈ ਓਹ ਮੈਨੂੰ ਮਿਲਿਆ ਹੈ ਏਸੇ ਲਈ ਮੇਰਾ ਜਗਤ ਵਿਚ ਜੈ ਜੈ ਕਾਰ ਹੋਇਆ ਹੈ॥

**ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ॥ ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਂਈ ਹਰਿ ਕੇ ਚਰਣ।**

ਜੇਹੜਾ ਸੰਸਾਰ ਦੇ ਭਰਨ ਵਾਲਾ ਹਰ ਥਾਂ ਮਿਲਿਆ ਹੋਇਆ ਸੁਖਾਂ ਦਾ ਦਾਤਾ ਮਾਲਕ ਹੈ ਅਤੇ ਸਾਰੇ ਜਗਤ ਰੂਪ ਸਮੱਗਰੀ ਨੂੰ ਭਰਕੇ ਸਾਰਿਆਂ ਜੀਆਂ ਦੀ ਪੋਖਣ=ਪਾਲਣਾ ਕਰਦਾ ਹੈ॥

ਸਾਰਿਆਂ ਛੋਟਿਆਂ ਵਡਿਆਂ ਥਾਵਾਂ ਦੇ ਅੰਦਰ ਮਿਲਿਆ ਹੋਇਆ ਹੈ ਅਤੇ ਲਗਾਤਾਰ ਦਿਕਿਆ ਹੈ ਮੈ ਉਸਦੇ ਚਰਨਾਂ ਤੋਂ ਬਲਹਾਰ ਜਾਂਦਾ ਹਾਂ॥

**ਜੀਅ ਜੁਗਤਿ ਵਸਿ ਮੇਰੈ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ॥ ਆਦਿ ਜੁਗਾਦਿ ਪ੍ਰਭੁ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ॥ ੨ ॥ ੩੦ ॥ ੧੧੬ ॥**

ਹੇ ਮੇਰੇ ਮਾਲਕਾ ਸਾਰਿਆਂ ਜੀਆਂ ਦੀ ਜੁਗਤੀ ਤੇਰੇ ਵੱਸ ਹੈ ਅਤੇ ਸਾਰੀਆਂ ਸਿਧੀਆਂ ਦਾ ਕਾਰਨ ਰੂਪ ਤੇ ਕਰਨ ਵਾਲਾ ਤੂੰ ਆਪ ਹੀ ਹੈਂ॥

ਗੁਰੂ ਜੀ, ਹੇ ਮਾਲਕ ਤੂੰ ਮੁਢ ਤੋਂ ਭਗਤਾਂ ਨੂੰ ਰੱਖਦਾ ਆਇਆ ਹੈਂ ਤੇਰੇ ਨਾਮਨੂੰ ਯਾਦ ਕਰਨ ਨਾਲ ਕੋਈ ਡਰ ਨਹੀਂ ਰਹਿੰਦਾ ਹੈ॥

(ਸਨਮੁਖ ਬੇਨਤੀ)

## ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮

### ੧ ਓ ਸਤਿਗੁਰਪ੍ਰਸਾਦਿ॥

**ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥ ੧ ॥ਰਹਾਉ॥**

Digitized by Panjab Digital Library | www.panjabdigilib.org

ਹੇ ਮਾਲਕ ਹੁਣ ਮੈਂ ਕੁਛ ਨਹੀਂ ਹਾਂ ਜਾਂ ਮੈਂ ਆਪਣਾ ਕੁਛ ਨਹੀਂ ਮੰਨਿਆਂ ਹੈ ਮਨ ਤਨ ਆਦਿਕ ਸਭ ਕੁਛ ਤੇਰਾ ਹੀ ਦਿਤਾ ਹੋਇਆ ਹੈ॥ ਏਧਰ ਇਸ ਲੋਕ ਵਿਚ ਨਿਰਗੁਣਆਰਾ ਜੀਵ ਹੈ ਅਤੇ ਓਧਰ ਗੁਣਾਂ ਵਾਲਾ ਮਾਲਕ ਹੈ ਦੋਹਾਂ ਦੇ ਵਿਚ ਮੇਰਾ ਮਾਲਕ ਹੀ ਖੇਲ ਕਰਦਾ ਹੈ ਭਾਵ ਏਧਰ ਓਧਰ ਦੋਹਾਂ ਲੋਕਾਂ ਵਿਚ ਪ੍ਰਮੇਸ਼ਰ ਹੈ ਦੋਹਾਂ ਪਾਸਿਆਂ ਵਲ ਮਾਲਕ ਹੀ ਖੇਲ ਕਰਦਾ ਹੈ ॥

**ਨਗਰ ਮਹਿ ਆਪਿ ਬਾਹਰਿਫੁਨਿ ਆਪਨ ਪ੍ਰਭ ਮੇਰੇ ਕੋ ਸਗਲਬਸੇਰਾ ॥ਆਪੇ ਹੀ ਰਾਜਨ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥**

ਨਗਰ ਵਿਚ ਵੀ ਆਪ ਅਤੇ ਬਾਹਰ ਵੀ ਆਪਣਾ ਆਪ ਹੀ ਹੈ ਹੇ ਮਾਲਕ ਤੁਹਾਡਾ ਸਾਰੇ ਜਗਤ ਵਿਚ ਵਾਸਾ ਹੈ॥ ਤੂੰ ਆਪ ਹੀ ਵੱਡਾ ਰਾਜਾ ਹੈਂ ਅਤੇ ਆਪ ਹੀ ਛੋਟਾ ਰਾਜਾ ਹੈਂ ਤੂੰ ਆਪ ਹੀ ਕਿਤੇ ੨ ਮਾਲਕ ਹੈਂ ਅਤੇ ਕਿਤੇ ੨ ਚੇਲਾ ਹੈਂ ॥

**ਕਾਕਉ ਦੁਰਾਉ ਕਾਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥ ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ੨ ॥ ੧ ॥ ੧੧੭ ॥**

ਹੇ ਮਾਲਕ ਮੈਂ ਕਿਸ ਚੀਜ ਦਾ ਲੁਕਾ ਕਰਾਂ ਅਤੇ ਕਿਸ ਨਾਲ ਠਗੀ ਕਰਾਂ ਜਾਂ ਜੋਰ ਨਾਲ ਠਗੀ ਕਰਾਂ ਜਾਂ ਜੋਰ ਤੇ ਠਗੀ ਕਰਾਂ ਮੈਂ ਜਿਥੇ ੨ ਵੇਖਦਾ ਹਾਂ ਓਥੇ ੨ ਤੂੰ ਨੇੜ ਦੀਹਦਾ ਹੈਂ ॥ ਗੁਰੂ ਜੀ, ਹੇ ਮਾਲਕਾ ਤੇਰੀ ਮੂਰਤੀ ਸੰਤ ਰੂਪ ਗੁਰੂ ਜਦੋਂ ਮੈਨੂੰ ਆਕੇ ਮਿਲ ਪਏ ਹਨ ਤਦੋਂ ਤੋਂ ਅਸਾਂ ਇੱਕਰ ਜਾਣਿਆ ਹੈ ਜਿਕਰ ਸਮੁੰਦਰ ਵਿਚ ਪਾਣੀ ਦੀ ਛਿਟ ਇਕ ਰੂਪ ਮਿਲੀ ਹੋਈ ਹੁੰਦੀ ਹੈ ਇੱਕਰ ਹੀ ਜੀਵ ਨੂੰ ਤੇਰੇ ਨਾਲ ਮਿਲਿਆ ਜਾਣਿਆ ਹੈ ਤੈਥੋਂ ਵਖਰਾ ਨਹੀਂ ਵੇਖਿਆ ਹੈ ॥

## ਬਿਲਾਵਲੁ ਮਹਲਾ ੫

**ਤੁਮ ਸਮਰਥਾ ਕਾਰਨ ਕਰਨ ॥ ਢਾਕਨ ਢਾਕਿ ਗੋਬਿੰਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ ॥ ੧ ॥ ਰਹਾਉ ॥**

ਹੇ ਮਾਲਕ ਤੂੰ ਕਰਨ ਕਾਰਨ ਸਮਰਥ ਹੈਂ ॥ ਹੇ ਪ੍ਰਮੇਸਰ ਰੂਪ ਗੁਰੂ ਜੀ ਮੇਰੇ ਸਾਰੇ ਢਾਕਨ=ਪੜਦੇ ਢਕ ਲਓ ਕਿਉਂਕਿ ਮੈਂ ਅਪਰਾਧੀ ਤੇਰੇ ਚਰਨਾਂ

Digitized by Panjab Digital Library | www.panjabdigilib.org

ਦੀ ਸ਼ਰਨ ਹਾਂ ॥

ਜੋ ਜੋ ਕੀਨੋ ਸੋ ਤੁਮ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥ ਬਡ ਪਰਤਾਪੁ ਸੁਨਿਓ ਪ੍ਰਭ ਤੁਮਰੋ ਕੋਟਿ ਅਘਾ ਤੇਰੋ ਨਾਮ ਹਰਨ ॥ ੧ ॥

ਅਸਾਂ ਜੀਆਂ ਨੇ ਜੇਹੜੇ ੨ ਕਰਮ ਕੀਤੇ ਹਨ ਉਨ੍ਹਾਂ ਸਾਰਿਆਂ ਨੂੰ ਤੁਸਾਂ ਜਾਣ ਲਿਆ ਹੈ ਇਕਰ ਦਾ ਕੋਈ ਥਾਂ ਤੇ ਕੋਈ ਪਦਾਰਥ ਨਹੀਂ ਹੈ ਜੇਹੜਾ ਆਪਨੇ ਨਹੀਂ ਵੇਖਿਆ ਹੈ ਪਰ ਇਹ ਜੀਵ ਇੱਕਰ ਦੇ ਢੀਠ ਹਨ ਜੋ ਪਾਪ ਕਰਕੇ ਤੈਥੋਂ ਮੁਕਰਨਾ ਕਰਦੇ ਹਨ ॥

ਹੇ ਮਾਲਕਾ ਮੈ ਤੇਰਾ ਵਡਾ ਪ੍ਰਤਾਪ ਸੁਣਿਆ ਹੈ ਤੇਰਾ ਨਾਮ ਕਰੋੜਾਂ ਕਰੋੜਾਂ ਪਾਪਾਂ ਨੂੰ ਹਰਨ ਵਾਲਾ ਹੈ ॥

ਹਮਰੋ ਸਹਾਉ ਸਦਾ ਸਦ ਭੂਲਨ ਤੁਮਰੋ ਬਿਰਦੁ ਪਤਿਤ ਉਧਰਨ ॥ ਕਰੁਣਾਮੈ ਕਿਰਪਾਲ ਕ੍ਰਿਪਾਨਿਧਿ ਜੀਵਨ ਪਦ ਨਾਨਕ ਹਰਿਦਰਸਨ ॥੨॥ ੨ ॥ ੧੧੮ ॥

ਸਾਡਾ ਸਹਾਉ=ਸੁਭਾਉ ਸਦਾ ਸੈਂਕੜੇ ਵਾਰ ਭੁਲਣ ਵਾਲਾ ਹੈ ਅਤੇ ਆਪ ਦਾ ਪ੍ਰਣ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ ਗੁਰੂ ਜੀ, ਸਾਰਿਆਂ ਸਮਿਆਂ ਵਿਚ ਕਿਰਪਾ ਕਰਨ ਵਾਲਾ ਹੈਂ ਹੇ ਮਾਲਕ ਜੇਹੜਾ ਤੇਰਾ ਜੀਵਨ ਪਦ ਦਰਸ਼ਨ ਹੈ ਓਹ ਸਾਨੂੰ ਦੇਹ ॥

## ਬਿਲਾਵਲੁ ਮਹਲਾ ੫

ਐਸੀ ਕਿਰਪਾ ਮੋਹਿ ਕਰਹੁ ॥ ਸੰਤਹਿ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥ ੧ ॥ ਰਹਾਉ ॥

ਹੇ ਮਾਲਕਾ ਹੁਣ ਤੂੰ ਸਾਡੇ ਉਤੇ ਇਕਰ ਦੀ ਕਿਰਪਾ ਕਰ ਕਿ ਸੰਤਾਂ ਦੇ ਚਰਨਾਂ ਉਤੇ ਸਾਡਾ ਮਥਾ ਹੋਵੇ, ਅਖਾਂ ਨਾਲ ਦਰਸ਼ਨ ਹੋਵੇ ਅਤੇ ਸਰੀਰ ਉਤੇ ਉਨਾਂ ਦੇ ਚਰਨਾਂ ਦੀ ਧੂੜ ਆਕੇ ਪਵੇ ॥

ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿਨਾਮਾ ਮਨ ਸੰਗਿ ਧਰਹੁ ॥ ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥ ੧॥

ਗੁਰੂ ਦਾ ਉਪਦੇਸ਼ ਮੇਰੇ ਦਿਲ ਵਿਚ ਆ ਵਸੇ ਅਤੇ ਮਾਲਕ ਦਾ ਨਾਮ ਮਨ ਦੇ ਨਾਲ

Digitized by Panjab Digital Library | www.panjabdigilib.org

ਧਰਾਂ ਭਾਵ ਮਨ ਵਿਚ ਰੱਖਾਂ ॥ ਹੇ ਮਾਲਕਾ ਜੇਹੜੇ ਪੰਜ ਚੋਰ ਕਾਮ ਆਦਕ ਹਨ ਓਨਾਂ ਨੂੰ ਮੈਥੋਂ ਦੂਰ ਕਰੋ ਅਤੇ ਸਾਰਿਆਂ ਭਰਮਾਂ ਦਾ ਅਕੱਠ ਹੋਮ ਵਾਂਗ ਸੜ ਜਾਵੇ ਭਾਵ ਹੋਮ=ਸੜ ਜਾਣਦਾ ਹੀ ਅਰਥ ਹੈ ॥

**ਜੋ ਤੁਮ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ ॥ ਨਾਨਕ ਕੇ ਪ੍ਰਭ ਤੁਮਹੀ ਦਾਤੇ ਸੰਤਸੰਗਿ ਲੇ ਮੋਹਿ ਉਧਰਹੁ ॥ ॥੨॥੩॥੧੧੯॥**

ਜੋ ਤੁਸੀ ਕਰੋ ਓਹੋ ਹੀ ਅਸੀਂ ਭਲਾ ਮੰਨ ਲਈਏ ਹੇ ਭਾਵਨ=ਪਿਆਰੇ ਇਕਰ ਹੀ ਮੇਰੀ ਦੁਬਿਧਾ ਦੀ ਭਾਵਨਾ ਨੂੰ ਦੂਰ ਟਾਲ ਦਿਓ॥ ਗੁਰੂ ਜੀ, ਹੇ ਮਾਲਕ ਤੁਸੀ ਦਾਸਾਂ ਦੇ ਦਾਤੇ ਹੋ ਹੇ ਮਾਲਕ ਆਪਣੇ ਸੰਤਾਂ ਦੀ ਸੰਗਤ ਵਿਚ ਮੈਨੂੰ ਲਿਆ ਭਾਵ ਮੇਲਕੇ ਮੇਰਾ ਉਧਾਰ ਕਰੋ ।

## ਬਿਲਾਵਲੁ ਮਹਲਾ ੫

**ਐਸੀ ਦੀਖਿਆ ਜਨ ਸਿਉ ਮੰਗਾ ॥ ਤੁਮਰੋ ਧਿਆਨੁ ਤੁਮਾਰੋ ਰੰਗਾ ॥ ਤੁਮਰੀ ਸੇਵਾ ਤੁਮਾਰੇ ਅੰਗਾ ॥ ੧ ॥ ਰਹਾਉ ॥**

ਹੇ ਮਾਲਕ ਜੇਹੜੇ ਤੇਰੇ ਸੰਤ ਹਨ ਓਨਾਂ ਤੋਂ ਮੈਂ ਇਕਰ ਦੀ ਸਿਖਿਆ ਮੰਗਦਾ ਹਾਂ ਜਿਸ ਕਰਕੇ ਤੁਹਾਡੇ ਹੀ ਸਰੂਪ ਦਾ ਧਿਆਨ ਹੋਵੇ ਅਤੇ ਤੁਹਾਡਾ ਹੀ ਪ੍ਰੇਮ ਰਹੇ ਤੁਹਾਡੀ ਹੀ ਸੇਵਾ ਕਰਾਂ ਅਤੇ ਤੁਹਾਡੇ ਹੀ ਅੰਗਾਂ ਨੂੰ ਵੇਖਦਾ ਰਹਾਂ ॥

**ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥ ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨਤਤਰੰਗਾ॥੧**

ਤੇਰਿਆਂ ਸੰਤਾਂ ਦੀ ਟਹਿਲ ਕਰਾਂ ਤੇਰਿਆਂ ਦਾਸਾਂ ਨਾਲ ਹੀ ਬਾਣੀ ਬੋਲਣੀ ਕਰਾਂ ਅਤੇ ਉਠਣਾ ਬੈਠਣਾ ਤੇਰੇ ਦਾਸਾਂ ਨਾਲ ਹੀ ਹੋਵੇ ਤੇਰਿਆਂ ਦਾਸਾਂ ਦੇ ਚਰਨਾਂ ਦੀ ਧੂੜੀ ਜਦੋਂ ਮੇਰੇ ਮੂੰਹ ਤੇ ਮਥੇ ਉਤੇ ਜਾਂ ਦੰਗੀ ਧੂੜੀ ਮਥੇ ਉਤੇ ਲਗੀ ਹੈ ਤਾਂ ਅਨਤ=ਹੋਰ ਤਰੰਗ=ਲਹਿਰਾਂ ਭਾਵ ਹੋਰਨਾਂ ਖਿਆਲਾਂ ਦੀ ਆਸਾ ਪੂਰੀ ਹੋ ਗਈ ਭਾਵ ਮੁਕ ਗਈ, ਹਟ ਗਈ ਹੈ ॥

**ਜਨ ਪਾਰਬ੍ਰਹਮ ਜਾਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥ ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ ॥ ੨ ॥ ੪ ॥ ੧੨੦ ॥**

Digitized by Panjab Digital Library | www.panjabdigilib.org

ਹੇ ਮਾਲਕਾ ਤੇਰਿਆਂ ਦਾਸਾਂ ਦੀ ਮਹਿਮਾਂ ਬੜੀ ਨਿਰਮਲ ਹੈ ਅਤੇ ਤੇਰਿਆਂ ਦਾਸਾਂ ਦੇ ਚਰਨਾਂ ਵਿਚ ਕਰੋੜਾਂ ੨ ਗੰਗਾ ਆਦਿਕ ਤੀਰਥ ਆਕੇ ਨਿਵਾਸ ਕਰਦੇ ਹਨ ਭਾਵ ਤੀਰਥਾਂ ਨਾਲੋਂ ਤੇਰੇ ਦਾਸਾਂ ਦੇ ਪੈਰ ਚੰਗੇ ਹਨ, ਗੁਰੂ ਜੀ, ਇਕੁਰ ਦੇ ਤੇਰਿਆਂ ਦਾਸਾਂ ਦੀ ਚਰਨਾਂ ਦੀ ਧੂੜ ਵਿਚ ਮਨ ਨਾਲ ਇਸ਼ਨਾਨ ਕੀਤਾ ਹੈ ਉਨਾਂ ਦੇ ਜਨਮਾਂ ਜਨਮਾਂ ਦੇ ਕਲੰਕ ਭਾਵ ਪਾਪ ਦੂਰ ਹੋ ਗਏ ਹਨ ।

## ਬਿਲਾਵਲੁ ਮਹਲਾ ੫

**ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥ ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ ਪਿਤਾ ਕਿਰਪਾਲ ॥ ੧ ॥ ਰਹਾਉ ॥**

ਹੇ ਮਾਲਕਾ ਜਿਸਤਰਾਂ ਤੈਨੂੰ ਚੰਗਾ ਲਗਦਾ ਹੈ ਉਸੇ ਤਰਾਂ ਹੀ ਮੇਰੀ ਪਾਲਣਾ ਕਰ ਹੇ ਪ੍ਰਮੇਸ਼ਰ ਰੂਪ ਗੁਰੂ ਅਸੀਂ ਤੇਰੇ ਬਾਲਕ ਹਾਂ ਤੁਸੀ ਵਡੇ ਕਿਰਪਾਲੂ ਸਾਡੇ ਪਿਤਾ ਵਰਗੇ ਹੋ ॥

**ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮਰੀ ਘਾਲ ॥ ਤੁਮਰੀ ਗਤਿ ਮਿਤਿ ਤੁਮਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥ ੧ ॥**

ਮੈਂ ਨਿਰਗੁਣਿਆਰੇ ਵਿਚ ਕੋਈ ਗੁਣ ਨਹੀ ਹੈ ਤੁਹਾਡੀ ਦਿਆਲਤਾ ਨੂੰ ਮੈਂ ਕਿਸੇ ਘਾਲ=ਕਮ ਈ ਕਰਕੇ ਵੀ ਨਹੀ ਪੁਜ ਸਕਦਾ ਹਾਂ, ਜਾਂ ਜੇਹੜੀ ਤੁਹਾਡੀ ਸੇਵਾ ਕਰਨੀ ਹੈ ਉਸਨੂੰ ਮੈਂ ਪੁਜ ਨਹੀ ਸਕਦਾ ਓਹ ਬੜੀ ਔਖੀ ਹੈ, ਦੂਰ ਹੈ । ਤੁਸੀ ਆਪਣੀ ਰੀਤੀ ਤੇ ਚਾਲ ਨੂੰ ਆਪ ਹੀ ਜਾਣਦੇ ਹੋ ਇਹ ਜੀਵ ਸਰੀਰ ਧਨ ਆਦਕ ਸਭ ਕੁਛ ਆਪ ਦਾ ਹੀ ਹੈ, ਭਾਵ ਦਿਤਾ ਹੋਇਆ॥

**ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ ॥ ਤਨੁ ਮਨੁ ਸੀਤਲੁ ਹੋਇ ਹਮਾਰੋ ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥ ੨ ॥ ੫ ॥ ੧੨੧ ॥**

ਹੇ ਅੰਤਰਜਾਮੀ ਸਾਡੇ ਮਾਲਕ ਤੁਸੀ ਬਿਨਾਂ ਬੋਲਿਆਂ ਹੀ ਸਾਡਿਆਂ ਸਾਰਿਆਂ ਹਾਲਾਂ ਨੂੰ ਜਾਣਦੇ ਹੋ । ਗੁਰੂ ਜੀ, ਜਿਸ ਕਰਕੇ ਸਾਡਾ ਮਨ ਤਨ ਸੀਤਲ ਹੋ ਜਾਵੇ ਹੇ ਮਾਲਕ ਜੀ ਇਕਰ ਦੀ ਕਿਰਪਾ ਦ੍ਰਿਸ਼ਟੀ ਕਰਕੇ ਸਾਨੂੰ ਨਿਹਾਲ ਕਰੋ ॥

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੫

**ਰਾਖੁ ਸਦਾ ਪ੍ਰਭ ਅਪਨੈ ਸਾਥ ॥ ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ ॥ ੧ ॥ ਰਹਾਉ ॥**

ਹੇ ਮਾਲਕ ਤੂੰ ਹਰ ਵੇਲੇ ਸਾਨੂੰ ਆਪਣੇ ਨਾਲ ਰਖ ਤੂੰ ਮਨਮੋਹਨ ਸਾਡਾ ਪਿਆਰਾ ਹੈ ਹੇ ਮਾਲਕਾ ਤੇਰੇ ਨਾਮ ਤੋਂ ਬਿਨਾਂ ਜੀਵਨਾ ਸਾਰਾ ਹੀ ਵਿਅਰਥ ਹੈ ॥

**ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ ॥ ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ ॥ ੧ ॥**

ਤੂੰ ਇਕ ਛਿਨ ਵਿਚ ਗਰੀਬ ਤੋਂ ਰਾਜਾ ਕਰ ਦੇਂਦਾ ਹੈ ਹੇ ਮਾਲਕ ਤੂੰ ਗਰੀਬਾਂ ਦਾ ਮਾਲਕ ਹੈਂ ॥ ਸੰਸਾਰ ਅਗ ਵਿਚ ਸੜਦਿਆਂ ਹੋਇਆਂ ਆਪਣਿਆਂ ਦਾਸਾਂ ਨੂੰ ਤੂੰ ਆਪ ਹੀ ਬਚਾਇਆ ਹੈ ਅਤੇ ਆਪਣੇ ਹਥ ਦੇਕੇ ਰਖ ਲਏ ਹਨ ॥

**ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ ॥ ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ ॥ ੨ ॥ ੬ ॥ ੧੨੨ ॥**

ਅਸਾਂ ਜਦੋਂ ਤੇਰੇ ਸੁਖ ਸਰੂਪ ਨੂੰ ਪਾਇਆ ਤਾਂ ਵਿਸ਼ਿਆਂ ਦੇ ਭੋਗਾਂ ਤੋਂ ਸਾਡਾ ਮਨ ਰਜਕੇ ਸੀਤਲ ਹੋਗਿਆ। ਹੇ ਮਾਲਕਾ ਤੇਰੇ ਨਾਮ ਨੂੰ ਯਾਦ ਕਰਦਿਆਂ ਹੋਇਆਂ ਸਾਡੇ ਸਾਰੇ ਥਕੇਵੇਂ ਲਹਿ ਗਏ ਹਨ ॥
ਗੁਰੂ ਜੀ, ਹੇ ਮਾਲਕ! ਨਿਧੀਆਂ ਦਾ ਖਜ਼ਾਨਾ ਤੇਰੀ ਸੇਵਾ ਹੈ ਅਤੇ ਹੋਰ ਜਿਤਨੀਆਂ ਚਤਰਾਈਆਂ ਹਨ ਸਾਰੀਆਂ ਹੀ ਬਿਅਰਥ ਹਨ।

## ਬਿਲਾਵਲੁ ਮਹਲਾ ੫

**ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ । ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥ ੧ ॥ ਰਹਾਉ ॥**

ਹੇ ਮਾਲਕ ਆਪਣੇ ਦਾਸ ਨੂੰ ਦਿਲ ਤੋਂ ਕਦੀ ਨ ਭੁਲਾਓ ਹੇ ਮਾਲਕ ਮੇਰੇ ਦਿਲ ਵਿਚ ਲਗ ਜਾਓ ਭਾਵ ਧਿਆਨ ਪੱਕਾ ਹੋਵੇ ਹੇ ਮਾਲਕਾ ਜਿਸ ਤਰਾਂ ਪਹਿਲੇ ਅਪ ਣਿਆਂ ਦਾਸਾਂ ਨਾਲ ਪ੍ਰੀਤ ਕਰਦਾ ਰਿਹਾ ਹੈਂ ਓਸੇ ਤਰਾਂ ਹੁਣ ਵੀ ਵਿਚਾਰ ਕਰ ਭਾਵ ਸਾਡੇ ਨਾਲ ਪ੍ਰੀਤੀ ਕਰ ਜਾਂ ਪਹਿਲੀ ਪ੍ਰੀਤੀ ਜਿਸਤਰਾਂ ਮਾਂ ਦੇ ਪੇਟ ਵਿਚ

Digitized by Panjab Digital Library | www.panjabdigilib.org

ਰਖਿਆ ਕੀਤੀ ਹੈ ਸੋ ਏਸੇ ਤਰਾਂ ਹੁਣ ਕਰੋ ॥

**ਪਤਿਤ ਪਾਵਨ ਪ੍ਰਭ ਬਿਰਦੁ ਤੁਮਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥ ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥ ੧ ॥**

ਹੇ ਮਾਲਕ ਤੇਰਾ ਧਰਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ ਸਾਡਿਆਂ ਦੋਖਾਂ ਨੂੰ ਰਿਦੇ ਵਿਚ ਨ ਰਖੋ ਭਾਵ ਬਿਅੰਤ ਦੋਖ ਹਨ। ਹੇ ਮਾਲਕ ਸਾਡਾ ਜੀਉਣਾ ਪ੍ਰਾਣ, ਧਨ ਆਦਿਕ ਸਭ ਕੁਛ ਆਪ ਹੀ ਹੋ ਇਸ ਲਈ ਸਾਡੇ ਉਤੇ ਕਿਰਪਾ ਕਰਕੇ ਸਾਡਾ ਹੰਗਤਾ ਦਾ ਪਟਲ=ਪੜਦਾ ਸਾੜ ਦਿਓ ॥

**ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ ॥ ਜਨ ਨਾਨਕ ਪਿਆਸ ਚਰਨ ਕਮਲਨ ਕੀ ਪੇਖਿ ਦਰਸੁ ਸੁਆਮੀ ਸੁਖ ਸਾਰੋ ॥ ੨ ॥ ੭ ॥ ੧੨੩ ॥**

ਜਿਸਤਰਾਂ ਪਾਣੀ ਤੋਂ ਬਿਨਾਂ ਮੱਛੀ ਦਾ ਜੀਉਣਾ ਕਦੋਂ ਅਤੇ ਦੁਧ ਤੋਂ ਬਿਨਾਂ ਬਾਲਕ ਦਾ ਰਹਿਣਾਂ ਕਦ ਹੋ ਸਕਦਾ ਹੈ ਭਾਵ ਇਹ ਦੋਵੇਂ ਇਨਹਾਂ ਦੋਹਾਂ ਵਸਤੂਆਂ ਬਿਨਾਂ ਨਹੀ ਰਹਿ ਸਕਦੇ ਹਨ ॥ ਗੁਰੂ ਜੀ,ਹੇ ਮਾਲਕ ਇਕੁਰ ਹੀ ਦਾਸਾਂ ਨੂੰ ਤੇਰਿਆਂ ਚਰਨਾਂ ਕਮਲਾਂ ਦੀ ਤੇਹ ਹੈ ਹੇ ਮਾਲਕ ਤੇਰਾ ਦਰਸ਼ਨ ਕਰਕੇ ਸਾਨੂੰ ਸਾਰੇ ਸੁਖ ਆ ਜਾਂਦੇ ਹਨ ॥

## ਬਿਲਾਵਲੁ ਮਹਲਾ ੫

**ਆਗੈ ਪਾਛੈ ਕੁਸਲੁ ਭਇਆ ॥ ਗੁਰਿ ਪੂਰੈ ਪੂਰੀ ਸਭ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ ॥ ੧ ॥ ਰਹਾਉ ॥**

ਹੁਣ ਸਾਨੂੰ ਅਗੇ ਪਿਛੇ ਭਾਵ ਹਰ ਵੇਲੇ ਜਾਂ ਲੋਕ ਪ੍ਰਲੋਕ ਵਿਚ ਹਰ ਤਰਾਂ ਨਾਲ ਅਨੰਦ ਹੋਇਆ ਹੈ ਪੂਰਿਆਂ ਗੁਰਾਂ ਨੇ ਸਾਡੀ ਲਜਿਆ ਹਰ ਤਰਾਂ ਨਾਲ ਪੂਰੀ ਰਖੀ ਹੈ ਅਤੇ ਮਾਲਕ ਨੇ ਵੀ ਸਾਡੇ ਉਤੇ ਆਪ ਹੀ ਕਿਰਪਾ ਕੀਤੀ ਹੈ ॥

**ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ ॥ ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ ॥ ੧ ॥**

ਉਸ ਮਾਲਕ ਨਾਲ ਸਾਡਾ ਮਨ ਤਨ ਮਿਲ ਰਿਹਾ ਹੈ ਏਸੇ ਲਈ ਸਾਡੇ ਮਨ ਤਨ ਦਾ ਦੁਖ ਦਰਦ ਸਾਰਾ ਦੂਰ ਹੋ ਗਿਆ ਹੈ ਸ਼ਾਂਤੀ ਨੂੰ ਪਾਕੇ ਅਨੰਦ ਨਾਲ ਮਾਲਕ ਦੇ

Digitized by Panjab Digital Library | www.panjabdigilib.org

ਗੁਣ ਗਾਂਦੇ ਹਾਂ ਏਸੇ ਲਈ ਸਾਡੇ ਚੁਗਲ ਖੋਰ ਵੈਰੀ ਸਾਰੇ ਹੀ ਨਾਸ ਹੋਗਏ ਹਨ॥

ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ॥ ਅਤੁਲ ਬਡਾਈ ਅਚੁਤ ਅਬਿਨਾਸੀ ਨਾਨਕੁ ਉਚਰੈ ਹਰਿ ਕੀ ਜਇਆ॥੨॥੮॥੧੨੪॥

ਮੇਰਾ ਗੁਣ ਔਗੁਣ ਮਾਲਕ ਨੇ ਕੁਛ ਨਹੀ ਵਿਚਾਰਿਆ ਹੈ ਕਿਰਪਾ ਕਰਕੇ ਮੈਨੂੰ ਆਪਣਾ ਦਾਸ ਕਰ ਲਿਆ ਹੈ॥ ਗੁਰੂ ਜੀ,ਅਗਿੜ ਨ ਮਟਨ ਵਾਲੇ ਮਾਲਕ ਦੀ ਅਤੋਲ ਵਡਿਆਈ ਹੈ ਅਸੀ ਉਸ ਮਾਲਕ ਦੀ ਸਦਾ ਹੀ ਜੈ ਕਰਦੇ ਰਹਿੰਦੇ ਹਾਂ ਭਾਵ ਧੰਨਵਾਦ॥

## ਬਿਲਾਵਲੁ ਮਹਲਾ ੫

ਬਿਨੁ ਭੈ ਭਗਤੀ ਤਰਨੁ ਕੈਸੇ॥ ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ॥੧॥ਰਹਾਉ॥

ਹੇ ਮਾਲਕ ਤੇਰੇ ਡਰ ਤੇ ਭਗਤੀ ਤੋਂ ਬਿਨਾ ਇਸ ਆਦਮੀ ਦਾ ਸੰਸਾਰ ਸਮੁੰਦਰ ਤੋਂ ਤਰਨਾ ਕਿਸਤਰਾਂ ਹੋਵੇ ਹੇ ਪਾਪੀਆਂ ਦੇ ਪਵਿਤ੍ਰ ਕਰਨ ਵਾਲੇ ਮਾਲਕ ਤੁਸੀ ਆਪ ਹੀ ਸਾਡੇ ਉਤੇ ਕਿਰਪਾ ਕਰੋ ਅਤੇ ਸਾਨੂੰ ਆਪਣੇ ਭਰੋਸੇ ਵਿਚ ਰਖੋ॥

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ॥ ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ।੧॥

ਇਸ ਆਦਮੀ ਨੂੰ ਤੇਰਾ ਸਿਮਰਨ ਕਰਨਾ ਨਹੀਂ ਆਉਂਦਾ ਹੈ ਅਤੇ ਵਿਸ਼ਿਆਂ ਵਿਚ ਰੱਤਾ ਹੋਇਆ ਹੈ ਹੰਕਾਰ ਵਿਚ ਮੱਤਾ ਹੋਇਆ ਹੈ ਇਕਰ ਫਿਰਦਾ ਹੈ ਜਿਕਰ ਬੂਹੇ ਬੂਹੇ ਕੁੱਤਾ ਭੌਂਦਾ ਫਿਰਦਾ ਹੈ॥ ਇਹ ਆਦਮੀ ਵਿਸ਼ਿਆਂ ਵਿਚ ਪ੍ਰੀਤੀ ਕਰਕੇ ਆਪਣੇ ਆਪ ਨੂੰ ਅਧਕ=ਬਹੁਤ ਹੀ ਮੁਹਾਵਤ=ਠਗਾਂਦੇ ਜਾਂਦੇ, ਪਾਪਾਂ ਨੂੰ ਕਮਾਂਦੇ ਹੋਏ ਉਮਰ ਨੂੰ ਬਤਾਂਦੇ ਇਕਰ ਹੀ ਡੁਬ ਗਏ ਹਨ॥

ਸਰਨਿ ਦੁਖਭੰਜਨ ਪੁਰਖ ਨਿਰੰਜਨ ਸਾਧੂਸੰਗਤਿ ਰਵਣੁ ਜੈਸੇ॥ ਕੇਸਵ ਕਲੇਸਨਾਸ ਅਘਖੰਡਨ ਨਾਨਕ ਜੀਵਤ ਦਰਸ ਦਿਸੇ॥ ॥੨॥੯॥੧੨੫॥

ਸਰਨ ਆਇਆਂ ਦੇ ਦੁਖ ਦੂਰ ਕਰਨ ਵਾਲੇ ਮਾਇਆ ਤੋਂ ਰਹਿਤ ਮਾਲਕ ਸਾਡੇ

Digitized by Panjab Digital Library | www.panjabdigilib.org

ਉਤੇ ਇਤਰ ਕਿਰਪਾਲ ਹੋ ਜਾਓ ਜਿਸਤਰਾਂ ਤੇਰੇ ਸਾਧ ਸੰਗਤ ਵਿਚ ਰਵਣ-ਚਲ ਕੇ ਜਾਵਾਂ ਜਾਂ ਨਾਮ ਬੋਲਾਂ ॥ ਗੁਰੂ ਜੀ, ਹੇ ਕੇਸਵ ਕਲੇਸ਼ਾਂ ਦੇ ਨਾਸ ਕਰਨ ਵਾਲੇ ਪਾਪਾਂ ਦੇ ਖੰਡਨ ਵਾਲੇ ਸਾਨੂੰ ਦਾਸਾਂ ਨੂੰ ਤੇਰਾ ਦਰਸਨ ਦਿਸੇ ਤਾਂ ਸਾਡਾ ਜੀਉਣਾ ਚੰਗਾ ਹੋਵੇਗਾ ॥

## ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯

## ੴ ਸਤਿਗੁਰਪ੍ਰਸਾਦਿ ॥

**ਆਪਹਿ ਮੇਲਿ ਲਏ ॥ ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥ ੧ ॥ ਰਹਾਉ ॥**

ਮਾਲਕ ਨੇ ਆਪਣੇ ਦਾਸ ਆਪੇ ਹੀ ਆਪਣੇ ਨਾਲ ਮੇਲ ਲਏ ਹਨ ॥ ਜਦੋਂ ਤੋਂ ਅਸੀ ਤੁਹਾਡੀ ਸ਼ਰਨ ਆਏ ਹਾਂ ਓਦੋਂ ਤੋਂ ਸਾਡੇ ਸਾਰੇ ਹੀ ਦੋਖ ਚਲੇ ਗਏ ਹਨ ॥

**ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥ ਜਪਿ ਜਪਿ ਨਾਮੁ ਤੁਮਾਰੋ ਪ੍ਰੀਤਮ ਤਨ ਤੇ ਰੋਗ ਖਏ ॥ ੧ ॥**

ਬਿਗਾਨੀ ਚਿੰਤਾ, ਸਰਬੰਧੀਆਂ ਦੇ ਪਾਲਣ ਦਾ ਫਿਕਰ ਅਤੇ ਹੰਕਾਰ ਨੂੰ ਛੱਡਕੇ ਹੁਣ ਅਸੀਂ ਸਾਧੂਆਂ ਦੀ ਸ਼ਰਨ ਪਏ ਹਾਂ ॥ ਹੇ ਪਿਆਰੇ ਤੁਹਾਡਾ ਨਾਮ ਜਪਕੇ ਸਾਡੇ ਤਨ ਤੋਂ ਸਾਰੇ ਰੋਗ ਦੂਰ ਹੋ ਗਏ ਹਨ ॥

**ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥ ੨ ॥ ੧ ॥ ੧੨੬ ॥**

ਅਸੀਂ ਵਡੇ ਮੂਰਖ ਬੇਸਮਝ ਅਗਿਆਨੀ ਸਾਂ ਤੁਸਾਂ ਕਿਰਪਾ ਕਰਕੇ ਰਖ ਲਏ ਹਾਂ ਭਾਵ ਰਖਿਆ ਹੈ ॥ ਗੁਰੂ ਜੀ, ਜਦੋਂ ਸਾਨੂੰ ਪੂਰਾ ਗੁਰੂ ਮਿਲਿਆ ਤਾਂ ਸਾਡਾ ਜਨਮ ਮਰਨ ਮਿਟ ਗਿਆ ॥

## ਬਿਲਾਵਲੁ ਮਹਲਾ ੫

**ਜੀਵਉ ਨਾਮੁ ਸੁਨੀ ॥ ਜਉ ਸੁ ਪ੍ਰਸੰਨ ਭਏ ਗੁਰਪੂਰੇ ਤਬ ਮੇਰੀ ਆਸ ਪੁਨੀ ॥ ੧ ॥ ਰਹਾਉ ॥**

ੴ੫੫



ਹੇ ਮਾਲਕ ਮੈਂ ਤੇਰਾ ਨਾਮ ਸੁਣਕੇ ਜੀਉਂਦਾ ਹਾਂ ਜਦੋਂ ਪੂਰੇ ਗੁਰੂ ਮੇਰੇ ਉਤੇ ਪ੍ਰਸੰਨ ਹੋ ਗਏ ਤਦੋਂ ਮੇਰੀ ਆਸਾ ਪੂਰੀ ਹੋਗਈ ॥

**ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ॥**
**ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥ ੧॥**

ਜਨਮ ਮਰਨ ਦੀ ਪੀੜਾ ਦੂਰ ਹੋ ਗਈ ਹੁਣ ਮੈਂ ਮਨ ਵਿਚ ਧੀਰਜਤਾ ਬੰਨ ਲਈ ਹੈ ਜੇਹੜੇ ਮਾਲਕ ਦੇ ਗੁਣਾਂ ਵਾਲੇ ਬਚਨ ਸਾਧੂ ਬੋਲਦੇ ਹਨ ਉਸ ਅਨੰਦ ਦਾਇਕ ਅਵਾਜ ਵਿਚ ਮੇਰਾ ਮਨ ਮੋਹਿਆ ਗਿਆ ਹੈ ॥ ਪਿਆਰੇ ਮਾਲਕ ਨੂੰ ਮਿਲਨ ਦਾ ਚਾ ਰਿਦੇ ਵਿਚ ਪੈਦਾ ਹੋਇਆ ਹੈ ਉਸ ਬਿਨਾ ਹੁਣ ਇਕ ਛਿਨ ਭਰ ਵੀ ਨਹੀਂ ਰਿਹਾ ਜਾਂਦਾ ਹੈ ।

**ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥**
**ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥ ੨ ॥ ੨ ॥ ੧੨੭ ॥**

ਜਿਸ ਮਾਲਕ ਨੇ ਅਨੇਕਾਂ ਅਨੇਕਾਂ ਭਗਤ ਜਨ ਤਾਰੇ ਹਨ ਅਤੇ ਅਨੇਕਾਂ ਮੁਨੀ ਜਿਸਨੂੰ ਯਾਦ ਕਰਦੇ ਹਨ ॥ ਗੁਰੂ ਜੀ, ਅੰਨਿਆਂ ਦਾ ਆਸਰਾ ਨਿਧਨਿਆਂ ਦਾ ਧਨ ਜੇਹੜਾ ਇੱਕਰ ਦੇ ਅਨੇਕਾਂ ਗੁਣਾਂ ਵਾਲਾ ਮਾਲਕ ਹੈ ਅਸਾਂ ਹੁਣ ਉਸਨੂੰ ਪਾ ਲਿਆ ਹੈ ॥

(ਛੋਟੀ ਵਡੀ ਸਖੀ ਪ੍ਰਸ਼ਨੋਤ੍ਰੀ)

## ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ

४३० ੧ ੴ ਸਤਿਗੁਰਪ੍ਰਸਾਦਿ ॥

**ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥**
**ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥ ੧ ॥ਰਹਾਉ॥**

ਛੋਟੀ ਸਖੀ ਵਡੀ ਸਖੀ ਤੋਂ ਪੁਛਦੀ ਹੈ ਹੇ ਭੈਣ ਮਾਲਕ ਦੇ ਵਿਛੋੜੇ ਕਰਕੇ ਮੈਨੂੰ ਨੀਂਦ ਨਹੀ ਆਉਂਦੀ ਹੈ ਏਸੇ ਲਈ ਮੈਂ ਹਾਹੁਕੇ ਭਾਵ ਉਚੇ ੨ ਸਾਸ ਲੈਂਦੀ ਹਾਂ ਉਸ ਮਾਲਕ ਦੇ ਮਿਲਨ ਵਾਸਤੇ ਮੈਂ ਨਾਮ ਦਾ ਜਪਣਾ ਹਾਰ, ਸਮਾਧੀ ਦਾ ਲਾਉਣਾ ਸੁਰਮਾ, ਪ੍ਰੇਮ ਦਾ ਕਰਨਾ ਕਪੜੇ,ਚੰਗ ਗੁਣਾਂ ਦੇ ਗਹਿਣੇ ਪਾਉਣੇ ਕੀਤੇ ਹਨ॥

Digitized by Panjab Digital Library | www.panjabdigilib.org

ਸਰਨਿ ਸੋਹਾਗਨਿ ਚਰਨ ਸੀਸੁ ਧਰਿ ॥
ਲਾਲਨੁ ਮੋਹਿ ਮਿਲਾਵਹੁ ॥ ਕਬ ਘਰਿ ਆਵੈ ਰੀ ॥ ੧ ॥

ਫਿਰ ਵੀ ਮੈਂ ਉਦਾਸ, ਉਦਾਸ ਉਦਾਸ ਹੀ ਰਹਿੰਦੀ ਹਾਂ, ਦਸ ਮਾਲਕ ਕਦੋਂ ਘਰ ਆਵੇਗਾ ਭਾਵ ਪ੍ਰਗਟ ਦਰਸ਼ਨ ਕਦੋਂ ਹੋਵੇਗਾ ॥

ਹੇ ਸੁਹਾਗਨ ਸੰਤ ਗਿਆਨ ਵਾਲਿਓ ਮੈਂ ਤੁਹਾਡੀ ਸ਼ਰਨ ਵਿਚ ਆਕੇ ਚਰਨਾਂ ਉਤੇ ਸਿਰ ਧਰਕੇ ਬੇਨਤੀ ਕਰਦੀ ਹਾਂ ਕਿ ਓਹ ਮੇਰਾ ਪਿਆਰਾ ਮਾਲਕ ਮੈਨੂੰ ਮਿਲਾਓ ਅਤੇ ਜਾਂ ਮੈਨੂੰ ਦਸੋ ਓਹ ਮੇਰਾ ਪਿਆਰ ਕਦੋਂ ਘਰ ਵਿਚ ਆਵੇਗਾ।

ਸੁਨਹੁ ਸਹੇਰੀ ਮਿਲਨਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥ ਤਬ ਰਸ ਮੰਗਲ ਗੁਨ ਗਾਵਹੁ ॥ ਆਨਦਰੂਪ ਧਿਆਵਹੁ ॥ ਨਾਨਕੁ ਦੁਆਰੈ ਆਇਓ ॥ ਤਉ ਮੈ ਲਾਲਨੁ ਪਾਇਓ ਰੀ ॥ ੨ ॥

ਸੁਹਾਗਨ ਇਸਤ੍ਰੀ ਸੰਤਾਂ ਨੇ ਆਖਿਆ ਹੇ ਸਖੀ ਤੈਨੂੰ ਮੈਂ ਮਾਲਕ ਨਾਲ ਮਿਲਨ ਦੀ ਗਲ ਦਸਦੀ ਹਾਂ ਜਦੋਂ ਤੂੰ ਸਾਰਾ ਹੰਕਾਰ ਮਿਟਾਵੇਂਗੀ ਤਾਂ ਰਿਦੇ ਘਰਵਿਚ ਪਿਆਰੇ ਨੂੰ ਪਾਵੇਂਗੀ। ਓਦੋਂ ਪ੍ਰੇਮ ਕਰਕੇ ਉਸਦੇ ਮੰਗਲ ਰੂਪ ਗੁਣਾਂ ਨੂੰ ਗਾਓਗੀ ਅਤੇ ਉਸ ਅਨੰਦ ਸਰੂਪ ਦਾ ਧਿਆਨ ਕਰੇਂਗੀ (ਫਿਰ ਮੈਂ ਓਨਾਂ ਸੁਹਾਗਣੀਆਂ ਤੋਂ ਇਕਰ ਦਾ ਉਪਦੇਸ਼ ਸੁਣਕੇ) ਜਦੋਂ ਮੈਂ ਸਾਧ ਸੰਗਤ ਦਰਵਾਜੇ ਉਤੇ ਆਇਆ ਤਦੋਂ ਮੈਂ ਪਿਆਰੇ ਮਾਲਕ ਨੂੰ ਪਾਇਆ। ਰੀ=ਹੇ ਸਖੀ ॥

ਮੋਹਨ ਰੂਪੁ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥ ਸਭ ਮੇਰੀ ਤਿਖਾ ਬੁਝਾਨੀ ॥ ਅਬ ਮੈ ਸਹਜਿ ਸਮਾਨੀ ॥ ਮੀਠੀਪਿਰਹਿ ਕਹਾਨੀ ॥ ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ॥ ੧ ॥ ੧੨੮ ॥

ਹੁਣ ਮੈਨੂੰ ਹਰ ਥਾਂ ਮਾਲਕ ਆਪਣਾ ਰੂਪ ਵਿਖਾਂਦਾ ਹੈ ਹੁਣ ਮੈਨੂੰ ਨੀਂਦ ਵੀ ਸੋਹਣੀ ਲਗਦੀ ਹੈ। ਹੁਣ ਮੇਰੀ ਸਾਰੀ ਤ੍ਰਿਸ਼ਨਾਂ ਅਗ ਬੁਝ ਗਈ ਹੈ ॥

ਕਿਉਂਕਿ ਹੁਣ ਮੈਂ ਸ਼ਾਂਤੀ ਸਰੂਪ ਵਿਚ ਸਮਾ ਗਈ ਹਾਂ। ਜਿਸ ਮਾਲਕ ਦੀ ਕਹਾਣੀ ਬੜੀ ਮਿਠੀ ਹੈ ਹੇ ਸਖੀ ਉਸ ਮਾਲਕ ਪਿਆਰੇ ਨੂੰ ਪਾ ਲਿਆ ਹੈ ॥

## ਬਿਲਾਵਲੁ ਮਹਲਾ ੫

ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥ ਰਾਚਹੁ ਨਾਥਹੀ ਸਹਾਈ ਸੰਤਨਾ ॥ ਅਬ ਚਰਨ ਗਹੇ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਮਾਲਕ ਦਾ ਦਰਸ਼ਨ ਪਾਂਦਿਆਂ ਹੀ ਮੇਰੀ ਹੰਗਤਾ ਜਾਂਦੀ ਰਹੀ ਹੈ। ਜੇਹੜਾ ਸੰਤਾਂ ਦਾ ਸਹਾਈ ਹੈ ਉਸ ਮਾਲਕ ਦੇ ਨਾਲ ਮੈਂ ਰਚਿਆ ਹੋਇਆ ਹਾਂ। ਹੁਣ ਉਸਦੇ ਚਰਨ ਫੜ ਲਏ ਹਨ॥

**ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ ॥ ਅਨਰਸ ਨਹੀ ਚਾਹੈ ਏਕੈ ਹਰਿ ਲਾਹੈ॥ ੧ ॥**

ਮੈਂ ਹੁਣ ਮਨ ਕਰਕੇ ਉਸੇ ਨੂੰ ਹੀ ਆਹੇ=ਚਾਹੁੰਦਾ ਹਾਂ ਹੋਰ ਕੁਛ ਨਹੀ ਭਾਂਦਾ ਹੈ ਜੇਹੜੇ ਉਸਦੇ ਪਵਿਤਰ ਚਰਨ ਹਨ ਓਹ ਮੇਰੇ ਦਿਲ ਵਿਚ ਆਉਣ ਇਕਰ ਮੈਂ ਬੇਨਤੀ ਕਰਦਾ ਹਾਂ ਅਤੇ ਉਸਦਿਆਂ ਚਰਨਾਂ ਵਿਚ ਮੇਰਾ ਮਨ ਇਕਰ ਲਗਾ ਰਹੇ ਜਿਕਰ ਭੌਰਾ ਕਮਲਾਂ ਦੀ ਮਕਰੰਦ=ਧੂੜੀ ਵਿਚ ਅਤੇ ਸੁਗੰਧੀ ਵਿਚ ਫਸ ਜਾਂਦਾ ਹੈ। ਇਕਰ ਹੀ ਹੁਣ ਮੇਰਾ ਮਨ ਹੋਰ ਕੁਛ ਨਹੀ ਚਾਹੁੰਦਾ ਹੈ ਇਕ ਮਾਲਕ ਦੇ ਨਾਮ ਦਾ ਹੀ ਲਾਹੈ=ਲਾਭ ਜਾਣਦਾ ਹੈ

**ਅਨ ਤੇ ਟੂਟੀਐ ਰਿਖ ਤੇ ਛੂਟੀਐ ॥**
**ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ॥ਅਨ ਨਾਹੀ ਨਾਹੀ ਰੇ ਨਾਨਕ ਪ੍ਰੀਤਿ ਚਰਨ ਚਰਨ ਹੇ ॥ ੨ ॥ ੨ ॥ ੧੨੯ ॥ ੧੪੬ ॥**

ਜਦੋਂ ਦਵੈਤ ਰੂਪ ਸੰਸਾਰਤੋਂ ਟੁਟੀਏ ਤਾਂ‡ਰਿਖ=ਇੰਦ੍ਰੀਆਂਤੋ ਜਾਂ ਜਮ ਤੋਂ ਛੁਟੀਦਾ ਹੈ ਮਨ ਵਿਚ ਮਾਲਕ ਦੇ ਰਸ ਦੀਆਂ ਘੁੱਟਾਂ ਲਈਏ ਸੰਤਾਂ ਦੇ ਨਾਲ ਰਲਕੇ ਸੰਸਾਰ ਤੋਂ ਉਲਟੀਏ ਭਾਵ ਹਟੀਏ ਅਤੇ ਮਾਲਕ ਵਾਲੇ ਪਾਸੇ ਹੋ ਜਾਈਏ ॥ ਹੇ ਭਰਾ ਦ੍ਵੈਤ ਵਾਲਾ ਸੰਸਾਰ ਕਿਸੇ ਵੇਲੇ ਵੀ ਸੱਚਾ ਨਹੀਂ ਹੈ ॥ ਗੁਰੂ ਜੀ,ਉਸ ਮਾਲਕ ਦੇ ਪਵਿਤ੍ਰ ਚਰਨਾਂ ਨਾਲ ਅਸਾਂ ਪ੍ਰੀਤੀ ਕੀਤੀ ਹੈ ਹੇ ਭਾਈ ਤੁਸੀ ਵੀ ਪ੍ਰੀਤੀ ਕਰੋ ॥

## ਰਾਗੁ ਬਿਲਾਵਲੁ ਮਹਲਾ ੯ ਦੁਪਦੇ

## ੴ ਸਤਿਗੁਰਪ੍ਰਸਾਦਿ ॥

**ਦੁਖ ਹਰਤਾ ਹਰਿਨਾਮੁ ਪਛਾਨੋ ।**

‡ਜਮ ਨੇ ਇਕ ਵਾਰੀ ਰਿਖੀ ਦਾ ਰੂਪ ਧਾਰਕੇ ਇਕ ਰਿਖੀ ਦੀ ਪ੍ਰੀਖਿਆ ਵਾਸਤੇ ਉਸ ਦੇ ਪਾਸ ਗਿਆ ਸੀ ਉਸ ਵੇਲੇ ਤੋਂ ਜਮ ਦਾ ਨਾਮ ਰਿਖੀ ਪੈ ਗਿਆ ਹੈ

Digitized by Panjab Digital Library | www.panjabdigilib.org

*ਅਜਾਮਲੁ ਗਨਕਾ ਜਿਹ ਸਿਮਰਤ
ਮੁਕਤਿ ਭਏ ਜੀਅ ਜਾਨੋ ॥ ੧ ॥ ਰਹਾਉ ॥

ਮਾਲਕ ਦਾ ਨਾਮ ਸਾਰਿਆਂ ਦੁਖਾਂ ਦੇ ਨਾਸ ਕਰਨ ਵਾਲਾ ਹੈ ਇਕਰ ਤੁਸੀ ਪਛਾਣੋ ॥ ਅਜਾਮਲ ਅਤੇ ਗਨਕਾ ਆਦਕ ਵਡੇ ਪਾਪੀ ਜਿਸ ਨਾਮ ਨੂੰ ਸਿਮਰਕੇ ਮੁਕਤੀ ਹੋ ਗਏ ਹਨ ਇਕਰ ਨਾਮ ਦਾ ਮਹਾਤਮ ਤੁਸੀ ਜੀਅ ਵਿਚ ਜਾਣੋ ॥

ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥
ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥ ੧ ॥

ਹਾਥੀ ਦੀ ਡਰ ਰੂਪ ਬਿਪਤਾ ਤਦੋਂ ਇਕ ਛਿਨ ਵਿਚ ਨਾਸ ਹੋ ਗਈ ਜਦੋਂ ਮਾਲਕ ਦੇ ਨਾਮ ਨੂੰ ਉਚਾਰਿਆ ॥ ਨਾਰਦ ਦਾ ਉਪਦੇਸ਼ ਕੀਤਾ ਹੋਇਆ ਧ੍ਰੂਉ ਬਾਲਕ ਸੁਣਦਿਆਂ ਹੀ ਭਾਵੇਂ ਬਾਲਕ ਉਮਰ ਹੀ ਸੀ ਪਰ ਮਾਲਕ ਦੇ ਭਜਨ ਵਿਚੋਂ ਉਸ ਦਾ ਮਨ ਲੱਗ ਗਿਆ ॥

ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥
ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥੨॥੧॥

ਉਸ ਨਾਮ ਦੇ ਜਪਣ ਨਾਲ ਧ੍ਰੂਉ ਨੇ ਅਹਿੱਲ ਤੇ ਨ ਨਾਸ ਹੋਣ ਵਾਲਾ ਡਰ ਤੋਂ ਰਹਿਤ ਵੱਡਾ ਥਾਂ ਪਾ ਲਿਆ ਜਿਸਨੂੰ ਵੇਖਕੇ ਸਾਰਾ ਜਗਤ ਹੈਰਾਨ ਹੁੰਦਾ ਜਾਂ ਹੋਇਆ ਹੈ ॥ ਗੁਰੂ ਜੀ, ਜੇਹੜਾ ਮਾਲਕ ਭਗਤਾਂ ਦੀ ਰਖਿਆ ਕਰਨ ਵਾਲਾ ਹੈ ਹੇ ਭਰਾਓ ਉਸਨੂੰ ਤੁਸੀ ਸਦਾ ਆਪਣੇ ਪਾਸ ਮੰਨੋ ॥

## ਬਿਲਾਵਲੁ ਮਹਲਾ ੯

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ ਭਗਤਿ ਬਿਨਾ ਸਹਸਾ ਨਹ ਚੂਕੈ ਗੁਰ ਇਹ ਭੇਦੁ ਬਤਾਵੈ ॥ ੧ ॥ ਰਹਾਉ॥

ਇਹ ਆਦਮੀ ਮਾਲਕ ਦੇ ਨਾਮ ਬਿਨਾ ਸਦਾ ਦਖ ਪਾਂਦਾ ਹੈ ॥ ਗੁਰੂ ਇਸ ਭੇਦ ਨੂੰ ਦੱਸਦੇ ਹਨ ਕਿ ਮਾਲਕ ਦੀ ਭਗਤੀ ਬਿਨਾ ਸੰਸਾ ਦੂਰ ਨਹੀਂ ਹੁੰਦਾ ਹੈ ॥

ਕਹਾ ਭਇਓ ਤੀਰਥ ਬ੍ਰਤ ਕੀਏ ਰਾਮਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥ ੧ ॥

---

*ਅਜਾ=ਵੇਸਵਾ ਨਾਲ ਮੇਲ ਕਰਨ ਨਾਲ਼ ਅਜਾਮਲ ਨਾਮ ਪੈ ਗਿਆ ਸੀ ॥

Digitized by Panjab Digital Library | www.panjabdigilib.org

ਕੀ ਹੋਇਆ ਜੇ ਤੀਰਥਾਂ ਉਤੇ ਜਾਕੇ ਇਸ਼ਨਾਨ ਤੇ ਬਰਤ ਆਦਕ ਰੱਖਣੇ ਕੀਤੇ ਸਾਰੇ ਹੀ ਕੰਮ ਕੁਛ ਨਹੀਂ ਹਨ, ਜਿੰਨਾਂ ਚਿਰ ਇਸ ਆਦਮੀ ਦਾ ਮਨ ਮਾਲਕ ਦੀ ਸ਼ਰਨ ਨਹੀਂ ਆਵੇਗਾ ॥ ਜੇਹੜਾ ਮਾਲਕ ਦੇ ਜਸ ਨੂੰ ਮਨ ਤੋਂ ਭੁਲਾਉਂਦਾ ਹੈ ਜੋਗ ਆਦਕ ਪ੍ਰਾਣਾਂ ਦੇ ਰੋਕਣ ਦਾ ਕੰਮ ਜੋਗ ਕਰਨਾ ਸਾਰੇ ਹੀ ਉਸਦੇ ਕੰਮ ਬਿਅਰਥ ਮੰਨੋ ॥

**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹਿਬਿਧਿ ਕੋ ਪ੍ਰਾਨੀ ਜੀਵਨਮੁਕਤਿ ਕਹਾਵੈ ॥ ੨ ॥ ੨ ॥**

ਇਸ ਲਈ ਮਾਨ ਅਤੇ ਮੋਹ ਦੋਹਾਂ ਵਿਕਾਰਾਂ ਨੂੰ ਛਡਕੇ ਜੇਹੜਾ ਪ੍ਰਮੇਸਰ ਦੇ ਗੁਣਾਂ ਨੂੰ ਗੌਂਦਾ ਹੈ ॥ ਗੁਰੂ ਜੀ, ਜੇਹੜਾ ਆਦਮੀ ਇਸ ਰੀਤੀ ਦੇ ਕਰਨ ਵਾਲਾ ਹੈ ਜਾਂ ਇਕੁਰ ਦਾ ਹੈ ਓਹ ਨਾਮ ਜਪਣ ਨਾਲ ਜੀਵਣ ਮੁਕਤੀ ਕਹਾਂਦਾ ਹੈ ॥

## 831 ਬਿਲਾਵਲੁ ਮਹਲਾ ੯

**ਜਾ ਮੈ ਭਜਨੁ ਰਾਮ ਕੋ ਨਾਹੀ ॥ ਤਿਹ ਨਰ ਜਨਮੁ ਅਕਾਰਥ ਖੋਇਆ ਯਹ ਰਾਖਹੁ ਮਨ ਮਾਹੀ ॥ ੧ ॥ ਰਹਾਉ ॥**

ਜਿਸ ਆਦਮੀ ਦੇ ਮਨ ਵਿਚ ਮਾਲਕ ਦਾ ਭਜਨ ਨਹੀਂ ਹੈ ॥ ਉਸ ਮਨੁਖ ਨੇ ਇਹ ਮਨੁਖ ਜਨਮ ਬਿਅਰਥ ਹੀ ਗਵਾ ਲਿਆ ਹੈ ਇਸ ਗਲ ਨੂੰ ਮਨ ਵਿਚ ਪੱਕ ਯਾਦ ਰਖੋ ਕਿ ਓਹ ਬੁਰਾ ਹੈ ॥

**ਤੀਰਥ ਕਰੈ ਬ੍ਰਤਿ ਫੁਨਿ ਰਾਖੈ ਨਹ ਮਨੂਆ ਬਸਿ ਜਾਕੋ ॥ ਨਿਹਫਲ ਧਰਮ ਤਾਹਿ ਤੁਮ ਮਾਨੋ ਸਾਚੁ ਕਹਤ ਮੈ ਯਾਕਉ ॥ ੧ ॥**

ਤੀਰਥਾਂ ਦੇ ਇਸ਼ਨਾਨ ਵੀ ਕਰੇ ਅਤੇ ਵਰਤ ਵੀ ਰਖੇ ਪਰ ਜਿਸਦਾ ਮਨ ਆਪ ਣੇ ਵਸ ਨਹੀਂ ਹੈ ॥ ਤਾਂ ਉਸਦੇ ਸਾਰੇ ਧਰਮ ਕੀਤੇ ਹੋਇ ਬਿਅਰਥ ਮੰਨੋ ਅਸੀਂ ਇਸ ਗਲ ਨੂੰ ਸਚ ਆਖਦੇ ਹਾਂ ਭਾਵ ਪ੍ਰੀਤ ਬਿਨਾ ਸਾਰੇ ਕੰਮ ਬੇ ਅਰਥ ਹਨ ॥

**ਜੈਸੇ ਪਾਹਨਿ ਜਲ ਮਹਿ ਰਾਖਿਓ ਭੇਦੈ ਨਾਹਿ ਤਿਹਿ ਪਾਨੀ ॥ ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿ ਹੀਨ ਜੋ ਪ੍ਰਾਨੀ ॥ ੨ ॥**

ਜਿਸਤਰਾਂ ਪੱਥਰ ਨੂੰ ਪਾਣੀ ਵਿਚ ਕਿਤਨਾ ਹੀ ਚਿਰ ਰਖਿਆ ਹੈ ਪਰ ਉਸ ਪੱਥਰ ਨੂੰ ਪਾਣੀ ਭੇਦ ਨਹੀਂ ਕਰ ਸਕਦਾ ਹੈ ਭਾਵ ਵਿਚ ਨਹੀ ਜਾ ਸਕਦਾ ਹੈ, ਪੱਥਰ ਪਾਣੀ

Digitized by Panjab Digital Library | www.panjabdigilib.org

ਨਾਲ ਭਿਜਦਾ ਨਹੀਂ ਹੈ ॥ ਇਕਰ ਹੀ ਜੇਹੜਾ ਆਦਮੀ ਭਗਤੀ ਤੋਂ ਬਿਨਾ ਹੈ ਉਸਨੂੰ ਓਸਿਤਰਾਂ ਪੱਥਰ ਵਾਂਗੂੰ ਸਮਝੋ ਭਾਵ ਕਰੜੇ ਦਿਲ ਵਾਲਾ ॥

**ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ ॥**
**ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥ ੨ ॥ ੩ ॥**

ਇਸ ਕਲਜੁਗ ਦੇ ਸਮੇਂ ਵਿਚ ਨਾਮ ਜਪਨ ਨਾਲ ਹੀ ਇਹ ਆਦਮੀ ਮੁਕਤੀ ਪਾਂਦਾ ਹੈ ਇਸ ਭੇਤ ਨੂੰ ਗੁਰੂ ਦਸਦੇ ਹਨ ॥ ਗੁਰੂ ਜੀ,ਓਹ ਆਦਮੀ ਬੜਾ ਭਾਰਾ ਪੂਜ ਨੀਕ ਹੈ ਜੇਹੜਾ ਮਾਲਕ ਦੇ ਗੁਣ ਗਾਂਦਾ ਹੈ ॥

(ਨਾਮ ਜਪਨ ਦੀ ਵਡਿਆਈ)

## ਬਿਲਾਵਲੁ ਅਸਟਪਦੀਆਂ ਮਹਲਾ ੧ ਘਰੁ ੧੦

## ੧ ਓ ਸਤਿਗੁਰਪ੍ਰਸਾਦਿ ॥

**ਨਿਕਟਿ ਵਸੈ ਦੇਖੈ ਸਭੁ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦ ਰਤੇ ਸਦਾ ਸੁਖੁ ਹੋਈ ॥ ੧ ॥**

ਜੇਹੜਾ ਮਾਲਕ ਸਾਰਿਆਂ ਦੇ ਪਾਸ ਵੱਸਦਾ ਹੈ ਅਤੇ ਸਾਰਿਆਂ ਦੇ ਕੰਮਾਂ ਨੂੰ ਵੇਖਦਾ ਹੈ ਪਰ ਉਸਦੇ ਸਰੂਪ ਨੂੰ ਕੋਈ ਵਿਰਲਾ ਗੁਰਮੁਖ ਹੀ ਸਮਝ ਸੱਕਦਾ ਹੈ ॥ ਉਸ ਮਾਲਕ ਦਾ ਡਰ ਮਨ ਵਿਚ ਆਇਆਂ ਬਿਨਾ ਉਸਦੀ ਭਗਤੀ ਨਹੀਂ ਹੁੰਦੀ ਹੈ ਜੇਹੜੇ ਗੁਰਾਂ ਦੇ ਉਪਦੇਸ਼ ਵਿਚ ਰਤੇ ਹਨ ਓਨਾਂ ਨੂੰ ਸਦਾ ਸੁਖ ਦੀ ਪ੍ਰਾਪਤੀ ਹੋਈਹੈ ॥

**ਐਸਾ ਗਿਆਨੁ ਪਦਾਰਥੁ ਨਾਮੁ ॥**
**ਗੁਰਮੁਖਿ ਪਾਵਸ ਰਸਿ ਰਸਿ ਮਾਨੁ ॥ ੧ ॥ ਰਹਾਉ ॥**

ਹੇ ਭਰਾ ਨਾਮ ਪਦਾਰਥਨੂੰ ਇੱਕਰ ਦਾ ਗਿਆਨ=ਜਾਣ ਗੁਰਮੁਖ ਹੀ ਉਸ ਨਾਮ ਵਿਚ ਰਸ=ਪ੍ਰੇਮ ਕਰਕੇ ਤੇ ਰਸ ਲੈਣ ਵਾਲੇ ਹੋਕੇ ਆਦਰ ਪਾਂਦੇ ਹਨ ॥

**ਗਿਆਨੁ ਗਿਆਨੁ ਕਥੈ ਸਭੁਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥ ੨ ॥**

ਗਿਆਨ ਗਿਆਨ ਦੀਆਂ ਗੱਲਾਂ ਤਾਂ ਹਰ ਕੋਈ ਮੂਹੋਂ ਕਥਨ ਕਰਦਾ ਹੈ ਪਰ ਕਥ

Digitized by Panjab Digital Library | www.panjabdigilib.org

ਕਥ ਕੇ ਝਗੜਾ ਹੀ ਕਰਦੇ ਹਨ ਉਸਤੋਂ ਦੁਖ ਹੀ ਹੁੰਦਾ ਹੈ। ਚੰਗੀਆਂ ਗਲਾਂ ਨੂੰ ਕਥਨ ਤਾਂ ਹਰ ਕੋਈ ਕਰਦਾ ਹੈ ਪਰ ਇਸ ਆਖਣ ਉਤੇ ਰਹਿੰਦਾ ਕੋਈ ਵਿਰਲਾ ਹੀ ਭਾਵ ਰਹਿੰਦਾ ਕੋਈ ਨਹੀ ਹੈ॥ ਪ੍ਰੇਮ ਰਸ ਵਿਚ ਰਤਿਆਂ ਬਿਨਾਂ ਮੁਕਤੀ ਕਦੀ ਵੀ ਨਹੀ ਹੁੰਦੀ ਹੈ॥

**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ ੩॥**

ਸਾਰਾ ਗਿਆਨ ਧਿਆਨ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ॥ ਗੁਰਮੁਖਾਂ ਦੀ ਸਚੀ ਹੀ ਰਹਿਤ ਹੈ ਕਿਉਂਕਿ ਓਨਾਂ ਨੇ ਮਨ ਵਿਚ ਉਸ ਸਚੇ ਨੂੰ ਚੇਤੇ ਕੀਤਾ ਹੈ। ਮਨਮੁਖ ਦੀ ਜਬਾਨੀ ਕਥਨੀ ਤਾਂ ਹੈ ਪਰ ਉਸ ਕਥਨੀ ਉਤੇ ਰਹਿਤ ਨਹੀ ਹੋਈ ਹੈ। ਮਨਮੁਖ ਮਾਲਕ ਦੇ ਨਾਮ ਤੋਂ ਭੁਲੇ ਹੋਏ ਹਨ ਓਨਾਂ ਨੂੰ ਅਰਾਮ ਨਾਲ ਟਿਕਣ ਦਾ ਕੋਈ ਥਾਂ ਨਹੀ ਹੈ॥

**ਮਨੁ ਮਾਇਆ ਬੰਧਿਓ ਸਰ ਜਾਲਿ॥ ਘਟਿ ਘਟਿ ਬਿਆਪ ਰਹਿਓ ਬਿਖੁ ਨਾਲਿ॥ ਜੋ ਆਂਜੈ ਸੋ ਦੀਸੈ ਕਾਲਿ॥ ਕਾਰਜੁ ਸੀਧੋ ਰਿਦੈ ਸਮਾਲਿ॥ ੪॥**

ਜੇਹੜੀ ਮਾਇਆ ਜਾਲ ਦੇ ਸਰ-ਬਰਾਬਰ ਹੈ ਉਸ ਵਿਚ ਉਸ ਮਨਮੁਖ ਦਾ ਮਨ ਬੰਨਿਆਂ ਹੋਇਆ ਹੈ। ਸਾਰਿਆਂ ਜੀਆਂ ਦਾ ਦਿਲ ਵਿਸ਼ਿਆਂ ਵਿਚ ਮਿਲਿਆ ਹੋਇਆ ਹੈ ਜਾਂ ਮਾਲਕ ਘਟਾਂ ੨ ਵਿਚ ਮਿਲਿਆ ਹੋਇਆ ਹੈ॥ ਪ੍ਰਸ਼ਨ--ਪਤਾ ਕਿਉਂ ਨਹੀ ਲਗਦਾ? ਉਤਰ—ਆਦਮੀ ਦਾ ਦਿਲ ਵਿਸ਼ਿਆਂ ਨਾਲ ਢਕਿਆ ਹੋਇਆ ਹੈ॥ ਹੇ ਭਰਾ ਜੇਹੜਾ ਆਂਜੈ=ਆਇਆ ਭਾਵ ਜੰਮਿਆ ਹੈ ਉਸਦਾ ਕਾਲ ਹੋਇਆ ਦੀਹਦਾ ਹੈ ਭਾਵ ਮਰਦਾ ਦੇਖੀਦਾ ਹੈ ਜਾਂ ਉਸਨੇ ਜਰੂਰ ਮਰਨਾ ਹੈ ਜਾਂ ਜੇਹੜਾ ਆਂਜੈ=ਅਜ ਹੈ ਓਹ ਕਲ ਦਿਸੇਗਾ ਭਾਵ ਨਹੀ ਦਿਸੇਗਾ ਜਿਨਾਂ ਨੇ ਉਸ ਮਾਲਕ ਦਾ ਨਾਮ ਦਿਲ ਵਿਚ ਸੰਭਾਲਿਆ ਹੈ ਓਨਾਂ ਦਾ ਹੀ ਕੰਮ ਸਿਧਾ ਹੋਇਆ ਹੈ॥

**ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥ ਆਪੇ ਕਰਤੈ ਭਗਤਿ ਕਰਾਈ॥ ਗੁਰਮੁਖਿ ਆਪੇ ਦੇ ਵਡਿਆਈ॥੫॥**

ਅਸਲ ਗਿਆਨੀ ਓਹ ਹੈ ਜਿਸਨੇ ਗੁਰੂ ਦੇ ਉਪਦੇਸ਼ ਨਾਲ ਪ੍ਰੀਤੀ ਲਾਈ

Digitized by Panjab Digital Library | www.panjabdigilib.org

ਹੈ ਮਨਮੁਖਾਂ ਨੇ ਹੰਗਤਾ ਕਰਕੇ ਆਪਣੀ ਇਜ਼ਤ ਗਵਾਈ ਹੈ ਜਿਨਾਂ ਤੋਂ ਆਪ ਹੀ ਮਾਲਕ ਨੇ ਭਗਤੀ ਕਰਾਈ ਹੈ ॥ ਓਨਾਂ ਗੁਰਮੁਖਾਂ ਨੂੰ ਆਪ ਹੀ ਮਾਲਕ ਵਡਿਆਈ ਦਿੰਦਾ ਹੈ ॥

**ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥ ੬ ॥**

ਇਹ ਅਵਸਥਾ ਰੂਪ ਰਾਤ ਪਾਪਾਂ ਕਰਕੇ ਅੰਨੀ ਕਾਣੀ ਬੋਲੀ ਹੋ ਰਹੀ ਹੈ ਇਸ ਵਿਚ ਜਿਨਾਂ ਨੇ ਨਿਰਮਲ ਨਾਮ ਜਪਿਆ ਹੈ, ਓਨਾਂ ਨੂੰ ਜੋਤੀ ਮਾਲਕ ਦਾ ਚਾਨਣ ਹੋਗਿਆ ਹੈ ਅਤੇ ਜੇਹੜੇ ਨਾਮ ਤੋਂ ਬਿਨਾ ਹਨ ਓਹ ਆਦਮੀ ਝੂਠੇ ਹਨ ਅਤੇ ਓਨਾਂ ਦੀ ਚਾਲ ਚਲਨੀ ਖੋਟੀ ਹੈ ਓਨਾਂ ਨਾਲ ਛੋਹਣਾ ਵੀ ਖੋਟਾ ਹੈ ਭਾਵ ਓਨਾਂ ਨਾਲ ਮਿਲਿਆਂ ਪਾਪੀ ਹੋ ਜਾਈਦਾ ਹੈ ॥ ਜਿਸ ਭਗਤੀ ਨੂੰ ਬੇਦ=ਗਿਆਨ ਵਾਨ ਭਗਤ ਪੁਕਾਰ ਦੇ ਹਨ ਉਸਨੂੰ ਸੁਣੋ ਭਾਵ ਭਗਤੀ ਕਰੋ। ਜੇਹੜੇ ਭਗਤੀ ਨੂੰ ਸੁਣ ਸੁਣਕੇ ਮੰਨਦੇ ਹਨ ਓਹ ਸਾਰਿਆਂ ਵਿਚ ਮਾਲਕ ਦੀ ਪੂਰਨ ਜੋਤ ਵੇਖਦੇ ਹੈਨ ॥

**ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥ ੭ ॥**

ਸਾਰੀਆਂ ਧਾਰਮਕ ਪੁਸਤਕਾਂ ਨਾਮ ਨੂੰ ਪੱਕਾ ਕਰਾਂਦੀਆਂ ਹਨ ਗੁਰਮੁਖਾਂ ਨੂੰ ਨਾਮ ਜਪਕੇ ਸ਼ਾਂਤੀ ਹੋਈ ਹੈ ਅਤੇ ਕਰਮ ਵੀ ਓਨਾਂ ਦੇ ਚੰਗੇ ਹੋ ਗਏ ਹਨ। ਕਿਸੇ ਜਗਾ ਕਲਾਮੰ ਪਾਠ ਵੀ ਹੁੰਦਾ ਹੈ ਓਥੇ ਕਲਾਮੰ ਦਾ ਕਲਾਮ ਅਰਥ ਕਰਨਾ ਹੈ ਭਾਵ ਓਨਾਂ ਦੀ ਬਾਣੀ ਚੰਗੀ ਹੈ ॥ ਮਨਮੁਖ ਜੂਨੀਆਂ ਦੇ ਦੁਖਾਂ ਨੂੰ ਸਹਾਰਦੇ ਹਨ ਗੁਰਮੁਖਾਂ ਨੇ ਇਕ ਨਾਮ ਦਿਲ ਵਿਚ ਵਸਾਇਆ ਹੈ ਇਸ ਲਈ ਓਨਾਂ ਦੇ ਸਾਰੇ ਬੰਧਨ ਟੁਟ ਗਏ ਹਨ ॥

**ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ॥ ॥ ੮ ॥ ੧ ॥**

ਜਿਨਾਂ ਨੇ ਨਾਮ ਨੂੰ ਮੰਨਿਆਂ ਹੈ ਓਨਾਂ ਦੀ ਸੱਚੀ ਇਜਤ ਹੁੰਦੀ ਹੈ ਅਤੇ ਸੰਸਾਰ ਵਿਚ ਪੂਜਾ ਵੀ ਹੁੰਦੀ ਹੈ ਜਾਂ ਸਚੀ=ਅਪਛਰਾਂ ਦਾ ਪਤੀ ਇੰਦ੍ਰ ਵੀ ਓਨਾਂ ਦੀ ਸੇਵਾ

Digitized by Panjab Digital Library | www.panjabdigilib.org

ਕਰਦਾ ਹੈ ॥ ਗੁਰੂ ਜੀ ਆਖਦੇ ਹਨ ਮੈਂ ਉਸ ਮਾਲਕ ਤੋਂ ਬਿਨਾ ਹੋਰ ਕਿਸ ਨੂੰ ਵੇਖਾਂ ਕਿਉਂਕਿ ਉਸਤੋਂ ਬਿਨਾ ਹੋਰ ਕੋਈ ਦੂਸਰਾ ਨਹੀ ਹੈ ॥ ਓਸੇ ਨੂੰ ਹੀ ਵੇਖਦਾ ਹਾਂ ਓਸੇ ਦੇ ਹੀ ਜਸ ਨੂੰ ਮੂੰਹੋਂ ਆਖਦਾ ਹਾਂ ਅਤੇ ਓਹੋ ਹੀ ਮੇਰੇ ਮਨ ਨੂੰ ਭਾਂਦਾ ਹੈ ਉਸਤੋਂ ਬਿਨਾ ਹੋਰ ਕੋਈ ਨਹੀਂ ਹੈ ॥

(ਸੰਸਾਰ ਝੂਠਾ ਹੈ)

## ਬਿਲਾਵਲੁ ਮਹਲਾ ੧

**ਮਨ ਕਾ ਕਹਿਆ ਮਨਸਾ ਕਰੈ। ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥ ੧ ॥**

ਇਸ ਮਨ ਦਾ ਆਖਿਆ ਹੋਇਆ ਅਕਲ ਕਰ ਲੈਂਦੀ ਹੈ ॥ ਇਹ ਮਨ ਪਾਪ ਤੇ ਪੁੰਨ ਹੀ ਆਖਦਾ ਹੈ ਭਾਵ ਪਾਪਾਂ ਪੁੰਨਾਂ ਨੂੰ ਕਰਦਾ ਹੈ ॥ ਮਾਇਆ ਦੇ ਹੰਕਾਰ ਵਿਚ ਮਤੇ ਹੋਏ ਇਸ ਆਦਮੀ ਨੂੰ ਤ੍ਰਿਪਤੀ ਨਹੀਂ ਆਉਂਦੀ ਹੈ ਭਾਵ ਰਜਦਾ ਨਹੀਂ ਹੈ। ਜਿਨਾਂ ਦੇ ਮਨ ਵਿਚ ਸਚਾ ਨਾਮ ਭਾਂਦਾ ਹੈ ਓਹ ਤ੍ਰਿਪਤ ਹੋਕੇ ਮੁਕਤ ਹੋ ਜਾਂਦਾ ਹੈ ਭਾਵ ਰੱਜ ਜਾਂਦਾ ਹੈ ਤੇ ਤਰ ਜਾਂਦਾ ਹੈ ॥

**ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥ ੧ ॥ ਰਹਾਉ ॥**

ਤਨ, ਧਨ, ਇਸਤ੍ਰੀ ਆਦਿਕ ਪਦਾਰਥਾਂ ਨੂੰ ਵੇਖਕੇ ਇਹ ਆਦਮੀ ਹੰਕਾਰ ਕਰਦੇ ਹਨ ਪਰ ਨਾਮ ਤੋਂ ਬਿਨਾ ਇਹਨਾਂ ਪਦਾਰਥਾਂ ਵਿਚੋਂ ਨਾਲ ਕੋਈ ਨਹੀਂ ਜਾਣਾ ਹੈ ॥

**ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥ ੨ ॥**

ਮਨ ਦੀਆਂ ਖੁਸ਼ੀਆਂ ਰਸਾਂ ਦਾ ਭੋਗਣਾ ਕਰੀਦਾ ਹੈ ਓੜਕ ਨੂੰ ਧਨ ਲੋਕਾਂ ਦਾ ਹੋ ਜਾਵੇਗਾ ਅਤੇ ਸਰੀਰ ਸੁਆਹ ਦੀ ਢੇਰੀ ਹੋ ਜਾਵੇਗਾ ॥ ਜੇਹੜਾ ਸਰੀਰ ਮਿੱਟੀ ਤੋਂ ਬਣਿਆਂ ਹੋਇਆ ਹੈ ਓਹ ਮਿੱਟੀ ਵਿਚ ਰਲ ਜਾਂਦਾ ਹੈ ਅਤੇ ਫੈਲ=ਕਰਮ ਕੀਤੇ ਹੋਇ ਇਸ ਆਦਮੀ ਦੇ ਨਾਲ ਜਾਂਦੇ ਹਨ ਗੁਰ ਉਪਦੇਸ਼ ਬਿਨਾਂ ਰਾਗ ਦ੍ਵੈਖ ਦੀ ਮੈਲ ਨਹੀਂ ਉਤਰਦੀ ਹੈ ॥

Digitized by Panjab Digital Library | www.panjabdigilib.org

ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥ ੩ ॥

ਜੇਹੜੇ ਤਾਲਾਂ ਵਾਲੇ ਗੌਣ=ਰਾਗ ਘਨ=ਬਹੁਤ ਹਨ ; ਓਹ ਸਾਰੇ ਹੀ ਕੂਰੇ=ਝੂਠੇ ਹਨ ਜਿੰਨਾ ਚਿਰ ਆਦਮੀ ਤਿੰਨਾਂ ਗੁਣਾਂ ਦੇ ਅੰਦਰ ਹੈ ਓਨਾਂ ਚਿਰ ਇਸ ਆਦਮੀ ਵਿਚ ਖੋਟੀ ਅਕਲ ਹੈ ਓਨਾਂ ਚਿਰ ਜੰਮਦਾ ਮਰਦਾ ਹੈ ਤੇ ਮਾਲਕ ਤੋਂ ਦੂਰ ਰਹਿੰਦਾ ਹੈ ਜਿੰਨਾ ਚਿਰ ਮਨਮੁਖ ਆਦਮੀਆਂ ਦਾ ਦਰਦ ਰੋਗ ਨਹੀ ਜਾਂਦਾ ਹੈ ।ਅਤੇ ਗੁਰਮੁਖ ਮਾਲਕ ਦੇ ਗੁਣ ਗੌਣ ਦਾ ਦਾਰੂ ਲੈ ਕੇ ਉਸ ਦਰਦ ਤੋਂ ਛੁਟ ਗਏ ਹਨ ।

ਧੋਤੀਊਜਲ ਤਿਲਕੁ ਗਲਿ ਮਾਲਾ॥ਅੰਤਰਿ ਕ੍ਰੋਧੁ ਪੜਹਿ ਨਟਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥ ੪ ॥

ਬਾਹਰੋਂ ਇਕਰ ਦਾ ਭੇਖ ਸੋਹਣਾ ਹੈ, ਧੋਤੀ, ਮਥੇ ਉਤੇ ਤਿਲਕ ਗਲ ਵਿਚ ਮਾਲਾ ਪਾਈ ਹੈ ॥ ਦਿਲ ਅੰਦਰ ਗੁਸਾ ਹੈ ਤਾਂ ਇਹ ਸਾਰਾ ਕੰਮ ਬਿਅਰਥ ਹੈ, ਇਕਰ ਬਿਅਰਥ ਹੈ ਜਿਸਤਰਾਂ ਕੋਈ ਨਟਾਂ ਦੇ ਥਾਂ ਵਿਚ ਜਾਕੇ ਓਨਾਂ ਦੀ ਵਿਦਯਾ ਪੜ੍ਹ ਲਏ ਭਾਵ ਸਾਂਗ ਬਣ ਜਾਵੇ ਭਾਵ ਓਨਾਂ ਦੇ ਸਾਰੇ ਕੰਮ ਛਲ ਵਾਲੇ ਹਨ । ਨਾਮ ਨੂੰ ਵਿਸਾਰਕੇ ਓਨਾਂ ਨੇ ਮਾਇਆ ਰੂਪ ਅਮਲ ਨੂੰ ਪੀਤਾ ਹੈ । ਗੁਰਾਂ ਦੀ ਭਗਤੀ ਤੋਂ ਬਿਨਾ ਕਦੀ ਕਿਸੇ ਨੂੰ ਸੁਖ ਨਹੀ ਹੋਇਆ ਹੈ (ਗੁਰਾਂ ਤੋਂ ਬਿਮੁਖਤਾ ਦਾ ਫਲ)

ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ । ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥ ੫ ॥

ਸੂਰ, ਕੁਤੇ, ਖੋਤੇ, ਬਿਲੇ ਆਦਿਕ ਪਸੂ, ਮਲੇਛ=ਬਹੁਤ ਮੈਲੇ ਨੀਚ ਚੰਡਾਲ ਹਨ ਭਾਵ ਬਹੁਤ ਨੀਚ ਹਨ । ਜੇਹੜੇ ਗੁਰੂ ਤੋਂ ਮੂੰਹ ਭੁਆਂਦੇ ਹਨ ਓਨਾਂ ਨੂੰ ਇਨਾਂ ਜੂਨੀਆਂ ਦੇ ਵਿਚ ਭੁਆਇਆ ਜਾਂਦਾ ਹੈ । ਮਾਇਆ ਦੇ ਬੰਨਣਾਂ ਦਾ ਬੰਨਿਆਂ ਹੋਇਆ ਆਦਮੀ ਜੰਮਦਾ ਮਰਦਾ ਰਹਿੰਦਾ ਹੈ ॥

ਗੁਰਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥

Digitized by Panjab Digital Library | www.panjabdigilib.org

832



ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬

ਇਹ ਆਦਮੀ ਗੁਰੂ ਦੀ ਸੇਵਾ ਕਰਕੇ ਗਿਆਨ ਪਦਾਰਥ ਲੈਂਦਾ ਹੈ ॥ ਦਿਲ ਵਿਚ ਨਾਮ ਔਣ ਨਾਲ ਸਦਾ ਹੀ ਕਲਿਆਣ ਰੂਪ ਹੋ ਜਾਂਦਾ ਹੈ ਉਸਨੂੰ ਫਿਰ ਸੱਚੀ ਦਰਗਾਹ ਵਿਚ ਪੁਛ ਨਹੀਂ ਹੁੰਦੀ ਹੈ ॥ ਜੇਹੜੇ ਗੁਰਾਂ ਦਾ ਹੁਕਮ ਮੰਨਦੇ ਹਨ ਓਹ ਦਰਗਾਹ ਵਿਚ ਸਿਝ ਭਾਵ ਕਲਿਆਣ ਰੂਪ ਹੋ ਜਾਂਦੇ ਹਨ ॥

ਸਤਿਗੁਰ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥ ੭ ॥

ਜੇ ਗੁਰੂ ਮਿਲਨ ਤੇ ਤਾਂ ਇਹ ਆਦਮੀ ਉਸ ਮਾਲਕ ਦੇ ਹੁਕਮ ਨੂੰ ਪਛਾਣਦਾ ਹੈ ਫਿਰ ਉਸ ਮਾਲਕ ਨੂੰ ਜਾਣਦਾ ਹੈ ॥ ਜਿਨਾਂ ਨੇ ਹੁਕਮ ਪਛਾਣਿਆਂ ਹੈ ਓਨਾਂ ਦਾ ਸਚੇ ਦੇ ਦਰਵਾਜੇ ਅੰਦਰ ਵਾਸਾ ਹੋਇਆ ਹੈ ॥ ਗੁਰ ਉਪਦੇਸ਼ ਕਰਕੇ ਓਨਾਂ ਦੇ ਜਨਮ ਮਰਨ ਨਾਸ ਹੋ ਗਏ ਹਨ ॥ ਬਿਕਾਲ=ਜਨਮ । ਕਾਲ=ਮਰਨ ॥

ਰਹੈ ਅਤੀਤੁ ਜਾਣੈ ਸਭੁ ਤਿਸਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥ ੮ ॥ ੨ ॥

ਸਭ ਕੁਛ ਉਸ ਮਾਲਕ ਦਾ ਦਿਤਾ ਹੋਇਆ ਜਾਣਕੇ ਆਪ ਤਿਆਗੀ ਰਹਿੰਦਾ ਹੈ ਜਿਸਦਾ ਇਹ ਤਨ ਮਨ ਹੈ ਉਸਨੂੰ ਦੇ ਦੇਂਦਾ ਹੈ ਨ ਓਹ ਆਉਂਦਾ ਹੈ ਨ ਓਹ ਜਾਂਦਾ ਹੈ ॥ ਗੁਰੂ ਜੀ, ਓਹ ਗੁਰਮੁਖ ਸਚਾ ਹੋਕੇ ਸਚੇ ਨਾਲ ਮਿਲ ਜਾਂਦਾ ਹੈ ॥

## ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦

ੴ ਸਤਿਗੁਰਪ੍ਰਸਾਦਿ ॥

ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥ ੧ ॥

Digitized by Panjab Digital Library | www.panjabdigilib.org

ਇਹ ਜਗੁ=ਆਦਮੀ ਕਾਂ ਵਰਗਾ ਪਾਪਾਂ ਨਾਲ ਕਾਲਾ ਹੋਇਆ ਹੋਇਆ ਹੈ ਅਤੇ ਜੇਹੜਾ ਮੂੰਹੋਂ ਗਿਆਨ ਕਰਦਾ ਹੈ ਇਹ ਚੁੰਜ ਹੈ ਭਾਵ ਧਾਰਨਾਂ ਤੋਂ ਬਿਨਾ ਜੀਆਂ ਵਿਚ ਗਿਆਨ ਹੈ॥ ਦਿਲ ਅੰਦਰ ਲੋਭ ਤੇ ਝੂਠ, ਹੰਕਾਰ ਆਦਕ ਵਿਕਾਰ ਵਰਤਦੇ ਹਨ॥ ਨਾਮ ਤੋਂ ਬਿਨਾ ਇਸ ਅਦਮੀ ਦਾ ਓੜਕ ਨੂੰ ਪਾਜ=ਵਿਖਾਵਾ ਲਹਿ ਜਾਵੇਗਾ ਭਾਵ ਪਖੰਡ ਉਘੜ ਜਾਵੇਗਾ ਜਿਕਰ ਕਿਸੇ ਭਾਂਡੇ ਦਾ ਚੋਪੜ ਚਾਪੜ ਕਲਈ ਆਦਕ ਕੁਛ ਦਿਨ ਵਿਚ ਉਤਰ ਜਾਂਦਾ ਹੈ ॥

**ਸਤਿਗੁਰ ਸੇਵਿ ਨਾਮੁ ਵਸੈ ਮਨਿਚੀਤਿ ॥ ਗੁਰੁ ਭੇਟੇ ਹਰਿਨਾਮੁ ਚੇਤਾਵੈ ਬਿਨੁ ਨਾਵੈ ਹੋਰੁ ਝੂਠੁ ਪਰੀਤਿ ॥ ੧ ॥ ਰਹਾਉ ॥**

ਹੇ ਭਰਾ ਚਿਤ ਲਾਕੇ ਗੁਰੂ ਦੇ ਚਰਨਾਂ ਨੂੰ ਸੇਵਨ ਨਾਲ ਮਾਲਕ ਦਾ ਨਾਮ ਤੇਰੇ ਮਨ ਵਿਚ ਆ ਵਸੇਗਾ ਕਿਉਂਕਿ ਗੁਰੂ ਦੇ ਮਿਲਨ ਨਾਲ ਮਾਲਕ ਦਾ ਨਾਮ ਚਿਤ ਵਿਚ ਆਉਂਦਾ ਹੈ ਜਾਂ ਜਦੋਂ ਗੁਰੂ ਮਿਲੇ ਤਾਂ ਨਾਮ ਨੂੰ ਚੇਤੇ ਕਰਾਂਦਾ ਹੈ ਇਸ ਲਈ ਨਾਮ ਤੋਂ ਬਿਨਾ ਹੋਰਨਾਂ ਪਦਾਰਥਾਂ ਦੀ ਪ੍ਰੀਤੀ ਝੂਠੀ ਹੈ ॥

**ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ ਸਹਜਿ ਘਰਿ ਆਵਹੁ ॥ ਸਾਚੈਨਾਇ ਵਡਾਈ ਪਾਵਹੁ ॥ ੨ ॥**

ਹੇ ਭਰਾਓ ਜੋ ਗੁਰੂ ਨੇ ਆਖਿਆ ਹੈ ਓਹੋ ਹੀ ਕਾਰ ਕਮਾਓ ॥ ਗੁਰੂ ਦੇ ਉਪਦੇਸ਼ ਨਾਲ ਮਾਲਕ ਨੂੰ ਜਾਣਕੇ ਸ਼ਾਂਤੀ ਵਾਲੇ ਘਰ ਵਿਚ ਸਹਿਜੇ ਹੀ ਆਵੋਗੇ ॥ ਉਸ ਸਚੇ ਨਾਮ ਦੇ ਜਪਣ ਨਾਲ ਵਡਿਆਈ ਪਾਓਗੇ ॥

**ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥ ੩ ॥**

ਜੇਹੜਾ ਆਦਮੀ ਆਪ ਨਹੀਂ ਸਮਝਦਾ ਹੈ ਅਤੇ ਉਪਦੇਸ਼ ਦੇਕੇ ਲੋਕਾਂ ਨੂੰ ਸਮਝਾਂਦਾ ਹੈ ਓਹ ਮਨ ਦਾ ਅੰਨਾਂ ਅੰਨਿਆਂ ਕੰਮਾ ਨੂੰ ਕਮਾਂਦਾ ਹੈ ਭਾਵ ਬੇਸਮਝੀ ਨਾਲ ਮਨ ਦਾ ਆਖਿਆ ਮੰਨਦਾ ਹੈ। ਉਹ ਆਦਮੀ ਸਰੀਰ ਘਰ ਦੇ ਦਰ=ਅੰਦਰ ਜੇਹੜਾ ਅਪਣਾ ਆਪ ਮਾਲਕ ਦਾ ਸਰੂਪ ਹੈ ਉਸ ਵਿਚ ਠਹਿਰਨਾ ਕਿਸ ਤਰਾਂ ਪਾਵੇ ॥

**ਹਰਿਜੀਉ ਸੇਵੀਐ ਅੰਤਰਜਾਮੀ ॥ ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥ ਤਿਸੁ ਨਾਲਿ ਕਿਆ ਚਲੈ ਪਹਨਾਮੀ ॥ ੪ ॥**

ਹੇ ਭਰਾ ਉਸ ਅੰਤਰਜਾਮੀ ਨੂੰ ਸੇਵਣਾ ਕਰੀਏ ਜਿਸ ਮਾਲਕ ਦੀ ਘਟਾਂ ਘਟਾਂ ਵਿਚ ਜੋਤ ਮਿਲੀ ਹੋਈ ਹੈ। ਉਸਦੇ ਨਾਲ ਪਹਿਨਾਮੀ=ਛਪਾ ਲੁਕਾ ਦੀ ਕੀ ਗਲ

Digitized by Panjab Digital Library | www.panjabdigilib.org

ਚਲਦੀ ਹੈ ਭਾਵ ਉਸ ਅੰਤਰਯਾਮੀ ਤੋਂ ਕਿਸੇ ਗਲ ਦਾ ਲੁਕਾ ਨਹੀ ਹੁੰਦਾ ਹੈ॥

ਸਾਚਾਨਾਮੁ ਸਾਚੈਸਬਦਿ ਜਾਨੈ ॥ ਆਪੈਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥ ੫ ॥

ਸਚੇ ਗੁਰੂ ਦੇ ਉਪਦੇਸ਼ ਨਾਲ ਸਚੇ ਨਾਮ ਨੂੰ ਜਦੋਂ ਇਹ ਆਦਮੀ ਜਾਣਦਾ ਹੈ। ਤਦੋਂ ਓਹ ਆਦਮੀ ਆਪਣੇ ਆਪ ਸਰੂਪ ਵਿਚ ਮਿਲਕੇ ਦੇਹ ਅਭਿਮਾਨ ਨੂੰ ਦੂਰ ਕਰ ਦੇਂਦਾ ਹੈ। ਓਹ ਗੁਰਮੁਖ ਮਾਲਕ ਦੇ ਨਾਮ ਨੂੰ ਹੀ ਬੋਲਦਾ ਹੈ॥

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥ ਕੰਚਨ ਕਾਇਆ ਜੋਤੀ ਜੋਤਿ ਸਮਾਈ ॥ ੬ ॥

ਗੁਰੂ ਦੀ ਸੇਵਾ ਨਾਲ ਦਵੈਤ ਖੋਟੀ ਅਕਲ ਜਾਂਦੀ ਰਹਿੰਦੀ ਹੈ ਓਹ ਗੁਰ ਸੇਵਾ ਸਾਰਿਆਂ ਔਗੁਣਾਂ ਨੂੰ ਕੱਟਕੇ ਪਾਪਾਂ ਵਾਲੀ ਅਕਲ ਨੂੰ ਖਾ ਲੈਂਦੀ ਹੈ ਭਾਵ ਮਾੜੀ ਅਕਲ ਦੂਰ ਹੋ ਜਾਂਦੀ ਹੈ। ਇਕਰ ਦੇ ਗੁਰਮੁਖਾਂ ਦੀ ਦੇਹੀ ਸੋਨੇ ਵਰਗੀ ਹੋ ਜਾਂਦੀ ਹੈ ਅਤੇ ਓੜਕ ਨੂੰ ਓਨਾਂ ਦੀ ਜੋਤ ਮਾਲਕ ਦੀ ਜੋਤ ਨਾਲ ਮਿਲ ਜਾਂਦੀ ਹੈ॥

ਸਤਿਗੁਰਿ ਮਿਲਿਐ ਵਡੀ ਵਡਿਆਈ ॥ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥ ੭ ॥

ਜਿਨਾਂ ਨੂੰ ਗੁਰੂ ਮਿਲਿਆ ਹੈ ਓਨਾਂ ਦੀ ਵਡਿਆਈ ਵਡੀ ਹੁੰਦੀ ਹੈ ॥
ਜਨਮ ਮਰਨ ਆਦਿਕ ਸਾਰੇ ਦੁਖ ਓਨਾਂ ਦੇ ਕਟੇ ਗਏ ਹਨ ਕਿਉਂਕਿ ਓਨਾਂ ਨੇ ਮਾਲਕ ਦੇ ਨਾਮ ਦੀ ਪ੍ਰੀਤੀ ਮਨ ਵਿਚ ਵਸਾਈ ਹੈ। ਜੇਹੜੇ ਮਾਲਕ ਦੇ ਪ੍ਰੇਮ ਵਿਚ ਰਤੇ ਹੋਇ ਹਨ ਓਨਾਂ ਨੇ ਸਦਾ ਸੁਖ ਪਾਇਆ ਹੈ॥

ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥ ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥ ॥੮॥੧॥੩॥

ਜਿਨਾਂ ਨੇ ਗੁਰ ਸਿਖਿਆ ਨੂੰ ਮੰਨਿਆਂ ਹੈ ਓਹਨਾਂ ਦੀ ਕਰਣੀ ਚੰਗੀ ਹੈ ॥
ਜਿਨਾਂ ਨੇ ਗੁਰ ਸਿਖਿਆ ਨੂੰ ਮੰਨਿਆ ਹੈ ਓਨਾਂ ਨੂੰ ਖੁਲਾ ਬੂਹਾ ਗਿਆਨ ਹੋਯਾ ਹੈ ॥ ਗੁਰੂ ਜੀ,ਜਿਨਾਂ ਨੇ ਗੁਰ ਸਿਖਿਆ ਨੂੰ ਮੰਨਿਆਂ ਹੈ ਓਹ ਪਰਵਾਰ ਦੇ ਨਾਲ ਹੀ ਤਰ ਗਏ ਹਨ॥

Digitized by Panjab Digital Library | www.panjabdigilib.org

ਬਿਲਾਵਲੁ ਮਹਲਾ ੪
ਅਸਟਪਦੀਆਂ ਘਰੁ ੧੧
੧ ਓ ਸਤਿਗੁਰਪ੍ਰਸਾਦਿ ॥

**ਆਪੈਆਪੁ ਖਾਇ ਹਉ ਮੇਟੈ ਅਨਦਿਨੁ ਹਰਿਰਸ ਗੀਤ ਗਵਈਆ ॥ ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ੦ਮਿਲ ਈਆ ॥ ੧ ॥**

ਹੇ ਭਰਾ ਜੇਹੜਾ ਹੰਕਾਰ ਨੂੰ ਦੂਰ ਕਰ ਦੇਵੇ ਅਤੇ ਦਿਨੇ ਰਾਤ ਪ੍ਰੇਮ ਕਰਕੇ ਮਾਲਕ ਦੇ ਗੀਤ ਗਾਉਂਦਾ ਹੈ ਓਹ ਆਪ ਹੀ ਆਪਣੇ ਅਨੰਦ ਨੂੰ। ਖਾਂਦਾ ਭਾਵ ਅਨੰਦ ਲੈਂਦਾ ਹੈ। ਇਕਰ ਜੇਹੜਾ ਗੁਰੂ ਨਾਲ ਮਿਲਕੇ ਨਾਮ ਵਿਚ ਪਰਚਿਆ ਹੈ। ਉਸਦੀ ਕਾਇਆਂ ਜਾਂ ਅਕਲ ਸੋਨੇ ਵਰਗੀ ਸੁਧ ਸਾਫ ਹੋ ਜਾਂਦੀ ਹੈ ਅਤੇ ਓਹ ਨਿਰਭੈ ਹੋਗਿਆ ਹੈ ਏਸੇ ਲਈ ਉਸਦੀ ਜੋਤ ਮਾਲਕ ਦੀ ਜੋਤ ਨਾਲ ਮਿਲ ਗਈ ਹੈ ॥

**ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥ ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥ ॥ ੧ ॥ ਰਹਾਉ ॥**

ਹੇ ਭਰਾ ਮੈਂ ਮਾਲਕ ਦੇ ਨਾਮ ਦਾ ਆਸਰਾ ਕੀਤਾ ਹੈ ॥ ਉਸ ਨਾਮ ਤੋਂ ਬਿਨਾ ਹੁਣ ਮੈਂ ਇਕ ਛਿਨ ਭਰ ਵੀ ਰਹਿ ਨਹੀ ਸਕਦਾ ਹਾਂ ਅਤੇ ਗੁਰੂ ਨਾਲ ਮਿਲਕੇ ਇਕ ਨਾਮ ਦਾ ਪਾਠ ਪੜਿਆ ਹੈ।

**ਏਕੁ ਗਿਰਹੁ ਦਸ ਦੁਆਰ ਹੈ ਜਾਕੇ ਅਹਿ ਨਿਸਿ ਤਸਕਰ ਪੰਚ ਚੋਰ ਲਗਈਆ ॥ ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥ ੨ ॥**

ਸਰੀਰ ਰੂਪ ਇਕ ਘਰ ਹੈ ਜਿਸਦੇ ਦਸ ਇੰਦ੍ਰੇ ਰੂਪ ਦਸ ਘਰ ਹਨ ਉਸ ਘਰ ਨੂੰ ਦਿਨੇ ਰਾਤ ਸਦਾ ਕਾਮ ਕ੍ਰੋਧ ਆਦਕ ਪੰਜ ਚੋਰ ਚੋਰੀ ਕਰਨ ਵਾਲੇ ਚੋਰਾਂ ਵਰਗੇ ਲਗੇ ਰਹਿੰਦੇ ਹਨ ॥ ਤਸਕਰ=ਚੋਰ ॥ ਓਹ ਚੋਰ ਇਸਦਾ ਧਰਮ ਅਰਥ ਧਨ ਜਾਂ ਚਾਰੇ ਫਲ ਧਰਮ ਅਰਥ ਕਾਮ ਮੋਖ ਚੁਰਾਕੇ ਲੈ ਜਾਂਦੇ ਹਨ ਪਰ ਮਨਮੁਖ ਅੰਨੇ

੦ ਸਾਰੀਆਂ ਤੁਕਾਂ ਦੇ ਅੰਤ ਨੂੰ (ਆ) ਅਖਰ ਪਦ ਪੂਰਨਕਰਨ ਵਾਸਤੇ ਹੈ ॥

Digitized by Panjab Digital Library | www.panjabdigilib.org

ਆਦਮੀ ਨੂੰ ਕੁਛ ਖਬਰ ਨਹੀਂ ਪੈਂਦੀ ਹੈ ॥

**ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥ ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥ ੩ ॥**

ਜੇਹੜਾ ਇਹ ਸਰੀਰ ਅਮੋਲਕ ਦੁਰਲੱਭ ਸੋਨੇ ਦਾ ਕਿਲਾ ਚੰਗਿਆਂ ਗੁਣਾਂ ਰੂਪ ਮਾਣਕਾਂ ਨਾਲ ਭਰਿਆ ਹੋਇਆ ਹੈ ਜੇਹੜੇ ਇਸ ਕਿਲੇ ਵਿਚ ਗਿਆਨ ਜਾਗ੍ਰਤਾ ਵਿਚ ਜਾਗੇ ਹਨ ਓਨਾਂ ਨੇ ਆਪਣੀ ਪ੍ਰੀਤੀ ਤਤ ਰੂਪ ਮਾਲਕ ਨਾਲ ਲਾਈ ਹੈ ॥ ਜੇਹੜੇ ਕਾਮ ਆਦਕ ਚੋਰ ਧਰਮ ਧਨ ਦੇ ਚੁਰਾਉਣ ਜਾਂ ਵੇਖਣ ਵਾਲੇ ਸੀ ਅਤੇ ਸਰੀਰ ਵਿਚ ਆਕੇ ਲੁਕੇ ਹੋਇ ਸੀ ਓਨਾਂ ਚੋਰਾਂ ਨੂੰ ਗੁਰੂ ਦੇ ਉਪਦੇਸ਼ ਨਾਲ ਫੜਕੇ ਬੰਨਣ ਵਿਚ ਪਾ ਲਿਆ ਹੈ ਭਾਵ ਵਿਕਾਰ ਨਾਸ ਹੋ ਗਏ ਹਨ ॥

**ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥ ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥**

ਮਾਲਕ ਦਾ ਨਾਮ ਸਾਰਿਆਂ ਸੁਖਾਂ ਦਾ ਪੋਤ=ਖਜ਼ਾਨਾ ਹੈ ਅਤੇ ਸੰਸਾਰ ਸਮੁੰਦਰ ਤੋਂ ਤਰਨ ਵਾਸਤੇ ਬੋਹਿਥਾ=ਜਹਾਜ ਹੈ ਜੇਹੜੇ ਗੁਰੂ ਮਲਾਹ ਰੂਪ ਹਨ ਓਹ ਆਪਣਾ ਉਪਦੇਸ਼ ਦੇਕੇ ਉਸ ਸਮੁੰਦਰ ਤੋਂ ਪਾਰ ਕਰ ਦੇਂਦੇ ਹਨ ਜਮ ਮਸੂਲੀਆ ਓਨਾਂ ਦੇ ਨੇੜੇ ਨਹੀਂ ਆਉਂਦਾ ਹੈ ਨ ਕੋਈ ਫੇਰ ਓਨਾਂ ਨੂੰ ਕਾਮ ਆਦਕ ਧਾੜਵੀ ਚੋਰ ਹੀ ਲਗਦਾ ਹੈ ॥

**ਹਰਿਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿਜਸੁ ਕਹਤੇ ਅੰਤੁ ਨ ਲਹੀਆ ॥ ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਿਉ ਗੋਪਾਲ ਨੀਸਾਨੁ ਬਜਈਆ ॥ ੫ ॥**

ਅਸੀ ਇਕਰ ਦੇ ਮਾਲਕ ਦੇ ਗੁਣਾਂ ਨੂੰ ਦਿਨੇ ਰਾਤ ਗਾਂਦੇ ਹਾਂ ਪਰ ਮੈਂ ਉਸ ਮਾਲਕ ਦੇ ਜਸ ਨੂੰ ਆਖਦਿਆਂ ਹੋਇਆਂ ਉਸਦਾ ਅੰਤ ਨਹੀਂ ਲਿਆ ਹੈ ਭਾਵ ਜਸ ਬਿਅੰਤ ਹੈ ॥ ਗੁਰ ਉਪਦੇਸ਼ ਲੈਕੇ ਜਦੋਂ ਮਨ ਇਕ ਘਰ ਵਿਚ ਆਉਂਦਾ ਹੈ ਜਾਂ ਆਵੇ ਤਾਂ ਨਾਮ ਬੋਲਣਾ ਏਹੋ ਹੀ ਨਿਸ਼ਾਨਾਂ ਨੂੰ ਵਜਾਕੇ ਭਾਵ ਨਗਾਰਿਆਂ ਨੂੰ ਵਜਾਕੇ ਉਸ ਮਾਲਕ ਨੂੰ ਮੈ ਮਿਲਾਂ ॥

**ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰਸਬਦੁ ਸੁਣਈਆ ॥ ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ**

Digitized by Panjab Digital Library | www.panjabdigilib.org

ਰਵਈਆ ॥ ੬ ॥

ਨੇਤ੍ਰਾਂ ਨਾਲ ਗੁਰੂ ਦਾ ਦਰਸ਼ਨ ਵੇਖਕੇ ਮੇਰਾ ਮਨ ਰੱਜ ਜਾਵੇ ਅਤੇ ਕੰਨਾਂ ਨਾਲ ਗੁਰੂ ਬਾਣੀ ਉਪਦੇਸ਼ ਨੂੰ ਸੁਣਕੇ ਜਾਂ ਸੁਣਦਾ ਹਾਂ ॥ ਉਸ ਬਾਣੀ ਨੂੰ ਸੁਣਕੇ ਮੇਰਾ ਮਨ ਭਿਜੇ ਭਾਵ ਪ੍ਰਸੰਨ ਹੁੰਦਾ ਹੈ ਏਸੇ ਲਈ ਪ੍ਰੇਮ ਵਿਚ ਰਸ ਲੈਣ ਵਾਲਾ ਹੋਕੇ ਉਸ ਮਾਲਕ ਨੂੰ ਸਦਾ ਬੋਲਦਾ ਹਾਂ ॥ –

ਤ੍ਰੈਗੁਣ ਮਾਇਆਮੋਹਿ ਵਿਆਪੇ ਤੁਰੀਆਗੁਣੁ ਹੈ ਗੁਰਮੁਖਿ ਲਹੀਆ ॥ ਏਕ ਦ੍ਰਿਸਟਿ ਸਭ ਸਮਕਰਿ ਜਾਣੈ ਨਦਰੀ ਆਵੈ ਸਭ ਬ੍ਰਹਮੁ ਪਸਰਈਆ ।

ਸਾਰੇ ਤਿੰਨਾਂ ਗੁਣਾਂ ਵਾਲੇ ਆਦਮੀ ਮਾਇਆ ਦੇ ਮੋਹ ਵਿਚ ਚੰਮੜੇ ਹੋਏ ਹਨ ਜੇਹੜਾ ਆਤਮ ਪਦ ਚੌਥਾ ਗੁਣ ਹੈ ਸੋ ਓਹ ਗੁਰਮੁਖਾਂ ਨੇ ਹੀ ਲਿਆ ਜਾਂ ਪਾਇਆ ਹੈ ॥ ਓਹ ਏਕਤਾ ਦੀ ਨਜਰ ਨਾਲ ਸਾਰਿਆਂ ਨੂੰ ਬਰਾਬਰ ਹੀ ਜਾਣਦਾ ਹੈ ਸਾਰੇ ਸੰਸਾਰ ਪਸਾਰੇ ਵਿਚ ਇਕ ਮਾਲਕ ਦਾ ਸਰੂਪ ਪਸਰਿਆ ਹੋਇਆ ਉਸ ਨੂੰ ਨਜ਼ਰ ਆਉਂਦਾ ਹੈ ॥

ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥ ਨਾਨਕ ਦੀਨਦਇਆਲ ਭਏ ਹੈ ਭਗਤਿਭਾਇ ਹਰਿਨਾਮਿ ਸਮਈਆ ॥ ੮ ॥ ੧ ॥

ਪ੍ਰਮੇਸਰ ਦੇ ਨਾਮ ਦੀ ਜੋਤ ਸਾਰਿਆਂ ਵਿਚ ਆਈ ਹੋਈ ਹੈ ਉਸ ਮਾਲਕ ਦੇ ਅਲੱਖ ਸਰੂਪ ਨੂੰ ਗੁਰਮੁਖਾਂ ਨੇ ਅਪਣੇ ਆਪ ਵਿਚ ਵੇਖ ਲਿਆ ਹੈ ॥ ਗੁਰੂ ਜੀ, ਮਾਲਕ ਭਗਤਾਂ ਉਤੇ ਦੀਨ ਦਿਆਲ ਹੋਇਆ ਹੈ ਅਤੇ ਓਹ ਭਗਤ ਵੀ ਪ੍ਰੇਮਾ ਭਗਤੀ ਕਰਕੇ ਮਾਲਕ ਦੇ ਨਾਮ ਵਿਚ ਸਮਾਇ ਰਹਿੰਦੇ ਹਨ ॥

## ਬਿਲਾਵਲੁ ਮਹਲਾ ੪

ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥ ਮਿਲਿ ਸਤਸੰਗਤਿ ਪਰਮਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥ ੧ ॥

ਮਾਲਕ ਦਾ ਨਾਮ ਦਿਲ ਨੂੰ ਸੀਤਲ ਕਰਨ ਵਾਲਾ ਹੈ ਹੇ ਭਰਾਓ ਉਸਨੂੰ ਧਿਆਓ ਓਹ ਮਾਲਕ ਸਾਰੀਆਂ ਸੁਗੰਧੀਆਂ ਵਿਚੋਂ ਚੰਗੀ ਸੁਗੰਧੀ ਵਾਲਾ ਚੰਦਨ ਵਰਗਾ ਹੈ ਉਸਦੀ ਚੰਗੀ ਵਾਸ਼ਨਾ ਭੁਗਤੀ ਜਸ ਨੂੰ ਲਓ ॥ ਮੈਂ ਸਤ

Digitized by Panjab Digital Library | www.panjabdigilib.org

ਸੰਗਤ ਵਿਚ ਮਿਲਕੇ ਪਰਮ ਪਦ ਪਾਇਆ ਹੈ ਭਾਵ ਮੈਂ ਹਿਰੰਡ ਤੇ ਛਛਰੇ ਦੇ ਰੁਖਾਂ ਵਰਗਾ ਸੀ ਫਿਰ ਮੈਂ ਮਾਲਕ ਚੰਦਨ ਨਾਲ ਮਿਲਕੇ ਬੁਹੀਆ=ਵਾਸ਼ਨਾਭਗਤੀ ਵਾਲਾ ਹੋਗਿਆ ਹਾਂ ॥

**ਜਪਿ ਜਗੰਨਾਥ ਜਗਦੀਸ ਗੁਸਈਆ ॥ ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ ॥ ੧ ॥ ਰਹਾਉ ॥**

ਜੇਹੜਾ ਜਗਤ ਦਾ ਮਾਲਕ ਜਗਤ ਦਾ ਈਸ਼ਰ ਧਰਤੀ ਭਾਵ ਦੁਨੀਆਂ ਦਾ ਮਾਲਕ ਹੈ ਉਸਦੇ ਨਾਮ ਨੂੰ ਜਪ। ਜੇਹੜੇ ਉਸਦੀ ਸ਼ਰਨ ਪਏ ਹਨ ਓਹ ਸੰਸਾਰ ਦੇ ਦੁਖਾਂ ਤੋਂ ਬਚ ਗਏ ਹਨ ਕਿਸਤਰਾਂ ? ਜਿਸਤਰਾਂ ਪ੍ਰਹਿਲਾਦ ਨੂੰ ਦੁਖਾਂ ਤੋਂ ਕਢਕੇ ਆਪਣੇ ਨਾਲ ਸਮਾ ਭਾਵ ਮੇਲ ਲਿਆ ਹੈ ॥

**ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥ ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿਗਈਆ ॥ ੨ ॥**

ਸਾਰਿਆਂ ਰੁਖਾਂ ਦਾ ਇਕ ਇਕ ਪੱਤਾ ਤੋੜਕੇ ਕੱਠਾ ਕਰੀਏ ਤਾਂ ਉਸਨੂੰ ਅਠਾਰਾਂ ਭਾਰ ਆਖਦੇ ਹਨ ਸੋ ਬੱਤੀ ਸੌ ਸੱਠਾਂ ਤੋਲਿਆਂ ਦਾ ਇਕ ਭਾਰ ਆਖਿਆ ਜਾਂਦਾ ਹੈ ਸੋ ਸਾਰੇ ਅਠਾਰਾਂ ਭਾਰ ਬਨਾਸਪਤੀ ਵਿਚੋਂ ਇਕ ਚੰਦਨ ਹੀ ਉਤਮ ਹੈ ਕਿਉਂਕਿ ਜੇਹੜੇ ਬ੍ਰਿਛ ਚੰਦਨ ਦੇ ਪਾਸ ਹੁੰਦੇ ਹਨ ਓਹ ਇਕ ਵਾਂਸ ਤੋਂ ਬਿਨਾ ਸਾਰੇ ਚੰਦਨ ਰੂਪ ਹੀ ਹੋ ਜਾਂਦੇ ਹਨ ਇੱਕਰ ਸਾਰੇ ਜਗਤ ਵਿਚੋਂ ਸੰਤ ਉਤਮ ਹਨ ਜੇਹੜੇ ਓਨਾਂ ਸੰਤਾਂ ਦੀ ਸੰਗਤ ਕਰਦੇ ਹਨ ਓਹ ਤਰ ਜਾਂਦੇ ਹਨ ॥ ਸ਼ਕਤੀ ਮਾਇਆ ਦੇ ਉਪਾਸ਼ਕ ਆਦਮੀ ਸੁਕਿਆਂ ਰੁਖਾਂ ਵਰਗੇ ਖੜੋਤੇ ਹੀ ਸੁਕੇ ਹੋਇ ਹਨ ਭਾਵ ਚੰਗਿਆਂ ਗੁਣਾਂ ਸਬਜੀ ਤੋਂ ਰਹਤ ਹੋ ਗਏ ਹਨ (ਖੜ ਸੁਕ ਬ੍ਰਿਛ ਹਰਿਆ ਨਹੀਂ ਹੁੰਦਾ ਹੈ) ਮਨ ਵਿਚ ਹੰਕਾਰ ਕਰਨ ਨਾਲ ਮਾਲਕ ਤੋਂ ਵਿਛੜਕੇ ਬਹੁਤ ਦੂਰ ਚਲੇ ਗਏ ਹਨ ਭਾਵ ਚੁਰਾਸੀ ਵਿਚ ॥

**ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭਬਿਧਿ ਹਰਿ ਹਰਿ ਆਪਿ ਬਨਈਆ ॥ ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿਲਿਖਿਆ ਸੁ ਮਿਟੈ ਨ ਮਿਟਈਆ ॥ ੩ ॥**

ਸਾਰਿਆਂ ਜੀਆਂ ਦੀ ਚਾਲ ਮਰਯਾਦਾ ਮਾਲਕ ਆਪ ਹੀ ਜਾਣਦਾ ਹੈ ਸਾਰੇ ਸੰਸਾਰ ਦੀ ਰੀਤੀ ਮਾਲਕ ਨੇ ਆਪ ਹੀ ਬਣਾਈ ਹੈ ॥ ਜਿਸ ਆਦਮੀ ਨੂੰ ਗੁਰੂ ਜੀ ਮਿਲਦੇ ਹਨ ਓਹ ਸੋਨੇ ਵਰਗਾ ਸੁਧ ਹੋ ਜਾਂਦਾ ਹੈ ਜੇਹੜਾ ਮਾਲਕ ਨੇ ਮੁਢ ਤੋਂ

Digitized by Panjab Digital Library | www.panjabdigilib.org

ਲਿਖਿਆ ਹੈ ਓਹ ਕਿਸੇ ਦਾ ਮਿਟਾਇਆ ਹੋਇਆ ਮਿਟਦਾ ਨਹੀਂ ਹੈ ॥

**ਰਤਨਪਦਾਰਥ ਗੁਰਮਤਿ ਪਾਵੈ ਸਾਗਰ ਭਗਤਿਭੰਡਾਰ ਖੁਲਈਆ॥ ਗੁਰਚਰਣੀ ਇਕ ਸਰਧਾ ਉਪਜੀ ਮੈ ਹਰਿਗੁਣ ਕਹਤੇ ਤ੍ਰਿਪਤਿ ਨ ਭਈਆ ॥ ੪ ॥**

ਸੰਸਾਰ ਸਮੁੰਦਰ ਵਿਚ ਸਤਸੰਗ ਭਗਤੀ ਦਾ ਖਜ਼ਾਨਾ ਖੁਲਾ ਹੋਇਆ ਹੈ ਪਰ ਆਦਮੀ ਰਤਨ=ਵੈਰਾਗ ਆਦਕ ਪਦਾਰਥ ਗੁਰੂ ਦੀ ਕਿਰਿਆ ਨਾਲ ਪਾਂਦਾ ਹੈ ਗੁਰਾਂ ਦੇ ਚਰਨਾਂ ਤੋਂ ਮੈਨੂੰ ਇਕ ਸਰਧਾ ਪੈਦਾ ਹੋਈ ਹੈ ਕਿ ਮੈਂ ਮਾਲਕ ਦੇ ਗੁਣਾਂ ਨੂੰ ਉਚਾਰਨ ਕਰਦਿਆਂ ਹੋਇਆਂ ਰੱਜਦਾ ਨਹੀ ਹਾਂ ॥

**ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿਗੁਣ ਕਹਤੇ ਭਾਵਨੀ ਕਹੀਆ ॥ ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈਪਰਈਆ ॥ ੫ ॥**

ਜਿਨਾਂ ਨੇ ਬਹੁਤ ਵੈਰਾਗਵਾਨ ਹੋਕੇ ਰੋਜ ਮਾਲਕ ਨੂੰ ਧਿਆਇਆ ਹੈ ਇਕੁਰ ਜੇਹੜੇ ਸੰਤ ਮਾਲਕ ਦੇ ਗੁਣਾਂ ਨੂੰ ਆਖਦੇ ਹਨ ਮੈਨੂੰ ਓਨਾਂ ਵਿਚ ਗੁਰਾਂ ਨੇ ਭਾਵਨੀ ਸਰਧਾ ਕਰਨੀ ਆਖੀ ਹੈ ॥ ਪਲ ੨ ਛਿਨ ੨ ਮੁੜ ੨ ਮਾਲਕ ਦੇ ਨਾਮ ਨੂੰ ਆਖੀਏ ਫਿਰ ਵੀ ਮਾਲਕ ਦੇ ਗੁਣਾਂ ਦਾ ਕੋਈ ਅੰਤ ਨਹੀ ਪਾਂਦਾ ਹੈ ਕਿਉਂਕਿ ਉਹ ਮਾਲਕ ਪਰੇ ਤੋਂ ਪਰੇ ਹੈ॥

**ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁਕਰਮ ਦ੍ਰਿੜਈਆ । ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥ ੬ ॥**

ਸ਼ਾਸਤਰ, ਵੇਦ, ਪੁਰਾਣ ਸਾਰੇ ਇੱਕ ਆਖਦੇ ਹਨ ਹੇ ਭਰਾਓ ਧਰਮ ਨੂੰ ਕਰੋ ਅਤੇ ਛੇ ਕਰਮਾਂ (੧ ਜਪ ੨ ਹੋਮ ੩ ਸੰਧਿਆ ੪ ਇਸ਼ਨਾਨ ੫ ਦੇਵਪੂਜਾ ੬ਗਰੀਬ ਪੂਜਾ) ਨੂੰ ਦਿਲ ਵਿਚ ਪੱਕਾ ਕਰੋ । ਪਰ ਮਨਮੁਖ ਪਖੰਡੀ ਲੋਕ ਭਰਮ ਕਰ ਖਰਾਬ ਹੁੰਦੇ ਹਨ ਲੋਭ ਲਹਿਰ ਵਿਚ ਪਾਪਾਂ ਦੇ ਭਾਰ ਕਰਕੇ ਓਨਾਂ ਦੀ ਅਕਲ ਰੂਪ ਬੇੜੀ ਡੁਬ ਗਈ ਹੈ ॥

**ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮਪਦੁ**

Digitized by Panjab Digital Library | www.panjabdigilib.org

ਪਈਆ ॥ ੭ ॥

ਉਸ ਮਾਲਕ ਦੇ ਨਾਮ ਨੂੰ ਜਪੋ ਨਾਮ ਦੇ ਜਪਣ ਤੋਂ ਹੀ ਕਲਿਆਨ ਪਾਓਗੇ ਸਾਰੀਆਂ ਸਿੰਮ੍ਰਤੀਆਂ ਸ਼ਾਸਤਰ ਨਾਮ ਨੂੰ ਹੀ ਪਕਿਆਂ ਕਰਾਂਦੀਆਂ ਹਨ । ਜਦੋਂ ਇਸ ਆਦਮੀ ਦੀ ਹੰਗਤਾ ਮੈਲ ਚਲੀ ਜਾਵੇ ਤਾਂ ਇਹ ਨਿਰਮਲ ਹੁੰਦਾ ਹੈ ਜਦੋਂ ਗੁਰਾਂ ਤੋਂ ਉਪਦੇਸ਼ ਲੈਕੇ ਉਸ ਮਾਲਕ ਦੇ ਨਾਮ ਵਿਚ ਪਰਚਣਾ ਕਰੇ ਤਾਂ ਪਰਮ ਪਦ ਨੂੰ ਪਾ ਲੈਂਦਾ ਹੈ ॥

( ਬੇਨਤੀ )

ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥ ੮ ॥ ੨ ॥

ਹੇ ਮਾਲਕਾ ਇਹ ਜੇਹੜਾ ਜਗਤ ਚਹੁਆਂ ਵਰਨਾਂ ਖਤਰੀ ਬ੍ਰਾਹਮਣ ਆਦਿਕਾਂ ਵਿਚ ਹੋਇਆ ੨ ਹੈ ਜਾਂ ਕਈਆਂ ਰੰਗਾਂ ਵਾਲਾ ਹੈ ਸਾਰਾ ਤੇਰਾ ਹੀ ਕੀਤਾ ਹੋਇਆ ਹੈ, ਇਨਾਂ ਜੀਆਂ ਨੂੰ ਜਿਸ ਪਾਸੇ ਤੂੰ ਲਗਾਂਦਾ ਹੈਂ ਓਹੋ ਹੀ ਕਰਮ ਕਮਾਂਦੇ ਹਨ, ਗੁਰੂ ਜੀ, ਜਿਸ ਤਰਾਂ ਸਾਰੇ ਵਾਜੇ ਵਜਾਉਣ ਵਾਲੇ ਦੇ ਵਜਾਏ ਹੋਏ ਵਜਦੇ ਹਨ ਇਕਰ ਹੀ ਜਿਸਤਰਾਂ ਤੈਨੂੰ ਭਾਂਦਾ ਹੈ ਓਸੇ ਰਸਤੇ ਇਹ ਆਦਮੀ ਚਲਦੇ ਹਨ ਭਾਵ ਇਹ ਆਦਮੀ ਸਾਰੇ ਤੇਰੇ ਵਸ ਹਨ ॥

## ਬਿਲਾਵਲੁ ਮਹਲਾ ੫

834 ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿਪੁਰਖਈਆ ॥ ਰਾਮਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥ ੧ ॥

ਗੁਰੂ ਦੀ ਕਿਰਪਾ ਨਾਲ ਅਪੁਜ ਲੁਕੇ ਹੋਏ ਮਾਲਕ ਨੂੰ ਧਿਆਇਆ ਹੈ ਓਨਾਂ ਸਤਪੁਰਖ ਗੁਰਾਂ ਤੋਂ ਮੈ ਬਲਿਹਾਰ ਜਾਂਦਾ ਹਾਂ ॥ ਜਿਨਾਂ ਨੇ ਮਾਲਕ ਦਾ ਨਾਮ ਦੇਕੇ ਮੇਰੇ ਪ੍ਰਾਣ ਵਸਾਏ ਹਨ ਭਾਵ ਮਰਦੇ ਨੂੰ ਬਚਾਇਆ ਹੈ ਓਨਾਂ ਇਕਰ ਦੇ ਗੁਰਾਂ ਨੂੰ ਮੈ ਪਰਸਿ=ਮਿਲਕੇ ਮਾਲਕ ਦੇ ਨਾਮ ਵਿਚ ਸਮਾਇਆ ਹਾਂ ॥

ਜਨ ਕੀ ਟੇਕ ਹਰਿਨਾਮੁ ਟਿਕਈਆ ॥ ਸਤਿਗੁਰ ਕੀ ਧਰ ਲਾਗਾ ਜਾਵਾ ਗੁਰ ਕਿਰਪਾ ਤੇ ਹਰਿਦਰੁ ਲਹੀਆ ॥ ੧ ॥ ਰਹਾਉ ॥

ਮੈਂ ਦਾਸ ਨੇ ਨਾਮ ਦੀ ਓਟ ਟਿਕਾਈ ਹੈ, ਗੁਰੂ ਦੀ ਸ਼ਰਨ ਵਿਚ ਲਗਾ ਜਾਂਦਾ ਹਾਂ

Digitized by Panjab Digital Library | www.panjabdigilib.org

ਗੁਰੂ ਦੀ ਕਿਰਪਾ ਨਾਲ ਮਾਲਕ ਦਾ ਦਰਵਾਜਾ ਮੈਂ ਲਭਿਆ ਹੈ ॥

**ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥ ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਡੈ ਭਾਉ ਪਵੈ ਤਿਤੁ ਅਈਆ ॥ ੨ ॥**

ਇਹ ਸਰੀਰ ਕਰਮਾਂ ਰੂਪ ਬੀ ਦੇ ਬੀਜਣ ਵਾਲੀ ਜ਼ਮੀਨ ਹੈ ਪਰ ਗੁਰਮੁਖਾਂ ਨੇ ਇਸ ਸਰੀਰ ਨੂੰ ਪਾਕੇ ਰਿੜਕ ੨ ਕੇ ਮੱਖਣ ਕਢ ਲਿਆ ਹੈ ਭਾਵ ਮੁੜ ਮੁੜ ਨਾਮ ਜਪ ਕੇ ਚੰਗਾ ਅੰਨ ਆਤਮ ਵਸਤੂ ਲਭ ਲਈ ਹੈ ॥ ਜੇਹੜਾ ਮਾਲਕ ਦਾ ਨਾਮ ਲਾਲ ਜਵਾਹਰ ਵਰਗਾ ਚਾਨਣ ਕਰਦਾ ਹੈ ਸੋ ਜਿਸ ਦਿਲ ਰੂਪ ਭਾਂਡੇ ਵਿਚ ਪ੍ਰੇਮ ਹੁੰਦਾ ਹੈ ਉਸ ਵਿਚ ਨਾਮ ਆਕੇ ਪੈਂਦਾ ਹੈ।

**ਦਾਸਨਿਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥ ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥ ੩ ॥**

ਹੇ ਭਈਆ-ਭਾਈ ਜੇਹੜੇ ਆਦਮੀ ਮਾਲਕ ਦੇ ਅਪਣੇ ਭਗਤ ਹਨ ਮੈਂ ਓਨਾਂ ਦੇ ਦਾਸਾਂ ਦਾ ਦਾਸ ਹੋਕੇ ਰਹਿੰਦਾ ਹਾਂ ॥ ਮੈਂ ਮਨ ਅਕਲ ਸਭ ਕੁਛ ਅਰਪਣ ਕਰਕੇ ਉਸ ਗੁਰੂ ਅਗੇ ਧਰਦਿਆਂ ਜਿਸ ਗੁਰੂ ਦੀ ਕਿਰਪਾ ਨਾਲ ਮੈਂ ਅਕਥ ਮਾਲਕ ਦੇ ਜਸ ਨੂੰ ਕਥਨ ਕੀਤਾ ਹੈ ॥

**ਮਨਮੁਖ ਮਾਇਆ ਮੋਹ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥ ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥ ੪ ॥**

ਮਨਮੁਖ ਮਾਇਆ ਦੇ ਮੋਹ ਵਿਚ ਵਿਆਪਿਆ ਹੋਇਆ ਹੈ ਏਸੇ ਲਈ ਇਹ ਮਨ ਤ੍ਰਿਸ਼ਨਾ ਅੱਗ ਦਾ ਸੜਦਾ ਹੋਇਆ ਬਹੁਤ ਤਿਹਾਇਆ ਹੈ॥ ਜਿਨਾਂ ਨੇ ਗੁਰ ਸਿਖਿਆ ਲੈਕੇ ਨਾਮ ਅਮ੍ਰਿਤ ਜਲ ਪਾਇਆ ਹੈ ਓਨਾਂ ਦੀ ਅੱਗ ਗੁਰ ਸ਼ਬਦ ਦੀ ਬੁਝਾਈ ਹੋਈ ਬੁਝ ਗਈ ਹੈ ॥

**ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥ ਹਰਿ ਹਰਿ ਉਸਤਤਿ ਕਰ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ॥ ੫ ॥**

Digitized by Panjab Digital Library | www.panjabdigilib.org

ਜਦੋਂ ਇਹ ਮਨ ਗੁਰੂ ਅਗੇ ਭਗਤੀ ਰੂਪ ਨਿਰਤਕਾਰੀ ਕਰਦਾ ਹੈ ਤਦੋਂ ਲਗਾਤਾਰ ਗੁਰੂ ਦੇ ਉਪਦੇਸ਼ ਵਿਚ ਧੁਨਿ=ਅਵਾਜ ਜਾਂ ਬ੍ਰਿਤੀ ਨੂੰ ਲਗਾਂਦਾ ਬੋਲਣਾ ਰੂਪ ਜਸ ਦਾ ਵਾਜਾ ਵਜਾਂਦਾ ਹੈ ਜਾਂ ਵੱਜਦਾ ਹੈ ॥ ਜੇਹੜਾ ਦਿਨੇ ਰਾਤ ਮਾਲਕ ਦੀ ਉਸਤਤਿ ਕਰਦਾ ਹੈ ਅਤੇ ਪੈਰਾਂ ਨੂੰ ਰੋਕ ੨ ਮਾਲਕ ਅਗੇ ਤਾਲ ਪੂਰਦਾ ਹੈ ਭਾਵ ਮਨ ਆਦਕਾਂ ਨੂੰ ਰੋਕਦਾ ਹੈ ॥

## ਹਰਿਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ ॥ ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨਹੀ ਸੁਖੁ ਲਹੀਆ ॥ ੬ ॥

ਮਾਲਕ ਦੇ ਪ੍ਰੇਮ ਵਿਚ ਰੱਤਾ ਹੋਇਆ ਮਨ ਉਸ ਮਾਲਕ ਦੇ ਗੁਣਾਂ ਨੂੰ ਗਾਂਦਾਹੈ ਜੇਹੜਾ ਸਾਰਿਆਂ ਰਸਾਂ ਵਿਚ ਰਸਾਲ-ਸੁੰਦਰ ਰਸ ਹੈ ਹੁਣ ਅਸੀਂ ਗੁਰੂ ਦੇ ਉਪਦੇਸ਼ ਨਾਲ ਉਸਨੂੰ ਬੋਲਦੇ ਹਾਂ ਭਾਵ ਉਸ ਅਨੰਦ ਵਿਚ ਮਸਤ ਰਹਿੰਦੇ ਹਾਂ ॥ ਆਪਣੇ ਦਿਲ ਰੂਪ ਘਰ ਵਿਚ ਆਤਮ ਅਨੰਦ ਰੂਪ ਅਮ੍ਰਿਤ ਦੀ ਧਾਰ ਬਹੁਤ ਹੀ ਨਿਰਮਲ ਚੋਂਦੀ ਹੈ ਭਾਵ ਇਹ ਅਨੰਦ ਅਸਾਂ ਲਿਆ ਹੈ ਅਤੇ ਹੋਰ ਵੀ ਜਿਨਾਂ ਨੇ ਇਸ ਆਤਮ ਅਨੰਦ ਰੂਪ ਅਮ੍ਰਿਤ ਨੂੰ ਪੀਤਾ ਹੈ ਓਨਾਂ ਨੇ ਵੀ ਸੁਖ ਲਿਆ ਹੈ ॥

## ਮਨ ਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥ ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥ ੭ ॥

ਗੁਰੂ ਤੋਂ ਬਿਨਾ ਮਨ ਦੇ ਹਠ ਕਰਕੇ ਜੇਹੜਾ ਹੰਕਾਰੀ ਆਦਮੀ ਕਰਮਾਂ ਨੂੰ ਕਰਦਾ ਹੈ ਓਹ ਇੱਕਰ ਹੈ ਜਿਕਰ ਸਮੁੰਦਰ ਦੇ ਕੰਢੇ ਉਤੇ ਕੋਈ ਬਾਲਕ ਰੇਤ ਦਾ ਘਰ ਉਸਾਰਦਾ ਹੈ ॥ ਜਦੋਂ ਸਗਰ ਰਾਜਾ ਦੇ ਪੁਤ੍ਰਾਂ ਦੇ ਬਣਾਏ ਹੋਏ ਸਮੁੰਦਰਵਿਚੋਂ ਪਾਣੀ ਦੀ ਉਛੱਲ ਆਉਂਦੀ ਹੈ ਓਸੇ ਵੇਲੇ ਓਹ ਰੇਤ ਦਾ ਘਰ ਵਖ ਵੱਖ ਹੋਕੇ ਢਹਿ ਪੈਂਦਾ ਹੈ ॥ ਇਕਰ ਹੀ ਸਕਾਮ ਕਰਮਾਂ ਦਾ ਸੁਖ ਨਾਸ ਹੋ ਜਾਂਦਾ ਹੈ (ਜਗਤ ਮਾਲਕ ਦਾ ਰੂਪ ਹੈ ਇਸ ਗਲ ਨੂੰ ਸਪਸ਼ਟ ਕਰਦੇ ਹਨ) ॥

## ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥ ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ॥ ੮ ॥੩ ॥

ਮਾਲਕ ਆਪ ਹੀ ਸਮੁੰਦਰ ਸਰ-ਬਰਾਬਰ ਹੈ ਅਤੇ ਇਹ ਜੇਹੜਾ ਜਗਤ

Digitized by Panjab Digital Library | www.panjabdigilib.org

ਹੈ ਇਹ ਸਾਰਾ ਉਸਦਾ ਖੇਲ ਖੇਲਿਆ ਹੋਇਆ ਹੈ ਜਾਂ ਖਲਾਰਿਆ ਹੋਯਾ ਤਰੰਗ ਹੈ ॥ ਜਿਸਤਰਾਂ ਜਦੋਂ ਪਾਣੀ ਦੇ ਤਰੰਗ ਪਾਣੀ ਤੋਂ ਵੱਖਰੇ ਪ੍ਰਤੀਤ ਹੁੰਦੇ ਹਨ ਓਹ ਓਦੋਂ ਵੀ ਪਾਣੀ ਦਾ ਸਰੂਪ ਹੀ ਹਨ ਅਤੇ ਜਦੋਂ ਓਹ ਤਰੰਗ ਪਾਣੀ ਨਾਲ ਮਿਲ ਜਾਂਦੇ ਹਨ ਓਦੋਂ ਵੀ ਪਾਣੀ ਵਿਚ ਸਮਾਕੇ ਪਾਣੀ ਦਾ ਰੂਪ ਬਣ ਜਾਂਦੇ ਹਨ ਇਕਰ ਜਗਤ ਹੁਣ ਵੀ ਮਾਲਕ ਦਾ ਰੂਪ ਹੈ ਜਦੋਂ ਨਾਸ ਹੋਵੇਗਾ ਓਦੋਂ ਵੀ ਮਾਲਕ ਨਾਲ ਮਿਲਕੇ ਉਸਦਾ ਰੂਪ ਬਣਜਾਵੇਗਾ ॥

(ਸੱਚ ਸੱਚ ਤੇ ਪਖੰਡ ਖੰਡਨ)

## ਬਿਲਾਵਲੁ ਮਹਲਾ ੫

**ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰਕਾ ਸਬਦੁ ਤਨਿ ਭਸਮ ਦ੍ਰਿੜਈਆ ॥ ਅਮਰਪਿੰਡ ਭਏ ਸਾਧੂਸੰਗਿ ਜਨਮ ਮਰਣ ਦੋਊ ਮਿਟਿਗਈਆ ॥ ੧ ॥**

ਜਿਨਾਂ ਨੇ ਗੁਰੂ ਦੇ ਉਪਦੇਸ਼ ਵਿਚ ਪਰਚਣ ਦੀ ਮੁੰਦ੍ਰਾਂ ਦੀ ਜੋੜੀ ਪਾਈ ਹੈ ਅਤੇ ਗੁਰਾਂ ਉਪਦੇਸ਼ ਦੀ ਹੀ ਸਰੀਰ ਨੂੰ ਸੁਆਹ ਲਾਕੇ ਪੱਕੀ ਕੀਤੀ ਹੈ ॥ ਓਹ ਸੰਤਾਂ ਨਾਲ ਮਿਲਕੇ ਨ ਮਰਨ ਵਾਲੇ ਸਰੀਰ ਹੋ ਗਏ ਹਨ ਓਨਾਂ ਦੇ ਜਨਮ ਮਰਨ ਦੋਵੇਂ ਮਿਟ ਗਏ ਹਨ ॥

**ਮੇਰੇ ਮਨ ਸਾਧ ਸੰਗਤਿ ਮਿਲਿ ਰਹੀਆ ॥ ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥ ੧ ॥ ਰਹਾਉ ॥**

ਹੇ ਮੇਰੇ ਮਨਾ ਸੰਤਾਂ ਦੀ ਸੰਗਤ ਵਿਚ ਮਿਲ ਰੌਹ ਅਤੇ ਮਾਲਕ ਅਗੇ ਇਕਰ ਬੇਨਤੀ ਕਰ ਹੇ ਮੇਰੇ ਮਾਲਕ ਮਧਸੂਦਨ ਭਾਵ ਦੈਂਤਾਂ ਨੂੰ ਮਾਰਨ ਵਾਲੇ ਮੇਰੇ ਉਤੇ ਇਕਰ ਦੀ ਕਿਰਪਾ ਕਰੋ ਜੋ ਮੈ ਛਿਨ ਛਿਨ ਵਿਚ ਸੰਤਾਂ ਦੇ ਚਰਨਾਂ ਨੂੰ ਧੋਵਾਂ ਜਾਂ ਵੇਖਦਾ ਰਹਾਂ ॥

**ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥ ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥ ੨ ॥**

ਜੋਹੜੇ ਗੁਰ ਉਪਦੇਸ਼ ਵਿਚ ਨਹੀਂ ਪਰਚੇ ਉਹ ਓਨਾਂ ਦਾ ਹਾਲ ਦੱਸਦੇ ਹਨ ॥
ਜੇਹੜਾ ਆਦਮੀ ਨਾਮ ਦੀ ਪ੍ਰੀਤੀ ਬਿਨਾ ਘਰ ਨੂੰ ਛੱਡਕੇ ਜੰਗਲ ਵਿਚ ਰਹਿਣ ਵਾਲਾ

Digitized by Panjab Digital Library | www.panjabdigilib.org

ਵੀ ਹੋ ਗਿਆ ਹੈ ਪਰ ਉਸਦਾ ਮਨ ਟਿਕਾਇਆ ਹੋਇਆ ਇਕ ਛਿਨ ਵੀ ਨਹੀਂ ਟਿਕਦਾ ਹੈ॥ ਇਹ ਜੇਹੜਾ ਮਨ ਬਹੁਤ ਦੌੜਨ ਵਾਲਾ ਹੈ ਅਤੇ ਦੌੜਦਾ ਰਹਿੰਦਾ ਹੈ ਸੋ ਇਹ ਤਦ ਹੀ ਘਰ ਵਿਚ ਆਕੇ ਟਿਕ ਬੈਠਦਾ ਹੈ ਜਦੋਂ ਸੰਤਾਂ ਦੀ ਸ਼ਰਨ ਪੈਕੇ ਨਾਮ ਦਾ ਜਾਪ ਕਰੇ॥

**ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥ ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥ ੩ ॥**

ਧੀਆਂ ਪੁੱਤਾਂ ਨੂੰ ਛੱਡਕੇ ਭਾਵੇਂ ਸੰਨਿਆਸੀ ਵੀ ਹੋਇਆ ਫਿਰ ਵੀ ਮਨ ਉਸਦਾ ਬਹੁਤ ਆਸਾ ਹੀ ਆਸਾ ਕਰਦਾ ਰਹਿੰਦਾ ਹੈ॥ ਆਸਾ ਹੀ ਆਸਾ ਕਰਦਾ ਹੋਇਆ ਫਿਰਦਾ ਹੈ ਅਤੇ ਇਹ ਆਦਮੀ ਗੁਰ ਉਪਦੇਸ਼ ਨੂੰ ਨਹੀਂ ਸਮਝਦਾ ਹੈ ਜਿਸ ਸ਼ਬਦ ਦੇ ਆਸਰੇ ਨਿਰਾਸ ਹੋਣ ਵਾਲਾ ਸੁਖ ਪਾਈਦਾ ਹੈ ਭਾਵ ਪ੍ਰਮੇਸਰ ਦਾ ਅਨੰਦ ਪਾਈਦਾ ਹੈ॥

**ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹਦਿਸਿ ਚਲਿ ਚਲਿ ਗਵਨੁ ਕਰਈਆ ॥ ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥ ੪ ॥**

ਇਸਤ੍ਰੀ ਪੁਤ੍ਰ ਆਦਕਾਂ ਦੇ ਵਿਛੋੜੇ ਤੋਂ ਜਦੋਂ ਦਿਲ ਵਿੱਚ ਤਰਕ ਪੈਦਾ ਹੋਈ ਤਾਂ ਘਰ ਨੂੰ ਛੱਡਕੇ ਨੰਗਾ ਹੋਇਆ ਇਕਰ ਦਾ ਅਜੇਹਾ ਭੇਖ ਵੀ ਕਰ ਲਿਆ ਪਰ ਮਨ ਉਸਦਾ ਚਲ=ਭੰਬੀਰੀ ਦੇ ਬਰਾਬਰ ਚਲ=ਚੰਚਲ ਹੋਇਆ ਹੋਇਆ ਦਸਾਂ ਦਿਸਾਂ ਵੱਲ ਭੌਂਦਾ ਫਿਰਦਾ ਹੈ ਭਾਵ ਬੜੇ ਬੜੇ ਲੰਮੇ ਖਿਆਲ ਕਰਦਾ ਹੈ ਕਿ ਮੇਰੇ ਪਾਸ ਬਹੁਤ ਧਨ ਹੋ ਜਾਵੇ॥

ਇੱਕ ਵਸ਼ੇਸ਼ ਕਰਕੇ ਬਹੁਤ ਭੌਣਾਂ ਕਰਦਾ ਹੈ ਪਰ ਤ੍ਰਿਸ਼ਨਾ ਅੱਗ ਨਹੀਂ ਬੁਝਦੀਹੈ ਇਸ ਲਈ ਜਦੋਂ ਸੰਤਾਂ ਦੀ ਸੰਗਤ ਵਿਚ ਆਕੇ ਮਿਲ ਜਾਵੇ ਤਦੋਂ ਓਨਾਂ ਦੀ ਕਿਰਪਾ ਨਾਲ ਅਸਲ ਘਰ ਨੂੰ ਲੱਭ ਲੈਂਦਾ ਹੈ॥

**ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥ ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥ ੫ ॥**

Digitized by Panjab Digital Library | www.panjabdigilib.org

ਸਿਧਾਂ ਦੇ ਆਸਣਾਂ ਨੂੰ ਬਹੁਤੇ ਹੀ ਸਿੱਖ ਦੇ ਹਨ ਜਾਂ ਬਹੁਤੇ ਆਸਣ ਸਿੱਖ ਦੇ ਹਨ ਇੱਕਰ ਦੇ ਜੇਹੜੇ ਚੇਟਕ ਲਾਉਣ ਵਾਲੇ ਮੰਦਾਰੀ ਹੋਕੇ ਮਨ ਵਿਚ ਰਿਧੀਆਂ ਸਿਧੀਆਂ ਨੂੰ ਮੰਗਦੇ ਹਨ ਓਹ ਤਾਂ ਲੋਕਾਂ ਨੂੰ ਵੱਸ ਕਰਨ ਵਾਸਤੇ ਚੇਟਕਾਂ ਨੂੰ ਕਰਦੇ ਹਨ ॥ ਜੇਹੜਾ ਸੰਤੋਖ ਕਰਕੇ ਰੱਜਣਾ ਸੀ ਅਤੇ ਮਨ ਨੂੰ ਸ਼ਾਂਤੀ ਹੋਣੀ ਸੀ ਓਹ ਸ਼ਾਂਤੀ ਮਨ ਵਿਚ ਨਹੀਂ ਆਉਂਦੀ ਹੈ ਜਿਨਾਂ ਨੇ ਸੰਤਾਂ ਨੂੰ ਮਿਲਕੇ ਨਾਮ ਦੀ ਸਿਧੀ, ਪ੍ਰਾਪਤੀ ਜਾਂ ਦਿਲ ਦੀ ਸੁਧੀ, ਜਾਂ ਮੋਖ ਪਾਈ ਹੈ ਓਨਾਂ ਨੂੰ ਹੀ ਰਜ ਜਾਣ ਨਾਲ ਸ਼ਾਂਤੀ ਆਈ ਹੈ ॥

**ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥ ਸਾਧੂਸਰਨਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥ ੬ ॥**

ਜੇਹੜੇ ਚਹੁੰਆਂ ਖਾਣੀਆਂ ਵਿਚ ਕਈਆਂ ਰੰਗਾਂ ਰੂਪਾਂ ਦੇ ਛੋਟੇ ਵਡੇ ਜੀਅ ਪੈਦਾ ਕੀਤੇ ਹਨ ॥ ਓਨਾਂ ਵਿਚੋਂ ਜੇਹੜਾ ਕੋਈ ਸਾਧੂਆਂ ਦੀ ਸ਼ਰਨ ਪਏਗਾ ਓਹ ਦੁਖਾਂ ਤੋਂ ਬਚ ਜਾਵੇਗਾ, ਖਤ੍ਰੀ, ਬ੍ਰਾਹਮਣ, ਸੂਦਰ, ਵੈਸ਼ ਜੇਹੜਾ ਚੰਡਾਲਾਂ ਵਿਚੋਂ ਵੀ ਬਹੁਤ ਚੰਡਾਲ ਹੈ ਭਾਵ ਬਹੁਤ ਨੀਚ ਭਾਵ ਚੰਗੇ ਮਾੜੇ ਸਾਰੇ ਸਤਸੰਗਤ ਕਰਕੇ ਤਰਦੇ ਹਨ ॥

(ਤਰਨ ਵਾਲਿਆਂ ਦੀ ਗਿਣਤੀ ਦਸਦੇ ਹਨ)

**ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉ ਜਾਤਿ ਰਵਿਦਾਸੁ ਚਮਿਆਰੁ ਚਮਈਆ ॥ ਜੋ ਜੋ ਮਿਲੈ ਸਾਧੂਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥ ੭ ॥**

ਨਾਮਦੇਵ, ਜੈ ਦੇਵ, ਕਬੀਰ, ਤ੍ਰਿਲੋਚਨ, ਅਤੇ ਜਾਤ ਦੇ ਚਮਿਆਰ ਰਵਿਦਾਸ, ਚੰਮ ਦੀ ਕਾਰ ਕਰਨ ਵਾਲੇ ॥ ਅਜੇਹਿਆਂ ਉਚਿਆਂ ਨੀਵਿਆਂ ਵਿਚੋਂ ਜੇਹੜੇ ੨ ਸੰਤਾਂ ਦੀ ਸੰਗਤ ਵਿਚ ਮਿਲੇ ਹਨ ਓਹ ਸਾਰੇ ਮੁਕਤ ਰੂਪ ਹੋ ਗਏ ਹਨ ਧੰਨ ਹੈ ਧੰਨਾ ਭਗਤ ਜੇਹੜਾ ਜਾਤ ਦਾ ਜੱਟ ਹੋਇਆ ਹੈ ਅਤੇ ਸੈਣ ਭਗਤ, ਇਹਨਾਂ ਸਾਰਿਆਂ ਨੂੰ ਸਤਸੰਗ ਕਰਨ ਨਾਲ ਦਯਾ ਕਰਨ ਵਾਲਾ ਮਾਲਕ ਆ ਮਿਲਿਆ ਹੈ ॥

**ਸੰਤਜਨਾ ਕੀ ਹਰਿ ਪੈਜ ਰਖਾਈ ਭਗਤਿਵਛਲੁ ਅੰਗੀਕਾਰੁ ਕਰਈਆ ॥ ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ ॥ ੮ ॥ ੪ ॥**

Digitized by Panjab Digital Library | www.panjabdigilib.org

ਇਕਰ ਅਪਣਿਆਂ ਸੰਤਾਂ ਦੀ ਇਜ਼ਤ ਆਪ ਮਾਲਕ ਨੇ ਰਖ ਲਈ ਹੈ ਓਹ ਮਾਲਕ ਜਗਤ ਦਾ ਪਿਆਰਾ ਹੈ ਅਪਣਿਆਂ ਦਾਸਾਂ ਦਾ ਪਖ ਕਰਨ ਵਾਲਾ ਹੈ ॥ ਗੁਰੂ ਜੀ,ਜੇਹੜੇ ਇੱਕਰ ਜੀਵਣ ਮਾਲਕ ਦੀ ਸ਼ਰਨ ਪਏ ਹਨ ਓਨਾਂ ਨੂੰ ਮਾਲਕਨੇ ਕਿਰਪਾ ਕਰਕੇ ਨਾਮ ਦੇਕੇ ਸੰਸਾਰ ਤੋਂ ਰਖ ਲਿਆ ਹੈ ॥

(ਅਪਣੇ ਮਨ ਦਾ ਪ੍ਰੇਮ ਸੂਚਨ)

## ਬਿਲਾਵਲੁ ਮਹਲਾ ੪

**ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰਬਚਨ ਮਨਿ ਤੀਰ ਲਗਈਆ ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ । ੧ ॥**

ਜਦੋਂ ਗੁਰਾਂ ਦੇ ਬਚਨਾਂ ਨੂੰ ਸੁਣਕੇ ਮਨ ਵਿਚ ਤੀਰ ਲੱਗਾ ਜਿਸਤਰਾਂ ਪ੍ਰੇਮ ਦਾ ਤੀਰ ਲੱਗਦਾ ਹੈ ਤਾਂ ਮੇਰੇ ਦਿਲ ਅੰਦਰ ਮਾਲਕ ਦੇ ਦਰਸ਼ਨ ਦੀ ਬਹੁਤ ਪਿਆਸ ਉਠੀ ਮਨ ਦੀ ਪੀੜ ਨੂੰ ਮਨ ਹੀ ਜਾਣਦਾ ਹੈ ਹੋਰ ਕੌਣ ਪਰਾਈ ਪੀੜ ਨੂੰ ਜਾਣ ਸਕਦਾ ਹੈ ਭਾਵ ਕੋਈ ਨਹੀ ॥

**ਰਾਮ ਗੁਰਿਮੋਹਨਿ ਮੋਹਿ ਮਨੁ ਲਈਆ॥ ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥ ੧॥ ਰਹਾਉ ॥**

ਹੇ ਭਰਾ ਮੋਹਣ ਵਾਲੇ ਗੁਰੂ ਨੇ ਮੇਰਾ ਮਨ ਮੋਹ ਲਿਆ ਹੈ ਜੇਹੜੀ ਮੈ ਅਕਲ ਵਾਲੀ ਸੀ ਸੋ ਮੈਂ ਗੁਰੁ ਦੇ ਦਰਸ਼ਨ ਨਾਲ ਬੇਸੁਧ ਹੋਗਈ ਹਾਂ ਏਸੇ ਕਰਕੇ ਮੈਂ ਸੰਸਾਰ ਵਲੋਂ ਲੋਟ ਪੋਟ ਪ੍ਰੇਮ ਕਰਕੇ ਬਿਸੁਧ ਹੋ ਗਈ ਹਾਂ ॥

**ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰਿ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥ ੨ ॥**

ਮੈਂ ਸਾਰਿਆਂ ਦੇਸਾਂ ਦੇਸਾਂ ਵਿਚ ਵੇਖਦੀ ਫਿਰਦੀ ਹਾਂ ਕਿਉਂਕਿ ਮੇਰੇ ਮਨ ਵਿਚ ਮਾਲਕ ਦੇ ਦੇਖਣ ਦਾ ਬਹੁਤ ਚਾ ਹੈ । ਜਿਨਾਂ ਨੇ ਸੰਸਾਰ ਰਸਤੇ ਵਿਚ ਮੈਨੂੰ ਮਾਲਕ ਦਾ ਰਸਤਾ ਵਿਖਾਇਆ ਹੈ ਮੈਂ ਉਸ ਗੁਰੂ ਅਗੇ ਅਪਣਾ ਮਨ ਤਨ ਕਟ ਕਟਕੇ ਭਾਵ ਸੰਸਾਰ ਤੋਂ ਮੋਹ ਤੋੜਕੇ ਜਾਂ ਹੰਕਾਰ ਛਡ ਦੇਂਦੀ ਹਾਂ ॥

**ਕੋਈ ਆਣਿ ਸੰਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ**

Digitized by Panjab Digital Library | www.panjabdigilib.org

ਮੀਠ ਲਗਾਈਆ ॥ ਮਸਤਕੁ ਕਾਟਿਦੇਉ ਚਰਣਾਤਲਿ ਜੋ ਹਰਿਪ੍ਰਭੁ ਮੇਲੇ ਮੇਲਿ ਮਿਲਈਆ ॥ ੩ ॥

ਜੇ ਕੋਈ ਮਾਲਕ ਦਾ ਸੁਨੇਹਾ ਵੀ ਆਕੇ ਮੈਨੂੰ ਦੇਂਦਾ ਹੈ ਓਹ ਮੇਰੇ ਰਿਦੇ ਅੰਦਰ ਮਨ ਤਨ ਨਾਲ ਬਹੁਤ ਹੀ ਮਿਠਾ ਲਗਦਾ ਹੈ ॥ ਆਪਣੇ ਮਥੇ ਭਾਵ ਸਿਰ ਨੂੰ ਕੱਟਕੇ ਗੁਰੂ ਦੇ ਪੈਰਾਂ ਹੇਠਾਂ ਦਿਆਂ ਭਾਵ ਹੰਕਾਰ ਛਡ ਦਿਆਂ ਜੇਹੜਾ ਸਤ ਸੰਗਤ ਦੇ ਮੇਲ ਵਿਚ ਮਿਲਾਕੇ ਮਾਲਕ ਨੂ ਮੇਰੇ ਨਾਲ ਮਿਲਾ ਦੇਵੇ ॥

ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ ਭਗਤਿ ਵਛਲੁ ਉਆਕਾ ਨਾਮੁ ਕਹੀਅਤਿ ਹੈ ਸਰਣਿਪਭੂ ਤਿਸੁ ਪਾਛੈ ਪਈਆ ॥ ੪ ॥

ਹੇ ਸਖੀ ਸੰਤੋ ਅਸੀ ਉਸ ਮਾਲਕ ਦੇ ਰਸਤੇ ਵਿਚ ਚੱਲਕੇ ਉਸ ਮਾਲਕ ਦੇ ਸਰੂਪ ਨੂੰ ਪਰਬੋਧਹ=ਜਾਣੀਏ ਜਾਂ ਵੱਸ ਕਰੀਏ ਭਾਵ ਉਸ ਨੂੰ ਖੁਸ਼ੀ ਕਰ ਲਈਏ ਕਿਉਂਕਿ ਗੁਣਾਂ ਦੇ ਕਾਮਣਿ=ਟੂਣੇ ਕਰਕੇ ਉਸਨੂੰ ਵਸ ਕਰ ਲਈਂਦਾ ਹੈ ॥ ਉਸ ਮਾਲਕ ਦਾ ਨਾਮ ਭਗਤਾਂ ਦਾ ਪਿਆਰਾ ਆਖੀਦਾ ਹੈ ਜੇਹੜੀਆਂ ਸਖੀਆਂ ਉਸਦੀ ਸਰਨ ਪਈਆਂ ਹਨ ਮੈ ਵੀ ਓਨਾਂ ਦੀ ਸਰਨ ਪੈਂਦੀ ਹਾਂ ॥

ਖਿਮਾ ਸੀਗਾਰੁ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰਗਿਆਨੁ ਬਲ ਈਆ ॥ ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥ ੫ ॥

ਜਦੋਂ ਸਿਖ ਇਸਤ੍ਰੀ ਖਿਮਾਂ ਦਾ ਸਿੰਗਾਰ ਧਾਰਨ ਕਰੇ ਤਾਂ ਮਾਲਕ ਦੀ ਖੁਸ਼ੀ ਹੁੰਦੀ ਹੈ ਅਤੇ ਗੁਰੂ ਕਿਰਪਾ ਨਾਲ ਮਨ ਵਿਚ ਗਿਆਨ ਦੀਵਾ ਚਾਨਣ ਕਰਦਾ ਹੈ ॥ ਮੇਰਾ ਮਾਲਕ ਰਸ ਲੈਣ ਵਾਲਾ ਪ੍ਰੇਮ ਨਾਲ ਜਿੰਨਾਂ ਨਾਲ ਭੋਗ ਕਰਦਾ ਹੈ ਉਸ ਅਗੇ ਅਸੀ ਆਪਣਾ ਸਿਰ ਕੱਟ ਕੱਟਕੇ ਪਾਂਦੇ ਹਾਂ ॥

ਹਰਿ ਹਰਿ ਹਾਰੁ ਕੰਠ ਹੈ ਬਨਿਆ ਮਨੁ ਮੋਤੀ ਚੂਰੁ ਵਡ ਗਹਨ ਗਹਨਈਆ॥ ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥ ੬ ॥

ਉਸਦੇ ਗਲ ਵਿਚ ਮਾਲਕ ਦੇ ਨਾਮ ਦਾ ਹਾਰ ਪਿਆ ਹੋਇਆ ਬੜਾ ਸੋਹਣਾ ਲੱਗਦਾ ਹੈ ਅਤੇ ਮਨ ਨੂੰ ਫੜਕੇ ਉਸਦਾ ਖੋਟਾ ਸੁਭਾਵ ਦੂਰ ਕਰਕੇ ਮੋਤੀ ਵਰਗਾ ਸੁੱਧ ਕੀਤਾ ਹੈ ਏਹੋ ਹੀ ਸੁਧ ਹੋਇਆ ਹੋਇਆ ਮਨ ਵਡਾ ਗਾਹਣਾ ਹੈ ਭਾਵ ਮਨ

Digitized by Panjab Digital Library | www.panjabdigilib.org

ਨੂੰ ਵੱਸ ਕਰਨਾਂ ਗਹਿਣਾ ਪਾਇਆ ਹੈ ॥
ਉਸ ਮਾਲਕ ਦੇ ਮਿਲਨ ਵਾਸਤੇ ਦਿਲ ਵਿਚ ਸਰਧਾ ਸੇਜ ਵਿਛਾਈ ਹੈ ਮਾਲਕ ਨੂੰ ਇਹ ਸੇਜਾ ਭਾਂਦੀ ਹੈ ਇਸ ਸੇਜ ਨੂੰ ਛਡਕੇ ਮਾਲਕ ਨਹੀ ਜਾਂਦਾ ਹੈ ॥

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**

ਜੋ ਮਾਲਕ ਕੁਛ ਹੋਰ ਹੀ ਆਖੇ ਅਤੇ ਅਸੀ ਹੋਰ ਹੀ ਕੰਮ ਕਰੀਏ ਭਾਵ ਮਾਲਕ ਦਾ ਆਖਿਆ ਨ ਮੰਨੀਏ ਤਾਂ ਚੰਗਿਆਂ ਗੁਣਾਂ ਦਾ ਜਿਤਨਾ ਸ਼ਿੰਗਾਰ ਹੈ ਸੋ ਸਾਰਾ ਹੀ ਬਿਅਰਥ ਫੋਕਾ ਹੀ ਹੈ । ਜਿਨਾਂ ਸੁਹਗਣੀਆਂ ਨੇ ਚੰਗਿਆਂ ਗੁਣਾਂ ਦਾ ਸ਼ਿੰਗਾਰ ਮਾਲਕ ਦੇ ਮਿਲਨ ਵਾਸਤੇ ਕੀਤਾ ਹੈ ਓਨਾਂ ਨੇ ਮਾਲਕ ਨੂੰ ਪਾਲਿਆ ਹੈ ਅਤੇ ਜੇਹੜੀਆਂ ਨ ਹੁਕਮ ਮੰਨਣ ਵਲੀਆਂ ਦੋਹਾਗਣੀਆਂ ਹਨ ਓਨਾਂ ਦੇ ਮੂੰਹ ਵਿਚ ਥੁਕ ਪੈਂਦੀ ਹੈ ਭਾਵ ਧਿਰਕਾਰ ਹੁੰਦੀ ਹੈ ॥

**ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ ਦਇਆ ਦੀਨ ਕਰਹੁ ਰਖਿਲੇਵਹੁ ਨਾਨਕ ਹਰਿ ਗੁਰਿ ਸਰਣਿ ਸਮਈਆ ॥ ੮ ॥ ੫ ॥**

ਇਕਰ ਬੇਨਤੀ ਕਰੋ ਹੇ ਮਾਲਕਾ ਤੂੰ ਬੜਾ ਬਿਅੰਤ ਮਾਲਕ ਹੈਂ ਅਤੇ ਅਸੀਂ ਤੇਰੀਆਂ ਚੇਲੀਆਂ ਤੇਰੇ ਵੱਸ ਪਈਆਂ ਹੋਈਆਂ ਹਾਂ ਮੈਂ ਤੈਥੋਂ ਬਿਨਾ ਕੀ ਕਰ ਸਕਦੀ ਹਾਂ ਭਾਵ ਕੁਛ ਨਹੀਂ ਕਰ ਸਕਦੀ ਹਾਂ ਗੁਰੂ ਜੀ, ਹੇ ਮਾਲਕਾ ਮੈਂ ਗ਼ਰੀਬ ਉਤੇ ਕਿਰਪਾ ਕਰਕੇ ਸੰਸਾਰ ਦੇ ਦੂਖਾਂ ਤੋਂ ਰੱਖ ਲਓ ਕਿਉਂ ਸਾਡੀ ਤੇਰੀ ਸ਼ਰਨ ਵਿਚ ਹੀ ਸਮਾਈ ਹੈ ॥

## ਬਿਲਾਵਲੁ ਮਹਲਾ ੪

836 **ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥ ਗੁਰਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥ ੧ ॥**

ਉਸ ਅਪੁਜ ਮਾਲਕ ਦਾ ਮੇਰੇ ਮਨ ਵਿਚ ਬਹੁਤ ਪ੍ਰੇਮ ਹੈ ਇਕ ਛਿਨ ਛਿਨ ਵਿਚ ਮੇਰੇ ਮਨ ਵਿਚ ਬਹੁਤ ਸਰਧਾ ਉਠਦੀ ਹੈ ॥ ਗੁਰੂ ਦੇ ਵੇਖਣ ਨਾਲ ਮੇਰੇ ਮਨ ਦੀ ਸਰਧਾ ਪੂਰੀ ਹੋਈ ਹੈ ਜਿਕਰ ਪਪੀਹਾ ਸ਼ਾਂਤੀ ਬੂੰਦ ਵਾਸਤੇ ਟੀ ਟੀ ਕਰਦਾ ਹੈ ਭਾਵ ਮਾਲਕ

Digitized by Panjab Digital Library | www.panjabdigilib.org

ਨੂੰ ਸਦਦਾ ਹੈ ਜਦੋਂ ਉਸਦੇ ਮੂੰਹ ਵਿਚ ਸ਼ਾਂਤੀ ਬੂੰਦ ਪੈਂਦੀ ਹੈ ਤਾਂ ਉਸ ਨੂੰ ਸ਼ਾਤੀ ਆ ਜਾਂਦੀ ਹੈ ਇਕਰ ਹੀ ਮੈਂ ਉਪਦੇਸ਼ ਮੰਗਦਾ ਹਾਂ ਜਦੋਂ ਗੁਰੂ ਨੇ ਨਾਮ ਅਮ੍ਰਿਤ ਦਾ ਉਪਦੇਸ਼ ਦਿਤਾ ਤਾਂ ਮਨ ਸ਼ਾਂਤ ਹੋਗਿਆ ॥

**ਮਿਲੁ ਮਿਲੁ ਸਖੀ ਹਰਿਕਥਾ ਸੁਨਈਆ ॥ ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥ ੧ ॥ ਰਹਾਉ**

ਸੰਤਾਂ ਸਖੀਆਂ ਨੂੰ ਮਿਲਕੇ ਉਸਦੀ ਕਥਾ ਸੁਣੀਏ ॥ ਜਦੋਂ ਮੈਂ ਓਨਾਂ ਸਖੀਆਂ ਅਗੇ ਅਪਣਾ ਸਿਰ ਕਟਕੇ ਪਾ ਦਿਆਂਗੀ ਤਾਂ ਓਹ ਗੁਰੂ ਕਿਰਪਾ ਕਰਕੇ ਮੈਨੂੰ ਮਾਲਕ ਨਾਲ ਮਿਲਾ ਦੇਵੇਗਾ ॥

**ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥ ੨ ॥**

ਮੇਰੇ ਵਾਲਵਾਲ ਵਿਚ ਇਕ ਮਾਲਕ ਦੇ ਵਿਛੋੜੇ ਦੀ ਪੀੜ ਹੈ ਏਸੇ ਲਈ ਮਾਲਕ ਦੇ ਵੇਖੇ ਬਿਨਾਂ ਮੈਨੂੰ ਨੀਂਦ ਨਹੀ ਪੈਂਦੀ ਹੈ ॥ ਜੇਹੜੇ ਵੈਦਕ ਗ੍ਰੰਥ ਪੜਨ ਵਾਲੇ ਵੈਦ ਹਨ ਓਹ ਨਾਟਿਕ=ਨਾੜੀਆਂ ਨੂੰ ਵੇਖਕੇ ਨਾਮ ਤੋਂ ਭੁਲ ਗਏ ਹਨ ਭਾਵ ਪ੍ਰੇਮ ਦੀ ਪੀੜਾ ਨਹੀ ਜਾਣਦੇ ਏਸੇ ਲਈ ਰੋਗ ਦਾ ਪਤਾ ਨਹੀ ਲਗਦਾ ਹੈ ਮੇਰੇ ਦਿਲ ਵਿਚ ਉਸ ਮਾਲਕ ਦੇ ਪ੍ਰੇਮ ਦੀ ਪੀੜਾ ਲਗੀ ਹੈ ॥

**ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥ ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥੩॥**

ਮੈ ਉਸ ਪਿਆਰੇ ਬਿਨਾਂ ਇਕ ਪਲ ਭਰ ਵੀ ਨਹੀ ਰਹਿ ਸਕਦੀ ਹਾਂ ਜਿਕਰ ਅਮਲ ਖਾਧਿਆਂ ਬਿਨਾਂ ਅਮਲੀ ਮਰ ਜਾਂਦਾ ਹੈ ॥ ਜਿਨਾਂ ਨੂੰ ਮਾਲਕ ਦੇ ਦਰਸਨ ਦੀ ਤੇਹ ਹੁੰਦੀ ਹੈ ਓਨਾਂ ਨੂੰ ਮਾਲਕ ਤੋਂ ਬਿਨਾਂ ਹੋਰ ਕੋਈ ਦੂਸਰਾ ਨਹੀ ਭਾਂਦਾ ਹੈ।

**ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥ ਅਨੇਕ ਜਨਮ ਕੇ ਵਿਛੁੜੇ ਜਨ ਮੇਲੇ ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥ ੪ ॥**

ਕੋਈ ਲਿਆ ਲਿਆਕੇ ਮੇਰੇ ਮਾਲਕ ਨੂੰ ਮਿਲਾਵੇ ਮੈਂ ਉਸ ਉਤੋਂ ਬਲਿਹਾਰ ਜਾਂਦੀ

Digitized by Panjab Digital Library | www.panjabdigilib.org

436



ਹਾਂ। ਜਦੋਂ ਸਤਿਨਾਮ ਦੇਣ ਵਾਲਿਆਂ ਗੁਰੂਆਂ ਦੀ ਸ਼ਰਨ ਪਏ ਹਾਂ ਤਾਂ ਅਨੇਕਾਂ ਜਨਮਾਂ ਦੇ ਵਿਛੜੇ ਹੋਏ ਆਦਮੀ ਗੁਰੂ ਨੇ ਪ੍ਰਮੇਸ਼ਰ ਨਾਲ ਮਿਲਾ ਲਏ ਹਨ।

**ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥ ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥ ੫ ॥**

ਦਿਲ ਸੇਜ ਇਕ ਹੈ ਮਾਲਕ ਵੀ ਇਕ ਹੈ ਪਰ ਮਨਮੁਖ ਇਸਤ੍ਰੀ ਮਹਲ ਸਰੂਪ ਨੂੰ ਨਹੀ ਪਾਂਦੀ ਹੈ ਅਤੇ ਚੁਰਾਸੀ ਵਿਚ ਭਰਮਦੀ ਹੈ ਜੇਹੜਾ ਨਾਮ ਜਪਦਾ ੨ ਗੁਰੂ ਦੀ ਸ਼ਰਨ ਆ ਜਾਵੇ ਤਾਂ ਓਹ ਉਸ ਮਾਲਕ ਨੂੰ ਆ ਮਿਲਦਾ ਹੈ ਉਸਦੇ ਮਿਲਨ ਵਿਚ ਕੁਝ ਢਿਲ ਨਹੀਂ ਪੈਂਦੀ ਹੈ ॥

**ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥ ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥ ੫ ॥**

ਜੇਹੜੇ ਅਨੇਕ ਵਾਧੂ ਕਿਰਿਆ ਕਰਕੇ ਵਾਧੂ ਕਰਮ ਵਧਾਏ ਹਨ ਅਤੇ ਮਨ ਵਿਚ ਬਹੁਤ ਪਖੰਡ ਹੈ ਉਹ ਤਾਂ ਲੋਭ ਕਰਕੇ ਕਪਟੀ ਕਰਮਾਂ ਨੂੰ ਕਰਦਾ ਹੈ ਜਾਂ ਕਪਟ ਵਾਲਿਆਂ ਕੰਮਾਂ ਨੂੰ। ਜਿਸ ਤਰਾਂ ਵੇਸਵਾ ਦੇ ਘਰ ਵਿਚ ਜੇਹੜਾ ਮੁੰਡਾ ਜੰਮਿਆਂ ਹੈ ਉਸਦੇ ਪਿਉ ਦਾ ਨਾਮ ਕੀ ਆਖਿਆ ਜਾਵੇ ਭਾਵ ਕੋਈ ਨਹੀ ਹੈ ਇਕਰ ਹੀ ਪਖੰਡੀ ਦਾ ਕੋਈ ਗੁਰੂ ਨਹੀ ਹੈ ॥

**ਪੂਰਬਜਨਮਿ ਭਗਤਿਕਰਿ ਆਏ ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥ ਭਗਤਿ ਭਗਤਿ ਕਰਤੇ ਹਰਿ ਪਾਇਆ ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥ ੭ ॥**

ਜੇਹੜੇ ਭਗਤ ਪਹਿਲਿਆਂ ਜਨਮਾਂ ਵਿਚ ਭਗਤੀ ਕਰਕੇ ਆਏ ਹਨ ਓਨਾਂ ਨੂੰ ਹੁਣ ਵੀ ਗੁਰੂ ਨੇ ਨਾਮ ਦੇਕੇ ਦਿਲ ਵਿਚ ਭਗਤੀ ਜਮਾ ਦਿਤੀ ਹੈ ਭਾਵ ਪੈਦਾ ਕੀਤੀ ਹੈ॥ ਜਦੋਂ ਭਗਤਾਂ ਨੇ ਭਗਤੀ ਕਰਦਿਆਂ ਮਾਲਕ ਦੇ ਨਾਮ ਨੂੰ ਪਾਇਆ ਤਾਂ ਮਾਲਕ ਦਾ ਨਾਮ ਜਪਕੇ ਓਸੇ ਵਿਚ ਮਿਲ ਗਿਆ ॥

**ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ ॥ ਜਿਨ ਕਉ ਠਾਕੁਰਿ ਕਿਰਪਾ ਧਾਰੀ ਬਾਹਪਕਰਿ ਨਾਨਕ**

Digitized by Panjab Digital Library | www.panjabdigilib.org

ਕਢਿਲਈਆ ॥ ੮ ॥ ੬ ॥ ੯ ॥

ਜੇਹੜਾ ਇਸ ਮਨ ਨੂੰ ਮਾਲਕ ਵਾਲੇ ਪਾਸੇ ਲਿਆਉਂਣਾ ਹੈ ਜਾਂ ਮੋੜ ੨ ਕੇ ਮਨ ਨੂੰ ਸਿਧਾ ਕਰਨਾ ਹੈ ਏਹੋ ਹੀ ਮਹਿੰਦੀ ਪੀਸੀ ਹੈ ॥ ਜੇਹੜਾ ਮੁੜ ੨ ਅਭਿਆਸ ਕਰਨਾ ਹੈ ਇਹੋ ਬੋਲ ੨ ਕੇ ਦਿਲ ਵਿਚ ਮਹਿੰਦੀ ਆਪੇ ਹੀ ਲਾਈ ਹੈ ਭਾਵ ਮਨ ਨੂੰ ਰੋਕਿਆ ਹੈ ॥ ਗੁਰੂ ਜੀ; ਜਿਨਾਂ ਉਤੇ ਮਾਲਕ ਨੇ ਕਿਰਪਾ ਕੀਤੀ ਹੈ ਓਨਾਂ ਦੀ ਅਕਲ ਰੂਪ ਬਾਂਹ ਫੜ ਕੇ ਸੰਸਾਰ ਦੇ ਦੁਖਾਂ ਤੋਂ ਬਾਹਰ ਕਢ ਲਿਆ ਹੈ ॥

## ਰਾਗੁ ਬਿਲਾਵਲੁ ਮਹਲਾ ੫

## ਅਸਟਪਦੀਆਂ ਘਰੁ ੧੨

## ੧ ਓ ਸਤਿਗੁਰਪ੍ਰਸਾਦਿ ॥

ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥
ਤਜਿ ਆਨ ਸਰਣਿ ਗਹੀ ॥ ੧ ॥ ਰਹਾਉ ॥

ਮਾਲਕ ਦੀ ਉਪਮਾਂ ਕਿਸੇਤਰਾਂ ਵੀ ਨਹੀਂ ਕੀਤੀ ਜਾਂਦੀ ਹੈ ਏਸੇ ਲਈ ਹੋਰਨਾਂ ਸਾਰਿਆਂ ਨੂੰ ਛਡਕੇ ਮਾਲਕ ਦੀ ਸ਼ਰਨ ਫੜੀ ਹੈ ॥

ਪ੍ਰਭ ਚਰਨਕਮਲ ਅਪਾਰ ॥ ਹਉ ਜਾਉ ਸਦ ਬਲਿਹਾਰ ॥
ਮਨਿ ਪ੍ਰੀਤਿ ਲਾਗੀ ਤਾਹਿ ॥ ਤਜਿ ਆਨ ਕਤਹਿ ਨ ਜਾਹਿ ॥ ੧ ॥

ਜੇਹੜੇ ਅਪਾਰ ਮਾਲਕ ਦੇ ਚਰਨ ਕਮਲ ਹਨ ॥ ਮੈਂ ਓਨਾਂ ਉਤੋਂ ਸਦਾ ਬਲਿਹਾਰ ਜਾਂਦਾ ਹਾਂ । ਮੇਰੇ ਮਨ ਦੀ ਓਨਾਂ ਚਰਨਾ ਨਾਲ ਪ੍ਰੀਤੀ ਲੱਗੀ ਹੈ ਹੁਣ ਓਨਾਂ ਚਰਨਾਂ ਨੂੰ ਛਡਕੇ ਮੇਰਾ ਮਨ ਹੋਰ ਕਿਤੇ ਨਹੀਂ ਜਾਂਦਾ ਹੈ ॥

ਹਰਿਨਾਮ ਰਸਨਾ ਕਹਨ ॥ ਮਲ ਪਾਪ ਕਲਮਲ ਦਹਨ ॥
ਚੜਿ ਨਾਵ ਸੰਤ ਉਧਾਰਿ ॥ ਭੈ ਤਰੇ ਸਾਗਰ ਪਾਰਿ ॥ ੨ ॥

ਜੇਹੜੇ ਆਦਮੀ ਉਸ ਮਾਲਕ ਦਾ ਨਾਮ ਜ਼ਬਾਨ ਨਾਲ ਜਪਦੇ ਹਨ ਓਹ ਆਦਮੀ ਰਾਗ ਦ੍ਵੈਖ ਮੈਲ, ਪਾਪਾਂ ਰੂਪ ਮਲ ਅਤੇ ਕਲਪਣਾਂ ਜਾਂ ਵਡੇ ਛੋਟੇ ਪਾਪ ਸਾਰਿਆਂ ਨੂੰ ਸਾੜ ਦੇਂਦੇ ਹਨ ॥ ਸਤਸੰਗ ਕਰਨ ਵਾਲੀ ਬੇੜੀ ਜੇਹੜੀ ਉਧਾਰ ਕਰਨ ਵਾਲੀ ਹੈ ਜੇਹੜੇ ਉਸ ਉਤੇ ਚੜੇ ਹਨ ਅਤੇ ਸੰਤਾਂ ਦੀ ਸਰਨ ਪਏ ਹਨ ਓਹ ਆਦਮੀ

Digitized by Panjab Digital Library | www.panjabdigilib.org

ਸੰਸਾਰ ਸਮੁੰਦਰ ਤੋਂ ਤਰ ਕੇ ਪਾਰ ਦੇ ਕੰਢੇ ਉਤੇ ਜਾ ਪੁਜੇ ਹਨ ॥

**ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥**
**ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥ ੩ ॥**

ਓਨਾਂ ਦੇ ਸਰੀਰ ਦਾ ਪ੍ਰੇਮ ਅਤੇ ਮਨ ਦੀ ਪ੍ਰੀਤੀ ਰੂਪ ਡੋਰੀ ਉਸ ਮਾਲਕ ਵਿਚ ਲਗੀ ਹੈ ਓਨਾਂ ਸੰਤਾਂ ਦੀ ਇਹ ਨਿਰਮਲ ਰੀਤੀ ਹੈ । ਓਨਾਂ ਸੰਤਾਂ ਨੇ ਸਾਰੇ ਪਾਪ ਤੇ ਵਿਕਾਰ ਛਡ ਦਿਤੇ ਹਨ ਓਹੋ ਸੰਤ ਮਾਲਕ ਨੂੰ ਮਿਲੇ ਹਨ ॥

**ਪ੍ਰਭੁ ਪੇਖੀਐ ਬਿਸਮਾਦ ॥ ਚਖਿ ਆਨਦ ਪੂਰਨ ਸਾਦਿ ॥**
**ਨਹ ਡੋਲੀਐ ਇਤ ਊਤ ॥ ਪ੍ਰਭ ਬਸੇ ਹਰਿ ਹਰਿ ਚੀਤ ॥ ੪ ॥**

ਇਕਰ ਅਸਚਰਜ ਮਾਲਕ ਨੂੰ ਵੇਖੀਏ ॥ ਉਸ ਅਨੰਦ ਵਾਲੇ ਸੁਆਦ ਨੂੰ ਚਖ ਕੇ ਸਦਾ ਅਨੰਦ ਰਹੀਦਾ ਹੈ । ਜਿਨਾਂ ਦੇ ਚਿਤ ਵਿਚ ਮਾਲਕ ਆ ਵਸਿਆ ਹੈ ਓਹ ਐਧਰ ਓਧਰ ਚੁਰਾਸੀ ਵਿਚ ਨਹੀਂ ਡੋਲਦੇ ਹਨ ॥

**ਤਿਨ ਨਾਹਿ ਨਰਕ ਨਿਵਾਸੁ । ਨਿਤ ਸਿਮਰਿ ਪ੍ਰਭ ਗੁਣ ਤਾਸੁ ॥**
**ਤੇ ਜਮੁ ਨ ਪੇਖਹ ਨੈਨ ॥ ਸੁਨਿ ਮੋਹੇ ਅਨਹਤ ਬੈਨ ॥ ੫ ॥**

ਜਿਨਾਂ ਨੇ ਗੁਣਾਂ ਦੇ ਸਮੁੰਦਰ ਮਾਲਕ ਨੂੰ ਯਾਦ ਕੀਤਾ ਹੈ ਓਨਾਂ ਦਾ ਕਦੀ ਨਰਕ ਵਿਚ ਨਿਵਾਸ ਨਹੀਂ ਹੁੰਦਾ ਹੈ ॥ ਓਹ ਆਦਮੀ ਅੱਖਾਂ ਨਾਲ ਜਮ ਨੂੰ ਨਹੀਂ ਵੇਖਦੇ ਹਨ ਜੇਹੜਾ ਮਾਲਕ ਅਨਹਤ-ਨਾਸ ਤੋਂ ਰਹਿਤ ਹੈ ਉਸ ਦੇ ਬਚਨਾਂ ਨੂੰ ਸੁਣ ਕੇ ਓਹ ਮੋਹੇ ਗਏ ਹਨ ॥

**ਹਰਿ ਸਰਣਿ ਸੂਰ ਗੁਪਾਲ ॥ ਪ੍ਰਭ ਭਗਤਿ ਵਸਿ ਦਇਆਲ ॥**
**ਹਰਿ ਨਿਗਮ ਲਹਹਿ ਨ ਭੇਵ ॥ ਨਿਤ ਕਰਹਿ ਮੁਨ ਜਨ ਸੇਵ ॥੬॥**

ਓਹ ਮਾਲਕ ਸਰਨ ਆਇਆਂ ਦੀ ਰਖਿਆ ਕਰਨ ਵਾਲਾ ਸੂਰਮਾ ਹੈ ॥ ਓਹ ਦਿਆਲੂ ਮਾਲਕ ਭਗਤੀ ਦੇ ਵੱਸ ਹੈ ॥ ਜਿਸ ਮਾਲਕ ਦਾ ਭੇਦ ਬੇਦ ਨਹੀਂ ਲੈ ਸਕਦੇ ॥ ਉਸ ਮਾਲਕ ਦੀ ਸੇਵਾ ਮੁਨੀ ਜਨ ਰੋਜ ਹੀ ਕਰਦੇ ਹਨ ॥

**ਦੁਖ ਦੀਨ ਦਰਦ ਨਿਵਾਰ । ਜਾਕੀ ਮਹਾ ਬਿਖੜੀ ਕਾਰ ॥**
**ਤਾਕੀ ਮਿਤਿ ਨ ਜਾਨੈ ਕੋਇ ॥ ਜਲਿ ਥਲਿ ਮਹੀਅਲਿ ਸੋਇ ॥ ੭ ॥**

ਓਹ ਗਰੀਬਾਂ ਦੇ ਦੁਖਾਂ ਨੂੰ ਦੂਰ ਕਰਦਾਹੈ ਜਿਸ ਦੀ ਭਗਤੀ ਰੂਪ ਕਾਰ ਕਰਨੀ ਬੜੀ ਔਖੀ ਹੈ ॥ ਉਸਦੀ ਮਰਜਾਦਾ ਨੂੰ ਕੋਈ ਨਹੀਂ ਜਾਣਦਾ ਹੈ । ਓਹ ਜਲਾਂ ਥਲਾਂ

Digitized by Panjab Digital Library | www.panjabdigilib.org

ਧਰਤੀ ਅਕਾਸ਼ ਸਰਿਆਂ ਥਾਂਵਾਂ ਵਿਚ ਹੈ ॥

ਕਰਿ ਬੰਦਨਾ ਲਖ ਬਾਰ ॥ ਥਕਿ ਪਰਿਓ ਪ੍ਰਭ ਦਰਬਾਰ ॥
ਪ੍ਰਭ ਕਰਹੁ ਸਾਧੂ ਧੂਰਿ ॥ ਨਾਨਕ ਮਨਸਾ ਪੂਰਿ ॥੮॥੧॥

ਹੇ ਮਾਲਕ ਮੈ ਤੈਨੂੰ ਲੱਖਾਂ ਵਾਰ ਨਮਸਕਾਰ ਕਰਦਾ ਹਾਂ ਮੈ ਹੁਣ ਥੱਕ ਕੇ ਤੇਰੇ ਦਰਬਾਰ ਡਿਗ ਪਿਆ ਹਾਂ ॥ ਹੇ ਮਾਲਕ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਕਰ ॥ ਗੁਰੂ ਜੀ, ਸਾਡੀ ਇਹ ਇੱਛਿਆ ਪੂਰੀ ਕਰੋ ॥

## ਬਿਲਾਵਲੁ ਮਹਲਾ ੫

ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥
ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥ ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥੧॥

ਹੇ ਮਾਲਕਾ ਮੇਰੇ ਜਨਮ ਮਰਨ ਦੇ ਦੁੱਖਾਂ ਨੂੰ ਦੂਰ ਕਰ ਦਿਓ ਕਿਉਂਕਿ ਮੈ ਤੇਰੇ ਬੂਹੇ ਉਤੇ ਹਾਰਕੇ ਆ ਪਿਆ ਹਾਂ ॥ ਸੰਤਾਂ ਦਾ ਸੰਗ ਕਰਕੇ ਮੈ ਤੇਰਿਆਂ ਚਰਨਾਂ ਨੂੰ ਫੜਿਆ ਹੈ ਜਾਂ ਫੜਾਂ ॥ ਹੇ ਮਾਲਕਾ ਤੇਰੇ ਨਾਮ ਦਾ ਪ੍ਰੇਮ ਮੇਰੇ ਮਨ ਵਿਚ ਮਿੱਠਾ ਲੱਗ ਜਾਵੇ ॥ ਕਿਰਪਾ ਕਰਕੇ ਮੈਨੂੰ ਆਪਣੇ ਲੜ ਨਾਲ ਲਾ ਲੈ ॥ ਗੁਰੂ ਜੀ, ਮੈ ਤੇਰਾ ਨਾਮ ਹੀ ਚੇਤੇ ਕਰਦਾ ਰਹਾਂ ॥

ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥
ਜਾਚਉ ਸੰਤ ਰਵਾਲ ॥੧॥ ਰਹਾਉ ॥

ਹੇ ਗਰੀਬਾਂ ਦੇ ਮਾਲਕ ਦਿਆਲੂ ਮਾਲਕ ਮੈ ਤੈਥੋਂ ਸੰਤਾਂ ਦੀ ਧੂੜੀ ਮੰਗਦਾ ਹਾਂ।

ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥
ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪਨਾ ਦੇਹੁ ॥
ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥੨॥

ਇਹ ਸੰਸਾਰ ਵਿਸ਼ਿਆਂ ਦਾ ਖੂਹ ਹੈ ॥ ਅਗਿਆਨ ਰੂਪ ਘੂਪ=ਗਾਹੜਾ ਤਮ=ਹਨੇਰਾ ਹੈ ਆਦਮੀ ਉਸ ਵਿਚ ਮੋਹਤ ਹੋਇਆ ਹੋਇਆ ਹੈ ਭਾਵ ਭੁੱਲ ਗਿਆ ਹੈ ਹੇ ਮਾਲਕ ਅਜੇਹੇ ਹਨੇਰੇ ਵਿਚੋਂ ਮੇਰੀਆਂ ਬਾਹਾਂ ਫੜ ਲੌ ਅਤੇ ਮੈਨੂੰ ਆਪਣਾ ਨਾਮ ਦਿਓ। ਹੇ ਮਾਲਕਾ ਮੈਨੂੰ ਤੇਰੇ ਨਾਮ ਤੋਂ ਬਿਨਾ ਕੋਈ ਥਾਂ ਨਹੀਂ ਹੈ ॥ ਗੁਰੂ ਜੀ, ਮੈ ਤੈਥੋਂ ਬਲਿਹਾਰ ਜਾਂਦਾ ਹਾਂ ॥

Digitized by Panjab Digital Library | www.panjabdigilib.org

ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥ ਜਮਦੂਤ ਮਹਾ ਭਇਆਨ ॥ ਚਿਤਗੁਪਤ ਕਰਮਹਿ ਜਾਨ ॥ ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿਸਰਨਾਇ ॥ ੩ ॥

ਇਹ ਦੇਹ ਲੋਭ ਮੋਹ ਦੀ ਬੰਨ੍ਹੀ ਹੋਈ ਹੈ ਸੋ ਤੇਰੇ ਭਜਨ ਤੋਂ ਬਿਨਾ ਸੁਆਹ ਰੂਪ ਹੋ ਜਾਂਦੀ ਹੈ ਭਾਵ ਬਿਅਰਥ ॥ ਜਮਦੂਤ ਬੜਾ ਡਰੌਣ ਵਾਲੇ ਹਨ ॥ ਇਸ ਆਦਮੀ ਦੇ ਸਾਰਿਆਂ ਕੰਮਾਂ ਨੂੰ ਚਿਤ੍ਰ ਗੁਪਤ ਮੁਣਸ਼ੀ ਜਾਣਦੇ ਹਨ ॥ ਦਿਨ ਰਾਤ ਗਵਾਹੀ ਸੁਣਾਂਦੇ ਹਨ ॥ ਗੁਰੂ ਜੀ, ਹੇ ਮਾਲਕ ਅਸੀਂ ਤੇਰੀ ਸ਼ਰਨ ਆਏ ਹਾਂ ॥

ਭੈਭੰਜਨਾ ਮੁਰਾਰਿ ॥ ਕਰਿ ਦਇਆ ਪਤਿਤ ਉਧਾਰਿ ॥ ਮੇਰੇ ਦੋਖ ਗਨੇ ਨ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥ ਗਹਿ ਓਟ ਚਿਤਵੀ ਨਾਥ ॥ ਨਾਨਕਾ ਦੇ ਰਖੁ ਹਾਥ ॥ ੪ ॥

ਹੇ ਡਰ ਨਾਸ ਕਰਨ ਵਾਲੇ ਮੁਰ ਦੈਂਤ ਦੇ ਵੈਰੀ ॥ ਕਿਰਪਾ ਕਰਕੇ ਮੈ ਪਾਪੀ ਦਾ ਉਧਾਰ ਕਰ ਲੈ ॥ ਮੇਰੇ ਦੋਖ ਤਾਂ ਗਿਣੇ ਨਹੀਂ ਜਾਂਦੇ ॥ ਹੇ ਮਾਲਕਾ ਤੇਰੇ ਬਿਨਾ ਸਾਡੀ ਕਿਥੇ ਸਮਾਈ ਹੈ ॥ ਹੇ ਮਾਲਕ ਤੇਰੀ ਓਟ ਫੜਕੇ ਮੈ ਤੈਨੂੰ ਹੀ ਯਾਦ ਕਰਦਾ ਹਾਂ ॥ ਗੁਰੂ ਜੀ, ਸਾਨੂੰ ਸਾਰਿਆਂ ਡਰਾਂ ਤੋਂ ਹੱਥ ਦੇਕੇ ਰੱਖ ਲਓ ॥

ਹਰਿ ਗੁਣਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥ ਮਨਿ ਪ੍ਰੀਤਿ ਦਰਸਨ ਪਿਆਸ ॥ ਗੋਬਿੰਦ ਪੂਰਨ ਆਸ ॥ ਇਕ ਨਿਮਖ ਰਹਨੁ ਨ ਜਾਇ ॥ ਵਡਭਾਗਿ ਨਾਨਕ ਪਾਇ ॥ ੫ ॥

ਹੇ ਮਾਲਕਾ ਤੂੰ ਸਾਰਿਆਂ ਗੁਣਾਂ ਦਾ ਖਜ਼ਾਨਾ ਹੈਂ ਸਾਰਿਆਂ ਘਟਾਂ ਭਾਵ ਜੀਆਂ ਦੀ ਪਾਲਣਾ ਕਰਦਾ ਹੈਂ ॥ ਮੇਰੇ ਮਨ ਵਿਚ ਤੇਰੇ ਦਰਸ਼ਨ ਦੀ ਪਿਆਸ ਹੈ ਤੇਰੇ ਚਰਨਾਂ ਦੀ ਪ੍ਰੀਤੀ ਲੱਗੀ ਹੈ ਹੇ ਮਾਲਕ ਸਾਡੀ ਆਸਾ ਪੂਰੀ ਕਰ ॥ ਤੈਥੋਂ ਬਿਨਾ ਮੇਰੇ ਪਾਸੋਂ ਇਕ ਨਿਮਖ ਭਰ ਵੀ ਨਹੀਂ ਰਿਹਾ ਜਾਂਦਾ ਹੈ ਗੁਰੂ ਜੀ, ਹੇ ਮਾਲਕ ਵਡਭਾਗੀਆਂ ਨੇ ਤੈਨੂੰ ਪਾਇਆ ਹੈ ॥

ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥ ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥ ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥ ੬ ॥

Digitized by Panjab Digital Library | www.panjabdigilib.org

ਹੇ ਮਾਲਕ ਤੈਥੋਂ ਬਿਨਾਂ ਮੈਨੂੰ ਹੋਰ ਕੋਈ ਪਿਆਰਾ ਨਹੀ ਹੈ ਜਿਕਰ ਚਕੋਰ ਦੇ ਮਨ ਵਿਚ ਚੰਦ੍ਰਮਾ ਦੀ ਪ੍ਰੀਤੀ ਰਹਿੰਦੀ ਹੈ॥ ਜਿਕਰ ਮਛੀ ਦਾ ਪਾਣੀ ਨਾਲ ਪ੍ਰੇਮ ਹੈ ਜਿਕਰ ਭੌਰੇ ਦਾ ਕਮਲ ਤੋਂ ਵਖਰਾ ਭੇਦ ਕੋਈ ਨਹੀ ਹੈ ਭਾਵ ਓਹ ਉਸ ਨਾਲ ਹੀ ਪ੍ਰੇਮ ਕਰਦਾ ਹੈ॥ ਜਿਕਰ ਚਕਵੀ ਨੂੰ ਸੂਰਜ ਦੇ ਦਰਸ਼ਨ ਦੀ ਆਸਾ ਲਗੀ ਰਹਿੰਦੀ ਹੈ ਗੁਰੂ ਜੀ,ਹੇ ਮਾਲਕ ਸਾਨੂੰ ਤੇਰੇ ਚਰਨਾਂ ਦੀ ਤੇਹ ਹੈ॥

**ਜਿਉ ਤਰੁਨਿ ਭਰਤ ਪਰਾਨ॥ ਜਿਉ ਲੋਭੀਐ ਧਨੁ ਦਾਨੁ॥ ਜਿਉ ਦੂਧ ਜਲਹਿ ਸੰਜੋਗੁ॥ ਜਿਉ ਮਹਾ ਖੁਧਿਆਰਥ ਭੋਗੁ॥ ਜਿਉ ਮਾਤ ਪੂਤਹਿ ਹੇਤੁ॥ ਹਰਿ ਸਿਮਰਿ ਨਾਨਕ ਨੇਤ॥੭॥**

ਜਿਕਰ ਇਸਤ੍ਰੀ ਨੂੰ ਭਰਤਾ ਪ੍ਰਾਣਾਂ ਵਰਗਾ ਹੁੰਦਾ ਹੈ ਜਿਕੁਰ ਲੋਭੀ ਆਦਮੀ ਧਨ ਨੂੰ ਹੀ ਪ੍ਰਾਣਾਂ ਵਰਗਾ ਦਾਨ=ਜਾਂਣਦਾ ਹੈ ਜਾਂ ਧਨ ਦਾ ਦਾਨ ਲੈਣ ਨਾਲ।
ਜਿਕੁਰ ਦੁਧ ਦੇ ਨਾਲ ਪਾਣੀ ਦੀ ਪ੍ਰੀਤ ਵਾਲਾ ਮੇਲ ਹੈ ਭਾਵ ਦੁਧ ਨਾਲ ਪਾਣੀ ਦਾ ਮੇਲ ਹੈ ਜਿਕਰ ਵਡੇ ਭੁਖੇ ਨੂੰ ਅੰਨ ਦੇ ਖਾਣ ਨਾਲ ਪ੍ਰੀਤ ਹੈ।
ਜਿਕਰ ਮਾਂ ਦਾ ਆਪਣੇ ਪੁਤ ਨਾਲ ਹਿਤ ਹੁੰਦਾ ਹੈ, ਗੁਰੂ ਜੀ,ਹੇ ਮਾਲਕਾ ਮੈਂ ਇਨਹਾਂ ਵਾਂਗ ਤੇਰੇ ਨਾਲ ਰੋਜ ਹੀ ਪ੍ਰੀਤੀ ਕਰਕੇ ਤੈਨੂੰ ਯਾਦ ਕਰਦਾ ਹਾਂ॥

**ਜਿਉ ਦੀਪ ਪਤਨ ਪਤੰਗ॥ ਜਿਉ ਚੋਰੁ ਹਿਰਤ ਨਿਸੰਗ॥ ਮੈਗਲਹਿ ਕਾਮੈ ਬੰਧੁ॥ ਜਿਉ ਗ੍ਰਸਤ ਬਿਖਈ ਧੰਧੁ॥ ਜਿਉ ਜੂਆਰ ਬਿਸਨੁ ਨ ਜਾਇ॥ ਹਰਿ ਨਾਨਕ ਇਹੁ ਮਨੁ ਲਾਇ॥੮॥**

ਪਤਨ=ਪੈਂਦਾ ਹੈ ਭਾਵ ਨਾਸ ਹੋ ਜਾਂਦਾ ਹੈ। ਜਿਕੁਰ ਪਤੰਗਾ ਦੀਵੇ ਵਿਚ ਪ੍ਰੀਤੀ ਕਰਕੇ ਨਾਸ ਹੋ ਜਾਂਦਾ ਹੈ ਜਾਂ ਪ੍ਰੀਤੀ ਕਰਨ ਨੂ ਕੁਦ ਕੁਦ ਕੇ ਪੈਂਦਾ ਹੈ। ਜਿਕੁਰ ਚੋਰ ਪਰਾਏ ਧਨ ਨੂੰ ਨਿਸ਼ੰਗ ਹੋਕੇ ਹਰਦਾ ਹੈ।
ਜਿਕੁਰ ਹਾਥੀ ਕਾਗਜ਼ ਦੀ ਪੁਤਲੀ ਬਣੀ ਹੋਈ ਹਥਣੀ ਨੂੰ ਵੇਖਕੇ ਕਾਮ ਨਾਲ ਦੁਖੀ ਹੋਇਆ੨ ਟੋਏ ਵਿਚ ਡਿਗਕੇ ਬੰਧਨਾਂ ਵਿਚ ਪੈ ਜਾਂਦਾ ਹੈ। ਜਿਕੁਰ ਵਿਸਈ ਗ੍ਰਿਹਸਤੀ ਧੰਧਿਆਂ ਵਿਚ ਗਲਤਾਨ ਰਹਿੰਦਾ ਹੈ ਜਿਕਰ ਜੁਆਰੀਏ ਦਾ ਜੂਆ ਖੇਡਨ ਦਾ ਬਿਸ਼ਨ=ਬਹੁਤ ਪ੍ਰਵਾਹ ਰੂਪ ਸੁਭਾਵ ਨਹੀ ਜਾਂਦਾ ਹੈ॥
ਗੁਰੂ ਜੀ, ਇਕੁਰ ਹੀ ਮੈਂ ਇਹ ਮਨ ਤੇਰੇ ਵਿਚ ਲਾਇਆ ਹੈ॥

**ਕੁਰੰਕ ਨਾਦੈ ਨੇਹੁ॥ ਚਾਤ੍ਰਿਕੁ ਚਾਹਤ ਮੇਹੁ॥ ਜਨ ਜੀਵਨਾ ਸਤਸੰਗਿ॥ ਗੋਬਿੰਦੁ ਭਜਨਾ ਰੰਗਿ॥ ਰਸਨਾ ਬਖਾਨੈ ਨਾਮੁ॥ ਨਾਨਕ ਦਰਸਨ**

Digitized by Panjab Digital Library | www.panjabdigilib.org

ਦਾਨੁ ॥ ੯ ॥

ਜਿਕਰ ਹਰਨ ਦਾ ਤੇਰੇ ਟੇੜੇ ਦੇ ਨਾਦ=ਸ਼ਬਦ ਸੁਣਨ ਵਿਚ ਪ੍ਰੇਮ ਹੁੰਦਾ ਹੈ॥ ਜਿਕਰ ਪਪੀਹਾ ਸ਼ਾਂਤੀ ਬੂੰਦ ਦੇ ਵਾਸਤੇ ਵਰਖਾ ਨੂੰ ਲੋੜਦਾ ਹੈ॥ ਇਕਰ ਹੀ ਦਾਸਾਂ ਦਾ ਜੀਉਣਾ ਸਤਸੰਗ ਕਰਕੇ ਹੈ॥ ਹੇ ਮਾਲਕ ਸੰਤ ਤੇਰੇ ਪ੍ਰੇਮ ਕਰਕੇ ਭਜਨ ਵਿਚ ਮਸਤ ਰਹਿੰਦੇ ਹਨ॥ ਸਾਡੀ ਰਸਨਾ ਤੇਰੇ ਨਾਮ ਨੂੰ ਬੋਲਦੀ ਹੈ॥ ਗੁਰੂ ਜੀ, ਹੇ ਮਾਲਕਾ ਮੇਰੀਆਂ ਅੱਖਾਂ ਤੇਰੇ ਦਰਸਨ ਨੂੰ ਵੇਖਣ ਮੈਨੂੰ ਇਹ ਦਾਨ ਦੇਹ॥

**ਗੁਨ ਗਾਇ ਸੁਨਿ ਲਿਖਿ ਦੇਇ॥ ਸੋ ਸਰਬ ਫਲ ਹਰਿ ਲੇਇ॥ ਕੁਲ ਸਮੂਹ ਕਰਤ ਉਧਾਰੁ॥ ਸੰਸਾਰੁ ਉਤਰਸਿ ਪਾਰਿ॥ ਹਰਿਚਰਨ ਬੋਹਿਥ ਤਾਹਿ॥ ਮਿਲਿ ਸਾਧ ਸੰਗਿ ਜਸੁ ਗਾਹਿ॥ ਹਰਿ ਪੈਜ ਰਖੈ ਮੁਰਾਰਿ॥ ਹਰਿ ਨਾਨਕ ਸਰਨਿ ਦੁਆਰਿ॥ ੧੦॥ ੨॥**

ਜੇਹੜਾ ਕੋਈ ਮਾਲਕ ਦੇ ਗੁਣਾਂ ਨੂੰ ਗਾਵੇ ਜਾਂ ਸੁਣੇ ਜਾਂ ਕਿਸੇ ਨੂੰ ਲਿਖਕੇ ਦੇਵੇ ਓਹ ਆਦਮੀ ਮਾਲਕ ਦੇ ਧਰਮ, ਅਰਥ, ਕਾਮ, ਮੋਖ, ਸਾਰਿਆਂ ਫਲਾਂ ਨੂੰ ਲੈਂਦਾ ਹੈ॥ ਓਹ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ॥ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ॥ ਮਾਲਕ ਦੇ ਚਰਨ ਜਹਾਜ ਵਰਗੇ ਉਸਨੂੰ ਆ ਪ੍ਰਾਪਤ ਹੁੰਦੇ ਹਨ॥ ਜੇਹੜਾ ਆਦਮੀ ਸੰਤਾਂ ਦੀ ਸੰਗਤ ਵਿਚ ਮਿਲਕੇ ਮਾਲਕ ਦੇ ਜਸ ਨੂੰ ਗਾਂਦਾ ਹੈ॥ ਹੰਕਾਰ ਦੈਂਤ ਦੇ ਨਾਸ ਕਰਨ ਵਾਲਾ ਮਾਲਕ ਸੰਤਾਂ ਦੀ ਇਜ਼ਤ ਰੱਖਦਾ ਹੈ॥ ਗੁਰੂ ਜੀ, ਮੈ ਉਸ ਮਾਲਕ ਦੇ ਬੂਹੇ ਸਤਸੰਗ ਦੀ ਸਰਨ ਲਈ ਹੈ॥

ਸਾਰੀਆਂ ਥਿਤਾਂ ਦੇ ਅਕੱਠ ਦਾ ਨਾਮ ਜਤਿ ਆਖਿਆ ਜਾਂਦਾ ਹੈ ਜਾਂ ਵਿਸ਼ੇਸ਼ ਕਰਕੇ ਇਹ ਇਕ ਤਰਾਂ ਦੀ ਛੰਦਾਂ ਦੀ ਚਾਲ ਹੈ, ਕਈ ਲੋਕ ਥਿਤਾਂ ਨੂੰ ਪੂਜਦੇਹਨ ਕੋਈ ਇਕਾਦਸੀ ਰੱਖਦਾ ਹੈ ਕੋਈ ਪੂਰਨਮਾਸ਼ੀ ਦਾ ਵਰਤ ਰਖਦਾ ਹੈ ਕੋਈ ਹੋਰਣ ਕਈਆਂ ਥਿਤਾਂ ਨੂੰ ਮੰਨਦੇ ਹਨ ਪਰ ਸਿਖਧਰਮ ਵਿਚ ਇਹ ਗਲ ਨਹੀ ਹੈ ਸਿਖ ਗੁਰੂ ਪ੍ਰਮੇਸਰ ਦੀ ਹੀ ਪੂਜਾ ਕਰਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਇਹਨਾਂ ਥਿਤਾਂ ਦੁਆਰਾ ਮਾਲਕ ਦਾ ਪੂਜਣਾ ਉਸਦੀ ਜਾਨ ਪਛਾਣ ਉਸਦੇ ਗੁਣ ਗੌਣੇ ਇਕਰ ਦਾ ਉਪਦੇਸ਼ ਕਰਦੇ ਹਨ

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ

### ੧ ਓ ਸਤਿਗੁਰਪ੍ਰਸਾਦਿ ॥

ਏਕਮ ਏਕੰਕਾਰੁ ਨਿਰਾਲਾ ॥ ਅਮਰ ਅਜੋਨੀ ਜਾਤਿ ਨ ਜਾਲਾ ॥ ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥ ਗੁਰਪਰਸਾਦਿ ਪਰਮਪਦੁ ਪਾਈ ॥ ੧ ॥

ਏਕਮ ਥਿਤ ਦੁਆਰਾ ਉਪਦੇਸ਼ ਕਰਦੇ ਹਨ ਜੇਹੜਾ ਇਕ ਮਾਲਕ ਹੈ ਓਹ ਸਾਰਿਆਂ ਤੋਂ ਵਖਰਾ ਹੈ ॥ ਓਹ ਅਮਰ ਤੇ ਜੂਨ ਤੋਂ ਬਿਨਾ ਹੈ ਅਤੇ ਜਾਤੀ ਦੇ ਜਾਲ=ਬੰਧਨਾ ਤੋਂ ਵੀ ਬਾਹਰ ਹੈ ॥ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਓਹ ਅਪੁਜ ਤੇ ਛਪਿਆ ਹੋਇਆ ਹੈ ॥ ਉਸਨੂੰ ਲਭਦਿਆਂ ਨੇ ਸਾਰਿਆਂ ਸਰੀਰਾਂ ਵਿਚ ਵੇਖਿਆ ਹੈ ॥ ਜੇਹੜਾ ਆਪ ਵੇਖਕੇ ਫਿਰ ਸਿਖ ਨੂੰ ਵਿਖਾਂਦਾ ਹੈ ਮੈਂ ਉਸਤੋਂ ਬਲਿਹਾਰ ਜਾਂਦਾ ਹਾਂ ॥ ਗੁਰੂ ਦੀ ਕਿਰਪਾ ਨਾਲ ਪਰਮ ਪਦ ਨੂੰ ਪਾਈਦਾ ਹੈ ॥

ਕਿਆ ਜਪੁ ਜਾਪਉ ਬਿਨੁ ਜਗਦੀਸੈ ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥ ੧ ॥ ਰਹਾਉ । ੪੩੯

ਇਕ ਮਾਲਕ ਤੋਂ ਬਿਨਾ ਹੋਰ ਕਿਸੇ ਜਪ ਨੂੰ ਕੀ ਜਪੀਏ ਭਾਵ ਨਹੀਂ ਜਪਣਾ ਚਾਹੀਦਾ ਹੈ । ਗੁਰ ਉਪਦੇਸ਼ ਨਾਲ ਦਿਲ ਦੇ ਅੰਦਰ ਹੀ ਮਾਲਕ ਦਿਸ ਪੈਂਦਾ ਹੈ ॥

ਦੂਜੈ ਭਾਇ ਲਗੇ ਪਛੁਤਾਣੇ ॥ ਜਮਦਰਿ ਬਾਧੇ ਆਵਣ ਜਾਣੇ ॥ ਕਿਆ ਲੈ ਆਵਹਿ ਕਿਆ ਲੇ ਜਾਹਿ ॥ ਸਿਰਿ ਜਮਕਾਲੁ ਸਿ ਚੋਟਾਂ ਖਾਹਿ ॥ ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥ ੨ ॥

ਜੇਹੜੇ ਦੂਸਰੇ ਖਿਆਲ ਵਲ ਲਗੇ ਹਨ ਓਹ ਪਛਤਾਂਦੇ ਹਨ ॥ ਓਹ ਜਮ ਦੇ ਬੂਹੇ ਉਤੇ ਬਧੇ ਹੋਇ ਸਦਾ ਜੰਮਦੇ ਮਰਦੇ ਹਨ ॥ ਓਹ ਕੀ ਲੈਕੇ ਆਉਂਦੇ ਹਨ ਅਤੇ ਕੀ ਲੈਕੇ ਜਾਣਗੇ ਭਾਵ ਖਾਲੀ ਆਏ ਖਾਲੀ ਹੀ ਜਾਣਗੇ ॥ ਓਹ

Digitized by Panjab Digital Library | www.panjabdigilib.org

ਆਪਣੇ ਸਿਰ ਉਤੇ ਜਮ ਦੀਆਂ ਸਟਾਂ ਖਾਣਗੇ ॥ ਗੁਰ ਉਪਦੇਸ਼ ਤੋਂ ਬਿਨਾ ਜਮ ਦੀਆਂ ਚੋਟਾਂ ਤੋਂ ਕੋਈ ਨਹੀ ਛੁਟ ਸਕਦਾ ਹੈ । ਪਾਖੰਡ ਕੀਤਿਆਂ ਮੁਕਤੀ ਨਹੀਂ ਹੁੰਦੀ ਹੈ ਭਾਵ ਦਿਖਾਵੇ ਵਾਲੇ ਕਰਮ ॥

(ਸੰਸਾਰ ਦੀ ਉਤਪਤੀ)

**ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ॥੩॥**

ਜੋੜਿ=ਜੋੜਕੇ ਜਾਂ ਜ਼ੋਰ ਨਾਲ ॥ ਸਚੇ ਮਾਲਕ ਨੇ ਅਪਣੇ ਜ਼ੋਰ ਨਾਲ ਅਜੇਹਾ ਬ੍ਰਹਮੰਡ ਬਣਾਇਆ ਹੈ ਜਿਸਤਰਾਂ ਅੰਡਾ ਜੇਹੜਾ ਹੈ ਉਸਨੂੰ ਜੋੜਨਾ ਕਰਕੇ ਫਿਰ ਅੰਡੇ ਨੂੰ ਤੋੜਕੇ ਵਿਛੋੜ ਦਿਤਾ ਹੈ ॥ ਅਗੇ ਫੇਰ ਸਾਰੀ ਗੱਲ ਦਸਦੇ ਹਨ ਧਰਤੀ ਅਕਾਸ਼ ਆਦਿਕ ਜੀਆਂ ਦੇ ਬਹਿਣ ਵਾਸਤੇ ਵੱਖ ਵਖ ਚੌਦਾਂ ਲੋਕ ਰੂਪ ਥਾਂ ਬਣਾਏ ਹਨ ॥ ਸਾਰਿਆਂ ਜੀਆਂ ਨੂੰ ਵਿਹਾਰ ਵਾਸਤੇ ਦਿਨ ਰਾਤ ਬਣਾਕੇ ਡਰ ਤੇ ਪ੍ਰੇਮ ਕੀਤਾ ਹੈ ॥ ਜਿਸਨੇ ਇਹ ਜੀਵ ਬਣਾਏ ਹਨ ਓਹੋ ਹੀ ਇਹਨਾਂ ਨੂੰ ਰਚਕੇ ਆਪ ਵੇਖਣ ਵਾਲਾ ਹੋਇਆ ਹੈ । ਉਸਤੋਂ ਬਿਨਾ ਹੋਰ ਕੋਈ ਪੈਦਾ ਕਰਨ ਵਾਲਾ ਨਹੀਂ ਹੈ ॥

**ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ॥ ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥ ਕੀਮਤਿ ਪਾਇ ਰਹਿਆ ਭਰਪੂਰਿ॥ ਕਿਸੁ ਨੇੜੈ ਕਿਸੁ ਆਖਾ ਦੂਰਿ॥ ੪ ॥**

ਤੀਸਰੀ ਥਿਤ ॥

ਬ੍ਰਹਮਾ, ਬਿਸ਼ਨ, ਸ਼ਿਵਜੀ। ਦੇਵੀ ਦੇਵਤੇ ਆਦਿਕ ਹੋਰ ਕਈ ਵਖੋ ਵਖ ਪੈਦਾ ਕੀਤੇ ਹਨ ॥ ਜੇਹੜੀਆਂ ਜੋਤੀ ਸਰੂਪ ਮਾਲਕ ਨੇ ਜਾਤੀਆ ਪੈਦਾ ਕੀਤੀਆਂ ਹਨ ਭਾਵ ਕਈ ਕਿਸਮਾਂ ਪ੍ਰਗਟ ਕੀਤੀਆਂ ਹਨ ਓਨਾਂ ਦੀ ਗਿਣਤੀ ਨਹੀ ਆਉਂਦੀ ਹੈ। ਜਿਸ ਨੇ ਇਹ ਦੁਨੀਆਂ ਸਾਜੀ ਹੈ ਓਹੋ ਹੀ ਇਸਦੀ ਕੀਮਤ ਪਾਂਦਾ ਹੈ ਭਾਵ ਮਾੜੇ ਚੰਗੇ ਕੰਮ ਤੇ ਫਲ ਜਾਣਦਾ ਹੈ ॥ ਕੀਮਤ ਪਾਕੇ ਓਹ ਸਾਰਿਆਂ ਵਿਚ ਮਿਲਿਆ ਹੋਇਆ ਹੈ। ਉਸ ਮਾਲਕ ਨੂੰ ਨੇੜੇ ਕਿਸ ਤਰਾਂ ਅਤੇ ਦੂਰ ਕਿਸਤਰਾਂ ਆਖਾਂ ਜਾਂ ਕਿਸ ਵਸਤੂ ਨੂੰ ਨੇੜੇ ਤੇ ਕਿਸਨੂੰ ਦੂਰ ਆਖਾਂ ਭਾਵ ਓਹ ਮਾਲਕ ਸਾਰਿਆਂ ਦਾ ਸਰੂਪ ਆਪ ਹੀ ਹੈ ॥

**ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ**

Digitized by Panjab Digital Library | www.panjabdigilib.org

ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾਕੇ ਦਾਸਾ ॥ ੫ ॥

ਚੌਥੀ ਥਿਤ ॥

ਆਪੇਹੀ ਉਸਨੇ ਚਹੁਆਂ ਵੇਦਾਂ ਦੇ ਬਣਾਉਣ ਵਾਲੇ ਪੈਦਾ ਕੀਤੇ ਹਨ ਚਾਰੇ ਖਾਣੀਆਂ ਅਤੇ ਚਾਰੇ ੧ ਪਰਾ ੨ ਪਸੰਤੀ ੩ ਮਧਮਾ ੪ ਬੈਖਰੀ ਬਾਣੀਆਂ ਦੇ ਭੇਦ-ਫਰਕ ਕੀਤੇ ਹਨ ॥ ਆਪੇ ਹੀ ਅਠ ਤੇ ਦਸ ਭਾਵ ਅਠਾਰਾਂ ਪੁਰਾਣ ਤੇ ਛੇ ਸ਼ਸਤ੍ਰ ੩ ਗੁਣ ਤੋਂ ਆਦ ਲੈਕੇ ਸਾਰੇ ਹੀ ਪ੍ਰਗਟ ਕੀਤੇ ਹਨ ਪਰ ਉਸ ਮਾਲਕ ਨੂੰ ਓਹ ਸਮਝਦਾ ਹੈ ਜਿਸਨੂੰ ਓਹ ਆਪ ਸਮਝਾਂਦਾ ਹੈ ਜੇਹੜਾ ਤਿੰਨਾਂ ਗੁਣਾਂ ਨੂੰ ਦੂਰ ਕਰਕੇ ਚੌਥੇ ਪਦ ਵਿਚ ਵਾਸਾ ਕਰਦਾ ਹੈ। ਗੁਰੂ ਜੀ ਆਖਦੇ ਹਨ ਮੈਂ ਉਸ ਆਦਮੀ ਦਾ ਦਾਸ ਹਾਂ ॥

ਪੰਚਮੀ ਪੰਚ ਭੂਤ ਬੇਤਾਲਾ ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥ ਇਕਿ ਭ੍ਰਮਿ ਭੂਖੇ ਮੋਹ ਪਿਆਸੇ। ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥ ੬ ॥

ਪੰਚਮੀ ਥਿਤ

ਜੇਹੜਾ ਪੰਜਾਂ ਤਤਾਂ ਦਾ ਸਰੀਰ ਹੈ ਇਹ ਵਿਸ਼ਿਆਂ ਦੀ ਸੰਗਤ ਕਰਕੇ ਬੇਤਾਲਾ-ਭੂਤਨਾ ਭਾਵ ਖਰਾਬ ਹੋਗਿਆ ਹੈ ਅਤੇ ਓਹ ਅਕਾਲ ਪੁਰਖ ਆਪ ਸਾਰਿਆਂ ਤੋਂ ਵਖਰਾ ਛਪਿਆ ਹੋਇਆ ਹੈ। ਇਕ ਭਰਮ ਕਰਕੇ ਮੋਹੇ ਹੋਏ ਤ੍ਰਿਸ਼ਨਾਂ ਭੁਖ ਕਰਕੇ ਪਦਾਰਥਾਂ ਦੇ ਪਿਆਸੇ ਹੋਏ ਹੋਏ ਹਨ ॥ ਇਕ ਗੁਰਾਂ ਦੇ ਸ਼ਬਦ ਰਸ ਚਖਕੇ ਸਾਰਿਆਂ ਪਦਾਰਥਾਂ ਤੋਂ ਭਜੇ ਹੋਏ ਹਨ ॥ ਇਕ ਮਾਲਕ ਦੇ ਪਰੇਮ ਵਿਚ ਰਤੇ ਹੋਏ ਹਨ ਅਤੇ ਇਕ ਨਾਮ ਤੋਂ ਬਿਨਾਂ ਮਰਕੇ ਮਿਟੀ ਹੋ ਜਾਂਦੇ ਹਨ। ਇਕ ਦਿਲ-ਘਰ ਦੇ ਅੰਦਰ ਹੀ ਸਚੇ ਮਾਲਕ ਨੂੰ ਪਰਤੱਖ ਦੇਖਦੇ ਹਨ ॥

ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ।੭

ਝੂਠੇ ਆਦਮੀ ਨੂੰ ਇਜ਼ਤ ਤੇ ਨਾਮ ਨਹੀ ਮਿਲਦਾ ਹੈ ਜਿਕਰ ਕਾਲਾ ਕਾਂ ਕਦੀ ਵੀ ਸੂਚਾ ਨਹੀ ਹੁੰਦਾ ਹੈ। ਜਿਕਰ ਕੋਈ ਪੰਛੀ ਪਿੰਜਰੇ ਵਿਚ ਬੰਨਿਆ ਹੋਯਾ

Digitized by Panjab Digital Library | www.panjabdigilib.org

ਹੋਵੇ ਓਹ ਛੇਰੀ=ਛੇਕਾਂ ਵਿਚ ਭੌਂਦਾ ਫਿਰਦਾ ਉਸ ਪਿੰਜਰੇ ਤੋਂ ਮੁਕਤ ਨਹੀ ਹੁੰਦਾ ਭਾਵ ਛੁਟਕਾਰਾ ਨਹੀ ਪਾਂਦਾ ਹੈ। ਇਕਰ ਹੀ ਅਗਿਆਨ ਪਿੰਜਰੇ ਵਿਚ ਜੀਵ ਪੰਛੀ ਹੈ ਅਤੇ ਹੋਰਨਾਂ ਦੇ ਵਡਿਆਂ ਦੀ ਸੇਵਾ ਛੇਕ ਹਨ ਤੇ ਗੁਰੂ ਦੀ ਸੇਵਾ ਮੁਕਤੀ ਹੈ ਜਦੋਂ ਇਸਨੂੰ ਆਪ ਮਾਲਕ ਛੁਡਾਂਦਾ ਹੈ ਤਦੋਂ ਹੀ ਇਹ ਆਦਮੀ ਬੰਧਨਾਂ ਤੋਂ ਛੁਟਦਾ ਹੈ ਗੁਰਾਂ ਦੀ ਸਿਖਿਆ ਤੇ ਭਗਤੀ ਪੱਕੀ ਕਰਾਕੇ ਮਾਲਕ ਆਪਣੇ ਨਾਲ ਮੇਲ ਲੈਂਦਾ ਹੈ॥

**ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦਸਬਦੁ ਨਿਰਾਲਾ ਵਾਜੇ ॥ ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥ਕਰਿ ਕਰਿ ਵੇਸ ਖਪਹਿ ਜਲਜਾਵਹਿ ॥ ਸਾਚੈਸਾਚੇ ਸਾਚਿ ਸਮਾਵਹਿ॥ ੮ ॥**

ਛੇਵੀ ਥਿੱਤ ॥

ਉਸ ਮਾਲਕ ਨੇ ਜੋਗੀ ਜੰਗਮ ਆਦਕ ਛੇ ਦਰਸ਼ਨ ਭੇਖ ਸਾਜੇ ਹਨ ॥ ਪਰ ਓਹ ਮਾਲਕ ਸਾਰਿਆਂ ਤੋਂ ਲਗਾਤਾਰ ਵਖਰਾ ਵਾਜੇ=ਪ੍ਰਗਟ ਜਾਂ ਆਖਿਆ ਜਾਂਦਾ ਹੈ ॥ ਜੇਕਰ ਉਸ ਮਾਲਕ ਨੂੰ ਚੰਗਾ ਲਗਦਾ ਹੈ ਤਾਂ ਇਸ ਆਦਮੀ ਨੂੰ ਆਪਣੇ ਮਹਿਲ ਵਿਚ ਬੁਲਾ ਲੈਂਦਾ ਹੈ ਪਰ ਜਦੋਂ ਗੁਰ ਸ਼ਬਦ ਨੂੰ ਮਿਲਦਾ ਹੈ ਤੇ ਤਾਂ ਮਾਲਕ ਨੂੰ ਪਾਂਦਾ ਹੈ ॥ ਗੁਰ ਸ਼ਬਦ ਤੋਂ ਬਿਨਾ ਅਨੇਕ ਭੇਖਾਂ ਨੂੰ ਕਰਕੇ ਖਪਦੇ ਹਨ ਅਤੇ ਓਨਾਂ ਭੇਖਾਂ ਦੀ ਹੰਕਾਰ ਅੱਗ ਵਿਚ ਸੜ ਜਾਂਦੇ ਹਨ ॥ ਜੇਹੜੇ ਸਚੇ ਨਾਮ ਨੂੰ ਪਾਕੇ ਸਚੇ ਗੁਣਾਂ ਵਾਲੇ ਹੋਏ ਹਨ ਓਹ ਸਚੇ ਵਿਚ ਮਿਲ ਜਾਂਦੇ ਹਨ॥

**ਸਪਤਮੀ ਸਤੁ ਸੰਤੋਖੁ ਸਰੀਰਿ॥ ਸਾਤ ਸਮੁੰਦ ਭਰੇ ਨਿਰਮਲ ਨੀਰਿ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ ਮਨਿ ਸਾਚਾ ਮੁਖਿ ਸਾਚਉ ਭਾਇ॥ ਸਚੁ ਨੀਸਾਣੈ ਠਾਕ ਨ ਪਾਇ॥ ੯ ॥**

ਸੱਤਵੀਂ ਥਿੱਤ ॥

ਜਿਨਾਂ ਨੇ ਸਰੀਰ ਵਿਚ ਸਤ ਸੰਤੋਖ ਆਦਕ ਗੁਣ ਧਾਰੇ ਹਨ ॥ ਓਨਾਂ ਦੇ ਪੰਜ ਗਿਆਨ ਇੰਦ੍ਰੇ ਅਤੇ ਮਨ ਬੁਧ ਇਹ ਸਤੇ ਸਮੁੰਦਰ, ਮਾਲਕ ਦੇ ਜਸ ਰੂਪ ਨਿਰਮਲ ਪਾਣੀ ਨਾਲ ਭਰੇ ਰਹਿੰਦੇ ਹਨ ॥ ਸੀਲ ਭਾਵ ਜਤ ਵਿਚ ਇਸ਼ਨਾਨ ਕਰਦੇ ਹਨ ਅਤੇ ਸਚੇ ਮਾਲਕ ਦਾ ਓਨਾਂ ਦੇ ਦਿਲ ਵਿਚ ਵਿਚਾਰ ਰਹਿੰਦਾ ਹੈ ॥

Digitized by Panjab Digital Library | www.panjabdigilib.org

ਗੁਰਾਂ ਦੇ ਉਪਦੇਸ਼ ਕਰਕੇ ਜੇਹੜਾ ਮਾਲਕ ਸਾਰਿਆਂ ਤੋਂ ਪਰੇ ਹੈ ਉਸ ਨੂੰ ਪਾ ਲੈਂਦੇ ਹਨ ॥ ਓਨਾਂ ਦਾ ਮਨ ਸੱਚਾ ਹੈ ਅਤੇ ਮੂੰਹ ਨਾਲ ਵੀ ਓਨਾਂ ਨੂੰ ਸੱਚਾ ਨਾਮ ਬੋਲਣਾ ਹੀ ਭਾਂਦਾ ਹੈ ॥ ਓਹ ਆਦਮੀ ਮਾਲਕ ਦੇ ਨਾਮ ਰੂਪ ਸਚਾ ਪਰਵਾਨਾ ਹੈ ਉਸ ਮਾਲਕ ਸਹਿਤ ਹੋਏ ਹਨ ਭਾਵ ਓਨਾਂ ਪਾਸ ਸੱਚਾ ਚਿੱਠਾ ਹੈ ॥ ਓਨਾਂ ਨੂੰ ਮਾਲਕ ਵਲੋਂ ਕੋਈ ਰੋਕ ਟੋਕ ਨਹੀਂ ਪੈਂਦੀ ਹੈ ਜਾਂ ਜਮ ਨਹੀਂ ਰੋਕਦੇ ਹਨ

**ਅਸਟਮੀ ਅਸਟ ਸਿਧਿ ਬੁਧਿ ਸਾਧੈ ॥ ਸਚੁ ਨਿਹਕੇਵਲੁ ਕਰਮਿ ਅਰਾਧੈ ॥ ਪਉਣ ਪਾਣੀ ਅਗਨੀ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ ॥ ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥ ੧੦ ॥**

ਅਠਵੀਂ ਥਿੱਤ ॥

ਜੇਹੜੇ ਅਕਲ ਨੂੰ ਸਾਧ ਦੇ ਭਾਵ ਸੁੱਧ ਕਰਦੇ ਹਨ ਓਨਾਂ ਨੂੰ ਅੱਠ ਸਿਧੀਆਂ ਮਿਲ ਜਾਂਦੀਆਂ ਹਨ ॥ ਓਹ ਸਚੇ ਸੁੱਧ ਦੇ ਅਰਾਧਨ ਰੂਪ ਕਰਮਾਂ ਨੂੰ ਕਰਦੇ ਹਨ ॥ ਜਿਨਾਂ ਆਦਮੀਆਂ ਨੇ ਪੌਣ ਪਾਣੀ, ਅੱਗ, ਭਾਵ ਤਮੋ ਰਜੋ ਸਤੋ ਇਹਨਾਂ ਤਿਨਾਂ ਗੁਣਾਂ ਦੇ ਸੁਭਾਵ ਨੂੰ ਬਿਸਰਾਉ=ਵਿਸਾਰ ਦਿਤਾ ਹੈ ਭਾਵ ਗੁਸੇ ਵਾਲਾ ਸੁਭਾਵ ਛਡਿਆ ਹੈ ਜਾਂ ਪੰਜਾਂ ਤਤਾਂ ਦੇ ਸਰੀਰ ਦਾ ਹੰਕਾਰ ਛਡਿਆ ਹੈ ॥ ਓਨਾਂ ਆਦਮੀਆਂ ਦੇ ਦਿਲ ਅੰਦਰ ਮਾਲਕ ਦਾ ਸੱਚਾ ਨਾਮ ਹੈ ॥ ਉਸ ਨਾਮ ਵਿਚ ਓਨਾਂ ਦਾ ਮਨ ਪ੍ਰੀਤੀ ਲਾਂਦਾ ਹੈ ਗੁਰੂ ਜੀ ਆਖਦੇ ਹਨ ਓਨਾਂ ਨੂੰ ਕਾਲ ਨਹੀਂ ਖਾਂਦਾ ਹੈ ਭਾਵ ਮਰਦੇ ਨਹੀਂ ਹਨ ॥

**ਨਾਉ ਨਉਮੀ ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥ ਆਈਪੂਤਾ ਇਹੁ ਜਗੁ ਸਾਰਾ ॥ ਪ੍ਰਭ ਆਦੇਸੁ ਆਦਿ ਰਖਵਾਰਾ ॥ ਆਦਿ ਜੁਗਾਦੀ ਹੈਭੀ ਹੋਗੁ ॥ ਓਹੁ ਅਪਰੰਪਰੁ ਕਰਣੈ ਜੋਗੁ ॥ ੧੧ ॥** 84.

ਨੌਮੀ ਥਿੱਤ ॥

ਜੇਹੜਾ ਨਵਾਂ ਨਾਥਾਂ ਖੰਡਾਂ ਅਤੇ ਘਟਾਂ ਘਟਾਂ ਭਾਵ ਸਾਰਿਆਂ ਸਰੀਰਾਂ ਦਾ ਮਾਲਕ ਦਾ ਨਾਮ ਬੜਾ ਜੋਰਾਵਰ ਹੈ ॥ ਇਸ ਸਾਰੇ ਜਗਤ ਵਿਚ ਜਿਸਦੀ ਪੂਤਾ=ਪਵਿਤ੍ਰਤਾ ਆਈ ਹੋਈ ਹੈ ਓਹ ਸਾਰਿਆਂ ਦਾ ਮੁੱਢ ਅਤੇ ਸਾਰਿਆਂ ਦੀ ਰਖਿਆ ਕਰਨ ਵਾਲਾ ਹੈ ਉਸ ਮਾਲਕ ਨੂੰ ਸਾਡੀ ਨਮਸਕਾਰ ਹੈ ॥ ਓਹ ਮੁੱਢੋ ਹੀ ਜੁਗਾਂ ਦੇ ਪਹਿਲੇ ਤੇ ਤਿੰਨਾਂ ਸਮਿਆਂ ਵਿਚ ਹੈ ਓਹ ਸਾਰਿਆ ਦਾ ਤੇ ਸੰਸਾਰ ਦਾ ਪਰਾ ਹੈ ਅਤੇ ਸਭ ਕੁਛ

Digitized by Panjab Digital Library | www.panjabdigilib.org

840



ਕਰਨ ਜੋਗ ਹੈ ॥

**ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥ ੧੨ ॥**

(ਦਸਵੀਂ ਥਿੱਤ)

ਹੇ ਭਰ ਓ ਨਾਮ ਜਪੋ ਦਾਨ ਤੇ ਇਸ਼ਨਾਨ ਕਰੋ ॥ ਗਿਆਨ ਆਦਕ ਗੁਣਾਂ ਦੇ ਵਿਚਾਰ ਵਿਚ ਦਿਨੇ ਰਾਤ ਰਹਿਣਾ ਏਹੋ ਹੀ ਲਗਾਤਾਰ ਸੱਚਾ ਇਸ਼ਨਾਨ ਜੋ ਕਿਸੇ ਵਡੇ ਪੁਰਬ ਉਤੇ ਕੀਤਾ ਜਾਂਦਾ ਹੈ ਕਰੋ, ਪ੍ਰਸ਼ਨ–ਇਸ ਨਾਉਣ ਨਾਲ ਕੀਫਲਹੋਵੇਗਾ ਉਤਰ–ਸੱਚੇ ਵਿਚਾਰ ਕਰਕੇ ਰਾਗ ਦ੍ਵੈਖ ਮੈਲ ਨਹੀਂ ਲਗਦੀ ਹੈ ਭਰਮ ਤੇ ਡਰ ਵੀ ਦੌੜ ਜਾਂਦਾ ਹੈ (ਜੇ ਕੋਈ ਇਹ ਆਖੇ ਕਿ ਸਰੀਰ ਦੀ ਉਮਰ ਤਾਂ ਬਥੇਰੀ ਹੈ ਠਹਰਕੇ ਵਿਚਾਰ ਕਰ ਲਵਾਂਗੇ ਤਾਂ ਆਖਦੇ ਹਨ, ਜਿਕਰ ਕੱਚੇ ਧਾਗੇ ਨੂੰ ਟੁਟਦਿਆਂਦੇਰੀਨਹੀਂ ਹੁੰਦੀ ਹੈ। ਜਿਕਰ ਕੱਚਾ ਧਾਗਾ ਹੈ ਇਕਰ ਹੀ ਸਾਰੇ ਜਗਤ ਨੂੰ ਜਾਣੋ ਤੁਸੀ ਚਿਤ ਨੂੰ ਟਿਕਾਨੇ ਰਖੋ ਤੇ ਸੱਚੇ ਦੇ ਅਨੰਦ ਨੂੰ ਮਾਣੋ ॥

**ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹ ਚੁਕਾਵੈ । ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ਨਿਰਮਲੁ ਨਿਰਾਹਾਰ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥ ੧੩ ॥**

(ਯਾਰਵੀਂ ਥਿੱਤ)

ਇਕਾਦਸੀ ਦੇ †ਵਰਤ ਰਖਣ ਦੀ ਥਾਂ ਇਕ ਪ੍ਰਮੇਸਰ ਨੂੰ ਜੀਅ ਵਿਚ ਵਸਾਵੇ ਜੀਆਂ ਨੂੰ ਮਾਰਨਾ ਛੱਡਕੇ ਅਤੇ ਮਮਤਾ ਮੋਹ ਨੂੰ ਵੀ ਦਿਲ ਤੋਂ ਦੂਰ ਕਰ ਦੇਵੇ। ਜੇਹੜਾ ਆਪਣੇ ਮਨ ਨੂੰ ਰੋਕਣਾ ਜਾਂ ਮੈਂ ਦੁਨੀਆਂ ਉਤੇ ਕੀ ਲੈਣ ਆਇਆ ਹਾਂ ਇਹ ਸਮਝ ਲਵੇਗਾ ਓਹ ਇਸ ਸੱਚੇ ਵਰਤ ਦਾ ਫਲ ਪਾ ਲਵੇਗਾ ਬਸ ਏਹੋ ਹੀ ਫਲ ਚੰਗਾ ਹੈ ਜੋ ਨਾਮ ਜਪਣਾ ਹੈ। ਪਰ ਇਹ ਆਦਮੀ ਪਖੰਡਾਂ ਵਿਚ ਰਚੇ ਹੋਇ ਹਨ ਤਤ= ਅਸਲ ਵਸਤੂ ਨੂੰ ਨਹੀ ਵੇਖਦੇ ਹਨ ॥ ਜੇਹੜਾ ਮਾਲਕ ਸੁਧ, ਨ ਕੁਛ ਖਾਣ ਵਾਲਾ ਸਿਰਫ ਇਕ ਅਦੁਤੀਯ ਹੈ ਜੇਹੜੇ ਇਕਰ ਦੇ ਸਚੇ ਮਾਲਕ ਨੂੰ ਜਾਣਕੇ ਸੁਚੇ

---

†ਭਾਵ ਵਰਤ ਰਖਣਾ ਛਡ ਦੇਵੇ ਉਂਞ ਭੁਖਿਆਂ ਰਹਿਣਾ ਚੰਗਾ ਕੰਮ ਹੈ ਜਦੋ ਚਾਹੋ ਓਦੋ ਹੀ ਇਕ ਦਿਨ ਭੁਖਿਆਂ ਰਹੋ ॥

Digitized by Panjab Digital Library | www.panjabdigilib.org

ਹੋਇ ਹਨ ਓਨਾਂ ਨੂੰ ਅਵਿਦਯਾ ਰੂਪ ਮੈਲ ਨਹੀਂ ਲੱਗਦੀ ਹੈ ॥

**ਜਹ ਦੇਖਉ ਤਹ ਏਕੋਏਕਾ ॥ ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ ਜਾਇ ॥ ਰਸ ਕਸ ਖਾਏ ਸਾਦੁ ਗਵਾਇ ॥ ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥ ੧੪ ॥**

ਮੈਂ ਜਿਥੇ ਵੇਖਦਾ ਹਾਂ ਓਥੇ ਇਕ ਹੀ ਇਕ ਮਾਲਕ ਨਜ਼ਰ ਆਉਂਦਾ ਹੈ ॥
ਹੋਰ ਜੀਅ ਅਨੇਕਾਂ ਤਰਾਂ ਦੇ (ਵੇਕੋ ਵੇਕ) ਵਖੋ ਵਖ ਪੈਦਾ ਕੀਤੇ ਹਨ। ਵਿਸ਼ਿਆਂ ਦੇ ਭੋਗਾਂ ਰੂਪ ਫਲੋਹਾਰ ਕਰਨ ਨਾਲ ਜਾਂ ਕਰਮ ਕਰਕੇ ਫਲ ਮੰਗਣੇ ਦੀ ਇਛਿਆ ਨਾਲ ਗਿਆਨ ਫਲ ਜਾਂਦਾ ਰਹਿੰਦਾ ਹੈ ॥ ਜਿਹੜੇ ਰਸ ਜੇਹੜੇ ਮਨ ਨੂੰ ਖਿੱਚਣ ਵਾਲੇ ਹਨ ਓਨਾਂ ਨੂੰ ਮਨਮੁਖਾਂ ਨੇ ਖਾਕੇ ਅਸਲ ਮਾਲਕ ਦੇ ਰਸ ਅਨੰਦ ਨੂੰ ਗਵਾ ਲਿਆ ਹੈ। ਝੂਠੇ ਵਿਸ਼ਿਆਂ ਦੇ ਲਾਲਚ ਵਿਚ ਆਪ ਚੰਬੜੇ ਹੋਇ ਹਨ ਅਤੇ ਹੋਰਨਾਂ ਨੂੰ ਚੰਬੜਾਂਦੇ ਰਹਿੰਦੇ ਹਨ ਗੁਰਮੁਖ ਆਦਮੀ ਸਚ ਨੂੰ ਕਮਾਕੇ ਵਿਸ਼ਿਆਂ ਦੇ ਲਾਲਚ ਤੋਂ ਛੁਟ ਗਏ ਹਨ ॥

**ਦੁਆਦਸਿ ਮੁੰਦ੍ਰਾ ਮਨੁ ਅਉਧੂਤਾ ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥ ਜਾਗਤੁ ਜਾਗਿਰਹੈ ਲਿਵਲਾਇ। ਗੁਰਪਰਚੈ ਤਿਸੁ ਕਾਲੁ ਨ ਖਾਇ ॥ ਅਤੀਤ ਭਏ ਮਾਰੇ ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ ॥ ੧੫ ॥**

( ਬਾਰਵੀਂ ਥਿਤ)

ਦਸ ਇੰਦ੍ਰੀਆਂ ਤੇ ਮਨ ਬੁਧ ਇਹਨਾਂ ਬਾਰਾਂ ਨੂੰ ਜਿਨਾਂ ਨੇ ਮੁਦ੍ਰਾ=ਮੁੰਦ੍ਰਾਂ ਪਾਈਆਂ ਹਨ ਭਾਵ ਰੋਕਿਆ ਹੈ ਓਨਾਂ ਦਾ ਮਨ ਅਉਧੂਤਾ=ਸ਼ੁਧ ਹੋਇਆ ਹੈ ॥ ਓਹ ਆਦਮੀ ਗਿਆਨ ਰੂਪ ਜਾਗ੍ਰਤਾ ਵਿਚ ਦਿਨੇ ਰਾਤ ਜਾਗਦੇ ਹਨ ਅਵਿਦਯਾ ਰੂਪ ਨੀਂਦ ਵਿਚ ਓਨਾਂ ਦਾ ਮਨ ਕਦੀ ਨਹੀਂ ਸੌਂਦਾ ਹੈ ॥ ਗਿਆਨ ਰੂਪ ਜਾਗਦੀ ਅਵਸਥਾ ਵਿਚ ਜਾਂ ਜਗਤ ਵਲੋਂ ਓਹ ਆਦਮੀ ਜਾਗਦੇ ਰਹਿੰਦੇ ਹਨ ਜਿਨਾਂ ਨੇ ਮਾਲਕ ਨਾਲ ਪ੍ਰੀਤੀ ਲਾਈ ਹੈ ॥
ਜਿਨਾਂ ਦੇ ਮਨ ਆਦਿਕ ਇੰਦ੍ਰੇ ਗੁਰ ਉਪਦੇਸ਼ ਵਿਚ ਪਰਚੇ ਹਨ ਓਨਾਂ ਨੂੰ ਕਾਲ ਨਹੀਂ ਖਾਂਦਾ ਹੈ ਓਹ ਆਦਮੀ ਸੰਸਾਰ ਤੋਂ ਵਖਰੇ ਰਹਿੰਦੇ ਹਨ ਅਤੇ ਓਨਾਂ ਨੇ ਆਪਣੇ ਕਾਮ ਆਦਕ ਸਾਰੇ ਵੈਰੀ ਮਾਰ ਲਏ ਹਨ ॥ ਗੁਰੂ ਜੀ ਆਖਦੇ ਹਨ ਓਨਾਂ ਨੇ ਮਾਲਕ ਨਾਲ ਪ੍ਰੀਤੀ ਲਾਈ ਹੈ ॥

Digitized by Panjab Digital Library | www.panjabdigilib.org

**ਦੁਆਦਸੀ ਦਇਆ ਦਾਨੁ ਕਰਿ ਜਾਣੈ ॥ ਬਾਹਰਿ ਜਾਤੋ ਭੀਤਰਿ ਆਣੈ ॥ ਬਰਤੀ ਬਰਤ ਰਹੈ ਨਿਹਕਾਮ॥ ਅਜਪਾਜਾਪੁ ਜਪੈ ਮੁਖਿ ਨਾਮ ॥ ਤੀਨਿ ਭਵਨ ਮਹਿ ਏਕੋ ਜਾਣੈ । ਸਭਿ ਸੁਚਿ ਸੰਜਮ ਸਾਚੁ ਪਛਾਣੈ ॥ ੧੬ ॥**

ਦੁਆਦਸੀ ਥਿੱਤ॥

ਦਯਾ ਤੇ ਦਾਨ ਕਰਨਾ ਜਾਣੇ ਅਤੇ ਬਾਹਰ ਜਾਂਦੇ ਮਨ ਨੂੰ ਅੰਦਰ ਲਿਆਵੇ ਭਾਵ ਮਨ ਦੇ ਖਿਆਲ ਰੋਕੇ ॥ ਇਕਰ ਦਾ ਵਰਤ ਰੱਖਣ ਵਾਲਾ ਆਦਮੀ ਭਾਵ ਮਨ ਨੂੰ ਰੋਕਣ ਵਾਲਾ ਨਿਸ਼ਕਾਮਤਾ ਰੂਪ ਮਾਲਕ ਵਿਚ ਰਹਿਣਾ ਕਰੇ ਜਾਂ ਸੱਚ ਬੋਲਣ ਦੇ ਵਰਤ ਵਿਚ ਰਹੇ ॥ ਜੇਹੜਾ ਅਜਪਾ ਜਾਪ ਮੁਖੀ ਨਾਮ ਹੈ ਉਸ ਨੂੰ ਜਪਦਾ ਰਹੇ ਜਾਂ ਮਨ ਨਾਲ ਅਜੱਪਾ ਜਾਪ ਕਰੇ ਅਤੇ ਜਦੋਂ ਚਿਤ ਉਲਟ ਜਾਵੇ ਉਸ ਵੇਲੇ ਮੂੰਹ ਨਾਲ ਜਾਪ ਕਰੇ ਭਾਵ ਜੇਹੜਾ ਜ਼ਬਾਨ ਤੇ ਮੂੰਹ ਹਲਾਇਆਂ ਬਿਨਾਂ ਜਪਣਾ ਹੈ ਇਹ ਅਜੱਪਾ ਜਾਪ ਹੈ ਜੇਹੜਾ ਸਾਸਾਂ ਦੇ ਅੰਦਰ ਬਾਹਰ ਜਾਣ ਲਗਿਆਂ ਇਕ ਇਕ ਸਾਸ ਨਾਲ ਨਾਮ ਮਿਲਾਇਆ ਜਾਂਦਾ ਹੈ ਤੇ ਉਸਤਰਾਂ ਯਾਦ ਕਰਨਾ ਹੈ ਇਹ ਅੱਜਪਾਜਾਪ ਹੈ ॥ਤਿਨਾ ਲੋਕਾਂ ਵਿਚ ਇਕ ਮਾਲਕ ਨੂੰ ਹੀ ਮਿਲਿਆ ਹੋਇਆ ਜਾਣੇ ॥ ਜਦੋਂ ਸਚੇ ਨੂੰ ਪਛਾਣ ਲਏ ਤਾਂ ਸਾਰੇ ਸੁਚ ਸੰਜਮ ਆ ਮਿਲਦੇ ਹਨ॥

**ਤੇਰਸਿ ਤਰਵਰ ਸਮੁਦ ਕਨਾਰੈ ॥ ਅੰਮ੍ਰਿਤੁ ਮੂਲੁ ਸਿਖਰਿ ਲਿਵਤਾਰੈ ॥ ਡਰਿ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥ ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ ॥ ੧੭ ॥**

ਤ੍ਰੌਦਸੀ=ਤੇਰਵੀਂ ਥਿਤ ॥

ਜਿਕੁਰ ਰੁਖ ਸਮੁੰਦਰ ਦੇ ਕਿਨਾਰੇ ਹੁੰਦਾ ਹੈ ਪਰ ਉਸਦੇ ਰਹਿਣ ਦਾ ਓਥੇ ਕੋਈ ਭਰੋਸਾ ਨਹੀ ਹੁੰਦਾ ਹੈ ਇਕਰ ਹੀ ਸਰੀਰ ਨੂੰ ਨਾਸਵੰਤ ਜਾਣੇ ਅਤੇ ਜੇਹੜਾ ਸਾਰਿਆਂ ਦਾ ਮੁਢ ਹੈ ਅਤੇ ਜੇਹੜਾ ਸਾਰਿਆਂ ਦਾ ਸਿਖਰ=ਸ਼ਿਰੋਮਨੀ ਅਮ੍ਰਿਤ ਵਰਗਾ ਮਾਲਕ ਹੈ ਉਸ ਵਿਚ ਪ੍ਰੀਤੀ ਜਾਂ ਚਿਤ ਬ੍ਰਿਤੀ ਲਾਕੇ ਆਪਣੇ ਆਪ ਨੂੰ ਸੰਸਾਰ ਸਮੁੰਦਰ ਤੋਂ ਤਾਰ ਲਵੇ । ਜੇਹੜੇ ਸੰਤ ਮਾਲਕ ਦੇ ਡਰ ਨਾਲ ਡਰਕੇ ਜੀਵਤ ਭਾਵ ਤੋਂ ਮਰਗਏ ਹਨ ਓਨਾਂਵਿਚੋਂ ਕੋਈ ਸੰਸਾਰ ਸਮੁੰਦਰ ਵਿਚ ਡੁਬਦਾ ਨਹੀ ਹੈ ਜੇੜ੍ਹੇ ਮਾਲਕ ਦੇ ਡਰ ਤੋਂ ਨਿਡਰ ਹੋ ਗਏ ਹਨ ਓਹ ਆਪਣੀ ਇਜ਼ਤ ਗਵਾਕੇ ਸੰਸਾਰ ਸਮੁੰਦਰ

Digitized by Panjab Digital Library | www.panjabdigilib.org

ਵਿਚ ਡੁਬ ਮਰਦੇ ਹਨ ਜੇਹੜੇ ਆਦਮੀ ਸਰੀਰ ਨੂੰ ਮਾਲਕ ਦੇ ਡਰ ਵਿਚ ਰੱਖਦੇ ਹਨ ਅਤੇ ਦਿਲ ਰੂਪ ਘਰ ਵਿਚ ਡਰ ਨੂੰ ਜਾਣਦੇ ਹਨ ਭਾਵ ਮਾਲਕ ਦੇ ਡਰ ਨਾਲ ਕਿਸੇ ਇੰਦਰੇ ਨੂੰ ਖੋਟੇ ਪਾਸੇ ਨਹੀਂ ਲਾਂਦੇ ਹਨ ॥ ਓਹ ਆਦਮੀ ਸਚੇ ਦੇ ਮਨ ਨੂੰ ਚੰਗ ਲਗਦੇ ਹਨ ਏਸੇ ਲਈ ਓਨ੍ਹਾਂ ਦਾ ਤਖਤ ਉਤੇ ਟਿਕਾਣਾ ਹੋਇਆ ਹੈ ਭਾਵ ਮਾਲਕ ਨਾਲ ਮਿਲ ਗਏ ਹਨ ॥

**ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗਜੁਗਤਿ ਕੀ ਕੀਮਤਿ ਪਾਵੈ ॥ ਚਉਦਸਿ ਭਵਣ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥**

ਚੌਦਸ ਥਿੱਤ ॥

ਜਿਸ ਆਦਮੀ ਨੇ ਚੌਥੀ ਹਾਲਤ ਤੁਰੀਆ ਅਵਸਥਾ (ਭਾਵ ਜਿਸ ਜਗਾ ਮਨ ਰੁਕ ਜਾਂਦਾ ਹੈ) ਨੂੰ ਦਿਲ ਅਸਥਾਨ ਵਿਚ ਵੇਖਕੇ ਲੱਭ ਲਿਆ ਹੈ ਅਤੇ ਰਜੋ ਤਮੋ ਸਤੋ ਤਿੰਨਾਂ ਗੁਣਾਂ ਤੇ ਤਿੰਨਾਂ ਕਾਲਾਂ ਨੂੰ ਨਾਸ ਕਰ ਲਿਆ ਹੈ ਭਾਵ ਝੂਠਾ ਸਮਝਿਆ ਹੈ ਜਾਂ ਸਮਝਦਾ ਹੈ ॥

ਸਸੀਅਰ=ਚੰਦ ਭਾਵ ਜੇਹੜਾ ਸ਼ਾਂਤੀ ਗੁਣ ਵਾਲਾ ਘਰ=ਅੰਤਸ਼ਕਰਨ ਹੈ ਉਸ ਵਿਚ ਜਾਂ ਚੰਦ ਦਾ ਘਰ ਜੇਹੜੀ ਅਵਿਦਯਾ ਰਾਤ ਹੈ ਉਸ ਵਿਚ ਗਿਆਨ ਰੂਪ ਸੂਰਜ ਨੂੰ ਸਮਾਵੇ=ਇਸਤ੍ਰਿਤ ਕਰਦਾ ਹੈ ਭਾਵ ਗਿਆਨ ਨਾਲ ਬੇਸਮਝੀ ਨੂੰ ਦੂਰ ਕਰਦਾ ਹੈ ਓਹ ਜੋਗ ਵਿਚ ਜੁੜਨ ਦੀ ਕੀਮਤ ਨੂੰ ਪਾਂਦਾ ਹੈ ਭਾਵ ਸਮਝ ਲੈਂਦਾ ਹੈ ॥ ਜੇਹੜੇ ਪਤਾਲਾਂ ਵਾਲੇ ਚੌਦਾਂ ਲੋਕ ਹਨ ਓਨਾਂ ਵਿਚ ਜੇਹੜਾ ਮਾਲਕ ਮਿਲਿਆ ਹੋਇਆ ਹੈ ਅਤੇ ਜੇਹੜਾ ਖੰਡਾਂ ਬ੍ਰਹਮੰਡਾਂ ਵਿਚ ਮਿਲਿਆ ਹੋਇਆ ਹੈ ਉਸ ਵਿਚ ਬ੍ਰਿਤੀ ਜਾਂ ਪ੍ਰੀਤੀ ਲਾਵੇ ਜਾਂ ਲਾਂਦਾ ਹੈ ॥

**ਅਮਾਵਸਿਆ ਚੰਦੁ ਗੁਪਤੁ ਗੈਣਾਰਿ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ ਕਰਿ ਕਰਿ ਵੇਖੈ ਕਰਤਾ ਸੋਈ॥ ਗੁਰ ਤੇ ਦੀਸੈ ਸੋ ਤਿਸਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥ ੧੯ ॥**

ਮਸਿਆ

ਜੇਹੜਾ ਮਾਲਕ ਰੂਪ ਚੰਦ੍ਰਮਾਂ ਦਿਲ ਰੂਪ ਅਸਮਾਨ ਵਿਚ ਛਪਿਆ ਹੋਇਆ

Digitized by Panjab Digital Library | www.panjabdigilib.org

845



ਹੈ ॥ ਗੁਰ ਉਪਦੇਸ਼ ਦਾ ਵਿਚਾਰ ਕਰਕੇ ਹੇ ਗਿਆਨੀ ਉਸ ਨੂੰ ਸਮਝ ਲੈ ॥ ਉਸ ਚੇਤਨ ਰੂਪ ਵਿੱਦਿਆਂ ਦੀ ਚੇਤਨਤਾ ਰੂਪ ਜੋਤ ਅਕਾਸ ਵਤ ਤ੍ਰਿਨਾਂ ਲੋਕਾਂ ਵਿਚ ਵਿਆਪੀ ਹੋਈ ਹੈ ਜਾਂ ਜਿਸਦੀ ਜੋਤ ਤਿੰਨਾਂ ਲੋਕਾਂ ਵਿਚ ਹੈ ਓਹ ਮਾਲਕ ਰਿਦੇ ਅਕਾਸ਼ ਵਿਚ ਟਿਕਿਆ ਹੋਇਆ ਹੈ ਓਹ ਮਾਲਕ ਸਾਰਿਆਂ ਨੂੰ ਬਣਾ ਕਰ ਕੇ ਆਪ ਹੀ ਵੇਖਦਾ ਹੈ ॥ ਜਿਨਾਂ ਨੂੰ ਗੁਰ ਉਪਦੇਸ਼ ਨਾਲ ਦਿਸਿਆ ਹੈ ਓਹ ਓਸੇ ਮਾਲਕ ਨਾਲ ਮਿਲ ਗਏ ਹਨ ਮਨਮੁਖ ਉਸਤੋਂ ਭੁਲੇ ਹੋਏ ਜੰਮਦੇ ਮਰਦੇ ਹਨ ॥

**ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥ ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾਕੇ ਦਾਸਾ ॥ ੨੦ ॥ ੧ ॥**

ਜਿਸਨੇ ਇਸ ਸਰੀਰ ਦੇ ਦਰ=ਅੰਦਰ ਹੀ ਮਨ ਨੂੰ ਥਾਪ ਲਿਆ ਭਾਵ ਟਿਕਾਇਆ ਜਾਂ ਰੋਕਿਆ ਹੈ ਓਹ ਥਿਰ ਥਾਨ=ਟਿਕ ਰਹਿਣ ਵਾਲੇ ਥਾਂ ਵਿਚ ਪੁਜ ਕੇ ਸੋਭਾ ਪਾਂਦਾ ਹੈ ਜਾਂ ਸੋਹਣਾ ਲਗਦਾ ਹੈ ॥ ਪਰ ਜਦੋਂ ਗੁਰੂ ਨੂੰ ਪਾਂਦਾ ਹੈ ਤੇ ਤਾਂ ਹੀ ਆਪਣੇ ਅਸਲੀ ਸਰੂਪ ਨੂੰ ਪਛਾਣਦਾ ਹੈ ॥ ਜਿਸ ਰਿਦੇ ਥਾਂ ਵਿਚ ਆਸਾ ਸੀ ਓਹ ਓਥੋਂ ਜਦੋਂ ਨਾਸ ਹੋ ਗਈ ਤਾਂ ਆਸਾ ਤੋਂ ਬਿਨਾ ਹੋਇਆ ਤਾਂ ਹੀ ਅਕਲ ਦੇ ਅੰਦਰੋਂ ਦ੍ਵੈਤ ਰੂਪ ਖ਼ੱਪਰ ਟੁਟ ਗਿਆ ਭਾਵ ਦੂਸਰਾ ਭਾਵ ਦੂਰ ਹੋਗਿਆ ਇਕਰ ਦਾ ਸੰਤ ਜੇਹੜਾ ਮਮਤਾ ਜਾਲ ਤੋਂ ਉਦਾਸ ਰਹਿੰਦਾ ਹੈ ਭਾਵ ਕਿਸੇ ਚੀਜ਼ ਦਾ ਲੋਭ ਨਹੀਂ ਕਰਦਾ ਹੈ ਗੁਰੂ ਜੀ ਆਖਦੇ ਹਨ ਅਸੀਂ ਉਸਦੇ ਦਾਸ ਹਾਂ ॥

{ ਕਈ ਲੋਕ ਦਿਨਾਂ ਨੂੰ ਪੂਜਦੇ ਹਨ ਪਰ ਗੁਰੂ ਘਰ ਵਿਚ ਇਹ ਗਲ ਨਹੀਂ ਹੈ ਗੁਰੂ ਜੀ ਸੱਤਾਂ ਵਾਰਾਂ ਦੁਆਰਾ ਮਾਲਕ ਦਾ ਉਪਦੇਸ਼ ਕਰਦੇ ਹਨ ॥ }

841

## ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦

### ੧ ਓ ਸਤਿਗੁਰ ਪ੍ਰਸਾਦਿ ॥

**ਆਦਿਤਵਾਰਿ ਆਦਿਪੁਰਖੁ ਹੈ ਸੋਈ॥ਆਪੇ ਵਰਤੈ ਅਵਰੁ ਨ ਕੋਈ**

Digitized by Panjab Digital Library | www.panjabdigilib.org

**ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥ ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੧ ॥**

ਆਦਿਤ=ਐਤਵਾਰ

ਸੂਰਜ ਦਾ ਵਾਰ ਹੈ ਇਸ ਵਾਰ ਦੁਆਰਾ ਉਪਦੇਸ਼ ਕਰਦੇ ਹਨ ਓਹ ਮਾਲਕ ਸਾਰਿਆਂ ਦਾ ਮੁੱਢ ਹੈ ਅਤੇ ਸਾਰਿਆਂ ਵਿਚ ਆਪੇ ਹੀ ਵਰਤਦਾ ਭਾਵ ਮਿਲਿਆ ਹੋਇਆ ਹੈ ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ॥ ਤਾਣੇ ਪੇਟੇ ਵਾਂਗ ਜਗਤ ਵਿਚ ਪਰੋਤਾ ਭਾਵ ਮਿਲਿਆ ਹੋਇਆ ਹੈ ॥ ਆਪ ਹੀ ਸਾਰਿਆਂ ਦਾ ਕਰਤਾ ਹੈ ਜੋ ਕੁਛ ਓਹ ਕਰਦਾ ਹੈ ਓਹ ਹੀ ਹੁੰਦਾ ਹੈ ॥ ਇਸ ਲਈ ਜੇਹੜੇ ਉਸਦੇ ਨਾਮ ਵਿਚ ਰਤੇ ਹਨ ਓਨਾਂ ਨੂੰ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ ॥ ਪਰ ਕੋਈ ਵਿਰਲਾ ਗੁਰਮੁਖ ਹੀ ਇਸ ਗੱਲ ਨੂੰ ਸਮਝਦਾ ਹੈ ਭਾਵ ਪ੍ਰਮੇਸਰ ਨੂੰ ॥

**ਹਿਰਦੈ ਜਪਨੀ ਜਪਉ ਗੁਣਤਾਸਾ ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿਦਾਸਾ ॥ ॥ ੧ ॥ ਰਹਾਉ ॥**

ਹੇ ਭਾਈ ਉਸ ਮਾਲਕ ਦੇ ਗੁਣਾਂ ਰੂਪ ਜਪਣੀ=ਮਾਲਾ ਲੈਕੇ ਸਦਾ ਹੀ ਉਸਨੂੰ ਦਿਲ ਵਿਚ ਜਪਣਾ ਕਰੋ ਜਾਂ ਦਿਲ ਰੂਪ ਮਾਲਾ ਨਾਲ ਉਸ ਗੁਣਾਂ ਦੇ ਖਜਾਨੇ ਮਾਲਕ ਨੂੰ ਜਪੋ ॥ ਜੇਹੜਾ ਅਪੁੱਜ ਛਪਿਆ ਹੋਇਆ ਸੰਸਾਰ ਤੋਂ ਦੁਰੇਡਾ ਮਾਲਕ ਹੈ ਉਸਦੇ ਦਾਸਾਂ ਦੇ ਚਰਨੀ ਲਗਕੇ ਦਾਸਾਂ ਦੇ ਦਾਸ ਹੋਕੇ ਉਸਦੇ ਨਾਮ ਨੂੰ ਧਿਆਓ ॥

**ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸ ਕੀ ਕੀਮਤਿ ਕਹੀ ਨ ਜਾਇ ॥ ਆਖਿ ਆਖਿ ਰਹੇ ਸਭਿ ਲਿਵਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥ ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥ ੨ ॥**

ਸੋਮਵਾਰ

ਓਹ ਸੱਚਾ ਮਾਲਕ ਸਾਰਿਆਂ ਵਿਚ ਮਿਲਿਆ ਹੋਇਆ ਹੈ ਉਸਦੀ ਕੀਮਤ ਨਹੀਂ ਆਖੀ ਜਾਂਦੀ ਹੈ ॥ ਸਾਰ ਉਸਦੇ ਜਸ ਨੂੰ ਆਖ ਆਖਕੇ ਉਸ ਵਿਚ ਪ੍ਰੀਤੀ ਲਗਾ ਰਹੇ ਹਨ ।। ਪਰ ਜਿਸਨੂੰ ਗੁਰੂ ਉਪਦੇਸ਼ ਦੇਂਦਾ ਹੈ ਉਸਦੇ ਰਿਦੇ ਰੂਪ ਪਲੇ

Digitized by Panjab Digital Library | www.panjabdigilib.org

ਵਿਚ ਆ ਪੈਂਦਾ ਹੈ ॥ ਓਹ ਅਪੁੱਜ ਛਪਿਆ ਹੋਇਆ ਹੈ ਗੁਰੂ ਬਿਨਾ ਵੇਖਿਆ ਨਹੀਂ ਜਾਂਦਾ ਹੈ ॥ ਗੁਰਉਪਦੇਸ਼ ਵਾਲਿਆਂ ਨੇ ਉਸ ਮਾਲਕ ਨੂੰ ਸਾਰਿਆਂ ਵਿਚ ਮਿਲਿਆ ਹੋਇਆ ਜਾਣਿਆਂ ਹੈ ॥

**ਮੰਗਲ ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾ-ਇਆ ॥ ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥ ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥ ੩ ।**

ਮੰਗਲਵਾਰ

ਉਸ ਮਾਲਕ ਨੇ ਮਾਇਆ ਦੇ ਮੋਹ ਕਰਕੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ ਜਾਂ ਮਾਇਆ ਦਾ ਮੋਹ ਜੀਆਂ ਦੇ ਦਿਲਾਂ ਵਿਚ ਪੈਦਾ ਕੀਤਾ ਹੈ॥ ਆਪੇ ਹੀ ਸਾਰਿਆਂ ਨੂੰ ਵਖੋ ਵੱਖ ਕੰਮ ਵਿਚ ਲਾਇਆ ਹੈ ਜਾਂ ਸਿਰ ਸਿਰਿ-ਪੈਦਾ ਕਰਕੇ ॥ ਜਿਸ ਨੂੰ ਆਪ ਗੁਰੂ ਰੂਪ ਹੋਕੇ ਸਮਝਾਂਦਾ ਹੈ ਓਹ ਸਮਝਦਾ ਹੈ ॥ ਗੁਰਾਂ ਦੇ ਉਪਦੇਸ਼ ਨਾਲ ਹੀ ਘਰ ਦਾ ਬਹਾ ਭਾਵ ਗਿਆਨ ਸੁੱਝਦਾ ਹੈ॥ ਓਹ ਪ੍ਰੇਮਾ ਭਗਤੀ ਨੂੰ ਪ੍ਰੀਤੀ ਲਾਕੇ ਕਰਦਾ ਹੈ ॥ ਗੁਰਉਪਦੇਸ਼ ਕਰ ਕੇ ਹੰਗਤਾ ਮਮਤਾਂ ਨੂੰ ਸਾੜ ਦੇਂਦਾ ਹੈ ॥

**ਬੁਧਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿਗੁਣ ਗਾਵੈ ਹਉਮੈ ਮਲੁ ਖੋਇ ॥ ਦਰਿਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰਸਬਦਿ ਸੁਹਾਏ ॥ ੪ ॥**

ਬੁਧਵਾਰ

ਓਹ ਮਾਲਕ ਜਿਸਨੂੰ ਆਪੇ ਹੀ ਚੰਗੀ ਅਕਲ ਦੇਂਦਾ ਹੈ ਓਹ ਗੁਰਮੁਖ ਗੁਰ ਸ਼ਬਦ ਦੀ ਵਿਚਾਰ ਰੂਪ ਕਰਨੀ ਨੂੰ ਕਰਦਾ ਹੈ ॥ ਨਾਮੀ ਵਿਚ ਰਤਿਆਂ ਦਾ ਮਨ ਨਿਰਮਲ ਹੋਇਆ ਹੈ ਜੇਹੜਾ ਮਾਲਕ ਦੇ ਗੁਣਾਂ ਨੂੰ ਗਾਂਦਾ ਹੈ ਉਸਦੀ ਹੰਗਤਾ ਮੈਲ ਖੋਈ ਜਾਂਦੀ ਹੈ ॥ ਓਹ ਸਚੇ ਦੇ ਦਰਬਾਰ ਸਤਸੰਗ ਵਿਚ ਸੋਭਾ ਪਾਂਦਾ ਹੈ ॥ ਨਾਮ ਵਿਚ ਰਤਿਆਂ ਹੋਇਆਂ ਗੁਰ ਸ਼ਬਦ ਕਰਕ ਸੋਹਣਾ ਹੁੰਦਾ ਹੈ ॥

**ਲਾਹਾ ਨਾਮੁ ਪਾਏ ਗੁਰਦੁਆਰਿ । ਆਪੇ ਦੇਵੈ ਦੇਵਣਹਾਰੁ ॥ ਜੋ**

Digitized by Panjab Digital Library | www.panjabdigilib.org

**ਦੇਵੈ ਤਿਸ ਕਉ ਬਲਿ ਜਾਈਐ ॥ ਗੁਰਪਰਸਾਦੀ ਆਪੁ ਗਵਾਈਐ ॥ ਨਾਨਕ ਨਾਮੁ ਰਖਹੁ ਉਰਧਾਰਿ ॥ ਦੇਵਣਹਾਰੇ ਕਉ ਜੈਕਾਰੁ ॥ ੫ ॥**

ਜਿਸਨੂੰ ਦੇਣ ਵਾਲਾ ਆਪ ਦੇਂਦਾ ਹੈ ॥ ਓਹ ਨਾਮ ਦਾ ਲਾਭ ਗੁਰੂ ਦੇ ਦਰਵਾਜੇ ਜਾਕੇ ਪਾਂਦਾ ਹੈ ॥ ਜੇਹੜਾ ਗੁਰੂ ਨਾਮ ਨੂੰ ਦੇਂਦਾ ਹੈ ਉਸਤੋਂ ਬਲਿਹਾਰ ਜਾਈਏ ॥ ਉਸ ਗੁਰੂ ਦੀ ਕਿਰਪਾ ਨਾਲ ਹੰਕਾਰ ਨੂੰ ਦੂਰ ਕਰ ਦੇਈਏ ॥ ' ਗੁਰੂ ਜੀ, ਨਾਮ ਨੂੰ ਦਿਲ ਵਿਚ ਯਾਦ ਰਖੋ ॥ ਨਾਮ ਦੇਣ ਵਾਲੇ ਗੁਰੂ ਨੂੰ ਸਦਾ ਜੈਕਾਰ ਭਾਵ ਧੰਨ ਜਾਂ ਬੇਨਤੀ ਕਰਦੇ ਹਾਂ ॥

**ਵੀਰਵਾਰਿ ਵੀਰ ਭਰਮਿ ਭੁਲਾਏ ॥ ਪ੍ਰੇਤ ਭੂਤ ਸਭਿ ਦੂਜੈ ਲਾਏ ॥ ਆਪਿ ਉਪਾਏ ਕਰਿ ਵੇਖੈ ਵੇਕਾ ॥ ਸਭਨਾ ਕਰਤੇ ਤੇਰੀ ਟੇਕਾ ॥ ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ ਜਿਸੁ ਲੈਹਿ ਮਿਲਾਈ ॥ ੬॥**

ਵੀਰਵਾਰ

ਬਵੰਜਾ ਵੀਰ ਵੀ ਭਰਮ ਵਿਚ ਭੁਲੇ ਹੋਏ ਹਨ ਭਾਵ ਮਾਲਕ ਤੋਂ ਭੁਲੇ ਹਨ ਭੂਤ ਪ੍ਰੇਤ ਆਦਿਕ ਸਾਰੇ ਦਵੈਤ ਵਿਚ ਲਾਏ ਹੋਏ ਹਨ ॥ ਆਪੇ ਹੀ ਸਾਰਿਆਂ ਨੂੰ ਪੈਦਾ ਕਰਕੇ ਫੇਰ ਓਹਨਾਂ ਨੂੰ ਵੇਕਾ=ਵਖ ਵਖ ਕਰਕੇ ਵੇਖਦਾ ਹੈ। ਹੇ ਕਰਨ ਹਾਰ ਮਾਲਕ ਹਰ ਕੋਈ ਤੇਰੀ ਓਟ ਵਿਚ ਭਾਵ ਆਸਰੇ ਹੈ ॥

(ਅਗੇ ਬੇਨਤੀ ਹੈ)

ਛੋਟੇ ਵਡੇ ਜੀਅ ਸਾਰੇ ਤੇਰੀ ਸ਼ਰਨ ਹਨ ॥ ਪਰ ਤੇਰੇ ਸਰੂਪ ਨੂੰ ਓਹੋ ਹੀ ਮਿਲਦਾ ਹੈ ਜਿਸਨੂੰ ਆਪਣੇ ਨਾਲ ਮਿਲਾ ਲੈਂਦਾ ਹੈ 'ਗੁਰੂ ਰੂਪ ਹੋਕੇ'।

**ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ ਆਪਿ ਉਪਾਇ ਸਭ ਕੀਮਤਿ ਪਾਈ ॥ ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ ਸਚੁ ਸੰਜਮੁ ਕਰਣੀ ਹੈ ਕਾਰੁ ॥ ਵਰਤੁ ਨੇਮੁ ਨਿਤਾਪਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥ ੭ ॥**

ਸ਼ੁਕਰਵਾਰ

ਓਹ ਮਾਲਕ ਸਾਰਿਆਂ ਵਿਚ ਮਿਲਿਆ ਹੋਇਆ ਹੈ। ਆਪ ਹੀ ਸਾਰੀਦੁਨੀਆਂ ਨੂੰ ਪ੍ਰਗਟ ਕਰਕੇ ਉਸ ਸਾਰੀ ਦੀ ਕੀਮਤ ਪਾਈ ਹੈ ਭਾਵ ਕਰਮ ਵੇਖਕੇਸੁਖ ਦੁਖ ਖਾਣ ਪੀਣ ਦਾ ਪ੍ਰਬੰਧ ਕੀਤਾ ਹੈ ਜੇਹੜਾ ਗੁਰਮੁਖਹੁੰਦਾ ਹੈ ਓਹ ਇਹ ਵਿਚਾਰਦਾਏ ਸਚ ਬੋਲਣਾਂ,ਇੰਦ੍ਰੀਆਂ ਨੂੰਰੋਕਣਾ,ਇਹ ਚੰਗੀ ਕਰਨੀ ਭਗਤੀ ਕਾਰਕਰਣੀ ਚੰਗੀਹੈ।

Digitized by Panjab Digital Library | www.panjabdigilib.org

ਸਚ ਬੋਲਣਾ, ਵਰਤ ਰਖਣਾ, ਨਮ ਨਾਲ ਨਾਮ ਜਪਣਾ, ਰੋਜ ਰੋਜ ਪੂਜਾ ਕਰਨੀ ਭਾਵ ਸਾਧ ਸੰਗਤ ਦੀ ਸੇਵਾ ਚੰਗੀਆਂ ਗੱਲਾਂ ਨੂੰ ਛਡਕੇ ਜੇਹੜਾ ਹੋਰ ਵਰਤ, ਨੇਮ, ਠਾਕਰਾਂ ਦੀ ਪੂਜਾ ਕਰਨੀ ਹੈ ਇਹ ਜਿਤਨੇ ਕਰਮ ਹਨ ਓਹ ਸਾਰੇ ਮਾਲਕ ਦੇ ਸਮਝਿਆਂ ਬਿਨਾਂ ਸਾਰੇ ਹੀ ਦਵੈਤ ਭਾਵ ਦੂਸਰੇ ਖਿਆਲ ਵਾਲੇ ਹਨ ਭਾਵ ਸਾਰੇ ਬਿਅਰਥ ਹਨ ॥

**ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ॥ ਮਨਮੁਖੁ ਅੰਧਾ ਦੂਜੈ ਭਾਇ ॥ ਜਮਦਰਿ ਬਾਧਾ ਚੋਟਾਂ ਖਾਇ ॥ ਗੁਰਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥ ੮।**

ਛਨਿਛਰਵਾਰ

ਜੇਹੜਾ ਸਉਣ=ਜੋਤਸ਼ ਦੇ ਸ਼ਾਸਤ੍ਰਾਂ ਨੂੰ ਵਿਚਾਰਦਾ ਹੈ ਜਾਂ ਸਗਨ ਤੇ ਪੁਸਤਕਾਂ ਨੂੰ ਪੜ੍ਹਦਾ ਹੈ ਓਹ ਹੰਕਾਰ ਤੇ ਮੇਰਾ ਮੇਰਾ ਖਿਆਲ ਧਾਰਦਾ ਹੋਇਆ ਸੰਸਾਰ ਵਿਚ ਭੌਂਦਾ ਫਿਰਦਾ ਹੈ॥ ਮਨਮੁਖ ਅੰਨ੍ਹਾ ਦੂਸਰੇ ਭਾ ਵਿਚ ਲਗਾ ਹੈ ॥
ਓਹ ਜਮ ਦੇ ਬੂਹੇ ਉਤੇ ਬਧਾ ਹੋਇਆ ਓੜਕ ਨੂੰ ਚੋਟਾਂ ਖਾਂਦਾ ਹੈ॥
ਜਿਨਾਂ ਦੇ ਉਤੇ ਗੁਰੂ ਦੀ ਕਿਰਪਾ ਹੋਈ ਹੈ ਓਹ ਸਦਾ ਹੀ ਸੁਖ ਪਾਂਦੇ ਹਨ ॥
ਜੇਹੜੇ ਸਚੇ ਵਿਚ ਪ੍ਰੀਤੀ ਲਗਾਂਦੇ ਹਨ ਓਨਾਂ ਦੀ ਕਰਣੀ ਵੀ ਸਚੀ ਹੈ ॥

**ਸਤਿਗੁਰ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥ ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ ਤੂ ਸੁਖਦਾਤਾ ਲੈਹਿ ਮਿਲਾਇ ॥ ਏਕਸ ਤੇ ਦੂਜਾ ਨਾਹੀ ਕੋਇ ॥ ਗੁਰਮੁਖਿ ਬੂਝੈ ਸੋਝੀ ਹੋਇ ॥ ੯ ॥**

ਜੇਹੜੇ ਗੁਰੂ ਦੀ ਸੇਵਾ ਕਰਦੇ ਹਨ ਉਹ ਆਦਮੀ ਵਡੇ ਭਾਗੀ ਨਾਮੀ ਹੋ ਗਏ ਹਨ॥ ਹੰਗਤਾ ਨੂੰ ਮਾਰਕੇ ਉਨਾਂ ਦੀ ਪ੍ਰੀਤੀ ਸਚੇ ਵਿਚ ਲਗੀ ਹੈ ਤੇ ਇਕਰ ਬੇਨਤੀ ਕਰਦੇ ਹਨ ਹੇ ਮਾਲਕਾ ਜੇਹੜੇ ਤੇਰੇ ਪ੍ਰੇਮ ਵਿਚ ਰਤੇ ਹਨ ਓਨਾਂ ਦਾ ਸ਼ਾਂਤੀ ਸੁਭਾ ਹੋਯਾ ਹੈ ਤੂੰ ਸਾਰਿਆਂ ਸੁਖਾਂ ਦਾ ਦਾਤਾ ਓਨਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ਇਕ ਤੇਰੇ ਮਾਲਕ ਤੋਂ ਬਿਨਾਂ ਹੋਰ ਕੋਈ ਦੂਸਰਾ ਨਹੀ ਹੈ ॥ ਪਰ ਗੁਰੂ ਦੀ ਕਿਰਪਾ ਦੁਆਰੇ ਇਕਰ ਦੀ ਸਮਝ ਪ੍ਰਾਪਤ ਹੁੰਦੀ ਹੈ । ਹੁਣ ਥਿਤਾਂ ਜਾਨਣ ਨਾਲ ਤੇ ਵਾਰਾਂ ਦੀ ਗਿਣਤੀ ਕਰਨ ਦਾ ਭਾਵ ਖੋਹਲਦੇ ਹਨ॥

**ਪੰਦ੍ਰਹ ਥਿਤੀਂ ਤੇ ਸਤ ਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥**

Digitized by Panjab Digital Library | www.panjabdigilib.org

ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾਗਉਣੁ ਕੀਆ ਕਰਤਾਰਿ ॥ ਨਿਹਚਲੁ ਸਾਚੁ ਰਹਿਆ ਕਲ ਧਾਰਿ ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥ ੧੦ ॥ ੧ ॥

ਪੰਦ੍ਰਾਂ ਥਿੱਤਾਂ ਅਤੇ ਜੇਹੜੇ ਸੱਤ ਵਾਰ ਹਨ ॥ ਬਾਰਾਂ ਮਾਹ=ਮਹੀਨੇ ਅਤੇ ਛੇ ਰੁੱਤਾਂ ਇਹ ਸਾਰੇ ਮੁੜ ੨ ਆਉਂਦੇ ਹਨ ਭਾਵ ਇਹਨਾਂ ਦਾ ਹੋਣਾਂ ਬਣਿਆਂ ਰਹਿੰਦਾ ਹੈ ॥ ਇੱਕਰ ਹੀ ਦਿਨ ਰਾਤ ਦਾ ਚੱਕਰ ਬਣਿਆਂ ਰਹਿੰਦਾ ਹੈ ਇੱਕਰ ਹੀ ਸਾਰੇ ਸੰਸਾਰ ਦਾ ਆਉਣਾ ਜਾਣਾ ਕਰਤਾਰ ਨੇ ਬਣਾਇਆ ਹੈ ਭਾਵ ਜੀਅ ਚੁਰਾਸੀ ਵਿਚ ਭੌਂਦੇ ਹਨ ॥ ਜੇਹੜਾ ਸੱਚਾ ਮਾਲਕ ਅਹਿਲ ਹੈ ਓਹ ਸਾਰਿਆਂ ਵਿਚ ਆਪਣੀ ਸ਼ਕਤੀ ਧਾਰ ਰਿਹਾ ਹੈ ਭਾਵ ਸ਼ਕਤੀ ਨਾਲ ਸਾਰਿਆਂ ਨੂੰ ਰਖਿਆ ਹੈ ॥ ਗੁਰੂ ਜੀ, ਗੁਰਾਂ ਦੁਆਰੇ ਸ਼ਬਦ ਨੂੰ ਵਿਚਾਰਕੇ ਕੋਈ ਉਸਦੇ ਅਸਲ ਰੂਪ ਨੂੰ ਜਾਂਣਦਾ ਹੈ ਭਾਵ ਜੇਹੜਾ ਮਾਲਕ ਨੂੰ ਸੱਚ ੨ ਸਮਝਦਾ ਹੈ ਓਹ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ ॥ ਇਹਨਾਂ ਥਿੱਤਾਂ ਵਾਰਾਂ ਦੇ ਲਿਖਣ ਦਾ ਗੁਰੂ ਜੀ ਦਾ ਇਹ ਭਾਵ ਹੈ ਕਿ ਇਹਨਾਂ ਥਿਤਾਂ ਵਾਰਾਂ ਦਾ ਪੂਜਣਾਂ ਲੋਕ ਛੱਡ ਦੇਣ ਅਤੇ ਨਾਮ ਜਪਣ ਸੱਚ ਬੋਲਣ, ਹੱਕ ਦੀ ਕਿਰਤ ਕਰਨ, ਜਨਮ ਸਫਲਾ ਕਰਨ।

(ਪ੍ਰਮੇਸ਼ਰ ਦੀ ਉਸਤਤੀ)

842

## ਬਿਲਾਵਲੁ ਮਹਲਾ ੩

ਆਦਿਪੁਰਖੁ ਆਪੇ ਸ੍ਰਿਸਟਿ ਸਾਜੇ ॥ ਜੀਅ ਜੰਤ ਮਾਇਆ ਮੋਹਿ ਪਾਜੇ ॥ ਦੂਜੈ ਭਾਇ ਪਰਪੰਚਿ ਲਾਗੇ ॥ ਆਵਹਿ ਜਾਵਹਿ ਮਰਹਿ ਅਭਾਗੇ ॥ ਸਤਿਗੁਰਿ ਭੇਟਿਐ ਸੋਝੀ ਪਾਇ ॥ ਪਰਪੰਚੁ ਚੂਕੈ ਸਚਿ ਸਮਾਇ ॥ ੧ ॥

ਉਹ ਮਾਲਕ ਸਾਰਿਆਂ ਦਾ ਮੁਢ ਹੈ ਅਤੇ ਆਪੇ ਹੀ ਸਾਰੀ ਦੁਨੀਆਂ ਨੂੰ ਬਣਾਉਣ ਵਾਲਾ ਹੈ ਛੋਟੇ ਵੱਡੇ ਜੀਅ ਸਾਰੇ ਹੀ ਮਾਇਆ ਦੇ ਮੋਹ ਵਿਚ ਪਾਜੇ=ਜੁੜੇ ਜਾਂ ਜੋੜੇ ਹੋਇ ਹਨ ਭਾਵ ਮਾਲਕ ਨੇ ਮਾਇਆ ਵਿਚ ਜੋੜੇ ਹਨ ॥ ਜੇਹੜੇ ਦ੍ਵੈਤ ਭਾਵ ਕਰਕੇ ਸੰਸਾਰ ਦੇ ਛਲਾਂ ਵਿਚ ਲੱਗੇ ਹਨ ਓਹ ਅਭਾਗੀ ਜੂਨੀਆਂ ਵਿਚ ਆਉਂਦੇ ਜਾਂਦੇ ਮਰਦੇ ਹਨ ॥ ਜਿਨਾਂਨੂੰ

Digitized by Panjab Digital Library | www.panjabdigilib.org

ਗੁਰੂ ਮਿਲਿਆ ਹੈ ਓਹ ਆਪਣ ਸਰੂਪ ਦੀ ਸਮਝ ਪਾ ਲੈਂਦੇ ਹਨ ॥
ਅਤੇ ਛਲ ਦੂਰ ਹੋ ਜਾਂਦਾ ਹੈ ਸੱਚੇ ਨਾਲ ਮਿਲ ਜਾਂਦੇ ਹਨ ॥

**ਜਾ ਕੈ ਮਸਤਕਿ ਲਿਖਿਆ ਲੇਖੁ ॥ ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥ ॥ ੧ ॥ ਰਹਾਉ ॥**

ਜਿਨ੍ਹਾਂ ਦੇ ਮਥੇ ਉਤੇ ਮਾਲਕ ਨੇ ਚੰਗਾ ਲੇਖ ਲਿਖਿਆ ਹੈ ॥ ਓਨ੍ਹਾਂ ਦੇ ਮਨ ਵਿਚ ਇਕ ਮਾਲਕ ਆ ਵੱਸਿਆ ਹੈ ॥

**ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ ਕੋਇ ਨ ਮੇਟੈ ਤੇਰੈ ਲੇਖੈ ॥ ਸਿਧ ਸਾਧਿਕ ਜੇ ਕੋ ਕਹੈ ਕਹਾਏ ॥ ਭਰਮੇ ਭੂਲਾ ਆਵੈ ਜਾਏ ॥ ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥ ੨ ॥**

ਉਹ ਸਾਰੀ ਦੁਨੀਆਂ ਪੈਦਾ ਕਰਕੇ ਆਪ ਹੀ ਵੇਖਦਾ ਹੈ ਹੇ ਭਰਾਵਾ ਤੇਰੇ ਮਥੇ ਉਤੇ ਲੇਖਾਂ ਲਿਖਿਆਂ ਨੂੰ ਕੋਈ ਨਹੀਂ ਮੇਟ ਸਕਦਾ ਹੈ ਜਾਂ ਹੇ ਮਾਲਕ ਤੇਰਿਆਂ ਲਿਖਿਆਂ ਕੰਮਾਂ ਨੂੰ ਕੋਈ ਨਹੀਂ ਮੇਟ ਸਕਦਾ ਹੈ ॥ ਜੇਹੜਾ ਜੇਹੜਾ ਕੋਈ ਸਿਧ ਅਤੇ ਸਾਧਨਾ ਕਰਨ ਵਾਲਾ ਅਪਣੇ ਆਪਨੂੰ ਵੱਡਾ ਕਹਾਕੇ ਆਖੇ ਕਿ ਮੈਂ ਬੜਾ ਵੱਡਾ ਹਾਂ ਓਹ ਭਰਮ ਵਿਚ ਭੁਲਾ ਹੋਇਆ ਜੰਮਦਾ ਮਰਦਾ ਰਹਿੰਦਾ-ਹੈ ॥ ਜੇਹੜਾ ਗੁਰੂ ਦੀ ਸੇਵਾ ਕਰਦਾ ਹੈ ਓਹ ਆਦਮੀ ਉਸ ਮਾਲਕ ਨੂੰ ਸਮਝਦਾ ਹੈ ॥ ਜਦੋਂ ਹੰਗਤਾ ਨੂੰ ਮਾਰੇ ਤੇ ਤਾਂ ਦਿਲ ਅੰਦਰ ਹੀ ਮਾਲਕ ਨੂੰ ਦੇਖਦਾ ਹੈ ॥

**ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥ ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿਦਰਿ ਨੀਸਾਣੈ ॥ ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥ ੩ ॥**

ਇਕ ਮਾਲਕ ਤੋਂ ਹੀ ਇਹ ਸਾਰਾ ਦੂਸਰਾ ਸੰਸਾਰ ਹੋਇਆ ਹੈ ॥ ਓਹ ਇਕ ਹੀ ਸਾਰਿਆਂ ਵਿਚ ਵਰਤ ਭਾਵ ਮਿਲਿਆ ਹੋਇਆ ਹੈ ਉਸ ਤੋਂ ਬਿਨਾ ਹੋਰ ਕੋਈ ਦੂਸਰਾ ਨਹੀਂ ਹੈ ॥

ਜੇ ਕੋਈ ਦ੍ਵੈਤ ਭਾਵ ਤੋਂ ਰਹਿਤ ਹੋਕੇ ਇਕ ਮਾਲਕ ਨੂੰ ਜਾਣ ਲਏ ਤੇ ਤਾਂ ਗੁਰੂ ਦੇ ਉਪਦੇਸ਼ ਕਰਕੇ ਮਾਲਕ ਦੇ ਬੂਹੇ ਉਤੇ ਨੀਸਾਣੈ=ਪ੍ਰਗਟ ਹੁੰਦਾ ਹੈ ਭਾਵ ਜਾ ਖੜੋਂਦਾ ਹੈ ॥ ਗੁਰੂ ਨੂੰ ਮਿਲੇ ਤੇ ਤਾਂ ਇਕ ਮਾਲਕ ਨੂੰ ਪਾ ਲੈਂਦਾ ਹੈ ਫਿਰ ਦ੍ਵੈਤ ਭਾਵ ਨੂੰ ਮਨ ਅੰਦਰੋਂ ਰੋਕ ਰਖਦਾ ਹੈ ॥

Digitized by Panjab Digital Library | www.panjabdigilib.org

ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ । ਸਾਹਿਬ ਕੀ ਸੇਵਕੁ ਰਹੈ ਸਰਨਾਈ ॥ ਆਪੇ ਬਖਸੇ ਦੇ ਵਡਿਆਈ ॥ ਤਿਸ ਤੇ ਊਪਰਿ ਨਾਹੀ ਕੋਇ । ਕਉਣੁ ਡਰੈ ਡਰੁ ਕਿਸ ਕਾ ਹੋਇ॥੪

ਜਿਸਦਾ ਮਾਲਕ ਡਾਢਾ ਜੋਰਾਵਰ ਹੁੰਦਾ ਹੈ ॥ ਉਹਨੂੰ ਕੋਈ ਮਾਰ ਨਹੀਂ ਸਕਦਾ ਹੈ ਇਸ ਲਈ ਜੀਅ ਮਾਲਕ ਨੂੰ ਅਪਣਾ ਮਾਲਕ ਸਮਝਣ ॥ ਜੇਹੜਾ ਦਾਸ ਅਜੇਹੇ ਮਾਲਕ ਦੀ ਸ਼ਰਨ ਰਹਿੰਦਾ ਹੈ ॥ ਫਿਤ ਓਹ ਮਾਲਕ ਆਪ ਹੀ ਅਪਣੇ ਸੇਵਕ ਨੂੰ ਬਖਸ਼ਸ਼ ਕਰਕੇ ਹਰ ਤਰਾਂ ਦੀ ਵਡਿਆਈ ਦੇਂਦਾ ਹੈ ॥ ਉਸ ਮਾਲਕ ਤੋਂ ਉਤੇ ਹੋਰ ਕੋਈ ਨਹੀ ਹੈ ॥ ਹੁਣ ਕਿਸਤਰਾਂ ਉਸਦਾ ਦਾਸ ਕਿਸੇ ਪਾਸੋ ਡਰੇ ਅਤੇ ਫਿਰ ਦੱਸੋ ਉਸਨੂੰ ਡਰ ਕਿਸਦਾ ਹੋਵੇ ਭਾਵ ਕਿਸੇ ਦਾ ਡਰ ਨਹੀ ਹੈ ਜੋ ਮਾਲਕ ਦਾ ਦਾਸ ਹੈ ॥

ਗੁਰਮਤੀ ਸਾਂਤਿ ਵਸੈ ਸਰੀਰ । ਸਬਦੁ ਚੀਨਿ ਫਿਰਿ ਲਗੈ ਨ ਪੀਰ ॥ ਆਵੈ ਨ ਜਾਇ ਨਾ ਦੁਖੁ ਪਾਏ ॥ ਨਾਮੇ ਰਾਤੇ ਸਹਜਿ ਸਮਾਏ ॥ ਨਾਨਕ ਗੁਰਮੁਖਿ ਵੇਖੈ ਹਦੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥ ੫ ॥

ਜਿਸਨੇ ਗੁਰੂ ਦੀ ਸਿਖਿਆ ਲਈ ਹੈ ਉਸਦੇ ਸਰੀਰ ਵਿਚ ਸ਼ਾਂਤੀ ਆ ਵਸਦੀ ਹੈ ॥ ਓਹ ਮਾਲਕ ਨੂੰ ਜਾਣਦਾ ਹੈ ਇਸ ਲਈ ਉਸ ਨੂੰ ਕੋਈ ਪੀੜਾ ਨਹੀਂ ਲੱਗਦੀ ਹੈ ॥ ਨ ਓਹ ਜੂਨੀਆਂ ਵਿਚ ਆਉਂਦਾ ਹੈ ਨ ਜਾਂਦਾ ਹੈ ਨ ਦੁਖਾਂ ਨੂੰ ਪਾਂਦਾ ਹੈ ਉਸਦੇ ਸਰੀਰ ਇੰਦੇ ਨਾਮ ਵਿਚ ਰਤੇ ਹਨ ਏਸੇ ਲਈ ਓਹ ਆਦਮੀ ਸ਼ਾਂਤੀ ਅਵਸਥਾ ਵਿਚ ਮਿਲ ਜਾਂਦਾ ਹੈ ॥ ਗੁਰੂ ਜੀ, ਉਸ ਮਾਲਕ ਨੂੰ ਗੁਰਮੁਖ ਪਾਸ ਹੀ ਵੇਖਦਾ ਹੈ ॥ ਜੇਹੜਾ ਮੇਰਾ ਮਾਲਕ ਸਾਰਿਆਂ ਵਿਚ ਸਦਾ ਮਿਲਿਆ ਰਹਿੰਦਾ ਹੈ ॥

ਇਕਿ ਸੇਵਕ ਇਕਿ ਭਰਮਿ ਭੁਲਾਏ ॥ ਆਪੇ ਕਰੇ ਹਰਿ ਆਪਿ ਕਰਾਏ ॥ ਏਕੋ ਵਰਤੈ ਅਵਰੁ ਨ ਕੋਇ ॥ ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥ ਸਤਿਗੁਰੁ ਸੇਵੇ ਕਰਨੀ ਸਾਰੀ ॥ ਦਰਿ ਸਾਚੈ ਸਾਚੇ ਵੀਚਾਰੀ ॥੬

ਮਾਲਕ ਨੇ ਇਕ ਆਪਣੇ ਸੇਵਕ ਬਣਾ ਲਏ ਹਨ ਅਤੇ ਇਕ ਭਰਮ ਵਿਚ ਭੁਲਾਏ ਹਨ ॥ ਆਪੇ ਹੀ ਮਾਲਕ ਜੀਆਂ ਨੂੰ ਪੈਦਾ ਕਰਦਾ ਹੈ ਆਪੇ ਹੀ ਜੀਆਂ ਤੋਂ ਕਰਮ ਕਰਾਂਦਾ ਹੈ ॥ ਇਕ ਹੀ ਸਾਰਿਆਂ ਵਿਚ ਵਰਤਦਾ ਹੈ

Digitized by Panjab Digital Library | www.panjabdigilib.org

ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ ॥ ਹੇ ਭਰਾ ਕਿਸੇ ਉਤੇ ਮਨ ਵਿਚ ਰੋਸ=ਗੁਸਾ ਤਾਂ ਕਰੀਏ ਜੇ ਉਸਤੋਂ ਬਿਨਾ ਦੂਸਰਾ ਕੋਈ ਹੋਰ ਹੋਵੇ ॥ ਜੇਹੜੇ ਗੁਰੂ ਦੀ ਸੇਵਾ ਕਰਦੇ ਹਨ ਓਨਾਂ ਦੀ ਕਰਣੀ ਚੰਗੀ ਹੈ ॥ ਜੇਹੜੇ ਉਸ ਸਚੇ ਦਾ ਵਿਚਾਰ ਕਰਨ ਵਾਲੇ ਹਨ ਓਹ ਉਸ ਸੱਚੇ ਦੇ ਦਰਬਾਰ, ਸਤਸੰਗ ਵਿਚ ਸਚੇ ਹੋ ਗਏ ਹਨ ॥

**ਥਿਤੀ ਵਾਰ ਸਭਿ ਸਬਦਿ ਸੁਹਾਏ ॥ ਸਤਿਗੁਰੁ ਸੇਵੇ ਤਾ ਫਲੁ ਪਾਏ॥ ਥਿਤੀ ਵਾਰ ਸਭਿ ਆਵਹਿ ਜਾਹਿ। ਗੁਰਸਬਦੁ ਨਿਹਚਲੁ ਸਦਾ ਸਚਿ ਸਮਾਹਿ ॥ ਥਿਤੀ ਵਾਰ ਤਾ ਜਾ ਸਚਿ ਰਾਤੇ॥ ਬਿਨੁ ਨਾਵੈ ਸਭਿ ਭਰ ਮਹਿ ਕਾਚੇ ॥ ੭ ॥**

ਥਿਤਾਂ ਅਤੇ ਸਾਰੇ ਵਾਰ ਗੁਰਾਂ ਦੇ ਸ਼ਬਦ ਕਰਕੇ ਸੋਹਣੇ ਲਗਦੇ ਹਨ ॥ ਜੇਹੜਾ ਗੁਰੂ ਦੀ ਸੇਵਾ ਕਰਦਾ ਹੈ ਓਹ ਸਾਰੇ ਫਲ, ਧਰਮ, ਅਰਥ; ਕਾਮ, ਮੋਖ ਪਾ ਲੈਂਦਾ ਹੈ ਭਾਵ ਥਿੱਤਾਂ ਵਾਰਾਂ ਨੂੰ ਛਡਕੇ ਗੁਰੂ ਦੀ ਸੇਵਾ ਕਰੇ ਥਿਤਾਂ ਵਾਰਾਂ ਦੇ ਬਰਾਬਰ ਸਾਰੇ ਆਉਂਦੇ ਜਾਂਦੇ ਹਨ ਜਾ ਥਿਤਾਂ ਵਾਰਾਂ ਦੇ ਪੂਜਣ ਵਾਲੇ ਸਾਰੇ ਜੰਮਦੇ ਮਰਦੇ ਹਨ ॥ ਜੇਹੜੇ ਗੁਰ ਸ਼ਬਦ ਕਰਕੇ ਅਟਲ ਹੋ ਗਏ ਹਨ ਓਹ ਸਦਾ ਸੱਚ ਸਰੂਪ ਵਿਚ ਸਮਾਂਦੇ ਹਨ ॥ ਥਿੱਤਾਂ ਵਾਰ ਤਾਂ ਹੀ ਸਫਲ ਹਨ ਜਦੋਂ ਆਦਮੀ ਸਚੇ ਮਾਲਕ ਵਿਚ ਰੱਤਾ ਹੋਵੇ ॥ ਨਾਮ ਤੋਂ ਬਿਨਾ ਹੋਰ ਸਾਰੇ ਕੱਚੇ ਆਦਮੀ ਜੂਨੀਆਂ ਵਿਚ ਭੌਂਦੇ ਹਨ ॥

**ਮਨ ਮੁਖ ਮਰਹਿ ਮਰਿ ਬਿਗਤੀ ਜਾਹਿ ॥ ਏਕੁ ਨ ਚੇਤਹਿ ਦੂਜੈ ਲੋ-ਭਾਹਿ ॥ ਅਚੇਤਪਿੰਡੀ ਅਗਿਆਨ ਅੰਧਾਰੁ ॥ ਬਿਨੁ ਸਬਦੈ ਕਿਉ ਪਾਏ ਪਾਰੁ ॥ ਆਪਿ ਉਪਾਏ ਉਪਾਵਣ ਹਾਰੁ ॥ ਆਪੇ ਕੀਤੋਨ ਗੁਰਵੀਚਾਰੁ ॥ ੮ ॥**

ਮਨਮੁਖ ਆਦਮੀ ਮਰਦੇ ਹਨ ਅਤੇ ਮਰਕੇ ਖੋਟੀ ਗਤੀ ਵਿਚ ਜਾਂਦੇ ਹਨ ਜਾਂ ਖਰਾਬ ਹੁੰਦੇ ਹਨ ॥ ਇਕ ਮਾਲਕ ਨੂੰ ਯਾਦ ਨਹੀਂ ਕਰਦੇ ਹਨ ਦ੍ਵੈਤ ਭਾਵ ਵਿਚ ਲੋਭੇ ਰਹਿੰਦੇ ਹਨ ॥ ਅਗਿਆਨ ਰੂਪ ਹਨੇਰੇ ਕਰਕੇ ਓਨਾਂ ਦੀ ਪਿੰਡੀ=ਅਕਲ ਮਾਲਕ ਤੋਂ ਅਚੇਤ=ਬੇਸਮਝ ਰਹਿੰਦੀ ਹੈ ॥ ਓਹ ਗੁਰੂ ਦੇ ਉਪਦੇਸ਼ ਬਿਨਾ ਸੰਸਾਰ ਸਮੁੰਦਰ ਤੋਂ ਪਾਰ ਕਿਸਤਰਾਂ ਪੈਣ ॥ ਪੈਦਾ ਕਰਨ ਵਾਲੇ ਨੇ ਜਾਵ ਆਪ ਹੀ ਪੈਦਾ ਕੀਤੇ ਹਨ ॥ ਆਪੇ ਹੀ ਗੁਰੂ ਦੇ ਸ਼ਬਦ ਦਾ ਵਿਚਾਰ ਉਸਨੇ ਕੀਤਾ ਹੈ ॥

Digitized by Panjab Digital Library | www.panjabdigilib.org

ਬਹੁਤੇ ਭੇਖ ਕਰਹਿ ਭੇਖਧਾਰੀ ॥ ਭਵਿ ਭਵਿ ਭਰਮਹਿ ਕਾਚੀ ਸਾਰੀ ॥ ਐਥੈ ਸੁਖੁ ਨ ਆਗੈ ਹੋਇ ॥ ਮਨਮੁਖ ਮੁਏ ਅਪਨਾ ਜਨਮੁ ਖੋਇ ॥ ਸਤਿਗੁਰੁ ਸੇਵੇ ਭਰਮੁ ਚੁਕਾਏ॥ਘਰ ਹੀ ਅੰਦਰਿ ਸਚੁ ਮਹਲੁ ਪਾਏ ॥ ॥ ੯ ॥

ਜੇਹੜੇ ਭੇਖਾਂ ਨੂੰ ਧਾਰਨ ਵਾਲੇ ਬਹੁਤਿਆਂ ਭੇਖਾਂ ਨੂੰ ਕਰਦੇ ਹਨ ॥ ਉਨਾਂ ਦੀ ਅਕਲ ਰੂਪ ਸਾਰੀ=ਨਰਦ ਕੱਚੀ ਹੋਣ ਕਰਕੇ ਓਹ ਆਦਮੀ ਭਵਿ=ਸੰਸਾਰ ਵਿਚ ਭਵਿ=ਪੈਦਾ ਹੋਕੇ ਭੌਂਦੇ ਫਿਰਦੇ ਹਨ ਜਾਂ ਕੱਚੀ ਨਰਦ ਵਾਂਗੂੰ, ਭਰਮਦੇ ਮਾਰੇ ਭੌਂਦੇ ਹਨ ॥ ਨਾਂ ਉਨਾਂ ਨੂੰ ਇਸ ਲੋਕ ਵਿਚ ਸੁਖ ਹੁੰਦਾ ਹੈ ਨਾਂਓਨਾਂ ਨੂੰ ਅਗੇ ਸੁਖ ਹੁੰਦਾ ਹੈ ॥ ਅਜੇਹੇ ਮਨਮੁਖ ਨਾਮ ਤੋਂ ਬਿਨਾ ਆਪਣਾ ਜਨਮ ਬਿਅਰਥ ਖੋਹਕੇ ਮਰ ਗਏ ਹਨ ॥ ਜਿਨਾਂ ਨੇ ਗੁਰੂ ਦੀ ਸੇਵਾ ਕਰਕੇ ਸਾਰੇ ਭਰਮ ਦੂਰ ਕਰ ਦਿਤੇ ਹਨ ॥ ਓਨਾਂ ਨੇ ਆਪਣੇ ਰਿਦੇ ਰੂਪ ਘਰ ਵਿਚ ਸਚੇ ਮਾਲਕ ਨੂੰ ਪਾ ਲਿਆ ਹੈ ॥

ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥ ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥ ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥ ੧੦ ॥ ੨ ॥

ਓਨਾਂ ਗੁਰਮੁਖਾਂ ਦਾ ਨਿਸਚਾ ਇਕਰ ਦਾ ਹੋਗਿਆ ਹੈ ਕਿ ਜੋ ਕੁਛ ਪੂਰਾ ਮਾਲਕ ਆਪ ਕਰਦਾ ਹੈ ਓਹੋ ਹੀ ਹੁੰਦਾ ਹੈ ॥ ਇਹ ਆਦਮੀ ਥਿੱਤਾਂ ਵਿਚ ਵੀ ਦ੍ਵੈਤ ਭਾਵ ਰੱਖਦੇ ਹਨ ਅਤੇ ਵਾਰਾਂ ਵਿਚ ਵੀ ਦ੍ਵੈਤ ਹੀ ਰਖਦੇ ਹਨ ਭਾਵ ਦ੍ਵੈਤ ਕਰਕੇ ਥਿੱਤਾਂ ਵਾਰਾਂ ਵਿਚ ਦੇਵਤਿਆਂ ਪਾਸੋਂ ਫਲ ਮੰਗਦੇ ਹਨ ਪਰ ਪ੍ਰਮਿਸਰ ਬਿਨਾ ਫਲ ਦੇਣ ਵਾਲਾ ਕੋਈ ਨਹੀਂ ਹੈ ॥ ਗੁਰੂ ਬਿਨਾ ਅਗਿਆਨ ਰੂਪ ਬਹੁਤ ਗਾੜ੍ਹੇ ਹਨੇਰੇ ਕਰਕੇ ਜੀਵ ਅੰਨੇ ਹਨ ॥ ਇਸ ਲਈ ਬਹੁਤ ਮੂਰਖ ਪ੍ਰਮੇਸਰ ਨੂੰ ਛੱਡਕੇ ਥਿੱਤਾਂ ਵਾਰਾਂ ਨੂੰ ਸੇਂਵਦੇ ਭਾਵ ਪੂਜਦੇ ਮੰਨਦੇ ਹਨ ਸੋ ਬਿਅਰਥ ਹੈ ॥ ਗੁਰੂ ਜੀ, ਜੇਹੜਾ ਗੁਰੂ ਤੋਂ ਪੁੱਛਕੇ ਆਪਣੇ ਸਰਪ ਦੀ ਸਮਝ ਨੂੰ ਪਾਂਦਾ ਹੈ ॥ ਓਹ ਆਦਮੀ ਓਸੇ ਇਕ ਨਾਮੀ ਵਿਚ ਸਦਾ ਸਮਾਇਆ ਰਹਿੰਦਾ ਹੈ ॥

Digitized by Panjab Digital Library | www.panjabdigilib.org

{ ਸਿਖੀ ਭਾਵ ਕਰਕੇ ਮਾਲਕ ਦਾ ਜਸ ਉਚਾਰਿਆ ਹੈ ।ਦੱਖਣ ਦੇਸ ਦੇ ਛੰਦਾਂ ਦੀ ਚਾਲ ਵਿਚ ਉਪਦੇਸ਼ ਕੀਤਾ ਹੈ ਅਤੇ ਛੰਤ=ਜਸ ਦਾ ਨਾਮ ਵੀ ਹੈ ॥ }

## ਬਿਲਾਵਲੁ ਮਹਲਾ ੧ ਛੰਤ ਦਖਣੀ

### ੧ ਓ ਸਤਿਗੁਰਪ੍ਰਸਾਦਿ ॥

**ਮੁੰਧ ਨਵੇਲੜੀਆ ਗੋਇਲਿ ਆਈ ਰਾਮ ॥ ਮਟੁਕੀ ਡਾਰਿ ਧਰੀ ਹਰਿ ਲਿਵਲਾਈ ਰਾਮ ॥ ਲਿਵਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥ ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕਰੋਧੁ ਨਿਵਾਰਿਆ ॥ ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ ॥ ੧ ॥**

ਮੁੰਧ=ਇਸਤ੍ਰੀ ॥ ਜੀਵ ਰੂਪ ਇਸਤ੍ਰੀ ਨਵੇਂ ਜੋਬਨ ਵਾਲੀ ਭਾਵ ਬੜੇ ਚੰਗੇ ਪ੍ਰੇਮ ਵਾਲੀ ਜੇਹੜੀ ਆਪਣੇ ਆਪ ਨੂੰ ਗੋਇਲ ਆਈ ਹੋਈ ਮੰਨਦੀ ਹੈ ਭਾਵ ਉਸਨੇ ਸੰਸਾਰ ਪਿੰਡ ਵਿਚ ਰਹਿਣਾ ਗਊਆਂ ਚਾਰਨ ਵਾਲੇ ਵਾਂਗੂੰ ਥੋੜਾ ਸਮਾ ਜਾਣਿਆਂ ਹੈ ਉਸਨੇ ਦੇਹ ਹੰਕਾਰ ਜਾਂ ਲੋਕ ਲਜ ਰੂਪ ਮਟਕੀ ਸੁੱਟ ਦਿਤੀਹੈ ਅਤੇ ਉਸਨੇ ਮਾਲਕ ਨਾਲ ਪ੍ਰੀਤੀ ਲਾਈ ਹੈ ॥

ਜੇਹੜੀ ਮਾਲਕ ਨਾਲ ਪ੍ਰੀਤੀ ਲਾਕੇ ਜਿਕਰ ਗਊਆਂ ਚਾਰਨ ਵਾਲਾ ਵਾਗੀ ਆਪਦਾ ਅਸਲੀ ਥਾਂ ਛੱਡ ਕੇ ਕਾਲ ਦਾ ਮਾਰਿਆ ਹੋਇਆ ਥੋੜੇ ਦਿਨਾਂ ਲਈ ਗਊਆਂ ਨੂੰ ਦੂਰ ਲੈ ਜਾਂਦਾ ਹੈ ਓਥੇ ਜਾਕੇ ਗੁਜ਼ਾਰਾ ਕਰਦਾ ਹੈ ਇੱਕਰ ਹੀ ਇਹ ਜੀਵ ਇਸਤ੍ਰੀ ਜਗਤ ਵਿਚ ਆਪਣਾ ਵੱਸਣਾ ਮੰਨਦੀ ਹੈ ਭਾਵ ਸੰਸਾਰ ਤੋਂ ਉਦਾਸ ਰਹਿੰਦੀ ਹੈ ਓਹ ਸਹਿਜੇ ਸੁਭਾਵਕ ਹੀ ਗੁਰ ਸ਼ਬਦ ਕਰਕੇ ਸਿੰਗਾਰੀ ਹੋਈ ਹੈ ਉਹ ਹੱਥ ਜੋੜਕੇ ਗੁਰੂ ਪਾਸ ਇੱਕਰ ਬੇਨਤੀ ਕਰਦੀ ਹੈ ਹੇ ਗੁਰੂ ਜੀ ਮੈਨੂੰ ਇੱਕਰ ਦਾ ਵਰ ਦਿਓ ਜਿਸ ਕਰਕੇ ਮੈਂ ਉਸ ਸਚੇ ਪਿਆਰੇ ਨੂੰ ਮਿਲ ਜਾਵਾਂ ਜਾਂ ਸਚੇ ਪਿਆਰੇ ਦੀਆਂ ਪਿਆਰੀਆਂ ਇਸਤ੍ਰੀਆਂ ਸੰਤਾਂ ਨੂੰ ਮਿਲਾਂ ॥ ਇਸਤ੍ਰੀ ਨੇ ਪ੍ਰੇਮਾ ਭਗਤੀ ਕਰਕੇ

Digitized by Panjab Digital Library | www.panjabdigilib.org

ਪਿਆਰੇ ਮਾਲਕ ਨੂੰ ਵੇਖਿਆ ਹੈ ਅਤੇ ਕਾਮ ਕਰੋਧ ਆਦਕ ਵਿਕਾਰਾਂ ਨੂੰ ਦੂਰ ਕੀਤਾ ਹੈ ਗੁਰੂ ਜੀ, ਇੱਕਰ ਦੀ ਨਵੇਂ ਜੋਬਨ ਵਾਲੀ ਇਸਤ੍ਰੀ ਨੇ ਸੁੰਦਰ ਮਾਲਕ ਨੂੰ ਵੇਖਕੇ ਮਨ ਨੂੰ ਸੁਧ ਕੀਤਾ ਹੈ ਜਾਂ ਆਸਰੇ ਵਾਲਾ ਕੀਤਾ ਹੈ ॥

**ਸਚਿ ਨਵੇਲੜੀਏ ਜੋਬਨਿਬਾਲੀਰਾਮ ॥ ਆਉ ਨ ਜਾਉ ਕਹੀ ਅਪਨੇ ਸਹਨਾਲੀ ਰਾਮ ॥ ਨਾਹ ਅਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ ॥ ਅਗਾਧਿਬੋਧਿ ਅਕਥੁ ਕਥੀਐ ਸਹਜਿ ਪ੍ਰਭੁਗੁਣ ਗਾਵਏ ॥ ਰਾਮਨਾਮ ਰਸਾਲ ਰਸੀਆ ਰਵੈ ਸਾਚਿ ਪਿਆਰੀਆ ॥ ਗੁਰਿਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ ॥ ੨ ॥**

ਹੇ ਨਵੇਂ ਜੋਬਨ ਪ੍ਰੇਮ ਵਾਲੀਏ ਇਸਤ੍ਰੀਏ ਸਚੇ ਮਾਲਕ ਨਾਲ ਪਿਆਰ ਕਰਨ ਵਿਚ ਲੱਗ ॥ ਕਿਸੇ ਹੋਰ ਨੂੰ ਚੇਤੇ ਕਰਨ ਵਾਸਤੇ ਆਉਣ ਜਾਣ ਨ ਕਰ ਆਪਣੇ ਮਾਲਕ ਦੇ ਨਾਲ ਹੀ ਰਹੋ॥ ਜੇਹੜੀ ਇੱਕਰ ਆਪਣੇ ਨਾਹ=ਪਤੀ ਨਾਲ ਮਿਲਕੇ ਦਾਸੀ ਹੋਈ ਹੈ ਉਸਦੇ ਮਨ ਵਿਚ ਮਾਲਕ ਦੀ ਭਗਤੀ ਭਾਂਦੀ ਹੈ ਜਿਸ ਮਾਲਕ ਦਾ ਬੋਧਿ=ਗਿਆਨ ਜਾਨਣਾ ਅਗਾਧਿ= ਬੜਾ ਔਖਾ ਹੈ ਉਸ ਅਕੱਥ ਮਾਲਕ ਨੂੰ ਕਥਨ ਕਰੀਏ ਭਾਵ ਭਜਨ ਕਰ ਏ ਅਤੇ ਉਸ ਮਾਲਕ ਦੇ ਗੁਣਾਂ ਨੂੰ ਸੁਭਾਵਕ ਹੀ ਗਾਈਏ ਜਾਂ ਗਾਂਦੀ ਹੈ ॥ ਜੇਹੜਾ ਮਾਲਕ ਰਸਾਂ ਦਾ ਘਰ ਹੈ ਉਸ ਦੇ ਰਸ ਲੈਣ ਵਾਲੀ ਹੋਕੇ ਜੇਹੜੀ ਰਵੈ=ਉਚਾਰਨ ਕਰਦੀ ਹੈ ਭਾਵ ਭਜਨ ਕਰਦੀ ਹੈ ਓਹੋ ਹੀ ਉਸ ਸਚੇ ਮਾਲਕ ਦੀ ਪਿਆਰੀ ਹੈ॥ ਇਕਰ ਜਿੰਨਾਂ ਨੂੰ ਗੁਰਾਂ ਨੇ ਉਪਦੇਸ਼ ਦਿਤਾ ਹੈ ਅਤੇ ਉਸਦੀ ਸੇਵਾ ਦਾਨ ਕਰਨਾ ਆਦਕ ਨਹੀਂ ਵੇਖਿਆ ਹੈ ਪ੍ਰੇਮ ਵੇਖਕੇ ਹੀ ਪ੍ਰਸੰਨ ਹੋ ਗਏ ਹਨ ਗੁਰੂ ਜੀ, ਓਹ ਸਿਖ ਇਸਤ੍ਰੀ ਵਿਚਾਰ ਵਾਨ ਹੋਈ ਹੈ ॥

**ਸ੍ਰੀਧਰ ਮੋਹਿਅੜੀ ਪਿਰਸੰਗਿ ਸੂਤੀ ਰਾਮ ॥ ਗੁਰ ਕੇ ਭਾਇ ਚਲੋ ਸਾਚਿ ਸੰਗੂਤੀ ਰਾਮ ॥ ਧਨ ਸਾਚਿ ਸੰਗੂਤੀ ਹਰਿਸੰਗਿ ਸੂਤੀ ਸੰਗਿ ਸਖੀ ਸਹੇਲੀਆ ॥ ਇਕ ਭਾਇ ਇਕਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥ ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥ ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉਭੰਜਨੋ ॥੩**

Digitized by Panjab Digital Library | www.panjabdigilib.org

843



ਸ੍ਰੀ=ਕੁਦਰਤ ਨੂੰ ਧਰ=ਆਪਣੇ ਆਸਰੇ ਰੱਖਣ ਵਾਲੇ ਮਾਲਕ ਨੇ ਜੇਹੜੀ ਜੀਵ ਇਸਤ੍ਰੀ ਮੋਹ ਲਈ ਹੈ ਓਹ ਉਸ ਮਾਲਕ ਨਾਲ ਸੁਤੀ ਹੈ ਜੇਹੜੀ ਗੁਰੂ ਦੇ ਪ੍ਰੇਮ ਜਾਂ ਭਾਇ=ਅਨੁਸਾਰ ਚਲੀ ਹੈ ਜਾਂ ਹੋਰਨਾਂ ਨੂੰ ਉਪਦੇਸ਼ ਕਰਦੀ ਹੈ ਹੇ ਭਰਾਓ ਗੁਰੂ ਦੇ ਪ੍ਰੇਮ ਵਿਚ ਚਲੋ ਉਹ ਇਸਤ੍ਰੀ ਸਚੇ ਮਾਲਕ ਨਾਲ ਮਿਲ ਗਈ ਹੈ ॥ ਜੇਹੜੀਆਂ ਸੰਤ ਰੂਪ ਪਿਆਰੀਆਂ ਸਖੀਆਂ ਹਨ ਓਨਾਂ ਨਾਲ ਮਿਲਕੇ ਓਹ ਇਸਤਰੀ ਸਚੇ ਨਾਮਦੇ ਸੰਜੁਗਤ ਹੋਕ ਮਾਲਕ ਦੇ ਨਾਲ ਸੁਤੀ ਭਾਵ ਇਕਰੂਪ ਹੋ ਗਈ ਹੈ ॥ ਇਕ ਮਾਲਕ ਵਿਚ ਪ੍ਰੇਮ ਕਰਕੇ ਮਨ ਦੀ ਅਕਾਗਰਤਾ ਨਾਲ ਜਿਨ੍ਹਾਂ ਦੇ ਦਿਲ ਵਿਚ ਨਾਮ ਵਸਿਆ ਹੈ ਓਹ ਇਕਰ ਜਾਣਦੀਆਂ ਹਨ ਕਿ ਸ ਨੂੰ ਗੁਰੂ ਨੇ ਮਾਲਕ ਨਾਲ ਮੇਲ ਦਿੱਤਾ ਹੈ । ਦਿਨੇ ਰਾਤ=ਘੜੀ ਥੋੜਾ ਚਿਰ ਸਾਸ ਸਾਸ ਓਨਾਂ ਨੂੰ ਮਾਲਕ ਨਹੀ ਭੁਲਦਾ ਹੈ ਜਿਨਾਂ ਦੇ ਦਿਲ ਵਿਚ ਗੁਰੂ ਨੇ ਸਬਦ ਰੂਪ ਜੋਤ ਅਗ ਨਾਲ ਗਿਆਨ ਦੀਵਾ ਜਗਾਕੇ ਸਾਰਿਆਂ ਡਰਾਂ ਨੂੰ ਨਾਸ਼ ਕਰ ਦਿਤਾ ਹੈ ਗੁਰੂ ਜੀ ਆਖਦੇ ਹਨ ॥

**ਜੋਤਿ ਸਬਾਇਣੜੀਏ ਤ੍ਰਿਭਵਣ ਸਾਰੇ ਰਾਮ ॥ ਘਟਿ ਘਟਿ ਰਵਿਰਹਿਆ ਅਲਖ ਅਪਾਰੇ ਰਾਮ ॥ ਅਲਖ ਅਪਾਰ ਅਪਾਰੁ ਸਾਚਾ ਆਪੁਮਾਰਿ ਮਿਲਾਈਐ ॥ ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ ॥ ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣ ਹਾਰਿਆ ॥ ਹਰਿਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ ॥ ੪॥੧**

ਜਿਸ ਦੀ ਜੋਤ ਸਾਰਿਆਂ ਵਿਚ ਆਈ ਹੋਈ ਹੈ ਓਹ ਮਾਲਕ ਤਿੰਨਾਂ ਲੋਕਾਂ ਨੂੰ ਸਾਰੇ ਸੰਭਾਲਦਾ ਭਾਵ ਪਾਲਦਾ ਹੈ । ਓਹ ਅਲੱਖ ਅਪਾਰ ਘਟਾਂ ਘਟਾਂ ਸਾਰਿਆਂ ਆਦਮੀਆਂ ਵਿਚ ਮਿਲਿਆ ਹੋਇਆ ਹੈ ॥ ਜ਼ਦੋਂ ਗੁਰਾਂ ਦੇ ਉਪਦੇਸ਼ ਕਰਕੇ ਹੰਕਾਰ ਨੂੰ ਮਾਰਕੇ ਅਲੱਖ ਉਸ ਅਪਾਰ ਮਾਲਕ ਵਿਚ ਅਪਣੇ ਮਨ ਨੂੰ ਮਿਲਾਈਏ ਤਦੋਂ ਅਪਾਰ ਸਚੇ ਦਾ ਰੂਪ ਹੀ ਹੋ ਜਾਈਦਾ ਹੈ। ਹੰਕਾਰ ਤੇ ਮਮਤਾ ਲੋਭ ਨੂੰ ਸਾੜ ਦਿਓ ਅਤੇ ਗੁਰ ਉਪਦੇਸ਼ ਸੁਣਕੇ ਰਾਗ ਦਵੈਖ ਮੈਲ ਨੂੰ ਦੂਰ ਕਰ ਦਿਓ । ਜਿਨਾਂ ਨੇ ਸਤਸੰਗ ਦਰਵਾਜੇ ਵਿਚ ਜਾਕੇ ਉਸ ਦਾ ਦਰਸ਼ਨ ਕੀਤਾ ਹੈ ਅਤੇ ਇਕਰ ਬੇਨਤੀ ਕੀਤੀ ਹੈ ਕਿ ਹੇ ਮਾਲਕਾ ਮੈ ਤੇਰੇ ਭਾਣੇ ਵਿਚ ਪ੍ਰਸੰਨ ਹੋ ਗਈ ਹਾਂ ਇਸ ਲਈ ਤਾਰਨ ਵਾਲੇ ਗੁਰੂ ਨੇ ਸੰਸਾਰ ਸਮੁੰਦਰ ਤੋਂ ਤਾਰ ਦਿਤਾ ਹੈ। ਗੁਰੂ ਜੀ, ਜਿਨਾਂ ਨੇ ਪ੍ਰੇਮ ਨੂੰ ਦਿਲ ਵਿਚ ਧਾਰਿਆ ਹੈ ਓਹ ਮਾਲਕ ਦੇ ਨਾਮ ਅਮ੍ਰਿਤ ਨੂੰ ਪੀਕੇ ਸਾਰਿਆਂ ਪਦਾਰਥਾਂ ਤੋਂ ਰਜ ਗਏ ਹਨ ॥

Digitized by Panjab Digital Library | www.panjabdigilib.org

## ਮਾਲਕ ਨਾਲ ਪ੍ਰੀਤੀ

## ਬਿਲਾਵਲੁ ਮਹਲਾ ੧

ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ। ਅਵਿਗਤੋ ਹਰਿ ਨਾਥੁਨਾਥਹ ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿਨਾਮੁ ਅੰਤਰਿ ਵਸਿਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁਗਹਿਰਹੇ। ੧

ਮੇਰੇ ਮਨ ਵਿਚ ਬਹੁਤ ਚਾ ਹੋਇਆ ਹੈ ਸਚੇ ਮਾਲਕ ਨੂੰ ਪਾਕੇ ਮੈਂ ਇਸਤ੍ਰੀ ਖੁਸ਼ੀ ਹੋਈ ਹਾਂ। ਨ ਮਰਨ ਵਾਲੇ ਮਾਲਕ ਦੇ ਪ੍ਰੇਮ ਵਿਚ ਮੋਹੀ ਗਈ ਹਾਂ। ਜਿਸਨੂੰ ਪੁਜਣਾਂ ਬੜਾ ਔਖਾ ਹੈ ਓਹ ਨਾਥਾਂ ਦਾ ਵੀ ਮਾਲਕ ਹੈ ਜੋ ਉਸ ਨੂੰ ਭਾਂਦਾ ਹੈ ਓਹ ਹੁੰਦਾ ਹੈ। ਜੋਹੜਾ ਸਦਾ ਹੀ ਕਿਰਪਾਲੂ ਸਾਰਿਆਂ ਦਾ ਦਾਤਾ ਹੈ ਤੂੰ ਉਸਨੂੰ ਇਕਰ ਜਾਣ ਜਾਂ ਬੇਨਤੀ ਕਰ ਜੋ ਸਾਰਿਆਂ ਜੀਆਂ ਦੇ ਅੰਦਰ ਜੀਵਣ ਰੂਪ ਤੂੰ ਆਪ ਹੀ ਹੈਂ ਜਿਸਦੇ ਆਸਰੇ ਨਾਲ ਸਾਰੇ ਜੀਂਵਦੇ ਹਨ। ਮੈਨੂੰ ਹੋਰ ਗਿਆਨ ਧਿਆਨ ਪੂਜਾ ਆਦਿਕ ਕੁਛ ਵੀ ਚੰਗਾ ਨਹੀ ਲਗਦਾ ਹੈ ਕਿਉਂਕਿ ਇਕ ਮਾਲਕ ਦਾ ਨਾਮ ਮੇਰੇ ਅੰਦਰ ਵੱਸਦਾ ਹੈ ਭਾਵ ਮੈਂ ਹਰ ਵੇਲੇ ਯਾਦ ਕਰਦਾ ਹਾਂ। ਗੁਰੂ ਜੀ, ਮੈਂ ਸਚੇ ਮਾਲਕ ਨੂੰ ਫੜ ਲਿਆ ਹੈ ਇਸ ਲਈ ਭੇਖਾਂ ਵਿਚ ਭੌਣ ਅਤੇ ਹਠ ਨੂੰ ਨਹੀ ਜਾਣਦਾ ॥

ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ ਨਿਜਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ ਨਵਹਾਣਿ ਨਵਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾ ਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥ ੨ ॥

ਜਦੋਂ ਉਸ ਮਾਲਕ ਦੇ ਪ੍ਰੇਮ ਵਿਚ ਉਮਰ ਭਿਜ ਗਈ ਤਾਂ ਦਿਨ ਰਾਤ ਸਾਰੇ ਭਲੀ ਤਰਾਂ ਸੋਹਣੇ ਲਗੇ ॥ ਅਪਣੇ ਅੰਤਸ਼ਕਰਨ ਵਿਚ ਸੁਤੀਏ ਹੋਈਏ ਜੇਕਰ ਮਾਲਕ ਜਗਾਵੇ ਤੇ ਤਾਂ ਸਾਰੀ ਉਮਰ ਸਫਲ ਹੁੰਦੀ ਹੈ ਜੋਹੜਾ ਨਵੇਂ ਜੋਬਨ ਵਾਲਾ

Digitized by Panjab Digital Library | www.panjabdigilib.org

ਹਾਨੀ ਮਾਲਕ ਹੈ ਉਸਦੀ ਇਸਤ੍ਰੀ ਵੀ ਨਵੀਂ ਹੈ ਜੇਹੜੀ ਗੁਰਾਂ ਦੇ ਸ਼ਬਦ ਵਿਚ ਜਾਗੀ ਹੈ ਓਹ ਆਪਣੇ ਮਾਲਕ ਨੂੰ ਭਾਂਦੀ ਹੈ ॥ ਝੂਠ ਕਪਟ ਆਦਕ ਦਵੈਤ ਭਾਵ ਨੂੰ ਛਡਕੇ ਅਤੇ ਹੋਰ ਦੇਵੀ ਦੇਵਤਿਆਂ ਪਰਾਇਆਂ ਲੋਕਾਂ ਦੀ ਵੀ ਸੇਵਾ ਕਰਨੀ ਛਡ ਦਿਤੀ ਹੈ ॥ ਮੈਂ ਮਾਲਕ ਦਾ ਨਾਮ ਅਪਨੇ ਗਲ ਵਿਚ ਹਾਰ ਪਾਇਆ ਹੈ ਏਸੇ ਲਈ ਦਿਲ ਵਿਚ ਸਚੇ ਮਾਲਕ ਦਾ ਦਰਸਨ ਨੀਸਾਣੀਆਂ ਪ੍ਰਗਟ ਹੋਇਆ ਹੈ ਭਾਵ ਮਾਲਕ ਦਾ ਦਰਸਨ ਹੋਇਆ ਹੈ ਫਿਰ ਇਕਰ ਬੇਨਤੀ ਕਰਦੀ ਹੈ॥ ਗੁਰੂ ਜੀ, ਜੇ ਮੈਂ ਤੈਨੂੰ ਚੰਗਾ ਲੱਗਾਂ ਅਤੇ ਮੇਰੇ ਉਤੇ ਤੇਰੀ ਕਿਰਪਾ ਦੀ ਨਜ਼ਰ ਹੈ ਤਾਂ ਅਸੀਂ ਤੇਰੇ ਪਾਸੋਂ ਸੱਚਾ ਨਾਮ ਮੰਗਦੇ ਹਾਂ ਓਹੋ ਹੀ ਸਾਨੂੰ ਦੇਹ ॥

**ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ। ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ॥ ੩ ॥**

ਹੇ ਸੁੰਦਰ ਰੂਪ ਵਾਲੀਏ ਮਾਲਕ ਦੇ ਭਜਨ ਵਿਚ ਜਾਗਕੇ ਮਾਲਕ ਦੇ ਜਸ ਨੂੰ ਕਥਨ ਵਾਲੀ ਗੁਰੂ ਦੀ ਬਾਣੀ ਬੋਲ ॥ ਉਸ ਮਾਲਕ ਦੀ ਅਕੱਥ ਕਹਾਣੀ ਜਿਨ੍ਹਾਂ ਨੇ ਸੁਣਕੇ ਮੰਨੀ ਹੈ ਓਹ ਅਕਥ ਕਹਾਣੀ ਮੁਕਤੀ ਪਦ ਨੂੰ ਦੇਣ ਵਾਲੀ ਹੋਈ ਹੈ ਪਰ ਇਸ ਗਲ ਨੂੰ ਗੁਰਾਂ ਦੁਆਰੇ ਕੋਈ ਵਿਰਲਾ ਹੀ ਸਮਝਦਾ ਹੈ॥ ਜੇਹੜਾ ਹੰਕਾਰ ਨੂੰ ਗਵਾ ਦੇਂਦਾ ਹੈ ਓਹ ਗੁਰਾਂ ਦੇ ਉਪਦੇਸ਼ ਵਿਚ ਸਮਾ ਜਾਂਦਾ ਹੈ ਅਤੇ ਉਸ ਨੂੰ ਤਿਨਾਂ ਲੋਕਾਂ ਦੀ ਖਬਰ ਸੁਝ ਆਉਂਦੀ ਹੈ॥ ਭਾਵ ਤਿਨਾਂ ਲੋਕਾਂ ਨੂੰ ਝੂਠਿਆਂ ਜਾਣਦਾ ਹੈ ॥ ਓਹ ਮਾਲਕ ਵਿਚ ਰੱਤਾ ਹੋਇਆ ਸਾਰੇ ਸੰਸਾਰ ਤੋਂ ਵੱਖਰਾ ਰਹਿੰਦਾ ਹੈ॥ ਜਿਸਨੇ ਸਚੇ ਮਾਲਕ ਦੇ ਗੁਣਾਂ ਨੂੰ ਮਨ ਵਿਚ ਸੰਭਾਲਿਆ ਹੈ ॥ ਗੁਰੂ ਜੀ, ਜੇਹੜਾ ਮਾਲਕ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ ਉਸਨੂੰ ਦਿਲ ਵਿਚ ਧਾਰਿਆ ਭਾਵ ਚੇਤੇ ਕੀਤਾ ਹੈ ॥

**ਮਹਿਲ ਬੁਲਾਇੜੀਏ ਭਗਤਿ ਸਨੇਹੀ ਰਾਮ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈਲੋਕ ਨਾਥੁ ਪਛਾਣਏ॥ ਮਨੁ ਡੀਗਿ ਡੋਲਿ ਨ ਜਾਇ ਕਤਹੀ ਆਪਣਾ ਪਿਰੁ**

Digitized by Panjab Digital Library | www.panjabdigilib.org

ਜਾਣਏ ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ ਸਾਚਿ ਸੂਚਾ ਸਦਾ ਨਾਨਕ ਗੁਰਸਬਦਿ ਝਗਰੁ ਨਿਬੇਰਓ ॥ ॥੪॥੨॥

ਉਸ ਸਿਖ ਇਸਤ੍ਰੀ ਨੂੰ ਮਾਲਕ ਨੇ ਅਪਣੇ ਮਹਿਲ ਵਿਚ ਬੁਲਾਇਆ ਹੈ ਜੇਹੜੀ ਉਸਦੀ ਭਗਤੀ ਵਿਚ ਪ੍ਰੇਮ ਕਰਨ ਵਲੀ ਹੈ ॥ ਗੁਰਾਂ ਦੀ ਸਿਖਿਆ ਲੈਕੇ ਮਨ ਵਿਚ ਅਨੰਦ ਹੋਈ ਹੈ ਓਹ ਇਸ ਦੇਹੀ ਵਿਚ ਹੀ ਮੁਕਤੀ ਹੋ ਗਈ ਹੈ ॥ ਜੇਹੜੇ ਮਨ ਨੂੰ ਮਾਰਕੇ ਮਾਲਕ ਦੇ ਨਾਮ ਵਿਚ ਰੀਝੇ ਹਨ ਓਹ ਗੁਰ ਉਪਦੇਸ਼ ਕਰਕੇ ਤਿੰਨਾਂ ਲੋਕਾਂ ਦੇ ਮਾਲਕ ਨੂੰ ਪਛਾਣ ਕੇ ਮੁਕਤ ਹੋ ਗਏ ਹਨ ॥ ਓਨਾਂ ਦਾ ਮਨ ਵਿੰਗੇ ਰਸਤੇ ਭਾਵ ਮਾਲਕ ਤੋਂ ਬੇਮੁਖ ਕਰਨ ਵਾਲੇ ਰਸਤੇ ਵਿਚ ਕਿਤੇ ਕਦੀ ਡੋਲਣ ਵਾਲਾ ਹੋਕੇ ਨਹੀਂ ਜਾਂਦਾ ਹੈ ਓਹ ਅਪਣੇ ਮਾਲਕ ਨੂੰ ਹੀ ਜਾਣਦੇ ਹਨ (ਇਕਰ ਅਗੇ ਬੇਨਤੀ ਹੈ)
ਮੈਨੂੰ ਤਕੀਏ ਵਰਗਾ ਤੇਰਾ ਹੀ ਆਸਰਾ ਹੈ ਜਾਂ ਤੇਰਾ ਆਸਰਾ ਤਕਿਆ ਹੈ ਕਿਉਂਕਿ ਤੂੰ ਮੇਰਾ ਮਾਲਕ ਹੈਂ ਇਸ ਲਈ ਮੈਨੂੰ ਸਾਰਾ ਬਲ ਵੀ ਤੇਰਾ ਹੀ ਹੈ ॥ ਗੁਰੂ ਜੀ, ਜੇਹੜਾ ਇਕ ਸਚੇ ਨਾਮ ਨਾਲ ਸੁੱਚਾ ਹੋਇਆ ਹੈ ਓਸੇ ਨੇ ਹੀ ਗੁਰਾਂ ਦੇ ਸ਼ਬਦ ਨਾਲ ਜਨਮ ਮਰਨ ਦਾ ਝਗੜਾ ਨਿਬੇੜਿਆ ਭਾਵ ਦੂਰ ਕੀਤਾ ਹੈ ॥

(ਮਾਲਕ ਨਾਲ ਮਿਲਨ ਦਾ ਅਨੰਦ)

## ਛੰਤ ਬਿਲਾਵਲੁ ਮਹਲਾ ੪ ਮੰਗਲ 844

### ੧ ਓ ਸਤਿਗੁਰਪ੍ਰਸਾਦਿ ॥

ਮੇਰਾ ਹਰਿਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥ ਗੁਰਿ ਤੁਠੈ ਹਰਿਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥ ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥ ਹਰਿਪ੍ਰਭੁ ਹਰਿਸੋਹਾਗੁ ਹੈ ਨਾਨਕ ਮਨਿਭਾਣਾ ਰਾਮ ॥ ੧॥

ਮੇਰਾ ਮਾਲਕ ਦਿਲ ਰੂਪ ਸੇਜ ਉਤੇ ਆਇਆ ਹੈ ਭਾਵ ਦਰਸਨ ਦਿਤਾ ਹੈ ਇਸ

Digitized by Panjab Digital Library | www.panjabdigilib.org

854



ਕਰਕੇ ਹੁਣ ਮੇਰਾ ਮਨ ਸੁਖ ਵਿਚ ਸਮਾਇਆ ਹੈ॥ ਪਰ ਗੁਰੂ ਦੇ ਪ੍ਰਸੰਨ ਹੋਣ ਨਾਲ ਮੈਂ ਮਾਲਕ ਨੂੰ ਪਾਇਆ ਹੈ ਏਸੇ ਕਰਕੇ ਇਸ ਪ੍ਰੇਮ ਵਿਚ ਖ਼ੁਸ਼ੀਆਂ ਮਾਣੀਆਂ ਹਨ॥ ਓਹ ਵਡਿਆਂ ਭਾਗਾਂ ਵਾਲੀਆਂ ਗਿਆਨਵਾਨ ਸੁਹਾਗਣੀਆਂ ਹਨ ਜਿਨਾਂ ਨੇ ਸਾਰਿਆਂ ਤੋਂ ਮਸਤਕ=ਸਿਰੋਮਣੀ ਮਾਲਕ ਨੂੰ ਮਾਣਿਆਂ ਹੈ ਭਾਵ ਅਨੰਦ ਲੈਕੇ ਨਾਲ ਮਿਲੀਆਂ ਹਨ॥ ਗੁਰੂ ਜੀ, ਉਸ ਦੁਖਾਂ ਦੇ ਨਾਸ ਕਰਨ ਵਾਲੇ ਮਾਲਕ ਦਾ ਸੁਹਾਗ=ਅਨੰਦ ਮੇਰੇ ਮਨ ਨੂੰ ਚੰਗਾ ਲੱਗਾ ਹੈ॥

**ਨਿਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ॥ ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ॥ ਮੇਰੇ ਹਰਿਪ੍ਰਭ ਭਾਵੈ ਸੋ ਕਰੈ ਹਰਿਰੰਗਿ ਹਰਿ ਰਾਪੈ ਰਾਮ॥ ਜਨੁ ਨਾਨਕੁ ਸਹਜਿ ਮਿਲਾਇਆ ਹਰਿਰਸਿ ਹਰਿ ਧ੍ਰਾਪੈ ਰਾਮ॥ ੨ ॥**

ਸਾਰਿਆਂ ਦੁਖਾਂ ਦੇ ਨਾਸ ਕਰਨ ਵਾਲਾ ਮਾਲਕ ਆਪੇ ਹੀ ਨਿਮਾਣਿਆਂ ਦਾ ਮਾਣ ਹੈ॥ ਜਿਨਾਂ ਨੇ ਗੁਰਦੁਆਰੇ ਹੰਕਾਰ ਨੂੰ ਗਵਾਇਆ ਹੈ ਓਹ ਰੋਜ ਹੀ ਨਾਮ ਨੂੰ ਜਪਦੇ ਰਹਿੰਦੇ ਹਨ॥ ਜੇਹੜਾ ਮੇਰੇ ਮਾਲਕ ਨੂੰ ਭਾਂਦਾ ਹੈ ਓਹ ਓਹੋ ਹੀ ਕਰਦੇ ਹਨ ਕਿਉਕਿ ਓਹ ਮਾਲਕ ਦੇ ਪ੍ਰੇਮ ਵਿਚ ਰਾਪੈ=ਰੰਗੇ ਗਏ ਹਨ॥ ਗੁਰੂ ਜੀ, ਜਿਨਾਂ ਗੁਰਮੁਖਾਂ ਨੂੰ ਸਹਜੇ ਹੀ ਮਾਲਕ ਨੇ ਆਪਣੇ ਨਾਲ ਮਿਲਾਯਾ ਹੈ। ਏਸੇ ਲਈ ਓਹ ਮਾਲਕ ਦੇ ਅਨੰਦ ਵਿਚ ਰੱਜ ਗਏ ਹਨ॥

**ਮਾਣਸਜਨਮਿ ਹਰਿ ਪਾਈਐ ਹਰਿਰਾਵਣ ਵੇਰਾ ਰਾਮ॥ ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ॥ ਜਿਨ ਮਾਣਸਜਨਮਿ ਨ ਪਾਇਆ ਤਿਨ ਭਾਗੁ ਮੰਦੇਰਾ ਰਾਮ॥ ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ॥ ੩ ॥**

ਇਸ ਮਨੁਖ ਜਨਮ ਵਿਚ ਹੀ ਮਾਲਕ ਪਾਈਦਾ ਹੈ ਕਿਉਕਿ ਇਹ ਮਨੁਖ ਜਨਮ ਮਾਲਕ ਦੇ ਜਪਣ ਦਾ ਵੇਲਾ ਹੈ॥ ਗੁਰਮੁਖ ਹੋਕੇ ਓਨਾਂ ਸੁਹਾਗਣ ਸੰਤਾਂ ਨੂੰ ਮਿਲੋ ਜਿਸ ਕਰਕੇ ਉਸਦਾ ਪ੍ਰੇਮ ਤੁਹਾਨੂੰ ਬਹੁਤ ਸਾਰਾ ਹੋਵੇਗਾ॥ ਜਿਨਾਂ ਨੇ ਇਸ ਮਨੁਖ ਜਨਮ ਵਿਚ ਮਾਲਕ ਨੂੰ ਨਹੀਂ ਪਾਇਆ ਹੈ ਓਨਾਂ ਦਾ ਭਾਗ ਮਾੜਾ ਹੈ॥ ਗੁਰੂ ਜੀ, ਹੇ ਮਾਲਕ ਮੈਨੂੰ ਰੱਖ ਲੈ ਮੈ ਤੇਰਾ ਦਾਸ ਹਾਂ॥

**ਗੁਰਿ ਹਰਿਪ੍ਰਭ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ॥**

Digitized by Panjab Digital Library | www.panjabdigilib.org

ਭਗਤਿ ਵਛਲੁ ਹਰਿਨਾਮੁ ਹੈ ਗੁਰਮਖਿ ਹਰਿ ਲੀਨਾ ਰਾਮ ॥
ਬਿਨੁ ਹਰਿਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮੁ ॥
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥
॥ ੪ ॥ ੧ ॥ ੩ ॥

ਜਿਨਾਂ ਨੂੰ ਗੁਰੂ ਨੇ ਅਪੁਜ ਮਾਲਕ ਦ੍ਰਿੜ ਕਰਾਇਆ ਹੈ ਓਨਾਂ ਗੁਰਮੁਖਾਂ ਦਾ ਮਨ ਤਨ ਪ੍ਰੇਮ ਵਿਚ ਭਿਜਾ ਰਹਿੰਦਾ ਹੈ। ਜੇਹੜਾ ਭਗਤਾਂ ਦਾ ਪਿਆਰਾ ਮਾਲਕ ਦਾਂ ਨਾਮ ਹੈ ਉਸ ਮਾਲਕ ਦੇ ਨਾਮ ਵਿਚ ਗੁਰਮੁਖਾਂ ਦਾ ਮਨ ਲੀਨ-ਲਗਾ ਰਹਿੰਦਾ ਹੈ। ਓਹ ਮਾਲਕ ਦੇ ਨਾਮ ਬਿਨਾਂ ਨਹੀਂ ਜੀਉਂਦੇ ਹਨ ਜਿਕਰ ਪਾਣੀ ਬਿਨਾਂ ਮਛੀ ਨਹੀਂ ਜੀਉਂਦੀ ਹੈ ॥ ਗੁਰੂ ਜੀ, ਇਕਰ ਜਿਨਾਂ ਨੇ ਮਾਲਕ ਦੇ ਨਾਮ ਨੂੰ ਪਾਇਆ ਹੈ ਓਨਾਂ ਦਾ ਜਨਮ ਮਾਲਕ ਨੇ ਸਫਲਾ ਕੀਤਾ ਹੈ।

## ਬਿਲਾਵਲੁ ਮਹਲਾ ੪ ॥ ਸਲੋਕੁ

ਹਰਿਪ੍ਰਭੁ ਸਜਣੁ ਲੋੜਿਲਹੁ ਮਨਿ ਵਸੈ ਵਡਭਾਗੁ ॥
ਗੁਰਿਪੂਰੈ ਵੇਖਾਲਿਆ ਨਾਨਕ ਹਰਿ ਲਿਵਲਾਗੁ ॥ ੧ ॥

ਉਸ ਮਾਲਕ ਸਜਣ ਨੂੰ ਲੋੜ ਲਓ ਭਾਵ ਲਭ ਲਓ ਭਾਵ ਓਹ ਸਜਣ ਵਡਿਆਂ ਭਾਗਾਂ ਨਾਲ ਮਨ ਵਿਚ ਵਸਦਾ ਹੈ। ਜਿਨਾਂ ਨੂੰ ਪੂਰੇ ਗੁਰੂ ਨੇ ਵਿਖਾਇਆ ਹੈ ਓਨਾਂ ਦੀ ਪ੍ਰੀਤੀ ਮਾਲਕ ਵਿਚ ਲਗੀ ਹੈ ॥

## ॥ ਛੰਤ ॥

845

ਮੇਰਾ ਹਰਿਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥
ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥
ਅੰਤਰਿ ਕਮਲੁ ਪਰਗਾਸਿਆ ਗੁਰਗਿਆਨੀ ਜਾਗੇ ਰਾਮ ॥
ਜਨ ਨਾਨਕ ਹਰਿਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥ ੧ ॥

ਜਿਨਾਂ ਨੇ ਹੰਗਤਾ ਮਮਤਾ ਵਿਸ਼ਿਆਂ ਰੂਪ ਵਿਕਾਰ ਝਾਗੇ-ਲੰਘੇ ਹਨ ਭਾਵ ਛਡ ਦਿਤੇ ਹਨ ਓਹ ਦਾਸੀਆਂ ਉਸ ਮਾਲਕ ਨੂੰ ਰਾਵਣ-ਭੋਗ ਭਾਵ ਮਿਲਕੇ ਅਨੰਦ ਲੈਣ ਆਈਆਂ ਹਨ ਓਹੋ ਹੀ ਮੇਰਾ ਮਾਲਕ ਹੈ ॥ ਗੁਰਾਂ ਦੀ ਸਿਖਿਆ ਲੈਕੇ ਓਨਾਂ ਨੇ ਹੰਕਾਰ ਨੂੰ ਗਵਾਇਆ ਹੈ ਅਤੇ ਮਾਲਕ ਨਾਲ ਪ੍ਰੀਤੀ ਲਗਾਉਣ ਲਗੇ ਹਨ ॥ ਜੇਹੜੇ ਗਿਆਨੀ ਗੁਰੂ ਨੂੰ ਮਿਲਕੇ ਅਗਿਆਨ ਨੀਂਦ ਤੋਂ ਜਾਗੇ

Digitized by Panjab Digital Library | www.panjabdigilib.org

ਹਨ ਓਨਾਂ ਦਾ ਅੰਦਰੋਂ ਦਿਲ ਕੌਲ ਖਿੜਿਆ ਹੈ॥ ਗੁਰੂ ਜੀ, ਇਕਰ ਜਿਨਾਂ ਨੇ ਮਾਲਕ ਨੂੰ ਪਾਇਆ ਹੈ ਓਹੋ ਹੀ ਆਦਮੀ ਪੂਰੇ ਭਾਗ ਵਾਲੇ ਤੇ ਵਡੇ ਹਨ॥

**ਹਰਿਪ੍ਰਭੁ ਹਰਿ ਮਨਿ ਭਾਇਆ ਹਰਿਨਾਮਿ ਵਧਾਈ ਰਾਮ ॥ ਗੁਰਿਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ॥ ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥ ਜਨ ਨਾਨਕ ਨਾਮੁ ਅਧਾਰੁ ਹੈ ਹਰਿਨਾਮਿ ਸਮਾਈ ਰਾਮ ।੨॥**

ਜਦੋਂ ਮਾਲਕ ਦੇ ਮਨ ਵਿਚ ਹਰ ਤਰਾਂ ਲਾਲ ਇਹ ਆਦਮੀ ਚੰਗਾ ਲਗਾ ਹੈ ਤਾਂ ਇਸਨੂੰ ਨਾਮ ਜਪਣ ਦੀ ਵਧਾਈ ਭਾਵ ਖੁਸ਼ੀ ਹੋਈ॥ ਜਿਨਾਂ ਨੇ ਪੂਰੇ ਗੁਰੂ ਤੋਂ ਮਾਲਕ ਨੂੰ ਪਾਇਆ ਹੈ ਓਨਾਂ ਨੇ ਉਸ ਮਾਲਕ ਦੇ ਨਾਮ ਵਿਚ ਪ੍ਰੀਤੀ ਲਾਈ ਹੈ। ਉਨਾਂ ਦਾ ਅਗਿਆਨ ਹਨੇਰਾ ਕਟਿਆ ਗਿਆ ਹੈ ਜਿਨਾਂ ਦੇ ਮਨ ਵਿਚ ਮਾਲਕ ਦੀ ਜੋਤ ਪ੍ਰਗਟ ਹੋ ਆਈ ਹੈ। ਗੁਰੂ ਜੀ, ਉਨਹਾਂ ਨੂੰ ਨਾਮ ਦਾ ਆਸਰਾ ਹੈ ਜਿਨਾ ਦੀ ਮਾਲਕ ਦੇ ਨਾਮ ਵਿਚ ਸਮਾਈ ਹੈ॥

**ਧਨ ਹਰਿਪ੍ਰਭਿ ਪਿਆਰੈ ਰਾਵੀਆ ਜਾਂ ਹਰਿਪ੍ਰਭ ਭਾਈ ਰਾਮ। ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ। ਗੁਰਿ ਪੂਰੈ ਹਰਿ ਮੇਲਿਆ ਹਰਿਰਸਿ ਆਘਾਈ ਰਾਮ॥ ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ॥ ੩॥**

ਧਨ=ਇਸਤ੍ਰੀ ਨੇ ਮਾਲਕ ਪਿਆਰੇ ਨੂੰ ਤਾਂ ਹੀ ਰਾਵਿਆ ਭਾਵ ਅਨੰਦ ਮਾਣਿਆ ਹੈ ਜਦੋਂ ਮਾਲਕ ਦੇ ਮਨ ਵਿਚ ਚੰਗੀ ਲਗੀ॥

ਉਸਦੀਆਂ ਅੱਖੀਆਂ ਮਾਲਕ ਦੇ ਪ੍ਰੇਮ ਵਿਚ ਕੱਸੀਆਂ ਰਹਿੰਦੀਆਂ ਹਨ ਭਾਵ ਖਿੱਚ ਆਈ ਰਹਿੰਦੀ ਹੈ ਜਿਕਰ ਬਿੱਲੀ ਦੀਆਂ ਅੱਖੀਆਂ ਮਸਾਈ=ਮਾਸ ਵਲ ਖਿੱਚੀਆਂ ਰਹਿੰਦੀਆਂ ਹਨ ਭਾਵ ਸਾਰੇ ਇੰਦਰੇ ਮਾਲਕ ਦੇ ਧਿਆਨ ਵਿਚ ਰਹਿੰਦੇ ਹਨ। ਓਨਾਂ ਨੂੰ ਪੂਰੇ ਗੁਰੂ ਨੇ ਮਾਲਕ ਨਾਲ ਮੇਲਿਆ ਹੈ ਇਸ ਕਰਕੇ ਓਨਾਂ ਦੀ ਅਕਲ ਮਾਲਕ ਦੇ ਰਸ ਵਿਚ ਰੱਜੀ ਰਹਿੰਦੀ ਹੈ। ਗੁਰੂ ਜੀ, ਓਨਾਂ ਉਤੇ ਮਾਲਕ ਨਾਮੀ ਖੁਸ਼ੀ ਹੋਇਆ ਹੈ ਜਿਨਾਂ ਨੇ ਨਾਮ ਵਿਚ ਪ੍ਰੀਤੀ ਲਾਈ ਹੈ॥

**ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ॥ ਧਨੁ ਧੰਨ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ॥ ਜਿਨ ਵਡਭਾ**

ਰਾਮ-ਹੇ ਭ੍ਰਾਈ ਇਕਰ ਸੰਬੋਧਨ ਕਰਕੇ ਸਾਰਿਆਂ ਰਾਮ ਸ਼ਬਦਾਂ ਦਾ ਅਰਥ ਕੀਤਾਹੈ

ਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥ ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥ ੪ ॥ ੨ ॥ ੪ ॥

ਸਾਨੂੰ ਬਹੁਤ ਮੂਰਖਾਂ ਨੂੰ ਮਾਲਕ ਨੇ ਕਿਰਪਾ ਕਰਕੇ ਅਪਣੇ ਨਾਲ ਮਿਲਾ ਲਿਆ ਹੈ। ਜਿਸ ਨੇ ਹੰਗਤਾ ਮਾਰੀ ਹੈ ਓਹ ਗੁਰ ਧੰਨ ਹੈ ਅਤੇ ਉਸ ਨੂੰ ਸ਼ਾਬਾਸ਼ ਹੈ॥ ਜਿਨਾਂ ਵਡਭਾਗੀਆਂ ਦੇ ਵੱਡੇ ਭਾਗ ਹਨ ਓਨਾਂ ਨੇ ਨਾਮ ਦੀ ਪ੍ਰੀਤੀ ਰਿਦੇ ਵਿਚ ਧਾਰੀ ਹੈ। ਗੁਰੂ ਜੀ, ਹੇ ਭਰਾ ਤੂੰ ਉਸਦੇ ਨਾਮ ਨੂੰ ਸਲਾਹ ਜਿਸ ਨਾਮ ਤੋਂ ਸਾਰੇ ਬਲਹਾਰ ਜਾਂਦੇ ਹਨ॥

{ ਮਾਲਕ ਦੀ ਪ੍ਰਾਪਤੀ, ਵਿਆਹ ਦਾ ਰੂਪਕਾਲੰਕਾਰ ॥
ਸਿਖ ਇਸਤ੍ਰੀ ਮਾਲਕ ਗੁਰੂ ਤੋਂ ਪੁਛਦੀ ਹੈ ॥ }

## ਬਿਲਾਵਲੁ ਮਹਲਾ ੫ ਛੰਤ ॥

## ੧ ਓ ਸਤਿਗੁਰਪ੍ਰਸਾਦਿ ॥

ਮੰਗਲ ਸਾਜੁ ਭਇਆ ਪ੍ਰਭੁ ਅਪੁਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥ ੧ ॥

ਸਾਡੇ ਸਾਰੇ ਮੰਗਲਾਂ ਦਾ ਸਾਜ ਬਣਿਆਂ ਹੈ ਅਸਾਂ ਅਪਣੇ ਮਾਲਕ ਦਾ ਜਸ ਗਾਇਆ ਹੈ। ਜਦੋਂ ਨ ਮਰਨ ਵਾਲੇ ਮਾਲਕ ਦਾ ਨਾਮ ਜਾਂ ਆਉਣਾ ਸੁਣਿਆ ਹੈ ਤਾਂ ਸਾਡੇ ਮਨ ਵਿਚ ਬੜਾ ਚਾ ਪੈਦਾ ਹੋਇਆ। ਜਿਨਾਂ ਦੇ ਵੱਡੇ ਭਾਗ ਹੋਣ ਓਨਾਂ ਦੇ ਮਨ ਦੀ ਪ੍ਰੀਤੀ ਉਸ ਮਾਲਕ ਵਿਚ ਲੱਗਦੀ ਹੈ ਓਹ ਕਹਿੰਦੇ ਹਨ ਅਸੀਂ ਪੂਰੇ ਮਾਲਕ ਨੂੰ ਕਦੋਂ ਮਿਲਾਂਗੇ। ਜਿਸ ਕਰਕੇ ਸ਼ਾਂਤੀ ਵਿਚ ਸਮਾਈਏ। ਮਾਲਕ ਨੂੰ ਪਾਈਏ, ਹੇ ਸੰਤ ਸਖੀਓ ਇਕੱਠ ਦੀ ਅਕਲ ਮੈਨੂੰ ਦਿਓ। ਹੇ ਸੰਤੋ ਮੈ ਤੁਹਾਡੇ ਅਗੇ ਖੜੋਕੇ

ਬੇਨਤੀ ਕਰਦੀ ਹਾਂ ਉਸ ਮਾਲਕ ਨੂੰ ਤੁਸਾਂ ਕੇਹੜੀ ਜੁਗਤੀ ਨਾਲ ਪਾਇਆ ਹੈ ਗੁਰੂ ਜੀ, ਇਕਰ ਮਾਲਕ ਅਗੇ ਬੇਨਤੀ ਕਰਨੀ ਜੋਗ ਹੈ। ਹੇ ਮਾਲਕਾ ਮੇਰੇ ਉਤੇ ਕਿਰਪਾ ਕਰ ਮੈਨੂੰ ਅਪਣੇ ਲੜ ਨਾਲ ਲਾ ਲੈ॥ ਬਿਨਵੰਤ=ਆਖਦੇ ਹਨ ॥

**ਭਇਆ ਸਮਾਹੜਾ ਹਰਿਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੇ ॥ ਇਕਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੇ ॥ ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿਜਸੁ ਲਾਹਾ ॥ ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ। ੨ ॥**

ਹੁਣ ਸਾਨੂੰ ਬੜਾ ਅਨੰਦ ਹੋਇਆ ਹੈ ਅਸਾਂ ਮਾਲਕ ਦਾ ਨਾਮ ਰਤਨ ਖਰੀਦਿਆ ਹੈ। ਜੇਹੜੇ ਸੰਤ ਖੋਜੀ ਹਨ ਓਨਾਂ ਪਾਸੋਂ ਮਾਲਕ ਦਾ ਖੋਜ ਲੱਭਾ ਭਾਵ ਰਸਤਾ ਲੱਭਿਆ ਹੈ ਓਹ ਮਾਲਕ ਸਦਾ ਹੀ ਸੰਤਾਂ ਦੇ ਪਾਸ ਰਹਿੰਦਾ ਹੈ। ਜਦੋਂ ਓਹ ਮਾਲਕ ਦੇ ਪਿਆਰੇ ਸੰਤ ਮਿਲੇ ਤਾਂ ਮੇਰੇ ਉਤੇ ਦਯਾ ਧਾਰਕੇ ਉਸ ਮਾਲਕ ਦਾ ਬਿਚਾਰ ਕਥਨ ਕੀਤਾ ਤੇ ਇਕਰ ਦਾ ਉਪਦੇਸ਼ ਦਿਤਾ॥

ਇਕ ਚਿਤ ਹੋਕੇ ਮਨ ਨੂੰ ਕਠਾ ਕਰਕੇ ਚਿਤ ਦੀ ਪ੍ਰੀਤੀ ਤੇ ਮਨ ਦਾ ਪ੍ਰੇਮ ਲਾਕੇ ਉਸ ਮਾਲਕ ਨੂੰ ਯਾਦ ਕਰੋ ॥ ਹਥ ਜੋੜਕੇ ਮਾਲਕ ਪਾਸ ਇਕਰ ਬੇਨਤੀ ਕਰੋ ਕਿ ਹੇ ਮਾਲਕ ਮੈਨੂੰ ਤੇਰੇ ਜਸ ਦਾ ਲਾਭ ਮਿਲ ਜਾਵੇ ॥ ਗੁਰੂ ਜੀ, ਮੇਰਾ ਮਾਲਕ ਅਪੁਜ ਬਿਅੰਤ ਹੈ ਹੇ ਮਾਲਕਾ ਮੈਂ ਤੇਰਾ ਦਾਸ ਹਾਂ॥

**ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ॥ ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆ॥ ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣਕਾਰਣ ਜੋਗੋ॥ ੩ ॥**

ਜਿਨਾਂ ਦਾ ਸਾਹਾ ਸੰਤਾਂ ਨੇ ਅਹਿਲ ਗਿਣਿਆ ਹੈ ਓਨਾਂ ਦਾ ਪੂਰੇ ਮਾਲਕ ਨਾਲ ਸੰਜੋਗ=ਮੇਲ ਹੋਇਆ ਹੈ॥ ਓਨਾਂ ਨੂੰ ਬਹੁਤ ਸੁਖ ਹੋਇਆ ਹੈ ਅਤੇ ਵਿਛੋੜਾ

Digitized by Panjab Digital Library | www.panjabdigilib.org

ਦੂਰ ਹੋ ਗਿਆ ਹੈ ॥ ਸੰਤ ਜਨ ਮਿਲਕੇ ਭਾਵ ਅਕੱਠੇ ਹੋਕੇ ਜੋਟੀਆਂ ਦੀ ਧਾਰਨਾ ਨਾਲ ਸ਼ਬਦ ਪੜਦੇ ਆਏ ਹਨ ਜਿਨਾਂ ਨੇ ਮਾਲਕ ਨੂੰ ਧਿਆਇਆ ਹੈ ਓਹੋ ਹੀ ਅਸਚਰਜ ਜਾਂਦੀ ਬਣੇ ਹਨ ਅਤੇ ਪ੍ਰਮੇਸਰ ਲਾੜਾ ਹੈ ਜੇਹੜਾ ਸਤ ਸੰਗ ਵਿਚ ਹੁੰਦਾ ਹੈ ॥ ਸੰਤਾਂ ਨਾਲ ਮਿਲਕੇ ਅਕੱਠੇ ਹੋਕੇ ਢੋਏ=ਢੁਕੇ ਜੇਹੜੇ ਧਿਏਤਿਆਂ ਵਲੋਂ ਮਾਂਦੀ ਸਨ ਓਨਾਂ ਦੀ ਬੜੀ ਪ੍ਰੀਤੀ ਪੈਦਾ ਹੋਈ ਭਾਵ ਅਗੋਂ ਸਤਸੰਗ ਵਿਚ ਬੈਠੇ ਹੋਇ ਸਿਖ ॥ ਓਨਾਂ ਦੀ ਜੋਤੀ ਸਰੂਪ ਮਾਲਕ ਵਿਚ ਜੋਤੀ ਤਾਣੇ ਪੇਟੇ ਵਾਂਗ ਮਿਲ ਗਈ ਹੈ ਭਾਵ ਦੋਹਾਂ ਪਾਸਿਆਂ ਦੇ ਸਿਖ ਕਠੇ ਹੋ ਗਏ ਹਨ ਓਹ ਨਾਮ ਕਰਕੇ ਸਾਰੇ ਅਨੰਦ ਮਾਣਦੇ ਹਨ ॥ ਗੁਰੂ ਜੀ, ਕਰਨ ਕਾਰਣ ਮਾਲਕ ਦੇ ਨਾਲ ਸਿਖ ਇਸਤ੍ਰੀ ਸੰਤਾਂ ਨੇ ਮੇਲੀ ਹੈ ਹਰਤਰਾਂ ਨਾਲ ਸੁਖ ਹੋਇਆ ਹੈ ਸਾਰੇ ਕੰਮ ਜੋਗ ਵਿਧੀ ਨਾਲ ਹੋਇ ਹਨ ਜਾਂ ਕਰਣ ਕਾਰਣ ਜੋਗ ਮਾਲਕ ਦਾ ਨਾਮ ਹੈ ॥

**ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ ਗੁਰਚਰਣੀ ਲਾਗੀ ਰਾਮ ॥ ਗੁਰਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ ਅਹੰਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥ ੪ ॥ ੧ ॥**

ਓਹ ਘਰ ਵੀ ਸੋਹਣਾ ਹੈ ਤੇ ਧਰਤੀ ਵੀ ਭਾਗਾਂ ਵਾਲੀ ਹੈ ਭਾਵ ਸਰੀਰ ਸੋਭਾ ਵਾਲਾ ਤੇ ਅਕਲ ਚੰਗੀ ਹੈ ॥ ਮਾਲਕ ਘਰ ਵਿਚ ਆਇਆ ਹੈ ਮੈਂ ਗੁਰੂ ਦੇ ਚਰਨਾਂ ਨਾਲ ਲੱਗੀ ਹਾਂ ॥ ਜਦੋਂ ਗੁਰੂ ਦੇ ਚਰਨਾਂ ਨਾਲ ਲੱਗੀ ਤਾਂ ਸ਼ਾਂਤੀ ਵਿਚ ਜਾਗੀ ਫਿਰ ਮੇਰੀਆਂ ਸਾਰੀਆਂ ਇਛਿਆ ਪੂਰੀਆਂ ਹੋ ਗਈਆਂ ॥ ਸੰਤਾਂ ਦੀ ਧੂੜੀ ਮਿਲਨ ਨਾਲ ਮੇਰੀ ਸਾਰੀ ਆਸਾ ਪੂਰੀ ਹੋ ਗਈ ਸਾਨੂੰ ਵਿਛੋੜੇ ਵਾਲੀਆਂ ਨੂੰ ਮਾਲਕ ਆ ਮਿਲਿਆ ਹੈ ॥

ਹੁਣ ਅਨੰਦ ਦੇ ਵਾਜੇ ਦਿਨੇ ਰਾਤ ਵਜਦੇ ਹਨ ਦੇਹ ਵਿਚੋਂ ਹੰਕਾਰ ਵਾਲੀ ਅਕਲ ਮਨ ਦੀ ਸਾਰੀ ਹੀ ਤਿਆਗ ਦਿਤੀ ਹੈ ॥ ਗੁਰੂ ਜੀ ਆਖਦੇ ਹਨ ਸੰਤਾਂ ਦੇ ਸੰਗ ਕਰਕੇ ਉਸ ਮਾਲਕ ਦੀ ਸ਼ਰਨ ਹੋਕੇ ਉਸਦੇ ਸਰੂਪ ਵਿਚ ਮੇਰੀ ਪ੍ਰੀਤੀ ਲਗੀ ਹੈ ॥

Digitized by Panjab Digital Library | www.panjabdigilib.org

## ਬਿਲਾਵਲੁ ਮਹਲਾ ੫

**ਭਾਗ ਸੁਲਖਣਾ ਹਰਿਕੰਤੁ ਹਮਾਰਾ ਰਾਮ ॥ ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥ ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥ ਰਿਧਿ ਸਿਧਿ ਸੁਧਾਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥ ਬਿਨਵੰਤਿ ਨਾਨਕ ਬਲਿਹਾਰ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥ ੧**

ਚੰਗੇ ਸੁਲੱਛਣ ਭਾਗਾਂ ਵਾਲਾ ਮੇਰਾ ਮਾਲਕ ਹੈ। ਉਸਦੇ ਸਤਸੰਗ ਦਰਬਾਰ ਵਿਚ ਪ੍ਰਮੇਸਰ ਸਬੰਧੀ ਵਾਜਿਆਂ ਦੀ ਲਗਾਤਾਰ ਧੁਨੀਵਜਦੀ ਹੈ ਅਨੰਦ ਦੇਣ ਵਾਲੇ ਵਾਜੇ ਰਾਤ ਦਿਨ ਵਜਦੇ ਹਨ ਓਨਾਂ ਨਾਲ ਦਿਨੇ ਰਾਤ ਭਜਨ ਦਾ ਉਤਸ਼ਾਹ ਬਣਿਆ ਰਹਿੰਦਾ ਹੈ ॥ ਓਥੇ ਰੋਗ ਸੋਗ ਦਾ ਕੋਈ ਦੁਖ ਨਹੀ ਛੋਂਹਦਾ ਹੈ ਅਤੇ ਓਥੇ ਜਨਮ ਮਰਨ ਵੀ ਨਹੀ ਹੈ ॥ ਰਿਧੀਆਂ ਵਰਗਾ ਅਮ੍ਰਿਤ ਦਾ ਸਵਾਦ ਸਿਧੀਆਂ ਵਰਗਾ ਅਮ੍ਰਿਤ ਓਥੇ ਹੀ ਮਿਲਦਾ ਹੈ ਓਥੇ ਸੰਤਾਂ ਦੇ ਦਿਲ ਭੰਡਾਰੇ ਭਗਤੀ ਨਾਲ ਭਰੇ ਹੋਏ ਹਨ ਜਾਂ ਓਥੇ ਰਿਧੀਆਂ ਸਿਧੀਆਂ ਬਿਅੰਤ ਖੜੀਆਂ ਹਨ ਅਤੇ ਅੰਮ੍ਰਿਤ ਭਗਤੀ ਦੇ ਖ਼ਜ਼ਾਨੇ ਵੀ ਭਰੇ ਹਨ। ਗੁਰੂ ਜੀ ਆਖਦੇ ਹਨ ਮੈਂ ਉਸ ਪ੍ਰਾਣਾਂ ਨੂੰ ਆਸਰਾ ਦੇਣ ਵਾਲੇ ਮਾਲਕ ਤੋਂ ਬਲਿਹਾਰ ਜਾਂਦਾ ਹਾਂ ॥

**ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ ॥ ਮਨਿ ਤਨਿ ਪਰੇਮ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ ॥ ਕਰਿ ਪ੍ਰੇਮ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ ॥ ਗਹਿ ਕੰਠਿ ਲਾਈਐ ਨਹ ਲਜਾਈਐ ਚਰਨਰਜ ਮਨੁ ਪਾਗੀਐ ॥ ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ ॥ ਬਿਨਵੰਤ ਨਾਨਕ ਮਿਲਿ ਸੰਗਿ ਸਾਜਨ ਅਮਰਪਦਵੀ ਪਾਵਹ ॥ ੨ ॥**

ਹੇ ਪਿਆਰੀਓ ਸਹੇਲੀਓ ਸਖੀਓ ਸੁਣੋ ਅਸੀ ਤੁਸੀ ਮਿਲਕੇ ਜਸ ਨੂੰ ਗਾਈਏ। ਮਨ ਤਨ ਨਾਲ ਪ੍ਰੇਮ ਕਰਕੇ ਓਸ ਮਾਲਕ ਨੂੰ ਰਾਵੀਏ ਭਾਵ ਅਨੰਦ ਮਾਣੀਏ ਜਦੋਂ ਪ੍ਰੇਮ ਕਰਕੇ ਓਸਨੂੰ ਰਾਵਹ=ਜਪੀਏ ਤਾਂ ਉਸਨੂੰ ਭਾਈਦਾ ਹੈ ਇਕ ਨਿਮਖ ਭਰ ਵੀ ਉਸਦਾ ਚੇਤੇ ਕਰਨਾ ਨ ਛਡੀਏ। ਉਸਨੂੰ ਫੜਕੇ ਦਿਲ ਨਾਲ ਲਾ

Digitized by Panjab Digital Library | www.panjabdigilib.org

ਲਈਏ ਅਤੇ ਕਦੀ ਵੀ ਲਜਿਆ ਨ ਕਰੀਏ ਅਤੇ ਉਸਦੇ ਚਰਨਾਂ ਦੀ ਧੂੜੀ ਮਨ ਨੂੰ ਧਾਗੀਐ=ਦਬਕੇ ਲਾਈਏ ॥ ਭਗਤੀ ਰੂਪ ਠਗ ਬੂਟੀ ਪਾਕੇ ਉਸ ਮਾਲਕ ਨੂੰ ਮੋਹ ਲਈਏ ਜਿਸ ਕਰਕੇ ਓਹਫਿਰ ਹੋਰ ਕਿਸੇ ਥਾਂ ਨ ਦੌੜੇ ਭਾਵ ਕੋਲ ਹੀ ਰਹੇ ॥ ਗੁਰੂ ਜੀ ਆਖਦੇ ਹਨ ਇਕਰ ਸੰਤਾਂ ਸਜਣਾਂ ਨੂੰ ਮਿਲਕੇ ਨ ਮਰਨ ਵਾਲੀ ਪਦਵੀ ਨੂੰ ਪਾ ਲਈਏ ॥

**ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ । ਗਹਿ ਭੁਜਾ ਲੀਨੀ ਦਾਸਿ ਕੀਨੀ ਅੰਕੁਰਿ ਉਦੋਤੁ ਜਣਾਇਆ ॥ ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ ॥ ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥ ੩ ॥**

ਨ ਮਰਨ ਵਾਲੇ ਮਾਲਕ ਦੇ ਗੁਣਾਂ ਨੂੰ ਵੇਖਕੇ ਮੈਂ ਅਸਚਰਜ ਤੋਂ ਅਸਚਰਜ ਹੋਗਈ ਹਾਂ ॥ ਹਥ ਫੜਨ ਦੀ ਥਾਂ ਮਨ ਅਤੇ ਮੇਰੀ ਅਕਲਰੂਪ ਬਾਂਹ ਫੜ ਲਈ ਹੈ ਅਤੇ ਜਮ ਦੀ ਫਾਹੀ ਕੱਟ ਦਿਤੀ ਹੈ ॥ ਬਾਂਹ ਫੜ ਲਈ ਦਾਸੀ ਬਣਾ ਲਈ ਜਦੋਂ ਪੁੰਨ ਰੂਪ ਬੀਜ ਤੇ ਅੰਕੁਰਿ=ਅੰਗੂਰ=ਚੰਗੇ ਖਿਆਲ ਦਾ ਜੰਮਣਾਂ ਜਾ ਉਗਣਾਂ ਜਣਾਇਆ । ਮੋਹ ਆਦਿਕ ਮੈਲੇ ਵਿਕਾਰ ਸਾਰੇ ਨਾਸ ਹੋ ਗਏ ਅਜ ਦਾ ਦਿਨ ਨਿਰਮਲ ਭਾਵ ਖੁਸ਼ੀ ਵਾਲਾ ਆਇਆ ਹੈ ਜਦੋਂ ਮਾਲਕ ਨੇ ਮੇਰੇ ਉਤੇ ਕ੍ਰਿਪਾ ਦ੍ਰਿਸ਼ਟੀ ਧਾਰੀ ਤਦੋਂ ਵਡੀ ਖੋਟੀ ਅਕਲ ਨਾਸ ਹੋ ਗਈ ਤਾਂ ਮੈਂ ਉਸਦੇ ਮਨ ਵਿਚ ਪਿਆਰੀ ਲਗੀ ॥ ਗੁਰੂ ਜੀ ਆਖਦੇ ਹਨ ਹੁਣ ਮੈਂ ਨਿਰਮਲ ਹੋ ਗਈ ਹਾਂ ਕਿਉਂਕਿ ਨ ਮਰਨ ਵਾਲਾ ਮਾਲਕ ਮਿਲ ਪਿਆ ਹੈ ॥

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿਰਸੁ ਪੀਆ ॥ ੪ ॥ ੨**

ਜਿਕਰ ਜੰਮੀ ਹੋਈ ਬਰਫ ਉਤੇ ਸੂਰਜ ਦੀਆਂ ਕਿਰਣਾ ਆ ਮਿਲਦੀਆਂ ਹਨ ਭਾਵ

Digitized by Panjab Digital Library | www.panjabdigilib.org

ਆ ਲੱਗਦੀਆਂ ਹਨ ਤਾਂ ਓਹ ਜੇਹੜਾ ਪਾਣੀ ਜੰਮਿਆ ਹੋਇਆ ਸੀ ਸਾਰਾ ਪਾਣੀ ਹੀ ਪਾਣੀ ਹੋ ਜਾਂਦਾ ਹੈ ਭਾਵ ਪਹਿਲੇ ਵੀ ਪਾਣੀ ਸੀ ਫਿਰ ਵੀ ਪਾਣੀ ਹੋ ਗਿਆ ॥ ਇਕਰ ਹੀ ਜੀਵ ਰੂਪ ਬਰਫ ਦੇ ਟੁਕੜੇ ਨੂੰ ਗੁਰਾਂ ਦੇ ਬਚਨਾ ਰੂਪ ਕਿਰਣਾਂ ਦਾ ਆਕੇ ਲੱਗਣਾ ਹੋਇਆ ਤਾਂ ਜੋਤੀ ਰੂਪ ਮਾਲਕ ਵਿਚ ਜੀਵ ਦੀ ਜੋਤ ਮਿਲ ਗਈ ਅਤੇ ਸੰਪੂਰਨ=ਚੰਗੀ ਤਰਾਂ ਪੂਰਨ ਹੋ ਗਿਆ ਭਾਵ ਉਸਦੀ ਇਹ ਭਾਵਨਾ ਹੋ ਗਈ ॥ ਜੋ ਦਿਸਦਾ ਹੈ ਸੋ ਮਾਲਕ ਹੀ ਹੈ ਜੋ ਸੁਣੀਦਾ ਹੈ ਸੋ ਵੀ ਮਾਲਕ ਹੀ ਹੈ ਫਿਰ ਇਕ ਇਕ ਭਾਵ ਇਕ ਮਾਲਕ ਦਾ ਹੀ ਕਥਨ ਕਰੀਦਾ ਹੈ ॥ ਜੇਹੜਾ ਮਾਲਕ ਕਰਨ ਵਾਲਾ ਹੈ ਜਿਸਦਾ ਇਹ ਸਾਰਾ ਪਸਾਰਾ ਹੈ ਉਸ ਨੂੰ ਆਤਮ=ਆਪਣੇ ਆਪ ਬਿਨਾ ਹੋਰ ਨਹੀਂ ਜਾਣਦਾ ਹੈ ਭਾਵ ਮਾਲਕ ਨੂੰ ਆਪਣੇ ਨਾਲ ਮਿਲਿਆ ਹੋਇਆ ਜਾਣਦਾ ਹੈ ॥ ਓਹ ਗਿਆਨਵਾਨ ਇਕਰ ਜਾਣਦਾ ਹੈ ਕਿ ਓਹ ਮਾਲਕ ਆਪ ਹੀ ਕਰਤਾ ਹੈ ਅਤੇ ਆਪ ਹੀ ਭੋਗਣ ਵਾਲਾ ਹੈ ਅਤੇ ਆਪ ਹੀ ਉਸਨੇ ਕਾਰਣ ਰੂਪ ਹੋਕੇ ਇਹ ਜਗਤ ਦਾ ਕਾਰਜ ਕੀਤਾ ਹੈ ॥ ਗੁਰੂ ਜੀ ਆਖਦੇ ਹਨ ਪਰ ਇਸ ਗੱਲ ਨੂੰ ਓਹੋ ਹੀ ਜਾਣਦੇ ਹਨ ਜਿਨਾਂ ਨੇ ਮਾਲਕ ਦੇ ਨਾਮ ਅੰਮ੍ਰਤਰਸ ਨੂੰ ਪੀਤਾ ਹੈ ॥

## ਬਿਲਾਵਲੁ ਮਹਲਾ ੫ ਛੰਤ

847 ੧ ਓ ਸਤਿਗੁਰਪ੍ਰਸਾਦਿ ॥

**ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲ ਗਾਵਹ॥ ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥ ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥ ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥ ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥ ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥ ੧ ॥**

ਹੇ ਸਖੀ ਮਾਲਕ ਦੇ ਵੱਸ ਕਰਕੇ ਲਿਆਉਣ ਵਾਸਤੇ ਅਸੀ ਤੁਸੀ ਸਖੀਆਂ ਸਖੀਆਂ ਮਿਲਕੇ ਬੈਠੀਏ ਅਤੇ ਮਾਲਕ ਦਾ ਜਸ ਗਾਈਏ ॥ ਹੇ ਸਖੀ ਮਾਨ ਨੂੰ ਛੱਡੀਏ ਮਤ=ਭਲਾ ਜੇ ਆਪਣੇ ਮਾਲਕ ਨੂੰ ਭਾ ਜਾਈਏ ॥ ਦ੍ਵੈਤ ਭਾਵ, ਮਾਨ, ਮੋਹ

ਆਦਕ ਵਿਕਾਰਾਂ ਨੂੰ ਛੱਡਕੇ ਇਕ ਮਾਇਆ ਰਹਿਤ ਮਾਲਕ ਨੂੰ ਸੇਵੀਏ ॥ ਉਸ ਦਿਆਲ ਪ੍ਰੀਤਮ ਦੇ ਚਰਨਾਂ ਦੀ ਸ਼ਰਨ ਲੱਗ ਓਹ ਸ਼ਰਨ ਕਿਸਤਰਾਂ ਦੀ ਹੈ ਜੋ ਸਾਰਿਆਂ ਪਾਪਾਂ ਦੇ ਨਾਸ ਕਰਨ ਵਾਲੀ ਹੈ ॥ ਉਸਦੇ ਦਾਸਾਂ ਦੀ ਦਾਸੀ ਹੋ ਕੇ ਉਦਾਸੀ ਛੱਡ ਫਿਰ ਤੂੰ ਵਿਧੀ ਨਿਖੇਧੀ ਵਿਚ ਨਹੀਂ ਦੌੜੇਗੀ ॥ ਗੁਰੂ ਜੀ ਆਖਦੇ ਹਨ ਪ੍ਰਮੇਸਰ ਅਗੇ ਇਕਰ ਬੇਨਤੀ ਕਰੀਏ ਹੇ ਮਾਲਕਾ ਜਦੋਂ ਤੂੰ ਮੇਰੇ ਉਤੇ ਕਿਰਪਾ ਕਰੇਂਗਾ ਤਾਂ ਮੈਂ ਤੇਰਾ ਜਸ ਗਾਵਾਂਗਾ ॥

## ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ ॥ ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ ॥ ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ ॥ ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣੁ ਨ ਆਵਏ ॥ ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ ॥ ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ ॥ ੨॥

ਮੈਂ ਅੰਨੇ ਨੂੰ ਮਾਲਕ ਦਾ ਨਾਮ ਅੰਮ੍ਰਿਤ ਮੁਕਤ ਦਾਤਾ ਟੋਹਨੀ=ਸੋਟੀ ਵਰਗਾ ਆਸਰਾ ਹੈ॥ ਜੇਹੜੀ ਬਹੁਤ ਤਰਾਂ ਦੀ ਸੁੰਦਰ ਮੋਹਣੀ=ਮਾਇਆ ਹੈ ਸੋ ਓਹ ਮੈਨੂੰ ਵੇਖਦੀ ਹੈ ॥ ਓਹ ਮੋਹਣ ਵਾਲੀ ਮਾਇਆ ਜੇਹੜੀ ਬੜੀ ਚੰਚਲ ਅਤੇ ਬਚਿਤ੍ਰ=ਕਈ ਤਰਾਂ ਦੇ ਅਨੇਕਾਂ ਹਾਵਾਂ ਭਾਵਾਂ ਨੂੰ ਦਿਖਾਂਦੀ ਹੈ ਓਹ ਮਾਇਆ ਬੇਸ਼ਰਮ ਹੋਕੇ ਮਨ ਵਿਚ ਮਿੱਠੀ ਲੱਗਦੀ ਹੈ ਉਸਦੇ ਮੋਹ ਕਰਕੇ ਨਾਮ ਜਪਣਾ ਨਹੀਂ ਆਉਂਦਾ ਹੈ ॥ ਘਰਾਂ ਵਿਚ, ਬਣਾਂ ਵਿਚ; ਅਤੇ ਨਦੀਆਂ ਦੇ ਕਿਨਾਰੇ ਵਰਤ ਪੂਜਾ ਆਦਿਕ ਕਰਨ ਵਾਲਿਆਂ ਨੂੰ ਬਾਟ=ਰਸਤੇ ਵਿਚ ਅਤੇ ਘਾਟਾਂ ਵਿਚ ਇਹਨਾਂ ਸਾਰਿਆਂ ਥਾਵਾਂ ਵਿਚ ਸਾਰਿਆਂ ਜੀਆਂ ਨੂੰ ਵਿਘਨ ਕਰਨ ਵਾਸਤੇ ਜੋਹਨੀ=ਵੇਖਦੀ ਹੈ ॥ ਗੁਰੂ ਜੀ ਆਖਦੇ ਹਨ ਹੇ ਭਾਈ ਉਸ ਮਾਲਕ ਅਗੇ ਇਕਰ ਬੇਨਤੀ ਕਰੀਏ, ਕਿ ਹੇ ਮਾਲਕ ਸਾਡੇ ਉਤੇ ਕਿਰਪਾ ਕਰ ਇਸ ਮਾਇਆ ਤੋਂ ਬਚਾਲੈ ਮੈਂ ਅੰਨੇ ਨੂੰ ਤੇਰਾ ਨਾਮ ਹੀ ਸੋਟੀ ਹੈ ॥

## ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ ॥ ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ ॥ ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥ ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖ ਤਹੀ ॥ ਜੈ ਜੈ ਜਇਅੰਪੈ ਸਗਲ ਜਾਕਉ ਕਰੁਣਾਪਤਿ ਗਤਿ ਕਿਨਿ ਲਖਹੁ ॥ ਨਾਨਕ ਪਇਅੰਪੈ

Digitized by Panjab Digital Library | www.panjabdigilib.org

ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ ॥ ੩ ॥

ਹੇ ਮੇਰੇ ਮਾਲਕ ਮੈਨੂੰ ਗਰੀਬ ਨੂੰ ਜਿਸਤਰਾਂ ਜਾਣਦੇ ਹੋ ਓਸੇ ਹੀ ਤਰਾਂ ਰਖੋ। ਮੇਰੇ ਵਿਚ ਕੋਈ ਚਤਰਾਈ ਨਹੀਂ ਹੈ ਕਿਸ ਮੂੰਹ ਨਾਲ ਤੇਰਾ ਜਸ ਆਖਕੇ ਤੈਨੂੰ ਪ੍ਰਸੰਨ ਕਰਾਂ ॥ ਮੈਂ ਬਾਣੀ ਕਰਕੇ ਚਤਰ ਨਹੀਂ ਹਾਂ ਅਤੇ ਮੇਰੇ ਸਰੀਰ ਦੀ ਘਾੜਤ ਵੀ ਚੰਗੀ ਨਹੀਂ ਹੈ ਭਾਵ ਸਰੀਰ ਕਰਕੇ ਕੋਈ ਚੰਗਾ ਕੰਮ ਨਹੀ ਕੀਤਾ ਹੈ ਅਤੇ ਚੰਗਿਆਂ ਗੁਣਾਂ ਦੇ ਧਾਰਨ ਰੂਪ ਚੰਗੀ ਸੁਜਾਨ=ਗਿਆਤ ਸਮਝ ਵੀ ਨਹੀਂ ਹੈ ਅਤੇ ਬੇਤੀ=ਵਿਦਯਾ ਦੇ ਜਾਨਣ ਵਾਲੀ ਵੀ ਨਹੀਂ ਹਾਂ ਇਕਰ ਦੀ ਮੈਂ ਨਿਰਗੁਣਆਰੀ ਵਿਚ ਕੋਈ ਵੀ ਗੁਣ ਨਹੀ ਹੈ ॥

ਨ ਮੇਰਾ ਸੁੰਦਰ ਰੂਪ ਹੈ ਨ ਮੈਂ ਧੂਪ ਹੀ ਧੁਖਾਇਆ ਹੈ ਭਾਵ ਮਨ ਤਨ ਦੀ ਸਫਾਈ ਨਹੀਂ ਅਤੇ ਜਸ ਵੀ ਨਹੀਂ ਕੀਤਾ ਹੈ ਅਤ ਨੇਤ੍ਰ ਵੀ ਸੁੰਦਰ ਨਹੀਂ ਹਨ ਭਾਵ ਵੈਰਾਗ ਬਿਬੇਕ ਨਹੀਂ ਹੈ ਇਸ ਲਈ ਹੇ ਮਾਲਕਾ ਜਿਸਤਰਾਂ ਤੈਨੂੰ ਭਾਂਦਾ ਹੈ ਓਸੇ ਤਰਾਂ ਤੂੰ ਮੈਨੂੰ ਰੱਖ ਭਾਵ ਸਹੈਤਾ ਕਰ ॥ ਹੇ ਮਾਲਕਾ ਤੈਨੂੰ ਤਿੰਨਾਂ ਲੋਕਾਂ ਵਿਚ ਸਾਰੇ ਜੈ ਜੈ ਕਰਕੇ ਅੰਪਹਿ=ਉਚਰਦੇ ਹਨ ਹੇ ਮਾਲਕ ਹੁਣ ਕਿਰਪਾ ਕਰਕੇ ਮੇਰੀ ਗਤੀ ਕਿਉਂ ਨਹੀਂ ਲਖਦੇ ਹੋ ਭਾਵ ਮੇਰੀ ਮੁਕਤੀ ਕਰੋ। ਗੁਰੂ ਜੀ ਆਖਦੇ ਹਨ ਹੇ ਸੇਵਾ ਯੋਗ ਮਾਲਕ ਮੈਂ ਤੇਰਾ ਸੇਵਕ ਹਾਂ ਇਸ ਲਈ ਜਿਸਤਰਾਂ ਜਾਣਦੇ ਹੋ ਓਸੇਤਰਾਂ ਮੈਨੂੰ ਰੱਖੋ ॥

ਮੋਹਿ ਮਛੁਲੀ ਤੁਮ ਨੀਰ ਤੁਝ ਬਿਨ ਕਿਉ ਸਰੈ ॥ ਮੋਹਿ ਚਾਤ੍ਰਿਕੁ ਤੁਮ ਬੂੰਦ ਤ੍ਰਿਪਤਉ ਮੁਖਿ ਪਰੈ ॥ ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ ॥ ਲਾਡਿਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ ॥ ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ ॥ ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰ ਨ ਵੀਸਰੈ ॥ ੪ ॥

ਹੇ ਮਾਲਕਾ ਮੈਂ ਮੱਛੀ ਹਾਂ ਤੂੰ ਪਾਣੀ ਹੈਂ ਮੈਨੂੰ ਜਾਂ ਮੇਰਾ ਤੇਰੇ ਬਿਨਾਂ ਕਿਸਤਰਾਂ ਜੀਉਣਾ ਬਨ ਆਉਂਦਾ ਹੈ ਭਾਵ ਤੈਥੋਂ ਬਿਨਾ ਰਿਹਾ ਨਹੀਂ ਜਾਂਦਾ ਹੈ ॥ ਸਰੈ=ਬਣੇ ਮੈਂ ਪਪੀਹਾ ਹਾਂ ਤੇਰਾ ਨਾਮ ਸ਼ਾਂਤੀ ਬੂੰਦ ਹੈ ਜਦੋਂ ਮੂੰਹ ਵਿਚ ਪੈਂਦੀ ਹੈ ਤਾਂ ਮੈਂ ਰੱਜਦਾ ਹਾਂ ॥ ਜਦੋਂ ਮੇਰੇ ਮੂੰਹ ਵਿਚ ਤੇਰੇ ਨਾਮ ਦੀ ਬੂੰਦ ਪੈਂਦੀ ਹੈ ਓਸੇ ਵੇਲੇ ਮੇਰੀ ਤ੍ਰੇਹ ਦੂਰ ਹੋ ਜਾਂਦੀ ਹੈ ਕਿਉਂਕਿ ਤੂੰ ਹੀ ਮੇਰਾ ਮਾਲਕ ਸਾਰਿਆਂ ਜੀਆਂ ਦੇ ਦਿਲ ਵਿਚ ਪ੍ਰਾਣਾਂ ਵਰਗਾ ਹੈਂ ॥ ਤੇਰੇ ਜੋਹੜੇ ਲਾਡਲੇ ਭਗਤ ਹਨ ਓਨਾਂ ਨੂੰ

Digitized by Panjab Digital Library | www.panjabdigilib.org

ਤੂੰ ਸਾਰਿਆਂ ਜੀਆਂ ਵਿਚੋ ਲਾਡ ਲਡਾਂਦਾ ਹੈ ਭਾਵ ਬਹੁਤ ਪਿਆਰ ਕਰਦਾ ਹੈਂ ਅਸੀਂ ਜੇਹੜੇ ਤੇਰੇ ਲਾਡਲੇ ਦਾਸ ਹਾਂ ਸਾਨੂੰ ਤੂੰ ਸਾਰੇ ਲਾਡ ਲਡਾਂਦਾ ਹੈਂ ਇਸ ਲਈ ਹੁਣ ਤੂੰ ਸਾਨੂੰ ਮਿਲ ਜਿਸ ਕਰਕੇ ਸਾਡੀ ਗਤੀ ਭਾਵ ਮੁਕਤੀ ਹੋ ਜਾਵੇ। ਅਗਿਆਨ ਰੂਪ ਹਨੇਰੇ ਦੇ ਦੂਰ ਹੋ ਜਾਣ ਵਾਸਤੇ ਮੈਂ ਤੈਨੂੰ ਚਿਤ ਵਿਚ ਸਦਾ ਯਾਦ ਕਰਦੀ ਹਾਂ ਕਿਸਤਰਾਂ ਜਿਸਤਰਾਂ ਚਕਵੀ ਨੂ ਦਿਨ ਚੜਨ ਦੀ ਆਸ ਹੁੰਦੀ ਹੈ ਕਿਉਂ ਕਿ ਓਹ ਦਿਨ ਚੜੇ ਪਤੀ ਨਾਲ ਮਿਲਦੀ ਹੈ ॥ ਗੁਰੂ ਜੀ ਆਖਦੇ ਹਨ ਹੇ ਮਾਲਕਾ ਤੂੰ ਸਾਨੂੰ ਆਪਣੇ ਨਾਲ ਮੇਲ ਲਿਆ ਹੈ ਜਿਸਤਰਾਂ ਮੱਛੀ ਨੂੰ ਪਾਣੀ ਨਹੀ ਭੁਲਦਾ ਹੈ ਓਸੇਤਰਾਂ ਹੁਣ ਤੂੰ ਮੈਨੂੰ ਭੁਲਦਾ ਨਹੀਂ ਹੈਂ ॥

**ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥ ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥ ਹਰ ਹਰਾ ਸੁਆਮੀ ਸੁਖਹਗਾਮੀ ਅਨਦ ਮੰਗਲ ਰਸੁ ਘਣਾ ॥ ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥ ਮੇਰੀ ਸੇਜ ਸੋਹੀ ਦੇਖ ਮੋਹੀ ਸਗਲ ਸਹਸਾ ਦੁਖੁ ਹਰਾ ॥ ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥ ੫ ॥ ੩ ॥**

ਹੁਣ ਸਾਡੇ ਭਾਗ ਧੰਨ ਹਨ ਕਿਉਂਕਿ ਮੇਰੇ ਦਿਲ ਘਰ ਵਿਚ ਮੇਰਾ ਮਾਲਕ ਆਇਆ ਹੈ ॥ ਸਾਰੇ ਬੂਹੇ ਸੁੰਦਰ ਸੋਹਣੇ ਲਗੇ ਹਨ ਅਤੇ ਸਾਰਾ ਬਣ ਵੀ ਹਰਿਆ ਹੋਇਆ ਹੈ ਭਾਵ ਸਰੀਰ ਤੇ ਇੰਦ੍ਰੇ ਸੁਖੀ ਹੋਏ ਹਨ ॥ ਮਾਲਕ ਨੇ ਮੈਨੂੰ ਹਰਿਆ ਕੀਤਾ ਹੈ ਏਸੇ ਲਈ ਅਸੀਂ ਸੁਖਾਂ ਵਿਚ ਗੌਣ ਕਰਨ ਵਾਲੇ ਹਾਂ ਭਾਵ ਸੁਖਾਂ ਵਾਲੇ ਹਾਂ ਅਤੇ ਅਨੰਦ ਉਤਸ਼ਾਹ ਪ੍ਰੇਮ ਬਹੁਤ ਹੀ ਹੋਇਆ ਹੈ ॥

ਨਵਲ=ਨਵਾਂ ਜਾਂ ਸੁੰਦਰ। ਨਵਤਨ=ਨਵਾਂ ਸਰੀਰ ਜਾਂ ਨਵਾਂ। ਬਾਲਾ=ਵਡਾ।
ਭਣਾ=ਆਖਾਂ ॥

ਮੇਰਾ ਮਾਲਕ ਨਵਾਂ ਸੁੰਦਰ ਜਵਾਨ ਵਡਾ ਹੈ ਉਸਦੇ ਮੈ ਜਬਾਨ ਨਾਲ ਕੀ ਗੁਣ ਆਖਾਂ ਭਾਵ ਬਿਅੰਤ ਗੁਣ ਹਨ ॥ ਮਾਲਕ ਦੇ ਮਿਲਾਪ ਨਾਲ ਮੇਰੀ ਅੰਤਸ਼ਕਰਣ ਸੇਜ ਸੋਹਣੀ ਹੋ ਗਈ ਹੈ ਅਤੇ ਉਸਨੂੰ ਵੇਖਕੇ ਮੇਰੀ ਅਕਲ ਮੋਹੀ ਗਈ ਹੈ ਕਿਉਂਕਿ ਮਾਲਕ ਨੇ ਸਾਰਿਆਂ ਸੰਸਿਆਂ ਤੇ ਦੁਖਾਂ ਨੂੰ ਦੂਰ ਕਰ ਦਿਤਾਹੈ॥ ਗੁਰੂ ਜੀ ਆਖਦੇ ਹਨ ਹੁਣ ਮੇਰੀ ਸਾਰੀ ਆਸਾ ਪੂਰੀ ਹੋ ਗਈ ਹੈ ਕਿਉਂਕਿ ਸੰਸਾਰ ਤੋਂ ਪਰੇ ਰਹਿਣ ਵਾਲਾ ਮਾਲਕ ਮਿਲ ਪਿਆ ਹੈ ॥

Digitized by Panjab Digital Library | www.panjabdigilib.org

# ਬਿਲਾਵਲੁ ਮਹਲਾ ੫ ਛੰਤ ਮੰਗਲ

ੴ ਸਤਿਗੁਰਪ੍ਰਸਾਦਿ॥ ਸਲੋਕੁ

ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥

ਦਿਆਲੂ ਮਾਲਕ ਸੁੰਦਰ ਸ਼ਾਂਤੀ ਵਾਲਾ ਹੈ ਸਾਰਿਆਂ ਸੁਖਾਂ ਦੀ ਨਿਧੀ ਤੇ ਸਾਡਾ ਮਾਲਕ ਹੈ ॥ ਗੁਰੂ ਜੀ,ਸੁਖਾਂ ਦੇ ਸਮੁੰਦਰ ਨੂੰ ਮਿਲ ਕੇ ਇਹ ਜੀਅ ਸੁਖੀ ਹੁੰਦਾ ਹੈ ॥

॥ ਛੰਤ ॥

ਸੁਖਸਾਗਰੁ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ॥ ਮਾਨਨਿ ਮਾਨੁ ਵਞਾਈਐ ਹਰਿਚਰਣੀ ਲਾਗੋ ਰਾਮ ॥ ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥ ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੋਹਾਗੋ ਰਾਮ ॥ ੧ ॥

ਸੁਖਾਂ ਦੇ ਸਮੁੰਦਰ ਮਾਲਕ ਨੂੰ ਤਦੋਂ ਪਾਈਦਾ ਹੈ ਜਦੋਂ ਵਡਿਆਂ ਭਾਗਾਂ ਦਾ ਅਕਠ ਆ ਹੋਵੇ ਭਾਵ ਪੂਰਨ ਭਾਗ ਹੋਣ ॥ ਰਾਮ=ਹੇ ਭਰਾ ਇੱਕਰ ਸਾਰਿਆਂ ਰਾਮ ਸ਼ਬਦਾਂ ਦਾ ਅਰਥ ਹੈ ॥ ਹੇ ਮਾਨ ਵਾਲੀਏ ਸਖੀਏ ਮਾਨ ਨੂੰ ਦੂਰ ਕਰ ਦੇਈਏ ਅਤੇ ਮਾਲਕ ਦੀ ਚਰਨੀ ਲੱਗੀਏ ॥ ਸਿਆਣਪ ਚਤਰਾਈ ਨੂੰ ਛਡਕੇ ਅਕਲ ਤੇ ਖੋਟੀ ਸਿਖਿਆ ਨੂੰ ਵੀ ਛਡੋ ॥
ਹੇ ਸਿਖ ਇਸਤ੍ਰੀ ਰਾਮ ਰਾਇ ਮਾਲਕ ਦੀ ਸ਼ਰਨ ਪਓ ਤੇਰਾ ਸੁਹਾਗ ਥਿਰ ਹੋਵੇਗਾ ਭਾਵ ਤੇਰਾ ਪਤੀ ਤੋਂ ਵਿਛੋੜਾ ਨਹੀਂ ਹੋਵੇਗਾ ਤੇਰਾ ਪਤੀ ਸਦਾ ਜੀਉਂਦਾ ਰਹੇਗਾ ਭਾਵ ਤੈਨੂੰ ਸਦਾ ਦਾ ਅਨੰਦ ਹੋਵੇਗਾ॥

ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ॥ ਲਾਜ ਨ ਆਵੈ ਅਗਿਆਨਮਤੀ ਦੁਰਜਨ ਬਿਰਮਾਈਐ ਰਾਮ॥ ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ ॥ ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ॥

Digitized by Panjab Digital Library | www.panjabdigilib.org

ਜਿਸ ਮਾਲਕ ਤੋਂ ਬਿਨਾ ਮਰ ਜਾਈਦਾ ਹੈ ਸੋ ਉਸ ਮਾਲਕ ਨੂੰ ਛੱਡਕੇ ਕਿਥੇ ਜਾਈਏ ਅਤੇ ਕਿਸ ਦੇ ਲੜ ਲੱਗੀਏ ਭਾਵ ਮਾਲਕ ਤੋਂ ਬਿਨਾ ਕੋਈ ਥਾਂ ਨਹੀਂ ਹੈ ॥

ਉਸ ਮਾਲਕ ਵਲੋਂ ਤੈਨੂੰ ਕਾਮ ਆਦਕ ਖੋਟਿਆਂ ਆਦਮੀਆਂ ਨੇ ਬਿਰਮਾਈਐ=ਅਟਕਾ ਲਿਆ ਹੈ ਇਸ ਲਈ ਹੇ ਬਿਸਮਝ ਅਕਲ ਵਾਲੀਏ ਤੈਨੂੰ ਸ਼ਰਮ ਨਹੀਂ ਆਉਂਦੀ ਹੈ ॥ ਪਾਪੀਆਂ ਦੇ ਪਵਿਤ੍ਰ ਕਰਨ ਵਾਲੇ ਮਾਲਕ ਨੂੰ ਛਡਕੇ ਦਸ ਖਾਂ ਕਿਥੇ ਟਿਕਾਣਾ ਪਾਵੇਂਗੀ ਭਾਵ ਕੋਈ ਥਾਂ ਨਹੀਂ ਹੈ ॥ ਗੁਰੂ ਜੀ, ਉਸ ਮਾਲਕ ਦੀ ਪ੍ਰੇਮਾ ਭਗਤੀ ਕਰਨ ਨਾਲ ਜੀਵਨ ਪਦ=ਮੁਕਤੀ ਨੂੰ ਪਾਈਦਾ ਹੈ ॥

## ਸੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥ ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥ ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ ॥ ੩॥

ਹੇ ਰਸਨਾ ਸੜ ਗਈਏ ਤੂੰ ਮਾਲਕ ਦੇ ਨਾਮ ਨੂੰ ਨਹੀਂ ਉਚਾਰਨ ਕਰਦੀ ਹੈਂ ਇਸ ਲਈ ਦੁਹਿਚਾਰਨ=ਖੋਟਿਆਂ ਕਰਮਾਂ ਵਾਲੀ ਹੈਂ ਭਾਵ ਪਰਾਈ ਨਿੰਦਿਆ ਕਰਦੀ ਹੈਂ ॥ ਜੇਹੜਾ ਮਾਲਕ ਭਗਤਾਂ ਦਾ ਪਿਆਰਾ ਹੈ ਤੂੰ ਉਸਦੀ ਸੇਵਾ ਨਹੀਂ ਕਰਦੀ ਹੈਂ ਹੇ ਮੇਰੀ ਦੇਹੀ ਤੈਨੂੰ ਕਾਂਵਾਂ ਨੇ ਖਾਣਾ ਹੈ ਭਾਵ ਕਾਮ ਆਦਕ ਵਿਸ਼ੇ ਦੁਖ ਦੇਣਗੇ ॥ ਗ੍ਰਸਨਾ=ਫੜਨਾ, ਖਾਣਾ ॥ ਹੇ ਅਕਲ ਤੂੰ ਭਰਮ ਕਰਕੇ ਮੋਹੀ ਹੋਈ ਦੁੱਖਾਂ ਨੂੰ ਨਹੀਂ ਜਾਣਦੀ ਹੈਂ ਉਸ ਮਾਲਕ ਤੋਂ ਬਿਨਾ ਤੇਰਾ ਕ੍ਰੋੜਾਂ ਜੂਨੀਆਂ ਵਿਚ ਵੱਸਣਾ ਹੋਵੇਗਾ ॥ ਗੁਰੂ ਜੀ, ਜੇਹੜਾ ਮਾਲਕ ਦੇ ਨਾਮ ਤੋਂ ਬਿਨਾ ਹੋਰ ਕਿਸੇ ਪਦਾਰਥ ਨੂੰ ਚਾਹੁਣਾ ਹੈ ਓਹ ਝੂਠਾ ਹੈ ਜਿਸ ਸਰੀਰ ਦੇ ਵਾਸਤੇ ਚਾਹੁੰਦਾ ਹੈ ਉਸ ਸਰੀਰ ਵਿਚੋਂ ਜਦੋਂ ਪ੍ਰਾਣ ਨਿਕਲ ਜਾਂਦੇ ਹਨ ਤਾਂ ਸਰੀਰ ਦੀ ਤਿੰਨ ਤਰਾਂ ਦੀ ਗਤੀ ਹੁੰਦੀ ਹੈ ਜੇ ਕਾਂ ਕੁੱਤੇ ਗਿੱਦੜ ਆਦਕ ਖਾ ਜਾਣ ਤਾਂ ਵਿਸ਼ਟਾ ਹੋ ਜਾਂਦਾ ਹੈ ਜੇ ਪਿਆ ਰਹੇ ਤੇ ਤਾਂ ਕੀੜੇ ਪੈ ਜਾਂਦੇ ਹਨ ਤੇ ਸਾੜਨ ਨਾਲ ਸੁਆਹ ਹੋ ਜਾਂਦਾ ਹੈ ਭਾਵ ਮਾਲਕ ਦੇ ਨਾਮ ਤੋਂ ਬਿਨਾ ਇਸ ਸਰੀਰ ਦਾ ਬੁਰਾ ਹਾਲ ਹੈ ॥

## ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥ ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ ॥ ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ ॥ ਨਾਨਕ

Digitized by Panjab Digital Library | www.panjabdigilib.org

ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ ॥ ॥੪॥ ੧ ॥ ੪ ॥

ਹੇ ਸਖੀ ਮਾਲਕ ਦੇ ਨਾਲ ਪ੍ਰੇਮ ਲਾਕੇ ਝੂਠਿਆਂ ਪਦਾਰਥਾਂ ਤੋਂ ਬੈਰਾਗਨ ਹੋਕੇ ਭਾਵ ਉਦਾਸ, ਉਸ ਮਾਲਕ ਦੇ ਨਾਲ ਮਿਲ ॥ ਸਰੀਰ ਨਾਲ ਚੰਦਨ ਦਾ ਲੌਣਾ, ਚੀਰ-ਕਪੜਿਆਂ ਨੂੰ ਅਤਰ ਆਦਿਕ ਵਾਸ਼ਨਾ ਲੌਣੀਆਂ ਇਕਰ ਦਿਆਂ ਅਨੇਕਾਂ ਵਿਸ਼ਿਆਂ ਦੇ ਰਸਾਂ ਨੂੰ ਹੰਗਤਾ ਦੇ ਨਾਲ ਹੀ ਛਡ ਦੇਹ ॥ ਭਾਵ ਸਾਰਿਆਂ ਨੂੰ ਛਡ ਦੇਹ ॥ ਮਾਲਕ ਦੇ ਨਾਮ ਜਪਣ ਦੀ ਸੇਵਾ ਵਿਚ ਜਾਗਣਾ ਕਰੋ ਅਤੇ ਐਧਰ ਓਧਰ ਨਹੀਂ ਡੋਲ੍ਹਣਾ ਚਾਹੀਦਾ ਹੈ ਭਾਵ ਬੁਰੇ ਖਿਆਲ ਛਡ ਦਿਓ ॥ ਗੁਰੂ ਜੀ, ਜਿਨਾਂ ਨੇ ਅਪਣਾ ਮਾਲਕ ਪਾਇਆ ਹੈ ਓਹ ਸੰਤ ਸਖੀਆਂ ਅਹਿਲ ਸੁਹਾਗ ਵਾਲੀਆਂ ਹਨ ॥

## ਬਿਲਾਵਲੁ ਮਹਲਾ ੫

ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ ॥ ਗੁਨਗੋਵਿੰਦ ਸਦ ਗਾਈਅਹਿ ਪਾਰਬ੍ਰਹਮਕੈ ਰੰਗੇ ਰਾਮ ॥ ਸੋ ਪ੍ਰਭੁ ਸਦਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ ॥ ਨਾਨਕ ਪ੍ਰਭ ਸਰਣਾਗਤੀ ਜਪਿ ਅਨਤ ਤਰੰਗੇ ਰਾਮ॥ ੧ ॥

ਹੇ ਵਡਭਾਗੀਓ ਮਾਲਕ ਨੂੰ ਸੰਤਾਂ ਨਾਲ ਮਿਲਕੇ ਲਭੋ ॥ ਉਸ ਮਾਲਕ ਦੇ ਪ੍ਰੇਮ ਵਿਚ ਹੋਕੇ ਮਾਲਕ ਦੇ ਗੁਣਾਂ ਨੂੰ ਸਦਾ ਗਾਈਏ ॥ ਉਸ ਮਾਲਕ ਨੂੰ ਸਦਾ ਹੀ ਸੇਵੀਏ ਜਿਸ ਮਾਲਕ ਤੋਂ ਮੂੰਹ ਮੰਗੇ ਫਲ ਪਈਦੇ ਹਨ ॥ ਗੁਰੂ ਜੀ, ਉਸ ਮਾਲਕ ਦੀ ਸ਼ਰਨ ਆਓ ਅਨੇਕਾਂ ਖਿਆਲਾਂ ਤਰੰਗਾਂ ਨੂੰ ਦੂਰ ਕਰਕੇ ਉਸ ਮਾਲਕ ਨੂੰ ਜਪੋ ॥ ਤਰੰਗ=ਲਹਿਰ ਬੁਰਿਆਂ ਖਿਆਲਾਂ ਦਾ ਉਛਾਲਾ ਦੂਰ ਕਰੋ । ਇਸ ਦੂਰ ਕਰੋ ਪਦ ਨੂੰ ਉਤੋਂ ਅਰਥ ਲਈ ਆਂਦਾ ਹੈ ॥

ਇਕੁ ਤਿਲੁ ਪ੍ਰਭੂ ਨ ਵੀਸਰੈ ਜਿਨਿ ਸਭੁਕਿਛੁ ਦੀਨਾ ਰਾਮ ॥ ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨਾ ਰਾਮ ॥ ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪਨਾ ਲੀਨਾ ਰਾਮ ॥ ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ॥ ੨ ॥

Digitized by Panjab Digital Library | www.panjabdigilib.org

ਜਿਸ ਮਾਲਕ ਨੇ ਸਭ ਕੁਛ ਦਿਤਾ ਹੈ ਓਹ ਮਾਲਕ ਇਕ ਤਿਲ ਭਾਵ ਥੋੜਾ ਜੇਹਾ ਚਿਰ ਵੀ ਨ ਭੁਲੇ ॥ ਜਦੋਂ ਵਡਿਆਂ ਭਾਗਾਂ ਕਰਕੇ ਗੁਰੂ ਦਾ ਮਿਲਾਪ ਹੋਇਆ ਤਾਂ ਗੁਰੂ ਦੀ ਕਿਰਪਾ ਨਾਲ-ਮਾਲਕ ਨੂੰ ਆਪਣਾ ਪਤੀ ਜਾਣਿਆਂ ॥ ਮਾਲਕ ਨੇ ਅਗਿਆਨ ਹਨੇਰੇ ਵਿਚੋਂ ਬੁਧੀ ਬਾਹ ਫੜਕੇ ਕਢ ਲਿਆ ਹੈ ਅਤੇ ਆਪਣਾ ਦਾਸ ਕਰ ਲਿਆ ਹੈ ॥ ਗੁਰੂ ਜੀ, ਹੁਣ ਅਸੀਂ ਉਸਦਾ ਨਾਮ ਜਪਕੇ ਜੀਉਂਦੇ ਹਾਂ ਜਿਸ ਤਰਾਂ ਸਾਡਾ ਮਨ ਤੇ ਸੀਨਾ=ਦਿਲ ਸੀਤਲ ਹੋਇਆ ਹੈ ॥

**ਕਿਆ ਗੁਣ ਤੇਰੇ ਕਹਿ ਸਕਉ ਪ੍ਰਭ ਅੰਤਰਜਾਮੀ ਰਾਮ ॥ ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ ॥ ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ ॥ ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ ॥੩॥**

ਹੇ ਅੰਤਰਜਾਮੀ ਮਾਲਕ ਮੈ ਤੇਰਿਆਂ ਗੁਣਾਂ ਨੂੰ ਕੀ ਆਖ ਸੱਕਦਾ ਹਾਂ ਭਾਵ ਕੁਛ ਨਹੀਂ ਆਖ ਸੱਕਦਾ ਹਾਂ ਗੁਣ ਬਿਅੰਤ ਹਨ ॥ ਮਾਲਕ ਨੂੰ ਚੇਤੇ ਕਰਕੇ ਅਸੀਂ ਸੰਸਾਰ ਪਿੰਡ ਜਾਂ ਸੰਸਾਰ ਸਮੁੰਦ੍ਰ ਤੋਂ ਪਾਰ ਹੋ ਗਏ ਹਾਂ ॥ ਮਾਲਕ ਦੇ ਗੁਣ ਗੌਣ ਨਾਲ ਸਾਰੀਆਂ ਲੋੜਾਂ ਪੂਰੀਆਂ ਹੋ ਗਈਆਂ ਹਨ ॥ ਗੁਰੂ ਜੀ,ਜੇਹੜਾ ਸਾਰਿਆਂ ਦਾ ਮਾਲਕ ਹੈ ਅਸੀ ਉਸਨੂੰ ਜਪਕੇ ਤਰ ਗਏ ਹਾਂ ॥

**ਰਸਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ ॥ ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ ॥ ਅੰਮ੍ਰਿਤਰਸੁ ਹਰਿ ਪਾਇਆ ਬਿਖਿਆਰਸ ਫੀਕੇ ਰਾਮ ॥ ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ ॥ ੪ ॥ ੨ ॥ ੫ ॥ ੯ ॥**

ਜੇਹੜੇ ਆਪਣੇ ਮਾਲਕ ਦੇ ਪ੍ਰੇਮ ਵਿਚ ਭਿਜੇ ਹੋਏ ਹਨ ਓਹ ਨੇਤ੍ਰ ਚੰਗੇ ਭਾਵ ਸਫਲ ਹਨ ॥ ਮਾਲਕ ਨੂੰ ਵੇਖਦਿਆਂ ਹੀ ਸਾਡੀਆਂ ਸਾਰੀਆਂ ਇਛਿਆ ਪੂਰੀਆਂ ਹੋ ਗਈਆਂ ਹਨ ਅਤੇ ਜੇਹੜੇ ਸਾਡੇ ਜੀਆਂ ਦੇ ਸੱਜਣ ਹਨ ਓਨਾਂ ਨੂੰ ਅਸੀ ਮਿਲ ਪਏ ਹਾਂ ॥ ਅਸਾਂ ਮਾਲਕ ਦਾ ਨਾਮ ਅੰਮ੍ਰਤਰਸ ਪਾਇਆ ਹੈ ਏਸੇ ਲਈ ਹੋਰ ਵਿਸ਼ਿਆਂ ਦੇ ਸਾਰੇ ਰਸ ਫਿਕੇ ਲਗੇ ਹਨ ॥ ਗੁਰੂ ਜੀ ਆਖਦੇ ਹਨ ਜਿਕਰ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ ਇਕਰ ਹੀ ਜਦੋਂ ਮਾਲਕ ਦੀ ਜੋਤ ਨਾਲ ਜੋਤ ਮਿਲੀ ਤੇ ਤਾਂ ਮੀਕੇ=ਇਕ ਰੂਪ ਹੋ ਗਏ ਭਾਵ ਮਿਲ ਗਏ ॥

Digitized by Panjab Digital Library | www.panjabdigilib.org

# ਬਿਲਾਵਲੁ ਕੀ ਵਾਰ ਮਹਲਾ ੪

## ਸਲੋਕਾਂ ਨਾਲਿ

ੴ ਸਤਿਗੁਰਪ੍ਰਸਾਦਿ ॥

### ਸਲੋਕ ਮਃ ੪ ॥

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥ ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥ ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥ ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥ ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥ ੧ ॥

ਨਾਦ = ਸ਼ਬਦ ਵਾ ਵਾਜਾ । ਬਿਲਾਵਲ = ਰਾਗ ਵਾ ਅਨੰਦ ।
ਰੈਣਿ=ਰਾਤ ਰਾਗ=ਪ੍ਰੇਮ ।

ਮੈਂ ਬਿਲਾਵਲ ਰਾਗ ਦਾ ਨਾਦ ਕਰਕੇ ਭਾਵ ਬਿਲਾਵਲ ਰਾਗ ਵਿਚ ਵਾਜੇ ਨਾਲ ਉੱਤਮ ਵਾਹਿਗੁਰੂ ਦਾ ਜਸ ਗਾਇਣਾਂ ਕੀਤਾ ਹੈ ਵਾ ਪ੍ਰੇਮ ਅਨੰਦ ਨਾਲ ਵਾਹਿਗੁਰੂ ਦਾ ਜਸ ਗੁਰੂ ਸ਼ਬਦ ਕਰਕੇ ਗਾਇਆ ਹੈ। ਜਿਨਾਂ ਦੇ ਮੱਥੇ ਤੇ ਧੁਰੋਂ ਹੀ ਪੂਰਾ ਭਾਗ ਸੀ ਓਨਾਂ ਨੇ ਗੁਰਾਂ ਦਾ ਉਪਦੇਸ਼ ਸੁਣਕੇ ਮੰਨਿਆਂ ਹੈ । ਜਿੰਨਾਂ ਦੇ ਰਿਦੇ ਵਿਚ ਵਾਹਿਗੁਰੂ ਦੀ ਲਿਵ ਲੱਗੀ ਹੋਈ ਹੈ ਓਹ ਦਿਨ ਰਾਤ ਸਭ ਸਮੇ ਵਿਚ ਵਾਹਗੁਰੂ ਦੇ ਗੁਣ ਉਚਾਰਦੇ ਹਨ । ਓਨਾ ਸਭਨਾਂ ਦਾ ਤਨ ਮਨ ਇਸਤਰਾਂ ਹਰਿਆ ਹੋਇਆ ਹੈ। ਜਿਸਤਰਾਂ ਮਾਨੋ ਹਰਿਆ ਬਾਗ ਖਿੜਿਆ ਹੁੰਦਾ ਹੈ।
ਓਨਾਂ ਦਾ ਅਗਜਾਨ ਹਨੇਰਾ ਮਿਟ ਗਇਆ ਗੁਰਾਂ ਨੇ ਗਿਆਨ ਦੀਵੇ ਦਾ ਚਾਨਣ ਕੀਤਾ। ਗੁਰੂ ਜੀ ਆਖਦੇ ਹਨ ਦਾਸ ਵਾਹਿਗੁਰੂ ਨੂੰ ਦੇਖਕੇ ਜੀਉਂਦੇ ਹਨ ਇਕ ਨਿਮਖ ਘੜੀ ਵੀ ਨਹੀ ਵਿਛੜਦੇ ਮੁਖ ਦਾ ਦਰਸ਼ਨ ਕਰਨ ਲਗੇ ਰਹਿੰਦੇ ਹਨ ਵਾ

Digitized by Panjab Digital Library | www.panjabdigilib.org

ਸਾਸ ੨ ਮੂੰਹੋਂ ਭਜਨ ਕਰਨ ਲੱਗੇ ਰਹਿੰਦੇ ਹਨ।

## ਮਃ ੩

ਬਿਲਾਵਲੁ ਤਬਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥ ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥ ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥ ੨ ॥

ਨਾਦ = ਅਵਾਜ਼। ਅਲਾਪ, ਵਾਜਾ।

ਜਦੋਂ ਮੁਖ ਵਿਚ ਵਾਹਿਗੁਰੂ ਦਾ ਨਾਮ ਹੋਵੇ ਤਦੋਂ ਹੀ ਬਿਲਾਵਲ ਰਾਗ ਨੂੰ ਉਚਾਰਨਾਂ ਕਰੀਏ। ਜੇ ਸਹਿਜੇ ਹੀ ਵਾਹਿਗੁਰੂ ਵਿਚ ਧਿਆਨ ਲਗ ਜਾਵੇ ਤਾ ਰਾਗ ਵਿਚ ਵਾਜਿਆਂ ਨਾਲ ਸ਼ਬਦ ਅਲਾਪੇ ਸੋਹਣੇ ਲਗਦੇ ਹਨ। ਰਾਗਾਂ ਦੀ ਪ੍ਰੀਤੀ ਵਾਜਿਆਂ ਦਾ ਵਜ ਉਨਾ ਛੱਡਕੇ ਵਾਹਿਗੁਰੂ ਨੂੰ ਸੇਵੀਏ ਤਾਂ ਦਰਗਾਹ ਵਿਚ ਮਾਨ ਪਾਈਦਾ ਹੈ। ਗੁਰੂ ਜੀ ਆਖਦੇ ਹਨ ਗੁਰਮੁਖਾਂ ਨਾਲ ਮਿਲਕੇ ਵਾਹਿਗੁਰੂ ਨੂੰ ਵਿਚਾਰੀਏ ਤਾਂ ਮਨ ਦਾ ਹੰਕਾਰ ਦੂਰ ਹੁੰਦਾ ਹੈ।

## ਪਉੜੀ॥

ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ ॥ ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ॥ ਤੁਧੁ ਆਪੇ ਤਾੜੀ ਲਾਈਐ ਆਪੇ ਗੁਣ ਗਾਇਆ ॥ ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ ਅੰਤਿ ਲਏ ਛਡਾਇਆ ॥ ਜਿਨਿ ਸੇਵਿਆ ਤਿਨਿ ਸੁਖੁ ਪਾਇਆ ਹਰਿਨਾਮਿ ਸਮਾਇਆ ॥ ੫ ॥

ਹੇ ਵਾਹਿਗੁਰੂ ਤੂੰ ਆਪ ਅਗਮ ਹੈਂ ਤੂੰ ਆਪ ਹੀ ਇਹ ਸਾਰਾ ਜਗਤ ਪੈਦਾ ਕੀਤਾ ਹੈ। ਤੂੰ ਆਪੇ ਆਪ ਹੀ ਜਗਤ ਵਿਚ ਵਰਤਦਾ ਹੈਂ ਸਾਰਾ ਜਗਤ ਤੇਰਾ ਪਸਾਰਾ ਆਇਆ ਹੈ। ਤੂੰ ਆਪੇ ਹੀ ਤਾੜੀ ਲਾਈ ਹੈ ਆਪੇ ਹੀ ਆਪਣੇ ਗੁਣਾਂ ਨੂੰ ਗਾਇਆ। ਹੇ ਭਗਤੋ ਵਾਹਿਗੁਰੂ ਨੂੰ ਦਿਨ ਰਾਤ ਧਿਆਵੋ ਅੰਤ ਨੂੰ ਛੁਡਾ ਲਏਗਾ। ਜਿਸਨੇ ਗੁਰਾਂ ਨੂੰ ਸੇਵਿਆ ਹੈ ਉਸਨੇ ਸੁਖ ਪਾਇਆ ਹੈ ਅਤੇ ਵਾਹਿਗੁਰੂ ਦੇ ਨਾਮ ਵਿਚ ਮਿਲਿਆ ਹੈ॥

Digitized by Panjab Digital Library | www.panjabdigilib.org

## ਸਲੋਕੁ ਮਃ ੩

ਦੂਜੈਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥ ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥ ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥ ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ ॥ ਆਪੇਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥ ਜੰਮਣੁ ਮਰਣਾ ਕਟਿਆ ਜੋਤੀਜੋਤਿ ਮਿਲਾਇ ॥ ੧ ॥

ਦ੍ਵੈਤ ਭਾਵ ਵਿਚ ਬਿਲਾਵਲ ਗਾਵਿਆਂ ਅਨੰਦ ਨਹੀਂ ਹੁੰਦਾ। ਮਨਮੁਖ ਥਾਂ ਨੂੰ ਨਹੀਂ ਪਾਉਂਦਾ ਭਾਵ ਮਨਮੁਖਤਾਈ ਕਰਕੇ ਮਨਮੁਖ ਵਾਹਿਗੁਰੂ ਨੂੰ ਨਹੀਂ ਪਾ ਸਕਦਾ ਅਤੇ ਨਾ ਹੀ ਮਨਮੁਖ ਦਾ ਕੋਈ ਕੰਮ ਲੇਖੇ ਪੈਂਦਾ ਹੈ। ਪਖੰਡੀਆਂ ਕੋਲੋਂ ਪਖੰਡਾਂ ਨਾਲ ਭਗਤੀ ਨਹੀ ਹੁੰਦੀ ਅਤੇ ਨਾਹੀ ਵਾਹਿਗੁਰੂ ਨੂੰ ਪਾਇਆ ਜਾਂਦਾ ਹੈ। ਜੇਹੜੇ ਕੰਮ ਮਨ ਦਾ ਹਠ ਕਰਕੇ ਕਮੌਂਦੇ ਵਾ ਜੇਹੜੇ ਮਨ ਦਾ ਹਠ ਕਰਕੇ ਕੰਮ ਕਰਨੇ ਹਨ ਓਹਨਾਂ ਵਿਚੋਂ ਕੋਈ ਵੀ ਲੇਖੇ ਨਹੀ ਪੈਂਦਾ ਵਾ ਓਹ ਕੋਈ ਵੀ ਵਾਹਿਗੁਰੂ ਨੂੰ ਨਹੀਂ ਪਾਉਂਦਾ। ਗੁਰੂ ਜੀ ਆਖਦੇ ਹਨ ਗੁਰਮੁਖਾਂ ਨਾਲ ਮਿਲਕੇ ਆਪਣੇ ਆਪ ਵਾਹਿਗੁਰੂ ਨੂੰ ਵਿਚਾਰੀਏ ਤਾਂ ਵਿਚੋਂ ਹੰਕਾਰ ਜਾਂਦਾ ਹੈ। "ਓਹ ਇਸਤਰਾਂ ਕਰਨ ਵਾਲਾ" ਆਪੇ ਆਪ ਹੀ ਵਾਹਿਗੁਰੂ ਰੂਪ ਹੈ। ਉਸਦੇ ਮਨ ਵਿਚ ਵਾਹਿਗੁਰੂ ਆਕੇ ਵੱਸਿਆ ਹੈ। ਉਸਦਾ ਜੰਮਣਾਂ ਮਰਨਾਂ ਕੱਟਿਆ ਗਿਆ ਹੈ। ਵਾਹਿਗੁਰੂ ਨੇ ਆਪਣੀ ਜੋਤਿ ਨਾਲ ਉਸਦੀ ਜੋਤ ਮਿਲਾਇ ਲਈ ਹੈ ॥

## ਮਃ ੩

ਬਿਲਾਵਲੁ ਕਰਿਹੁ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ ॥ ਜਨਮ ਮਰਣ ਦੁਖੁ ਕਟੀਐ ਸਚੈ ਰਹੈ ਸਮਾਇ ॥ ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ॥ ਸਤ ਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ ॥ ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ ॥ ੨ ॥

Digitized by Panjab Digital Library | www.panjabdigilib.org

ਹੇ ਪਿਆਰਿਓ ਤੁਸੀ ਇਕ ਵਾਹਿਗੁਰੂ ਨਾਲ ਲਿਵ ਲਾਕੇ ਅਨੰਦ ਕਰੋ। ਜਨਮ ਮਰਨ ਦਾ ਦੁਖ ਕਟਿਆ ਜਾਵੇਗਾ ਅਤੇ ਤੁਹਾਡਾ ਮਨ ਸਚੇ ਵਿਚ ਸਮਾ ਰਹੇਗਾ ॥ ਓਨਾਂ ਨੂੰ ਬਿਲਾਵਲ ਗਾਕੇ ਸਦਾ ਅਨੰਦ ਹੈ ਜੇਹੜੇ ਸਤਿਗੁਰਾਂ ਦੀ ਆਗਜਾ ਵਿਚ ਚਲਦੇ ਹਨ। ਸੰਤਾਂ ਦੀ ਸੰਗਤ ਵਿਚ ਬੈਠਕੇ ਪ੍ਰੇਮ ਨਾਲ ਵਾਹਿਗੁਰੂ ਦੇ ਗੁਣ ਗਾਉਂਦੇ ਹਨ। ਗੁਰੂ ਜੀ ਆਖਦੇ ਹਨ ਓਹ ਜਨ ਸੋਹਣੇ ਹਨ ਜਿਹੜੇ ਵਾਹਿਗੁਰੂ ਨੇ ਗੁਰਮੁਖਾਂ ਦੇ ਮੇਲ ਵਿਚ ਮਿਲਾਇ ਹਨ।

## ਪਉੜੀ

**ਸਭਨਾ ਜੀਆ ਵਿਚਿ ਹਰਿ ਆਪ ਸੋ ਭਗਤਾ ਕਾ ਮਿਤੁ*ਹਰਿ ॥ ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ ॥ ਹਰਿਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ ॥ ਹਰਿ ਸਭਨਾ ਕਾ ਹੈ ਖਸਮੁ ਸੋ ਭਗਤਜਨ ਚਿਤਿ ਕਰਿ॥ ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ ॥ ੨ ॥**

ਜੇਹੜਾ ਵਾਹਿਗੁਰੂ ਸਾਰਿਆਂ ਜੀਆਂ ਵਿਚ ਆਪ ਹੈ ਓਹ ਭਗਤਾਂ ਦਾ ਮਿੱਤ੍ਰ ਹੈ ॥ ਜਿਸ ਵਾਹਿਗੁਰੂ ਦੇ ਸਭ ਕੋਈ ਵੱਸ ਹੈ ਓਹ ਵਾਹਿਗੁਰੂ ਭਗਤਾਂ ਦੇ ਵੱਸ ਹੈ ਇਸ ਲਈ ਭਗਤਾਂ ਦੇ ਰਿਦੇ ਰੂਪ ਘਰ ਵਿਚ ਅਨੰਦ ਹੈ।
ਵਾਹਿਗੁਰੂ ਭਗਤਾਂ ਦਾ ਮੇਲੀ ਹੈ ਇਸ ਲਈ ਸਾਰੇ ਭਗਤ ਜਨ ਟੰਗ ਤੇ ਟੰਗ ਧਰਕੇ ਨਿੱਸਲ ਹੋਕੇ ਸੌਂਦੇ ਹਨ ਭਾਵ ਓਨ੍ਹਾਂ ਨੂੰ ਕੋਈ ਡਰ ਨਹੀਂ॥ ਜੇਹੜਾ ਵਾਹਿਗੁਰੂ ਸਾਰਿਆਂ ਦਾ ਮਾਲਕ ਹੈ ਉਸਨੂੰ ਭਗਤ ਜਨ ਚੇਤੇ ਕਰਦੇ ਹਨ ਵਾ ਮਨ ਵਿਚ ਸਿਮਰਨ ਕਰਦੇ ਹਨ। (ਭਗਤ ਇਸਤਰਾਂ ਕਹਿੰਦੇ ਹਨ) ਹੇ ਵਾਹਿਗੁਰੂ ਤੈਨੂੰ ਅੱਪੜ ਕੋਈ ਨਹੀਂ ਸਕਦਾ ਸਾਰੇ ਝਖਾਂ ਮਾਰਕੇ (ਝੜ) ਡਿਗ ਪੈਂਦੇ ਹਨ ॥

## ਸਲੋਕੁ ਮ: ੩

**ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥ ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥ ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥ ਇਸੁ ਜੁਗ ਮਹਿ ਵਿਰਲੇ ਬ੍ਰਾਹਮਣ**

---

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨ ਮੋਪੈ ਜਬਾਬੁ ਨ ਹੋਇ "ਹੋਰ" ਜਉ ਹਮ ਬਾਂਧੇ ਮੋਹ ਫਾਸਿ ਹਮ ਪ੍ਰੇਮ ਬੰਧਨ ਤੁਮ ਬਾਂਧੇ। ਅਪਨੇ ਛੂਟਨ ਕਉ ਜਤਨ ਕਰਹੁ ਹਮ ਛੂਟੇ ਤੁਮ ਆਰਾਧੇ ॥

ਬ੍ਰਹਮੁ ਬਿੰਦਹਿ ਚਿਤੁ ਲਾਇ ॥ ਨਾਨਕ ਜਿਨ ਕਉ ਨਦਰਿ ਕਰੇ ਹਰਿਸਚਾ ਸੇ ਨਾਮਿ ਰਹੇ ਲਿਵਲਾਇ ॥ ੧ ॥

ਜੇਹੜਾ ਸਤਿਗੁਰਾਂ ਦੇ ਭਾਣੇ ਵਿਚ ਚੱਲਦਾ ਹੈ ਅਤੇ ਵਾਹਿਗੁਰੂ ਨੂੰ ਜਾਣਦਾ ਹੈ ਓਹ ਬ੍ਰਾਹਮਣ ਕਹੀਦਾ ਹੈ ॥ ਜਿਸਦੇ ਹਿਰਦੇ ਵਿਚ ਵਾਹਿਗੁਰੂ ਵਸਦਾ ਹੈ ਅਤੇ ਜਿਸਨੇ ਹੰਗਤਾ ਰੋਗ ਨੂੰ ਗਵਾਇਆ ਹੈ ॥ ਉਹ ਵਾਹਿਗੁਰੂ ਦੇ ਗੁਣਾਂ ਨੂੰ ਉਚਾਰਦੇ ਅਤੇ ਗੁਣਾਂ ਨੂੰ ਹੀ ਕਥਿਆਂ ਕਰਦੇ ਹਨ ਓਨਾਂ ਦੀ ਜੋਤ ਨੂੰ ਵਾਹਿਗੁਰੂ ਆਪਣੀ ਜੋਤ ਵਿਚ ਮਿਲਾ ਲੈਂਦਾ ਹੈ ॥ ਇਸ ਜੁਗ ਵਿਚ ਵਿਰਲੇ ਹੀ ਬ੍ਰਾਹਮਣ ਵਾਹਿਗੁਰੂ ਨੂੰ ਜਾਣਕੇ ਚਿਤ ਲਾਉਂਦੇ ਹਨ ਅਥਵਾ ਜਾਨਣ ਵਿਚ ਮਨ ਲਾਉਂਦੇ ਹਨ ॥ ਗੁਰੂ ਜੀ ਆਖਦੇ ਹਨ ਜਿਨਾਂ ਤੇ ਸੱਚਾ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹ ਨਾਮੀ ਵਿਚ ਲਿਵ ਲਾ ਰਹੇ ਹਨ ॥

## ਮਃ ੩

ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ ॥ ਹਉਮੈ ਰੋਗ ਗਵਾਵਣਾ ਅਤਿ ਦੀਰਘੁ ਬਹੁ ਸੁਆਉ । ਮਨ ਹਠ ਕਰਮ ਕਮਾਵਣੇ ਫਿਰਿ ਫਿਰਿ ਜੋਨੀਪਾਇ ॥ ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥ ਨਾਨਕ ਨਦਰੀ ਨਦਰਿ ਕਰੇ ਤਾ ਨਾਮਧਨੁ ਪਲੈਪਾਇ ॥ ੨ ॥

ਜਿਸਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ ਅਤੇ ਸ਼ਬਦ ਵਿਚ ਪਿਆਰੇ ਨਹੀਂ ਲੱਗਾ। ਓਨਾਂ ਨੇ ਬਹੁਤ ਵਿਸ਼ਿਆਂ ਦਾ ਸੁਆਦ ਲੈਕੇ ਭੈੜੇ ਕੰਮਾਂ ਨੂੰ ਕੀਤਾ ਇਸ ਲਈ ਓਨਾਂ ਨੂੰ ਹੰਗਤਾ ਦਾ ਬੜਾ ਵੱਡਾ ਰੋਗ ਲੱਗਾ ਹੈ ॥ ਮਨ ਦੇ ਹਠ ਕਰਕੇ ਕਰਮ ਕਮਾਉਣੇ ਕਰਕੇ ਫਿਰ ਫਿਰ ਜੂਨਾਂ ਵਿਚ ਪੈਂਦਾ ਹੈ ॥ ਗੁਰਮੁਖ ਦਾ ਜਨਮ ਸਫਲ ਹੈ ਜਿਸਨੂੰ ਵਾਹਿਗੁਰੂ ਆਪਣੇ ਵਿਚ ਮਿਲਾ ਲੈਂਦਾ ਹੈ ॥ ਗੁਰੂ ਜੀ ਆਖਦ ਹਨ ਜੇ ਵਾਹਿਗੁਰੂ ਕਿਰਪਾ ਕਰੇ ਤਾਂ ਨਾਮ ਧਨ ਨੂੰਧੀ ਰੂਪ ਪਲੇ ਪਾਂਉਂਦਾ ਵਾ ਪੈਂਦਾ ਹੈ ॥

## ਪਉੜੀ

ਸਭ ਵਡਿਆਈਆ ਹਰਿਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥ ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥

Digitized by Panjab Digital Library | www.panjabdigilib.org

ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ॥ਗੁਰੁਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿਜਾਈਐ॥ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿਗੁਣ ਗਾਈਐ ॥ ੩ ॥

ਵਾਹਿਗੁਰੂ ਦੇ ਨਾਮ ਵਿਚ ਸਭ ਵਡਿਆਈਆਂ ਹਨ ਇਸ ਲਈ ਵਾਹਿਗੁਰੂ ਨੂੰ ਗੁਰਮੁਖ ਧਿਆਉਂਦੇ ਹਨ॥ ਜੇ ਨਾਮ ਜਪਨ ਵਿਚ ਚਿਤ ਲਾਈਏ ਤਾਂ ਜੇਹੜੀ ਵਸਤੁ ਮੰਗੀਏ ਓਹੋ ਹੀ ਪਾ ਲਈਦੀ ਹੈ॥

ਦਿਲਦੀ ਗੁਪਤ ਗੱਲ ਸਤਿਗੁਰਾਂ ਪਾਸ ਪ੍ਰਗਟ ਕਰੀਏ ਤਾਂ ਸਾਰੇ ਸੁਖ ਪਾ ਲਈਦੇ ਹਨ। ਜਦੋਂ ਪੂਰਾ ਗੁਰੂ ਉਪਦੇਸ਼ ਦੇਂਦਾ ਹੈ ਓਦੋਂ ਸਾਰੀ ਭੁਖ ਲਹਿ ਜਾਂਦੀ ਹੈ। ਜਿਸਦੇ ਮਥੇ ਤੇ ਧੁਰੋਂ ਹੀ ਲਿਖਿਆ ਹੋਇਆ ਹੋਵੇ ਓਹ ਵਾਹਿਗੁਰੂ ਦੇ ਗੁਣ ਗਾਂਉਂਦਾ ਹੈ।

## ਸਲੋਕ ਮਃ ੩

ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ॥ ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ ਹਰਿਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ। ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦਵਜਾਏ॥ ਸਚੋ ਦਹਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ॥ ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ॥ ੧ ॥

ਮੇਰੇ ਸਤਿਗੁਰਾਂ ਤੋਂ ਖਾਲੀ ਕੋਈ ਨਹੀਂ ਗਿਆ ਸਾਰਿਆਂ ਨੂੰ ਸਤਿਗੁਰਾਂ ਨੇ ਮੇਰੇ ਵਾਹਿਗੁਰੂ ਦੇ ਮੇਲ ਨਾਲ ਮਿਲਾਇਆ ਹੈ ਭਾਵ ਸਤਸੰਗ ਵਿਚ ਅਥਵਾ ਜਿਨ੍ਹਾਂ ਨੂੰ ਮੇਰੇ ਵਾਹਿਗੁਰੂ ਨੇ ਸਤਗੁਰਾਂ ਦੇ ਮੇਲ ਵਿਚ ਮਿਲਾਇਆ ਹੈ। ਸਤਿਗੁਰਾਂ ਦਾ ਦਰਸ਼ਨ ਕਰਨਾ ਸਫਲ ਹੈ ਜਿਸ ਤਰਾਂ ਦਾ ਫਲ ਕੋਈ ਚਾਹੁੰਦਾ ਹੈ ਓਸੇ ਤਰਾਂ ਦਾ ਪਾ ਲੈਂਦਾ ਹੈ। ਗੁਰਾਂ ਦਾ ਸ਼ਬਦ ਅੰਮ੍ਰਿਤ ਹੈ ਸਾਰੀ ਤ੍ਰਿਸ਼ਨਾਂ ਭੁਖ ਦੂਰ ਕਰ ਦੇਂਦਾ ਹੈ। ਜਿਨ੍ਹਾਂ ਦੇ ਮਨ ਵਿਚ ਸੱਚਾ ਵਾਹਿਗੁਰੂ ਆ ਵੱਸਿਆ ਹੈ ਓਨ੍ਹਾਂ ਦਾ ਮਨ ਵਾਹਿਗੁਰੂ ਦੇ ਨਾਮ ਰਸ ਨੂੰ ਪੀਕੇ ਸੰਤੋਖ ਵਾਨ ਹੋਯਾ ਹੈ। ਜਿਨ੍ਹਾਂ ਨੇ ਇਕ ਰਸ ਸ਼ਬਦ ਨੂੰ ਵਜਾਇਆ ਭਾਵ ਉਚਾਰਿਆ ਹੈ ਅਤੇ ਸਚੇ ਨੂੰ ਧਿਆਇਆ ਹੈ ਓਨ੍ਹਾਂ ਨੇ ਅਮਰਾ ਪਦ ਪਾਇਆ ਹੈ। ਗੁਰਾਂ ਦੇ ਸ਼ਬਦ ਕਰਕੇ ਸਹਿਜ ਸੁਭਾਵ

Digitized by Panjab Digital Library | www.panjabdigilib.org

ਸਚੋ ਹੀ ਸੱਚ ਵਾਹਿਗੁਰੂ ਸਾਰੇ ਪਸਰਿਆ ਹੋਯਾ ਜਾਣਿਆ ਹੈ। ਗੁਰੂ ਜੀ ਆਖਦੇ ਹਨ ਜਿੰਨਾਂ ਦੇ ਅੰਦਰ ਸੱਚ ਹੈ ਓਹ ਆਦਮੀ ਕਿਸੇ ਦੇ ਛਪਾਇ ਹੋਇ ਛਪਦੇ ਨਹੀਂ।

## ਮਃ ੩

**ਗੁਰਸੇਵਾ ਤੇ ਹਰਿ ਪਾਈਐ ਜਾਕਉ ਨਦਰਿ ਕਰੇਇ॥ ਮਾਨਸ ਤੇ ਦੇਵਤੇ ਭਏ ਸਚੀਭਗਤਿ ਜਿਸੁ ਦੇਇ। ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ॥ ਨਾਨਕ ਸਹਜੇ ਮਿਲਿਰਹੇ ਨਾਮੁ ਵਡਿਆਈ ਦੇਇ॥ ੧ ॥**

ਗੁਰਾਂ ਦੀ ਸੇਵਾ ਤੋਂ ਵਾਹਿਗੁਰੂ ਪਾਈਦਾ ਹੈ ਪਰ ਜਿਸਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਸਨੂੰ ਗੁਰ ਸੇਵਾ ਮਿਲਦੀ ਹੈ। ਜਿੰਨਾਂ ਨੂੰ ਵਾਹਿਗੁਰੂ ਨੇ ਸੱਚੀ ਭਗਤੀ ਦਿਤੀ ਹੈ ਓਹ ਮਨੁਖਾਂ ਤੋਂ ਦੇਵਤੇ ਬਣ ਗਏ ਹਨ। ਜੇਹੜੇ ਗੁਰਾਂ ਦੇ ਸ਼ਬਦ ਕਰਕੇ ਪਵਿਤ੍ਰ ਹੋਇ ਹਨ ਓਨਾਂ ਦੀ ਹੰਗਤਾ ਮਾਰਕੇ ਵਾਹਿਗੁਰੂ ਨੇ ਆਪਣੇ ਵਿਚ ਮਿਲਾ ਲਿਆ ਹੈ। ਗੁਰੂ ਜੀ ਆਖਦੇ ਹਨ ਜਿੰਨਾਂ ਨੂੰ ਨਾਮ ਦੀ ਵਡਿਆਈ ਦਿਤੀ ਹੈ ਓਹ ਸਹਿਜੇ ਹੀ ਵਾਹਿਗੁਰੂ ਵਿਚ ਮਿਲ ਰਹੇ ਹਨ।

## ਪਉੜੀ

**ਗੁਰ ਸਤਿਗੁਰੁ ਵਿਚਿ ਨਾਵੈ ਕੀ ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ॥ ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ ਓਨਾ ਅੰਦਰਿ ਹਿਰਦੈ ਭਾਈ॥ ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨਾ ਪਰਾਇਆ ਭਲਾ ਨ ਸੁਖਾਈ ॥ ਕਿਆ ਹੋਵੈ ਕਿਸਹੀ ਕੀ ਝਖਿ ਮਾਰੀ ਜਾ ਸਚੇ ਸਿਉ ਬਣਿਆਈ ॥ ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ॥ ੪ ॥**

ਪੂਰੇ ਸਤਿਗੁਰਾਂ ਵਿਚ ਨਾਮ ਦੀ ਵਡਿਆਈ ਵਾਹਿਗੁਰੂ ਕਰਤੇ ਨੇ ਆਪ ਵਧਾਈ ਹੈ। "ਓਹ ਵਡਿਆਈ" ਸੇਵਕ ਸਿਖ ਸਾਰੇ ਵੇਖ ੨ ਕੇ ਜੀਉਂਦੇ ਹਨ ਓਨਾ ਦੇ ਰਿਦੇ ਅੰਦਰ ਚੰਗੀ ਲੱਗੀ ਹੈ।
ਨਿੰਦਕ ਦੁਸ਼ਟ ਵਡਿਆਈ ਵੇਖ ਨਹੀਂ ਸਕਦੇ ਭਾਵ ਸੁਖਾਉਂਦੇ ਨਹੀ ਓਨਾਂ ਨੂੰ ਪਰਾਇਆ ਭਲਾ ਨਹੀ ਸੁਖਾਉਂਦਾ [ਚੰਗਾ ਲੱਗਦਾ]। ਭਾਈ ਕਿਸੇ ਦੀ

Digitized by Panjab Digital Library | www.panjabdigilib.org

ਝੁਖ ਮਾਰੀ ਕੀ ਹੋ ਸਕਦਾ ਹੈ ਜਾਂ ਸਾਡੀ ਵਾ ਸਚੇ ਗੁਰਾਂ ਦੀ ਪ੍ਰੀਤ ਸਚੇ ਨਾਲ ਬਣ ਆਈ ਹੈ। ਜੇਹੜੀ ਗਲ ਕਰਤੇ ਨੂੰ ਭਾਉਂਦੀ ਹੈ ਓਹ ਨਿਤ ਨਿਤ ਸਵਾਈ ਦੂਣੀ ਚੌਣੀ ਚੜ੍ਹਦੀ ਹੈ ਅਤੇ ਸਾਰੀ ਦੁਨੀਆਂ ਨਿੰਦਿਆ ਕਰਨ ਵਾਲੀ ਝਖਾਂ ਮਾਰਕੇ ਮਰਦੀ ਹੈ॥

**ਧ੍ਰਿਗੁ ਏਹ ਆਸਾ ਦੂਜੇਭਾਵ ਕੀ ਜੋ ਮੋਹਿਮਾਇਆ ਚਿਤੁ ਲਾਏ ॥ ਹਰਿ ਸੁਖੁ ਪਲਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ ॥ ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ ॥ ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛਤਾਏ ॥ ਜਿਸੁ ਕਰਮੁ ਹੋਵੈ ਤਿਸੁ ਸਤਿਗੁਰ ਮਿਲੈ ਸੋ ਹਰਿ ਹਰਿ ਨਾਮੁ ਧਿਆਏ ॥ ਨਾਮਿ ਰਤੇ ਜਨ ਸਦਾ ਸੁਖੁ ਪਾਇਨਿ ਜਨ ਨਾਨਕ ਤਿਨ ਬਲਿਜਾਏ ॥ ੧ ॥**

ਪਲਰਿ=ਖ਼ਾਲੀ, ਪਰੇ ॥

ਇਹ ਜੇਹੜੀ ਦਵੈਤ ਭਾਵ ਦੀ ਆਸ਼ਾ ਹੈ ਜਿਸ ਕਰਕੇ ਜੀਵ ਮਾਇਆ ਦੇ ਮੋਹ ਕਰਕੇ ਪਦਾਰਥਾਂ ਵਿਚ ਚਿਤ ਲਾਉਂਦਾ ਹੈ ਇਸਨੂੰ ਧ੍ਰਿਗ ਹੈ। ਜਿਨਾਂ ਨੇ ਵਾਹਿਗੁਰੂ ਦੇ ਨਾਮ ਨੂੰ ਸੁਖਾਂ ਤੋਂ ਖਾਲੀ ਜਾਣਕੇ ਛੱਡਿਆ ਹੈ ਓਹ ਨਾਮ ਨੂੰ ਵਿਸਾਰ ਕੇ ਦੁਖ ਪਾਉਂਦੇ ਹਨ। ਓਹ ਮਨਮੁਖ ਅਗਿਆਨੀ ਅੰਨੇ ਜਨਮ ਮਰਨ ਵਿਚ ਫਿਰ ੨ ਆਉਂਦੇ ਜਾਂਦੇ ਹਨ। ਓਨਾਂ ਵਿਚੋਂ ਕਿਸੇ ਦਾ ਵੀ ਕੰਮ ਸਿਧ ਨਹੀਂ ਹੋਇਆ ਓਨਾਂ ਦਾ ਟੋਲ਼ਾ ਹੀ ਅੰਤ ਨੂੰ ਪਛਤਾਉਂਦਾ ਗਿਆ ਹੈ। ਜਿਸਦੇ ਚੰਗੇ ਕਰਮ ਹੋਣ ਉਸਨੂੰ ਸਤਿਗੁਰੂ ਮਿਲਦੇ ਹਨ ਅਤੇ ਓਹੋ ਵਾਹਿਗੁਰੂ ਦੇ ਨਾਮ ਨੂੰ ਧਿਆਉਂਦਾ ਹੈ। ਨਾਮ ਵਿਚ ਰੱਤੇ ਹੋਇ ਸਦਾ ਸੁਖ ਪਾਉਂਦੇ ਹਨ ਦਾਸ "ਨਾਨਕ" ਤਿਨਾਂ ਤੋਂ ਬਲਹਾਰ ਜਾਂਦਾ ਹੈ॥

ਮਃ ੩

**ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥ ਸਭੁਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ ॥ ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥ ਨਾਨਕ ਗੁਰਪਰਸਾਦੀ ਏਹੁ ਮਨ ਤਾਂ ਤਰੈ ਜਾ ਛੋਡੈ ਅਹੰਕਾਰੁ ॥ ਆਸਾ ਮਨਸਾ ਮਾਰੇ ਨਿਰਾਸੁ ਹੋਇ**

ਗੁਰਸਬਦੀ ਵੀਚਾਰੁ ॥

ਚੀਰੇ=ਚਿੱਠੇ, ਦਫਤਰ ॥

ਬੁਧੀ ਦੀ ਆਸਾ ਜੀਵ ਨੂੰ ਮੋਹਨ ਵਾਲੀ ਹੈ ਜਿਸਨੇ ਸਾਰੇ ਸੰਸਾਰ ਨੂੰ ਮੋਹਿਆ ਹੈ। ਜਿੰਨਾਂ ਸਾਰਾ ਅਕਾਰ ਨਜ਼ਰ ਆਉਂਦਾ ਹੈ ਇਸ ਵਿਚ ਹਰ ਕੋਈ ਜੋ ਵੜਾ ਆਇਆ ਹੈ ਸਭ ਜਮ ਦੇ ਦਫਤਰ ਦੇ ਪਰਵਾਨੇ ਵਿਚ ਲਿਖਿਆ ਹੋਇਆਹੈ। ਵਾਹਿਗੁਰੂ ਦੇ ਹੁਕਮ ਵਿਚ ਜੀਵਾਂ ਨੂੰ ਜਮ ਫੜਨ ਆ ਲੱਗਦਾ ਹੈ ਓਹ ਬਚਦਾ ਹੈ ਜਿਸਨੂੰ ਵਾਹਿਗੁਰੂ ਬਖਸ਼ਦਾ ਹੈ ॥ ਗੁਰੂ ਜੀ ਆਖਦੇ ਹਨ ਜਦੋਂ ਹੰਕਾਰ ਛੱਡੇਗਾ ਇਹ ਮਨ ਗੁਰਾਂ ਦੀ ਕਿਰਪਾ ਨਾਲ ਤਦੋਂ ਤਰੇਗਾ ॥ ਗੁਰ ਸ਼ਬਦ ਨੂੰ ਵਿਚਾਰ ਕੇ ਬੁਧੀ ਵਿਚੋਂ ਪਦਾਰਥਾਂ ਦੀ ਆਸਾ ਮਾਰੇਗਾ ਤੇ ਤਾਂ ਮੁਕਤੀ ਹੋਵੇਗਾ ॥

## ਪਉੜੀ

ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥ ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ । ਕੂੜਿਆਰਾ ਕੇ ਮੂਹ ਫਿਟਕੀਅਹਿ ਸਚੁ ਭਗਤਿ ਵਡਿਆਈ ॥ ਸਚੁ ਸਾਹਿਬੁ ਸਚ ਨਿਆਉ ਹੈ ਸਿਰਿ ਨਿੰਦਕ ਛਾਈ ॥ ਜਨ ਨਾਨਕ ਸਚੁ ਆਰਾਧਿਆ ਗੁਰਮੁਖਿ ਸੁਖੁ ਪਾਈ ॥ ੫ ॥

ਜਗਤ ਵਿਚ ਜਿਥੇ ਜਾ ਬਹੀਦੇ ਓਥੇ ਹੀ ਵਾਹਿਗੁਰੂ ਮਾਲਕ ਹੈ। ਅਗੇ ਪ੍ਰਲੋਕ ਵਿਚ ਵੀ ਸਾਰਿਆਂ ਵਿਚ ਆਪੇ ਹੀ ਵਰਤ ਰਿਹਾ ਹੈ ਵਾਹਿਗੁਰੂ ਸਚੇ ਨਿਆਇ ਵਾਲਾ ਝੂਠਿਆਂ ਦੇ ਮੂੰਹ ਫਿਟਕਾਰ ਦਾ ਤੇ ਸਚਿਆਂ ਭਗਤਾਂ ਨੂੰ ਵਡਿਆਈ ਦੇਂਦਾ ਹੈ। ਸਚੇ ਸਾਹਿਬ ਦਾ ਸੱਚਾ ਇਨਸਾਫ ਹੈ ਨਿੰਦਕਾਂ ਦੇ ਸਿਰ ਵਿਚ ਸੁਆਹ ਪਾਉਂਦਾ ਵਾ ਪੈਂਦੀ ਹੈ। ਗੁਰੂ ਜੀ ਆਖਦੇ ਹਨ ਗੁਰਮੁਖ ਜਨਾਂ ਨੇ ਵਾਹਿਗੁਰੂ ਨੂੰ ਅਰਾਧਕੇ ਸੁਖ ਪਾਇਆਹੈ।

## ਸਲੋਕ ਮ: ੩

ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ ॥ ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ ॥ ਅੰਦਰ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ॥ ਅੰਮ੍ਰਿਤੁ ਖਾਣਾ ਪੈਨਣਾ ਨਾਨਕ ਨਾਇ ਵਡਿਆਈ ਹੋਇ ॥ ੧ ॥

Digitized by Panjab Digital Library | www.panjabdigilib.org

ਜੇਕਰਵਾਹਿਗੁਰੂ ਪੂਰੇ ਭਾਗਾਂ ਦੀ ਬਖਸ਼ਸ਼ ਕਰੇ ਤਾਂ ਸਤਿਗੁਰਾਂ ਨੂੰ ਪਾਈਦਾ ਹੈ। ਸਾਰੇ ਉਪਾਵਾਂ ਦਾ ਸਿਰੋਮਣੀ ਵੱਡਾ ਉਪਾਉ ਇਹ ਹੈ ਜੋ ਸਤਿਗੁਰਾਂ ਪਾਸੋਂ ਵਾਹਿਗੁਰੂ ਦਾ ਨਾਮ ਪ੍ਰਾਪਤਿ ਹੋਣਾ। ਤਿਸ ਨਾਮ ਕਰਕੇ ਅੰਤਸ਼ ਕਰਣ ਅੰਦਰ ਸੀਤਲ ਸ਼ਾਂਤੀ ਹੁੰਦੀ ਹੈ ਅਤੇ ਰਿਦੇ ਵਿਚ ਸਦਾ ਸੁਖ ਹੁੰਦਾ ਹੈ। ਗੁਰੂ ਜੀ ਆਖਦੇ ਹਨ ਜਿੰਨਾ ਨੂੰ ਨਾਮ ਦੀ ਵਡਿਆਈ ਪ੍ਰਾਪਤ ਹੋਈ ਹੈ ਓਨਾਂ ਦਾ ਖਾਣਾ ਪੀਣਾਂ ਪੈਹਨਣਾ ਸਭ ਅੰਮ੍ਰਿਤ ਕੀ ਸਫਲ ਹੈ।

## ਸਲੋਕ ਮਃ ੩

**ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥ ਨਾਨਕ ਨਦਰੀ ਪਾਈਐ ਅਮ੍ਰਿਤ ਗੁਣੀ ਨਿਧਾਨੁ ॥**

ਹੇ ਪਿਆਰੇ ਮਨ ਜੇ ਤੂੰ ਗੁਰਾਂ ਦੀ ਸਿਖਿਆ ਸੁਣੇਗਾ ਤਾਂ ਗੁਣਾਂ ਦੇ ਖ਼ਜ਼ਾਨੇ ਵਾਹਿਗੁਰੂ ਨੂੰ ਪਾ ਲਵੇਗਾ। ਜਦੋਂ ਸੁਖ ਦਾਤਾ ਵਾਹਿਗੁਰੂ ਤੇਰੇ ਮਨ ਵਿਚ ਵਸੇਗਾ ਤਦੋਂ ਹੰਗਤਾ ਹੰਕਾਰ ਚਲਿਆ ਜਾਵੇਗਾ। ਗੁਰੂ ਜੀ ਆਖਦੇ ਹਨ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਦੀ ਕਿਰਪਾ ਕਰਕੇ ਨਾਮ ਅੰਮ੍ਰਿਤ ਨੂੰ ਪਾਈਦਾ ਹੈ।

## ਪਉੜੀ

**ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ ॥ ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ ॥ ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ ॥ ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ । ਹਰਿ ਹਰਿ ਕਿਰਪਾਲ ਹੋਆ ਭਗਤਿ ਜਨਾ ਉਪਰਿ ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ ॥ ੬ ॥**

Digitized by Panjab Digital Library | www.panjabdigilib.org

ਜਿਤਨੇ ਪਾਤਸ਼ਾਹ ਸ਼ਾਹੂਕਾਰ ਰਾਜੇ, ਖਾਨ, ਉਮਰਾਵ ਠਾਣੇਦਾਰ ਤਿਤਨੇ ਸਭ ਵਾਹਿਗੁਰੂ ਦੇ ਕੀਤੇ ਹੋਇ ਹਨ। ਜੋ ਕੁਝ ਵਾਹਿਗੁਰੂ ਕਰਾਉਂਦਾ ਹੈ ਸੋ ਓਹ ਕਰਦੇ ਹਨ ਸਭ ਵਾਹਿਗੁਰੂ ਦੇ ਮੰਗਤੇ ਹਨ। ਸੋ ਇਸਤਰਾਂ ਦਾ ਵਾਹਿਗੁਰੂ ਸਾਰਿਆਂ ਦਾ ਮਾਲਕ ਸਤਿਗੁਰੂ ਸਤਿਗੁਰਾਂ ਦੇ ਵੱਲਦਾ ਹੈ ਤਿਸਨੇ ਸਾਰੇ ਚਾਰੇ ਖਾਣੀਆਂ ਸਾਰੇ ਦੁਨੀਆਂ ਦੇ ਆਦਮੀ ਨੌਕਰ ਬਨਾਕੇ ਸਤਿਗੁਰਾਂ ਦੇ ਅਗੇ ਕਾਰ ਕਮਾਉਣ ਨੂੰ (ਖੜ ਕਰ) ਦਿਤੇ ਹਨ। ਹੇ ਵਾਹਿਗੁਰੂ ਦੇ ਪਿਆਰਿਓ ਸੰਤੋ ਦੇਖੋ ਵਾਹਿਗੁਰੂ ਦੇ ਸੇਵਨ ਦੀ ਐਸੀ ਵਡਿਆਈ ਹੈ ਕਿ ਜਿਸਨੇ ਇਸ ਕਾਇਆਂ ਰੂਪ ਨਗਰੀ ਵਿਚੋਂ ਸਾਰੇ ਦੁਸਮਨ ਦੂਤ ਕਾਮ ਕਰੋਧ ਆਦਿਕ ਮਾਰਕੇ ਬਾਹਰ ਕੱਢ ਦਿਤੇ ਹਨ।

ਵਾਹਿਗੁਰੂ ਹਰ ਤਰਾਂ ਭਗਤ ਜਨਾਂ ਉਤੇ ਕਿਰਪਾਲੂ ਹੋਯਾ ਹੈ ਵਾਹਿਗੁਰੂ ਨੇ ਆਪਣੀ ਕਿਰਪਾ ਕਰਕੇ ਹਰ ਇਕ ਦੁਖ ਵਲੋਂ ਆਪਣੇ ਦਾਸ ਆਪ ਰੱਖ ਲਏ ਹਨ॥

## ਸਲੋਕ ਮਃ ੩

ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ ਕਰਮੀ ਸਤਿਗੁਰ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥ ੧ ॥

ਜਿਨਾਂ ਮਨਮੁਖਾਂ ਦੇ ਅੰਦਰ ਕਪਟ ਹੈ ਓਨਾਂ ਨੂੰ ਸਦਾ ਹੀ ਦੁਖ ਹੁੰਦਾ ਹੈ ਕਿਉਂਕਿ ਮਨਮੁਖ ਦਾ ਵਾਹਿਗੁਰ ਦੇ ਚਰਨਾਂ ਵਿਚ ਧਿਆਨ ਨਹੀਂ ਲੱਗਦਾ॥ ਤਿਨਾਂ ਨੇ ਪਿਛ ਦੁਖ ਵਿਚ ਹੀ ਕਾਰ ਕਮਾਉਣੀ ਕੀਤੀ ਹੈ ਭਾਵ ਦੁਖ ਪਾਉਣ ਵਾਲੇ ਕੰਮ ਕੀਤੇ ਹਨ ਇਸ ਲਈ ਹੁਣ ਵਰਤਮਾਨ ਸਮੇ ਵਿਚ ਦੁਖ ਪਾ ਰਹੇ ਅਤੇ ਅੰਤ ਨੂੰ ਅਗੇ ਵੀ ਦੁਖ ਪਾਉਣਗੇ ॥ ਧੁਰ ਦੇ ਕਰਮਾਂ ਕਰਕੇ ਸਤਿਗੁਰੂ ਮਿਲਨ ਤਾਂ ਸਚੇ ਨਾਮ ਵਿਚ ਲਿਵ ਲਗਦੀ ਹੈ॥ ਗੁਰੂ ਜੀ ਆਖਦੇ ਹਨ ਸਹਿਜੇ ਹੀ ਸੁਖ ਹੁੰਦਾ ਹੈ ਅਤੇ ਅੰਦਰੋਂ ਭਰਮ ਭੌ ਭੱਜ ਜਾਂਦਾ ਹੈ॥

## ਮਃ ੩

ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥ ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥ ਨਾਨਕ

Digitized by Panjab Digital Library | www.panjabdigilib.org

ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ ੨ ॥

ਗੁਰਮੁਖਾਂ ਨੂੰ ਸਦਾ ਹੀ ਵਾਹਿਗੁਰੂ ਦੇ ਨਾਮ ਦਾ ਅਨੰਦ ਹੈ ਕਿਉਂਕਿ ਓਨਾਂ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਚੰਗਾ ਲੱਗਾ ਹੈ ॥ ਗੁਰਮੁਖਾਂ ਦਾ ਵੇਖਣਾ ਬੋਲਣਾ ਸਭ ਵਾਹਿਗੁਰੂ ਦਾ ਨਾਮ ਹੀ ਜਪਣਾ ਹੈ ਸੋ ਏਸੇ ਵਾਸਤੇ ਨਾਮ ਜਪਕੇ ਓਨਾਂ ਨੇ ਸੁਖ ਪਾਇਆ ਹੈ ਭਾਵ ਵੇਖਣ ਲਗੇ ਵੀ ਨਾਮ ਜਪਦੇ ਹਨ ਬੋਲਣ ਲਗੇ ਵੀ ਨਾਮ ਜਪਦੇ ਹਨ ॥ ਗੁਰੂ ਜੀ ਆਖਦੇ ਹਨ ਗੁਰਮੁਖਾਂ ਨੂੰ ਗਿਆਨ ਦਾ ਪ੍ਰਕਾਸ਼ ਹੋਯਾ ਹੈ ਤਿਸ ਗਿਆਨ ਦੇ ਚਾਨਣ ਨੇ ਬੜੇ ਭਾਰੇ ਅਗਯਾਨ ਹਨੇਰੇ ਨੂੰ ਦੂਰ ਕਰ ਦਿਤਾ ਹੈ ॥

## ਮ: ੩

ਮਨਮੁਖ ਮੈਲੇ ਮਰਹਿ ਗਵਾਰ ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰਧਾਰਿ ॥ ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥ ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥ ਦੂਜੈ ਭਾਇ ਸੂਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ। ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥ ੩ ॥

ਮਨਮੁਖ ਗਵਾਰ ਪਾਪਾਂ ਰੂਪ ਮੈਲ ਕਰਕੇ ਜੰਮਦੇ ਮਰਦੇ ਰਹਿੰਦੇ ਹਨ ॥ ਗੁਰਮੁਖ ਨਿਰਮਲ ਹਨ ਕਿਉਂਕਿ ਓਨਾਂ ਨੇ ਦਿਲ ਵਿਚ ਵਾਹਿਗਰੂ ਦਾ ਨਾਮ ਧਾਰ ਰਖਿਆ ਹੈ ॥ ਗੁਰੂ ਜੀ ਕਹਿੰਦੇ ਹਨ ਹੇ ਭਾਈ ਜਨੋ ਸੁਣੋ ॥ ਸਤਗੁਰਾਂ ਦੀ ਸੇਵਾ ਕਰਨ ਨਾਲ ਹੰਗਤਾ ਮੈਲ ਜਾਂਦੀ ਹੈ ॥ ਮਨਮੁਖਾਂ ਦੇ ਅੰਦਰ ਸਸਾ ਦੁਖ ਵਿਆਪਦਾ ਹੈ ਇਸ ਵਾਸਤੇ ਨਿਤ ਹੀ ਸਿਰ ਧੰਧਿਆਂ ਵਿਚ ਮਾਰਦੇ ਹਨ ਭਾਵ ਧੰਧੇ ਕਰ ਕਰ ਖਪਦੇ ਹਨ ॥ ਦ੍ਵੈਤ ਭਾਵ ਵਿਚ ਸੁੱਤੇ ਹੋਏ ਹਨ ਕਦੀ ਵੀ ਨਹੀ ਜਾਗਦੇ ਭਾਵ ਗਿਆਨ ਰੂਪ ਦਿਨ ਨੂੰ ਭੀ ਨਹੀਂ ਜਾਗਦੇ ਓਨਾਂ ਨੂੰ ਮਾਇਆ ਦਾ ਮੋਹ ਬੜਾ ਹੈ ॥ ਨਾਮ ਨੂੰ ਨਹੀਂ ਚੇਤਦੇ ਸ਼ਬਦ ਨੂੰ ਨਹੀ ਵਿਚਾਰਦੇ ਇਹ ਮਨਮੁਖਾਂ ਦਾ ਵਿਚਾਰ ਹੈ ਭਾਵ ਇਹ ਮਨਮੁਖਾਂ ਦਾ ਕੰਮ ਹੈ ॥ ਵਾਹਿਗੁਰੂ ਦਾ ਨਾਮ ਨਹੀਂ ਚੰਗਾ ਲੱਗਾ ਐਵੇਂ ਜਨਮ ਗਵਾ ਦਿਤਾ ਗੁਰੂ ਜੀ ਆਖਦੇ ਹਨ ਓਨਾਂ ਨੂੰ ਜਮ

Digitized by Panjab Digital Library | www.panjabdigilib.org

ਮਾਰਕੇ ਖੁਆਰ:ਕਰੇਗਾ ਵਾ ਖੁਆਰ ਕਰਕੇ ਮਾਰੇਗਾ ॥

## ਪਉੜੀ ॥

ਜਿਸਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥ ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥ ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥ ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮ ਜਾਗਾਤੀ ਤਿਨਾ ਨੇੜਿ ਨ ਜਾਹੁ ॥ ਜਨ ਨਾਨਕਿ ਹਰਿ ਨਾਮੁ ਧਨੁ ਲਦਿਆ ਸਦਾ ਵੇ ਪਰਵਾਹੁ ॥ ੭ ॥

ਜਿਸਨੂੰ ਵਾਹਿਗੁਰੂ ਨੇ ਸੱਚੀ ਭਗਤੀ ਬਖਸ਼ੀ ਹੈ ਓਹ ਸੱਚਾ ਸ਼ਾਹ ਹੈ ਵਾ ਸਚੇ ਵਾਹਿਗੁਰੂ ਨੇ ॥ ਉਸ ਸ਼ਾਹੂਕਾਰ ਦੀ ਕੁਸ਼ਾਮਤ ਸਭ ਲੋਕ ਕਢਦਾ ਹੈ ਭਾਵ ਸਾਰਾ ਜਗ ਕਰਦਾ ਹੈ ਹੋਰ ਹਟੀ ਤੇ ਨਾ ਵਸਤੂ ਹੈ ਅਤੇ ਨਾ ਹੀ ਸੌਦਾ ਖਰੀਦਨਾ ਹੈ ਭਾਵ ਨਾਮ ਰੂਪ ਵਸਤੂ ਨਹੀਂ ਅਤੇ ਨਾ ਹੀਂ ਕਿਸੇ ਤੇ ਭਰੋਸਾ ਹੈ ॥ ਜੇਹੜਾ ਆਦਮੀ ਭਗਤ ਜਨਾਂ ਦੇ ਸਨਮੁਖ ਹੁੰਦਾ ਹੈ ਓਹ ਵਾਹਿਗੁਰੂ ਦੇ ਨਾਮ ਦੀ ਰਾਸ ਲੈਂਦਾ ਹ, ਬੇਮੁਖਾਂ ਦੇ ਸਿਰ ਸੁਆਹ ਪੈਂਦੀ ਹੈ ॥ ਜੇਹੜੇ ਵ ਹਿਗੁਰੂ ਦੇ ਭਗਤ ਵਾਹਿਗੁਰੂ ਦੇ ਨਾਮ ਦੇ ਵਪਾਰੀ ਹਨ ਓਨਾਂ ਦੇ ਨੇੜੇ ਜਮ ਮਸੂਲੀਆ ਨਹੀਂ ਜਾਂਦਾ। ਗੁਰੂ ਜੀ ਆਖਦੇ ਹਨ ਜਿਸ ਦਾਸ ਨੇ ਵਾਹਿਗੁਰੂ ਦਾ ਨਾਮ ਧਨ ਲੱਦਿਆ ਹੈ ਓਹ ਸਦਾ ਵੇ ਪਰਵਾਹ ਰਹਿੰਦਾ ਹੈ ॥

## ਸਲੋਕ ਮਃ ੩

ਇਸੁ ਜੁਗਮਹਿ ਭਗਤੀ ਹਰਿ ਧਨੁ ਖਟਿਆ ਹੋਰ ਸਭੁ ਜਗਤੁ ਭਰਮਿ ਭੁਲਾਇਆ ॥ ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨ ਦਿਨੁ ਨਾਮੁ ਧਿਆਇਆ ॥ ਬਿਖਿਆ ਮਾਹਿ ਉਦਾਸੁ ਹੈ ਹਉਮੈ ਸਬਦਿ ਜਲਾਇ ਆ ॥ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥ ਸਦਾ ਸ ਹਜ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥ ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ ॥ ਪੰਡਿਤ ਪੜਿ ਪੜਿ ਮੋਨੀਭੁਲੇ ਦੂਜੈ ਭਾਇ ਚਿਤੁ ਲਾਇਆ ॥ ਜੋਗੀ ਜੰਗਮ

Digitized by Panjab Digital Library | www.panjabdigilib.org

ਸੰਨਿਆਸੀ ਭੁਲੇ ਵਿਣੁਗੁਰ ਤਤੁ ਨ ਪਾਇਆ ॥ ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨੀ ਬਿਰਥਾ ਜਨਮੁ ਗਵਾਇਆ ॥ ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥ ੧॥

ਸਮਧੇ=ਸਮਝੇ ।

ਇਸ ਜੁਗ ਵਿਚ ਭਗਤਾਂ ਨੇ ਵਾਹਿਗੁਰੂ ਦਾ ਨਾਮ ਧਨ ਖੱਟਿਆ ਹੈ ਹੋਰ ਸਾਰਾ ਜਗਤ ਭਰਮ ਵਿਚ ਭੁਲਾ ਹੋਯਾ ਹੈ । ਗੁਰਾਂ ਦੀ ਕਿਰਪਾ ਨਾਲ ਜਿਨਾਂ ਦੇ ਮਨ ਵਿਚ ਨਾਮ ਵਸਿਆ ਹੈ। ਓਨਾਂ ਨੇ ਰਾਤ ਦਿਨੇ ਨਾਮ ਨੂੰ ਹੀ ਧਿਆਇਆ ਹੈ। ਓਹ ਵਿਸ਼ਿਆਂ ਦਾ ਵਿਹੁ ਰੂਪ ਮਾਇਆ ਵਿਚ ਰਹਿਕੇ ਹੀ ਉਦਾਸ ਹੈ, ਗੁਰ ਸ਼ਬਦ ਕਰਕੇ ਹੰਗਤਾ ਨੂੰ ਸਾੜਿਆ ਹੈ। ਓਹ ਸੰਸਾਰ ਸਮੁੰਦਰ ਤੋਂ ਆਪ ਤਰ ਗਿਆ ਅਤੇ ਸਾਰੀਆਂ ਕੁਲਾਂ ਵੀ ਉਧਰ ਗਈਆਂ ਓਹਦੀ ਜੰਮਣ ਵਾਲੀ ਮਾਂ ਧੰਨ ਹੈ। ਸਦਾ ਹੀ ਸ਼ਾਂਤੀ ਸੁਖ ਉਸਦੇ ਮਨ ਵਿਚ ਵੱਸਿਆ ਹੈ ਸਚੇ ਨਾਲ ਬ੍ਰਿਤੀ ਨੂੰ ਲਾਇਆ ਹੈ। ਬ੍ਰਹਮਾਂ ਬਿਸ਼ਨ ਸ਼ਿਵਜੀ ਤਿੰਨਾਂ ਗੁਣਾਂ ਵਿਚ ਭੁਲੇ ਹੋਇ ਹਨ ਹੰਗਤਾ ਤੇ ਮੋਹ ਨੂੰ ਵਧਾਇਆ ਹੈ। ਪੰਡਿਤ ਪੜ ਪੜ ਕੇ ਮੋਨੀ ਚੁਪ ਕਰਨ ਵਿਚ ਭੁਲੇ ਹੋਏ ਹਨ ਜਿਨਾਂ ਨੇ ਦੁਵੈਤ ਭਾਵ ਵਿਤ ਲਾਇਆ ਹੈ। ਜੋਗੀ ਜੰਗਮ ਸੰਨਿਆਸੀ ਭੁਲੇ ਹੋਏ ਹਨ ਬਿਨਾਂ ਗੁਰਾਂ ਤੋਂ ਤਤ ਵਾਹਿਗੁਰੂ ਨੂੰ ਨਹੀ ਪਾਇਆ ਹੈ। ਭਰਮ ਵਿਚ ਭੁਲੇ ਹੋਏ ਮਨਮੁਖ ਸਾਰੇ ਹੀ ਦੁਖੀਏ ਹਨ ਓਨਾਂ ਸਭਨਾਂ ਨੇ ਬਿਰਥਾ ਜਨਮ ਗਵਾਇਆ ਹੈ। ਗੁਰੂ ਜੀ ਆਖਦੇ ਹਨ ਨਾਮੀ ਵਿਚ ਰਤੇ ਹੋਏ ਓਹੋ ਆਦਮੀ ਸਮਝੇ ਹਨ ਜਿਨਾਂ ਨੂੰ ਆਪ ਸਚੇ ਨੇ ਬਖਸ਼ਕੇ ਸਾਧ ਸੰਗਤ ਵਿਚ ਮਿਲਾਇਆ ਹੈ।

## ਮਃ ੩

ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥ ਤਿਸਹਿ ਸਰੇਵਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥ ਗੁਰਮੁਖਿ ਅੰਤਰਿ ਮਨਿ ਵਸੈ ਸਦਾ ਸਦਾ ਸੁਖੁ ਹੋਇ ॥ ੨ ॥

ਗੁਰੂ ਜੀ ਆਖਦੇ ਹਨ ਉਸਨੂੰ ਸਲਾਹੀਏ ਜਿਸ ਦੇ ਵੱਸ ਸਭ ਕੁਝ ਹੋ ਰਿਹਾ ਹੈ॥ ਹੇ ਪ੍ਰਾਣੀਓਂ ਓਸੇ ਨੂੰ ਸੇਵੋ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈਗਾ॥ ਗੁਰਮੁਖਾਂ ਦੇ ਅੰਦਰ ਸਦਾ ਨਾਮ ਵੱਸਦਾ ਹੈ ਇਸ ਵਾਸਤੇ ਓਨਾਂ ਨੂੰ ਸਦਾ ਹੀ ਸੁਖ ਹੁੰਦਾ ਹੈ॥ ੨ ॥

Digitized by Panjab Digital Library | www.panjabdigilib.org

ਪਉੜੀ ॥

ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥ ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥ ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ ॥ ਜਿਸੁ ਧਨ ਕਾਰਣਿ ਚੁਗਲੀ ਕਰਹਿ ਸੋ ਧਨੁ ਚੁਗਲੀ ਹਥਿ ਨ ਆਵੈ ਓਇ ਭਾਵੈ ਤਿਥੈ ਜਾਹਿ ॥ ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ ਤਿਥਹੁ ਕਰਮ ਹੀਣ ਲੈ ਨ ਸਕਹਿ ਹੋਰਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥ ੮ ॥

ਜਿਨਾਂ ਨੇ ਗੁਰਮਖਾਂ ਨਾਲ ਮਿਲ ਕੇ ਵਾਹਿਗੁਰੂ ਦਾ ਨਾਮ ਧਨ ਨਹੀਂ ਖਟਿਆ ਹੈ ਓਹ ਇਸ ਜਗ ਵਿਚ ਦੀਵਾਲੀਏ ਹਨ ਭਾਵ ਓਨਾਂ ਦੇ ਸਿਰ ਜਮ ਦਾ ਕਰਜਾ ਹੈ ॥ ਓਹ ਸਾਰੇ ਜਗਤ ਵਿਚ ਮੰਗਦੇ ਫਿਰਦੇ ਹਨ ਓਨਾਂ ਦੇ ਮੂੰਹ ਤੇ ਕੋਈ ਥੁੱਕਾਂ ਨਹੀਂ ਪਾਉਂਦਾ ਭਾਵ ਜੂਠਾ ਟੁਕਰ ਨਹੀਂ ਪਾਉਂਦਾ ॥ ਪਰਾਈ ਬਖੀਲੀ ਕਰਦੇ ਹਨ ਆਪਣੀ ਪਰਤੀਤ ਖੋਹ ਲੈਂਦੇ ਹਨ ਸਗੋਂ ਉਲਟਾ ਆਪਣੇ ਆਪ ਨੂੰ ਮੂਰਖ ਨਿੰਦਕ ਜਣਾਉਂਦੇ ਹਨ ॥ ਜਿਸ ਧਨ ਵਾਸਤੇ ਚੁਗਲੀ ਕਰਦੇ ਹਨ ਓਹ ਧਨ ਚੁਗਲੀ ਕੀਤਿਆਂ ਹੱਥ ਨਹੀਂ ਆਉਂਦਾ ਓਹ ਭਾਵੇਂ ਜਿਥੇ ਚਾਹੁਣ ਓਥੇ ਜਾਕੇ ਵੇਖ ਲੈਣ ॥ ਗੁਰਮੁਖਾਂ ਦੀ ਰਾਹੀਂ ਸੇਵਕ ਭਾਵ ਹੋਕੇ ਪ੍ਰੇਮ ਨਾਲ ਹਰੀ ਧਨ ਮਿਲਦਾ ਹੈ ਪਰ ਓਥੋਂ ਕਰਮ ਹੀਣ ਮਨਮੁਖ ਨਹੀਂ ਲੈ ਸਕਦੇ ਅਤੇ ਹੋਰਥੇ ਦੇਸਾਂ ਪਰਦੇਸਾਂ ਵਿਚ ਹਰੀ ਧਨ ਹੈ ਵੀ ਨਹੀਂ ॥

ਸਲੋਕ ਮਃ ੩

੪੫੩ ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ ॥ ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥ ਨਾਨਕ ਤਿਨਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥ ੧ ॥

ਗੁਰਮੁਖਾਂ ਨੂੰ ਸੰਸਾ ਕਦੀ ਨਹੀਂ ਹੁੰਦਾ ਚਿੰਤਾ ਵਿਚੋਂ ਚਲੀ ਜਾਂਦੀ ਹੈ ॥ ਜੋ ਕੁਛ ਹੁੰਦਾ ਹੈ ਸੋ ਸਹਿਜੇ ਹੀ ਹੁੰਦਾ ਜਾਂਦਾ ਹੈ ਓਨਾਂ ਕੋਲੋਂ ਕੁਛ ਚੰਗਾ ਮੰਦਾ ਨਹੀਂ ਕਿਹਾ ਜਾਂਦਾ ਭਾਵ ਭਾਣਾਂ ਮੰਨਦੇ ਹਨ ॥ ਗੁਰੂ ਜੀ ਆਖਦੇ ਹਨ ਓਨਾਂ ਦਾ ਆਖਿਆ ਆਪ ਵਾਹਿਗੁਰੂ ਸੁਣਦਾ ਹੈ ਜੇਹੜੇ ਵਾਹਿਗੁਰੂ ਨੇ ਆਪਣੀ ਸ਼ਰਨ ਆਪ ਪਾ ਲਏ ਹਨ ॥

Digitized by Panjab Digital Library | www.panjabdigilib.org

## ਮਃ ੩

ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ॥ ਅਨ ਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ॥ ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥ ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖ ਪਾਉ॥੨॥

ਜਿਨਾਂ ਦੇ ਅੰਦਰ ਨਿਰਮਲ ਨਾਮ ਹੈ ਓਨਾਂ ਦੇ ਮਨ ਦੀਆਂ ਵਾਸ਼ਨਾਂ ਸਮਾ ਭਾਵ ਮਰ ਗਈਆਂ ਹਨ ਅਤੇ "ਮਨ ਜੀਤੇ ਜਗ ਜੀਤ" ਕਾਲ ਨੂੰ ਵੀ ਮਾਰ ਲਿਆ ਭਾਵ ਜਨਮ ਮਰਨ ਤੋ ਰਹਿਤ ਹੋ ਗਏ ॥ ਓਹ ਦਿਨ ਰਾਤ ਗਿਆਨ ਵਿਚ ਜਾਗਦੇ ਹਨ ਅਤੇ ਕਦੀ ਵੀ ਅਵਿਦਿਆ ਨੀਂਦ ਵਿਚ ਨਹੀਂ ਸੌਂਦੇ ਸਹਿਜੇ ਹੀ ਨਾਮ ਅੰਮ੍ਰਿਤ ਨੂੰ ਛਕਦੇ ਛਕਾਂਉਂਦੇ ਹਨ ॥ ਮਿਠੀ ਬਾਣੀ ਨਾਲ ਮਿੱਠਾ ਬੋਲਦੇ ਹਨ ਅਤੇ ਰਾਤ ਦਿਨ ਵਹਿਗੁਰੂ ਦੇ ਗੁਣ ਗਾਉਂਦੇ ਹਨ॥ ਗੁਰੂ ਜੀ ਆਖਦੇ ਹਨ ਆਪਣੇ ਘਰ ਵਿਚ ਵੱਸਦੇ ਹੋਏ ਸਦਾ ਸੋਭਦੇ ਹਨ ਓਨਾਂ ਨੂੰ ਮਿਲਿਆਂ ਸੁਖ ਪਾਈਦਾ ਹੈ ॥

## ਪਉੜੀ

ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ॥ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ ॥ ਜਿਸਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸਨੋ ਕਰਤੈ ਧੁਰਿ ਲਿਖਿ ਪਾਇਆ ॥ ਇਸੁ ਹਰਿ ਧਨ ਕਾ ਕੋਈ ਸਰੀਕ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥ ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥ ੯ ॥

ਜੇਹੜਾ ਹਰੀ ਧਨ ਰਤਨਾਂ ਜਵਾਹਿਰਾਤ ਵਰਗਾ ਹੈ ਸੋ ਹਰਿਨਾਮ ਧਨ ਵਾਹਿਗੁਰੂ ਨੇ

Digitized by Panjab Digital Library | www.panjabdigilib.org

ਗੁਰਾਂ ਪਾਸੋਂ ਦਿਵਾਇਆ ਹੈ ॥ ਇਹ ਹਰੀ ਧਨ ਗੁਰਾਂ ਤੋਂ ਬਿਨਾਂ ਜੇ ਕਿਸੇ ਕੋਲ ਕੁਝ ਨਜਰ ਆਵੇ ਤਾਂ ਕੋਈ ਕਿਸੇ ਤਰਾਂ ਤੋਂ ਲੈ ਲਵੇ ਜਾਂ ਖੋਹ ਲਵੇ ਜਾਂ ਕੋਈ ਕਿਸੇ ਪਾਸੋਂ ਆਕੇ ਦਿਵਾ ਦੇਵੇ ਅਥਵਾ ਕਿਸੇ ਨੂੰ ਆਖਕੇ ਦਿਵਾ ਦੇਵੇ ਇਹ ਹਰੀ ਧਨ ਕਿਸੇ ਨਾਲ ਜੋਰ ਕੀਤਿਆਂ ਨਹੀ ਵੰਡਾਇਆ ਜਾਂਦਾ ॥

ਜਿਸਨੂੰ ਵਾਹਿਗੁਰੂ ਗੁਰਾਂ ਨਾਲ ਸਰਧਾ ਲਵਾਵੇ ਹਰੀ ਧਨ ਦੀ ਵੰਡ ਤਿਸਦੇ ਹਥ ਆਉਂਦੀ ਹੈ ਜਿਸਨੂੰ ਕਰਤੇ ਨੇ ਧੁਰੋਂ ਹੀ ਲਿਖ ਪਾਇਆ ਹੈ ॥

ਇਸ ਹਰੀ ਧਨ ਦਾ ਕੋਈ ਸ਼ਰੀਕ ਨਹੀ ਕਿਸੇ ਦਾ ਖਤ ਲਿਖਿਆ ਹੋਯਾ ਕਿਸੇ ਕੋਲ ਨਹੀ ਕਿ ਫਲਾਣੇ ਨੂੰ ਧਨ ਦੇ ਦੇਣਾ ਅਤੇ ਕਿਸੇ ਦੇ "ਸੀਵ" ਹੱਦ ਬੰਨੇ ਦਾ ਰੌਲਾ ਵੀ ਨਹੀ ਜੇਹੜਾ ਕੋਈ ਹਰੀ ਧਨ ਦੀ ਬਖੀਲੀ ਕਰਦਾ ਹੈ ਉਸਦਾ ਵਾਹਿਗੁਰੂ ਚਹੁੰ ਕੂੰਟਾਂ ਵਿਚ ਮੂੰਹ ਕਾਲਾ ਕਰੌਂਦਾ ਹੈ ॥

ਵਾਹਿਗੁਰੂ ਦੇ ਦਿਤੇ ਨਾਲ ਕਿਸੇ ਦਾ ਜੋਰ ਬਖੀਲੀ ਨਹੀ ਚਲਦੀ ਦਿਨ ਦਿਨ ਨਿਤ ਨਿਤ ਸਵਾਇਆ ਚੜਦਾ ਹੈ ਭਾਵ ਦੂਣਾ ਹੁੰਦਾ ਹੈ ॥

## ਸਲੋਕੁ ਮਃ ੩

**ਜਗਤੁ ਜਲੰਦਾ ਰਖਿਲੈ ਆਪਣੀ ਕਿਰਪਾ ਧਾਰਿ ॥ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣ ਹਾਰੁ॥ ੧ ॥**

ਹੇ ਵਾਹਿਗੁਰੂ ਇਹ ਜਗਤ ਕਾਮ ਕਰੋਧ ਤ੍ਰਿਸ਼ਨਾਂ ਅਗਨੀ ਕਰਕੇ ਸੜਦਾ ਹੈ ਤਿਸਨੂੰ ਵਾ ਤਿਸ ਵਿਚੋਂ ਮੈਨੂੰ ਕਿਰਪਾ ਕਰਕੇ ਰਖ ਲੈ॥ ਜਿਸ ਤਰੀਕੇ ਨਾਲ ਬਚ ਸਕਦਾ ਹੈ ਓਸੇ ਹੀ ਰਸਤੇ ਬਚਾ ਲਓ ॥ ਜਿਨਾਂ ਸਤਿਗੁਰਾਂ ਨੇ ਗੁਰਮੁਖਾ ਨੂੰ ਸੁਖ ਰੂਪ ਵਾਹਿਗੁਰੂ ਵਿਖਾਲਿਆ ਹੈ ਓਨਾਂ ਦਾ ਜੇਹੜਾ ਸਚਾ ਸਬਦ ਹੈ ਉਸਦਾ ਵਿਚਾਰ ਦਿਓ ॥ ਗੁਰੂ ਜੀ ਆਖਦੇ ਹਨ ਵਾਹਿਗੁਰੂ ਤੋਂ ਬਿਨਾਂ ਬਖਸ਼ਨ ਵਾਲਾ ਹੋਰ ਕੋਈ ਨਹੀ ਦਿਸਦਾ ।

## ਮਃ ੩

**ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ॥ ਨਾ ਇਹ ਮਾਰੀ ਨਾ ਮਰੈ ਨਾ ਇਹਿ ਹਟਿ ਵਿਕਾਇ॥ ਗੁਰਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ॥ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ**

Digitized by Panjab Digital Library | www.panjabdigilib.org

॥ ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥ ੨ ॥

ਮਾਇਆ ਮੋਹਣੀ ਦੀ ਹੰਗਤਾ ਕਰਕੇ ਜੀਵ ਦਵੈਤ ਭਾਵ ਵਿਚ ਜਾ ਲਗੇ ਹਨ ॥ ਨਾਂ ਇਹ ਕਿਸੇ ਪਾਸੋਂ ਮਾਰੀ ਜਾਂਦੀ ਹੈ ਨਾਂ ਇਹ ਆਪ ਹੀ ਮਰਦੀ ਹੈ ਅਰ ਨਾਂ ਇਹ ਕਿਸੇ ਹੱਟੀ ਤੇ ਵਿਕ ਸਕਦੀ ਹੈ ॥ ਪਰ ਜਦੋਂ ਇਸਨੂੰ ਗੁਰਾਂ ਦੇ ਸ਼ਬਦ ਨਾਲ ਸਾੜੀਏ ਤਾਂ ਇਹ ਦਿਲ ਵਿਚੋਂ ਦੂਰ ਹੋ ਜਾਂਦੀ ਹੈ । ਓਦੋਂ ਫਿਰ ਜੀਵ ਦਾ ਤਨ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਨ ਵਿਚ ਨਾਮ ਆ ਵਸਦਾ ਹੈ ॥ ਗੁਰੂ ਜੀ ਆਖਦੇ ਹਨ ਮਾਇਆ ਦੇ ਮਾਰਣ ਦਾ ਮਸਾਲਾ ਤਰੀਕਾ ਗੁਰਾਂ ਦਾ ਸਬਦ ਹੈ ਸੋ ਗੁਰਾਂ ਦੇ ਰਾਹੀਂ ਪਾਇਆ ਜਾਂਦਾ ਹੈ ॥

## ਪਉੜੀ

ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥ ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ ॥ ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥ ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥ ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ ॥ ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥ ੧੦ ॥

*ਜੇਹੜੀ ਗੁਰੂ ਅਮਰਦਾਸ ਜੀ ਦੀ ਵਡਿਆਈ ਹੈ ਸੋ ਗੁਰੂ ਅੰਗਦ ਸਾਹਿਬ ਜੀ ਨੇ ਧੁਰੋਂ ਹੀ ਵਾਹਿਗੁਰੂ ਦਾ ਹੁਕਮ ਸਮਝਕੇ ਪਰਗਟ ਹੀ ਦਾਤ ਦੇ ਦਿਤੀ । ਪੁਤ੍ਰਾਂ ਭਤੀਜਿਆਂ, ਜਵਾਈ, ਹੋਰ ਆਪਣਿਆਂ ਸਾਕਾਂ ਅੰਗਾਂ ਸਕਿਆਂ ਸਰਬੰਧੀਆਂ ਕੁੜਮਾਂ ਆਦਿਕਾਂ ਨੂੰ ਅਗੋਂ ਪਿਛੋਂ ਚੰਗੀਤਰਾਂ ਟੋਲਕੇ ਡਿੱਠਾ ਤੇ ਗੁਰੂ ਅਮਰਦਾਸ ਜੀ

---

*ਸ੍ਰੀ ਗੁਰੂ ਰਾਮਦਾਸ ਜੀ ਆਖਦੇ ਹਨ । ਪੌੜੀਆਂ ਗੁਰੂ ਰਾਮਦਾਸ ਜੀ ਦੀਆਂ ਹਨ । ਜਿਸ ਕਿਸੇ ਵਾਰ ਦੇ ਪਹਿਲੋਂ ਜਿਸ ਗੁਰੂ ਦਾ ਨਾਮ ਮਹਲਾ ਲਿਖਿਆ ਹੋਇਆ ਹੋਵੇ ਓਸੇ ਹੀ ਗੁਰੂ ਸਾਹਿਬ ਦੀਆਂ ਪੌੜੀਆਂ ਹੁੰਦੀਆਂ ਹਨ ।

Digitized by Panjab Digital Library | www.panjabdigilib.org

854



ਲਾਇਕ ਦੇਖੇ ਸਾਰਿਆਂ ਦੇ ਦਿਲਦਾ ਹੰਕਾਰ ਦੂਰ ਕਰ ਦਿਤਾ ਤੇ ਗੁਰੂ ਅਮਰਦਾਸ ਜੀ ਦੀ ਸੇਵਾ ਵੇਖ ਵਿਖਾਕੇ ਗੁਰਿਆਈ ਦੇ ਦਿਤੀ। ਹੁਣ ਜਿਥੇ ਕੋਈ ਦੇਖੇ ਓਥੇ ਮੇਰਾ ਸਤਿਗੁਰੂ ਨਜਰ ਆਂਵਦਾ ਹੈ ਸਾਰਾ ਜਹਾਨ ਵਾਹਿਗੁਰੂ ਨੇ ਸਤਿਗੁਰਾਂ ਨੂੰ ਬਖਸ਼ ਦਿਤਾ ਹੈ ਭਾਵ ਸਾਰਾ ਜਗਤ ਸਤਿਗੁਰਾਂ ਦੇ ਹੁਕਮ ਵਿਚ ਕੀਤਾ ਹੈ ਅਥਵਾ ਸਾਰੇ ਜਹਾਨ ਵਿਚੋਂ ਵਾਹਿਗੁਰੂ ਨੇ ਓਸਨੂੰ ਬਖਸ਼ਿਆ ਹੈ ਜੇਹੜ' ਗੁਰਾਂ ਦੀ ਸ਼ਰਨ ਆਇਆ। ਜੇਹੜ ਸਤਿਗੁਰਾਂ ਨੂੰ ਮਿਲਕੇ ਬਚਨ ਮੰਨੇ ਉਸਦਾ ਲੋਕ ਪ੍ਰਲੋਕ ਸੌਰ ਜਾਂਦਾ ਹੈ ਜੇਹੜਾ ਸਤਿਗੁਰਾਂ ਤੋਂ ਬੇਮੁਖ ਹੁੰਦਾ ਹੈ ਓਹ ਭਰਿਸ਼ਟ ਥਾਂ ਫਿਰਦਾ ਹੈ ਭਾਵ ਨਰਕਾਂ ਵਿਚ ਚੌਥੇ ਗੁਰੂ ਨਾਨਕ ਆਖਦੇ ਹੈਨ ਕਿ ਜਦੋਂ ਦਾਸ ਦੇ ਵੱਲ ਮੇਰਾ ਸਤਿਗੁਰ ਸੁਆਮੀ ਹੋਯਾ ਓਦੋਂ ਸੁਜਾਨ ਵਾਹਿਗੁਰੂ ਅਕਾਲ ਪੁਰਖ ਦਾਸ ਦਾ ਸੱਜਣ ਬਣ ਗਿਆ॥ ਸਤਿਗੁਰੂ ਅਮਰ ਦਾਸ ਜੀ ਦੇ ਲੰਗਰ ਵਿਚ ਅਨੇਕ ਤਰਾਂ ਦੇ ਭੋਜਨ ਕੜਾਹ ਪ੍ਰਸਾਦ ਆਦਿਕ ਦੀ ਚੋਗ ਪੈਂਦੀ ਦੇਖਕੇ ਸਾਰੇ ਜਗਤ ਦੇ ਲੋਕ ਗੁਰਾਂ ਦੀ ਚਰਨੀ ਆ ਪਏ ਪਰ ਗੁਰਾਂ ਨੇ ਸਰਿਆਂ ਦੇ ਮਨੋ ਹੰਕਾਰ ਲਾਹ ਦਿਤਾ ਕਿ ਗੁਰਿਆਈ ਸਾਨੂੰ ਬਖਸ਼ੀ ਅਥਵਾ ਰਾਤ ਨੂੰ ਦੇਗਾਂ ਧੋਕੇ ਮੂਧੀਆਂ ਮਾਰਾ ਛੱਡਦੇ ਸਨ ਆਪ ਸੰਗਤ ਦੇ ਪਿਛੋਂ ਕੋਧਰੇ ਦਾ ਅੰਨ ਖਾਂਦੇ ਹੁੰਦੇ ਸਨ ਸਭਨੂੰ ਇਕੋ ਜੇਹਾ ਅੰਨ ਮਿਲਦਾ ਸੀ॥

## ਸਲੋਕ ਮਃ ੧

**ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ॥ ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ ॥ ੧ ॥**

ਕੋਈ ਜਮੀਨ ਵਾਹੁੰਦਾ ਹੈ ਕੋਈ ਖੇਤ ਵੱਢਦਾ ਹੈ ਅਤੇ ਕੋਈ ਖਲਵਾੜੇ ਪਾਂਉਂਦਾ ਹੈ॥ ਗੁਰੂ ਜੀ ਆਖਦੇ ਹਨ ਇਹ ਨਹੀਂ ਜਾਣਿਆਂ ਜਾਂਦਾ ਕਿ ਇਸ ਅੰਨ ਨੂੰ ਕੇਹੜਾ ਕੋਈ ਅੰਤ ਨੂੰ ਖਾਵੇਗਾ ਜਾਂ ਨਹੀਂ ਭਾਵ ਕਈ ਸ੍ਰਵਨ ਮੰਨਨ ਨਿਧਜਸਨ ਕਰਦੇ ਹਨ ਪਰ ਪਤਾ ਨਹੀਂ ਵਾਹਿਗੁਰੂ ਕਿਸਨੂੰ ਮਿਲੇਗਾ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਗੱਦੀ ਨ ਦਿਤੀ॥

## ਮਃ ੩

**ਜਿਸੁ ਮਨਿ ਵਸਿਆ ਤਰਿਆ ਸੋਇ ॥ ਨਾਨਕ ਜੋ ਭਾਵੈ ਸੋ ਹੋਇ ॥ ੨ ॥**

ਜਿਸਦੇ ਮਨ ਵਿਚ ਵਾਹਿਗੁਰੂ ਵਸਿਆ ਹੈ ਓਹ ਸੰਸਾਰ ਸਮੁੰਦ੍ਰ ਤੋਂ ਤਰ ਗਿਆ ਹੈ॥ ਗੁਰੂ ਜੀ ਆਖਦੇ ਹਨ ਜੋ ਵਾਹਿਗੁਰੂ ਨੂੰ ਭਾਂਉਂਦਾ ਹੈ ਸੋ ਹੁੰਦਾ ਹੈ॥

Digitized by Panjab Digital Library | www.panjabdigilib.org

## ਪਉੜੀ

ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥ ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥ ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥ ੧੧ ॥

ਉਸਨੂੰ ਵਾਹਿਗੁਰੂ ਨੇ ਦਿਆਲੂ ਹੋਕੇ ਸਮੁੰਦ੍ਰ ਤੋਂ ਤਾਰਿਆ ਹੈ ॥ ਜਿਸਦਾ ਭਰਮ ਭੈ ਗੁਰਾਂ ਪੂਰਿਆਂ ਨੇ ਮਿਹਰਵਾਨ ਹੋਕੇ ਮਾਰਿਆ ਹੈ ॥ ਕਾਮ ਕਰੋਧ ਭੈਆਨਕ ਦੂਤਾਂ ਦਾ ਟੋਲਾ ਤਿਸਤੋਂ ਹਾਰਿਆ ਹੈ। ਨਾਮ ਅਮ੍ਰਿਤ ਦਾ ਖਜਾਨਾ ਤਿਸਨੈ ਕੰਠ ਰਿਦੇ ਵਿਚ ਧਾਰਿਆ ਹੈ ॥ ਗੁਰੂ ਜੀ ਆਖਦੇ ਹਨ ਸੰਤਾਂ ਦਾ ਸੰਗ ਕਰਕੇ ਤਿਸਨੇ ਜਨਮ ਮਰਨ ਵੀ ਸਵਾਰ ਲਿਆ।

## ਸਲੋਕ ਮਃ ੩

ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿ ॥ ਪੰਚ ਚੋਰ ਤਿਨਾ ਘਰੁ ਮੁਹਨਿ ਹਉਮੈ ਅੰਦਰਿ ਸੰਨਿ ॥ ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ ॥ ਜਿਨੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ ॥ ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ ॥ ਪਇਐ ਕਿਰਤਿ ਕਮਾਵਦੇ ਜਿਵ ਰਾਖੈ ਤਿਵੈ ਰਹੰਨਿ ॥ ੧ ॥

ਜਿਨਾਂ ਨੇ ਝੂਠੀਆਂ ਕਹਾਣੀਆਂ ਕਹਿ ਕਹਿਕੇ ਨਾਮ ਵਿਸਾਰਿਆ ਹੈ ਵਾ ਝੂਠੇ ਪ੍ਰਸੰਗ ਕਹਿਣ ਵਿਚ ॥ ਪੰਜ ਚੋਰ ਓਹਨਾਂ ਦੇ ਘਰ ਨੂੰ ਲੁਟਦੇ ਹਨ ਹੰਗਤਾ ਦੀ ਅੰਦਰ ਸੰਨ ਲਾਕੇ ਭਾਵ ਕਾਮ ਕਰੋਧ ਰਿਦੇ ਵਿਚੋਂ ਧਰਮ ਨੂੰ ਦੂਰ ਕਰਦੇ ਹਨ ॥ ਕਰੜੇ ਰਿਦੇ ਤੇ ਖੋਟੀ ਮਤਿ ਵਾਲੇ ਇਸ ਤਰਾਂ ਲੁਟੇ ਜਾਂਦੇ ਹਨ ਅਤੇ ਵਾਹਿਗੁਰੂ ਦੇ ਨਾਮ ਰਸ ਦਾ ਸੁਆਦ ਨਹੀ ਜਾਣਦੇ। ਜਿਨਾਂ ਨੇ ਭਰਮ ਕਰਕੇ ਧਰਮ ਅਮ੍ਰਿਤ ਨੂੰ ਲੁਟਾਇਆ ਹੈ ਅਤੇ ਵਿਸ਼ਿਆਂ ਵਿਚ ਆਪ ਰਚੇ ਰਹਿੰਦੇ ਹਨ ਹੋਰਨਾਂ ਨੂੰ ਵਿਸ਼ਿਆਂ ਵਿਚ ਪਾਉਂਦੇ ਹਨ ॥ ਦੁਸ਼ਟਾਂ ਨਾਲ ਪ੍ਰੀਤੀ ਸੰਤ ਜਨਾਂ ਨਾਲ ਝਗੜੇ ਕਰਦੇ ਹਨ ॥ ਗੁਰੂ ਜੀ ਆਖਦੇ ਹਨ ਸਾਕਤ ਨਰਕ ਵਿਚ ਜਮਾਂ ਦੇ ਬਧੇ ਹੋਏ ਦੁਖ ਸਹਾਰਦੇ ਹਨ ॥

Digitized by Panjab Digital Library | www.panjabdigilib.org

ਓਨਾਂ ਦੇ ਮਥੇ ਤੇ ਜਿਸਤਰਾਂ ਦਾ ਲੇਖ ਲਿਖਿਆ ਪਿਆ ਹੈ ਓਸੇ ਤਰਾਂ ਦੇ ਓਹ ਕੰਮ ਕਰਦੇ ਹਨ ਜਿਥੇ ਵਾਹਿਗੁਰੂ ਰਖਦਾ ਹੈ ਓਥੇ ਹੀ ਫਿਰ ਰਹਿੰਦੇ ਹਨ। ਅਥਵਾ ਜਿਸਤਰਾਂ ਕਰਮ ਰਖਦੇ ਹਨ ਓਸੇ ਹੀ ਤਰਾਂ ਰਹਿੰਦੇ ਹਨ ॥

## ਮਃ ੩

**ਜਿਨੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ ॥ ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ॥ ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ ॥ ਹਰਿ ਦਾਸਾ ਕਾ ਦਾਸੁ ਹੋਇ ਪਰਮ ਪਦਾਰਥੁ ਤਿਸੁ ॥ ਨਾਨਕ ਮਨਿ ਤਨਿ ਜਿਸੁ ਪ੍ਰਭੁ ਵਸੈ ਹਉ ਸਦ ਕੁਰਬਾਣੈ ਤਿਸੁ ॥ ਜਿਨ ਕਉ ਪੂਰਬਿ ਲਿਖਿਆ ਰਸੁ ਸੰਤ ਜਨਾ ਸਿਉ ਤਿਸੁ ॥ ੨ ॥**

ਜਿਨਾਂ ਨੇ ਸਤਿਗੁਰਾਂ ਨੂੰ ਸੇਵਿਆ ਹੈ ਓਨਾਂ ਕਮਜੋਰਾਂ ਦੇ ਗੁਰੂ ਜੀ ਬਲ ਹਨ ਭਾਵ ਮਦਤ ਕਰਦੇ ਹਨ ॥ ਸਾਹ ਲੈਂਦਿਆਂ ਅੰਨ ਖਾਂਦਿਆਂ ਜਿਸਦੇ ਮਨ ਵਿਚ ਸਦਾ ਵਾਹਿਗੁਰੂ ਵਸਦਾ ਹੈ ਓਸ ਨੂੰ ਜਮ ਦੇਖ ਵਾ ਦਬ ਨਹੀ ਸਕਦਾ ॥
ਜਿਸਦੇ ਰਿਦੇ ਵਿਚ ਵਾਹਿਗੁਰੂ ਦੇ ਨਾਮ ਦਾ ਪ੍ਰੇਮ ਅਨੰਦ ਹੈ ਲਛਮੀ ਬਿਸ਼ਨ ਦੀ ਇਸਤ੍ਰੀ ਸੇਵਕ ਹੋਕੇ ਓਸ ਦੀ ਸੇਵਾ ਕਰਦੀ ਹੈ ॥ ਜੇਹੜਾ ਵਾਹਿਗੁਰੂ ਦੇ ਦਾਸਾਂ ਦਾ ਦਾਸ ਹੋਯਾ ਹੈ ਉਸਨੂੰ ਪਰਮ ਪਦਾਰਥ ਮੋਖ ਮਾਰਗ ਪ੍ਰਾਪਤ ਹੋਯਾ ਹੈ ਗੁਰੂ ਜੀ ਆਖਦੇ ਹਨ ਜਿਸ ਦੇ ਮਨ ਤਨ ਵਾਹਿਗੁਰੂ ਵਸਦਾ ਹੈ ਮੈਂ ਤਿਸਤੋਂ ਸਦਾ ਕੁਰਬਾਨ ਜਾਂਦਾ ਹਾਂ ॥
ਜਿਨਾਂ ਨੂੰ ਪਿਛਲੇ ਕਰਮਾਂ ਅਨੁਸਾਰ ਲਿਖਿਆ ਹੈ ਉਨਾਂ ਨੂੰ ਸੰਤਾਂ ਨਾਲ ਰਸ [ਪਜਾਰ] ਰਹੇਗਾ।

## ਪਉੜੀ

**ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ ॥ ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ ॥ ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ ॥ ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰਮਣੀਆ ॥ ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ ॥ ੧੨ ॥**

Digitized by Panjab Digital Library | www.panjabdigilib.org

ਜੋ ਪੂਰੇ ਸਤਿਗੁਰ ਨੇ ਬੋਲਿਆ ਹੈ ਵਾਹਿਗੁਰੂ ਨੇ ਸੁਣਿਆਂ ਹੈ ਵਾ ਜੋ ਗੁਰੂ ਜੀ ਬੋਲਦੇ ਹਨ ਸੋ ਵਾਹਿਗੁਰੂ ਸੁਣਦਾ ਹੈ ॥
ਓਹ ਹੀ ਜਗਤ ਵਿਚ ਵਰਤਿਆ ਹੈ ਇਸ ਗਲ ਨੂੰ ਹਰ ਇਕ ਆਦਮੀ ਨੇ ਮੂੰਹੋਂ ਆਖਿਆ ਹੈ ਭਾਵ ਗੁਰਾਂ ਦਾ ਹੁਕਮ ਜਗਤ ਵਿਚ ਵਰਤਦਾ ਹੈ ॥
ਸਤਿਗੁਰਾਂ ਵਿਚ ਬਹੁਤ ਵਡਿਆਈਆਂ ਹਨ ਗਿਣੀਆਂ ਨਹੀਂ ਜਾਂਦੀਆਂ।
ਸਤਿਗੁਰਾਂ ਪਾਸ ਵਾਹਿਗੁਰੂ ਦਾ ਗਿਆਨ ਅਨੰਦ ਹੈ ਇਸ ਵਾਸਤੇ ਗੁਰਾਂ ਦੀ ਸੱਚੀ ਮਨੌਤ ਵਡਿਆਈ ਹੈ ॥ ਗੁਰੂ ਜੀ ਆਖਦੇ ਹਨ ਜਿਤ ਵਾਹਿਗੁਰੂ ਨੇ ਸਵਾਰੇ ਹਨ ਇਸ ਵਾਸਤੇ ਓਨਾਂ ਦਾ ਅਨੰਦ ਜਸ ਸਚੇ ਵਟਰਾ ਕਰਿਆਂ ਹੈ ॥

## ਸਲੋਕੁ ਮਃ ੩

ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ ॥ ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ ॥ ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ ॥ ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ ॥ ੧ ॥

ਇਸ ਜੀਵ ਨੇ ਆਪਣਾ ਆਪ ਨਹੀਂ ਪਛਾਣਿਆਂ ਏਸੇ ਵਾਸਤੇ ਵਾਹਿਗੁਰੂ ਮਾਲਕ ਨੂੰ ਆਪਣੇ ਆਪ ਤੋਂ ਦੂਰ ਜਾਣਿਆਂ ਹੈ॥ ਏਸੇ ਕਰਕੇ ਇਸਨੂੰ ਗੁਰਾਂ ਦੀ ਸੇਵਾ ਕਰਨੀ ਵਿਸਰ ਗਈ ਹੈ ਤੇ ਮਨ ਇਸ ਦਾ ਗੁਰਾਂ ਦੇ ਪਾਸ ਕੀਕੂੰ ਰਹਿ ਸਕਦਾ ਹੈ॥ ਝੂਠੇ ਮਨਮੁਖ ਨੇ ਝੂਠੇ ਪਦਾਰਥਾਂ ਦੇ ਲਾਲਚ ਵਿਚ ਲਗਕੇ ਜਨਮ ਗਵਾ ਲਿਆ ਹੈ ॥ ਗੁਰੂ ਜੀ ਆਖਦੇ ਹਨ ਜਿਨਾਂ ਨੇ ਸ਼ਬਦ ਨੂੰ ਧਾਰਨ ਕੀਤਾ ਹੈ ਓਨਾਂ ਨੂੰ ਸਚੇ ਵਾਹਿਗੁਰੂ ਨੇ ਆਪਣੇ ਪਾਸ ਬੁਲਾਕੇ ਭਾਵ ਭਗਤ ਬਣਾਕੇ ਔਗੁਣ ਬਖਸ਼ਕੇ ਆਪਣੇ ਵਿਚ ਮਿਲਾ ਲਿਆ ਹੈ ॥

## ਮਃ ੩

ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ॥ ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ॥ ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ॥ ੨ ॥

ਜਿਨਾਂ ਨੇ ਵਾਹਿਗੁਰੂ ਮਾਲਕ ਦਾ ਸੱਚਾ ਜੱਸ ਕੀਤਾ ਹੈ ਅਤੇ ਗੁਰਮੁਖਾਂ ਨਾਲ

Digitized by Panjab Digital Library | www.panjabdigilib.org

ਮਿਲਕੇ ਵਾਹਿਗੁਰੂ ਦਾ ਨਾਮ ਜਪਿਆ ਹੈ ॥ ਰਾਤ ਦਿਨੇ ਨਾਮ ਦਾ ਸਲਾਹੁੰਣਾਂ ਕਰਦਿਆਂ ਹੋਇਆਂ ਹਰੀ ਦਾ ਨਾਮ ਜਪਿਆ ਤੇ ਮਨ ਅਨੰਦ ਹੋਯਾ ॥ ਵਡੇ ਭਾਗਾਂ ਨਾਲ ਵਾਹਿਗੁਰੂ ਨੂੰ ਜਪਿਆ ਤੇ ਪੂਰਨ ਪਰਮ ਅਨੰਦ ਹੋਯਾ ॥ ਗੁਰੂ ਜੀ ਆਖਦੇ ਹਨ ਜਿਸ ਦਾਸ ਨੇ ਨਾਮ ਨੂੰ ਸਲਾਹਿਆ ਹੈ ਫਿਰ ਉਸਦੇ ਮਨ ਤਨ ਦੇ ਵਿਘਨ ਨਾਸ ਹੋਗਏ ਭਾਵ ਫੇਰ ਉਸਦਾ ਮਨ ਤਨ ਚਿੰਤਾ ਵਿਚ ਨਹੀਂ ਪਿਆ ॥

## ਪਉੜੀ॥

**ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥ ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ । ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸੁਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥ ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜਿ ਆਵੈ ॥ ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹਕਾ ਜਿ ਸਤਿਗੁਰ ਨੋ ਮੰਨੈ ਸੁ ਸਭਨਾ ਭਾਵੈ ॥॥ ੧੩॥ ੧ ॥ ਸੁਧ ॥**

ਤੜ=ਛੇਤੀ ॥

ਜੇਹੜਾ ਕੋਈ ਪਹਿਲੇ ਸਤਿਗੁਰਾਂ ਦਾ ਨਿੰਦਕ ਹੋਵੇ ਫਿਰ ਗੁਰਾਂ ਦੀ ਸ਼ਰਨ ਆ ਜਾਵੇ ॥ ਸਤਿਗੁਰੂ ਪਿਛਲੇ ਗੁਨਾਂਹ ਬਖਸ਼ ਲੈਂਦੇ ਹਨ ਅਗੇ ਵਾਸਤੇ ਸਤਸੰਗਤ ਨਾਲ ਰਲਾ ਦੇਂਦੇ ਹਨ ॥ ਜਿਸਤਰਾਂ ਮੀਂਹ ਵਰ੍ਹਿਆਂ ਗਲੀਆਂ ਨਾਲਿਆਂ ਟੋਬਿਆਂ ਦਾ ਪਾਣੀ ਗੰਗਾ ਵਿਚ ਜਾ ਪੈਂਦਾ ਹੈ ਗੰਗਾ ਨਦੀ ਨਾਲ ਮਿਲਦਾ ਹੀ ਪਵਿਤ੍ਰ ਤੋਂ ਪਵਿਤ੍ਰ ਹੋ ਜਾਂਦਾ ਹੈ ॥

ਸਤਿਗੁਰੂ ਨਿਰਵੈਰ ਵਿਚ ਇਹ ਵਡਿਆਈ ਹੈ ਜਿਸਦੇ ਮਿਲਨ ਕਰਕੇ ਤ੍ਰਿਸ਼ਨਾ ਭੁਖ ਸਭ ਉਤਰ ਜਾਂਦੀ ਹੈ ਅਤੇ ਵਾਹਿਗੁਰੂ ਨੂੰ ਜਾਨਣ ਵਾਲੀ ਸ਼ਾਂਤੀ ਛੇਤੀ ਨਾਲ ਆ ਜਾਂਦੀ ਹੈ ॥ ਗੁਰੂ ਜੀ ਆਖਦੇ ਹਨ ਮੇਰੇ ਸਚੇ ਸ਼ਾਹ ਦਾ ਇਹ ਅਸਚਰਜ ਤਮਾਸ਼ਾ ਦੇਖੋ ਜੇਹੜਾ ਸਤਿਗੁਰਾਂ ਨੂੰ ਮੰਨਦਾ ਹੈ ਓਹ ਸਾਰਿਆਂ ਨੂੰ ਚੰਗਾ ਲਗਦਾ ਹੈ ।

Digitized by Panjab Digital Library | www.panjabdigilib.org

# ਬਿਲਾਵਲੁ ਬਾਣੀ ਭਗਤਾ ਕੀ ਕਬੀਰ ਜੀਉ

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ ॥

ਪੇਖਨਾ=ਵੇਖਣਾ, ਖਡੌਣਾ, ਤਮਾਸ਼ਾ ॥

ਇਕੁਰ ਦਾ ਇਹੁ ਸੰਸਾਰ ਝੂਠਾ ਹੈ, ਕੋਈ ਵੀ ਇਸਤੇ ਰਹਿਣਾ ਨਹੀਂ ਪੌਂਦਾ ॥

ਸੂਧੇਸੂਧੇ ਰੇਗਿ ਚਲਹੁ ਤੁਮ
ਨਤਰ ਕੁਧਕਾ ਦਿਵਈ ਹੈ ਰੇ॥ ੧ ॥ ਰਹਾਉ ॥

ਰੇਗਿ=ਤੁਰੇ ਚਲੋ ॥ ਨਤਰ=ਨਹੀਂ ਤਾਂ ॥ ਕੁਧੱਕਾ=ਖੋਟਾ, ਮਾੜਾ=ਧੱਕਾ ॥

ਸਿਧੇ ਸਿਧੇ ਵਾਹਿਗੁਰੂ ਦੇ ਰਸਤੇ ਤੁਰੇ ਚਲੋ ਨਹੀਂ ਤਾਂ ਵਾਹਿਗੁਰੂ ਤੁਹਾਨੂੰ ਧਰਮ ਰਾਜਾ ਪਾਸੋਂ ਨਰਕ ਵਿਚ ਧੱਕਾ ਦਿਵਾਵੇਗਾ ॥

ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈ ਹੈ ਰੇ ॥
ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈ ਹੈ ਰੇ ॥ ੧ ॥

ਬਾਰੇ=ਬਾਰਕ ॥ ਤਰੁਨੇ=ਜਵਾਨ । ਬਪੁਰਾ=ਵਿਚਾਰਾ । ਮੂਸਾ=ਚੂਹਾ ॥
ਮੀਚ=ਮੌਤ । ਬਿਲਈਆ=ਬਿਲੀ ॥

ਬਾਲਕ, ਬੁਢੇ, ਜਵਾਨ (ਹੇ ਭਾਈ) ਸਾਰਿਆਂ ਨੂੰ ਜਮ ਲੈ ਜਾਵੇਗਾ, ਮਨੁਖ ਵਿਚਾਰਾ ਚੂਹਾ ਕੀਤਾਂ ਹੈ ਅਤੇ ਮੌਤ ਬਿਲੀ ਖਾਂਦੀ ਹੈ ॥

ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥ ੨ ॥

ਮਨਈ=ਮਨੁਖ । ਕਾਨੀ=ਕਨੌਡ, ਕੁਸ਼ਾਮਤ । ਸਮ=ਬਰਾਬਰ ॥
ਬਡਾਨੀ=ਅਸਚਰਜ ॥

ਧਨ ਵਾਲੇ ਅਤੇ ਗਰੀਬ ਜੇਹੜੇ ਮਨੁਖ ਹਨ ਤਿਨਾਂ ਦੀ ਤਿਸਨੂੰ ਕੁਝ ਕੁਸ਼ਾਮਤ ਨਹੀਂ, ਰਾਜਾ ਪਰਜਾ ਨੂੰ ਬਰਾਬਰ ਜਾਣਕੇ ਮਾਰਦਾ ਹੈ,ਇਕਰ ਦਾ ਕਾਲ ਅਸਚਰਜ 'ਜੋਰਾਵਰ'' ਹੈ ॥

ਹਰਿ ਕੇ ਸੇਵਕ ਜੋ ਹਰਿ ਭਾਏ ਤਿਨਕੀ ਕਥਾ ਨਿਰਾਰੀ ਰੇ ॥

Digitized by Panjab Digital Library | www.panjabdigilib.org

ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥੩॥

ਵਾਹਿਗੁਰੂ ਦੇ ਦਾਸ ਜੇਹੜੇ ਵਾਹਿਗੁਰੂ ਨੂੰ ਰਛੇ ਲਏ ਹਨ, ਉਨ੍ਹਾਂ ਦੀ ਕਥਾ ਸੰਸਾਰੀਆਂ ਨਾਲੋਂ ਵਖਰੀ ਹੈ, ਨਾ ਔਂਦੇ ਨਾ ਜਾਂਦੇ ਨਾ ਕਦੇ ਮਰਦੇ ਹਨ ਓਹ ਵਾਹਿਗੁਰੂ ਦੇ ਨਾਲ ਹੀ ਰਹਿੰਦੇ ਹਨ ॥

ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥

ਕਹਤ ਕਬੀਰ ਸੁਨਹੁ ਰੇ ਸੰਤਹੁ ਮਿਲਿ ਹੈ ਸਾਰਿਗ ਪਾਨੀ ਰੇ ।੪॥੧

ਕਲਤ੍ਰ=ਇਸਤ੍ਰੀ ॥ ਮਾਇਆ=ਛਲ ਰੂਪ ॥
ਸਾਰੰਗਪਾਨੀ=ਧਨੁਖਧਾਰੀ ਵਾਹਿਗੁਰੂ ॥

ਪੁਤ੍ਰ, ਇਸਤ੍ਰੀ, ਦੌਲਤ, ਏਹੁ ਜੇਹੜੀ ਸੱਚੀ ਤੁਸਾਂ ਜੀਅ ਵਿਚ ਜਾਣੀ ਹੈ ਸੋ ਇਹੁ ਛਲ ਜਾਣ ਵਾਲੀ ਹੈ, ਇਸ ਲਈ ਇਸਨੂੰ ਛਡੋ, ਕਬੀਰ ਜੀ ਕਹਿੰਦੇ ਹਨ ਹੇ ਸੰਤੋ ! ਸੁਣੋ ਤੁਸੀ ਵਾਹਿਗੁਰੂ ਨੂੰ ਮਿਲ ਜਾਵੋਗੇ ਵਾ ਤੁਹਾਨੂੰ ਵਾਹਿਗੁਰੂ ਮਿਲ ਜਾਵੇਗਾ ॥

## ਬਿਲਾਵਲੁ

ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥

ਹਰਿ ਗੁਨ ਕਥਤ ਸੁਨਤ ਬਉਰਾਨਉ ॥੧॥

ਵਿਦਿਆ ਮੈਂ ਨਹੀਂ ਪੜ੍ਹਦਾ, ਝਗੜਾ ਮੈਂ ਨਹੀਂ ਜਾਣਦਾ, ਵਾਹਿਗੁਰੂ ਦੇ ਗੁਣ ਕਹਿੰਦਾ ਸੁਣਦਾ ਬੌਰਾ ਹੋਯਾ ਹਾਂ ॥

ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥

ਮੈ ਬਿਗਰਿਓ *ਬਿਗਰੈ ਮਤਿ ਅਉਰਾ॥ ੧ ॥ ਰਹਾਉ ॥

ਹੇ ਮੇਰੇ ਬਾਬਾ ! ਮੈਂ ਬੌਰਾ ਹਾਂ ਅਤੇ ਸਾਰੀ ਖਲਕਤ ਸਿਆਣੀ ਹੈ ਮੈਂ ਬੌਰਾ ਹਾਂ) ਮੈਂ ਵਿਗੜ ਗਿਆ ਹਾਂ, ਹੋਰ ਕੋਈ ਮੇਰੇ ਵਤ ਮੇਰੇ ਨਾਲ ਮਤ ਵਿਗੜੇ ॥

ਆਪਿ ਨ ਬਉਰਾ ਰਾਮ ਕੀਓ ਬਉਰਾ ॥

ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥

ਮੈਂ ਆਪ ਜਾਣਕੇ ਬੌਰਾ ਨਹੀਂ ਹੋਯਾ, ਮੈਨੂੰ ਵਾਹਿਗੁਰੂ ਨੇ ਬੌਰਾ ਕੀਤਾ ਹੈ, ਸਤਿਗੁਰੂ ਮੇਰਾ ਭਰਮ ਸਾੜ ਗਿਆ ਹੈ ॥

---

*ਮਤਿ=ਤੱਤੇ ਨੂੰ ਸਿਹਾਰੀ ਹੋਣ ਕਰਕੇ ਮਤਿ=ਦਾ ਅਰਥ ਅਕਲ ਨਹੀਂ ਹੈ ਏਥੇ ਨਹੀ ਦਾ ਅਰਥ ਲਗਦਾ ਹੈ ਦੇਖੋ ਦੂਸਰੀ ਸੈਂਚੀ ੭੨੬ ਪੰਨਾ

Digitized by Panjab Digital Library | www.panjabdigilib.org

ਮੈਂ ਬਿਗਰੇ ਅਪਨੀ ਮਤਿ ਖੋਈ ॥
ਮੇਰੇ ਭਰਮਿ ਭੂਲਉ ਮਤਿ ਕੋਈ ॥ ੩ ॥

ਮੈਂ ਵਿਗੜ ਕੇ ਆਪਨੀ ਮਤ ਦੂਰ ਕਰ ਲਈ ਹੈ ਤੁਸੀ ਭਰਮ ਕਰਕੇ ਮੇਰੇ ਵਾਂਙੂ ਮਤ ਕੋਈ ਭੁਲਿਓ; ਭਾਵ ਵਿਸ਼ਿਆਂ ਵਿਚ ਲਗੇ ਰਹੋ ॥

ਸੋ ਬਉਰਾ ਜੋ ਆਪੁ ਨ ਪਛਾਨੈ ॥
ਆਪ ਪਛਾਨੈ ਤ ਏਕੈ ਜਾਨੈ ॥ ੪ ॥

ਸੋ ਬੌਰਾ ਹੈ ਜੇਹੜਾ ਆਪਣੇ ਆਪ ਨੂੰ ਨਹੀਂ ਪਛਾਣਦਾ ਜੇ ਆਪਣੇ ਆਪ ਨੂੰ ਪਛਾਣ ਲਏ ਤਾਂ ਇਕ ਵਾਹਿਗੁਰੂ ਨੂੰ ਜਾਣ ਲੈਂਦਾ ਹੈ ॥

ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥
ਕਹਿ ਕਬੀਰ ਰਾਮੈ ਰੰਗਿ ਰਾਤਾ ॥ ੫ ॥ ੨ ॥

ਜੇਹੜੇ ਏਸ ਮਨੁਖਾ ਜਨਮ ਵਿਚ ਵਾਹਿਗੁਰੂ ਦੀ ਭਗਤੀ ਵਿਚ ਨਹੀਂ ਮਸਤ ਹੋਇਆ, ਓਹ ਜਾਣੋ ਕਦੀ ਵੀ ਕਿਤੇ ਨਹੀਂ ਮਸਤ ਹੋਵੇਗਾ। ਕਬੀਰ ਜੀ ਵਾਹਿਗੁਰੂ ਦੇ ਪ੍ਰੇਮ ਵਿਚ ਰੱਤਾ ਹੋਇਆ ਆਖਦਾ ਹੈ ॥

(ਜੰਗਲ ਵਿਚ ਜਾਣਾ ਚੰਗਾ ਨਹੀਂ ਹੈ)

ਬਿਲਾਵਲੁ

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ ੧ ॥

ਗ੍ਰਿਹੁ=ਘਰ। ਖੰਡ=ਟੁਕੜਾ। ਕੰਦਾ=ਜਿਮੀਕੰਦ ॥

ਘਰ ਨੂੰ ਛਡ ਕੇ ਬਣ ਦੇ ਕਿਸੇ ਟੁਕੜੇ ਵਿਚ ਜਾ ਬੈਠੀਏ ਅਤੇ ਕੰਦ ਮੂਲ ਫਲਫੂਲ ਚੁਣ ਕੇ ਖ਼ਾਈਏ ਹੇ ਵਾਹਿਗੁਰੂ! ਇੱਕੁਰ ਦਾ ਪਾਪੀ ਮਨ ਮੰਦਾ ਹੈ ਕਿ ਅਜੇ ਵੀ ਵਿਕਾਰਾਂ ਨੂੰ ਨਹੀਂ ਛਡਦਾ ॥

ਕਿਉ ਛੂਟਉ ਕੈਸੇ ਤਰਉ ਭਵ ਜਲ ਨਿਧਿ ਭਾਰੀ ॥
ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮਾਰੀ ॥ ੧ ॥ ਰਹਾਉ ॥

ਭਵ=ਡਰਾਉਣਾ ਸੰਸਾਰ। ਜਲਨਿਧਿ-ਸਮੁੰਦਰ ॥
ਬੀਠੁਲਾ-ਪਿਆਰਾ ਵਾਹਿਗੁਰੂ ॥

Digitized by Panjab Digital Library | www.panjabdigilib.org

855



ਕਿੰਕੁਰ ਛੁਟਾਂ ਕਿਸਤਰਾਂ ਤਰਾਂ ਸੰਸਾਰ ਸਮੁੰਦਰ ਭਾਰੀ ਹੈ; ਰਖ ਲੈ ਰਖ ਲੈ ਮੇਰੇ ਪਿਆਰੇ ਵਾਹਿਗੁਰੂ, ਦਾਸ ਆਪ ਦੀ ਸ਼ਰਨ ਹੈ ॥

**ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥**
**ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥**

ਵਖੋ ਵਖ ਵਿਸ਼ਿਆਂ ਦੀ ਜੋਹੜੀ ਵਾਸ਼ਨਾ ਹੈ ਸੋ ਛੱਡੀ ਨਹੀਂ ਜਾਂਦੀ, ਅਨੇਕਾਂ ਯਤਨ ਕਰਕੇ ਜੇ ਇਸਨੂੰ ਰਖੀਏ ਤਾਂ ਫਿਰ ਵੀ ਇਹ ਨੀਚ ਮਨ ਉਨਾਂ ਨਾਲ ਹੀ ਚੰਬੜਦਾ ਹੈ।

**ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥**
**ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥ ੩ ॥**

ਜਰਾ=ਬੁਢੇਪਾ। ਨੀਕਾ=ਚੰਗਾ। ਮੀਕਾ=ਬਰਾਬਰ॥

ਜੋਬਨ ਦਾ ਜੀਉਣਾ ਬਿਅਰਥ ਚਲਿਆ ਗਿਆ ਅਤੇ ਬੁਢੇਪਾ ਆ ਗਿਆ ਵਾ ਜੋਬਨ ਤੋਂ ਲੈਕੇ ਬੁਢੇਪੇ ਪ੍ਰਯੰਤ ਉਮਰ ਐਵੇਂ ਹੀ ਚਲੀ ਗਈ ਪਰ ਅਫਸੋਸ ਮੈਂ ਕੋਈ ਚੰਗਾ ਕੰਮ ਨਾ ਕੀਤਾ ਹਾਇ ਅਫਸੋਸ ! ਏਹ ਮੇਰਾ ਜੀਵਣਾ ਅਮੋਲਕ ਹੀਰੇ ਵਤ ਸੀ ਪਰ ਵਿਸ਼ਿਆਂ ਨਾਲ ਲਗਕੇ ਕੌਡੀ ਦੇ ਤੁੱਲ ਹੋ ਗਿਆ ॥

**ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥ ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥ ੪ ॥ ੩ ॥**

ਮਾਧਵ=ਲਖਮੀ ਦੇ ਪਤੀ (ਵਾਹਿਗੁਰੂ)। ਸਮਸਰਿ=ਬਰਾਬਰ॥

ਕਬੀਰ ਜੀ ਕਹਿੰਦੇ ਹਨ ਹ ਮੇਰੇ ਵਾਹਿਗੁਰੂ ਤੂੰ ਸਰਬ ਵਿਆਪੀ ਹੈਂ ਤੇਰੇ ਸਮਾਨ ਕੋਈ ਦਯਾਲੂ ਨਹੀਂ, ਤੇ ਮੇਰੇ ਸਮਾਨ ਪਾਪੀ ॥

(ਕਬੀਰ ਜੀ ਬਾਬਤ ਕਬੀਰ ਜੀ ਦੀ ਮਾਈ ਆਖਦੀ ਹੈ)

## ਬਿਲਾਵਲੁ

856

**ਨਿਤ ਉਠਿ ਕੋਰੀ ਗਾਗਰ ਆਨੈ ਲੀਪਤ ਜੀਉ ਗਇਓ ॥**
**ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥ ੧ ॥**

ਤਾਨਾ ਬਾਨਾ=ਤਾਣਾ ਪੇਟਾ ਵਾ ਤਾਣੀ ਦਾ ਉਣਨਾ॥

ਰੋਜ਼ ਹੀ ਸਵੇਰੇ ਉਠਕੇ ਕੋਰੀ ਘੜੀ ਦਰਿਆਓਂ ਭਰਕੇ ਲਿਆਉਂਦਾ ਹੈ, "ਜਿਸ ਜਗਾ ਕਬੀਰ ਬੈਠਦਾ ਹੈ ਉਸ ਜਗਾ ਨੂੰ" ਸਾਡਾ ਲਿੰਬਦਿਆਂ ਦਾ ਜਾਅ ਵੀ ਸੜ ਗਿਆ । ਵਾ ਕਬੀਰ ਦਾ ਲਿੰਬਣ ਵਿਚ ਹੀ ਜੀਅ ਗਿਆ (ਲਗਾ) ਹੋਇਆ ਅਤੇ ਤਾਣਾ

Digitized by Panjab Digital Library | www.panjabdigilib.org

ਬਾਂਝਾ ਕੁਝ ਨਹੀਂ ਸੁਝਦਾ, "ਵਾਹਿਗੁਰੂ ਵਾਹਿਗੁਰੂ" ਇਸੇ ਅਨੰਦ ਵਿਚ ਲਪਟਿਆ ਰਹਿੰਦਾ ਹੈ ॥

**ਹਮਾਰੇ ਕੁਲ ਕਉਨੈ ਰਾਮੁ ਕਹਿਓ ॥ ਜਬ ਕੀ ਮਾਲਾ ਲਈ ਨਿਪੂਤੇ ਤਬਤੇ ਸੁਖੁ ਨ ਭਇਓ ॥ ੧ ॥ ਰਹਾਉ ॥**

ਸਾਡੀ ਕੁਲ ਵਿਚ ਕਿਸੇ ਨੇ ਵੀ ਵਾਹਿਗੁਰੂ ਨਹੀਂ ਕਿਹਾ, ਜਦੋਂ ਦੀ ਇਸ ਨਪੁੱਤੇ ਨੇ (ਰਾਮਾਨੰਦ ਪਾਸੋਂ) ਮਾਲਾ ਫੜ ਲਈ ਹੈ ਓਦੋਂ ਦਾ ਸਾਨੂੰ ਸੁਖ ਨਹੀਂ ਹੋਇਆ ॥

**ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥
ਸਾਤ ਸੂਤ ਇਨਿ ਮੁੰਡੀਏ ਖੋਏ ਇਹੁ ਮੁਡੀਆ ਕਿਉ ਨ ਮੁਇਓ ॥**

ਸੁਣੋ ਹੇ ਜਿਠਾਣੀ, ਸੁਣੋ ਹੇ ਦਿਰਾਣੀ! ਇਕ ਹੋਰ ਬੜਾ ਅਸਚਰਜ ਹੋਇਆ ਹੈ ਸਤਾਂ ਰੰਗਾਂ ਦੇ ਸੂਤਰ ਇਸ ਮੁੰਡੇ ਨੇ (ਸੰਤਾਂ ਵਾਸਤੇ) ਵੇਚਕੇ ਨਾਸ ਕਰ ਦਿਤੇ ਹਨ, ਇਹ ਮੁੰਡਾ ਕਿਉਂ ਨਾ ਮਰਗਿਆ ॥

(ਕਬੀਰ)

**ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥ ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥ ੩ ॥**

ਨਖ=ਨਹੁੰ । ਬਿਦਰਓ=ਪਾੜਿਆ ॥

ਸਾਰਿਆਂ ਸੁਖਾਂ ਦਾ ਘਰ ਇਕ ਵਾਹਿਗੁਰੂ ਸਾਡਾ ਸੁਆਮੀ ਹੈ, ਤਿਸਦਾ ਸੋ ਗੁਰਾਂ ਨੇ ਮੈਨੂੰ ਨਾਮ ਦਿਤਾ ਹੈ, ਸੰਤ ਪ੍ਰਹਲਾਦ ਦੀ ਜਿਸ ਨੇ ਪੈਜ ਰਖੀ ਹੈ ਅਤੇ ਹਰਨਾਖਸ਼ ਨੂੰ ਨਵ੍ਹਾਂ ਨਾਲ ਨਾਸ ਕੀਤਾ ਹੈ ॥

**†ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥
ਕਹਤ ਕਬੀਰ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ ॥ ੪ ॥੪॥**

ਘਰ ਕੇ ਦੇਵ=ਘਰ ਦੇ ਪੁਰੋਹਤ "ਸ਼ੁਕਰ ਦੇ ਪੁਤ੍ਰ ਸੰਡਾ ਮਰਕਾ"
ਪਿਤਰ=ਪਿਤਾ । ਗੁਰੂ=ਨਾਰਦ । ਸਬਦ=ਉਪਦੇਸ਼ ॥
ਖੰਡਨ=ਨਾਸ । ਉਧਰਿਓ=ਤਾਰਿਆ ॥

ਸੰਡੇ ਮਰਕੇ ਦੀ ਸਿਖਿਆ, ਪਿਉ ਦੀ ਰਾਜਨੀਤ ਛਡ ਦਿਤੀ ਅਤੇ ਨਾਰਦ ਦਾ

---

†ਘਰਦੇ ਦੇਵਤਿਆਂ ਤੇ ਵਡਿਆਂ ਵਡੇਰਿਆਂ ਪਿਤਰਾਂ ਦੀ ਅਸਾਂ ਸਾਰੀ ਰਹੁ ਰੀਤੀ ਛੱਡਕੇ ਗੁਰੂ ਦਾ ਉਪਦੇਸ਼ ਲਿਆ (ਕਬੀਰ ਜੀ ਕਹਿੰਦੇ ਹਨ), ਇਕਰ ਵੀ ਅਰਥ ਲਾਉਂਦੇ ਹਨ ॥

Digitized by Panjab Digital Library | www.panjabdigilib.org

ਉਪਦੇਸ਼ ਲਿਆ। ਕਬੀਰ ਜੀ ਕਹਿੰਦੇ ਹਨ ਸਾਰਿਆਂ ਪਾਪਾਂ ਦੇ ਨਾਸ ਕਰਨ ਵਾਲਾ ਜੋ ਵਾਹਿਗੁਰੂ ਹੈ ਓਹ ਆਪਣੇ ਸੰਤ ਭਗਤ ਨੂੰ ਨਾਲ ਲੈਕੇ ਉਸਦੇ ਪਿਤਾ ਨੂੰ ਤਾਰਦਾ ਹੋਇਆ ਵਾ ਅਪਣੇ ਭਗਤ ਨੂੰ ਪਿਤਾ ਦੇ ਕੋਪ ਤੋਂ ਬਚਾਇ ਲਿਆ॥

## ਬਿਲਾਵਲੁ

**ਕੋਊ ਹਰਿ ਸਮਾਨ ਨਹੀ ਰਾਜਾ ॥**
**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ਰਹਾਉ**

ਭੂਪਤਿ=ਧਰਤੀ ਦੇ ਪਤੀ [ਰਾਜੇ]। ਦਿਵਾਜਾ=ਦਾਵੇ ਵ ਦਿਖਲਾਵੇ॥

ਵਾਹਿਗੁਰੂ ਸਮਾਨ ਕੋਈ ਰਾਜਾ ਨਹੀਂ। ਏਹ ਰਾਜੇ ਸਾਰੇ ਚਾਰ ਦਿਨ ਦੇ ਹਨ ਝੂਠੇ ਦਾਵੇ ਕਰਦੇ ਹਨ॥

**ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥**
**ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥੧॥**

ਭੁਵਨ=ਘਰ। ਛਾਜਾ=ਵਿਰਾਜਦਾ। ਅੰਦਾਜਾ=ਪਰਿਮਾਣ॥

ਹੇ ਵਾਹਿਗੁਰੂ! ਤੇਰਾ ਦਾਸ ਜੇਹੜਾ ਹੋਵੇ ਓਹ ਕਿਥੇ ਡੋਲ ਸਕਦਾ ਹੈ ਓਹ ਤਿੰਨਾਂ ਲੋਕਾਂ ਉਤੇ [ਵਿਰਾਜਦਾ] ਹੁਕਮ ਕਰਦਾ ਹੈ। ਹੋਰ ਦੂਜਾ ਕੇਹੜਾ ਇੱਕੁਰ ਦਾ ਜੰਮਿਆ ਹੈ ਜੋ ਤੇਰੇ ਦਾਸ ਨੂੰ ਹਥ ਪਸਾਰ ਕੇ ਫ ਸਕੇ, ਨਿਰਾਦਰੀ ਦਾ ਬੋਲ ਹੀ ਨਹੀਂ ਬੋਲ ਸਕਦਾ॥

**ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥**
**ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥੨॥੫॥**

ਹੇ ਮੂਰਖ ਅਗਜਾਤ ਮਨ ਮੇਰੇ! ਤੂੰ ਇੱਕੁਰ ਦੇ ਵਾਹਿਗੁਰੂ ਨੂੰ ਯਾਦ ਕਰ ਤੇਰਾ ਤਿੰਨ ਲੋਕਾਂ ਵਿਚ ਇਕ ਰਸ (ਜਸ ਰੂਪ) ਵਾਜਾ ਵੱਜੇਗਾ। ਕਬੀਰ ਜੀ ਕਹਿੰਦੇ ਹਨ ਮੇਰਾ ਤਾਂ ਭਰਮ ਸੰਸਾ ਦੂਰ ਹੋਗਿਆ ਹੈ ਸਾਨੂੰ ਤਾਂ ਵਾਹਿਗੁਰੂ ਨੇ ਧ੍ਰੂ ਪ੍ਰਹਿਲਾਦ ਵਾਂਗੂੰ ਇਸਥਿਤ ਕੀਤਾ ਹੈ॥

(ਸਨਮੁਖਬੇਨਤੀ)

## ਬਿਲਾਵਲੁ

**ਰਾਖਿ ਲੇਹੁ ਹਮ ਤੇ ਬਿਗਰੀ ॥ ਸੀਲੁ ਧਰਮੁ ਜਪੁ ਭਗਤਿ ਨ ਕੀਨੀ**
**ਹਉ ਅਭਿਮਾਨ ਟੇਢ ਪਗਰੀ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਪਗਰੀ=ਪੱਗ ਵਾ ਪਗੜੀ ॥

ਹੇ ਵਾਹਿਗੁਰੂ ! ਸਾਨੂੰ ਰਖ ਲੈ ਕਿਉਂਕਿ ਸਾਡੇ ਪਾਸੋਂ ਬਹੁਤ ਅਵਗਯਾ ਹੋਈ ਹੈ; ਸੀਲ ਸੁਭਾਵ, ਧਰਮ, ਜਪੁ, ਨੌਂ ਤਰਾਂ ਦੀ ਭਗਤੀ ਨਹੀਂ ਕੀਤੀ ਹੈ, ਹੰਕਾਰੀ ਦੀ ਵਿੰਗੀ ਪੱਗ ਹੈ, ਭਾਵ ਮੈਂ ਕੁਟਲਤਾਈ ਫੜੀ ਹੋਈ ਹੈ ॥

ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ ॥ ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ ॥ ੧ ॥

ਅਮਰ=ਨਾ ਮਰਨਾ । ਸੰਚੀ=ਕੱਠੀ ਕੀਤੀ, ਪਾਲੀ ॥

ਅਸਾਂ ਅਮਰ ਜਾਣਕੇ ਇਹ ਕਾਇਆਂ ਪਾਲੀ ਹੈ ਪਰ ਇਹ ਝੂਠੀ ਕੱਚੀ ਘੜੀ ਵਾਂਙੂ ਹੈ, ਜਿਸ (ਤੈਂਨੇ) ਸਾਨੂੰ ਸਾਜਕੇ ਨਿਵਾਜਿਆ ਹੈ ਤਿਸ (ਤੈਨੂੰ) ਭੁਲਾਕੇ ਅਸੀਂ ਹੋਰ ਪਦਾਰਥਾਂ ਵਿਚ ਲਗ ਰਹੇ ਹਾਂ ॥

ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ ॥ ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮਕੀ ਖਬਰੀ।

ਸੰਧਿਕ=ਚੋਰ । ਪਗਰੀ=ਪੈਰੀ, ਪਕੜੀ । ਘਾਲਹੁ=ਪਾਉ ॥
ਖਬਰੀ=ਖੱਬੜੀ, ਝੱਬੂ ਛਿਕਾ । ੮ਵਰ ॥

ਭਾਵੇਂ ਅਸੀ ਤੇਰੇ ਚੋਰ ਹਾਂ ਸਾਧ ਨਹੀਂ ਕਹੀਦੇ ਪਰ ਤੇਰੀ ਪੈਰੀਂ ਪਏ ਹਾਂ (ਤੇਰੀ ਸਰਣ ਪਕੜੀ ਹੈ) ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ! ਇਹ ਇਕ ਸਾਡੀ ਬੇਨਤੀ ਸੁਣ ਕਿ ਮਤ ਪਾ ਸਾਨੂੰ ਜਮ ਦੀ ਫਾਹੀ ਵਾ ਜਮ ਨੂੰ ਖਬਰ ਹੀ ਨਾ ਕਰ ॥

## ਬਿਲਾਵਲੁ

ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ ॥ ੧ ॥ ਰਹਾਉ ॥

ਦਰਮਾਦੇ=ਖੜੋਤੇ ਵਾ ਦਰਵਾਜਾ । ਰੋਗੀ । ਠਾਢੇ=ਖੜੋਤੇ ॥

ਹੇ ਵਾਹਿਗੁਰੂ ! ਅਸੀ ਮਾਂਦਗੀ ਦੇ ਵਿਚ ਗੁਸੇ ਹੋਏ ਤੇਰੇ ਦਰਬਾਰ ਦੇ ਬੂਹੇ ਅੱਗੇ ਖੜੋਤੇ ਹਾਂ ਤੇਰੇ ਬਿਨਾਂ ਮੇਰੀ ਕੌਣ ਸੁਰਤ ਲਏ । ਬੂਹੇ ਖੋਲ੍ਹਕੇ ਦਰਸ਼ਨ ਦਿਓ ॥

ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁ ਜਸੁ ਤੁਮਾਰ ॥ ਮਾਗਉ ਕਾਹਿ ਰੰਕ ਸਭ ਦੇਖਉ ਤੁਮਹੀ ਤੇ ਮੇਰੋ

Digitized by Panjab Digital Library | www.panjabdigilib.org

856



ਨਿਸਤਾਰੁ ॥ ੧ ॥

ਸ੍ਰਵਨਨ=ਕੰਨੀਂ । ਉਦਾਰ=ਸਖੀ । ਰੰਕ=ਕੰਗਾਲ ॥

ਤੁਸੀ ਧਨ ਦੇ ਧਨੀ ਸਖੀ, ਤਿਆਗੀ ਹੋ, ਤੁਹਾਡਾ ਜਸ ਕੰਨੀ ਸੁਣੀਦਾ ਹੈ, ਕਿਹਦੇ ਪਾਸੋਂ ਮੈਂ ਮੰਗਾਂ ਸਾਰੇ ਹੀ ਮੈਨੂੰ ਕੰਗਾਲ ਦਿਸਦੇ ਹਨ, ਤੇਰੇ ਪਾਸੋਂ ਹੀ ਮੇਰਾ ਨਿਸਤਾਰਾ ਹੈ ॥

ਜੈ ਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥
ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ ॥੨॥੭॥

ਬਿਪ=ਬ੍ਰਾਹਮਣ । ਬਾਰ=ਦੇਰ ॥

ਜੈ ਦੇਉ, ਨਾਮਦੇਉ, ਬ੍ਰਾਹਮਣ ਸੁਦਾਮਾ, ਤਿਨ੍ਹਾਂ ਨੂੰ ਵਡੀ ਕ੍ਰਿਪਾ ਹੋਈ ਹੈ, "ਭਾਵ ਓਨਾਂ ਉਤੇ ਤੁਸਾਂ ਬਹੁਤ ਕ੍ਰਿਪਾ ਕੀਤੀ ਹੈ" ਕਬੀਰ ਜੀ ਕਹਿੰਦੇ ਹਨ ਤੁਸੀ ਸਮ੍ਰਥ ਦਾਤੇ ਹੋ ਚਾਰ ਪਦਾਰਥ ਧਰਮ ਅਰਥ ਕਾਮ ਮੋਖ ਦੇਂਦੇ ਹੋਏ ਦੇਰੀ ਨਹੀਂ ਕਰਦੇ ॥

ਬਿਲਾਵਲ ॥ ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥
ਭ੍ਰਮ ਕੈ ਭਾਇ ਭਵੈ ਭੇਖ ਧਾਰੀ ॥ ੧ ॥

ਖਿੰਥਾ=ਖਫਨੀ । ਅਧਾਰੀ=ਝੋਲੀ । ਭਵੈ=ਭੌਂਦਾ । ਭਾਇ=ਅਨੁਸਾਰ ॥

ਹੱਥ ਵਿਚ ਡੰਡਾ, ਕੰਨਾਂ ਵਿਚ ਮੁੰਦਰਾਂ, ਗਲ ਵਿਚ ਖਫਨੀ, ਝਗਲੀ ਪਾਈ ਹੋਈ ਜੇ, ਭਰਮ ਦੇ ਅਨੁਸਾਰ ਭੌਂਦੇ ਹੋ, ਅਸਲ ਵਿਚ ਤੁਸੀ ਜੋਗੀ ਨਹੀਂ ਭੇਖ ਧਾਰੀ ਹੋ ॥

ਆਸਨੁ ਪਵਨੁ ਦੂਰਿ ਕਰਿ ਬਵਰੇ ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥ ੧ ॥ ਰਹਾਉ ॥

ਹੇ ਬੌਰੇ ! ਆਸਣ ਲਾਉਣਾ, ਸ੍ਵਾਸ ਰੋਕਣੇ, ਦੂਰ ਕਰ, ਹੇ ਬੌਰੇ ! ਛੱਡ ਕਪਟ, ਰੋਜ ਹੀ ਵਾਹਿਗੁਰੂ ਨੂੰ ਯਾਦ ਕਰ ॥

ਜਿਹ ਤੂ ਜਾਚਹਿ ਸੋ ਤ੍ਰਿਭਵਣ ਭੋਗੀ ॥
ਕਹਿ ਕਬੀਰ ਕੇਸੌ ਜਗਿ ਜੋਗੀ ॥ ੨ ॥ ੮ ॥

ਭੋਗੀ-ਜੂਠੀ ॥

ਜਿਸ ਮਾਯਾ ਨੂੰ ਤੂੰ ਮੰਗਦਾ ਫਿਰਦਾ ਹੈਂ ਓਹ ਤਿੰਨਾਂ ਭਵਣਾਂ ਦੀ ਭੋਗੀ ਹੋਈ ਹੈ ਕਬੀਰ ਜੀ ਕਹਿੰਦੇ ਹਨ ਹੇ ਜੋਗੀ ! ਤੂੰ (ਕੇਸ਼ਵ) ਵਾਹਿਗੁਰੂ (ਜੇਹੜਾ ਸਾਰੇ ਸੰਸਾਰ

Digitized by Panjab Digital Library | www.panjabdigilib.org

ਵਿਚ ਮਿਲਿਆ ਹੋਯਾ ਹੈ ਨੂੰ ਯਾਦ ਕਰ ॥

(ਸਨਮੁਖ ਬੇਨਤੀ)

ਬਿਲਾਵਲੁ ॥

ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥
॥ ੧ ॥ ਰਹਾਉ ॥

ਕਿੰਚਤਿ=ਥੋੜੀ ॥

ਹੇ ਜਗਦੀਸ ਗੁਸਾਂਈ ਵਾਹਿਗੁਰੂ ! ਇਸ ਮਾਯਾ ਨੇ ਤੁਹਾਡੇ ਚਰਨ ਭੁਲਾ ਦਿਤੇ ਹਨ । ਥੋੜੀ ਜਿਹੀ ਵੀ ਪ੍ਰੀਤ ਦਾਸਾਂ ਨੂੰ ਨਹੀਂ ਉਪਜਦੀ ਦਾਸ ਵਿਚਾਰੇ ਕੀ ਕਰਨ ॥

ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥ ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ ॥ ੧ ॥

ਫੰਨੀ=ਚਤੁਰਾਈਆਂ, ਫੰਦਾਂ ਫਰੇਬਾਂ ਵਾਲੀ ॥

ਧ੍ਰਿਗ ਇਹ ਸਰੀਰ, ਧ੍ਰਿਗ ਧਨ; ਧ੍ਰਿਗ ਇਹ ਮਾਇਆ ਅਤੇ ਧ੍ਰਿਗੁ ਧ੍ਰਿਗੁ ਹੈ ਮਤਿ=ਬੁਧੀ ਚਤਰਾਈਆਂ ਛਲ ਵਲ ਕਰਨ ਵਾਲੀ ਨੂੰ, ਭਾਵ ਜੇਹੜੀ ਅਕਲ ਬਹੁਤ ਤਰਾਂ ਦੀਆਂ ਚਤਰਾਈਆਂ ਕਰਦੀ ਹੈ ਹੇ ਵਾਹਿਗੁਰੂ ! ਇਸ ਮਾਇਆ ਨੂੰ ਆਪਣੇ ਪਾਸ ਤਕੜੀ ਕਰਕੇ ਕਾਬੂ ਕਰ ਛਡੋ ਕਿਉਂਕਿ ਇਹ ਆਪਦੇ ਹੁਕਮ ਕਰਕੇ ਜੀਵਾਂ ਨੂੰ ਬੰਨ੍ਹਦੀ ਹੈ ਵਾ ਜੀਵ ਇਸ ਨੂੰ ਪੱਕੀ ਕਰਕੇ ਰਖਦੇ ਹਨ ਤੇ ਆਪਣੇ ਬਚਨਾਂ ਕਰਕੇ ਆਪ ਹੀ ਬੰਨ੍ਹੇ ਜਾਂਦੇ ਹਨ ॥

ਕਿਆ ਖੇਤੀ ਕਿਆ ਲੇਵਾ ਦੇਵੀ ਪਰਪੰਚ ਝੂਠੁ ਗੁਮਾਨਾ ॥
ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥ ੨॥੯

ਬਿਗੂਤੇ=ਖਰਾਬ ਹੋਏ ॥

ਕੀ ਖੇਤੀ ਅਤੇ ਕੀ ਲੈਣਾ ਦੇਣਾ, ਹੰਕਾਰ ਕਰਕੇ ਸਾਰਾ ਸੰਸਾਰ ਹੀ ਝੂਠਾ ਹੈ, ਕਬੀਰ ਜੀ ਕਹਿੰਦੇ ਹਨ ਜਦੋਂ ਓਹਨਾਂ ਮੂਰਖਾਂ ਦੇ ਸਿਰ ਤੇ ਕਾਲ ਆਯਾ ਹੈ ਓਦੋਂ ਅੰਤ ਨੂੰ ਬੜੇ ਖਰਾਬ ਹੋਏ ਹਨ ॥

Digitized by Panjab Digital Library | www.panjabdigilib.org

ਬਿਲਾਵਲ ॥

ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥
ਪਰਮ ਜੋਤਿ ਪੁਰਖੋਤਮੋ ਜਾਕੈ ਰੇਖ ਨ ਰੂਪ ॥੧॥

ਭੀਤਰੇ=ਵਿੱਚ ॥

ਸਰੀਰ ਰੂਪ ਤਾਲ ਵਿਚ ਇੱਕ ਹੱਛਾ ਅਨੂਪਮ ਰਿਦਾ ਕਮਲ ਹੈ ਤਿਸ ਵਿਚ ਪਰਮ ਜੋਤੀ ਸਰੂਪ ਪੁਰਖਾਂ ਵਿਚੋਂ ਉਤਮ ਵਾਹਿਗੁਰੂ ਹੈ, ਉਸਦਾ ਕੋਈ ਨਿਸ਼ਾਨ ਕਾਲਾ ਪੀਲਾ ਰੂਪ ਨਹੀਂ ॥

ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥ ੧ ॥ ਰਹਾਉ ॥

ਹੇ ਮਨ ਵਾਹਿਗੁਰੂ ਨੂੰ ਯਾਦ ਕਰ ਅਤੇ ਭਰਮ ਨੂੰ ਛੱਡ ਤਾਂ ਤੈਨੂੰ ਜਗ ਜੀਵਨ ਵਾਹਿਗੁਰੂ ਦੀ ਪ੍ਰਾਪਤੀ ਹੋਵੇਗੀ ॥

ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥
ਜਹ ਉਪਜੈ ਬਿਨਸੈ ਤਹੀ ਜੈਸੇ * ਪੁਰਿਵਨ ਪਾਤ ॥ ੧ ॥

ਬਿਨਸੈ=ਨਾਸ । ਪੁਰਿਵਨਪਾਤ=ਚੁਪਤੀ ਦੇ ਪੱਤੇ ॥

ਨਾ ਕੁਝ ਔਂਦਾ ਦਿਸਦਾ ਹੈ ਨਾ ਕੁਝ ਜਾਂਦਾ ਹੈ ਜਿਸ ਵਾਹਿਗੁਰੂ ਤੋਂ (ਵਾ ਪੰਜਾਂ ਤਤਾਂ ਤੋਂ) ਜੀਵ ਉਪਜਦਾ ਹੈ ਨਾਸ ਹੋਕੇ ਉਸ ਵਿਚ ਇਕੁਰ ਲੀਨ ਹੋ ਜਾਂਦਾ ਹੈ ਜਿਕੁਰ ਚੁਪੱਤੀ ਦੇ ਪੱਤੇ ਪਾਣੀ ਵਿਚੋਂ ਪ੍ਰਗਟ ਹੋਕੇ ਵਿਚੇ ਹੀ ਲੀਨ ਹੋ ਜਾਂਦੇ ਹਨ ॥

ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥
ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥ ੩ ॥ ੧੦ ॥

ਮੰਝਿ=ਵਿਚ । ਮੁਰਾਰਿ=ਮੁਰੁ, ਹੰਕਾਰ ਦੇ ਵੈਰੀ ॥

ਜਿਸਨੇ ਮਾਇਆ ਝੂਠੀ ਜਾਣਕੇ ਛਡੀ ਹੈ ਤਿਸ ਨੂੰ ਸਹਜੇ ਹੀ ਗਿਆਨ [ਵਿਚਾਰ] ਦਾ ਸੁਖ ਹੋਇਆ ਹੈ, ਕਬੀਰ ਜੀ ਕਹਿੰਦੇ ਹਨ ਹੇ ਭਾਈ ਮਨ ਵਿਚ [ਮੁਰਾਰ] ਵਾਹਿਗੁਰੂ ਦੀ ਸੇਵਾ ਕਰੋ ॥

---

*ਪੁਰਵਾ=ਪੂਰਬ ਵੱਲ "ਪੁਰਵਾ" ਪਤਲੇ ਕੁੱਜੇ ਨੂੰ ਆਖਦੇ ਹਨ, ਜਿੱਕੁਰ ਮਿਟੀ ਦੇ ਪਤਲੇ ਕੁੱਜੇ ਮਿਟੀ ਤੋਂ ਪ੍ਰਗਟ ਹੋਕੇ ਉਸ ਵਿਚ ਲੀਨ ਹੋ ਜਾਂਦੇ ਹਨ, ਇੱਕੁਰ ਹੀ ਜੀਵ ਵਾਹਿਗੁਰੂ ਵਿੱਚ ਉਪਜਦੇ ਬਿਨਸਦੇ ਹਨ ॥

Digitized by Panjab Digital Library | www.panjabdigilib.org

ਬਿਲਾਵਲੁ ॥

ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥
ਜੀਵਤ ਸੁੰਨ ਸਮਾਨਿਆ ਗੁਰ ਸਾਖੀ ਜਾਗੀ ॥ ੧ ॥ ਰਹਾਉ ॥

ਲਿਵ=ਬਿਰਤੀ। ਸੁੰਨ=ਅਫੁਰ, ਵਾਹਿਗੁਰੂ ॥
ਸਾਖੀ=ਉਗਾਹੀ, ਸਿਖਿਆ। ਜਾਗੀ=ਪ੍ਰਕਾਸ਼ੀ ॥

ਜਨਮ ਮਰਨ ਦਾ ਭਰਮ ਦੂਰ ਹੋ ਗਿਆ ਹੈ ਕਿਉਂਕਿ ਵਾਹਿਗੁਰੂ ਵਿਚ ਸਾਡੀ ਬਿਰਤੀ ਲੱਗੀ ਹੈ; ਜੀਉਂਦੇ ਹੀ ਅਸੀ ਤਿਸ ਅਫੁਰ ਵਾਹਿਗੁਰੂ ਵਿਚ ਸਮਾ ਗਏ ਹਾਂ ਕਿਉਂਕਿ ਗੁਰਾਂ ਦੀ ਸਿਖਿਆ ਸਾਨੂੰ ਪ੍ਰਕਾਸ਼ੀ ਹੈ ॥

ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ ॥
ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ ॥ ੧ ॥

ਕਾਸੀ=ਕੈਹਾਂ, ਘੜਿਆਲ ॥

ਘੜਿਆਲ ਤੋਂ ਹੀ ਅਵਾਜ਼ ਪ੍ਰਗਟ ਹੁੰਦੀ ਹੈ ਅਤੇ ਘੜਿਆਲ ਵਿਚ ਹੀ ਸਮਾ ਜਾਂਦੀ ਹੈ ਭਾਵ ਜਦ ਕੈਂਹ ਆਦਿਕ ਦਾ ਬਰਤਨ ਟੁਟ ਜਾਂਦਾ ਹੈ ਤਾਂ ਅਵਾਜ ਵੀ ਉਸਦੀ ਨਾਲ ਹੀ ਲੀਨ ਹੋ ਜਾਂਦੀ ਹੈ, ਹੇ ਪੰਡਤ ਜਦ ਕਾਂਸੀ ਟੁਟ ਜਾਂਦੀ ਹੈ ਤਾਂ ਉਸਦੀ ਅਵਾਜ਼ ਕਿਥੇ ਸਮਾ ਜਾਂਦੀ ਹੈ ਭਾਵ ਵਿਚ ਹੀ ਕਾਂਸੀ ਦੇ, ਇੱਕੁਰ ਹੀ ਅਸੀ ਉਪਾਧੀ ਦੁਆਰਾ ਵਖਰੇ ਸੀ ਹੁਣ ਉਸ ਵਿਚ ਹੀ ਸਮਾ ਗਏ ਹਾਂ ॥

ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ ॥
ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ ॥ ੨ ॥

ਤ੍ਰਿਕੁਟੀ=ਇੜਾ, ਪਿੰਗਲਾ, ਸੁਖਮਨਾ। ਸੰਧਿ=ਮਿਲੌਣੀ। ਪੇਖਿਆ=ਵੇਖਿਆ।
ਜਾਗੀ=ਪ੍ਰਕਾਸ਼ੀ। ਸਮਾਚਰੀ=ਹਛੀ ਤਰਾਂ ਵਿਚਾਰੀ ਹੈ ॥

ਜਿਸਦੀ ਜੋਤਿ ਘਟਾਂ ਘਟਾਂ ਵਿਚ ਪ੍ਰਕਾਸ਼ੀ ਹੋਈ ਹੈ ਤਿਸਨੂੰ ਦਸਵੇਂ ਦੁਆਰ ਦੀ ਤ੍ਰਿਕੁਟੀ ਵਿਚ ਮਿਲਿਆ ਹੋਇਆ ਵੇਖਿਆ ਹੈ। ਇਕੁਰ ਦੀ ਅਕਲ ਪ੍ਰਗਟ ਹੋਈ ਹੈ, ਤਿਸ ਕਰਕੇ ਰਿਦੇ ਵਿਚੋਂ ਦੁਵੈਤਾ ਤਿਆਗੀ।

ਆਪ ਆਪ ਤੇ ਜਾਨਿਆ ਤੇਜੁ ਤੇਜੁ ਸਮਾਨਾ ॥
ਕਹੁ ਕਬੀਰ ਅਬ ਜਾਨਿਆ ਗੋਬਿੰਦ ਮਨੁ ਮਾਨਾ ॥ ੩ ॥ ੧੧ ॥

ਜਿਕੁਰ ਪਾਣੀ ਨਾਲ ਪਾਣੀ ਤੇ ਅੱਗ ਨਾਲ ਅੱਗ ਮਿਲ ਜਾਂਦੀ ਹੈ ਉਕਰ ਹੀ ਉਸ ਵਾਹਿਗੁਰੂ ਵਰਗਾ ਜਦੋਂ ਅਸਾਂ ਆਪਣਾ ਆਪ ਸਰੂਪ ਜਾਣਿਆ ਤਦੋਂ ਜੋਤੀ ਵਿਚ

Digitized by Panjab Digital Library | www.panjabdigilib.org

ਜੋਤ ਸਾਡੀ ਮਿਲ ਗਈ, ਭਾਵ 'ਰਾਮ ਕਬੀਰਾ ਏਕ ਭਏ ਹੈ' ਕਬੀਰ ਜੀ ਕਹਿੰਦੇ ਹਨ ਹੁਣ ਮੈਂ ਜਾਣਿਆ ਹੈ ਕਿਉਂਕਿ ਵਾਹਿਗੁਰੂ ਵਿਚ ਮੇਰਾ ਮਨ ਮੰਨਿਆਂ ਹੈ।

ਬਿਲਾਵਲੁ ॥

**ਚਰਨ ਕਮਲ ਜਾਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥**
**ਮਾਨੌ ਸਭ ਸੁਖ ਨਉ ਨਿਧਿ ਤਾਕੈ ਸਹਜਿ ਸਹਜਿ ਜਸੁ ਬੋਲੈ ਦੇਵ ॥**
**॥ ਰਹਾਉ ॥**

ਜਿਸ ਜਨ ਦੇ ਰਿਦੇ ਵਿਚ ਵਾਹਿਗੁਰੂ ਦੇ ਚਰਨ ਕਮਲ ਵਸੇ ਹਨ ਓਹ ਕਦ ਡੋਲ ਸਕਦਾ ਹੈ, ਭਾਵ ਓਹ ਪਦਾਰਥਾਂ ਵੱਲ ਕਿਸਤਰਾਂ ਭ੍ਰਮ ਸਕਦਾ ਹੈ ਮੰਨ ਲਵੋ ਤੁਸੀ ਸਾਰੇ ਸੁਖ ਨੌਂ ਨਿਧੀਆਂ ਤਿਸ ਦੇ ਬੂਹੇ ਤੇ ਸਹਜੇ ਸਹਜੇ ਤਿਸ ਦਾ ਜੱਸ ਉਚਾਰਦੀਆਂ ਹਨ ਭਾਵ ਸਭ ਰਿੱਧੀਆਂ ਸਿੱਧੀਆਂ ਤਿਸਨੂੰ ਪ੍ਰਾਪਤ ਹੋ ਗਈਆਂ ਹਨ। ਵਾ ਨਿਧੀਆਂ ਤੋਂ ਲੈਕੇ ਸਾਰੇ ਸੁਖ ਬ_ਤਾ ਚਿਰ ਤਕ ਉਸਦੇ ਘਰ ਹੀ ਬੋਲੇ ਜਾਂਦੇ ਹਨ॥

**ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਲ ਗਾਂਠਿ ਜਬ ਖੋਲੈ †ਦੇਵ ॥ ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥ ੧ ॥**

ਪੇਖੈ-ਵੇਖੇ ॥

ਟੇਢੀ ਗੰਢ ਨੂੰ ਖੋਲ੍ਹੇ ਜਦ ਤਦ ਹੀ ਏਹੁ ਚੰਗੀ ਹੱਛੀ ਅਕਲ ਹੈ ਜੋ ਸਾਰਿਆਂ ਵਿਚ ਇਕ ਵਾਹਿਗੁਰੂ ਨੂੰ ਵੇਖੇ, ਬਾਰ ਬਾਰ ਇਸ ਮਾਇਆ ਵਲੋਂ ਮਨ ਨੂੰ ਅਟਕੇ ਰੋਕੇ ਅਤੇ ਵਿਚਾਰ ਰੂਪ ਨਰਜਾ-ਤੱਕੜ ਲੈਕੇ ਆਪਣੇ ਮਨ ਵਿਚ ਤੋਲੇ ਵਿਚਾਰੇ॥

**ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ ॥**
**ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤ ‡ ਕੀ ਓਲੈ ਦੇਵ ॥**
**॥ ੨ ॥ ੧੨ ॥**

ਤਾਸ-ਤਿਸ ॥ ਓਲੈ-ਪੜਦੇ ਅੰਦਰ ॥

---

†ਦੇਵ ਪ੍ਰਕਾਸ਼ਕ ਵਾਹਿਗੁਰੂ ਵਾ ਕਿਸੇ ਪੰਡਤ ਦਾ ਸੰਬੋਧਨ ਪਦ ਹੈ ॥
‡ਵਾ ਕੀਓ ਲੈ-ਲੈ ਕਰਕੇ ਵੀ ਕਰਦੇ ਹਨ।

Digitized by Panjab Digital Library | www.panjabdigilib.org

ਜਿਥੇ ਓਹ ਜਾਂਦਾ ਹੈ ਓਥੇ ਹੀ ਸੁਖ ਪੌਂਦਾ ਹੈ, ਮਾਇਆ ਤਿਸਨੂੰ ਦੁਖ ਨਹੀਂ ਦੇਂਦੀ, ਕਬੀਰ ਜੀ ਕਹਿੰਦੇ ਹਨ ਮੇਰਾ ਮਨ ਵਾਹਿਗੁਰੂ ਦੀ ਪ੍ਰੀਤ ਦੇ ਅੰਦਰ (ਆਸਰੇ) ਮੰਨਿਆਂ ਹੈ ॥

## ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

ੴ ਸਤਿਗੁਰਪ੍ਰਸਾਦਿ ॥

ਸਫਲ ਜਨਮੁ ਮੋਕਉ ਗੁਰਿ ਕੀਨਾ ॥
ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥ ੧ ॥

ਮੇਰਾ ਜਨਮ ਗੁਰਾਂ ਨੇ ਸਫਲ ਕਰ ਦਿੱਤਾ ਹੈ ਕਿਉਂਕਿ ਦੁਖਾਂ ਨੂੰ ਦੂਰ ਕਰਕੇ ਸੁਖ ਸਰੂਪ ਵਾਹਿਗੁਰੂ ਦੇ ਅੰਦਰ ਲੀਨ ਹੋਇਆ ਹਾਂ, ਵਾ ਅੰਦਰ ਹੀ ਸੁਖ ਲਿਆ ਹੈ ॥

ਗਿਆਨ ਅੰਜਨੁ ਮੋਕਉ ਗੁਰਿ ਦੀਨਾ ॥
ਰਾਮ ਨਾਮ ਬਿਨ ਜੀਵਨੁ ਮਨ ਹੀਨਾ ॥ ੧ ॥ ਰਹਾਉ ॥

ਗਿਆਨ ਰੂਪ ਸੁਰਮਾਂ ਮੈਨੂੰ ਗੁਰਾਂ ਨੇ ਦਿਤਾ ਉਸ ਦਿਨ ਤੋਂ ਹੀ ਮੈਂ ਠੀਕ ਮਨ ਵਿਚ ਜਾਣ ਲਿਆ ਹੈ ਕਿ ਵਾਹਿਗੁਰੂ ਦੇ ਨਾਮ ਤੋਂ ਬਿਨਾ ਮੇਰਾ ਪਿਛੇ ਜਿੰਨਾਕੁ ਜੀਵਣ ਬੀਤਿਆ ਹੈ ਸੋ ਸਭ ਹੀ ਬਿਅਰਥ ਹੈ ॥

ਨਾਮਦੇਇ ਸਿਮਰਨੁ ਕਰਿ ਜਾਨਾਂ ॥
ਜਗ ਜੀਵਨ ਸਿਉ ਜੀਉ ਸਮਾਨਾ ॥ ੨ ॥ ੧ ॥

ਨਾਮਦੇਉ ਨੇ ਸਿਮਰਨ ਕਰਕੇ ਜਾਣਿਆ ਹੈ, ਜਗ ਜੀਵਨ ਵਾਹਿਗੁਰੂ ਨਾਲ ਮੇਰਾ ਜੀਉ ਸਮਾ ਗਿਆ ਹੈ ॥

## ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ੴ ਸਤਿਗੁਰਪ੍ਰਸਾਦਿ ॥

ਦਾਰਿਦ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥ ੧ ॥

Digitized by Panjab Digital Library | www.panjabdigilib.org

ਕਰ-ਹੱਥ। ਤਲੈ-ਤਲੀ

ਹੇ ਵਾਹਿਗੁਰੂ ! ਪਹਿਲੇ ਸਾਡੀ ਇਕੁਰ ਦੀ ਦਸ਼ਾ ਸੀ ਕਿ ਸਾਡੇ ਘਰ ਦਰਿਦ੍ਰ ਦੇਖਕੇ ਹਰ ਕੋਈ ਸਾਨੂੰ ਹੱਸਦਾ ਸੀ, ਪਰ ਹੁਣ ਅਠਾਰਾਂ ਸਿਧੀਆਂ ਹੱਥ ਦੀ ਹਥੇਲੀ ਉਤੇ ਹਨ ਏਹ ਸਭ ਕਿਰਪਾ ਤੁਹਾਡੀ ਹੈ ॥

**ਤੂ ਜਾਨਤ ਮੈ ਕਿਛੁ ਨਹੀ ਭਵਖੰਡਨ ਰਾਮ ॥**
**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥ ੧ ॥ ਰਹਾਉ ॥**

ਭਵ-ਸੰਸਾਰ ॥

ਹੇ ਸੰਸਾਰ ਦੇ ਡਰ ਦੂਰ ਕਰਨ ਵਾਲੇ ਵਾਹਿਗੁਰੂ ! ਤੂੰ ਸਭ ਕੁਝ ਜਾਣਦਾ ਹੈਂ ਤੇਰੇ ਅਗੇ ਮੈਂ ਕੁਝ ਨਹੀਂ ਜਾਣਦਾ ਸਾਰੇ ਜੀਵ ਤੇਰੀ ਸ਼ਰਨ ਆਏ ਹਨ ਹੇ ਪ੍ਰਭੂ ! ਤੂੰ ਸਭ ਦੀਆਂ ਕਾਮਨਾਂ ਪੂਰਨ ਕਰਨ ਵਾਲਾ ਹੈ ॥

**ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥**
**ਊਚ ਨੀਚ ਤੁਮਤੇ ਤਰੇ ਆਲਜੁ ਸੰਸਾਰੁ ॥ ੨ ॥**

ਆਲਜੁ=ਸਭਨਾਂ ਪਾਸਿਆਂ ਵਲੋਂ ਬੰਨਣ ਵਾਲੀ
ਪੱਕੀ ਰੱਸੀ ਵਾ ਲਏ ਹੋਏ ਵਾ ਨਿਰਲੱਜ ॥

ਹੇ ਵਾਹਿਗੁਰੂ ! ਜੇਹੜੇ ਤੇਰੀ ਸ਼ਰਨ ਆਏ ਹਨ ਉਨ੍ਹਾਂ ਦੇ ਸਿਰ ਤੇ ਜੂਨੀਆਂ ਦਾ ਭਾਰ ਨਹੀਂ ਰਿਹਾ, ਏਹ ਜੇਹੜਾ ਸੰਸਾਰ ਪੱਕੀ ਰੱਸੀ ਵਾਂਗੂ ਜੰਜਾਲ ਹੈ ਇਸ ਵਿਚ ਊਚ ਨੀਚ ਸਭ ਤੇਰੇ ਹੀ ਆਸਰੇ ਹਨ ॥

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥**
**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥ ੩ ॥ ੧ ॥**

ਰਵਿਦਾਸ ਜੀ ਕਹਿੰਦੇ ਹਨ ਹੇ ਅਕਥ ਵਾਹਿਗੁਰੂ ! ਤੇਰੀ ਬਹੁਤ ਕਥਾ ਕੀ ਕਰੀਏ, ਜਿਕਰ ਦਾ ਤੂੰ ਹੈਂ ਤਿਕੁਰ ਦਾ ਤੂ ਹੈਂ ਹੀ ਹੈਂ ਤੈਨੂੰ (ਕਿਸਦੀ) ਕੇਹੜੀ ਉਪਮਾ ਦੇਈਏ ॥

## ਬਿਲਾਵਲੁ

**ਜਿਹ ਕੁਲ ਸਾਧੁ ਬੈਸਨੌ ਹੋਇ ॥ ਬਰਨ ਅਬਰਨ ਰੰਕੁ ਨਹੀ ਈਸਰੁ ਬਿਮਲ ਬਾਸੁ ਜਾਨੀਐ ਜਗਿ ਸੋਇ ॥ ੧ ॥ ਰਹਾਉ ॥**

ਬਰਨ=ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼। ਅਬਰਨ=ਨੀਚ ਚੂਹੜੇ ਚਮਾਰ ਆਦਿਕ। ਰੰਕ=ਕੰਗਾਲ। ਬਿਮਲ=ਨਿਰਮਲ ॥

Digitized by Panjab Digital Library | www.panjabdigilib.org

ਜਿਸ ਕਿਸੇ ਕੁਲ ਵਿਚ ਸ੍ਰੇਸ਼ਟ ਵਾਹਿਗੁਰੂ ਦਾ ਭਗਤ ਹੋਵੇ ਚਾਹੇ (ਸੋਇ) ਓਹ ਹਛੇ ਬਰਨਾਂ ਵਿਚੋਂ ਹੋਵੇ ਚਾਹੇ ਨੀਚਾਂ ਵਿਚੋਂ ਹੋਵੇ ਓਹ ਕੰਗਾਲ ਨਹੀ ਹੈ ਭਾਵ ਈਸ਼ਰ ਹੈ, ਇਕੁਰ ਦਾ ਨਿਰਮਲ [ਕੀਰਤੀ] ਵਾਸ਼ਨਾ ਭਗਤੀ ਵਾਲਾ ਜਗਤ ਵਿਚ ਜਾਣੀਦਾ ਹੈ ॥

**ਬ੍ਰਾਹਮਨ ਬੈਸ ਸੂਦ ਅਰੁ ਖ੍ਯ੍ਯਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥**
**ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧**

ਪੁਨੀਤ=ਪਵਿਤ੍ਰ

ਭਾਵੇਂ ਬ੍ਰਾਹਮਣ, ਵੈਸ਼, ਸੂਦਰ ਅਤੇ ਖਤਰੀ, ਡੂਮ, ਚੰਡਾਲ ਮਲੇਛ ਮੰਨ ਲਵੋ (ਸੋਇ) ਓਹ ਭਗਤ ਆਦਮੀ ਹੋਵੇ ਪਰ ਓਹ ਵਾਹਿਗੁਰੂ ਦੇ ਭਜਨ ਕਰਕੇ ਪਵਿਤਰ ਹੁੰਦਾ ਹੈ ਅਤੇ ਆਪ ਵੀ ਅਤੇ ਉਸ ਵਾਹਿਗੁਰੂ ਦੇ ਰਸਵਿਚ ਆਪਣੇ ਆਪ ਨੂੰ ਤਾਰ ਲੈਂਦਾ ਹੈ ਅਤੇ ਦੋ ਕੁਲਾਂ (ਨਾਨਕੇ ਦਾਦਕੇ) ਵੀ ਤਾਰ ਦੇਂਦਾ ਹੈ ॥

**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥**
**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥ ੨ ॥**

ਪੁਨੀਤ=ਪਵਿਤ੍ਰ । ਸਾਰ=ਸ੍ਰੇਸ਼ਟ । ਆਨ=ਹੋਰ । ਮਗਨ=ਮਸਤ ।
ਬਿਖ=ਵਿਹੁ, ਵਿਸ਼ੇ । ਖੋਇ=ਦੂਰ ।

ਜਿਥੇ ਭਗਤ ਪ੍ਰਗਟ ਹੋਏ ਹਨ ਓਹ ਪਿੰਡ ਵੀ ਧੰਨ ਹਨ, ਉਹ ਜਗਾ ਧੰਨ ਹਨ, ਉਸ ਪਵਿਤਰ ਕੁਲ ਦੇ ਸਭ ਲੋਕੀ ਵੀ ਧੰਨ ਹਨ, ਜਿਸਨੇ ਵਾਹਿਗੁਰੂ ਦਾ ਸ੍ਰੇਸ਼ਟ ਨਿਰਮਲ ਅਮ੍ਰਿਤ ਰਸ ਪੀਤਾ ਹੈ ਉਸਨੇ ਹੋਰ ਰਸ ਛਡ ਦਿਤੇ ਹਨ ਪ੍ਰੇਮ ਵਿਚ ਮਸਤ ਹੋਕੇ ਵਿਸ਼ਿਆਂ ਦੇ ਰਸ ਦੂਰ ਕਰ ਦਿਤੇ ਹਨ ॥

**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥**
**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥ ੩ ॥ ੨ ॥**

ਪੁਰੈਨ=ਚੁਪੱਤੀ । ਪਾਤ=ਪੱਤੇ । ਸਮੀਪ=ਪਾਸ । ਭਨਿ=ਕਹਿੰਦੇ ॥

ਪੰਡਤ, ਸੂਰਮਾ, ਚਕਰਵਰਤੀ ਰਾਜਾ, ਵਾਹਿਗੁਰੂ ਦੇ ਭਗਤ ਬਰਾਬਰ ਹੋਰ ਕੋਈ ਨਹੀ, ਉਹ ਭਗਤ ਘਰ ਵਿਚ ਰਹਿਕੇ ਇਕੁਰ ਅਸੰਗ ਰਹੇ ਹਨ ਜਿਕੁਰ ਚੁਪੱਤੀ ਦੇ ਪਤੇ ਪਾਣੀ ਦੇ ਪਾਸ ਹੀ ਰਹਿੰਦੇ ਹਨ ਪਰ ਉਨਾਂ ਨੂੰ ਪਾਣੀ ਕੁਝ ਨਹੀ ਕਰ

Digitized by Panjab Digital Library | www.panjabdigilib.org

ਸਕਦਾ, ਇਕੁਰ ਹੀ ਭਗਤਾਂ ਨੂੰ ਪਦਾਰਥ ਕੁਝ ਨਹੀ ਕਰ ਸਕਦੇ, ਰਵਿਦਾਸ ਜੀ ਕਹਿੰਦੇ ਹਨ ਜਗ ਤੇ ਜੰਮਣਾਂ ਸਫਲ ਓਨਾਂ ਦਾ ਹੀ ਹੈ ॥

{ ਕਾਜੀਆਂ ਦੀ ਸ਼ਰਾਰਤ ਕਰਕੇ ਪਾਤਸ਼ਾਹ ਨੇ ਸਧਨੇ ਜੀ ਨੂੰ ਬੁਰਜ ਵਿਚ ਚਿਨਣਾ ਸ਼ੁਰੂ ਕੀਤਾ ਤਾਂ ਭਗਤ ਜੀ ਵਾਹਿਗੁਰੂ ਅਗੇ ਬੇਨਤੀ ਕਰਦੇ ਹਨ }

## ਬਾਣੀ ਸਧਨੇ ਕੀ ਰਾਗੁ ਬਿਲਾਵਲੁ

## ੴ ਸਤਿਗੁਰਪ੍ਰਸਾਦਿ ॥

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥**
**ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ੧ ॥**

ਨ੍ਰਿਪ=ਰਾਜਾ। ਕਾਮਾਰਥੀ=ਕਾਮ ਦਾ ਪ੍ਰਯੋਜਨੀ।
ਸੁਆਰਥੀ ਅਪਨੇ ਮਤਲਬ ਵਾਲਾ

ਰਾਜੇ ਦੀ ਪੁਤ੍ਰੀ ਵਾਸਤੇ ਇਕ ਭੇਖਧਾਰੀ (ਤਰਖਾਨ) ਦਾ ਪੁਤਰ ਹੋਯਾ, ਕਾਮ ਦਾ ਹੀ ਉਸਦਾ ਮਤਲਬ ਸੀ ਅਤੇ ਕੇਵਲ ਓਹ ਆਪਣੇ ਹੀ ਪਰਯੋਜਨ ਵਾਲਾ ਸੀ ਹੇ ਵਾਹਿਗੁਰੂ ਉਸ ਭੇਖ ਧਾਰੀ ਦੀ ਤੂੰ ਪੈਜ ਰਖੀ ॥

[ਤੇਰੇ ਕਰਮ ਹੀ ਇਕੁਰ ਦੇ ਹਨ]

**ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**
**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥ ੧ ॥ ਰਹਾਉ ।**

---

*ਇਕ ਰਾਜੇ ਦੀ ਲੜਕੀ ਨੇ ਪ੍ਰਣ ਕਰ ਲਿਆ ਸੀ ਕਿ ਮੈਂ ਵਿਸ਼ਨ ਭਗਵਾਨ ਦੇ ਨਾਲ ਵਿਆਹ ਕਰਾਉਣਾ ਹੈ ਉਸੀ ਵਕਤ ਇਕ ਤਰਖਾਣ ਦੇ ਪੁਤਰ ਨੇ ਉਕਰ ਦਾ ਭੇਖ ਕਰਕੇ ਵਿਆਹ ਲਈ, ਕਿਸੇ ਦਿਨ ਉਸ ਰਾਜੇ ਤੇ ਕੋਈ ਹੋਰ ਰਾਜਾ ਚੜ੍ਹਕੇ ਆਇਆ ਇਹ ਗਲ ਸੁਣਕੇ ਓਹ ਪਖੰਡੀ ਤਰਖਾਣ ਨਸ ਗਿਆ ਅਤੇ ਦੇਵਨੇਤ ਵਾਹਿਗੁਰੂ ਨੇ ਇਸ ਰਾਜੇ ਦੀ ਜਿਤ ਕੀਤੀ ਤਿਸ ਪਰਥਾਇ ਹਿੰਦੂ ਮਤ ਦੀ ਸਾਖੀ ਲੈਕੇ ਸਧਨਾ ਜੀ ਕਹਿੰਦੇ ਹਨ । ਦੇਖੋ ਯੋਗੀ ਸ਼ਿਵਨਾਥ ਕ੍ਰਿਤ ਪੰਚ ਤੰਤ੍ਰ ਦਾ ਪਹਿਲਾ ਤੰਤ੍ਰ ਪ ਕਥਾ ਸਫਾ ੬੩ ਤੋਂ ਲੈਕੇ ੭੦ ਤਕ ਕਈ ਨ੍ਰਿਪ ਕੰਨਜਾ ਮੀਰਾਂ ਬਾਈ ਦੀ ਸਾਖੀ ਲਾਉਂਦੇ ਹਨ ਅਤੇ ਆਖਦੇ ਹਨ ਓਸ ਪਾਸ ਗਿਰਧਰ ਸਾਂਗ ਧਾਰਕੇ ਆਯਾ ਸੀ ॥

Digitized by Panjab Digital Library | www.panjabdigilib.org

ਜੰਬੁਕੁ=ਗਿੱਦੜ ॥

ਹੇ ਜਗਤ ਗੁਰਾ ! ਤੇਰਾ ਗੁਣ ਕੀ ਹੈ (ਭਾਵ ਤੇਰੀ ਵਡਿਆਈ ਕੀ ਹੈ, ਮੈਨੂੰ ਕੀ ਗੁਣ ਹੋਇਆ ਤੇਰੀ ਭਗਤੀ ਦਾ ? ) ਜੋ ਸਾਡੇ ਪਿਛਲੇ ਲਿਖੇ ਹੋਏ ਕਰਮ ਨਾ ਦੂਰ ਹੋਏ, 'ਦੇਖ' ਸ਼ੇਰ ਦੀ ਸ਼ਰਨ ਕਿਸ ਵਾਸਤੇ ਜਾਈਏ ਜੇ ਉਠਕੇ ਗਿੱਦੜ ਬੁਰਕ ਕਰ ਲਵੇ ॥

(ਮੁਕਤਿ ਮਿਲੇਗੀ)

**ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖੁ ਪਾਵੈ ॥**
**ਪ੍ਰਾਨ ਗਏ ਸਾਗਰ ਮਿਲੈ ਫੁਨਿ ਕਾਮਿ ਨ ਆਵੈ॥**

ਸਾਗਰੁ=ਸਮੁੰਦ੍ਰ। ਫੁਨਿ=ਫੇਰ।

ਇਕ ਪਾਣੀ ਦੀ ਛਿਟ ਵਾਸਤੇ ਚਾਤ੍ਰਿਕ ਦੁਖ ਪਾਉਂਦਾ ਹੈ, ਪ੍ਰਾਣ ਗਿਆਂ ਦੇ ਪਿਛੋਂ ਜੇ ਸਮੁੰਦਰ ਵੀ ਮਿਲ ਜਾਵੇ ਤਾਂ ਉਸਦੇ ਕਿਸੇ ਕੰਮ ਨਹੀ ਔਂਦਾ 'ਇਕੁਰ ਹੀ ਮੈਂ ਮੁਕਤੀ ਛੱਡੀ ਤੁਸੀ ਮੇਰੀ ਸਹਾਇਤਾ ਕਰੋ' ॥

(ਠੈਹਰ ਠੈਹਰ)

**ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥**
**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥**

ਬਿਰਮਾਵਉ=ਪਰਚਿਆ ਰਹਾਂ, ਧੀਰਜ ਕਰਾਂ ॥

ਪ੍ਰਾਣ ਥਕ (ਮੁਕ)ਗਏ ਹਨ, ਚਿਤ ਖੜੋਂਦਾ ਨਹੀ ਮੈਂ ਤੁਹਾਡਾ ਪਰਚਾਇਆ ਹੋਇਆ ਕਿਕੁਰ ਧੀਰਜ ਕਰਾਂ ? ਡੁਬ ਮੋਏ ਨੂੰ ਜੇ ਬੇੜੀ ਮਿਲੇ ਤਾਂ ਦਸੋ ਖਾਂ (ਮਹਾਰਾਜ ਜੀ) ਕਿਸਨੂੰ ਉਤੇ ਚੜ੍ਹਾਵੋਗੇ, ਭਾਵ ਮੁਰਦੇ ਨੂੰ ?

(ਸਨਿੰਮ੍ਰਤ ਬੇਨਤੀ)

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥ ੧ ॥**

ਨਾ ਕੁਝ ਮੇਰਾ ਹੈ ਨਾਂ ਕੁਝ ਮੈਂ ਆਪਣਾ ਮੰਨਿਆਂ ਹੋਇਆ ਹੈ ਨਾ ਕੋਈ ਮੇਰਾ ਸਹਾਈ ਹੈ ਇਸ ਵੇਲੇ ਲੱਜਿਆ ਰਖ ਲੈ ਸਧਨਾ ਦਾਸ ਤੇਰਾ ਹੈ॥

Digitized by Panjab Digital Library | www.panjabdigilib.org

859



## ਰਾਗੁ ਗੋਂਡ ਚਉਪਦੇ ਮਹਲਾ ੪ ਘਰੁ ੧

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

**ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ ਤਾ ਮਨਿ ਚਿੰਦੇ ਅਨੇਕ ਅਨੇਕ ਫਲ ਪਾਈ ॥ ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥ ਹਰਿ ਤਿਸ ਕੀ ਆਸ ਕੀਜੈ ਮਨ ਮੇਰੇ ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥ ੧ ॥**

ਹੇ ਮਨ ਜੇ ਤੂੰ ਆਪਣੇ ਚਿਤ ਦੇ ਵਿਚ ਇਕ ਮਾਲਕ ਦੀ ਆਸ ਰਖੇਂ ਤਾਂ ਤੂੰ ਮਨ ਭੌਂਦੇ ਅਨੇਕਾਂ ਫਲ ਪਾ ਲਏਂ ॥ ਜੇਹੜਾ ਖਿਆਲ ਜੀਆਂ ਦੇ ਅੰਦਰ ਹੁੰਦਾ ਹੈ ਓਹ ਸਭ ਕੁਛ ਮਾਲਕ ਜਾਣਦਾ ਹੈ। ਸੇਵਾ ਦਾ ਕਰਮ ਕਮਾਇਆ ਹੋਯਾ ਮਾਲਕ ਕਿਸੇ ਦਾ ਵੀ ਇਕ ਤਿਲ ਜਿੰਨਾਂ ਵੀ ਨਹੀ ਗਵਾਂਦਾ ਹੈ ਭਾਵ ਸੇਵਾ ਦਾ ਫਲ ਜਰੂਰ ਦੇਂਦਾ ਹੈ। ਹੇ ਮੇਰੇ ਮਨ ਇਸ ਲਈ ਤੂੰ ਉਸ ਮਾਲਕ ਦੀ ਆਸ ਰਖ ਜੇਹੜਾ ਸਾਰਿਆਂ ਵਿਚ ਸਮਾਇਆ ਹੋਇਆ ਹੈ ॥

**ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥ ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ ॥ ॥ ੧ ॥ ਰਹਾਉ ॥**

ਹੇ ਮੇਰੇ ਮਨ ਜੇਹੜਾ ਜਗਤ ਦਾ ਈਸ਼ਰ ਦੁਨੀਆਂ ਦਾ ਮਾਲਕ ਹੈ ਤੂੰ ਉਸਦੀ ਆਸਾ ਕਰ ॥ ਜੇ ਤੂੰ ਮਾਲਕ ਤੋਂ ਬਿਨਾਂ ਹੋਰ ਕਿਸੇ ਦੀ ਆਸ਼ ਕਰੇਂਗਾ ਓਹ ਤੇਰੀ ਆਸ ਨਿਸ਼ਫਲ ਹੋਵੇਗੀ ਅਤੇ ਉਮਰ ਵੀ ਤੇਰੀ ਬਿਅਰਥ ਜਾਵੇਗੀ॥

**ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥ ਇਨ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ ਇਨ ਕਾ ਵਾਹਿਆ ਕਛੁ ਨ ਵਸਾਈ ॥ ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥ ੨ ॥**

ਜੇਹੜਾ ਮਾਇਆ ਦੇ ਮੋਹ ਵਿਚ ਲਗਕੇ ਸਾਰਾ ਟਬਰ ਸੁਖਦਾਈ ਦੀਹਦਾ ਹੈ ਉਸ

ਦੀ ਆਸ ਵਿਚ ਲਗਕੇ ਜਨਮ ਨੂੰ ਬਿਰਥਾ ਨ ਗਵਾ ॥
ਇਨਾਂ ਸਰਬੰਧੀਆਂ ਦੇ ਕੁਛ ਹਥ ਵਸ ਨਹੀ ਹੈ ਇਹ ਵਿਚਾਰੇ ਕੀ ਕਰ ਸਕਦੇ ਹਨ ਇਨਾਂ ਦਾ ਵਾਹਆ=ਚਲਾਇਆ ਭਾਵ ਕੀਤਾ ਹੋਇਆ ਕੁਛ ਨਹੀਂ ਵਸਾਈ=ਹੁੰਦਾ ਭਾਵ ਵਸ ਵਿਚ ਕੁਛ ਨਹੀ ਹੈ ॥ ਹੇ ਮੇਰੇ ਮਨ ਇਕ ਆਪਣੇ ਪਿਆਰੇ ਮਾਲਕ ਦੀ ਆਸ ਕਰ ਜੇਹੜਾ ਤੈਨੂੰ ਤਾਰੇ ਅਤੇ ਤੇਰਾ ਟਬਰ ਭੀ ਜਮਾਂ ਦੇ ਡਰ ਤੋਂ ਛੁੜਾ ਦੇਵੇ ॥

**ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥ ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥ ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥ ੩ ॥**

ਜੇ ਤੂੰ ਹੋਰ ਕੁਛ ਆਸਾ ਪਰਾਇਆਂ ਮਿਤਰਾਂ ਭਾਵ ਮਾਇਆ ਜਾਂ ਦੇਵਤਿਆਂ ਦੀ ਕੀਤੀ ਤਾਂ ਤੂੰ ਇਤਨਾਂ ਜਾਂਣੀ ਜੋ ਤੇਰੇ ਇਹ ਕਿਸੇ ਕੰਮ ਆਵੇਗੀ। ਭਾਵ ਕੰਮ ਨਹੀਂ ਆਵੇਗੀ ਇਹ ਜੇਹੜੀ ਪਰਾਇਆਂ ਮਿਤਰਾਂ ਭਾਵ ਮਾਇਆ ਦੀ ਆਸਾ ਹੈ ਇਹ ਤਾਂ ਦੂਸਰਾ ਭਾਵ ਹੈ ਝੂਠਾ ਸੋ ਸਾਰਾ ਝੂਠ ਇਕ ਛਿਨ ਵਿਚ ਹੀ ਨਾਸ ਹੋ ਜਾਂਦਾ ਹੈ ਭਾਵ ਇਹ ਆਸਾ ਛਡ ਦੇਹ ॥ ਹੇ ਮੇਰੇ ਮਨ ਆਪਣੇ ਪਿਆਰੇ ਸਚੇ ਮਾਲਕ ਦਾ ਆਸਾ ਕਰ ਜੇਹੜਾ ਤੇਰਾ ਸਾਰਾ ਕੰਮ ਕੀਤਾ ਹੋਇਆ ਥਾਂ ਪਾਵੇ ਭਾਵ ਸਫਲ ॥

**ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ ॥ ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥ ਜਨ ਨਾਨਕ ਕੀ ਆਸ ਤੂ ਜਾਣਹਿ ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ ॥ ੪ ॥ ੧ ॥**

ਹੇ ਮਾਲਕ ਆਸਾ ਮਨਸਾ ਸਾਰੀ ਤੇਰੀ ਕਰਾਈ ਹੋਈ ਇਹ ਆਦਮੀ ਕਰੇਗਾ ਜਿਕਰ ਦੀ ਆਸਾ ਨੂੰ ਤੂੰ ਕਰਾਂਦਾ ਹੈਂ ਓਸੇ ਤਰਾਂ ਦੀ ਇਹ ਆਸਾ ਕਰਦਾ ਹੈ ॥
ਹੇ ਮੇਰੇ ਮਾਲਕ ਕੁਛ ਕਿਸੇ ਦੇ ਹੱਥ ਵੱਸ ਨਹੀਂ ਹੈ ਪਰ ਇਹ ਸਮਝ ਮੈਨੂੰ ਸਤਿਗੁਰਾਂ ਦੀ ਸਿਖਿਆ ਸਮਝਾਉਣ ਨਾਲ ਆਈ ਹੈ। ਗੁਰੂ ਜੀ, ਮੈਂ ਦਾਸ ਦੀ ਆਸਾ ਤੂੰ ਜਾਣਦਾ ਹਾਂ ਹੇ ਮਾਲਕਾ ਤੇਰੇ ਦਰਸਨ ਨੂੰ ਵੇਖਕੇ ਹੋਰ ਸਾਰਿਆਂ ਦਰਸਨਾਂ ਦੇ ਵੇਖਣ ਵਲੋਂ ਮੇਰੀ ਬ੍ਰਿਤੀ ਰੱਜ ਗਈ ਹੈ ॥

Digitized by Panjab Digital Library | www.panjabdigilib.org

## ਗੌਂਡ ਮਹਲਾ ੪

**ਐਸਾ ਹਰਿ ਸੇਵੀਐ ਨਿਤ ਧਿਆਈਐ ਜੋ ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ ॥ ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥ ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ ਲਹਾਸਾ ॥ ੧ ॥**

ਜੇਹੜਾ ਮਾਲਕ ਇਕ ਛਿਨ ਵਿਚ ਸਾਰਿਆਂ ਪਾਪਾਂ ਨੂੰ ਨਾਸ ਕਰਦਾ ਹੈ ਸੋ ਇਕਰ ਦੇ ਮਾਲਕ ਨੂੰ ਸੇਵੀਏ ਤੇ ਰੋਜ ਯਾਦ ਕਰੀਏ ॥ ਜੇ ਤੂੰ ਮਾਲਕ ਨੂੰ ਛੱਡ ਕੇ ਹੋਰ ਕਿਸੇ ਦੀ ਆਸਾ ਕਰੇਂਗਾ ਤਾਂ ਤੇਰੀ ਕਮਾਈ ਸਾਰੀ ਮਾਲਕ ਨਿਸ਼ਫਲ ਗਵਾਵੇਗਾ ॥ ਹੇ ਮੇਰੇ ਮਨ ਉਸ ਨੂੰ ਸੇਵੋ ਜੇਹੜਾ ਮੇਰਾ ਮਾਲਕ ਸਾਰਿਆਂ ਸੁਖਾਂ ਦਾਂ ਦਾਤਾ ਹੈ ਜਿਸਦੇ ਸੇਵਿਆਂ ਸਾਰੀ ਆਸਾ ਰੂਪ ਭੁਖ ਲਹਿ ਜਾਂਦੀ ਹੈ ॥

**ਮੇਰੇ ਮਨ ਹਰਿ ਊਪਰ ਕੀਜੈ ਭਰਵਾਸਾ ॥ ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ਹਰਿ ਅਪਨੀ ਪੈਜ ਰਖੈ ਜਨ ਦਾਸਾ ॥ ੧ ॥ ਰਹਾਉ ॥**

ਹੇ ਮੇਰੇ ਮਨ ਮਾਲਕ ਦੇ ਉਤੇ ਭਰਵਾਸਾ ਕਰ ॥ ਇਕਰ ਜਾਣ ਕਿ ਜਿਥੇ ਮੈਂ ਜਾਵਾਂ ਓਥੇ ਹੀ ਮੇਰਾ ਮਾਲਕ ਮੇਰੇ ਨਾਲ ਹੈ ਅਤੇ ਓਹ ਦਾਸਾਂ ਦੀ ਇਜ਼ਤ ਆਪਣੀ ਜਾਣਕੇ ਰੱਖਦਾ ਹੈ ॥

**ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥ ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ ਜੋ ਤੁਮਰੇ ਦੂਖ ਤਤਕਾਲ ਕਟਾਸਾ॥ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾਅਵਰਾਪਹਿ ਕਹੀਐ ਅਵਰਾਪਹਿ ਕਹਿ ਮਨਲਾਜਮਰਾਸਾ॥੨॥**

ਜੇ ਤੂੰ ਆਪਣੀ ਹਾਲਤ ਪੀੜ ਹੋਰਨਾਂ ਦੇ ਪਾਸ ਆਖੇਂਗਾ ਤਾਂ ਆਪਣੀ ਦੁਖ ਪੀੜ ਓਹ ਤੇਰੇ ਪਾਸ ਬਹੁਤ ਕਢੇਗਾ ਭਾਵ ਤੇਰੇ ਪਾਸ ਦੂਣੇ ਦੁਖ ਦਸੇਗਾ ॥ ਇਸ ਲਈ ਤੂੰ ਆਪਣੀ ਹਾਲਤ ਪੀੜ ਆਪਣੇ ਮਾਲਕ ਦੇ ਪਾਸ ਹੀ ਆਖ ਜੇਹੜਾ ਤੇਰੇ ਦੁਖ ਛੇਤੀ ਨਾਲ ਦੂਰ ਕਰੇ ॥ ਜੇਹੜਾ ਇਕਰ ਦਾ ਮਾਲਕ ਹੈ ਉਸ ਨੂੰ ਛੱਡਕੇ ਆਪਣੀ ਪੀੜ ਹੋਰਨਾਂ ਦੇ ਪਾਸ ਆਖੀਏ ਤਾਂ ਹੋਰਨਾਂ ਦੇ ਪਾਸ ਆਖਦਿਆਂ ਹੋਇਆਂ ਮਨ ਵਿਚ ਸ਼ਰਮ ਨਾਲ ਮਰਨਾ ਹੁੰਦਾ ਹੈ ॥

**ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪ**

Digitized by Panjab Digital Library | www.panjabdigilib.org

ਨੈ ਸੁਆਇ ਮਿਲਾਸਾ ॥ ਜਿਤੁ ਦਿਨਿ ਉਨਿ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥ ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥ ੩ ।

ਹੇ ਮੇਰੇ ਮਨ ਜੇਹੜੇ ਸੰਸਾਰ ਦੇ ਕੁਟੰਬੀ; ਮਿਤਰ, ਭਰਾ ਦੀਹਦੇ ਹਨ ਇਹ ਸਾਰੇ ਆਪਣੇ ਮਤਲਬ ਲਈ ਮਿਲਦੇ ਹਨ ॥ ਜਿਸ ਦਿਨ ਓਨਾਂ ਦਾ ਕੋਈ ਮਤਲਬ ਪੂਰਾ ਨਾਂ ਹੋ ਆਵੇ ਤਾਂ ਉਸ ਦਿਨ ਓਨਾਂ ਵਿਚੋਂ ਕੋਈ ਨੇੜੇ ਨਹੀ ਢੁਕਦਾ ਹੈ ॥ ਹੇ ਮੇਰੇ ਮਨ ਆਪਣਾ ਸਹਾਈ ਜਾਣਕੇ ਮਾਲਕ ਨੂੰ ਸੇਵ ਜੇਹੜਾ ਤੇਰੇ ਦੁਖ ਸੁਖ ਵਿਚ ਦਿਨੇ ਰਾਤ ਤੇਰੀ ਉਪਕਰੇ=ਸਹੈਤਾ ਕਰੇਗਾ ਭਾਵ ਪਾਸ ਆਕੇ ਰਖਿਆ ਕਰੇਗਾ ।

ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ ਜੋ ਅੰਤੀ ਅਉਸਰਿ ਰਖਿ ਨ ਸਕਾਸਾ ॥ ਹਰਿ ਜਪੁ ਮੰਤ ਗੁਰਉਪਦੇਸੁ ਲੈ ਜਾਪਹੁ ਤਿਨ ਅੰਤਿ ਛਡਾਏ ਜਿਨ ਹਰਿ ਪ੍ਰੀਤਿ ਚਿਤਾਸਾ ॥ ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ ॥ ੪ ॥ ੨ ॥

ਹੇ ਮੇਰੇ ਮਨ ਉਸਦਾ ਭਰਵਾਸਾ ਕਿਉਂ ਕਰੀਏ ਜੇਹੜਾ ਅੰਤ ਦੇ ਵੇਲੇ ਰਖ ਨਹੀ ਸਕਦਾ ਹੈ ਜਾਂ ਰਖ ਨ ਸਕੇ ॥ ਗੁਰ ਉਪਦੇਸ਼ ਲੈਕੇ ਮਾਲਕ ਦੇ ਮੰਤਰ ਨੂੰ ਜਪ ਜਿਸਨੇਂ ਮਾਲਕ ਨਾਲ ਪ੍ਰੀਤੀ ਲਾਕੇ ਚਿਤ ਨਾਲ ਜਪਿਆ ਹੈ ਓਨਾਂ ਨੂੰ ਓੜਕ ਦੇ ਵੇਲੇ ਮਾਲਕ ਦਾ ਮੰਤਰ ਛੁਡਾ ਲੈਂਦਾ ਹੈ ॥ ਗੁਰੂ ਜੀ, ਹੇ ਸੰਤੋ ਦਿਨ ਰਾਤ ਮਾਲਕ ਦੇ ਨਾਮ ਨੂੰ ਜਪੋ ਇਹ ਸੰਸਾਰ ਦੇ ਬੰਧਨਾਂ ਤੋਂ ਛੁਟਣ ਦਾ ਸਚਾ ਭਰਵਾਸਾ ਭਾਵ ਨਿਸਚਾ ਹੈ ॥

## ਗੋਂਡ ਮਹਲਾ ੪

ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ ॥ ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਜਾਇ ਸਭ ਤਪਨਾ ॥ ੧ ॥

ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ ਸਦਾ ਹੀ ਅਨੰਦ ਹੋਵੇਗਾ ਅਤੇ ਦਿਲ ਅੰਦਰ ਸ਼ਾਂਤੀ ਸੁਖ ਹੋਵੇਗਾ ਏਸੇ ਲਈ ਤੂੰ ਆਪਣਾ ਆਪ ਸੀਤਲ ਮੰਨ ਜਾਂ ਮਨ ਅਪਣਾ ਸੀਤਲ ਹੋਵੇਗਾ ॥ ਜਿਸ ਤਰਾਂ ਸੂਰਜ ਸ਼ਕਤੀ ਦੇ ਜੋਰ ਨਾਲ ਰੇਤ ਆਦਿਕ ਧਰਤੀ ਦਾ ਥਾਂ ਬਹੁਤ ਸੜਦਾ ਹੈ ਪਰ ਚੰਦ ਨੂੰ ਵੇਖਣ ਨਾਲ ਹੀ ਸਾਰੀ ਤਪਤ

ਲਹਿ ਜਾਂਦੀ ਹੈ ਇਕਰ ਹੀ ਹੰਕਾਰ ਨਾਲ ਸੜਦੇ ਆਦਮੀ ਦੀ ਗੁਰੂ ਦੇ ਦਰਸ਼ਨ ਨਾਲ ਤ੍ਰਿਸ਼ਨਾ ਦੂਰ ਹੋਜਾਂਦੀ ਹੈ ॥

**ਮੇਰੇ ਮਨ ਅਨਦਿਨੁ ਧਿਆਇ ਨਾਮੁ ਹਰਿ ਜਪਨਾ ॥ ਜਹਾ ਕਹਾ ਤੁਝੁ ਰਾਖੈ ਸਭਠਾਈ ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ ॥ ॥ ੧ ॥ ਰਹਾਉ ॥**

ਹੇ ਮੇਰੇ ਮਨ ਰਾਤ ਦਿਨ ਧਿਆਨ ਨਾਲ ਮਾਲਕ ਦਾ ਜਾਪ ਜਪਣਾ ਕਰੋ ਓਹ ਮਾਲਕ ਜਿਥੇ ਕਿਥੇ ਹਰ ਥਾਂ ਵਿਚ ਤੇਰੀ ਰਖਿਆ ਕਰੇਗਾ ਸੋ ਇਕਰ ਤੂੰ ਆਪਣਾ ਮਾਲਕ ਜਾਣਕੇ ਉਸਦੀ ਸੇਵਾ ਕਰ ॥

**ਜਾਮਹਿ ਸਭਿ ਨਿਧਾਨ ਸੋ ਹਰਿ ਜਪਿ ਮਨਿ ਮੇਰੇ ਗੁਰਮੁਖਿ ਖੋਜਿ ਲਹਹੁ ਹਰਿ ਰਤਨਾ ॥ ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ ਤਿਨ ਕੇ ਚਰਨ ਮਲਹੁ ਹਰਿ ਦਸਨਾ ॥ ੨ ॥**

ਹੇ ਮੇਰੇ ਮਨ ਜਿਸ ਵਿਚ ਸਾਰੇ ਪਦਾਰਥ ਹਨ ਸੋ, ਉਸ ਮਾਲਕ ਨੂੰ ਜਪ ਉਸ ਮਾਲਕ ਅਮੋਲਕ ਰਤਨ ਨੂੰ ਗੁਰੂ ਨਾਲ ਮਿਲਕੇ ਲੱਭ ਲੈ ॥ ਜਿਸਨੇ ਮਾਲਕ ਨੂੰ ਧਿਆਇਆ ਹੈ ਉਸ ਨੇ ਮੇਰਾ ਮਾਲਕ ਪ੍ਰਮੇਸਰ ਪਾਇਆ ਹੈ ਉਸ ਮਾਲਕ ਦੇ ਦਸਨਾਂ=ਦਾਸਾਂ ਦੇ ਚਰਨਾਂ ਨੂੰ ਮਲਾਂ ਜਾਂ ਮਲੋ ਜਾਂ ਜਿਨਾਂ ਨੇ ਮਾਲਕ ਦਾ ਉਪਦੇਸ਼ ਦਸਿਆ ਹੈ ਉਸਦੇ ਚਰਨ ਮਲੋ ॥

**ਸਬਦੁ ਪਛਾਣਿ ਰਾਮਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ ॥ ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ ॥ ੩ ॥**

ਗੁਰ ਉਪਦੇਸ਼ ਨੂੰ ਪਛਾਣਕੇ ਚੰਗੀ ਤਰਾਂ ਮਾਲਕ ਦੇ ਰਸ ਨੂੰ ਪਾਓ ਜਿਸਨੇ ਪਾਇਆ ਹੈ ਓਹ ਉਤਮ ਸੰਤ ਵਡਿਆਂ ਤੋਂ ਵੱਡਾ ਹੋਇਆ ਹੈ ॥ ਓਨਾਂ ਦਾਸਾਂ ਦੀ ਵਡਿਆਈ ਮਾਲਕ ਨੇ ਆਪ ਵਧਾਈ ਹੈ ਓਹ ਕਿਸੇ ਦੀ ਘਟਾਈ ਹੋਈ ਤਿਲ ਜਿਨੀ ਵੀ ਨਹੀਂ ਘਟਦੀ ਹੈ ਤਿੰਨ ਵਾਰੀ ਤਿਲ ਆਖਣਾ ਬਹੁਤ ਥੋੜੇ ਤੋਂ ਭਾਵ ਹੈ ।

**ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ ॥ ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ ॥ ੪ ॥**

Digitized by Panjab Digital Library | www.panjabdigilib.org

ਹੇ ਮੇਰੇ ਮਨ ਜਿਸ ਕਰਕੇ ਤੂੰ ਸਦਾ ਹੀ ਸੁਖ ਪਾਵੇਂ ਰੋਜ ਹੀ ਉਸਦੇ ਧਿਆਨ ਵਿਚ ਜੁੜਨਾ ਕਰ ਜਾਂ ਹੱਥ ਜੋੜਕੇ ਬੇਨਤੀ ਕਰ ॥ ਗੁਰੂ ਜੀ, ਹੇ ਮਾਲਕ ਮੈਨੂੰ ਦਾਸ ਨੂੰ ਇਕ ਇਹ ਦਾਨ ਦੇਹ ਮੇਰੇ ਦਿਲ ਵਿਚ ਰੋਜ ਹੀ ਤੇਰੇ ਚਰਨ ਵਸਦੇ ਰਹਿਣ ॥

## ਗੌਂਡ ਮਹਲਾ ੪

**ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ ਸਭਿ ਮਿਥਿਆ ਝੂਠੁ ਭਾਉਦੂਜਾ ਜਾਣੁ ॥ ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ ॥ ੧ ॥**

ਜਿਤਨੇ ਸ਼ਾਹੂਕਾਰ, ਪਾਤਸ਼ਾਹ, ਉਮਰਾਉ, ਠਾਣੇਦਾਰ, ਚੌਧਰੀ ਕਹਾਂਦੇ ਹਨ ਇਹ ਦੂਸਰਾ ਭਾਵ ਸਾਰਿਆਂ ਵਿਚ ਸਾਰਾ ਝੂਠਾ ਹੋਣ ਨਾਲ ਸਭ ਕੁਛ ਝੂਠਾ ਜਾਣ ਭਾਵ ਸਾਰਿਆਂ ਵਿਚ ਦੂਸਰਾ ਖਿਆਲ ਹੈ ਇਸ ਲਈ ਸਾਰਿਆਂ ਨੂੰ ਝੂਠਿਆਂ ਜਾਣੋ ॥
ਹੇ ਮੇਰੇ ਮਨ ਜੇਹੜਾ ਮਾਲਕ ਨ ਮਰਨ ਵਾਲਾ ਤੇ ਟਿਕਿਆ ਰਹਿਣ ਵਾਲਾ ਹੈ ਉਸ ਨੂੰ ਤੂੰ ਯਾਦ ਕਰ ਜਿਸ ਕਰਕੇ ਤੂੰ ਪਰਵਾਣ ਤੇ ਨਿਸਚਲ ਹੋ ਜਾਵੇਂਗਾ ॥

**ਮੇਰੇ ਮਨ ਨਾਮਹਰੀ ਭਜੁ ਸਦਾ ਦੀਬਾਣੁ ॥ ਜੋ ਹਰਿਮਹਲੁ ਪਾਵੈ ਗੁਰਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥ ੧ ॥ ॥ ਰਹਾਉ ॥**

ਹੇ ਮੇਰੇ ਮਨ ਜੇਹੜਾ ਮਾਲਕ ਦਾ ਨਾਮ ਸਦਾ ਹੀ ਆਸਰਾ ਦੇਣ ਵਾਲਾ ਹੈ ਉਸ ਨੂੰ ਯਾਦ ਕਰ ॥ ਜੇਹੜਾ ਗੁਰੂ ਦੇ ਉਪਦੇਸ਼ ਨਾਲ ਮਾਲਕ ਦੇ ਸਰੂਪ ਨੂੰ ਪਾਂਦਾ ਹੈ ਉਸ ਜਿੱਡਾ ਵੱਡਾ ਹੋਰ ਕਿਸੇ ਦਾ ਜੋਰ ਨਹੀ ਹੈ ਭਾਵ ਜੇਹੜਾ ਕੋਈ ਕਮਜੋਰ ਆਦਮੀ ਜੋਰਾਵਰ ਦੇ ਆਸਰੇ ਹੁੰਦਾ ਹੈ ਉਸਦੇ ਸਾਰੇ ਅਨੁਸਾਰੀ ਹੋ ਜਾਂਦੇ ਹਨ ।

**ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਭਿ ਬਿਨਸਜਾਹਿ ਜਿਉ ਰੰਗੁ ਕਸੁੰਭ ਕਚਾਣੁ ॥ ਹਰਿ ਸਤਿ ਨਿਰੰਜਨ ਸਦਾ ਸੇਵਿ ਮਨ ਮੇਰੇ ਜਿਤੁ ਹਰਿਦਰਗਹ ਪਾਵਹਿ ਤੂ ਮਾਣੁ ॥ ੨ ॥**

ਹੇ ਮੇਰੇਮਨ ਜਿਤਨੇ ਧਨ ਵਾਲੇ, ਕੁਲ ਵਾਲੇਮਿਲਖ ਵਾਲੇਦੀਹਦੇ ਹਨ ਸਾਰੇ ਨਾਸ ਹੋ ਜਾਣਗੇ ਜਿਸਤਰਾਂ ਕਸੁੰਭੇ ਦਾ ਰੰਗ ਕਚਾ ਹੈ ਭਾਵ ਥੋੜੇ ਦਿਨ ਰਹਿਣ ਵਾਲਾ ਹੈ. ਹੇ ਮਨ ਮੇਰੇ ਮਾਲਕ ਸਚੇ ਨਿਰੰਜਨ ਨੂੰ ਸਦਾ ਹੀ ਸੇਵ ਜਿਸ ਕਰਕੇ ਮਾਲਕ ਦੀ ਦਰਗਾਹ ਵਿਚ ਤੂੰ ਆਦਰ ਪਾਵੇਂ ॥

Digitized by Panjab Digital Library | www.panjabdigilib.org

**ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ ॥ ੩ ॥**

ਬ੍ਰਾਹਮਣ, ਖੱਤਰੀ, ਸੂਦਰ ਵੈਸ਼ ਇਹ ਜੇਹੜੇ ਚਾਰ ਵਰਨ ਹਨ ਅਤੇ ਜੇੜੇ ਗ੍ਰਸਤ ਆਦਿਕ ਚਾਰ ਆਸ਼੍ਰਮ ਹਨ ਇਨਾਂ ਵਿਚੋਂ ਜੇਹੜਾ ਪ੍ਰਮੇਸ਼ਰ ਨੂੰ ਧਿਆਂਦਾ ਹੈ ਓਹ ਵਡਾ ਹੈ॥ ਜਿਸ ਤਰਾਂ ਚੰਦਨ ਦੇ ਪਾਸ ਇਰੰਡ ਦਾ ਰੁਖ ਵਿਚਾਰਾ ਵਸਦਾ ਹੈ ਤਾਂ ਓਹ ਚੰਦਨ ਹੀ ਹੁੰਦਾ ਹੈ, ਇਕਰ ਹੀ ਸਤਸੰਗਤ ਨਾਲ ਮਿਲਕੇ ਪਾਪੀ ਵੀ ਮਾਲਕ ਦੀ ਦਰਗਾਹ ਵਿਚ ਪਰਵਾਣ ਹੁੰਦਾ ਹੈ ਭਾਵ ਤਰ ਜਾਂਦਾ ਹੈ ॥

**ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾਕੈ ਹਿਰਦੈ ਵਸਿਆ ਭਗਵਾਨੁ ॥ ਜਨ ਨਾਨਕੁ ਤਿਨ ਕੇ ਚਰਨ ਪਖਾਲੈ ਜੋ ਹਰਿਜਨੁ ਨੀਚੁ ਜਾਤਿ ਸੇਵਕਾਣੁ ॥ ੪ ॥ ੪ ॥**

ਜਿਸਦੇ ਦਿਲ ਵਿਚ ਪ੍ਰਮੇਸਰ ਵਸਿਆ ਹੈ ਓਹ ਸਾਰਿਆਂ ਤੋਂ ਉਚਾ ਤੇ ਸਾਰਿਆਂ ਤੋ ਸੁਚਾ ਹੈ। ਗੁਰੂ ਜੀ,ਹੇ ਮਨ ਮੇਰੇ ਜੇਹੜੇ ਪ੍ਰਮੇਸਰ ਦੇ ਦਾਸ ਨੀਵੀਂ ਜਾਤੀਵਿਚ ਹਨ ਤੂੰ ਓਨਾਂ ਦਾ ਸੇਵਕ ਹੋਕੇ ਓਨਾਂ ਦੇ ਚਰਨਾਂ ਨੂੰ ਧੋ ॥

## ਗੌਂਡ ਮਹਲਾ ੪

**ਹਰਿ ਅੰਤਰਜਾਮੀ ਸਭਤੈ ਵਰਤੈ ਜੇਹਾ ਹਰਿ ਕਰਾਏ ਤੇਹਾਕੋ ਕਰਈ-ਐ ॥ ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ ਜੋ ਤੁਧ ਨੋ ਸਭਦੂ ਰਖਿ ਲਈਐ ॥ ੧ ॥**

ਪ੍ਰਮੇਸ਼ਰ ਅੰਤਰਜਾਮੀ ਸਾਰੀਆਂ ਜਗਾਂ ਵਿਚ ਵਰਤਦਾ ਹੈ ਇਕਰ ਜਿਸਤਰਾਂ ਮਾਲਕ ਜਿਸਤੋਂ ਕਰਾਂਦਾ ਹੈ ਓਹੋ ਜੇਹਾ ਓਹ ਕੋਈ ਕਰਦਾ ਹੈ ॥ ਹੇ ਮਨ ਮੇਰੇ ਜੇਹੜਾ ਤੈਨੂੰ ਸਾਰਿਆਂ ਵਿਘਨਾਂ ਤੋਂ ਰਖ ਲਏ ਸੋ ਇਕਰਦੇ ਮਾਲਕਦੀ ਸਦਾ ਸੇਵਾ ਕਰ॥

**ਮੇਰੇ ਮਨ ਹਰਿ ਜਪਿ ਹਰਿ ਨਿਤ ਪੜਈਐ ॥ ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕੜਈਐ ॥ ੧ ॥ ਰਹਾਉ॥**

ਹੇ ਮਨ ਮੇਰੇ ਰੋਜ ਹੀ ਮਾਲਕ ਨੂੰ ਜਪੀਏ ਤੇ ਓਸੇ ਦਾ ਹੀ ਪਾਠ ਪੜੀਏ ਭਾਵ ਯਾਦ ਕਰੀਏ, ਪ੍ਰਮੇਸ਼ਰ ਤੋਂ ਬਿਨਾਂ ਕੋਈ ਮਾਰ ਜਿਵਾਲ ਨਹੀ ਸਕਦਾ ਹੈ ਤਾਂ ਫਿਰ ਕਿਸ ਵਾਸਤੇ ਝੂਰੀਏ ॥

Digitized by Panjab Digital Library | www.panjabdigilib.org

ਹਰਿ ਪਰਪੰਚੁ ਕੀਆ ਸਭੁ ਕਰਤੈ ਵਿਚਿ ਆਪੇ ਆਪਣੀ ਜੋਤਿ ਧਰੀਐ ॥ ਹਰਿ ਏਕੋ ਬੋਲੈ ਹਰਿ ਏਕੁ ਬੁਲਾਏ ਗੁਰਿਪੂਰੈ ਹਰਿ ਏਕੁ ਦਿਖਈਐ ॥ ੨ ॥

ਪ੍ਰਮੇਸਰ ਕਰਤੇ ਨੇ ਸਾਰਾ ਸੰਸਾਰ ਪੈਦਾ ਕੀਤਾ ਹੈ ਇਸਦੇ ਵਿਚ ਆਪਣੀ ਸ਼ਕਤੀ ਆਪ ਹੀ ਰੱਖੀ ਹੈ ॥ ਇਕ ਹੀ ਮਾਲਕ ਸਾਰਿਆਂ ਵਿਚ ਬੋਲਦਾ ਹੈ ਇਕ ਹੀ ਪ੍ਰਮੇਸਰ ਸਾਰਿਆਂ ਜੀਆਂ ਨੂੰ ਬੁਲਾਂਦਾ ਹੈ ਪਰ ਪੂਰੇ ਗੁਰੂ ਨੇ ਇਕ ਮਾਲਕ ਵਿਖਾਇਆ ਹੈ ॥

ਹਰਿ ਅੰਤਰਿ ਨਾਲੇ ਬਾਹਰਿ ਨਾਲੇ ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥ ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾ ਮੇਰੇ ਮਨ ਸਰਬ ਸੁਖ ਪਈਐ ॥ ੩ ॥

ਦੇਹ ਅੰਦਰ ਵੀ ਮਾਲਕ ਨਾਲ ਹੀ ਹੈ ਅਤੇ ਬਾਹਰ ਦੁਨੀਆਂ ਵਿਚ ਵੀ ਮਾਲਕ ਨਾਲ ਹੀ ਮਿਲਿਆ ਹੋਇਆ ਹੈ, ਹੇ ਮਨ ਦੱਸ ਖਾਂ ਉਸ ਪਾਸੋਂ ਕੀ ਚੋਰੀ ਕਰੀਏ ਭਾਵ ਕੀ ਛਪਾ ਕਰੀਏ ਸਾਡਿਆਂ ਸਾਰਿਆਂ ਕਰਮਾਂ ਨੂੰ ਓਹ ਵੇਖਦਾ ਹੈ ॥
ਹੇ ਮਨ ਕਪਟ ਤੋਂ ਬਿਨਾ ਹੋਕੇ ਉਸ ਮਾਲਕ ਦੀ ਸੇਵਾ ਕਰ ਤਾਂ ਹੀ ਤੂੰ ਸਾਰਿਆਂ ਸੁਖਾਂ ਨੂੰ ਪਾਵੇਂਗਾ ॥

ਜਿਸ ਦੈ ਵਸਿ ਸਭੁਕਿਛੁ ਸੋ ਸਭਦੂ ਵਡਾ ਸੋ ਮੇਰੇ ਮਨ ਸਦਾ ਧਿਆਈਐ ॥ ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ ਹਰਿ ਸਦਾ ਧਿਆਇ ਤੂ ਤੁਧੁ ਲਏ ਛਡਈਐ ॥ ੪ ॥ ੫ ॥

ਹੇ ਮਨ ਮੇਰੇ ਜਿਸਦੇ ਵੱਸ ਸਭ ਕੁਛ ਹੈ ਓਹ ਸਾਰਿਆਂ ਚੋਂ ਵੱਡਾ ਹੈ ਇਸ ਲਈ ਓਸੇ ਮਾਲਕ ਨੂੰ ਯਾਦ ਕਰੀਏ ॥ ਗੁਰੂ ਜੀ, ਓਹ ਮਾਲਕ ਸਦਾ ਹੀ ਤੇਰੇ ਨਾਲ ਹੈ ਇਸ ਲਈ ਤੂੰ ਸਦਾ ਉਸਨੂੰ ਯਾਦ ਕਰ ਤੈਨੂੰ ਓਹ ਦੁਖਾਂ ਤੋਂ ਛੁਡਾ ਲਵੇਗਾ ॥

## ਗੋਂਡ ਮਹਲਾ ੪

ਹਰਿਦਰਸਨ ਕਉ ਮੇਰਾ ਮਨੁ ਬਹੁ *ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥ ੧ ॥

*ਕਈ ਤਪਤੈ ਨੂੰ ਤ੍ਰਿਪਤੇ ਭਾਵ ਰੱਜ ਜਾਣਾ ਇਕਰ ਦਾ ਅਰਥ ਸਮਝਕ—

Digitized by Panjab Digital Library | www.panjabdigilib.org

੪੬੧



ਪ੍ਰਮੇਸਰ ਦਾ ਦਰਸ਼ਨ ਕਰਨ ਵਾਸਤੇ ਮੇਰਾ ਮਨ ਬਹੁਤ ਤਪਤੇ ਸੜਦਾ ਭਾਵ ਦੁਖੀ ਹੁੰਦਾ ਹੈ ਜਿਸ ਤਰਾਂ ਤਿਹਾਇਆ ਪਾਣੀ ਤੋਂ ਬਿਨਾ ਤਪਦਾ ਹੈ ॥

**ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥ ਹਮਰੀ ਵੇਦਨ ਹਰਿਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥ ੧ ॥ ਰਹਾਉ ॥**

ਮੇਰੇ ਮਨ ਨੂੰ ਪ੍ਰਮੇਸਰ ਦੇ ਪ੍ਰੇਮ ਦਾ ਤੀਰ ਲੱਗਾ ਹੈ, ਮੇਰੀ ਪੀੜ ਨੂੰ ਮਾਲਕ ਹੀ ਜਾਣਦਾ ਹੈ ਜੇਹੜੀ ਮੇਰੇ ਮਨ ਦੇ ਅੰਦਰ ਪ੍ਰਮੇਸਰ ਦੇ ਵਿਛੋੜੇ ਦੀ ਪੀੜ ਹੈ ॥

**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ**
**ਸੋ ਭਾਈ ਸੋ ਮੇਰਾ ਬੀਰ ॥ ੨ ॥**

ਜੇਹੜਾ ਕੋਈ ਮੇਰੇ ਪਿਆਰੇ ਮਾਲਕ ਦੀ ਗੱਲ ਸੁਣਾਵੇ ਭਾਵ ਕਥਾ ਵਾਰਤਾ ਸੁਣਾਵੇ ਓਹੋ ਸਾਡਾ ਪ੍ਰੇਮੀ ਤੇ ਓਹੋ ਹੀ ਸਾਡਾ ਭਰਾ ਹੈ ॥

**ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥ ੩ ॥**

ਹੇ ਸਖੀ ਇਸ ਲਈ ਆਪੋ ਵਿਚ ਦੀ ਮਿਲਕੇ ਮੇਰੇ ਮਾਲਕ ਦੇ ਮਿਲਾਪ ਦੇ ਗੁਣ ਦਸੋ ਪਰ ਜੇਹੜੇ ਗੁਰੂ ਧੀਰਜ ਵਾਲੇ ਹਨ ਓਨਾਂ ਦੀ ਸਿਖਿਆ ਲੈਕੇ ਆਖੋ ॥

**ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿਦਰਸਨਿ ਸਾਂਤਿ ਸਰੀਰ ॥ ॥ ੪ ॥ ੬ ॥ ਛਕਾ ॥ ੧ ॥**

ਗੁਰੂ ਜੀ, ਹੇ ਮਾਲਕ ਮੇਰੀ ਦਾਸ ਦੀ ਜੇਹੜੇ ਆਪ ਦੇ ਮਿਲਾਪ ਦੀ ਆਸ ਹੈ ਓਹ ਪੂਰੀ ਕਰੋ ਕਿਉਂਕਿ ਹੇ ਮਾਲਕਾ ਆਪ ਦੇ ਦਰਸ਼ਨ ਬਿਨਾਂ ਸਰੀਰ ਵਿਚ ਸ਼ਾਂਤੀ ਨਹੀਂ ਹੁੰਦੀ ਹੈ ॥

---

—ਪਾਠ ਗਲਤ ਕਰਦੇਹਨ ਮੈਂ ਬੜਿਆਂ ਬੜਿਆਂ ਸਿਆਣਿਆਂ ਦੇ ਮੂੰਹੋਂ ਤ੍ਰਿਪਤੇ ਪਾਠ ਸੁਣਿਆ ਹੈ ਇਸ ਲਈ ਅਰਥਾਂ ਦਾ ਸਿੱਖਣਾ ਬਹੁਤ ਜਰੂਰੀ ਹੈ ਜੇ ਅਰਥ ਆਉਂਦੇ ਹੋਣ ਤਾਂ ਲੋਕ ਤ੍ਰਿਪਤੇ ਪਾਠ ਕਿਉਂ ਕਰਨ ਇਸ ਲਈ ਜਰੂਰ ਅਰਥ ਸਿਖੋ ਅਸ਼ੁਧ ਬਾਣੀ ਪੜ੍ਹਨੀ ਪਾਪ ਹੈ ॥

Digitized by Panjab Digital Library | www.panjabdigilib.org

## ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧

### ੧ਓ ਸਤਿਗੁਰਪ੍ਰਸਾਦਿ ॥

**ਸਭੁ ਕਰਤਾ ਸਭੁ ਭੁਗਤਾ ॥ ੧ ॥ ਰਹਾਉ ॥**

ਪ੍ਰਮੇਸਰ ਆਪ ਹੀ ਸਾਰੀ ਦੁਨੀਆਂ ਨੂੰ ਕਰਨ ਵਾਲਾ ਹੈ ਤੇ ਆਪ ਹੀ ਸਾਰਿਆਂ ਰਸਾਂ ਨੂੰ ਭੋਗਣ ਵਾਲਾ ਹੈ ॥

**ਸੁਨਤੋ ਕਰਤਾ ਪੇਖਤ ਕਰਤਾ ॥ ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥ ਓਪਤਿ ਕਰਤਾ ਪਰਲਉ ਕਰਤਾ ॥ ਬਿਆਪਤ ਕਰਤਾ ਅਲਿਪਤੋ ਕਰਤਾ ॥ ੧ ॥**

ਆਪ ਹੀ ਪ੍ਰਮੇਸਰ ਸੁਣਨਾ ਕਰਦਾ ਹੈ ਆਪ ਹੀ ਵੇਖਣਾ ਕਰਦਾਹੈ ॥ ਜੇਹੜਾ ਕੰਮ ਨਜਰ ਤੋਂ ਬਾਹਰ ਹੈ ਓਹ ਵੀ ਆਪ ਹੀ ਕਰਦਾ ਹੈ ਜੇਹੜਾ ਨਜ਼ਰ ਵਿਚ ਹੈ ਓਹ ਵੀ ਆਪ ਹੀ ਕਰਦਾ ਹੈ ॥ ਪ੍ਰਮੇਸਰ ਹੀ ਉਤਪਤੀ ਕਰਦਾ ਹੈ ਅਤੇ ਪ੍ਰਮੇਸਰ ਹੀ ਪਰਲੋ ਕਰਦਾ ਹੈ ॥ ਸਾਰਿਆਂ ਵਿਚ ਮਿਲਿਆ ਹੋਇਆ ਵੀ ਕਰਤਾ ਹੈ ਅਤੇ ਸਾਰਿਆਂ ਤੋਂ ਵੱਖਰਾ ਵੀ ਕਰਤਾ ਹੀ ਹੈ ॥

**ਬਕਤੋ ਕਰਤਾ ਬੂਝਤ ਕਰਤਾ ॥ ਆਵਤੁ ਕਰਤਾ ਜਾਤੁ ਭੀ ਕਰਤਾ ॥ ਨਿਰਗੁਨ ਕਰਤਾ ਸਰਗੁਨ ਕਰਤਾ ॥ ਗੁਰਪ੍ਰਸਾਦਿ ਨਾਨਕ ਸਮ ਦ੍ਰਿਸਟਾ ॥ ੨ ॥ ੧ ॥**

ਆਖਣ ਬੋਲਣ ਵਾਲਾ ਵੀ ਪ੍ਰਮੇਸਰ ਹੈ ਤੇ ਸਮਝਣ ਵਾਲਾ ਵੀ ਪ੍ਰਮੇਸਰ ਹੀ ਹੈ ॥ ਆਉਣ ਵਾਲਾ ਵੀ ਕਰਤਾ ਹੈ ਅਤੇ ਜਾਣ ਵਾਲਾ ਵੀ ਕਰਤਾ ਹੀ ਹੈ ਭਾਵ ਜੇ ਕਿਧਰੇ ਕੋਈ ਜਾਂਦਾ ਹੈ ਤਾਂ ਓਹ ਵੀ ਪ੍ਰਮੇਸਰ ਹੀ ਜਾਂਦਾ ਹੈ ॥ ਕਰਤਾ ਹੀ ਨਿਰਗੁਣ ਹੈ ਕਰਤਾ ਹੀ ਸਰਗੁਣ ਹੈ ਪਰ ਗੁਰੂ ਜੀ ਆਖਦੇ ਹਨ ਗੁਰੂ ਦੀ ਕਿਰਪਾ ਨਾਲ ਇਕ ਬਰਾਬਰ ਵੇਖਿਆ ਹੈ ਭਾਵ ਸਾਰੇ ਰੂਪ ਪ੍ਰਮੇਸਰ ਜਾਣਿਆ ਹੈ ॥

Digitized by Panjab Digital Library | www.panjabdigilib.org

(ਮਨ ਪ੍ਰਬੋਧ)

## ਗੌਂਡ ਮਹਲਾ ੫

**ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ ॥ ਪਗ ਧਾਰਹਿ ਸਾਸੁ ਲੇਖੈ ਲੈ ਤਉ ਉਧਰਹਿ ਹਰਿਗੁਣ ਗਾਇਲੇ ॥ ॥ ੧ ॥**

ਆਦਮੀ ਫਸਿਆ ਹੈ ਮੱਛੀ ਤੇ ਬਾਂਦਰ ਵਾਂਗ ਮੱਛੀ ਬਾਂਦਰ ਤਾਂ ਮਸ ਛੋਲਿਆਂ ਵਿਚ ਫਸੇ ਹੋਏ ਹਨ ਅਤੇ ਹੇ ਜੀਵ ਤੂੰ ਕੁਸੁੰਭੇ ਦੇ ਰੰਗ ਵਿਚ ਫਸਿਆ ਹੋਇਆ ਹੈਂ ਭਾਵ ਕੁਸੰਭਾ ਛੇਤੀ ਨਾਲ ਨਾਸ ਹੋ ਜਾਂਦਾ ਹੈ ਇਕਰ ਹੀ ਵਿਸ਼ੇ ਸਮਝ। ਜੇਹੜੇ ਤੂੰ ਪੈਰ ਉਠਾਂਦਾ ਹੈਂ ਇਹ ਵੀ ਲੇਖੇ ਵਿਚ ਹਨ ਅਤੇ ਜੇਹੜੇ ਸਾਸ ਲੈਂਦਾ ਹੈਂ ਓਹ ਵੀ ਲੇਖੇ ਵਿਚ ਹਨ ਭਾਵ ਸਾਰੇ ਸਾਸ ਤੇ ਸਾਰੇ ਕੰਮ ਹਿਸਾਬ ਵਿਚ ਹਨ ਅਤੇ ਤੂੰ ਕਮਲੀ ਅਕਲਾਂ ਵਾਲਾ ਹੋਗਿਆ ਹੈਂ ਪਰ ਤਾਂ ਤੂੰ ਛੁਟੇਂਗਾ ਜੇ ਮਾਲਕ ਦੇ ਗੁਣ ਗਾ ਲਵੇਂਗਾ ॥

**ਮਨ ਸਮਝ ਛੋਡਿ ਆਵਾਇਲੇ॥ਅਪਨੇ ਰਹਨ ਕਉ ਠਉਰ ਨ ਪਾਵਹਿ ਕਾਏ ਪਰ ਕੈ ਜਾਇਲੇ ॥ ੧ ॥ ਰਹਾਉ ॥**

ਹੇ ਮਨ ਤੂੰ ਅਪਣੇ ਆਪ ਨੂੰ ਸਮਝਕੇ ਅਵੈੜਪੁਣੇ ਛੱਡ ਦੇਹ ਭਾਵ ਉਲਟੇ ਕੰਮ ਕਰਨੇ ਅਮੋੜ ਹੋਕੇ ਤੁਰਨਾ॥ ਜੇਹੜਾ ਪ੍ਰਮੇਸਰ ਅਪਣੇ ਰਹਿਣ ਦੀ ਥਾਂ ਹੈ ਉਸਨੂੰ ਤੇ ਤੂੰ ਪਾਂਦਾ ਨਹੀ ਹੈਂ ਅਤੇ ਪਰਾਇਆਂ ਵੱਲ ਕਿਸ ਵਾਸਤੇ ਜਾਂਦਾ ਹੈਂ ਭਾਵ ਹੋਰਨਾਂ ਨੂੰ ਕਿਓਂ ਉਪਦੇਸ਼ ਕਰਦਾ ਹੈਂ ॥

**ਜਿਉ ਮੈਗਲੁ ਇੰਦ੍ਰੀਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ ॥ ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ ਥਿਰੁ ਸੰਗਤਿ ਹਰਿ ਹਰਿ ਧਿਆਇਲੇ ॥ ੨ ॥**

ਜਿਸਤਰਾਂ ਹਾਥੀ ਇੰਦ੍ਰੀ ਦੇ ਸੁਵਾਦ ਦਾ ਮਾਰਿਆ ਹੋਇਆ ਫਸਦਾ ਹੈ ਇਕੁਰ ਹੀ ਤੂੰ ਟੱਬਰ ਦੇ ਵਿਚ ਲਗ ਪਿਆ ਹੈਂ ਭਾਵ ਵਿਸ਼ਿਆਂ ਦਾ ਪ੍ਰੇਰਿਆ ਹੋਇਆ ਫਸ ਗਿਆ ਹੈਂ ॥ ਜਿਨਾਂ ਕੁਟੰਬੀਆਂ ਵਿਚ ਤੂੰ ਫਸਿਆ ਹੈਂ ਓਨਾਂ ਦੀ ਤਾਂ ਇਹ ਗਲ ਹੈ ਜਿਕੁਰ ਜਨੌਰ ਕੱਠੇ ਹੋਕੇ ਰੁਖ ਉਤੇ ਵੱਸਕੇ ਫੇਰ ਸਵੇਰ ਨੂੰ ਵਿਛੜ ਜਾਂਦੇ ਹਨ ਇਕੁਰ ਹੀ ਗ੍ਰਹਸਤ ਰੁਖ ਉਤੇ ਸਰਬੰਧੀ ਪੰਛੀ ਕੱਠੇ ਹੋ ਜਾਂਦੇ ਹਨ ਪਰ ਓੜਕ ਨੂੰ ਜੂਨੀਆਂ ਵਿਚ ਜਾ ਪੈਂਦੇ ਹਨ ਜੇ ਤੂੰ ਜੂਨੀਆਂ ਤੋਂ ਬਚਣਾ ਹੈ ਤੇ ਤਾਂ ਜੇਹੜੀ ਇਕ

Digitized by Panjab Digital Library | www.panjabdigilib.org

ਰਹਿਣ ਵਾਲੀ ਸਾਧ ਸੰਗਤ ਹੈ ਉਸ ਵਿਚ ਮਿਲਕੇ ਪ੍ਰਮੇਸਰ ਨੂੰ ਯਾਦ ਕਰ।

**ਜੈਸੇ ਮੀਨੁ ਰਸਨਿਸਾਦ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ॥ ਤੂ ਹੋਆ ਪੰਚਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ। ੩॥**

ਜਿਕੁਰ ਇਕ ਜ਼ਬਾਨ ਦੇ ਸੁਵਾਦ ਕਰਕੇ ਮੱਛ ਨਾਸ ਹੋਇਆ ਹੈ ਓਹ ਮੂਰਖ ਮਾਸ ਜਾਂ ਆਟੇ ਦੇ ਲੋਭ ਵਾਸਤੇ ਲੁਟਿਆ ਗਿਆ ਹੈ। ਭਾਵ ਇਕ ਵੈਰੀ ਨੇ ਮਾਰ ਲਿਆ॥ ਤੂੰ ਪੰਜਾਂ ਵਿਸ਼ਿਆਂ ਵੈਰੀਆਂ ਦੇ ਵਸ ਵਿਚ ਹੋਇਆ ਹੈਂ ਛੁਟੇਂਗਾ ਤਾਂ ਹੀ ਜੇ ਚੰਗੀ ਤਰਾਂ ਮਾਲਕ ਦੀ ਸ਼ਰਨ ਲਏਂਗਾ ਅਤੇ ਸ਼ਰਨ ਲੈਕੇ ਇਕਰ ਬੇਨਤੀ ਕਰ॥

**ਹੋਹੁ ਕ੍ਰਿਪਾਲ ਦੀਨਦੁਖਭੰਜਨ ਸਭਿ ਤੁਮਰੇ ਜੀਅ ਜੰਤਾਇਲੇ ॥ ਪਾਵਉ ਦਾਨੁ ਸਦਾਦਰਸੁ ਪੇਖਾ ਮਿਲੁ ਨਾਨਕ ਦਾਸਦਸਾਇਲੇ॥੪॥੨॥**

ਹੇ ਗਰੀਬਾਂ ਦੇ ਦੁਖ ਨਾਸ ਕਰਨ ਵਾਲੇ ਮਾਲਕ ਤੂੰ ਸਾਡੇ ਉਤੇ ਕਿਰਪਾਲੂ ਹੋ ਇਹ ਛੋਟੇ ਵਡੇ ਸਾਰੇ ਜੀਅ ਤੇਰੇ ਕੀਤੇ ਹੋਏ ਹਨ॥ ਗੁਰੂ ਜੀ, ਤੇਰਿਆਂ ਦਾਸਾਂ ਵਿਚ ਮਿਲਕੇ ਇਹ ਦਾਸ ਵੀ ਇਹ ਦਾਨ ਪਾਵੇ ਜੋ ਸਦਾ ਹੀ ਆਪਦੇ ਦਰਸ਼ਨ ਨੂੰ ਦੇਖਦਾ ਰਹਾਂ॥

(ਪ੍ਰਮੇਸਰ ਦੇ ਉਪਕਾਰ)

## ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨

## ੧ ਓ ਸਤਿਗੁਰਪ੍ਰਸਾਦਿ॥

**ਜੀਅ ਪ੍ਰਾਨ ਕੀਏ ਜਿਨਿ ਸਾਜਿ॥ ਮਾਟੀ ਮਹਿ ਜੋਤਿ ਰਖੀ ਨਿਵਾਜਿ॥ ਬਰਤਨ ਕਉ ਸਭੁਕਿਛੁ ਭੋਜਨ ਭੋਗਾਇ॥ ਸੋ ਪ੍ਰਭੁ ਤਜਿ ਮੂੜੇ ਕਤ ਜਾਇ ॥ ੧ ॥**

ਜਿਸਨੇ ਜੀਅ ਪ੍ਰਾਣ ਆਦਿਕ ਬਣਾਏ ਹਨ। ਮਿਟੀ ਦੇ ਵਿਚ ਆਪਣੀ ਜੋਤ ਦੇਕੇ ਵਡਿਆਈ ਰਖੀ ਹੈ ਭਾਵ ਜੜ ਸਰੀਰ ਨੂੰ ਚੇਤਨ ਕੀਤਾ ਹੈ॥
ਵਰਤਨ ਵਾਸਤੇ ਸਭ ਕੁਛ ਪੈਦਾ ਕੀਤਾ ਹੈ ਭੋਜਨ ਹਰ ਤਰਾਂ ਦੇ ਛਕਾਏ ਹਨ।

Digitized by Panjab Digital Library | www.panjabdigilib.org

ਹੇ ਮੂਰਖ ਇਕਰ ਦੇ ਮਾਲਕ ਨੂੰ ਛਡਕੇ ਕਿਥੇ ਜਾਂਦ ਹੋ ॥

**ਪਾਰਬ੍ਰਹਮ ਕੀ ਲਾਗਉ ਸੇਵ ॥ ਗੁਰ ਤੇ ਸੁਝੈ ਨਿਰੰਜਨ ਦੇਵ ॥ ॥ ੧ ॥ ਰਹਾਉ ॥**

ਮਾਲਕ ਦੀ ਸੇਵਾ ਵਿਚ ਲਗੋ। ਮਾਇਆ ਤੋਂ ਰਹਿਤ ਪ੍ਰਮੇਸ਼ਰ, ਗੁਰੂ ਤੋ ਸੁਝਦਾ ਭਾਵ ਦੀਹਦਾ ਹੈ ॥

**ਜਿਨਿ ਕੀਏ ਰੰਗ ਅਨਿਕ ਪ੍ਰਕਾਰ ॥ ਓਪਤਿ ਪਰਲਉ ਨਿਮਖ ਮਝਾਰ ॥ ਜਾਕੀ ਗਤਿ ਮਿਤਿ ਕਹੀ ਨ ਜਾਇ ॥ ਸੋ ਪ੍ਰਭੁ ਮਨ ਮੇਰੇ ਸਦਾ ਧਿਆਇ ॥ ੨ ॥**

ਜਿਸ ਪ੍ਰਮੇਸ਼ਰ ਨੇ ਅਨੇਕ ਤਰਾਂ ਦੇ ਰੰਗ ਪੈਦਾ ਕੀਤੇ ਹਨ॥ ਓਹ ਇਕਰ ਦਾ ਸਮਰਥ ਹੈ ਕਿ ਉਤਪਤੀ ਤੇ ਪਰਲੋ ਇਕ ਨਿਮਖ ਵਿਚ ਕਰ ਦੇਂਦਾ ਹੈ॥ ਜਿਸਦੀ ਮਰਜਾਦਾ ਦੀ ਚਾਲ ਜਾਂ ਰੀਤੀ ਕੁਛ ਆਖੀ ਨਹੀ ਜਾਂਦੀ ਹੈ ਸੋ ਹੇ ਮੇਰੇ ਮਨ ਤੂੰ ਇਕਰ ਦੇ ਮਾਲਕ ਦਾ ਸਦਾ ਧਿਆਨ ਕਰ ॥

**ਆਇ ਨ ਜਾਵੈ ਨਿਹਚਲੁ ਧਨੀ ॥ ਬੇਅੰਤ ਗੁਨਾ ਤਾਕੇ ਕੇਤਕ ਗਨੀ॥ ਲਾਲ ਨਾਮ ਜਾਕੈ ਭਰੇ ਭੰਡਾਰ ॥ ਸਗਲ ਘਟਾ ਦੇਵੈ ਆਧਾਰ ॥੩॥**

ਨ ਉਹ ਕਿਤੇ ਆਉਂਦਾ ਹੈ ਨ ਉਹ ਕਿਤੇ ਜਾਂਦਾ ਹੈ ਉਹ ਧਨੀ ਅਹਿਲ ਹੈ ਉਸਦੇ ਬਿਅੰਤ ਗੁਣ ਹਨ ਕਿਤਨੇਕੁ ਗਿਣੀਏ ॥ ਨਾਮ ਰੂਪ ਲਾਲਾਂ ਨਾਲ ਜਿਸਦੇ ਖਜ਼ਾਨੇ ਭਰੇ ਹੋਏ ਹਨ ਭਾਵ ਸੰਤਾਂ ਦ ਦਿਲ। ਸਾਰਿਆਂ ਸਰੀਰਾਂ ਨੂੰ ਆਸਰਾ ਦੇਣ ਵਾਲਾ ਹੈ ॥

**ਸਤਿ ਪੁਰਖੁ ਜਾਕੋ ਹੈ ਨਾਉ ॥ ਮਿਟਹਿ ਕੋਟਿ ਅਘ ਨਿਮਖ ਜਸੁ ਗਾਉ ॥ ਬਾਲਸਖਾਈ ਭਗਤਨ ਕੋ ਮੀਤ ॥ ਪ੍ਰਾਨ ਅਧਾਰ ਨਾਨਕ ਹਿਤ ਚੀਤ ॥ ੪ ॥ ੧ ॥ ੩ ॥**

ਜਿਸਦਾ ਨਾਮ ਸਚਾ ਅਕਾਲ ਪੁਰਖ ਹੈ। ਉਸਦਾ ਜਸ ਥੋਹੜਾ ਚਿਤ ਗੌਣ ਨਾਲ ਕਰੋੜਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ॥ ਭਗਤਾਂ ਦਾ ਤਾਂ ਉਹ ਮੁਢ ਦਾ ਹੀ ਸਹਾਈ ਮਿਤ੍ਰ ਹੈ॥ ਗੁਰੂ ਜੀ, ਉਹ ਮਾਲਕ ਪ੍ਰਾਣਾਂ ਦਾ ਆਸਰਾ ਹੈ ਤੇ ਚਿਤ ਦਾ ਹਿਤੂ ਹੈ ਭਾਵ ਬਹੁਤ ਪਿਆਰਾ ਹੈ ॥

Digitized by Panjab Digital Library | www.panjabdigilib.org

(ਨਾਮ)

## ਗੌਂਡ ਮਹਲਾ ੫

ਨਾਮ ਸੰਗਿ ਕੀਨੋ ਬਿਉਹਾਰੁ ॥ ਨਾਮੋੁ ਹੀ ਇਸੁ ਮਨ ਕਾ ਅਧਾਰੁ ।
ਨਾਮੋ ਹੀ ਚਿਤਿ ਕੀਨੀ ਓਟ ॥ ਨਾਮੁ ਜਪਤ ਮਿਟਹਿ ਪਾਪ ਕੋਟਿ ॥੧

ਅਸਾਂ ਨਾਮ ਨਾਲ ਹੀ ਵਿਹਾਰ ਕੀਤਾ ਹੈ ਭਾਵ ਜਪਣਾ ਜਪਾਉਣਾ ਨਾਮ ਹੀ ਇਸ ਮਨ ਦਾ ਆਸਰਾ ਜਾਣਿਆਂ ਹੈ ॥ ਸਾਡੇ ਚਿਤ ਨੇ ਨਾਮ ਦੀ ਹੀ ਓਟ ਕੀਤੀ ਹੈ (ਆਪਣੇ ਆਪ ਨੂੰ) ਨਾਮ ਜਪਣ ਨਾਲ ਹੀ ਕਰੋੜਾਂ ਜਨਮਾਂ ਦੇ ਪਾਪ ਦੂਰ ਹੁੰਦੇ ਹਨ ॥ (ਇਹ ਨਿਸਚਾ ਹੈ)

ਰਾਮਿ ਦੀਈ ਹਰਿ ਏਕੋ ਨਾਮੁ ॥ ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥ ੧ ॥ ਰਹਾਉ

ਮਾਲਕ ਨੇ ਸਾਨੂੰ ਇਕ ਨਾਮ ਦੀ ਹੀ ਰਾਸ ਦਿਤੀ ਹੈ। ਅਸੀ ਵੀ ਨਾਮ ਨੂੰ ਮਨ ਦਾ ਪੂਜਣ ਯੋਗ ਜਾਣਕੇ ਗੁਰਉਪਦੇਸ਼ ਦੇ ਨਾਲ ਨਾਮ ਦਾ ਹੀ ਧਿਆਨ ਕਰ ਦੇ ਹਾਂ ॥

ਨਾਮੁ ਹਮਾਰੈ ਜੀਅ ਕੀ ਰਾਸਿ॥ ਨਾਮੋ ਸੰਗੀ ਜਤ ਕਤ ਜਾਤ ॥ ਨਾਮੋ ਹੀ ਮਨਿ ਲਾਗਾ ਮੀਠਾ ॥ ਜਲਿ ਥਲਿ ਸਭ ਮਹਿ ਨਾਮੋ ਡੀਠਾ ॥੨॥

ਨਾਮ ਹੀ ਸਤੇ ਜੀਅ ਦੀ ਰਾਸ ਹੈ ਭਾਵ ਨਾਮ ਜਪਣ ਨਾਲ ਮਨ ਖੜੋਂਦਾ ਹੈ।
ਜਿਥੇ ਕਿਥੇ ਨਾਮ ਨੂੰ ਹੀ ਸੰਗੀ ਜਾਣਿਆਂ ਹੈ ਜਾਂ ਨਾਲ ਜਾਂਦਾ ਹੈ॥
ਨਾਮ ਹੀ ਮਨ ਨੂੰ ਮਿਠਾ ਲਗਾ ਹੈ ॥ ਸਾਰਿਆਂ ਜਲਾਂ ਥਲਾਂ ਵਿਚ ਨਾਮ ਦਾ ਹੀ ਮਹਾਤਮ ਵੇਖਿਆ ॥

ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥ ਨਾਮਿ ਹਮਾਰੇ ਕਾਰਜਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥ ੩ ॥

ਨਾਮ ਕਰਕੇ ਹੀ ਦਰਗਾਹ ਵਿਚ ਮੂੰਹ ਉਜਲੇ ਹੁੰਦੇ ਹਨ। ਨਾਮ ਜਪਕੇ ਹੀ ਭਗਤਾਂ ਦੇ ਸਾਰੇ ਕੁਲ ਤਰੇ ਹਨ। ਨਾਮ ਨਾਲ ਹੀ ਸਾਡੇ ਕੰਮ ਸਿਧੇ ਹੋਏ ਹਨ ਭਾਵ ਸੌਰੇ ਹਨ॥ ਏਸੇ ਲਈ ਨਾਮ ਨਾਲ ਸਾਡਾ ਮਨ ਗਿਝਿਆ ਹੈ ॥

ਨਾਮੇਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ॥ ਗੁਰਿ ਪੂਰੇ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿਸਹਜਿ ਨਿਵਾਸੁ। ੪।੨।੪।

Digitized by Panjab Digital Library | www.panjabdigilib.org

ਨਾਮ ਕਰਕੇ ਹੀ ਅਸੀ ਨਿਡਰ ਹੋਏ ਹਾਂ ਆਉਣਾ ਜਾਣਾ ਵੀ ਸਾਡਾ ਨਾਮ ਕਰਕੇ ਹੀ ਮੁਕ ਗਿਆ ਹੈ। ਪੂਰਿਆਂ ਗੁਰਾਂ ਨੇ ਨਾਮ ਦੇਕੇ ਗੁਣਾਂ ਦੇਖ ਜਾਣੇ ਪ੍ਰਮੇਸ਼ਰ ਦੇ ਨਾਲ ਮੇਲ ਦਿਤਾ ਹੈ। ਗੁਰੂ ਜੀ ਆਖਦੇ ਹਨ ਏਸੇ ਲਈ ਸਦਾ ਰਹਿਣ ਵਾਲੇ ਸੁਖ ਵਿਚ ਨਿਵਾਸ ਹੋਇਆ ਹੈ ॥

[ਪ੍ਰਮੇਸਰ ਦੇ ਉਪਕਾਰ]

## ਗੌਂਡ ਮਹਲਾ ੫

**ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ ॥ ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥ ੧ ॥**

ਜੇਹੜਾ ਪ੍ਰਮੇਸਰ ਨਿਮਾਣਿਆਂ ਨੂੰ ਆਦਰ ਦੇਂਦਾ ਹੈ। ਹਰਤਰਾਂ ਦੇ ਭੁਖਿਆਂ ਨੂੰ ਦਾਨ ਕਰਦਾ ਹੈ ॥ ਜੇਹੜਾ ਮਾਂ ਦਾ ਪੇਟ ਡਰੌਣਾ ਨਰਕ ਹੈ ਉਸ ਵਿਚੋਂ ਰਖਿਆ ਕਰਨ ਵਾਲਾ ਹੈ ॥ ਤੂੰ ਉਸ ਮਾਲਕ ਨੂੰ ਸਦਾ ਹੀ ਨਮਸਕਾਰ ਕਰ ॥

**ਐਸੋ ਪ੍ਰਭੁ ਮਨ ਮਾਹਿ ਧਿਆਇ ॥ ਘਟਿ ਅਵਿ ਘਟਿ ਜਤ ਕਤਹਿ ਸਹਾਇ ॥ ੧ ॥ ਰਹਾਉ ॥**

ਹੇ ਜੀਆ ਜੇਹੜਾ ਇਕਰ ਦਾ ਮਾਲਕ ਹੈ ਉਸ ਨੂੰ ਮਨ ਵਿਚ ਯਾਦ ਕਰ ॥ ਸੌਖਿਆਂ ਔਖਿਆਂ ਜਿਥੇ ਕਿਥੇ ਸਾਰਿਆਂ ਥਾਵਾਂ ਵਿਚ ਸਹਾਈ ਹੁੰਦਾ ਹੈ ॥

**ਰੰਕੁ ਰਾਉ ਜਾਕੇ ਏਕ ਸਮਾਨਿ ॥ ਕੀਟ ਹਸਤਿ ਸਗਲ ਪੂਰਾਨ ॥ ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥ ੨ ॥**

ਗਰੀਬ ਅਮੀਰ ਜਿਸਨੂੰ ਇਕ ਸਮਾਨ ਹਨ ॥ ਕੀੜੀ ਤੋਂ ਲੈਕੇ ਹਾਥੀ ਤਕ ਸਾਰਿਆਂ ਦੀ ਪੂਰੀ ਪਾਲਣਾ ਕਰਦਾ ਹੈ ॥ ਜਾਂ ਅੰਨ ਨਾਲ ਪੂਰਨ ਕਰਦਾ ਹੈ ॥ ਓਹ ਦੂਸਰੇ ਦੀ ਸਲਾਹ ਪੁੱਛਕੇ ਦਿਲ ਵਿਚ ਨਹੀਂ ਧਰਦਾ ਹੈ ਭਾਵ ਦੂਸਰੇ ਤੋਂ ਪੁੱਛਕੇ ਕੋਈ ਕੰਮ ਨਹੀਂ ਕਰਦਾ ਹੈ ॥

**ਜਾਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਆਪਿ ਅਕਾਰੁ ਆਪਿ ਨਿਰੰਕਾਰੁ ॥ ਘਟ ਘਟ ਘਟਿ ਸਭ ਘਟ ਆਧਾਰੁ ॥ ੩ ॥**

Digitized by Panjab Digital Library | www.panjabdigilib.org

‡ ਜੋ ਕੁਛ ਓਹ ਕਰਦਾ ਹੈ ਆਪ ਹੀ ਕਰਦਾ ਹੈ ਭਾਵ ਬੇ ਵਜ਼ੀਰ ਹੈ। ਜਿਸਦਾ ਅੰਤ ਕੋਈ ਨਹੀਂ ਜਾਣਦਾ ਹੈ॥ ਓਹ ਸੁਧ ਰੂਪ ਪ੍ਰਮੇਸਰ ਆਪ ਹੀ ਆਪ ਹੈ॥ ਓਹ ਆਪ ਹੀ ਅਕਾਰ ਵਾਲਾ ਹੈ ਅਤੇ ਆਪ ਹੀ ਅਕਾਰ ਤੋਂ ਰਹਿਤ ਹੈ॥ ਤਿੰਨਾਂ ਸਮਿਆਂ ਵਿਚ ਸਾਰਿਆਂ ਆਦਮੀਆਂ ਦਾ ਆਸਰਾ ਹੈ॥

**ਨਾਮਰੰਗਿ ਭਗਤ ਭਏ ਲਾਲ ॥ ਜਸੁ ਕਰਤੇ ਸੰਤ ਸਦਾ ਨਿਹਾਲ ॥ ਨਾਮਰੰਗਿ ਜਨ ਰਹੇ ਅਘਾਇ ॥ ਨਾਨਕ ਤਿਨ ਜਨ ਲਾਗੈ ਪਾਇ ॥ ॥ ੪ ॥ ੩ ॥ ੫ ॥**

ਨਾਮ ਦੇ ਪ੍ਰੇਮ ਕਰਕੇ ਭਗਤ ਲਾਲ ਹੋ ਗਏ ਹਨ॥ ਅਤੇ ਜਸ ਕਰਦੇ ਹੋਏ ਓਹ ਸੰਤ ਸਦਾ ਨਿਹਾਲ ਹਨ ਭਾਵ ਦੁਖਾਂ ਤੋਂ ਰਹਿਤ ਨਾਮ ਦੇ ਪ੍ਰੇਮ ਕਰਕੇ ਸਭ ਰਜ ਗਏ ਹਨ॥ ਗੁਰੂ ਜੀ, ਅਸੀਂ ਓਨਾਂ ਸੰਤਾਂ ਦੀ ਪੈਰੀਂ ਲੱਗਦੇ ਹਾਂ॥

(ਸੰਤ)

### ਗੋਂਡ ਮਹਲਾ ੫

**ਜਾਕੈ ਸੰਗਿ ਇਹੁ ਮਨੁ ਨਿਰਮਲੁ ॥ ਜਾਕੈ ਸੰਗਿ ਹਰਿ ਹਰਿ ਸਿਮਰਨੁ ॥ ਜਾਕੈ ਸੰਗਿ ਕਿਲਬਿਖ ਹੋਹਿ ਨਾਸ ॥ ਜਾਕੈ ਸੰਗਿ ਰਿਦੈ ਪਰਗਾਸ ॥ ੧ ॥ਸੇ ਸੰਤਨ ਹਰਿ ਕੇ ਮੇਰੇ ਮੀਤ ॥ ਕੇਵਲ ਨਾਮੁ ਗਾਈਐ ਜਾਕੈ ਨੀਤ ॥ ੧ ॥ ਰਹਾਉ ॥**

ਜਿਨਾਂ ਦੇ ਸੰਗ ਕਰ ਇਹ ਮਨ ਨਿਰਮਲ ਹੋ ਜਾਂਦਾ ਹੈ ਜਿਨਾਂ ਦਾ ਸੰਗ ਕਰਕੇ ਮਾਲਕ ਦਾ ਸਿਮਰਨ ਪ੍ਰਾਪਤ ਹੁੰਦਾ ਹੈ।ਜਿਨਾ ਦਾ ਮੇਲ ਕਰਕੇ ਸਾਰੇ ਪਾਪ ਨਾਸ ਹੋ ਜਾਂਦੇ ਹਨ ਜਿਨਾਂ ਦੇ ਸੰਗ ਕਰਕੇ ਦਿਲ ਵਿਚ ਚਾਨਣ ਹੁੰਦਾ ਹੈ॥ ਓਹ ਸੰਤਮਾਲਕ ਦੇਪਿਆਰੇ ਮੇਰੇ ਮਿੱਤ੍ਰ ਹਨ॥ਜਿਨਾਂ ਪਾਸ ਇਕ ਨਾਮ ਸਦਾ ਗਾਈਦਾ ਹੈ

**ਜਾਕੈ ਮੰਤ੍ਰਿ ਹਰਿ ਹਰਿ ਮਨਿ ਵਸੈ॥ ਜਾਕੈ ਉਪਦੇਸਿ ਭਰਮੁ ਭਉ ਨਸੈ ॥ ਜਾਕੈ ਕੀਰਤਿ ਨਿਰਮਲ ਸਾਰ। ਜਾਕੀ ਰੇਨੁ ਬਾਛੈ ਸੰਸਾਰ ॥ ੨ ॥**

ਜਿਨਾਂ ਦੇ ਉਪਦੇਸ਼ ਕਰਕੇ ਪ੍ਰਮੇਸ਼ਰ ਮਨ ਵਿਚ ਵਸਦਾ ਹੈ॥ ਜਿਨਾਂ ਦੇ ਉਪਦੇਸ਼ ਕਰਕੇ ਭਰਮ ਤੇ ਜਮਾਂ ਦਾ ਡਰ ਨਾਸ ਹੋ ਜਾਂਦਾ ਹੈ। ਜਿਨਾਂ ਦੇ ਬਾਂ

‡ਇਹ ਪੰਗਤੀ ਦੋ ਅੰਕ ਦੇ ਅੰਤਦੀ ਸਤਰਦਾ ਅਰਥ ਹੈ

Digitized by Panjab Digital Library | www.panjabdigilib.org

863



ਵਿਚ ਚੰਗਾ ਨਿਰਮਲ ਕੀਰਤਨ ਹੁੰਦਾ ਹੈ। ਜਿਨਾਂ ਸੰਤਾਂ ਦੇ ਚਰਨਾਂ ਦੀ ਧੂੜੀ ਸਾਰਾ ਸੰਸਾਰ ਚਾਹੁੰਦਾ ਹੈ ॥

**ਕੋਟਿ ਪਤਿਤ ਜਾਕੈ ਸੰਗਿ ਉਧਾਰ ॥ ਏਕੁ ਨਿਰੰਕਾਰੁ ਜਾਕੈ ਨਾਮ ਅਧਾਰ ॥ ਸਰਬ ਜੀਆਂ ਕਾ ਜਾਨੈ ਭੇਉ ॥ ਕ੍ਰਿਪਾਨਿਧਾਨ ਨਿਰੰਜਨ ਦੇਉ ॥੩॥**

ਜਿਨਾਂ ਦੇ ਸੰਗ ਕਰਕੇ ਕਰੋੜਾਂ ਪਾਪੀਆਂ ਦਾ ਉਧਾਰ ਹੁੰਦਾ ਹੈ ॥ ਜਿਨਾਂ ਦੇ ਮਨ ਵਿਚ ਇਕ ਪ੍ਰਮੇਸਰ ਦੇ ਨਾਮ ਦਾ ਹੀ ਆਸਰਾ ਹੈ। (ਉਹ ਪ੍ਰਮੇਸਰ ਕੇਹੜਾ ਹੈ) ਜੇਹੜਾ ਸਾਰਿਆਂ ਜੀਆ ਦਾ ਭੇਤ ਜਾਣਦਾ ਹੈ ॥ ਓਹ ਕਿਰਪਾ ਦਾ ਖਜਾਨਾ ਮਾਇਆ ਤੋਂ ਰਹਿਤ ਸੁਖ ਤੇ ਚਾਨਣ ਕਰਨ ਵਾਲਾ ਹੈ ॥

**ਪਾਰਬ੍ਰਹਮ ਜਬ ਭਏ ਕ੍ਰਿਪਾਲ ॥ ਤਬ ਭੇਟੇ ਗੁਰ ਸਾਧ ਦਇਆਲ ॥ ਦਿਨੁ ਰੈਣਿ ਨਾਨਕੁ ਨਾਮੁ ਧਿਆਏ॥ ਸੂਖ ਸਹਜ ਆਨੰਦ ਹਰਿ ਨਾਏ ॥੪॥੪॥੬॥**

ਜਦੋਂ ਪ੍ਰਮੇਸਰ ਕ੍ਰਿਪਾਲੂ ਹੋਇਆ ਹੈ। ਤਦੋਂ ਜੇਹੜੇ ਪੂਜਣ ਯੋਗ ਦਿਆਲੂ ਸੰਤ ਹਨ ਆਕੇ ਮਿਲੇ। ਗੁਰੂ ਜੀ, ਅਸਾਂ ਓਨਾਂ ਸੰਤਾਂ ਨਾਲ ਮਿਲ ਪ੍ਰਮੇਸ਼ਰ ਦੇ ਨਾਮ ਨੂੰ ਦਿਨ ਰਾਤ ਧਿਆਇਆ ॥
ਮਾਲਕ ਦਾ ਨਾਮ ਜਪਣ ਨਾਲ ਸ਼ਾਤੀ ਸੁਖ ਦਾ ਅਨੰਦ ਪਾਇਆ ਜਾਂ ਮਨ ਵਿਚ ਅਨੰਦ ਤੇ ਵਡਾ ਸੁਖ ਪਾਇਆ॥

(ਗੁਰ ਮਹਿਮਾ)

864. **ਗੌਂਡ ਮਹਲਾ ੫ ॥ †ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥**

ਗੁਰਾਂ ਦੀ ਮੂਰਤੀ ਦਾ ਮਨ ਵਿਚ ਧਿਆਨ ਕਰੋ ॥ ਗੁਰਾਂ ਦੇ ਉਪਦੇਸ਼ ਦਾ ਜੇਹੜਾ ਮੰਤਰ ਹੈ ਉਸ ਨਾਲ ਮਨ ਮੰਨਦਾ ਹੈ ਗੁਰਾਂ ਦੇ ਚਰਨਾਂ ਦਾ ਧਿਆਨ ਦਿਲ ਵਿਚ ਧਾਰ ਲਓ ॥ ਗੁਰੂ ਨੂੰ ਪ੍ਰਮੇਸਰ ਜਾਣਕੇ ਸਦਾ ਨਮਸਕਾਰ ਕਰੋ ॥

† ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਇਸ ਸ਼ਬਦ ਤੋ ਸਿਖਿਆ ਲੈਣ ਤੇ ਗੁਰੂ ਤੋਂ ਬੇ ਮੁਖ ਨ ਹੋਣ ॥

Digitized by Panjab Digital Library | www.panjabdigilib.org

ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ ੧ ॥ ਰਹਾਉ ॥

ਹੇ ਸੰਸਾਰੀ ਜੀਓ ਭਰਮ ਕਰਕੇ ਮਤ ਕੋਈ ਭੁਲ ਜਾਓ ॥ ਗੁਰੂ ਤੋਂ ਬਿਨਾਂ ਕੋਈ ਵੀ ਸੰਸਾਰ ਤੋਂ ਪਾਰ ਨਹੀ ਉਤਰਿਆ ਹੈ ਇਹ ਸਭ ਸਮਝੋ ਗੁਰ ਉਪਦੇਸ਼ ਨਾਲ ਹੀ ਤਰਨਾ ਹੁੰਦਾ ਹੈ ॥

ਭੂਲੇ ਕਉ ਗੁਰਿ ਮਾਰਗਿ ਪਾਇਆ। ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰਪੂਰੇ ਕੀ ਬੇਅੰਤ ਵਡਾਈ ॥ ੨ ॥

ਇਸ ਭੁਲੇ ਹੋਏ ਮਨ ਨੂੰ ਗੁਰੂ ਨੇ ਸਿਧੇ ਰਸਤੇ ਪਾਇਆ ਹੈ ॥ ਹੋਰਨਾਂ ਵਾਧੂ ਕੰਮਾਂ ਨੂੰ ਛੱਡਕੇ ਮਾਲਕ ਦੀ ਭਗਤੀ ਵਿਚ ਲਾਇਆ ਹੈ ਜਨਮ ਮਰਨ ਦੇ ਡਰ ਦੀ ਪੀੜਾ ਦੂਰ ਹੋ ਗਈ ਹੈ ॥ ਏਸੇ ਲਈ ਪੂਰਿਆਂ ਗੁਰਾਂ ਦੀ ਬਿਅੰਤ ਵਡਿਆਈ ਹੈ।

ਗੁਰਪ੍ਰਸਾਦਿ ਊਰਧ ਕਮਲੁ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥ ੩ ॥

ਊਰਧ=ਉਪਰ ਭਾਵ ਮੂੰਧਾ, ਪੁੱਠਾ ॥ ਜੇਹੜਾ ਦਿਲ ਕੌਲ ਪੁਠਾ ਹੋਇਆ ੨ ਸੀ ਭਾਵ ਬੇਮੁਖ, ਉਹ ਖਿੜ ਪਿਆ ਭਾਵ ਸਾਹਮਣੇ ਹੋਇਆ ॥ ਅਗਿਆਨ ਹਨੇਰੇ ਵਿਚ ਗਿਆਨ ਰੂਪ ਚਾਨਣ ਹੋਇਆ ॥ ਜਿਸ ਪ੍ਰਮੇਸਰ ਨੇ ਇਸ ਸੰਸਾਰ ਨੂੰ ਬਣਾਇਆ ਹੈ ਓਹ ਗੁਰੂ ਦੀ ਕਿਰਪਾ ਨਾਲ ਜਾਣਿਆ ਹੈ ॥ ਗੁਰੂ ਦੀ ਕਿਰਪਾ ਨਾਲ ਇਸ ਮੂਰਖ ਆਦਮੀ ਦਾ ਮਨ ਪ੍ਰਮੇਸਰ ਵਿਚ ਮੰਨਿਆਂ ਹੈ ਜਾਂ ਭਜਨ ਕਰਨ ਵਾਲਾ ਆਦਮੀ ਮੰਨਿਆਂ ਗਿਆ ਹੈ ॥

ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥ ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨ ਗੁਰ ਮੁਕਤਿ ਨ ਪਾਈਐ ਭਾਈ ॥ ੪ ॥ ੫ ॥ ੭ ॥

ਗੁਰੂ ਪਿਛੇ ਵੀ ਗਿਆਨ ਦੇ ਕਰਨ ਵਾਲਾ ਸੀ ਅਤੇ ਹੁਣ ਵੀ ਗਿਆਨ ਦੇ ਕਰਨ ਜੋਗ ਹੈ ॥ ਗੁਰੂ ਹੀ ਪ੍ਰਮੇਸਰ ਦਾ ਰੂਪ ਹੁਣ ਵੀ ਹ ਅਤੇ ਅਗੇ ਵੀ ਹੋਵੇਗਾ ਭਾਵ ਜਦੋਂ

Digitized by Panjab Digital Library | www.panjabdigilib.org

ਆਦਮੀ ਗੁਰੂ ਦੀ ਸੇਵਾ ਕਰੇਗਾ ਤਾਂ ਪ੍ਰਮੇਸ਼ਰ ਹੀ ਜਾਣੇਗਾ ਤੇ ਜਦੋਂ ਗਿਆਨ ਹੋਗਿਆ ਤੇ ਤਾਂ ਵੀ ਪ੍ਰਮੇਸਰ ਹੀ ਜਾਣੇਗਾ ॥ ਗੁਰੂ ਜੀ ਆਖਦੇ ਹਨ ਪ੍ਰਮੇਸਰ ਨੇ ਇਹ ਗਲ ਦੱਸੀ ਹੈ ॥ ਹੇ ਭਾਈ ਗੁਰੂ ਤੋਂ ਬਿਨਾਂ ਮੁਕਤੀ ਨਹੀ ਪਾਈ ਦੀ ਹੈ ॥

( ਸ੍ਰੀ ਗੁਰੂ ਨਾਨਕ ਦੇਵ ਤੇ ਪ੍ਰਮੇਸਰ ਇਕ ਰੂਪ ਹਨ)

## ਗੌਂਡ ਮਹਲਾ ੫

**ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰੁ ॥ ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥ ਜਾਕੀ ਕੋਇ ਨ ਮੇਟੈ ਦਾਤਿ ॥ ੧ ॥**

ਹੇ ਮੇਰੇ ਮਨ, ਮਨ ਬਾਣੀ ਸਰੀਰ ਕਰਕੇ ਗੁਰੂ ਗੁਰੂ ਕਰ । ਕਿਉਂਕਿ ਮੈਨੂੰ ਗੁਰੂ ਤੋਂ ਬਿਨਾ ਹੋਰ ਕੋਈ ਸਹਾਈ ਨਹੀਂ ਦੀਹਦਾ ਹੈ। ਦਿਨ ਰਾਤ ਗੁਰੂ ਦੀ ਓਟ ਵਿਚ ਰਹੋ ॥ ਜਿਨਾਂ ਗੁਰਾਂ ਦੀ ਨਾਮ ਰੂਪ ਦਾਤ ਦਿੱਤੀ ਹੋਈ ਨੂੰ ਕੋਈ ਨਹੀਂ ਮੇਟ ਸਕਦਾ ਹੈ ॥

**ਗੁਰੂ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥ ੧ ॥ ॥ ਰਹਾਉ ॥**

ਗੁਰੂ ਪ੍ਰਮੇਸਰ ਨੂੰ ਇਕ ਕਰਕੇ ਜਾਣ। ਜੋ ਉਸ ਗੁਰੂ ਨੂੰ ਭਾਂਦਾ ਹੈ ਓਹੋ ਹੀ ਪਰਵਾਨ ਹੁੰਦਾ ਹੈ ॥

**ਗੁਰਚਰਣੀ ਜਾਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾਕਾ ਭਾਗੈ ॥ ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥ ੨ ॥**

ਜਿਨਾਂ ਦਾ ਮਨ ਗੁਰਾਂ ਦੀ ਚਰਨੀ ਲੱਗਾ ਹੈ। ਉਹਨਾਂ ਦਾ ਜਨਮ ਮਰਨ ਰੂਪ ਦੁਖ, ਪੀੜ ਭਰਮ ਦੂਰ ਹੁੰਦਾ ਹੈ। ਗੁਰੂ ਦੀ ਸੇਵਾ ਕਰਕੇ ਮਾਨ ਪਾਂਦਾ ਹੈ। ਇਸੇ ਲਈ ਮੈਂ ਗੁਰੂ ਤੋਂ ਸਦਾ ਕੁਰਬਾਣ ਜਾਂਦਾ ਹਾਂ ॥

**ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ ਪੂਰਨ ਘਾਲ ॥ ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥ ੩ ॥**

ਗੁਰੂ ਦਾ ਦਰਸਨ ਵੇਖਕੇ ਨਿਹਾਲ ਹੋਈਦਾ ਹੈ। ਗੁਰਾਂ ਦੇ ਸੇਵਕ ਦੀ ਪੂਰੀ ਕਮਾਈ ਹੈ। ਗੁਰੂ ਦੇ ਸੇਵਕ ਨੂੰ ਕੋਈ ਦੁਖ ਨਹੀਂ ਚੰਬੜਦਾ ਹੈ । ਗੁਰਾਂ ਦਾ ਸੇਵਕ ਦਸ ਦਿਸ਼ਾਂ ਵਲ ਜਾਣਿਆ ਜਾਂਦਾ ਹੈ ॥

Digitized by Panjab Digital Library | www.panjabdigilib.org

ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ॥ ਕਹੁ ਨਾਨਕ ਜਾਕੇ ਪੂਰੇ ਭਾਗ॥ ਗੁਰਚਰਣੀ ਤਾਕਾ ਮਨੁ ਲਾਗੁ ॥੪॥੬॥੮॥

ਗੁਰੂ ਦੀ ਮਹਿਮਾ ਕਥੀ ਨਹੀਂ ਜਾਂਦੀ ਹੈ॥ ਗੁਰੂ ਪ੍ਰਮੇਸਰ ਦੇ ਨਾਲ ਮਿਲਿਆ ਹੋਇਆ ਹੈ॥ ਗੁਰੂ ਜੀ ਆਖਦੇ ਹਨ ਜਿਨਾਂ ਦੇ ਪੂਰੇ ਭਾਗ ਹਨ॥ ਓਨਾਂ ਦਾ ਮਨ ਗੁਰੂ ਦੀ ਚਰਨੀ ਲੱਗਦਾ ਹੈ॥

(ਤਥਾ)

## ਗੋਂਡ ਮਹਲਾ ੫

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥ ਗੁਰੁ ਮੇਰਾ ਦੇਉ ਅਲਖ ਅਭੇਉ॥ ਸਰਬ ਪੂਜ ਚਰਨ ਗੁਰ ਸੇਉ॥ ੧ ॥

ਗੁਰੂ ਦਾ ਨਾਮ ਜਪਣਾ ਹੀ ਮੇਰੀ ਪੂਜਾ ਹੈ ਗੁਰੂ ਹੀ ਮੇਰਾ ਪ੍ਰਮੇਸਰ ਹੈ॥ ਗੁਰੂ ਹੀ ਮੇਰਾ ਪਰੇ ਰਹਿਣ ਵਾਲਾ ਪ੍ਰਮੇਸਰ ਹੈ ਗੁਰੂ ਹੀ ਮੇਰਾ ਭਗਵੰਤ ਹੈ॥ ਗੁਰੂ ਹੀ ਅਲੱਖ ਅਭੇਦ ਰੂਪ ਮੇਰਾ ਪ੍ਰਕਾਸ਼ਕ ਹੈ॥ ਜੇ ਗੁਰਾਂ ਦੇ ਚਰਨਾਂ ਦੀ ਸੇਵਾ ਕਰੀਏ ਤੇ ਤਾਂ ਸਾਰਿਆਂ ਦੀ ਪੂਜਾ ਹੋ ਜਾਂਦੀ ਹੈ॥

ਗੁਰ ਬਿਨੁ ਅਵਰੁ ਨਾਹੀ ਮੈ ਥਾਉ॥ ਅਨਦਿਨੁ ਜਪਉ ਗੁਰੂ ਗੁਰ ਨਾਉ॥ ੧ ॥ ਰਹਾਉ॥

ਗੁਰੂ ਤੋਂ ਬਿਨਾ ਮੇਰਾ ਹੋਰ ਕੋਈ ਥਾਂ ਨਹੀਂ ਹੈ॥ ਏਸੇ ਲਈ ਰਾਤ ਦਿਨ ਗੁਰੂ ਗੁਰੂ ਨਾਮ ਜਪਦਾ ਹਾਂ॥

ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥ ਗੁਰੁ ਗੋਪਾਲੁ ਪੁਰਖੁ ਭਗਵਾਨੁ॥ ਗੁਰੁ ਕੀ ਸਰਨਿ ਰਹਉ ਕਰ ਜੋਰਿ॥ ਗੁਰੂ ਬਿਨਾ ਮੈ ਨਾਹੀ ਹੋਰੁ॥੨॥

ਗੁਰੂ ਹੀ ਮੇਰਾ ਗਿਆਨ ਹੈ ਏਸੇ ਲਈ ਮੈਂ ਦਿਲ ਵਿਚ ਗੁਰੂ ਦਾ ਧਿਆਨ ਕਰਦਾ ਹਾਂ॥ ਗੁਰੂ ਹੀ ਧਰਤੀ ਨੂੰ ਪਾਲਣ ਵਾਲਾ ਅਕਾਲ ਪੁਰਖ ਭਗਵਾਨ ਹੈ॥ ਮੈਂ ਦੋਵੇਂ ਹੱਥ ਜੋੜਕੇ ਗੁਰੂ ਦੀ ਸ਼ਰਨ ਰਹਿੰਦਾ ਹਾਂ॥ ਗੁਰੂ ਤੋਂ ਬਿਨਾ ਮੇਰਾ

Digitized by Panjab Digital Library | www.panjabdigilib.org

ਹੋਰ ਕੋਈ ਆਸਰਾ ਨਹੀਂ ਹੈ ॥

**ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩**

ਸੰਸਾਰ ਸਮੁੰਦਰ ਤੋਂ ਪਾਰ ਉਤਾਰਨ ਵਾਸਤੇ ਗੁਰਉਪਦੇਸ਼ ਜਹਾਜ ਹੈ ॥ ਗੁਰੂ ਦੀ ਸੇਵਾ ਕਰਕੇ ਜਮ ਤੋਂ ਛੁਟਕਾਰਾ ਹੁੰਦਾ ਹੈ ॥ ਅਗੇ ਪ੍ਰਲੋਕ ਦੇ ਹਨੇਰੇ ਵਿਚ ਗੁਰਾਂ ਦੇ ਉਪਦੇਸ਼ ਦਾ ਹੀ ਚਾਨਣਾ ਹੈ ॥ ਗੁਰਾਂ ਦੇ ਸੰਗ ਕਰਕੇ ਸਾਰਿਆਂ ਦਾ ਨਿਸਤਾਰਾ ਹੁੰਦਾ ਹੈ ॥

**ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥ ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥ ॥੪॥੭॥੯॥**

ਪਰ ਵਡਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਈਦਾ ਹੈ ॥ ਗੁਰੂ ਦੀ ਸੇਵਾ ਵਿਚ ਦੁਖ ਨਹੀਂ ਲੱਗਦਾ ਹੈ ॥ ਗੁਰੂ ਦਾ ਹੁਕਮ ਕੋਈ ਨਹੀ ਮੇਟ ਸਕਦਾ ਹੈ ॥ §ਗੁਰੂ ਨਾਨਕ ਤਾਂ ਦੁਖਾਂ ਤੋਂ ਬਿਨਾ ਪ੍ਰਮੇਸਰ ਦਾ ਰੂਪ ਹੀ ਹੈ ॥

(ਰਾਮ ਰਾਮ ਮੰਤ੍ਰ)

865 **ਗੌਂਡ ਮਹਲਾ ੫ ॥ ਰਾਮ ਰਾਮ ਸੰਗਿ ਕਰਿ ਬਿਉਹਾਰ ॥ ਰਾਮ ਰਾਮ ਰਾਮ ਪ੍ਰਾਨ ਅਧਾਰ ॥ ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥ ੧ ॥**

ਤੂੰ ਸਾਰੇ ਵਿਹਾਰ ਰਾਮ ਰਾਮ ਦੇ ਨਾਲ ਹੀ ਕਰ ॥ ਭਾਵ ਸਦਾ ਨਾਮ ਜਪ ॥ ਪ੍ਰਮੇਸਰ ਦਾ ਨਾਮ ਹੀ ਪ੍ਰਾਣਾ ਦਾ ਆਸਰਾ ਸਮਝ ॥ ਪ੍ਰਮੇਸਰ ਦੇ ਨਾਮ ਦਾ ਹੀ ਕੀਰਤਨ ਗਾ ॥ ਜੇਹੜਾ ਪ੍ਰਮੇਸਰ ਸਾਰਿਆਂ ਵਿਚ ਮਿਲਿਆ ਹੋਇਆ ਹੈ ਉਸਨੂੰ ਰਮਤ=ਬੋਲ ਭਾਵ ਜਪ ॥

**ਸੰਤ ਜਨਾ ਮਿਲਿ ਬੋਲਹੁ ਰਾਮ ॥ ਸਭ ਤੇ ਨਿਰਮਲ ਪੂਰਨ ਕਾਮ ॥ ॥ ੧ ॥ ਰਹਾਉ ॥**

ਸੰਤਾਂ ਨਾਲ ਮਿਲਕੇ ਪ੍ਰਮੇਸ਼ਰ ਦਾ ਨਾਮ ਜਪੋ । ਸਾਰਿਆਂ ਕੰਮਾਂ ਤੋਂ ਸੁਧ ਤੇ

§ ਜੇ ਇਹਨਾਂ ਸਬਦਾਂ ਨੂੰ ਪੜ ਕੇ ਭੀ ਲੋਕ ਦੇਹਧਾਰੀ ਗੁਰੂਆਂ ਨੂੰ ਨਹੀ ਛੱਡ ਦੇਹਨ ਤਾਂ ਸਮਝੋ ਓਨਾ ਦੇ ਮੰਦ ਭਾਗ.

Digitized by Panjab Digital Library | www.panjabdigilib.org

ਪੂਰਾ ਇਹੋ ਹੀ ਕੰਮ ਹੈ ॥

**ਰਾਮ ਰਾਮ ਧਨੁ ਸੰਚਿ ਭੰਡਾਰ ॥ ਰਾਮ ਰਾਮ ਰਾਮ ਕਰਿ ਆਹਾਰ ॥ ਰਾਮ ਰਾਮ ਵੀਸਰਿ ਨਹੀ ਜਾਇ ॥ ਕਰਿ ਕਿਰਪਾ ਗੁਰਿ ਦੀਆ ਬਤਾਇ ॥ ੨ ॥**

ਪ੍ਰਮੇਸਰ ਧਨ ਦਾ ਹੀ ਖਜਾਨਾ ਕਠਾ ਕਰ ॥ ਪ੍ਰਮੇਸਰ ਦਾ ਨਾਮ ਹੀ ਅੰਨ ਦਾ ਆਸਰਾ ਕਰ ॥ ਪ੍ਰਮੇਸਰ ਦਾ ਨਾਮ ਜਪਣਾ ਭੁਲ ਨ ਜਾਵੇ। ਜੇਹੜਾ ਨਾਮ ਗੁਰਾਂ ਨੇ ਕਿਰਪਾ ਕਰਕੇ ਦਸ ਦਿਤਾ ਹੈ।

**ਰਾਮ ਰਾਮ ਰਾਮ ਸਦਾ ਸਹਾਇ ॥ ਰਾਮ ਰਾਮ ਰਾਮ ਲਿਵ ਲਾਇ॥ ਰਾਮ ਰਾਮ ਜਪਿ ਨਿਰਮਲ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥ ੩ ॥**

ਪ੍ਰਮੇਸਰ ਸਦਾ ਸਹਾਈ ਹੈ। ਪ੍ਰਮੇਸਰ ਵਿਚ ਪ੍ਰੀਤੀ ਲਾ। ਜਿਨਾਂ ਨੇ ਪ੍ਰਮੇਸਰ ਜਪਿਆ ਹੈ ਓਹ ਨਿਰਮਲ ਹੋ ਗਏ ਹਨ। ਓਨਾਂ ਦੇ ਜਨਮਾਂ ੨ ਦੇ ਸਾਰੇ ਪਾਪ ਦੂਰ ਹੋ ਗਏ ਹਨ ॥

**ਰਮਤ ਰਾਮ ਜਨਮ ਮਰਣੁ ਨਿਵਾਰੈ ॥ ਉਚਰਤ ਰਾਮ ਭੈ ਪਾਰਿ ਉਤਾਰੈ ॥ ਸਭ ਤੇ ਊਚ ਰਾਮ ਪਰਗਾਸ ॥ ਨਿਸਿ ਬਾਸੁਰ ਜਪ ਨਾਨਕ ਦਾਸ ॥ ੪ ॥ ੮ ॥ ੧੦ ॥**

ਜਿਨਾਂ ਨੇ ਮਾਲਕ ਦਾ ਨਾਮ ਜਪਿਆ ਹੈ ਓਨਾਂ ਨੇ ਜਨਮ ਮਰਨ ਦੂਰ ਕਰ ਲਏ ਹਨ। ਜਿਨਾਂ ਨੇ ਪ੍ਰਮੇਸ਼ਰ ਨੂੰ ਜਪਿਆ ਹੈ ਓਨਾਂ ਨੂੰ ਪ੍ਰਮੇਸ਼ਰ ਸੰਸਾਰ ਦੇ ਡਰ ਤੋਂ ਪਾਰ ਉਤਾਰ ਲੈਂਦਾ ਹੈ॥ ਚਾਨਣ ਕਰਨ ਵਾਲਾ ਪ੍ਰਮੇਸਰ ਸਾਰਿਆਂ ਤੋਂ ਉਚਾ ਹੈ ਗੁਰੂ ਜੀ, ਦਾਸ ਹੋਕੇ ਰਾਤ ਦਿਨ ਪ੍ਰਮੇਸ਼ਰ ਦਾ ਨਾਮ ਜਪ ॥

(ਕਾਮ ਆਦਿਕ ਵਿਕਾਰ ਜਗਤ ਉਤੇ ਜੋਰਾਵਰ ਤੇ ਭਗਤਾਂ ਉਤੇ ਕਮਜੋਰ ਹਨ)

### ਗੋਂਡ ਮਹਲਾ ੫

**ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗਿ ਤੇ ਮਾਰਿ ਬਿਦਾ**

Digitized by Panjab Digital Library | www.panjabdigilib.org

845



ਰੇ ॥ ਗੋਬਿੰਦਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥ ੧ ॥

ਓਨਾਂ ਪੰਜਾਂ ਕਾਮ ਆਦਿਕਾਂ ਦੀ ਮਾਲਕ ਨੇ ਭਗਤਾਂ ਵਲੋਂ ਰੋਕ ਕੀਤੀ ਹੈ ਏਸੇ ਲਈ ਓਹ ਭਗਤਾਂ ਵਲੋਂ ਹਾਰ ਗਏ ਹਨ ॥ ਜੇਹੜੇ ਓਨਾਂ ਭਗਤਾਂ ਪ੍ਰਮੇਸਰ ਦੇ ਦਾਸਾਂ ਦੇ ਸੰਗੀ ਹੋਏ ਹਨ ਓਨਾਂ ਨੇ ਵੀ ਮਾਰਕੇ ਦੂਰ ਕੀਤੇ ਹੈਨ ॥ ਜੇਹੜਾ ਪ੍ਰਮੇਸਰ ਦਾ ਭਗਤ ਹੈ ਉਸਦਾ ਮਹਿਲ ਭਾਵ ਰਹਿਣ ਦਾ ਥਾਂ ਵਿਕਾਰਾਂ ਨੇ ਨਹੀ ਪਾਇਆ ਭਾਵ ਲਭਿਆ ਹੈ ॥ ਪ੍ਰਮੇਸਰ ਦੇ ਭਗਤਾਂ ਨੇ ਸੰਤਾਂ ਨਾਲ ਮਿਲਕੇ ਪ੍ਰਮੇਸਰ ਦੇ ਜਸ ਦਾ ਮੰਗਲ ਗਾਇਆ ਹੈ ॥

ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮਭਗਤ ਕੇ ਪਾਨੀਹਾਰ ॥ ੧ ॥ ਰਹਾਉ ॥

ਪੰਜ ਕਾਮ ਆਦਿਕ ਸਾਰੀ ਦੁਨੀਆਂ ਦੇ ਠਾਣੇਦਾਰ ਹਨ ॥ ਪਰ ਪ੍ਰਮੇਸਰ ਦੇ ਭਗਤਾਂ ਦੇ ਤਾਂ ਓਹ ਪਾਣੀ ਭਰਨ ਵਾਲੇ ਨੌਕਰ ਹਨ ॥

ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦਭਗਤ ਕਉ ਕਰਹਿ ਸਲਾਮੁ ॥ ਲੂਟਿਲੇਹਿ ਸਾਕਤ ਪਤਿ ਖੋਵਹਿ ॥ ਸਾਧਜਨਾ ਪਗ ਮਲਿ ਮਲਿ ਧੋਵਹਿ ॥ ੨ ॥

ਜਗਤ ਪਾਸੋਂ ਓਹ ਡੰਡ ਲੈਂਦੇ ਹਨ ਭਾਵ ਚੰਗੇ ਗੁਣ ਖੋਹ ਲੈਂਦੇ ਹਨ । ਪਰ ਪ੍ਰਮੇਸਰ ਦੇ ਭਗਤਾਂ ਨੂੰ ਤਾਂ ਓਹ ਸਲਾਮ ਕਰਦੇ ਹਨ ॥ ਜੇਹੜੇ ਮਾਇਆ ਦੇ ਉਪਾਸ਼ਕ ਪ੍ਰਮੇਸਰ ਤੋਂ ਭੁਲੇ ਹੋਏ ਹਨ ਓਨਾਂ ਦੀ ਤਾਂ ਓਹ ਇਜ਼ਤ ਖੋਹਕੇ ਲੁਟ ਲੈਂਦੇ ਹਨ ਭਾਵ ਚੰਗੇ ਗੁਣ । ਪਰ ਸੰਤਾਂ ਦੇ ਪੈਰ ਮਲ ਮਲਕੇ ਧੋਂਦੇ ਹਨ ॥

ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥ ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥ ੩ ॥

ਇਕ ਮਾਇਆ ਨੇ ਵਿਆਇ=ਪ੍ਰਸੂਤਾ ਹੋਕੇ ਪੰਜ ਪੁਤ ਭਾਵ ਪੰਜ ਤਤ ਪੈਦਾ ਕੀਤੇ ਹਨ ਫਿਰ ਚਾਰ ਖਾਣੀਆਂ ਆਦਿਕ ਖੇਲ ਜਗਤ ਨੂੰ ਪ੍ਰਗਟ ਕੀਤਾ ਹੈ ਜਾਂ ਪੰਜ ਪੁਤ ਕਾਮ ਆਦਿਕ ਮਾਇਆ ਨੇ ਜਣੇ ਹਨ ਓਹ ਮਾਇਆ ਕੇਹੜੀ ਹੈ ਜਿਸ ਦੀਆਂ ਬਾਹਾਂ

Digitized by Panjab Digital Library | www.panjabdigilib.org

ਬੜੀਆਂ ਜ਼ੋਰਾਵਰ ਹਨ ਓਹ ਪ੍ਰਮੇਸਰ ਦੀ ਸ਼ਕਤੀ ਨਾਲ ਪ੍ਰਸੂਤਾ ਹੋਈ ਹੈ ਅਤੇ ਜਗਤ ਨੂੰ ਖੇਲ ਰੂਪ ਪ੍ਰਗਟ ਕੀਤਾ ਹੈ। ਜੇਹੜੇ ਤਿੰਨਾਂ ਗੁਣਾਂ ਵਾਲੇ ਜੀਵ ਹਨ ਓਹ ਤਿੰਨਾਂ ਗੁਣਾ ਜਾਂ ਵਿਕਾਰਾਂ ਦੇ ਨਾਲ ਦਬਕੇ ਭਾਵ ਮਿਲਕੇ ਰਸ ਲੈਣ ਵਾਲੇ ਹੋਏ ਹਨ ॥ ਸੰਤ ਇਹਨਾਂ ਪੰਜਾਂ ਵਿਕਾਰਾਂ ਨੂੰ ਛੱਡਕੇ ਉਤੇ ਜਾ ਵਸੇ ਹਨ ਭਾਵ ਪ੍ਰਮੇਸਰ ਵਾਲੇ ਪਾਸੇ ਜਾ ਰਹੇ ਹਨ ਜਾਂ ਉਪਰਾਮ ਹੋਕੇ ਜਗਤ ਵਿਚ ਵੱਸਦੇ ਹਨ ॥

ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥ ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥ ੪ ॥ ੯ ॥ ੧੧ ।

ਪ੍ਰਮੇਸਰ ਨੇ ਕਿਰਪਾ ਕਰਕੇ ਸੰਤ ਛੁਡਾ ਲਏ ਹਨ ॥ ਜਿਸਦੀ ਆਗਿਆ ਨਾਲ ਵਿਕਾਰ ਪੈਦਾ ਹੋਏ ਸੀ ਓਸੇ ਮਾਲਕ ਨੇ ਸੰਤਾਂ ਵਲੋਂ ਹਟਾ ਰਖੇ ਹਨ ਭਾਵ ਵਿਕਾਰ ਭਗਤਾਂ ਉਤੇ ਜੋਰ ਨਹੀਂ ਪਾਂਦੇ ਹਨ ॥ ਗੁਰੂ ਜੀ ਆਖਦੇ ਹਨ ਪ੍ਰਮਸਰ ਦੀ ਭਗਤੀ ਕਰਨੀ ਬੜੀ ਚੰਗੀ ਹੈ ॥ ਪ੍ਰਮੇਸਰ ਦੀ ਭਗਤੀ ਬਿਨਾ ਸਾਰ ਹੀ ਖੁਆਰ ਹੁੰਦੇ ਹਨ ॥

## ਗੌਂਡ ਮਹਲਾ ੫

866

ਕਲਿ ਕਲੇਸ ਮਿਟੇ ਹਰਿਨਾਇ ॥ ਦੁਖ ਬਿਨਸੇ ਸੁਖ ਕੀਨੋ ਠਾਉ ॥ ਜਪਿ ਜਪਿ ਅੰਮ੍ਰਿਤਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥ ੧ ॥

ਮਾਲਕ ਦਾ ਨਾਮ ਜਪਣ ਨਾਲ ਗੁਰਮੁਖਾਂ ਦੇ ਕਲਪਣਾ ਕਲੇਸ਼ ਸਾਰੇ ਦੂਰ ਹੋ ਜਾਂਦੇ ਹਨ ॥ ਦੁਖ ਵੀ ਨਾਸ ਹੋ ਗਏ ਹਨ ਅਤੇ ਸੁਖਾਂ ਨੇ ਥਾਂ ਕੀਤਾ ਹੈ ਭਾਵ ਸੁਖ ਆ ਮਿਲੇ ਹਨ ॥ ਨਾਮ ਅੰਮ੍ਰਿਤ ਨੂੰ ਜਪਕੇ ਬਹੁਤ ਰੱਜ ਗਏ ਹਨ ॥ ਗੁਰੂ ਦੀ ਕਿਰਪਾ ਨਾਲ ਓਨਾਂ ਨੇ ਸਾਰੇ ਫਲ ਪਾ ਲਏ ਹਨ ॥

ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥ ॥ ੧ ॥ ਰਹਾਉ ॥

ਗੁਰਮੁਖ ਮਾਲਕ ਨੂੰ ਜਪਕੇ ਸੰਸਾਰ ਸਮੁੰਦ੍ਰ ਤੋਂ ਪਾਰ ਹੋ ਗਏ ਹਨ ॥ ਓਨਾਂ ਦੇ ਜਨਮਾਂ ਜਨਮਾਂ ਦੇ ਪਾਪ ਵੀ ਨਾਸ ਹੋ ਗਏ ਹਨ ॥

ਗੁਰ ਕੇ ਚਰਨ ਰਿਦੈ ਉਰਿ ਧਾਰੇ ॥ ਅਗਨਿਸਾਗਰ ਤੇ ਉਤਰੇ ਪਾਰੇ ॥

Digitized by Panjab Digital Library | www.panjabdigilib.org

ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥

ਓਨਾਂ ਨੇ ਗੁਰਾਂ ਦੇ ਚਰਨ ਰਿਦੇ (ਉਰ) ਵਿਚ ਧਾਰੇ ਹਨ ॥ ਏਸੇ ਲਈ ਓਹ ਸੰਸਾਰ ਅੱਗ ਦੇ ਸਮੁੰਦਰ ਤੋਂ ਪਾਰ ਉਤਰ ਗਏ ਹਨ ॥
ਓਨਾਂ ਦੀ ਜਨਮ ਮਰਨ ਦੀ ਸਾਰੀ ਉਪਾਧੀ ਮਿਟ ਗਈ ਹੈ ॥ ਸੁਭਾਵਕ ਹਾ ਮਾਲਕ ਦੇ ਨਾਲ ਓਨਾਂ ਦੀ ਸਮਾਧੀ ਲੱਗੀ ਹੈ ॥

ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ਕਰਿ ਕਿਰਪਾ ਜਾਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥ ੩ ॥

ਜੇਹੜਾ ਸਾਰਿਆਂ ਦਿਲਾਂ ਦਾ ਅੰਤਰਜਾਮੀ ਹੈ ਉਸ ਮਾਲਕ ਨੂੰ ਗੁਰਮੁਖਾਂ ਨੇ ਸਾਰਿਆਂ ਥਾਵਾਂ ਦੇ ਅੰਦਰ ਇਕ ਹੀ ਜਾਣਿਆਂ ਹੈ ॥ ਜਿਸਨੂੰ ਗੁਰੂ ਕਿਰਪਾ ਕਰਕੇ ਇਹ ਅਕਲ ਦੇਂਦਾ ਹੈ ॥ ਓਹ ਸਾਰੇ ਪਹਿਰ ਮਾਲਕ ਦਾ ਨਾਮ ਲੈਂਦਾ ਹੈ ॥

ਜਾਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾਕੈ ਹਿਰਦੈ ਹੋਇ ਪ੍ਰਗਾਸੁ ॥ ਭਗਤਿ ਭਾਇ ਹਰਿਕੀਰਤਨੁ ਕਰੀਐ ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥ ੪ ॥੧੦॥ ੧੨ ॥

ਜਿਸਦੇ ਅੰਦਰ ਮਾਲਕ ਆਪ ਵੱਸਦਾ ਹੈ ॥ ਉਸਦੇ ਦਿਲ ਵਿਚ ਚਾਨਣ ਹੁੰਦਾ ਹੈ ॥ ਪ੍ਰੇਮਾ ਭਗਤੀ ਕਰਕੇ ਮਾਲਕ ਦਾ ਕੀਰਤਨ ਕਰੀਏ ॥ ਗੁਰੂ ਜੀ ਆਖਦੇ ਹਨ ਮਾਲਕ ਨੂੰ ਜਪਕੇ ਤਰੀਦਾ ਹੈ ॥

## ਗੌਂਡ ਮਹਲਾ ੫

ਗੁਰ ਕੇ ਚਰਨਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥ ਹੋਇਰਹੀਐ ਸਗਲ ਕੀ ਰੀਨਾ ॥ ਘਟਿ ਘਟਿ ਰਮਈਆ ਸਭ ਮਹਿ ਚੀਨਾ ॥ ੧ ॥ ਇਨਿ ਬਿਧਿ ਰਮਹੁ ਗੋਪਾਲ ਗੋਬਿੰਦੁ ॥ ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ ੧ ॥ ਰਹਾਉ ॥

ਹੇ ਭਰਾ ਗੁਰੂ ਦੇ ਚਰਨਾਂ ਕਮਲਾਂ ਉਤੇ ਨਮਸਕਾਰ ਕਰ ॥ ਕਾਮ ਕ੍ਰੋਧ ਆਦਕ

Digitized by Panjab Digital Library | www.panjabdigilib.org

ਵਿਕਾਰਾਂ ਨੂੰ ਇਸ ਸਰੀਰ ਤੋਂ ਮਾਰ ਸੁਟ ॥ ਸਾਰਿਆਂ ਦੀ ਚਰਨ ਧੂੜ ਹੋਕੇ ਰਹਿਣਾ ਚੰਗਾ ਹੈ ॥ ਸਾਰਿਆਂ ਜੀਆਂ ਦੇ ਅੰਦਰ ਮਾਲਕ ਨੂੰ ਜਾਣ ॥ ਇਸ ਰੀਤੀ ਨਾਲ ਪ੍ਰਮੇਸਰਨੂੰ ਜਪੋ। ਸਾਰਾ ਸਰੀਰ ਤੇ ਧਨ ਮਾਲਕ ਦਾ ਦਿਤਾ ਹੋਇਆ ਹੈ ਅਤੇ ਸਾਡੀ ਜਿੰਦਵੀ ਮਾਲਕ ਦੀ ਦਿਤੀ ਹੋਈ ਹੈ ਇਹ ਠੀਕ ਜਾਣ।

**ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥ ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧਪ੍ਰਸਾਦਿ ਹਰਿ ਸਿਉ ਮਨੁ ਰੰਗਿ ॥ ੨ ॥**

ਅਠੇ ਪਹਿਰ ਮਾਲਕ ਦੇ ਗੁਣਾਂ ਨੂੰ ਗਾ ॥ ਆਪਣੇ ਦਿਲ ਵਿਚ ਇਹ ਜਾਣ ਕਿ ਗੁਣਾਂ ਦਾ ਗੌਣਾ ਹੀ ਪ੍ਰਾਣਾਂ ਦੇ ਧਾਰਨ ਦਾ ਲਾਭ ਹੈ ॥ ਸੁਆਉ=ਮਤਲਬ। ਹੰਕਾਰ ਨੂੰ ਛੱਡਕੇ ਮਾਲਕਨੂੰ ਨਾਲ ਜਾਣ। ਸੰਤਾਂ ਦੀ ਕਿਰਪਾ ਨਾਲ ਮਨ ਨੂੰ ਮਾਲਕ ਦੇ ਨਾਮ ਨਾਲ ਰੰਗ ॥

**ਜਿਨਿ ਤੂੰ ਕੀਆ ਤਿਸ ਕਉ ਜਾਨੁ ॥ ਆਗੈ ਦਰਗਹ ਪਾਵਹਿ ਮਾਨੁ ॥ ਮਨੁ ਤਨੁ ਨਿਰਮਲ ਹੋਇ ਨਿਹਾਲੁ ॥ ਰਸਨਾ ਨਾਮੁ ਜਪਤ ਗੋਪਾਲੁ ॥ ੩ ॥**

ਜਿਸਨੇ ਤੈਨੂੰ ਪੈਦਾ ਕੀਤਾ ਹੈ ਤੂੰ ਉਸ ਨੂੰ ਜਾਣ ॥ ਏਸੇ ਲਈ ਅਗੇ ਦਰਗਾਹ ਵਿਚ ਮਾਨ ਪਾਵੇਂਗਾ ॥ ਪ੍ਰਮੇਸਰ ਦਾ ਨਾਮ ਰਸਨਾ ਨਾਲ ਜਪਦਿਆਂ ਮਨ ਨਿਰਮਲ ਤੇ ਤਨ ਨਿਹਾਲ=ਦੁਖਾਂ ਤੋਂ ਰਹਿਤ ਹੋਵੇਗਾ ॥

**ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਸਾਧੂ ਕੀ ਮਨੁ ਮੰਗੈ ਰਵਾਲਾ ॥ ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥ ਨਾਨਕੁ ਜਪਿ ਜੀਵੈ ਪ੍ਰਭ ਨਾਮ ॥੪ ॥ ੧੧ ॥ ੧੩ ॥**

ਹੇ ਮੇਰੇ ਦੀਨ ਦਿਆਲੂ ਪ੍ਰਮੇਸਰ ਮੇਰੇ ਉਤੇ ਕਿਰਪਾ ਕਰ ॥ ਮੇਰਾ ਮਨ ਸੰਤਾਂ ਦੀ ਧੂੜ ਹੀ ਮੰਗੇ ॥ ਹੇ ਮਾਲਕ ਦਿਆਲੂ! ਦਿਆਲੂ ਹੋਕੇ ਮੈਨੂੰ ਇਹ ਦਾਨ ਦੇਹ। ਗੁਰੂ ਜੀ, ਹੇ ਮਾਲਕ ਮੈਂ ਤੇਰਾ ਨਾਮ ਜਪਕੇ ਜੀਵਾਂ ॥

## ਗੌਂਡ ਮਹਲਾ ੫

**ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥ ਪ੍ਰਭ**

Digitized by Panjab Digital Library | www.panjabdigilib.org

## ਕੀ ਸਰਨਿ ਗਹੀ ਸਭ ਤਿਆਗਿ॥ ਗੁਰ ਸੁਪ੍ਰਸੰਨ ਭਏ ਵਡਭਾਗਿ॥੧॥

ਜੇਹੜੀ ਧੂਪਾਂ ਦੀਵਿਆਂ ਨਾਲ ਮਾਲਕ ਦੀ ਸੇਵਾ ਕਰਨੀ ਹੈ॥ ਅਸਾਂ ਤਾਂ ਇਸਦੇ ਥਾਂ ਏਹੋ ਹੀ ਕੀਤੀ ਹੈ ਜੋ ਮਾਲਕ ਨੂੰ ਅਨੇਕਾਂ ਤਰਾਂ ਨਾਲ ਨਮਸਕਾਰ ਕਰਦੇ ਹਾਂ ਭਾਵ ਅਸਾਂ ਉਸ ਅਗੇ ਸਿਰ ਹੀ ਨੀਵਾਂ ਕਰ ਦਿਤਾ ਹੈ ਹੋਰ ਦੀਵੇ ਕੀ ਜਗਾਣੇ ਹਨ॥ ਅਸਾਂ ਤਾਂ ਸਭ ਕੁਛ ਛਡਕੇ ਮਾਲਕ ਦੀ ਸ਼ਰਨ ਫੜੀ ਹੈ ਸਾਡੇ ਉਤੇ ਵਡਭਾਗੀ ਗੁਰੂ ਪ੍ਰਸੰਨ ਹੋਏ ਹਨ॥

## ਆਠ ਪਹਰ ਗਾਈਐ ਗੋਬਿੰਦੁ॥ *ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ ੧ ਰਹਾਉ॥

ਅਸੀ ਅਠੇ ਪਹਿਰ ਮਾਲਕ ਦੇ ਗੁਣ ਗਾਂਦੇ ਹਾਂ

## ਹਰਿਗੁਣ ਰਮਤ ਭਏ ਆਨੰਦ॥ ਪਾਰਬ੍ਰਹਮ ਪੂਰਨ ਬਖਸੰਦ॥ ਕਰਿ ਕਿਰਪਾ ਜਨ ਸੇਵਾ ਲਾਏ॥ ਜਨਮ ਮਰਣ ਦੁਖ ਮੇਟਿ ਮਿਲਾਏ॥ ੨॥

ਮਾਲਕ ਦੇ ਗੁਣ ਗਾਕੇ ਅਨੰਦ ਹੋ ਗਏ ਹਾਂ॥ ਪੂਰਨ ਪ੍ਰਮੇਸਰ ਔਗੁਣਾਂ ਦੇ ਬਖਸ਼ਨ ਵਾਲਾ ਹੈ॥ ਉਸ ਪ੍ਰਮੇਸਰ ਨੇ ਕਿਰਪਾ ਕਰਕੇ ਸਾਨੂੰ ਸੰਤਾਂ ਦੀ ਸੇਵਾ ਵਿਚ ਲਾਇਆ ਹੈ॥ ਸਾਡੇ ਜਨਮ ਮਰਨ ਦੇ ਦੁਖ ਦੂਰ ਕਰਕੇ ਸਾਨੂੰ ਆਪਣੇ ਨਾਲ ਮਿਲਾ ਲਿਆ ਹੈ॥

## ਕਰਮ ਧਰਮ ਇਹੁ ਤਤੁ ਗਿਆਨੁ॥ ਸਾਧਸੰਗਿ ਜਪੀਐ ਹਰਿਨਾਮੁ॥ ਸਾਗਰਤਰਿ ਬੋਹਿਥ ਪ੍ਰਭਚਰਣ॥ ਅੰਤਰਜਾਮੀ ਪ੍ਰਭ ਕਾਰਣ ਕਰਣ॥ ੩॥

ਹੁਣ ਤਾਂ ਏਹੋ ਹੀ ਕਰਮ ਏਹੋ ਧਰਮ ਅਤੇ ਏਹੋ ਹੀ ਚੰਗਾ ਗਿਆਨ ਜਾਣਿਆਂ ਹੈ ਜੇਹੜਾ ਸੰਤਾਂ ਦਾ ਸੰਗ ਕਰਨਾ ਤੇ ਮਾਲਕ ਦਾ ਜਾਪ ਕਰਨਾਂ ਹੈ॥ ਸੰਸਾਰ ਸਮੁੰਦਰ ਤੋਂ ਤਰਨ ਵਾਸਤੇ ਮਾਲਕ ਦੇ ਚਰਨ ਜਹਾਜ ਜਾਣ ਲਏ ਹਨ। ਅੰਤਰਜਾਮੀ ਮਾਲਕ ਸਾਰਿਆਂ ਕਾਰਨਾਂ ਦੇ ਕਰਨ ਵਾਲਾ ਜਾਣਿਆ ਹੈ॥

## ਰਾਖਿਲੀਏ ਅਪਨੀ ਕਿਰਪਾ ਧਾਰਿ॥ ਪੰਚਦੂਤ ਭਾਗੇ ਬਿਕਰਾਲ॥

*ਇਸ ਪੰਗਤੀ ਦੇ ਪਿਛਲੇ ਸ਼ਬਦ ਦੀ ਰਹਾਉ ਵਾਲੀ ਪੰਗਤੀ ਵਿਚ ਅਰਥ ਹੋ ਚੁਕੇ ਹਨ॥

Digitized by Panjab Digital Library | www.panjabdigilib.org

**ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ।**
**॥ ੪ ॥ ੧੨ ॥ ੧੪ ॥**

ਮਾਲਕ ਨੇ ਆਪਣੀ ਕਿਰਪਾ ਕਰਕੇ ਸਾਨੂੰ ਰਖ ਲਿਆ । ਜੇਹੜੇ ਕਾਮ ਆਦਿਕ ਪੰਜ ਦੂਤ ਬਹੁਤ ਡਰੌਣੇ ਸਨ ਓਹ ਸਾਥੋਂ ਡਰਦੇ ਦੌੜ ਗਏਹਨ ਹੁਣ ਅਸੀ ਸੰਸਾਰ ਵਿਸ਼ੇ ਰੂਪ ਜੂਏ ਵਿਚ ਜਨਮ ਕਦੀ ਨਹੀ ਹਾਰਾਂਗੇ । ਕਿਉਂਕਿ ਗੁਰੂ ਜੀ ਆਖਦੇ ਹਨ ਮਾਲਕ ਨੇ ਮੇਰਾ ਪਖ ਕੀਤਾ ਹੈ ॥

## ਗੌਂਡ ਮਹਲਾ ੫

**ਕਰਿ ਕਿਰਪਾ ਸੁਖ ਅਨਦ ਕਰੇਇ ॥ ਬਾਲਕ ਰਾਖਿ ਲੀਏ ਗੁਰਦੇਵਿ ॥ ਪ੍ਰਭ ਕਿਰਪਾਲ ਦਇਆਲ ਗੋਬਿੰਦ ॥ ਜੀਅ ਜੰਤ ਸਗਲੇ ਬਖਸਿੰਦ ॥ ੧ ॥**

ਹੇ ਮਾਲਕ ਤੂੰ ਹੀ ਕਿਰਪਾ ਕਰਕੇ ਜੀਵ ਸੁਖ ਆਨੰਦ ਨਾਲ ਵਸਾਉਣੇ ਕੀਤੇ ਹਨ ॥ ਹੇ ਪ੍ਰਕਾਸ਼ਕ ਪੂਜਣ ਜੋਗ ਤੂੰ ਬਾਲਕ ਜਾਣਕੇ ਰੱਖ ਲਏ ਹਨ ॥ ਹੇ ਕਿਰਪਾਲੂ ਦਿਆਲੂ ਮਾਲਕ ॥ ਤੂੰ ਸਾਰਿਆਂ ਛੋਟਿਆਂ ਵਡਿਆਂ ਜੀਆਂ ਨੂੰ ਬਖਸ਼ਣ ਵਾਲਾ ਹੈਂ ॥

**ਤੇਰੀ ਸਰਣਿ ਪ੍ਰਭ ਦੀਨ ਦਇਆਲ ॥ ਪਾਰਬ੍ਰਹਮ ਜਪਿ ਸਦਾ ਨਿਹਾਲ ॥ ੧ ॥ ਰਹਾਉ ॥**

ਹੇ ਦੀਨ ਦਇਆਲ ਮਾਲਕ ਅਸੀਂ ਤੇਰੀ ਸ਼ਰਣ ਹਾਂ ॥ ਹੇ ਮਾਲਕ ਤੈਨੂੰ ਜਪਕੇ ਅਸੀਂ ਸਦਾ ਸੁਖੀ ਹੁੰਦੇ ਹਾਂ ॥

**ਪ੍ਰਭ ਦਇਆਲ ਦੂਸਰ ਕੋਈ ਨਾਹੀ ॥ ਘਟ ਘਟ ਅੰਤਰਿ ਸਰਬ ਸਮਾਹੀ ॥ ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥ ਪਤਿਤਪਾਵਨ ਪ੍ਰਭ ਬਿਰਦੁ ਤੁਮਾਰੈ ॥ ੨ ॥**

ਹੇ ਮਾਲਕ ਤੂੰ ਅਜੇਹਾ ਦਿਆਲੂ ਹੈ ਕਿ ਤੇਰੇ ਵਰਗਾ ਹੋਰ ਦੂਸਰਾ ਕੋਈ ਨਹੀਂ ਹੈ । ਤੂ ਸਾਰਿਆਂਦੇ ਦਿਲਾਂ ਅੰਦਰ ਸਮਾਇਆ ਹੋਇਆ ਹੈਂ ॥ ਤੂੰ ਅਪਣਿਆਂ ਦਾਸਾਂ ਦਾ ਲੋਕ ਪ੍ਰਲੋਕ ਸਵਾਰਦਾ ਹੈਂ ਭਾਵ ਦੋਹਾਂ ਥਾਂਵਾਂ ਵਿਚ ਇਜ਼ਤ ਰਖਦਾ ਹੈ ॥ ਹੇ ਮਾਲਕ ਤੇਰਾ ਧਰਮ ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਭਾਵ ਬਖਸਨ ਜੋਗ ਹੈ ॥

Digitized by Panjab Digital Library | www.panjabdigilib.org

ਅਉਖਧ ਕੋਟਿ ਸਿਮਰਿ ਗੋਬਿੰਦ ॥ ਤੰਤੁ ਮੰਤੁ ਭਜੀਐ ਭਗਵੰਤ ॥ ਰੋਗ ਸੋਗ ਮਿਟੇ ਪ੍ਰਭੁ ਧਿਆਏ ॥ ਮਨ ਬਾਂਛਤ ਪੂਰਨ ਫਲ ਪਾਏ॥੩॥

ਹੇ ਮਾਲਕ ਜੇਹੜਾ ਤੇਰਾ ਚੇਤੇ ਰਖਣਾ ਹੈ ਇਹੋ ਹੀ ਕਰੋੜਾਂ ਤਰਾਂ ਦੀ ਦਵਾ ਹੈ ॥ ਹੇ ਮਾਲਕ ਤੇਰਾ ਭਜਨ ਕਰਨਾ ਹੀ ਮੰਤ੍ਰ ਤੰਤ੍ਰ ਹੈ। ਹੇ ਮਾਲਕ ਤੈਨੂੰ ਚੇਤੇ ਕਰਨ ਨਾਲ ਰੋਗ ਸੋਗ ਮਿਟ ਜਾਂਦੇ ਹਨ ॥ ਮਨ ਭੁਾਂਦੇ ਸਾਰੇ ਫਲ ਪਾਲਈਦੇ ਹਨ ॥

ਕਰਨ ਕਾਰਨ ਸਮਰਥ ਦਇਆਰ ॥ ਸਰਬਨਿਧਾਨ ਮਹਾ ਬੀਚਾਰ ॥ ਨਾਨਕ ਬਖਸਿਲੀਏ ਪ੍ਰਭਿ ਆਪਿ ॥ ਸਦਾ ਸਦਾ ਏਕੋ ਹਰਿ ਜਾਪਿ ॥ ॥੪॥੧੩॥੧੫॥

ਦਿਆਲੂ ਪ੍ਰਮੇਸਰ ਸਾਰਿਆਂ ਕੰਮਾਂ ਦੇ ਕਰਨ ਨੂੰ ਤਕੜਾ ਹੈ ॥ ਬਹੁਤ ਵਿਚਾਰ ਕਰਨ ਨਾਲ ਸਾਰੇ ਖਜ਼ਾਨੇ ਮਿਲ ਜਾਂਦੇ ਹਨ ਭਾਵ ਨਾਮ ਜਪਣ ਨਾਲ ਗੁਣ ਆਉਂਦੇ ਹਨ ॥ ਗੁਰੂ ਜੀ, ਹੇ ਮਾਲਕ ਤੂੰ ਆਪ ਹੀ ਸਾਰੇ ਪਾਪੀ ਬਖਸ਼ ਲਏ ਹਨ ॥ ਹੇ ਮਾਲਕ ਅਸੀ ਸਦਾ ੨ ਤੇਰਾ ਹੀ ਇਕ ਜਾਪ ਜਪਦੇ ਹਾਂ ॥

867

## ਗੌਂਡ ਮਹਲਾ ੫

ਹਰਿ ਹਰਿ ਨਾਮੁ ਜਪਹੁ ਮੇਰੇ ਮੀਤ ॥ ਨਿਰਮਲ ਹੋਇ ਤੁਮਾਰਾ ਚੀਤ ॥ ਮਨ ਤਨ ਕੀ ਸਭ ਮਿਟੈ ਬਲਾਇ ॥ ਦੂਖੁ ਅੰਧੇਰਾ ਸਗਲਾ ਜਾਇ ॥ ੧ ॥

ਹੇ ਮਿਤਰੋ ਨਾਮ ਜਪੋ ਤੁਹਾਡਾ ਚਿਤ ਨਿਰਮਲ ਹੋਵੇਗਾ ॥ ਮਨ ਤਨ ਦੀ ਸਾਰੀ ਆਸਾ ਤ੍ਰਿਸਨਾ ਬਲਾ ਦੂਰ ਹੋਵੇਗੀ ॥ ਜਨਮ ਮਰਨ ਦਾ ਦੁਖ ਅਗਿਆਨ ਦਾ ਹਨੇਰਾ ਸਾਰਾ ਚਲਿਆ ਜਾਵੇਗਾ ॥

ਹਰਿਗੁਣ ਗਾਵਤ ਤਰੀਐ ਸੰਸਾਰੁ ॥ ਵਡਭਾਗੀ ਪਾਈਐ ਪੁਰਖੁ ਅਪਾਰੁ ॥ ੧ ॥ ਰਹਾਉ ॥

ਮਾਲਕ ਦੇ ਗੁਣ ਗਾਕੇ ਸੰਸਾਰ ਤੋਂ ਤਰੀਦਾ ਹੈ ॥ ਵਡਾ ਅਕਾਲ ਪੁਰਖ ਵਡਿਆਂ ਪੁੰਨਾਂ ਨਾਲ ਪਾਈਦਾ ਹੈ ॥

ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮ ਕਾਲੁ ॥ ਜਗ ਮਹਿ ਆਇਆ ਸੋ ਪਰਵਾਣੁ ॥ ਗੁਰਮੁਖਿ ਅਪਨਾ

Digitized by Panjab Digital Library | www.panjabdigilib.org

ਖਸਮੁ ਪਛਾਣੁ ॥ ੨ ॥

ਜੇਹੜਾ ਆਦਮੀ ਪ੍ਰਮੇਸ਼ਰ ਦਾ ਕੀਰਤਨ ਕਰਦਾ ਹੈ। ਓਸ ਆਦਮੀ ਨੂੰ ਜਮ ਮਾਰਨ ਵਾਲਾ ਛੂਹ ਨਹੀਂ ਸਕਦਾ ਹੈ ॥ ਜਗਤ ਵਿਚ ਆਇਆ ਵੀ ਓਹੋ ਪਰਵਾਣ ਹੈ ॥ ਜਿਸਨੇ ਗੁਰੂ ਨਾਲ ਮਿਲਕੇ ਮਾਲਕ ਨੂੰ ਪਛਾਣਿਆਂ ਹੈ ॥

ਹਰਿਗੁਣ ਗਾਵੈ ਸੰਤਪ੍ਰਸਾਦਿ ॥ ਕਾਮ ਕਰੋਧ ਮਿਟਹਿ ਉਨਮਾਦ ॥ ਸਦਾ ਹਜੂਰਿ ਜਾਣਹੁ ਭਗਵੰਤ ॥ ਪੂਰੇ ਗੁਰ ਕਾ ਪੂਰਨਮੰਤ ॥ ੩ ॥

ਜੇਹੜਾ ਸੰਤਾਂ ਦੀ ਕਿਰਪਾ ਨਾਲ ਮਾਲਕ ਦੇ ਗੁਣ ਗਾਂਦਾ ਹੈ॥ ਓਹਦੇ ਕਾਮ ਕ੍ਰੋਧ ਆਦਕ ਜੇਹੜੇ ਕਮਲਿਆਂ ਕਰਨ ਵਾਲੇ ਰੋਗ ਹਨ ਸਾਰੇ ਦੂਰ ਹੋ ਜਾਂਦੇ ਹਨ ॥ ਹੇ ਭਰਾ ਪੂਰਿਆਂ ਗੁਰਾਂ ਦਾ ਪੂਰਾ ਉਪਦੇਸ਼ ਲੈਕੇ ਤੂੰ ਮਾਲਕ ਨੂੰ ਸਦਾ ਹੀ ਪਾਸ ਜਾਣ ॥

ਹਰਿਧਨੁ ਖਾਟਿ ਕੀਏ ਭੰਡਾਰ ॥ ਮਿਲਿ ਸਤਿਗੁਰ ਸਭਿ ਕਾਜ ਸਵਾਰ ॥ ਹਰਿ ਕੇ ਨਾਮ ਰੰਗ ਸੰਗਿ ਜਾਗਾ ॥ ਹਰਿ ਚਰਣੀ ਨਾਨਕ ਮਨੁ ਲਾਗਾ ॥ ੪ ॥ ੧੪ ॥ ੧੬ ॥

ਜਿਸਨੇ ਮਾਲਕ ਦੇ ਨਾਮ ਧਨ ਨੂੰ ਖੱਟਕੇ ਦਿਲ ਖਜਾਨੇ ਪੂਰਨ ਕੀਤੇ ਭਾਵ ਕਰ ਲਏ ਹਨ ॥ ਓਨਾਂ ਨੇ ਪੂਰਿਆਂ ਗੁਰਾਂ ਨਾਲ ਮਿਲਕੇ ਸਾਰੇ ਕੰਮ ਸਵਾਰ ਲਏ ਹਨ ॥ ਜਿਨਾਂ ਦਾ ਮਨ ਮਾਲਕ ਦੇ ਨਾਮ ਪ੍ਰੇਮ ਨਾਲ ਜਾਗਿਆ ਹੈ ॥ ਗੁਰੂ ਜੀ, ਉਹਨਾਂ ਦਾ ਮਨ ਮਾਲਕ ਦੇ ਚਰਨਾਂ ਨਾਲ ਲੱਗਦਾ ਹੈ ॥

## ਗੌਂਡ ਮਹਲਾ ੫

ਭਵਸਾਗਰ ਬੋਹਿਥ ਹਰਿਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥ ਹਰਿਗੁਣ ਰਮਤ ਨਾਹੀ ਜਮਪੰਥ ਮਹਾਬੀਚਾਰ ਪੰਚ ਦੂਤਹ ਮੰਥ ॥ ੧ ॥

ਹੇ ਮਾਲਕ ਇਸ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਸਤੇ ਤੇਰੇ ਚਰਨ ਹੀ ਜਹਾਜ ਹਨ ॥ ਤੇਰਾ ਨਾਮ ਚੇਤੇ ਕਰਨ ਨਾਲ ਫੇਰ ਮਰਨ ਨਹੀਂ ਹੁੰਦਾ ਹੈ ॥ ਹੇ ਮਾਲਕ ਤੇਰੇ ਗੁਣ ਗਾਂਦਿਆਂ ਜਮ ਦੇ ਰਸਤੇ ਨਹੀਂ ਜਾਈਦਾ ਹੈ ॥ ਹੇ ਮਾਲਕਾ ਤੇਰਾ ਭਜਨ ਇਕ ਵੱਡਾ ਵਿਚਾਰ ਹੈ ਏਸੇ ਲਈ ਪੰਜ ਵਿਕਾਰ ਕਾਮ ਆਦਕ ਦੂਤ

Digitized by Panjab Digital Library | www.panjabdigilib.org

ਮੈਥ=ਮਲ ਸੁੱਟੇ ਹਨ ॥

ਤਉ ਸਰਣਾਈ ਪੂਰਨ ਨਾਥ ॥ ਜੰਤ ਅਪਨੇ ਕਉ ਦੀਜਹਿ ਹਾਥ ॥ ॥ ੧ ॥ ਰਹਾਉ ॥

ਹੇ ਪੂਰਨ ਮਾਲਕ ਅਸੀਂ ਤੇਰੀ ਸ਼ਰਨ ਹਾਂ ॥ ਸਾਨੂੰ ਆਪਣਿਆਂ ਦਾਸਾਂ ਨੂੰ ਹਥ ਦੇਕੇ ਰਖ ॥

ਸਿਮ੍ਰਿਤ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ॥ ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ॥ ੨

ਸਿੰਮ੍ਰਿਤੀਆਂ; ਸ਼ਾਸਤ੍ਰ , ਵੇਦ, ਪੁਰਾਣ, ॥ ਇਹ ਸਾਰੇ ਮਿਲਕੇ ਪ੍ਰਮੇਸਰ ਦਾ ਵਖਿਆਨ ਕਰਦੇ ਹਨ । ਜੋਗੀ, ਜਤੀ, ਵੈਸ਼ਨੋ, ਅਤੇ ਰਾਮ ਦੇ ਦਾਸ ਭਾਵ ਜੇਹੜੇ ਪ੍ਰਮੇਸਰ ਦੇ ਭਗਤ ਕਹਾਂਦੇ ਹਨ ॥ ਹੇ ਅਬਨਾਸੀ ਮਾਲਕ ਤੇਰੀ ਇਹ ਮਰਜਾਦਾ ਨਹੀਂ ਪਾ ਸਕਦੇ ਭਾਵ ਤੇਰਾ ਅੰਤ ॥

ਕਰਣਪਲਾਹ ਕਰਹਿ ਸਿਵ ਦੇਵ ॥ ਤਿਲੁ ਨਹੀ ਬੂਝਹਿ ਅਲਖ ਅਭੇਵ ॥ ਪ੍ਰੇਮ ਭਗਤਿ ਜਿਸੁ ਆਪੇ ਦੇਇ ॥ ਜਗ ਮਹਿ ਵਿਰਲੇ ਕੇਈ ਕੇਇ ॥ ੩ ॥

ਜੇਹੜੇ ਸਿਵਜੀ ਆਦਕ ਦੇਵਤੇ ਹਨ ਓਹਵੀ ਤੈਨੂੰ ਲਭਨ ਵਾਸਤੇ ਬਥੇਰਾ ਰੋਂਦੇ ਕੁਰਲਾਂਦੇ ਹਨ ॥ ਹੇ ਅਲਖ ਅਭੇਦ ਤੇਰੀ ਗਤੀ ਤਿਲ ਜਿੰਨਾ ਵੀ ਨਹੀ ਸਮਝ ਸਕਦੇ ਹਨ ॥ ਜਿਸ ਨੂੰ ਤੁਸੀ ਆਪਦੀ ਪ੍ਰੇਮਾ ਭਗਤੀ ਦੇਂਦੇਹੋ ॥ ਅਜੇਹੇ ਜਗਤ ਵਿਚ ਕੋਈ ਕੋਈ ਵਿਰਲੇ ਹੀ ਹਨ ॥

ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥ ਨਾਨਕੁ ਦੀਨੁ ਜਾਚੈ ਤੇਰੀ ਸੇਵ ॥ ਕਰਿ ਕਿਰਪਾ ਦੀਜੈ ਗੁਰਦੇਵ ॥ ੪ ॥ ੧੫ ॥ ੧੭ ॥

ਮੈਂ ਤਾਂ ਨਿਰਗੁਣਿਆਰਾ ਹਾਂ ਮੇਰੇ ਵਿਚ ਤਾਂ ਕੋਈ ਵੀ ਗੁਣ ਨਹੀ ਹੈ ਸਾਰੇ ਸੁਖ ਤੇਰੀ ਦ੍ਰਿਸ਼ਟੀ ਵਿਚ ਹਨ ॥ ਗੁਰੂ ਜੀ ਮੈਂ ਗਰੀਬ ਤੇਰੀ ਸੇਵਾ ਮੰਗਦਾ ਹਾਂ ਹੇ ਪੂਜਣ ਯੋਗ ਪ੍ਰਕਾਸ਼ਕ ਮਾਲਕ ਕਿਰਪਾ ਕਰਕੇ ਮੈਨੂੰ ਆਪਣੀ ਸੇਵਾ ਦੇਹ ॥

Digitized by Panjab Digital Library | www.panjabdigilib.org

ਪ੍ਰਮੇਸਰ ਸੰਤ ਦੀ ਮਦਤ ਕਰਨ ਵਾਲਾ ਤੇ ਨਿੰਦਕ ਦਾ ਨਾਸ ਕਰਨ ਵਾਲਾ ਹੈ [ਇਹ ਸਬਦ ਪ੍ਰਮੇਸਰਦਾ ਵਾਕ ਹੈ]

## ਗੋਂਡ ਮਹਲਾ ੫

**ਸੰਤ ਕਾ ਲੀਆ ਧਰਤ ਬਿਦਾਰਉ ॥ ਸੰਤ ਕਾ ਨਿੰਦਕੁ ਅਕਾਸ ਤੇ ਟਾਰਉ ॥ ਸੰਤ ਕਉ ਰਾਖਉ ਅਪਨੇ ਜੀਅ ਨਾਲਿ ॥ ਸੰਤ ਉਧਾਰਉ ਤਤਖਿਣ* ਤਾਲਿ ॥ ੧ ॥**

ਮੈਂ ਸੰਤ ਦਾ ਲਿਆ ਭਾਵ ਸੰਤ ਦੇ ਵਾਸਤੇ ਉਸ ਨਿੰਦਕ ਨੂੰ ਧਰਤੀ ਦੇ ਉਤੇ ਨਾਸ ਕਰ ਦੇਂਦਾ ਹਾਂ। ਭਾਵ ਦੁਨੀਆਂ ਉਤੇ ਨਹੀਂ ਰਹਿਨਦੇਂਦਾ ਹਾਂ। ਜੇਹੜਾ ਸੰਤਾਂ ਦਾ ਨਿੰਦਕ ਹੈ ਉਸ ਨੂੰ ਮੈਂ ਅਕਾਸ ਤੋਂ ਟਾਲ ਦੇਂਦਾ ਹਾਂ। ਭਾਵ ਭਾਵੇ ਆਦਮੀ ਕਿਡਾ ਵਡਾ ਇੰਦ੍ਰ ਵਰਗਾ ਵੀ ਹੋਵੇ ਮੈਂ ਉਸਨੂੰ ਅਸਮਾਨ ਤੋਂ ਡੇਗ ਦਿੰਦਾ ਹਾਂ ਭਾਵ ਨਾਸ ਕਰ ਦੇਂਦਾ ਹਾਂ ॥ ਸੰਤ ਨੂੰ ਤਾਂ ਮੈਂ ਅਪਣੇ ਜੀਅ ਦੇ ਨਾਲ ਲਾਕੇ ਰਖਦਾ ਹਾਂ ਭਾਵ ਸੰਤ ਮੇਰੇ ਪ੍ਰਾਣ ਹਨ। ਸੰਤਾਂ ਨੂੰ ਤਾਂ ਮੈਂ ਛੇਤੀ ਨਾਲ ਸੰਸਾਰ ਤੋਂ ਤਾਰ ਲੈਂਦਾ ਹਾਂ ॥

**ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥ ੧ ॥ ॥ ਰਹਾਉ ।**

ਪਰ ਸੰਤ ਓਹ ਹੈ ਜੇਹੜਾ ਮਾਲਕ ਨੂੰ ਭਾਂਦਾ ਹੈ। ਸੰਤ ਇਕ ਮਾਲਕ ਦੇ ਕੰਮ ਭਾਵ ਭਜਨ ਵਿਚ ਹੀ ਲਗੇ ਰਹਿੰਦੇ ਹਨ ॥

**ਸੰਤ ਕੈ ਊਪਰਿ ਦੇਇ ਪ੍ਰਭੁ ਹਾਥ ॥ ਸੰਤ ਕੈ ਸੰਗਿ ਬਸੈ ਦਿਨੁ ਰਾਤਿ ॥ ਸਾਸਿ ਸਾਸਿ ਸੰਤਹ ਪ੍ਰਤਿਪਾਲਿ ॥ ਸੰਤ ਕਾ ਦੋਖੀ ਰਾਜ ਤੇ ਟਾਲਿ ॥ ੨ ॥**

ਸੰਤਾਂ ਦੇ ਉਤੇ ਮਾਲਕ ਆਪ ਹਥ ਦੇਂਦਾ ਭਾਵ ਰਖਿਆ ਕਰਦਾ ਹੈ ॥ ਪ੍ਰਮੇਸਰ ਸੰਤਾਂ ਦੇ ਨਾਲ ਰਾਤ ਦਿਨ ਵੱਸਦਾ ਹੈ ॥ ਮਾਲਕ ਸੰਤਾਂ ਨੂੰ ਸਾਸ ਸਾਸ ਪਾਲਦਾ ਹੈ ॥ ਜੇਹੜਾ ਸੰਤ ਦਾ ਦੋਖੀ ਹੋਵੇ ਉਸਨੂੰ ਪ੍ਰਮੇਸਰ ਰਾਜ ਤੋਂ ਟਾਲ ਦੇਂਦਾ ਹੈ ਭਾਵ ਰਾਜ ਖੋਹ ਲੈਂਦਾ ਹੈ ॥

---

*ਤਤ ਖਿਣ=ਛੇਤੀ। ਤਾਲਿ=ਤਤਕਾਲ । ਛੇਤੀਦਾ ਹੀ ਅਰਥ ਹੈ ਜਾਂ ਛਿਨ ਵਿਚ ਛੇਤੀਨਾਲ ਜਾਂ ਸੰਸਾਰ ਤਾਲ=ਸਮੁੰਦਰ ਤੋਂ ਇਕਰ ਵੀ ਅਰਥ ਸੰਭਵ ਹੈ।

Digitized by Panjab Digital Library | www.panjabdigilib.org

867



ਸੰਤ ਕੀ ਨਿੰਦਾ ਕਰਹੁ ਨ ਕੋਇ॥ ਜੋ ਨਿੰਦੈ ਤਿਸ ਕਾ ਪਤਨੁ ਹੋਇ ॥ ਜਿਸ ਕਉ ਰਾਖੈ ਸਿਰਜਨਹਾਰੁ ॥ ਝਖ ਮਾਰਉ ਸਗਲ ਸੰਸਾਰੁ ॥੩

ਇਸ ਲਈ ਹੇ ਭਾਈ ਸੰਤਾਂ ਦੀ ਨਿੰਦਿਆ ਕੋਈ ਨ ਕਰੋ ॥ ਕਿਉਂਕਿ ਜੇਹੜਾ ਨਿੰਦਿਆ ਕਰੇਗਾ ਉਸਦਾ ਪਤਨੁ=ਨਾਸ ਹੀ ਹੋਵੇਗਾ ॥ ਜਿਸਨੂੰ ਪ੍ਰਮੇਸਰ ਰਖਦਾ ਹੈ ਉਸ ਉਤੇ ਭਾਵੇਂ ਸਾਰਾ ਸੰਸਾਰ ਹੀ ਝਖ ਮਾਰੇ ਭਾਵ ਬੁਰਾ ਕਹੋ ਪਰ ਉਸਦਾ ਕੁਛ ਵਿਗੜਦਾ ਨਹੀਂ ਹੈ ॥

ਪ੍ਰਭ ਅਪਨੇ ਕਾ ਭਇਆ ਬਿਸਾਸੁ ॥ ਜੀਉ ਪਿੰਡੁ ਸਭੁ ਤਿਸ ਕੀ ਰਾਸਿ ॥ ਨਾਨਕ ਕਉ ਉਪਜੀ ਪਰਤੀਤਿ॥ ਮਨਮੁਖ ਹਾਰ ਗੁਰਮੁਖ ਸਦ ਜੀਤਿ ॥ ੪ । ੧੬ ॥ ੧੮ ॥

ਸੰਤਾਂ ਨੂੰ ਅਪਣੇ ਮਾਲਕ ਦਾ ਭਰੋਸਾ ਹੋਇਆ ਹੈ ॥ ਜੀਅ ਸਰੀਰ ਆਦਕ ਸਭ ਉਸਦੀ ਰਾਸ ਜਾਣੀ ਹੈ॥ ਗੁਰੂ ਜੀ ਨੂੰ ਤਾਂ ਇਸ ਗਲ ਦੀ ਪ੍ਰਤੀਤ ਪੈਦਾ ਹੋਈ ਭਾਵ ਆਈ ਹੈ ॥ ਕੀ ਪ੍ਰਤੀਤ ਕਿ ਮਨਮੁਖਾਂ ਦੀ ਹਾਰ ਤੇ ਗੁਰਮੁਖਾਂ ਦੀ ਜਿਤ ਸਦਾ ਹੁੰਦੀ ਆਈ ਹੈ ॥

(ਨਾਰਾਇਣ ਨਾਮ ਦੀ ਉਸਤਤੀ)

## ਗੋਂਡ ਮਹਲਾ ੫

ਨਾਮੁ ਨਿਰੰਜਨੁ ਨੀਰਿ ਨਰਾਇਣ ॥ ਰਸਨਾ ਸਿਮਰਤ ਪਾਪਿ ਬਿਲਾਇਣ ॥ ੧ ॥ ਰਹਾਉ ॥

ਜੇਹੜਾ ਮਾਇਆ ਤੋਂ ਰਹਿਤ ਪ੍ਰਮੇਸਰ ਹੈ ਉਸਦਾ ਨਾਰਾਇਣ ਨਾਮ ਪਾਣੀ ਵਰਗਾ ਹੈ ॥ ਜਬਾਨ ਨਾਲ ਚੇਤੇ ਕਰਦਿਆਂ ਹੀ ਪਾਪ ਦੂਰ ਹੋ ਜਾਂਦੇ ਹਨ ॥

ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿਘਟਿ ਪਰਗਾਸ ॥ ਨਾਰਾਇਣ ਕਹਤੇ ਨਰਕਿ ਨ ਜਾਹਿ ॥ ਨਾਰਾਇਣ ਸੇਵਿ ਸਗਲ ਫਲ ਪਾਹਿ ॥ ੧ ॥

ਪ੍ਰਮੇਸਰ ਦਾ ਸਾਰਿਆਂ ਵਿਚ ਵਾਸਾ ਹੈ ਪ੍ਰਮੇਸਰ ਘਟਾਂ ਘਟਾਂ ਵਿਚ ਚਾਨਣ ਕਰਦਾ ਹੈ ॥ ਜੇਹੜੇ ਮਾਲਕ ਦਾ ਨਾਮ ਆਖਦੇ ਹਨ ਓਹ ਨਰਕ ਵਿਚ ਨਹੀ ਜਾਂਦੇ ਹਨ ॥ ਮਾਲਕ ਦੀ ਸੇਵਾ ਕਰਨ ਵਾਲੇ ਸਾਰਿਆਂ ਫਲਾਂ ਨੂੰ ਪਾਂਦੇ ਹਨ ॥

Digitized by Panjab Digital Library | www.panjabdigilib.org

ਨਾਰਾਇਣ ਮਨ ਮਾਹਿ ਅਧਾਰ ॥ ਨਾਰਾਇਣ ਬੋਹਿਥ ਸੰਸਾਰ ॥ ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥ ਨਾਰਾਇਣ ਦੰਤ ਭਾਨੇ ਡਾਇਣ ॥ ੨ ॥

ਸਾਡੇ ਮਨ ਵਿਚ ਤਾਂ ਮਾਲਕ ਦਾ ਹੀ ਆਸਰਾ ਹੈ ॥ ਮਾਲਕ ਨੂੰ ਹੀ ਸੰਸਾਰ ਸਮੁੰਦਰ ਤੋਂ ਤਾਰਨ ਵਾਸਤੇ ਜਹਾਜ ਜਾਣਿਆਂ ਹੈ ॥ ਮਾਲਕ ਦਾ ਨਾਮ ਕਹਿੰਦਿਆਂ ਹੀ ਜਮ ਭਾਗਿ=ਭਗੌੜਾ ਹੋਕੇ ਪਲਾਇਣ=ਦੌੜ ਜਾਂਦਾ ਹੈ। ਮਾਲਕ ਦੇ ਨਾਮ ਨੇ ਮਾਇਆ ਡੈਣ ਦੇ ਦੰਦ ਤੋੜ ਸੁਟੇ ਹਨ ਜਾਂ ਕੋਈ ਬਲਾ ਡਰ ਨਹੀਂ ਛੂਹ ਸਕਦਾ ਹੈ ॥

ਨਾਰਾਇਣ ਸਦ ਸਦ ਬਖਸਿੰਦ ॥ ਨਾਰਾਇਣ ਕੀਨੇ ਸੂਖ ਅਨੰਦ ॥ ਨਾਰਾਇਣ ਪ੍ਰਗਟ ਕੀਨੋ ਪਰਤਾਪ ॥ ਨਾਰਾਇਣ ਸੰਤ ਕੋ ਮਾਈ ਬਾਪ ॥ ੩ ॥

ਮਾਲਕ ਰੋਜ ਬਖਸ਼ਣ ਵਾਲਾ ਹੈ ॥ ਮਾਲਕ ਨੇ ਹੀ ਸਾਨੂੰ ਸੁਖ ਅਨੰਦ ਪ੍ਰਾਪਤ ਕੀਤੇ ਹਨ ॥ ਮਾਲਕ ਨੇ ਸਾਡਾ ਪ੍ਰਤਾਪ ਪ੍ਰਗਟ ਕੀਤਾ ਹੈ ਮਾਲਕ ਸੰਤਾਂ ਦਾ ਮਾਂ ਪਿਓ ਹੈ ॥

ਨਾਰਾਇਣ ਸਾਧਸੰਗ ਨਰਾਇਣ॥ਬਾਰੰਬਾਰ ਨਰਾਇਣ ਗਾਇਣ ॥ ਬਸਤੁ ਅਗੋਚਰ ਗੁਰ ਮਿਲਿ ਲਹੀ ॥ ਨਾਰਾਇਣ ਓਟ ਨਾਨਕ ਦਾਸ ਗਹੀ ॥ ੪ ॥ ੧੭ ॥ ੧੯ ॥

ਪ੍ਰਮੇਸਰ ਸਾਧ ਸੰਗਤ ਦਾ ਰੂਪ ਹੈ ਅਤੇ ਸਾਧ ਸੰਗਤ ਪ੍ਰਮੇਸਰ ਦਾ ਰੂਪ ਹੈ ॥ ਕਿਉਂਕਿ ਸੰਤ ਮੁੜ ਮੁੜ ਮਾਲਕ ਦਾ ਜਸ ਗਾਂਦੇ ਹਨ ॥ ਜੇਹੜੀ ਆਤਮਵਸਤੂ ਲੁਕੀ ਹੋਈ ਸੀ ਓਹ ਗੁਰੂ ਨਾਲ ਮਿਲਕੇ ਲਭ ਲਈਹੈ॥ ਗੁਰੂ ਜੀ, ਇਸਲਈ ਅਸਾਂ ਦਾਸ ਹੋਕੇ ਮਾਲਕ ਦੀ ਓਟ ਫੜੀ ਹੈ ॥

## ਗੌਂਡ ਮਹਲਾ ੫

ਜਾਕਉ ਰਾਖੈ ਰਾਖਨ ਹਾਰੁ ॥ ਤਿਸ ਕਾ ਅੰਗੁ ਕਰੇ ਨਿਰੰਕਾਰੁ ॥ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਜਿਸਨੂੰ ਰੱਖਣ ਵਾਲਾ ਰੱਖਦਾ ਹੈ। ਉਸ ਭਗਤ ਦਾ ਪੱਖ ਪ੍ਰਮੇਸਰ ਹੀ ਆਪ ਕਰਦਾ ਹੈ ਭਾਵ ਪ੍ਰਮੇਸਰ ਹੀ ਰੱਖਦਾ ਹੈ ਓਹੋ ਹੀ ਪੱਖ ਕਰਦਾ ਹੈ।

**ਮਾਤ ਗਰਭ ਮਹਿ ਅਗਨਿ ਨ ਜੋਹੈ॥ ਕਾਮੁ ਕਰੋਧੁ ਲੋਭੁ ਮੋਹੁ ਨ ਪੋਹੈ ॥ ਸਾਧਸੰਗਿ ਜਪੈ ਨਿਰੰਕਾਰੁ ॥ ਨਿੰਦਕ ਕੈ ਮੁਹਿ ਲਾਗੈ ਛਾਰੁ ॥ ੧॥**

ਉਸਨੂੰ ਮਾਂ ਦੇ ਪੇਟ ਵਿਚ ਅੱਗ ਨਹੀ ਦਬਾ ਸਕਦੀ ਹੈ। ਕਾਮ ਕਰੋਧ ਲੋਭ, ਮੋਹ; ਵੀ ਨਹੀ ਚੰਬੜ ਸਕਦੇ ਹਨ। ਜੇਹੜਾ ਸਾਧ ਸਗਤ ਕਰਕੇ ਪ੍ਰਮੇਸਰ ਨੂੰ ਜਪਦਾ ਹੈ। ਉਸਦੇ ਨਿੰਦਕ ਦੇ ਮੂੰਹ ਉਤੇ ਪਾਪਾਂ ਰੂਪ ਸੁਆਹ ਆ ਲੱਗਦੀ ਹੈ॥

**ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥ ਜੋ ਜੋ ਗਰਬੁ ਕਰੇ ਸੋ ਜਾਇ । ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨**

ਪ੍ਰਮੇਸਰ ਦਾ ਨਾਮ ਦਾਸ ਦਾ ਕਵਚ=ਲੋਹੇ ਦਾ ਕੁੜਤਾ ਹੈ ਅਤੇ ਓਹ ਸਨਾਹੁ=ਸੰਜੋਇ ਦੇ ਬਰਾਬਰ ਹੈ ਭਾਵ ਰਖਿਆ ਕਰਨ ਵਾਲਾ ॥ ਉਸ ਕਰਕੇ ਦੂਤ ਦੁਸ਼ਮਣ ਛੂਹ ਨਹੀਸਕਦੇ ਹਨ। ਜੇਹੜਾ ੨ ਹੰਕਾਰ ਕਰਦਾ ਹੈ ਓਹ ਓਹ ਨਾਸ ਹੋ ਜਾਂਦਾ ਹੈ। ਜੇਹੜੇ ਦਾਸ ਗਰੀਬ ਹਨ ਓਹਨਾਂ ਨੂੰ ਤਾਂ ਮਾਲਕ ਦੀ ਸਰਨ ਹੈ ਭਾਵ ਆਸਰਾ ॥

**ਜੋ ਜੋ ਸਰਣਿ ਪਇਆ ਹਰਿਰਾਇ ॥ ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥ ਜੇ ਕੋ ਬਹੁਤੁ ਕਰੈ ਅਹੰਕਾਰੁ ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥ ੩॥**

ਜੇਹੜਾ ੨ ਮਾਲਕ ਰਾਜੇ ਦੀ ਸ਼ਰਨ ਪਿਆ ਹੈ। ਓਹ ਦਾਸ ਮਾਲਕ ਨੇ ਅਪਣੇ ਗਲ ਨਾਲ ਲਾਕੇ ਰੱਖ ਲਿਆ ਹੈ। ਜੇ ਕੋਈ ਬਹੁਤ ਹੰਕਾਰ ਕਰਦਾ ਹੈ। ਤਾਂ ਓਹ ਛਿਨ ਵਿਚ ਮਿੱਟੀ ਨਾਲ ਰਲਦਾ ਹੈ॥

**ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈ ਬਲਿਹਾਰ ॥ ਅਪਣੇ ਦਾਸ ਰਖੇ ਕਿਰਪਾਧਾਰਿ ॥ ਨਾਨਕ ਕੇ ਪ੍ਰਭੁ ਪ੍ਰਾਣ ਅਧਾਰ ॥ ੪ ॥ ੧੮ ॥ ੨੦ ॥**

ਓਹ ਸੱਚਾ ਤਿੰਨਾਂ ਸਮਿਆਂ ਵਿਚ ਹੋਣ ਵਾਲਾ ਹੈ। ਮੈਂ ਉਸ ਤੋਂ ਰੋਜ ਬਲਹਾਰ ਜਾਂਦਾ ਹਾਂ। ਮਾਲਕ ਨੇ ਅਪਣੇ ਦਾਸ,ਕਿਰਪਾ ਕਰਕੇ ਰੱਖ ਲਏ ਹਨ। ਗੁਰੂ ਜੀ ਮਾਲਕ ਤਾਂ ਸਾਡੇ ਪ੍ਰਾਣਾਂ ਦਾ ਆਸਰਾ ਹੈ॥

Digitized by Panjab Digital Library | www.panjabdigilib.org

(ਜੀਵ ਪ੍ਰਮੇਸਰ ਹੈ)

## ਗੌਂਡ ਮਹਲਾ ੫

**ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪ ॥ ੧ ॥ ਰਹਾਉ ॥**

ਇਹ ਕਥਾ ਬੜੀ ਅਸਚਰਜ ਤੇ ਬੜੀ ਸੁੰਦਰ ਹੈ । ਪ੍ਰਾਤਮ=ਜੀਵ ਆਤਮਾ ਭਾਵ ਇਹ ਆਦਮੀ ਜੋ ਪ੍ਰਮੇਸਰ ਦਾ ਬਣਾਇਆ ਹੋਇਆ ਹੈ ਇਹ ਪ੍ਰਮੇਸਰ ਦਾ ਹੀ ਰੂਪ ਹੈ (ਜਿਸਤਰਾਂ ਰੁਖਦਾ ਬੀ ਰੁਖਦਾ ਰੂਪ ਹੁੰਦਾ ਹੈ) ।

**ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮਜਾਲਾ॥ ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥ ੧ ॥**

ਨ ਇਹ ਬੁੱਢਾ ਹੁੰਦਾ ਹੈ ॥ ਨਾ ਇਸ ਨੂੰ ਬਾਲਕ ਹੀ ਆਖਿਆ ਜਾਂਦਾ ਹੈ॥ ਨ ਇਸ ਨੂੰ ਕੋਈ ਦੁਖ ਹੈ ਨ ਇਸ ਨੂੰ ਕੋਈ ਜਮ ਦਾ ਹੀ ਜਾਲ ਹੈ ॥ ਨ ਇਹ ਮਰਦਾ ਹੈ ਨ ਇਹ ਜੰਮਦਾ ਹੈ ॥ ਇਹ ਮੁੱਢੋਂ ਹੀ ਜੁਗਾਂ ਦੇ ਪਹਿਲੇ ਹਰ ਵੇਲੇ ਸਮਾ ਰਿਹਾ ਹੈ ਭਾਵ ਹੈ ਗਾ ਹੈ ॥

**ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥ ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥ ੨ ।**

ਨ ਇਸ ਨੂੰ ਗਰਮੀ ਹੈ ਨ ਇਸਨੂੰ ਸਰਦੀ ਹੈ ॥ ਨ ਇਸਦਾ ਕੋਈ ਦੁਸ਼ਮਣ ਹੈ ਨ ਇਸਦਾ ਕੋਈ ਮਿਤ੍ਰ ਹੈ ॥ ਨ ਇਸ ਨੂੰ ਖੁਸ਼ੀ ਹੈ ਨ ਇਸ ਨੂੰ ਗ਼ਮੀ ਹੈ ॥ ਸਭ ਕੁਛ ਏਸੇ ਦਾ ਹੀ ਪਸਾਰਾ ਹੈ ਇਹੋ ਹੀ ਸਾਰਿਆਂ ਦੇ ਕਰਨ ਜੋਗ ਹੈ ॥

**ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥ ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦਹੀ ਜਾਗੈ ॥ ੩ ॥**

ਨ ਇਸਦਾ ਪਿਓ ਹੈ ਨ ਇਸਦੀ ਮਾਂ ਹੈ ॥ ਇਹ ਸੰਸਾਰ ਦਾ ਪਰਾ ਹੈ ਅਤੇ ਸਦਾ ਹੀ ਹੁੰਦਾ ਆਇਆ ਹੈ ॥ ਇਸ ਨੂੰ ਪਾਪ ਪੁੰਨ ਦਾ ਕੋਈ ਲੇਪ ਨਹੀ ਲੱਗਦਾ

Digitized by Panjab Digital Library | www.panjabdigilib.org

ਹੈ ॥ ਸਾਰਿਆਂ ਘਟਾ ਦੇ ਅੰਦਰ ਹੈ ਅਤੇ ਸਦਾ ਹੀ ਜਾਗਦਾ ਹੈ (ਇਕਰ ਦੇ ਪ੍ਰਮਾਤਮਾਂ ਦੇ ਵਿਚ ਜੀਵ ਦਾ ਮੇਲ ਕਿਸਤਰਾਂ ਹੋ ਗਿਆ ਆਪ ਜੀਵ ਨੂੰ ਪ੍ਰਮੇਸਰ ਦਾ ਰੂਪ ਕਿਸਤਰਾਂ ਆਖ ਸਕਦੇ ਹੋ) ॥

**ਤੀਨਿ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾਕੀ ਹੈ ਛਾਇਆ ॥ ਅਛਲ ਅਛੇਦ ਅਭੇਦ ਦਇਆਲ ॥ ਦੀਨ ਦਇਆਲ ਸਦਾ ਕਿਰਪਾਲ ॥ ਤਾਕੀ ਗਤਿਮਿਤਿ ਕਛੂ ਨ ਪਾਇ ॥ ਨਾਨਕ ਤਾਕੇ ਬਲਿ ਬਲਿ ਜਾਇ ॥੪॥੧੯॥੨੧॥**

ਤਿੰਨਾਂ ਗੁਣਾ ਵਾਲੀ ਬੜੀ ਵੱਡੀ ਮਾਇਆ ਇਕ ਸ਼ਕਤੀ ਹੈ ॥ ਉਸ ਵਿਚ ਤਾਕੀ=ਉਸ ਸ਼ੁਧ ਰੂਪ ਮਾਲਕ ਦੀ ਛਾਇਆ ਪਈ ਹੈ ਤਾਂ ਜੀਵ ਪੈਦਾ ਹੋਇਆ ਹੈ (ਓਹ ਮਾਲਕ ਪੈਦਾ ਕਰਨ ਵਾਲਾ ਕਿਸਤਰਾਂ ਦਾ ਹੈ; ਓਹ ਛਲਿਆ ਨਹੀਂ ਜਾਂਦਾ, ਛੇਦਿਆ ਨਹੀਂ ਜਾਂਦਾ ਉਸਦਾ ਭੇਤ ਨਹੀਂ ਲਿਆ ਜਾਂਦਾ ਹੈ ਓਹ ਬੜਾ ਦਿਆਲੂ ਹੈ ॥ ਓਹ ਗਰੀਬਾਂ ਉਤੇ ਦਿਆਲੂ ਸਦਾ ਹੀ ਕਿਰਪਾਲੂ ਹੈ ॥ ਉਸਦੀ ਮਰਜਾਦਾ ਦੀ ਰੀਤੀ ਜਾਂ ਚਾਲ ਕੁਛ ਨਹੀਂ ਪਾਈ ਜਾਂਦੀ ਹੈ ॥ ਗੁਰੂ ਜੀ, ਅਸੀਂ ਉਸ ਤੋਂ ਸਦਾ ਬਲਹਾਰ ਜਾਂਦੇ ਹਾਂ ॥

(ਸੰਤ)

## ਗੌਂਡ ਮਹਲਾ ੫

੮੬੯

**ਸੰਤਨ ਕੈ ਬਲਿਹਾਰੈ ਜਾਉ ॥ ਸੰਤਨ ਕੈ ਸੰਗਿ ਰਾਮਗੁਨ ਗਾਉ ॥ ਸੰਤਪ੍ਰਸਾਦਿ ਕਿਲਵਿਖ ਸਭਿ ਗਏ ॥ ਸੰਤਸਰਣਿ ਵਡਭਾਗੀ ਪਏ ॥ ੧ ॥**

ਮੈਂ ਸੰਤਾਂ ਤੋਂ ਬਲਹਾਰ ਜਾਂਦਾ ਹਾਂ। ਕਿਉਂਕਿ ਸੰਤਾਂ ਨਾਲ ਰਲਕੇ ਰਾਮ ਦੇ ਗੁਣ ਗਾਈ ਦੇ ਹਨ। ਸੰਤਾਂ ਦੀ ਕਿਰਪਾ ਨਾਲ ਸਾਰੇ ਪਾਪ ਚਲੇ ਗਏ ਹਨ। ਵਡਭਾਗੀ ਆਦਮੀ ਸੰਤਾਂ ਦੀ ਸ਼ਰਨ ਪਏ ਹਨ ॥

**ਰਾਮੁ ਜਪਤ ਕਛੁ ਬਿਘਨ ਨ ਵਿਆਪੈ ॥ ਗੁਰਪ੍ਰਸਾਦਿ ਅਪੁਨਾ ਪ੍ਰਭੁ ਜਾਪੈ ॥ ੧ ॥ ਰਹਾਉ ॥**

ਪ੍ਰਮੇਸਰ ਨੂੰ ਜਪਦਿਆਂ ਕੋਈ ਵਿਘਨ ਨਹੀਂ ਛੂੰਹਦਾ ਹੈ। ਪਰ ਗੁਰੂ ਦੀ ਕਿਰਪਾ ਨਾਲ ਅਪਣਾ ਮਾਲਕ ਜਪੀਦਾ ਹੈ ॥

Digitized by Panjab Digital Library | www.panjabdigilib.org

ਪਾਰਬ੍ਰਹਮ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮਰਤਨੁ ਵਸੈ ਮਨਿ ਆਇ ॥

ਜਦੋਂ ਮਾਲਕ ਦਿਆਲੂ ਹੁੰਦਾ ਹੈ । ਤਾਂ ਸੰਤਾਂ ਦੇ ਚਰਨਾਂ ਦੀ ਧੂੜੀ ਕਰ ਦੇਂਦਾ ਹੈ ਕਾਮ ਕ੍ਰੋਧ ਆਦਕ ਵਿਕਾਰ ਵੀ ਇਸ ਸਰੀਰ ਤੋਂ ਚਲੇ ਜਾਂਦੇ ਹਨ । ਪ੍ਰਮੇਸਰ ਰਤਨ ਮਨ ਵਿਚ ਆ ਵੱਸਦਾ ਹੈ ॥

ਸਫਲੁ ਜਨਮੁ ਤਾਂਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ੩ ॥

ਸਫਲ ਜਨਮ ਹੈ ਅਤੇ ਆਇਆ ਵੀ ਇਸੇ ਦਾ ਹੀ ਪਰਵਾਣ ਹੈ ਜੋ ਮਾਲਕ ਨੂੰ ਪਾਸ ਕਰਕੇ ਜਾਣਦਾ ਹੈ ॥ ਜੇਹੜੇ ਪ੍ਰੇਮਾ ਭਗਤੀ ਕਰਕੇ ਮਾਲਕ ਦੇ ਕੀਰਤਨ=ਜਸ ਵਿਚ ਲੱਗਦੇ ਹਨ ॥ ਓਨਾਂ ਦਾ ਮਨ ਜਨਮਾਂ ਜਨਮਾਂ ਦਾ ਸੁਤਾ ਹੋਇਆ ਜਾਗ ਪੈਂਦਾ ਹੈ ॥

ਚਰਨ ਕਮਲ ਜਨ ਕਾ ਆਧਾਰੁ ॥ ਗੁਣਗੋਵਿੰਦ ਰਉਂ ਸਚੁ ਵਾਪਾਰੁ ॥ ਦਾਸ ਜਨਾ ਕੀ ਮਨਸਾ ਪੂਰਿ ॥ ਨਾਨਕ ਸੁਖੁ ਪਾਵੈ ਜਨ ਧੂਰਿ ॥ ੪ ॥ ੨੦ ॥ ੨੨ ॥ ੬ ॥ ੨੮ ॥

ਚਰਨ ਕਮਲ ਹੀ ਉਸ ਆਦਮੀ ਦਾ ਆਸਰਾ ਹੈ ਜੇਹੜਾ ਮਾਲਕ ਦੇ ਗੁਣ ਗਾਂਦਾ ਹੈ ਉਸਦਾ ਵਿਹਾਰ ਵੀ ਸਾਰਾ ਸਚਾ ਹੈ ਭਾਵ ਲੈਣ ਦੇਣ ਸੁਚਾ ਹੈ । ਹੇ ਮਾਲਕ ਸਾਰਿਆਂ ਦਾਸਾਂ ਦੀ ਲੋੜ ਪੂਰੀ ਕਰ ॥ ਗੁਰੂ ਜੀ, ਮੈਂ ਇਸੇ ਗਲ ਵਿਚ ਸੁਖ ਪਾਂਦਾ ਹਾਂ ਕਿ ਮੈਨੂੰ ਸੰਤਾਂ ਦੀ ਧੂੜ ਮਿਲ ਜਾਵੇ ॥

(ਗੁਰੂ ਦੀ ਸੇਵਾ ਮਰਵਾਹਿਆਂ ਮਨਮੁਖਾਂ ਦੀ ਨਿੰਦਿਆ)

## ਰਾਗੁ ਗੋਂਡ ਅਸਟਪਦੀ ਮਹਲਾ ੫ ਘਰੁ ੨

## ੧ ੴ ਸਤਿਗੁਰ ਪ੍ਰਸਾਦਿ ॥

ਕਰਿ ਨਮਸਕਾਰ ਪੂਰੇ ਗੁਰਦੇਵ ॥ ਸਫਲ ਮੂਰਤਿ ਸਫਲ ਜਾਕੀ ਸੇਵ ॥ ਅੰਤਰਜਾਮੀ ਪੁਰਖੁ ਬਿਧਾਤਾ ॥ ਆਠ ਪਹਰ ਨਾਮ ਰੰਗਿ ਰਾਤਾ ॥

Digitized by Panjab Digital Library | www.panjabdigilib.org

ਪੂਰੇ ਗੁਰਦੇਵ ਨੂੰ ਨਮਸਕਾਰ ਕਰ। ਕਿਉਂਕਿ ਸਫਲ ਮੂਰਤੀ ਗੁਰੂ ਹੈ ਅਤੇ ਓਨਾਂ ਦੀ ਸੇਵਾ ਵੀ ਫਲ ਦੇਣ ਵਾਲੀ ਹੈ।।। ਮਾਲਕ ਅੰਤਰਜਾਮੀ ਸਾਰੇ ਫਲ ਦੇਣ ਵਾਲਾ ਜਾਂ ਨਿਬੇੜਾ ਕਰਨ ਵਾਲਾ ਹੈ। ਉਸਦੇ ਨਾਮ ਰੰਗ ਵਿਚ ਓਨਾਂ ਗੁਰਾਂ ਦਾ ਮਨ ਅਠੇ ਪਹਿਰ ਹੀ ਰਤਾ ਰਹਿੰਦਾ ਹੈ-

ਗੁਰੁ ਗੋਬਿੰਦ ਗੁਰੂ ਗੋਪਾਲ ॥ ਅਪਨੇ ਦਾਸ ਕਉ ਰਾਖਨਹਾਰ ॥ ੧ ॥ ਰਹਾਉ ॥

ਗੁਰੂ ਗੋਬਿੰਦ ਹੈ ਅਤੇ ਗੁਰੂ ਦੁਨੀਆਂ ਨੂੰ ਪਾਲਣ ਵਾਲਾ ਹੈ ॥ ਗੁਰੂ ਅਪਣੇ ਦਾਸ ਨੂੰ ਸਾਰਿਆਂ ਵਿਘਨਾਂ ਤੋਂ ਰੱਖਣ ਵਾਲਾ ਹੈ।

ਪਾਤਿਸਾਹ*ਸਾਹ ਉਮਰਾਉ ਪਤੀਆਏ ॥ ਦੁਸਟ ਅਹੰਕਾਰੀ ਮਾਰਿ ਪਚਾਏ ॥ ਨਿੰਦਕ ਕੈ ਮੁਖਿ ਕੀਨੋ ਰੋਗੁ॥ ਜੈਜੈਕਾਰੁ ਕਰੈ ਸਭੁ ਲੋਗੁ॥੨

ਪਾਤਸ਼ਾਹ, ਸ਼ਾਹੂਕਾਰ, ਉਮਰਾਉ, ਸਭ ਪਤੀਜ ਗਏ ਹਨ ਭਾਵ ਸਾਰੇ ਗੁਰੂ ਦੇ ਉਤੇ ਭਰੋਸਾ ਕਰ ਗਏ ਹਨ ਕਿ ਗੁਰੂ ਸਚਾ ਹੈ। ਜੇਹੜੇ ਹੰਕਾਰੀ ਦੁਸ਼ਟ ਹਨ ਓਹ ਮਾਰਕੇ ਨਰਕ ਅਗ ਵਿਚ ਸਾੜ ਦਿਤੇ ਹਨ। ਨਿੰਦਕਾਂ ਦੇ ਮੂੰਹ ਵਿਚ ਰੋਗ ਕੀਤਾ ਹੈ। ਸਾਰੇ ਲੋਗ ਗੁਰਾਂ ਦਾ ਜੈਕਾਰ ਕਰਦੇ ਹਨ ਭਾਵ ਧੰਨਵਾਦ।

ਸੰਤਨ ਕੈ ਮਨਿ ਮਹਾ ਆਨੰਦੁ ॥ ਸੰਤ ਜਪਹਿ ਗੁਰਦੇਉ ਭਗਵੰਤੁ ॥ ਸੰਗਤ ਕੇ ਮੁਖ ਊਜਲ ਭਏ ॥ ਸਗਲ ਥਾਨ ਨਿੰਦਕ ਕੇ ਗਏ ॥ ੩॥

ਸੰਤਾਂ ਦੇ ਮਨ ਵਿਚ ਤਾਂ ਬੜਾ ਅਨੰਦ ਹੋਇਆ ਹੈ ਕਿਉਂ ਕਿ ਸੰਤ ਗੁਰੂ ਨੂੰ ਪ੍ਰਮੇਸਰ ਜਾਣਕੇ ਜਪਦੇ ਹਨ। ਸਾਰੀ ਸੰਗਤ ਦੇ ਮੂੰਹ ਉਜਲੇ ਹੋ ਗਏ ਹਨ। ਨਿੰਦਕ ਦੇ ਸਾਰੇ ਥਾਂ ਚਲੇ ਗਏ ਹਨ ਭਾਵ ਸਾਰਿਆਂ ਥਾਵਾਂ ਤੋਂ ਨਿਰਾਦਰ ਹੁੰਦਾ ਹੈ।

ਸਾਸਿ ਸਾਸਿ ਜਨੁ ਸਦਾ ਸਲਾਹੇ ॥ ਪਾਰਬ੍ਰਹਮ ਗੁਰ ਬੇਪਰਵਾਹੇ ॥ ਸਗਲ ਭੈ ਮਿਟੇ ਜਾਕੀ ਸਰਨਿ ॥ ਨਿੰਦਕ ਮਾਰਿ ਪਾਏ ਸਭਿ ਧਰਨਿ ॥ ੪ ॥

ਸੰਤ ਸਾਸ ਸਾਸ ਸਦਾ ਸਲਾਹਦੇ ਹਨ। ਗੁਰੂ ਬੇ ਪਰਵਾਹ ਪ੍ਰਮੇਸਰ ਵਰਗੇ ਹਨ ॥ ਜਿਸ ਗੁਰੂ ਦੀ ਸ਼ਰਨ ਜਾਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਸਾਰੇ

*ਗੋਇੰਦਵਾਲ ਦੇ ਮਰਵਾਹੇ ਦਿਲੀ ਵਿਚ ਜਾਕੇ ਚੁਗਲੀਆਂ ਕਰਦੇ ਸਨ ਉਸ ਗਲ ਨੂੰ ਗੁਰੂ ਜੀ ਦਸਦੇ ਹਨ ॥

Digitized by Panjab Digital Library | www.panjabdigilib.org

ਨਿੰਦਕ ਮਾਰਕੇ ਧਰਤੀ ਉਤੇ ਲੰਮੇ ਪਾ ਦਿਤੇ ਹਨ ॥

**ਜਨ ਕੀ ਨਿੰਦਾ ਕਰੈ ਨ ਕੋਇ ॥ ਜੋ ਕਰੈ ਸੋ ਦੁਖੀਆ ਹੋਇ ॥ ਆਠ ਪਹਰ ਜਨੁ ਏਕੁ ਧਿਆਏ ॥ ਜਮੂਆ ਤਾਕੈ ਨਿਕਟਿ ਨ ਜਾਏ ॥੫॥**

ਇਸ ਲਈ ਗੁਰੂ ਦੀ ਨਿੰਦਿਆ ਕੋਈ ਨ ਕਰੇ ॥ ਜੇਹੜਾ ਨਿੰਦਿਆ ਕਰੇਗਾ ਓਹ ਲੋਕ ਪ੍ਰਲੋਕ ਵਿਚ ਦੁਖੀਆ ਹੋਵੇਗਾ ॥ ਜੇਹੜਾ ਆਦਮੀ ਅਠੇ ਪਹਿਰ ਗੁਰੂ ਦਾ ਧਿਆਨ ਕਰਦਾ ਹੈ ॥ ਉਸ ਆਦਮੀ ਦੇ ਨੇੜੇ ਜਮ ਨਹੀਂ ਜਾਂਦਾ ਹੈ ॥

**ਜਨ ਨਿਰਵੈਰ ਨਿੰਦਕ ਅਹੰਕਾਰੀ ॥ ਜਨ ਭਲਮਾਨਹਿ ਨਿੰਦਕ ਵੇਕਾਰੀ ॥ ਗੁਰ ਕੈ ਸਿਖਿ ਸਤਿਗੁਰੂ ਧਿਆਇਆ ॥ ਜਨ ਉਬਰੇ ਨਿੰਦਕ ਨਰਕਿ ਪਾਇਆ ॥੬॥**

ਸੰਤ ਤਾਂ ਨਿਰਵੈਰ ਹਨ ਅਤੇ ਨਿੰਦਕ ਅਹੰਕਾਰੀ ਹਨ ॥ ਸੰਤ ਤਾਂ ਨਿੰਦਕ ਦਾ ਭਲਾ ਮਨਾਂਦੇ ਹਨ ਅਤੇ ਨਿੰਦਕ ਵਿਕਾਰੀ ਸੰਤਾਂ ਦਾ ਬੁਰਾ ਮਨਾਂਦੇ ਹਨ ॥ ਜੇਹੜੇ ਗੁਰੂ ਦੇ ਸਿਖ ਹਨ ਓਨਾਂ ਨੇ ਸਤਿਗੁਰੂ ਨੂੰ ਧਿਆਇਆ ਹੈ ॥ ਸੰਤ ਨਿੰਦਕਾਂ ਦੇ ਕਲੰਕ ਤੋਂ ਬਚ ਗਏ ਹਨ ਅਤੇ ਨਿੰਦਕਾਂ ਨੂੰ ਨਰਕ ਵਿਚ ਪਾਇਆ ਗਿਆ ਹੈ ॥

**ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਤਿਬਚਨ ਵਰਤਹਿ ਹਰਿਦੁਆਰੇ ॥ ਜੈਸਾ ਕਰੇ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰਪਰ ਜਾਏ ॥੭॥**

ਹੇ ਮੇਰੇ ਸਜਣੋ ਮਿਤ੍ਰ ਪਿਆਰਿਓ।ਤੁਸੀ ਸਚੇ ਬਚਨਾਂ ਨੂੰ ਸੁਣੋ ਜੇਹੜੇ ਪ੍ਰਮੇਸਰ ਦੇ ਦਰਵਾਜੇ ਉਤੇ ਵਰਤਦੇਹਨ । ਜਿਸਤਰਾਂ ਦਾ ਕੋਈ ਕਰਦਾ ਹੈ ਓਸੇਤਰਾਂ ਦਾ ਓਹ ਫਲ ਪਾਂਦਾ ਹੈ । ਜੇਹੜਾ ਹੰਕਾਰੀ ਆਦਮੀ ਹੈ ਉਸਦੀ ਜੜ ਤਾਂ ਜਰੂਰ ਪੁਟੀ ਜਾਂਦੀ ਹੈ ॥

**ਨੀਧਰਿਆ ਸਤਿਗੁਰ ਧਰ ਤੇਰੀ ॥ ਕਰਿ ਕਿਰਪਾ ਰਾਖਹੁ ਜਨ ਕੇਰੀ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਾਕੈ ਸਿਮਰਨਿ ਪੈਜ ਸਵਾਰੀ ॥੮॥੧॥ ੨੯ ॥**

ਹੇ ਗੁਰੂ ਜੀ ਨਿਧਰਿਆਂ ਨੂੰ ਤੇਰੀ ਹੀ ਧਰ=ਓਟ ਹੈ ਇਸ ਲਈ ਕਿਰਪਾ ਕਰਕੇ ਦਾਸ

Digitized by Panjab Digital Library | www.panjabdigilib.org

ਦੀ ਲਜਿਆ ਰਖੋ ॥ ਗੁਰੂ ਜੀ, ਮੈਂ ਉਸ ਗੁਰੂ ਤੋਂ ਬਲਹਾਰ ਜਾਂਦਾ ਹਾਂ। ਜਿਸ ਗੁਰੂ ਦੇ ਭਜਨ ਨੇ ਮੇਰੀ ਇਜ਼ਤ ਸਵਾਰੀ ਭਾਵ ਰਖੀ ਹੈ ॥

## ਰਾਗੁ ਗੋਂਡ ਬਾਣੀ ਭਗਤਾਂ ਕੀ ਕਬੀਰ ਜੀ ਘਰੁ ੧

ੴ ਸਤਿਗੁਰਪ੍ਰਸਾਦਿ ॥

ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥
ਮਿਲੈ ਅਸੰਤੁ ਮਸਟਿ ਕਰਿ ਰਹੀਐ ॥ ੧ ॥

ਮਸਟਿ=ਚੁੱਪ ॥

ਜੇ ਕੋਈ ਹਛਾ ਸੰਤ ਮਿਲੇ ਤਾਂ ਕੁਝ ਉਸ ਤੋਂ ਸੁਣੀਏ, ਕੁਝ ਸੁਣਾਈਏ ਵਾ ਵੱਡੇ ਤੋਂ ਸੁਣੀਏ, ਛੋਟੇ ਨੂੰ (ਉਪਦੇਸ਼) ਕਰੀਏ। ਜੇ ਅਸੰਤ ਮਿਲੇ ਤਾਂ ਚੁਪ ਕਰ ਰਹੀਏ ॥

ਬਾਬਾ ਬੋਲਨਾ ਕਿਆ ਕਹੀਐ ॥
ਜੈਸੇ ਰਾਮ ਨਾਮ ਰਵਿਰਹੀਐ ॥ ੧ ॥ ਰਹਾਉ ॥

ਰਵਿ=ਉਚਾਰਣਾ ॥ ਮਿਲ ਰਹਿਣਾ ॥

ਹੇ ਭਾਈ ਬੋਲਣਾ ਕਿਆ ਕਹੀਏ, "ਇਕੁਰ ਦਾ ਬੋਲਣਾ ਚਾਹੀਦਾ ਹੈ" ਜਿਕੁਰ ਵਾਹਿਗੁਰੂ ਦੇ ਨਾਮ ਨਾਲ ਹੀ ਮਿਲ=ਰਹਿਣਾ ॥

ਸੰਤਨ ਸਿਉ ਬੋਲੇ ਉਪਕਾਰੀ ॥
ਮੂਰਖ ਸਿਉ ਬੋਲੇ ਝਖਮਾਰੀ ॥ ੨ ॥

ਸੰਤਾਂ ਨਾਲ ਬੋਲਣ ਨਾਲ ਉਪਕਾਰੀ ਬਣੀਦਾ ਹੈ ਭਾਵ ਸਾਰਿਆਂ ਲੋਕਾਂ ਨੂੰ ਫਾਇਦਾ ਪਹੁੰਚਦਾ ਹੈ, ਮੂਰਖ ਨਾਲ ਬੋਲਣ ਨਾਲ ਝਖ ਮਾਰੀਦੀ ਹੈ ਭਾਵ ਸਿਰ ਖਪੌਣਾ ਪੈਂਦਾ ਹੈ ॥

ਬੋਲਤ ਬੋਲਤ ਬਢਹਿ ਬਿਕਾਰਾ ॥
ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥ ੩ ॥

ਬੋਲਦਿਆਂ ਬੋਲਦਿਆਂ ਵਿਕਾਰ ਰੂਪ ਕ੍ਰੋਧ ਦੁਖ ਹੀ ਵਧਦਾ ਹੈ ਭਾਵ ਮੂਰਖ

Digitized by Panjab Digital Library | www.panjabdigilib.org

ਨਾਲ ਚੁਪ ਹੀ ਚੰਗੀ ਹੈ, ਬਿਨਾ ਬੋਲੇ ਤੋਂ ਬਿਚਾਰਾ ਮੂਰਖ ਕੀ ਕਰੇਗਾ ਭਾਵ ਚੁਪ ਕਰ ਜਾਵੇਗਾ ਵਾ ਸੰਤਾਂ ਨਾਲ ਬੋਲੇ ਤੋਂ ਬਿਨਾ ਸ਼ੁਭ ਅਸ਼ੁਭ ਦੀ ਵਿਚਾਰ ਕਿੱਕੁਰ ਕਰ ਸਕੀਦੀ ਹੈ ਭਾਵ ਸੰਤਾਂ ਨਾਲ ਬੋਲਣਾ ਹੱਛਾ ਹੈ ॥

ਕਹੁ ਕਬੀਰ ਛੂਛਾ ਘਟੁ ਬੋਲੈ ॥
ਭਰਿਆ ਹੋਇ ਸੁ ਕਬਹੁ ਨ ਡੋਲੈ ॥ ੪ ॥ ੧ ॥

ਛੂਛਾ=ਖਾਲੀ । ਘਟ=ਘੜਾ, ਰਿਦਾ ॥

ਕਬੀਰ ਜੀ ਕਹਿੰਦੇ ਹਨ ਖਾਲੀ ਘੜੇ ਵਤ ਜੇਹੜਾ ਮੂਰਖ ਨਿਰਗੁਣ ਹੁੰਦਾ ਹੈ ਓਹ ਅੰਦਰੋਂ ਬੋਲਦਾ ਹੈ ਅਤੇ ਜੇਹੜਾ ਭਰਿਆ ਹੋਇਆ ਘੜਿਆਂ ਵਾਂਗੂੰ ਸੰਤ ਹੋਵੇ ਓਹ ਕਦੀ ਨਹੀਂ ਡੋਲਦਾ (ਡੁਲਦਾ) "ਬੋਲਦਾ" ਹੈ ॥

ਗੋਂਡ

ਨਰੂ ਮਰੈ ਨਰੁ *ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥ ੧ ॥

ਆਦਮੀ ਮਰਦਾ ਹੈ ਤਾਂ ਆਦਮੀਆਂ ਦੇ ਕੰਮ ਨਹੀਂ ਆਉਂਦਾ, ਪਸ਼ੂ ਮਰੇ ਤਾਂ ਬਹੁਤ ਕੰਮ ਸਵਾਰਦਾ ਹੈ ॥

ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥
ਮੈ ਕਿਆ ਜਾਨਉ ਬਾਬਾ ਰੇ ॥ ੧ ॥ ਰਹਾਉ ॥

ਹੇ ਭਾਈ ਅਪਣੇ ਕਰਮਾਂ ਦੀ ਗਤੀ ਮੈਂ ਕਿਆ ਜਾਣਾਂ ॥

ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥
ਕੇਸ ਜਲੇ ਜੈਸੇ ਘਾਸ ਕਾ ਪੂਲਾ ॥ ੨ ॥

ਤੂਲਾ=ਪੰਡ, ਭਰੀ ।

ਹਡ ਇਕੁਰ ਸੜਦੇ ਹਨ ਜਿਕੁਰ ਲਕੜੀ ਦਾ ਭਾਰ ਸੜਦਾ ਹੈ, ਕੇਸ ਇਕੁਰ ਸੜਦੇ ਹਨ ਜਿਕੁਰ ਘਾਹ ਦਾ ਪੂਲਾ ਸੜਦਾ ਹੈ ॥

ਕਹਤ ਕਬੀਰ ਤਬਹੀ ਨਰੁ ਜਾਗੈ ॥
ਜਮ ਕਾ ਡੰਡੁ ਮੂਡ ਮਹਿ ਲਾਗੈ ॥ ੩ ॥ ੨ ॥

ਕਬੀਰ ਜੀ ਕਹਿੰਦੇ ਹਨ, ਇਹੁ ਆਦਮੀ ਤਦ ਸੁਤਾ ਉਠੇਗਾ ਜਦ ਇਸਦੇ ਸਿਰ

*ਭਾਈ ਗੁਰਦਾਸ ਜੀ ਦੇ ਕਬਿਤ ਸਵੱਯੇ ੨੦੦—੨੦੧—੨੦੨ ਵੇਖੋ ॥

ਵਿਚ ਜਮ ਦਾ ਡੰਡਾ ਪਏਗਾ ॥

## ਗੌਂਡ

**ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁਦਿਸਿ ਗਗਨੁ ਰਹਾਇਲੇ ॥ ਆਨਦਮੂਲੁ ਸਦਾ ਪੁਰਖੋਤਮ ਘਟੁ ਬਿਨਸੈ ਗਗਨੁ ਨ ਜਾਇਲੇ ।**

ਗਗਨੁ=ਅਕਾਸ ॥

ਉਪਰਲੇ ਅਕਾਸ ਵਿਚ ਵੀ ਅਕਾਸ ਹੈ ਤਲੇ ਪਤਾਲ ਵਿਚ ਵੀ ਅਕਾਸ ਹੈ, ਚਵਾਂ ਹੀ ਦਿਸ਼ਾਂ ਵਲ ਅਕਾਸ਼ ਵਿਆਪਕ ਹੈ। ਅਨੰਦ ਦਾ ਮੂ ਸਦਾ ਹੀ ਪੁਰਖਾਂ ਵਿਚੋਂ ਉਤਮ ਹੈ ਜਿਕੁਰ ਘੜਾ ਭੱਜ ਜਾਂਦਾ ਹੈ ਤਾਂ ਅਕਾਸ ਨਹੀਂ ਜਾਂਦਾ ਤਿਕੁਰ ਹੀ ਜਦ ਸਾਰੇ ਜੀਵ ਮਰ ਜਾਂਦੇ ਹਨ ਤਾਂ ਵਾਹਿਗੁਰੂ ਨਹੀਂ ਮਰਦਾ ॥

**ਮੋਹਿ ਬੈਰਾਗੁ ਭਇਓ ॥**
**ਇਹੁ ਜੀਉ ਆਇ ਕਹਾ ਗਇਓ ॥ ੧ ॥ ਰਹਾਉ ॥**

ਹੇ ਗੁਰੂ ਜੀ ਮੈਨੂੰ ਬਹੁਤ ਵੈਰਾਗ ਹੋਯਾ ਹੈ ਕਿ ਏਹ ਜੀਵ ਕਿਥੋਂ ਔਂਦਾ ਹੈ ਅਤੇ ਕਿਥੇ ਚਲਿਆ ਜਾਂਦਾ ਹੈ ਵਾ ਇਸ ਦੇਹ ਨਾਲ ਜੇਹੜਾ ਜੀਵ ਆਯਾ ਸੀ ਉਹ ਇਸਨੂੰ ਛਡਕੇ ਕਿਥੇ ਚਲਿਆ ਗਿਆ ?

**ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ॥**
**ਕਰਮਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ॥੨॥**

ਠੀਕ ਜੇ ਤੁਸੀ ਏਹ ਮੰਨਦੇ ਹੋ ਕਿ ਪੰਜਾਂ ਤਤਾਂ ਨੂੰ ਮਿਲਾਕੇ ਕਾਂਯਾਂ ਕੀਤੀ ਹੈ ਤਾਂ ਦਸੋ ਖਾਂ ਓਹ ਤਤ ਕਿਥੋਂ ਬਣਾਏ ਹਨ ? [ਤਤਾਂ ਦਾ ਕਾਰਨ ਦਸੋ] ਜੇ ਕਰਮਾਂ ਦਾ ਬੰਨ੍ਹਿਆ ਹੋਯਾ ਤੁਸੀ ਜੀਉ ਕਹਿੰਦੇ ਹੋ ਪਰ ਮੈਂ ਪੁਛਦਾ ਹਾਂ ਕਿ ਕਰਮਾਂ ਨੂੰ ਕਿਸ ਨੇ ਜੀਅ ਦਿਤਾ ਹੈ (ਓਨਾਂ ਕਰਮਾਂ ਨੂੰ) ਕਿਸੇ ਨੇ ਸੱਤਾ ਦਿਤੀ ਹੀ ਹੈ ? ਵਾਹਿਗੁਰੂ ਨੇ ਵਾਹਿਗੁਰੂ ਬਿਨਾ ਕਿਸੇ ਨਹੀਂ ॥

**ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥**
**ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥**
**॥ ੩ ॥ ੩ ॥**

ਹੇ ਭਾਈ ਵਾਹਿਗੁਰੂ ਵਿਚ ਤਨ ਹਨ ਤਨਾਂ ਵਿਚ ਵਾਹਿਗੁਰੂ ਹੈ ਸਾਰਿਆਂ ਜੀਵਾਂ ਵਿਚ ਇਕ ਰਸ ਵ੍ਯਾਪਕ ਹੈ, ਕਬੀਰ ਜੀ ਕਹਿੰਦੇ ਹਨ ਮੈਂ ਵਾਹਿਗੁਰੂ ਦਾ ਨਾਮ ਨਹੀਂ ਛਡਾਂ ਗਾ ਜੋ ਕੁਝ ਹੁੰਦਾ ਹੈ ਸੋ ਸਹਜੇ ਹੀ ਪਿਆ ਹੋਵੇ ॥

Digitized by Panjab Digital Library | www.panjabdigilib.org

{ ਕਾਜੀਆਂ ਦੀ ਸ਼ਰਾਰਤ ਕਰਕੇ ਸਿਕੰਦਰ ਲੋਦੀ ਪਾਤਸ਼ਾਹ ਨੇ ਜੋ ਕਬੀਰਜੀਨੂੰ ਦੁਖ ਦਿਤਾ ਸੀ, ਓਹ ਆਪ ਵਰਨਨ ਕਰਕੇ ਅਪਣੇ ਸਿਖਾਂ ਨੂੰ ਸੁਣੌਂਦੇ ਹਨ }

## ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨

ੴ ਸਤਿਗੁਰਪ੍ਰਸਾਦਿ ॥

ਭੁਜਾ ਬਾਧਿ ਭਿਲਾ ਕਰਿ ਡਾਰਿਓ ॥
ਹਸਤੀ ਕਰੋਪਿ ਮੂੰਡ ਮਹਿ ਮਾਰਿਓ ॥

ਭੁਜਾ=ਬਾਹਾਂ। ਭਿਲਾ=ਮਿੱਟੀ ਦੀ ਢੇਮ ਵਾਂਗੂ ਵਾ ਪੰਡ ਬੰਨਕੇ। ਕ੍ਰੋਪਿ=ਕ੍ਰੋਧ ॥
ਮੇਰੀਆਂ ਲੱਤਾਂ ਬਾਹਾਂ ਦੀਆਂ ਮੁਸ਼ਕਾਂ ਬੰਨਕੇ (ਇਕੱਠਾ) ਕਰਕੇ ਹਾਥੀ ਅਗੇ ਸੁਟ ਦਿਤਾ, ਪਾਤਸ਼ਾਹ ਦੇ ਹੁਕਮ ਅਨੁਸਾਰ ਮੁਹਾਵਤ ਨੇ ਗੁਸੇ ਨਾਲ ਹਾਥੀ ਦੇ ਸਿਰ ਵਿਚ ਕੁੰਡਾ ਮਾਰਿਆ ॥

ਹਸਤਿ ਭਾਗਿ ਕੈ ਚੀਸਾਂ ਮਾਰੈ ॥
ਇਆ ਮੂਰਤਿ ਕੈ ਹਉ ਬਲਿਹਾਰੈ ॥ ੧ ॥

ਹਾਥੀ ਦੌੜਕੇ ਚੀਕਾਂ ਮਾਰੇ ਅਤੇ ਕਹੇ ਕਿ ਮੈਂ ਇਸ ਮੂਰਤਿ ਦੇ ਬਲਿਹਾਰਨੇ ਜਾਂਦਾ ਹਾਂ ॥

ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥
ਕਾਜੀ ਬਕਿਬੋ ਹਸਤੀ ਤੋਰੁ ॥ ੧ ॥ ਰਹਾਉ ॥

ਹੇ ਮੇਰੇ ਵਾਹਿਗੁਰੂ ! ਮੈਨੂੰ ਤੇਰਾ ਹੀ ਜੋਰ ਹੈ, ਕਾਜੀ (ਮਹਾਵਤ ਨੂੰ) ਬਕਦਾ ਹੈ ਕਿ ਹਾਥੀ ਨੂੰ ਅਗੇ ਤੋਰ ॥

ਰੇ ਮਹਾਵਤ ਤੁਝੁ ਡਾਰਉ ਕਾਟਿ ॥
ਇਸਹਿ ਤੁਰਾਵਹੁ ਘਾਲਹੁ ਸਾਟਿ ॥

ਸਾਟਿ=ਚੋਟ। ਘਾਲਹੁ=ਲਗਾਵੋ ॥

ਅਰੇ ਮਹਾਵਤ ! ਤੈਨੂੰ ਮੈਂ ਮਾਰ ਸੁਟਾਂਗਾ, ਇਸ ਨੂੰ ਤੁਰਾਇ, ਸੱਟ ਲਗਾਇ (ਮਾਰਕੇ ਪਰੇ ਸੁਟ ਦੇ) ॥

Digitized by Panjab Digital Library | www.panjabdigilib.org

870



ਹਸਤਿ ਨ ਤੋਰੈ ਧਰੈ ਧਿਆਨੁ ॥
ਵਾਕੈ ਰਿਦੈ ਬਸੈ ਭਗਵਾਨੁ ॥ ੨ ॥

ਹਾਥੀ ਮੈਨੂੰ ਨਾ ਤੋੜੇ ਸਗੋਂ ਉਹ ਧਿਆਨ ਧਰੇ (ਮੇਰਾ ਵਾ ਵਾਹਿਗੁਰੂ ਦਾ) ਕਿਉਂਕਿ ਓਹਦੇ ਰਿਦੇ ਵਿਚ ਵਾਹਿਗੁਰੂ ਵਸਦਾ ਸੀ ॥

ਕਿਆ ਅਪਰਾਧੁ ਸੰਤ ਹੈ ਕੀਨਾ ॥
ਬਾਧਿ ਪੋਟ ਕੁੰਚਰ ਕਉ ਦੀਨਾ ॥

ਕੁੰਚਰ=ਹਾਥੀ ॥

ਇਸ ਸੰਤ ਨੇ ਕਿਆ ਅਪਰਾਧ ਕੀਤਾ ਹੈ, ਪੰਡ ਬੰਨਕੇ ਹਾਥੀ ਨੂੰ ਦੇ ਦਿਤਾ ਹੈ ਭਾਵ ਹਾਥੀ ਦੇ ਅਗੇ ਸੁਟ ਦਿੱਤਾ ਹੈ ॥

ਕੁੰਚਰ ਪੋਟ ਲੈ ਲੈ ਨਮਸਕਾਰੈ ॥
ਬੂਝੀ ਨਹੀ ਕਾਜੀ ਅੰਧਿਆਰੈ ॥ ੩ ॥

ਹਾਥੀ ਪੰਡ ਨੂੰ ਚੁਕ ਚੁਕ ਕੇ ਨਮਸਕਾਰ ਕਰੇ ॥ ਇਹ ਗੱਲ ਕਾਜੀ ਅੰਨੇ ਨੇ ਨਾ ਸਮਝੀ ॥

ਤੀਨਿ ਬਾਰ ਪਤੀਆ ਭਰਿ ਲੀਨਾ ॥
ਮਨ ਕਠੋਰੁ ਅਜਹੂ ਨ ਪਤੀਨਾ ॥

ਤਿੰਨ ਵਾਰੀ ਰੱਜਕੇ ਪਰਖ ਲਿਆ ਇਕੁਰ ਦਾ ਕਾਜੀ ਮਨ ਤੋਂ ਕਰੜਾ ਹੈ ਅਜੇ ਵੀ ਪ੍ਰਤੀਤ ਨਹੀਂ ਆਈ (ਪਤੀਜਿਆ) ॥

ਕਹਿ ਕਬੀਰ ਹਮਰਾ ਗੋਬਿੰਦੁ ॥
ਚਉਥੇ ਪਦ ਮਹਿ ਜਨ ਕੀ ਜਿੰਦੁ ॥ ੪ ॥ ੧ ॥ ੩ ॥

ਕਬੀਰ ਜੀ ਕਹਿੰਦੇ ਹਨ ਸਾਡਾ ਵਾਹਿਗੁਰੂ ਸੀ, ਤੁਰੀਆ ਪਦ ਵਿਚ ਦਾਸ ਦੀ ਜਿੰਦ ਸੀ ॥

"ਜੇਹੜਾ ਸਰੀਰ ਵਿਚ ਹੈ ਸੋ ਕੌਣ ਹੈ ?"

ਗੋਂਡ ॥

871 ਨਾ ਇਹੁ ਮਾਨਸੁ ਨਾ ਇਹੁ ਦੇਉ ॥
ਨਾ ਇਹੁ ਜਤੀ ਕਹਾਵੈ ਸੇਉ ॥

Digitized by Panjab Digital Library | www.panjabdigilib.org

ਸੇਉ=ਪੂਜਣੇ ਯੋਗ ਵਾ ਸ਼ਿਵ ਉਪਾਸ਼ਕ ॥

ਨਾ ਇਹ ਮਨੁਖ ਹੈ, ਨਾ ਇਹ ਦੇਵਤਾ ਹੈ, ਨਾ ਇਹ ਜਤੀ ਹੈ, ਨਾ ਇਹ ਪੂਜਣੇ ਯੋਗ ਕਹੌਂਦਾ ਹੈ ॥

ਨਾ ਇਹੁ ਜੋਗੀ ਨਾ ਅਵਧੂਤਾ ॥
ਨਾ ਇਸੁ ਮਾਇ ਨ ਕਾਹੂ ਪੂਤਾ ॥ ੧ ॥

ਨਾ ਇਹ ਜੋਗੀ ਹੈ ਨਾ ਅਵਧੂਤ ਹੈ ਨਾ ਇਸ ਦੀ ਕੋਈ ਮਾਂ ਹੈ ਨਾ ਇਹ ਕਿਸੇ ਦਾ ਪੁਤ੍ਰ ਹੈ ॥

ਇਆ ਮੰਦਰ ਮਹਿ ਕੌਨ ਬਸਾਈ ॥
ਤਾਕਾ ਅੰਤੁ ਨ ਕੋਊ ਪਾਈ ॥ ੧ ॥

ਇਸ ਘਰ ਵਿਚ ਕੌਣ ਰਹਿੰਦਾ ਹੈ, ਤਿਸਦਾ ਅੰਤ ਕੋਈ ਨਹੀਂ ਪਾਉਂਦਾ ॥

ਨਾ ਇਹੁ ਗਿਰਹੀ ਨਾ ਓਦਾਸੀ ॥
ਨਾ ਇਹੁ ਰਾਜ ਨ ਭੀਖ ਮੰਗਾਸੀ ।

ਨਾ ਇਹ ਗ੍ਰਿਹਸਤੀ ਹੈ ਨਾ ਇਹ ਉਦਾਸੀ ਹੈ ਨਾ ਇਹ ਰਾਜਾ ਹੈ ਨਾ ਇਹ ਭਿਖਿਆ ਮੰਗਣ ਵਾਲਾ ਹੈ ॥

ਨਾ ਇਸੁ ਪਿੰਡੁ ਨਾ ਰਕਤੂ ਰਾਤੀ ॥
ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥ ੨ ॥

ਪਿੰਡੁ=ਸਰੀਰ ॥ ਰਕਤੂ=ਰਕਤ ਆਦਿਕ ਧਾਂਤ ॥ ਰਾਤੀ=ਥੋੜੀ ॥

ਨਾ ਇਸਦਾ ਕੋਈ ਸਰੀਰ ਹੈ ਨਾ ਇਹ ਰੱਤੀ ਮਾਤ੍ਰ ਰੱਤ ਹੈ, ਨਾ ਇਹ ਬ੍ਰਾਹਮਣ ਹੈ ਨਾ ਇਹ ਖਤ੍ਰੀ ਹੈ ॥

ਨਾ ਇਹੁ ਤਪਾ ਕਹਾਵੈ ਸੇਖੁ ॥
ਨਾ ਇਹੁ ਜੀਵੈ ਨ ਮਰਤਾ ਦੇਖੁ ॥

ਨਾ ਇਹ ਤਪਾ ਕਹਾਉਂਦਾ ਹੈ ਨਾ ਸ਼ੇਖ ਨਾ ਇਹ ਜੀਉਂਦਾ ਹੈ ਨਾ ਮਰਦਾ ਦੇਖੀਦਾ ਹੈ ॥

ਇਸੁ ਮਰਤੇ ਕਉ ਜੇ ਕੋਊ ਰੋਵੈ ॥
ਜੋ ਰੋਵੈ ਸੋਈ ਪਤਿ ਖੋਵੈ ॥ ੩ ॥

ਇਸਨੂੰ ਮਰਦਾ ਜਾਣਕੇ ਜੇ ਕੋਈ ਰੋਂਦਾ ਹੈ, ਤਾਂ ਜੋ ਰੋਂਦਾ ਹੈ, ਸੋ ਆਪਣੀ ਇਜ਼ਤ

Digitized by Panjab Digital Library | www.panjabdigilib.org

ਦੂਰ ਕਰਦਾ ਹੈ ॥

ਗੁਰਪ੍ਰਸਾਦਿ ਮੈ ਡਗਰੋ ਪਾਇਆ ॥
ਜੀਵਨ ਮਰਨੁ ਦੋਊ ਮਿਟਵਾਇਆ ॥

ਡਗਰੋ=ਰਸਤਾ ॥

ਗੁਰਾਂ ਦੀ ਕਿਰਪਾ ਨਾਲ ਮੈਂ ਰਸਤਾ ਪਾ ਲਿਆ ਹੈ, ਜੀਵਣਾ ਮਰਣਾ ਦੋਹਾਂ ਨੂੰ ਦੂਰ ਕਰ ਦਿਤਾ ਹੈ ॥

ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥ ੪ ॥ ੨ ॥ ੫ ॥

ਮੰਸੁ=ਮੱਸ, ਸਿਆਹੀ ॥

ਕਬੀਰ ਜੀ ਕਹਿੰਦੇ ਹਨ, ਇਹ ਤਾਂ ਵਾਹਿਗੁਰੂ ਦੀ ਅੰਸੁ ਹੈ ਭਾਵ ਕਹਿਣ ਮਾਤਰ ਟੁਕੜਾ ਹੈ ਵਾ 'ਇੱਕੁਰ ਦੀ ਇਹ ਵਾਹਿਗੁਰੂ ਦੀ ਅੰਸ ਹੈ ਜਿਕੁਰ ਕਾਗ਼ਜ਼ ਉਤੇ ਸਿਆਹੀ ਨਹੀਂ ਮਿਟਦੀ '।

ਗੌਂਡ ॥ ਤੂਟੇ ਤਾਗੇ ਨਿਖੁਟੀ ਪਾਨਿ ॥
ਦੁਆਰ ਊਪਰਿ ਝਿਲਕਾਵਹਿ ਕਾਨ ॥

ਕਾਨ=ਕਾਨੇ ॥

ਧਾਗੇ ਟੁਟੇ ਰਹਿੰਦੇ ਹਨ ਪਾਣ ਮੁੱਕੀ ਰਹਿੰਦੀ ਹੈ ਕਾਨੇ ਬੂਹੇ ਤੇ ਤਾਣੀ ਤੋਂ ਬਿਨਾ ਨੰਗੇ ਚਿਲਕਦੇ ਰਹਿੰਦੇ ਹਨ ॥

ਕੂਚ ਬਿਚਾਰੇ ਫੂਏ ਫਾਲ ॥
ਇਆ ਮੁੰਡੀਆ ਸਿਰ ਚਢਿਬੋ ਕਾਲ ॥ ੧ ॥

ਕੁਚ ਵਿਚਾਰੇ ਫੁਲੇ ਫੱਲੇ (ਟੁਟੇ ਫੁਟੇ) ਰਹਿੰਦੇ ਹਨ, ਮਾਨੋ ਇਹ ਮੁੰਡੇ ਕਬੀਰ ਦੇ ਸਿਰ ਤੇ ਕਾਲ ਚੜ੍ਹਕੇ ਆਏ ਹਨ ॥

ਇਹੁ ਮੁੰਡੀਆ ਸਗਲੋ ਦ੍ਰਬੁ ਖੋਈ ॥
ਆਵਤ ਜਾਤ ਨਾਕ ਸਰ ਹੋਈ ॥ ੧ ॥ ਰਹਾਉ ॥

ਨਾਕਸਰ=ਨੱਕ ਤਕ ॥

ਏਨ੍ਹਾਂ ਮੁੰਡਿਆਂ ਨੇ ਸਾਡਾ ਸਾਰਾ ਧਨ ਨਾਸ ਕਰ ਦਿੱਤਾ ਹੈ, ਏਹੁ ਮੇਰੇ ਪਤੀ ਪਾਸ ਰਾਤ ਦਿਨੇ ਔਂਦੇ ਜਾਂਦੇ ਰਹਿੰਦੇ ਹਨ ਮੇਰੀ ਨੱਕ ਜਾਨ ਆਗਈ ਹੈ, ਵਾ ਇਸ ਵਿਚ ਕੋਈ ਕਸਰ ਨਹੀਂ ਰਹੀ ॥

Digitized by Panjab Digital Library | www.panjabdigilib.org

ਤੁਰੀ ਨਾਰਿ ਕੀ ਛੋਡੀ ਬਾਤਾ ॥
ਰਾਮ ਨਾਮ ਵਾਕਾ ਮਨੁ ਰਾਤਾ ॥

ਤੁਰੀ=ਜਿਸ ਉਤੇ ਕਪੜਾ ਵਲੇਟੀਦਾ ਹੈ ॥ ਨਾਰ=ਨਾਲਾਂ ॥

ਤੁਰੀ ਨਾਲਾਂ ਦੀ ਗੱਲ ਹੀ ਛੱਡ ਦਿਤੀ ਹੈ, ਵਾਹਿਗੁਰੂ ਦੇ ਨਾਮ ਵਿਚ ਉਸਦਾ ਮਨ ਰੱਤਾ ਹੈ ॥

ਲਰਿਕੀ ਲਰਿਕਨ ਖੈਬੋ ਨਾਹਿ॥
ਮੁੰਡੀਆ ਅਨਦਿਨੁ ਧਾਪੇ ਜਾਹਿ ॥ ੨ ॥

ਧਾਪੇ=ਰੱਜੇ ॥

ਲੜਕੀ ਲੜਕਿਆਂ ਦੇ ਖਾਣ ਵਾਸਤੇ ਨਹੀਂ, ਸਾਧ ਰਾਤ ਦਿਨੇ ਸਾਡੇ ਘਰੋਂ ਰਜੇ ਜਾਂਦੇ ਹਨ ॥

ਇਕ ਦੁਇ ਮੰਦਰਿ ਇਕ ਦੁਇ ਬਾਟ ॥
ਹਮ ਕਉ ਸਾਥਰੁ ਉਨ ਕਉ ਖਾਟ ॥

ਖਾਟ=ਮੰਜੀ ॥

ਇਕ ਦੋ ਘਰ ਵਿਚ ਹੁੰਦੇ ਹਨ, ਇਕ ਦੋ ਰਸਤੇ ਵਿਚ ਚਲੇ ਆਉਂਦੇ ਹਨ, ਸਾਨੂੰ ਭੁੰਜੇ ਸੌਣਾ ਪੈਂਦਾ ਹੈ ਉਨਾਂ ਨੂੰ ਮੰਜੀਆਂ ਮਿਲਦੀਆਂ ਹਨ ॥

ਮੂਡ ਪਲੋਸਿ ਕਮਰ ਬਧਿ ਪੋਥੀ ॥
ਹਮ ਕਉ ਚਾਬਨੁ ਉਨ ਕਉ ਰੋਟੀ ॥ ੩ ॥

ਸਿਰ ਤੇ ਹੱਥ ਫੇਰਦੇ ਆਉਂਦੇ ਹਨ, ਲੱਕ ਨਾਲ ਪੋਥੀਆਂ ਬੰਨ੍ਹੀਆਂ ਹੋਈਆਂ ਹੁੰਦੀਆਂ ਹਨ, ਸਾਨੂੰ ਦਾਣੇ ਚਬਣ ਨੂੰ ਮਿਲਦੇ ਹਨ ਉਨਾਂ ਨੂੰ ਰੋਟੀਆਂ ॥

ਮੁੰਡੀਆ ਮੁੰਡੀਆ ਹੂਏ ਏਕ ॥
ਏ ਮੁੰਡੀਆ ਬੂਡਤ ਕੀ ਟੇਕ ॥

ਸਾਰੇ ਸਾਧ ਇਕ ਹੋਏ ਰਹਿੰਦੇ ਹਨ, ਏਨਾਂ ਮੁੰਡਿਆਂ ਨੇ ਡੁਬਣ ਦਾ ਆਸਰਾ ਲਿਆ ਹੈ ॥

Digitized by Panjab Digital Library | www.panjabdigilib.org

ਸੁਨਿ ‡ਅੰਧਲੀ ਲੋਈ ਬੇਪੀਰਿ ॥
ਇਨਿ ਮੁੰਡੀਅਨ ਭਜਿ ਸਰਨਿ ਕਬੀਰ ॥ ੪ ॥ ੩ ॥੬॥

ਕਬੀਰ ਜੀ ਕਹਿੰਦੇ ਹਨ, ਸੁਣ ਅੰਨ੍ਹੀ ਲੋਈ ਬੇਪੀਰ ! ਏਨਾਂ ਸਾਧਾਂ ਦੀ ਤੂੰ ਵੀ ਸਰਨ ਲੈ ਭਾਵ ਸੇਵਾ ਕਰ ॥

ਗੌਂਡ ॥ ਖਸਮੁ ਮਰੈ ਤਉ ਨਾਰਿ ਨ ਰੋਵੈ ॥
ਉਸੁ ਰਖਵਾਰਾ ਅਉਰੋ ਹੋਵੈ ॥

ਸ਼ੂਮ ਮਰ ਜਾਵੇ ਤਾਂ ਦੌਲਤ ਨਹੀਂ ਰੋਂਦੀ ਉਸ ਦਾ ਰਖਵਾਲਾ ਹੋਰ ਹੋ ਜਾਂਦਾ ਹੈ ॥

ਰਖਵਾਰੇ ਕਾ ਹੋਇ ਬਿਨਾਸ ॥
ਆਗੈ ਨਰਕੁ ਈਹਾ ਭੋਗ ਬਿਲਾਸ ॥ ੧ ॥

ਜਦ ਉਸ ਰਖਵਾਲੇ ਦਾ ਵੀ ਨਾਸ ਹੁੰਦਾ ਹੈ ਤਾਂ ਅਗੇ ਨਰਕ ਏਥੇ ਭੋਗ ਬਿਲਾਸ।

ਏਕ ਸੁਹਾਗਨਿ ਜਗਤ ਪਿਆਰੀ ॥
ਸਗਲੇ ਜੀਅ ਜੰਤ ਕੀ ਨਾਰੀ ॥ ੧ ॥ ਰਹਾਉ ॥

ਇਕ ਮਾਇਆ ਜਗਤ ਨੂੰ ਪਿਆਰੀ ਹੈ ਸਾਰਿਆਂ ਜੀਆਂ ਜੰਤਾਂ ਦੀ ਨਾਰੀ ਹੈ ॥

ਸੋਹਾਗਨਿ ਗਲਿ ਸੋਹੈ ਹਾਰੁ ॥
ਸੰਤ ਕਉ ਬਿਖੁ ਬਿਗਸੈ ਸੰਸਾਰੁ ॥

ਬਿਖੁ=ਵਿਹੁ । ਬਿਗਸੈ=ਖਿੜੇ ॥

ਮਾਇਆ ਦੇ ਗਲ ਵਿਚ ਹਾਰ ਸੋਭਦਾ ਹੈ ਓਹ ਮਾਇਆ ਸੰਤਾਂ ਨੂੰ ਵਿਹੁ ਵਾਂਗੂ ਹੈ ਪਰ ਸੰਸਾਰ ਉਸਨੂੰ ਵੇਖਕੇ ਖਿੜਦਾ ਹਸਦਾ ਹੈ ॥

ਕਰਿ ਸੀਗਾਰੁ ਬਹੈ ਪਖਿਆਰੀ ॥
ਸੰਤ ਕੀ ਠਿਠਕੀ ਫਿਰੈ ਬਿਚਾਰੀ ॥ ੨ ॥

ਪਖਿਆਰੀ=ਵੇਸਵਾ । ਠਿਠਕੀ=ਝਿੜਕੀ ॥

---

‡ਦੇਖੋ ਆਦਿ ਤੋਂ ਹੀ ਭਗਤਾਂ ਨੂੰ ਇਸਤ੍ਰੀਆਂ ਤੰਗ ਕਰਦੀਆਂ ਰਹੀਆਂ ਹਨ ਜਿਸ ਦੀ ਚੰਗੀ ਇਸਤ੍ਰੀ ਹੋਵੇ ਉਸਦੇ ਧੰਨ ਭਾਗ ॥

Digitized by Panjab Digital Library | www.panjabdigilib.org

ਸਿੰਗਾਰ ਕਰਕੇ ਮਾਇਆ ਬੈਂਹਦੀ ਹੈ ਪਰ ਸੰਤਾਂ ਦੀ ਫਿਟਕਾਰੀ ਹੋਈ ਵਿਚਾਰੀ ਫਿਰਦੀ ਹੈ ॥

ਸੰਤ ਭਾਗਿ ਓਹ ਪਾਛੈ ਪਰੈ ॥
ਗੁਰ ਪਰਸਾਦੀ ਮਾਰਹੁ ਡਰੈ ॥

ਓਹ ਮਾਇਆ ਦੌੜਕੇ ਸੰਤਾਂ ਦੇ ਪਿਛੇ ਪੈਂਦੀ ਹੈ, ਭਾਵ ਮਗਰ ਹੋ ਜਾਂਦੀ ਹੈ ਗੁਰਾਂ ਦੀ ਕਿਰਪਾ ਕਰਕੇ ਮਾਰੋਂ ਡਰਦੀ ਹੈ ॥

ਸਾਕਤ ਕੀ ਓਹ ਪਿੰਡ ਪਰਾਇਣ ॥
ਹਮ ਕਉ ਦ੍ਰਿਸਟਿ ਪਰੈ ਤਖਿ ਡਾਇਣਿ ॥ ੩ ॥

ਪਿੰਡ=ਸਰੀਰ। ਤ੍ਰਖਿ=ਤਿੱਖੀ ਵਾ ਤਰਖ, ਤ੍ਰਿਟੰਗੇ ਉਤੇ ॥
ਪਰਾਇਣਿ=ਪ੍ਰਾਣ ਵਾ ਪਰਮ ਘਰ ॥

ਸਾਕਤ ਆਦਮੀ ਦੇ ਸਰੀਰ ਦਾ ਤੇ ਓਹ ਮਾਯਾ ਪ੍ਰਾਣ ਵਾ ਅੱਛਾ ਘਰ ਬਣ ਰਹੀ ਹੈ 'ਪਰ' ਸਾਡੀ ਓਹ ਤਿੱਖੀ ਡੈਣ ਵਾ ਤ੍ਰਿਟੰਗੇ ਜਾਨਵਰ ਉਤੇ ਚੜ੍ਹਨਵਾਲੀ ਦ੍ਰਿਸ਼ਟੀ ਮਤ ਪਵੇ ਵਾ ਤਿੱਖੀ ਦਿਸਦੀ ਹੈ ॥

ਹਮ ਤਿਸਕਾ ਬਹੁ ਜਾਨਿਆ ਭੇਉ ॥
ਜਬ ਹੂਏ ਕ੍ਰਿਪਾਲ ਮਿਲੇ ਗੁਰ ਦੇਉ ॥

ਅਸਾਂ ਤਿਸਦਾ ਬਹੁਤ ਸਾਰਾ ਭੇਦ ਜਾਣ ਲਿਆ ਜਦ ਕਿਰਪਾਲੂ ਹੋਕੇ ਗੁਰਦੇਵ ਮਿਲੇ ॥

ਕਹੁ ਕਬੀਰ ਅਬ ਬਾਹਰਿ ਪਰੀ ॥
ਸੰਸਾਰੈ ਕੈ ਅੰਚਲਿ ਲਰੀ ॥ ੪ ॥ ੪ ॥ ੭ ॥

ਅੰਚਲ=ਕਪੜੇ ਦਾ ਪੱਲਾ (ਲੜ) ॥ ਲਰੀ=ਲੜੀ ਵਾ ਲੱਗੀ ਵਾ
ਚਿਮਟ ਗਈ ॥

ਕਬੀਰ ਜੀ ਕਹਿੰਦੇ ਹਨ, ਹੁਣ ਸਾਡੇ ਰਿਦੇ ਤੋਂ ਓਹ ਬਾਹਿਰ ਹੋ ਗਈ ਹੈ ਸੰਸਾਰੀਆਂ ਦੇ ਲੜ ਨਾਲ ਚੰਬੜ ਗਈ ਹੈ ॥

## ਗੌਂਡ ॥

ਗ੍ਰਿਹਿ ਸੋਭਾ ਜਾਕੈ ਰੇ ਨਾਹਿ ॥
ਆਵਤ ਪਹੀਆ ਖੂਧੇ ਜਾਹਿ ॥

Digitized by Panjab Digital Library | www.panjabdigilib.org

ਪਹੀਆ=ਪਰਾਹੁਣੇ ॥ ਖ਼ੂਧੇ=ਭੂਖੇ ॥ ਗ੍ਰਿਹਿ=ਘਰ ॥

ਭਾਈ ਜਿਸਦੇ ਘਰ ਵਿਚ (ਮਾਇਆ ਦੇ ਦਾਨ ਕਰਨ ਦੀ) ਸੋਭਾ ਨਹੀਂ, ਆਉਂਦੇ ਪਰਾਹੁਣੇ ਭੁਖੇ ਜਾਂਦੇ ਹਨ॥

ਵਾਕੇ ਅੰਤਰਿ ਨਹੀ ਸੰਤੋਖੁ ॥
ਬਿਨੁ ਸੋਹਾਗਨਿ ਲਾਗੈ ਦੋਖੁ ॥ ੧ ॥

(ਠੀਕ ਹੈ) ਓਹਨਾਂ (ਪਰਾਹੁਣਿਆਂ) ਦੇ ਅੰਦਰ (ਅੰਨ ਖਾਧੇ ਬਿਨਾ) ਸੰਤੋਖ ਨਹੀਂ ਆਉਂਦਾ, ਬਿਨਾ ਮਾਇਆ ਤੋਂ ਦੋਖ ਲਗਦਾ ਹੈ, ਭਾਵ ਜਿਸਦੇ ਘਰ ਮਾਇਆ ਹੈ ਅਤੇ ਓਹੁ ਹਛੇ ਬੰਨੇ ਨਹੀਂ ਲਾਉਂਦਾ ਇਸ ਲਈ ਉਸ ਨੂੰ ਪਰਾਹੁਣਿਆਂ ਸੰਤਾਂ ਦੀਆਂ ਬਦ ਅਸੀਸਾਂ ਲਗਦੀਆਂ ਹਨ ॥

ਧਨੁ ਸੋਹਾਗਨਿ ਮਹਾ ਪਵੀਤ॥ਤਪੇ ਤਪੀਸਰ ਡੋਲੈ ਚੀਤ॥੧॥ਰਹਾਉ॥

ਪਵੀਤ=ਪਵਿਤ੍ਰ ॥

ਧੰਨ ਸੁਹਾਗਣਿ ਮਹਾਂ ਪਵਿਤ੍ਰ ਹੈ, ਜਿਸ ਦੇ ਬਦਲੇ ਤਪ ਕਰਦਿਆਂ ਤਪੀਸਰਾਂ ਦੇ ਚਿਤ ਵੀ ਡੋਲ ਜਾਂਦੇ ਹਨ।

ਸੋਹਾਗਨਿ ਕਿਰਪਨ ਕੀ ਪੂਤੀ ॥
ਸੇਵਕ ਤਜਿ ਜਗਤ ਸਿਉ ਸੂਤੀ ॥

ਸੋਹਾਗਣਿ ਸੂਮ ਦੀ ਪੁਤ੍ਰੀ ਹੈ, ਵਾਹਿਗੁਰੂ ਦੇ ਦਾਸਾਂ ਨੂੰ ਛਡਕੇ ਜਗਤ ਨਾਲ ਸੁਤੀ ਹੈ ਭਾਵ ਜਗਤ ਨੂੰ ਵਸ ਕੀਤਾ ਸੂ ॥

ਸਾਧੂ ਕੈ ਠਾਢੀ ਦਰਬਾਰਿ ॥
ਸਰਨਿ ਤੇਰੀ ਮੋਕਉ ਨਿਸਤਾਰਿ ॥ ੨ ॥

ਸਾਧੂ ਦੇ ਬੂਹੇ ਤੇ ਖੜੋਤੀ ਹੈ, ਮੈਂ ਤੇਰੀ ਸ਼ਰਨ ਹਾਂ ਮੈਨੂੰ ਤਾਰ ॥

ਸੋਹਾਗਨਿ ਹੈ ਅਤਿ ਸੁੰਦਰੀ ॥
ਪਗ ਨੇਵਰ ਛਨਕ ਛਨਹਰੀ ॥

ਨੇਵਰ=ਝਾਂਜਰਾਂ ॥

ਸੁਹਾਗਣਿ ਬਹੁਤ ਹੀ ਸੁੰਦਰੀ ਹੈ ਪੈਰੀਂ ਝਾਂਜਰਾਂ ਛਣਕ ਛਣਕ ਕਰਦੀਆਂ ਹਨ, ਜਿਨ੍ਹਾਂ ਦਾ ਅਵਾਜ ਸੁਣਕੇ ਮੂਰਖਾਂ ਦਾ ਮਨ ਇਕ ਛਿਨ ਵਿਚ ਹਰਿਆ ਜਾਂਦਾ ਹੈ ॥

ਜਉ ਲਗੁ ਪ੍ਰਾਨ ਤਊ ਲਗੁ ਸੰਗੇ ॥

Digitized by Panjab Digital Library | www.panjabdigilib.org

ਨਾਹਿ ਤ ਚਲੀ ਬੇਗਿ ਉਠਿ ਨੰਗੇ ॥ ੩॥

ਜਿੰਨਾਂ ਚਿਰ ਪ੍ਰਾਣ ਜੀਵਾਂ ਦੇ ਨਾਲ ਹਨ ਓਨਾਂ ਚਿਰ ਏਹ ਮਾਇਆ ਵੀ ਏਨ੍ਹਾਂ ਦੇ ਨਾਲ ਹੈ, ਜਦ ਪ੍ਰਾਣ ਨਹੀਂ ਰਹਿੰਦੇ ਤਾਂ ਮਾਇਆ ਵੀ ਜੀਵਾਂ ਨੂੰ ਨੰਗਿਆਂ ਛਡਕੇ ਛੇਤੀ ਨਾਲ ਉਠਕੇ ਚਲੀ ਜਾਂਦੀ ਹੈ ॥

ਸੋਹਾਗਨਿ ਭਵਨ ਤ੍ਰੈ ਲੀਆ ॥
ਦਸ ਅਠ ਪੁਰਾਣ ਤੀਰਥ ਰਸ ਕੀਆ ॥

ਭਵਨ=ਘਰ ॥ ਰਸ=ਸੁਆਦ, ਅਨੰਦ ॥

ਤਿੰਨੇ ਲੋਕ ਸੁਹਾਗਣ ਨੇ ਵੱਸ ਕਰ ਲਏ ਹਨ, ਅਠਾਰਾਂ ਪੁਰਾਣਾਂ ਦੇ ਕਰਤਿਆਂ, ਤੀਰਥ ਨਿਵਾਸੀਆਂ ਦੇ ਮਨ ਵਿਚ ਇਸ ਨੇ ਆਪਣਾ ਅਨੰਦ ਪਰਵੇਸ਼ ਕੀਤਾ ਹੈ (ਵਾਹਿਗੁਰੂ ਦਾ ਅਨੰਦ ਨਹੀਂ ਰਹਿਣ ਦਿਤਾ) ॥

ਬ੍ਰਹਮਾ ਬਿਸਨੁ ਮਹੇਸਰ ਬੇਧੇ ॥
ਬਡੇ ਭੂਪਤਿ ਰਾਜੇ ਹੈ ਛੇਧੇ ॥ ੪ ॥

ਬੇਧੇ=ਵਿੰਨ੍ਹੇ, ਬੰਨ੍ਹੇ, ਮਿਲੇ ਹੋਏ ਹਨ ॥

ਬ੍ਰਹਮਾ, ਬਿਸ਼ਨ, ਮਹੇਸ਼ (ਵਰਗੇ ਇਸਨੇ) ਵਿੰਨ ਸੁਟੇ ਹਨ, ਵਡੇ ਵਡੇ ਧਰਤੀ ਦੇ ਰਾਜੇ ਇਸਨੇ ਛਿਲ ਸੁਟੇ ਹਨ ॥

ਸੋਹਾਗਨਿ ਉਰਵਾਰਿ ਨ ਪਾਰਿ ॥
ਪਾਚ ਨਾਰਦ ਕੈ ਸੰਗਿ ਬਿਧਵਾਰਿ ॥

ਪਾਂਚ=ਪੰਚ ਇੰਦ੍ਰੇ ॥ ਨਾਰਦ=ਮੁਨੀ, ਮੁਰਾਦ ਨਚਣ ਵਾਲਾ ॥
ਉਰਵਾਰਿ=ਉਰਲਾ ਬੰਨਾ । ਬਿਧ ਵਾਰਿ=ਮਿਲ ਰਹੀ ਹੈ ॥

ਸੁਹਾਗਣ ਦਾ ਕੋਈ ਆਦਿ ਅੰਤ ਨਹੀਂ ਭਾਵ ਜੀਵਾਂ ਨੂੰ ਆਪਣੇ ਪਾਸੇ ਹੀ ਲਾ ਛਡਿਆ ਸੂ ਪਰ ਵਾਹਿਗੁਰੂ ਵੱਲ ਨਹੀਂ ਜਾਣ ਦੇਂਦੀ, ਪੰਜਾਂ ਗਿਆਨ ਇੰਦੀਆਂ ਦੇ ਨਾਲ ਮਿਲੀ ਹੋਈ ਹੈ ਭਾਵ ਵਸ ਕੀਤਾ ਹੋਇਆ ਸੂ ਅਤੇ ਛੇਵੇਂ ਨੱਚਣ ਵਾਲੇ ਮਨ ਨੂੰ ਵੀ ਵੱਸ ਕੀਤਾ ਸੂ ॥

ਪਾਂਚ ਨਾਰਦ ਕੇ ਮਿਟਵੇ ਫੂਟੇ ॥
ਕਹੁ ਕਬੀਰ ਗੁਰ ਕਿਰਪਾ ਛੂਟੇ ॥ ੫ ॥ ੫ ॥ ੮ ॥

ਪਾਂਚ=ਪੰਜ ਇੰਦ੍ਰੇ ॥ ਨਾਰਦ=ਮੁਨੀ, ਮਨ । ਮਿਟਵੇ=ਵਾਜੇ ॥

ਪੰਜਾਂ ਇੰਦ੍ਰਿਆਂ ਛੇਵੇਂ ਮਨ ਦੇ ਵਾਜੇ ਵਿਸ਼ੇ ਦੂਰ ਹੋਏ ਹਨ, ਟੁਟ ਗਏ ਹਨ, ਕਬੀਰ

Digitized by Panjab Digital Library | www.panjabdigilib.org

ਜੀ ਕਹਿੰਦੇ ਹਨ ਗੁਰਾਂ ਦੀ ਕਿਰਪਾ ਕਰਕੇ ਅਸੀ ਛੁਟ ਗਏ ਹਾਂ ॥

ਗੌਂਡ

ਜੈਸੇ ਮੰਦਰ ਮਹਿ ਬਲ ਹਰ ਨਾ ਠਾਹਰੈ ॥
ਨਾਮ ਬਿਨਾ ਕੈਸੇ ਪਾਰਿ ਉਤਰੈ ॥

ਬਲ-ਵਲਾ, ਥੰਮਾ । ਹਰ-ਨਾਸ, ਖਿਚਣਾ ॥

ਜਿੱਕੁਰ ਮਕਾਨ ਵਿਚੋਂ ਥੰਮਾ ਖਿਚਿਆ ਜਾਵੇ ਤਾਂ ਮਕਾਨ ਨਹੀਂ ਠੈਹਰਦਾ, ਇੱਕੁਰ ਹੀ ਜੀਵ ਨਾਮ ਤੋਂ ਬਿਨਾ ਕਿਕੁਰ ਪਾਰ ਉਤਰੇ (ਵਾਹਿਗੁਰੂ ਨੂੰ ਮਿਲੇ) ॥

ਕੁੰਭ ਬਿਨਾ ਜਲੁ ਨਾ ਟੀਕਾਵੈ ॥
ਸਾਧੂ ਬਿਨੁ ਐਸੇ ਅਬਗਤੁ ਜਾਵੈ ॥ ੧ ॥

ਕੁੰਭ=ਘੜਾ । ਅਬਗਤੁ=ਬੇਗਤਾ ਮੁਕਤੀ ਨਹੀ ॥

ਜਿੱਕੁਰ ਘੜੇ ਤੋਂ ਬਿਨਾ ਪਾਣੀ ਕੋਈ ਨਹੀਂ ਟਿਕਾ ਸਕਦਾ ਇੱਕੁਰ ਹੀ ਸਾਧੂ ਤੋਂ ਬਿਨਾ ਜੀਵ ਅਵਗਤਾ ਜਾਂਦਾ ਹੈ ॥

ਜਾਰਉ ਤਿਸੈ ਜੁ ਰਾਮੁ ਨ ਚੇਤੈ ॥
ਤਨ ਮਨ ਰਮਤ ਰਹੈ ਮਹਿ ਖੇਤੈ ॥ ੧ ॥ ਰਹਾਉ ॥

ਰਮਤ-ਰਮਿਆ; ਲਗਾ ਹੋਯਾ ॥

ਸਰੀਰ ਰੂਪ ਖੇਤ ਵਿਚ ਹੀ ਜਿਸਦਾ ਮਨ ਲੱਗਾ ਰਹਿੰਦਾ ਹੈ ਅਤੇ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ ਉਸ ਨੂੰ ਮੈਂ ਸਾੜ ਦੇਵਾਂ ॥

ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥
ਸੂਤ ਬਿਨਾ ਕੈਸੇ ਮਣੀ ਪਰੋਈਐ ॥

ਹਲਹਰ-ਹਲਧਰ, ਹਲ ਚੁਕਣ ਵਾਲਾ
ਜ਼ਿਮੀਦਾਰ, ਵਾ ਬੱਦਲ ਵਾ ਹਲ ਪਾਣੀ ॥

ਜਿੱਕੁਰ ਜਿਮੀਦਾਰ ਤੋਂ ਬਿਨਾ ਜਿਮੀ ਨਹੀਂ ਬੀਜੀ ਜਾਂਦੀ, ਜਿੱਕੁਰ ਧਾਗੇ ਤੋਂ ਬਿਨਾ ਮਣਕੇ ਕਿੱਕੁਰ ਪਰੋਈਦੇ ਭਾਵ ਧਾਗੇ ਮਣਕੇ ਬਿਨਾ ਮਾਲਾ ਨਹੀਂ ਬਣਦੀ ॥

ਘੁੰਡੀ ਬਿਨੁ ਕਿਆ ਗੰਠਿ ਚੜਾਈਐ ॥
ਸਾਧੂ ਬਿਨ ਤੈਸੇ ਅਬਗਤੁ ਜਾਈਐ ॥ ੨ ॥

Digitized by Panjab Digital Library | www.panjabdigilib.org

ਘੁੰਡੀ ਤੋਂ ਬਿਨਾ ਰੰਦ ਕਿਕੁਰ ਚੜਾਈ ਜਾਂਦੀ ਹੈ ਤਿੱਕੁਰ ਹੀ ਸਾਧੂ ਤੋਂ ਬਿਨਾ ਅਵਗਤ ਜਾਈਦਾ ਹੈ ॥

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥
ਬਿੰਬ ਬਿਨਾ ਕੈਸੇ ਕਪਰੇ ਧੋਈ ॥

ਬਿੰਬ=ਪਾਣੀ ॥

ਜਿੱਕੁਰ ਮਾਂ ਪਿਓ ਤੋਂ ਬਿਨਾ ਬਾਲਕ ਨਹੀਂ ਹੁੰਦਾ, ਜਿਕੁਰ ਪਾਣੀ ਤੋਂ ਬਿਨਾਂ ਕਪੜੇ ਕਿੱਕੁਰ ਧੋਤੇ ਜਾਣ ਭਾਵ ਨਹੀਂ ਧੋਤੇ ਜਾਂਦੇ ॥

ਘੋਰ ਬਿਨਾ ਕੈਸੇ ਅਸਵਾਰ ॥
ਸਾਧੂ ਬਿਨੁ ਨਾਹੀ ਦਰਵਾਰ ॥ ੩ ॥

ਜਿੱਕੁਰ ਘੋੜੇ ਤੋਂ ਬਿਨਾ ਕਿੱਕੁਰ ਅਸਵਾਰ ਹੋ ਸਕਦਾ ਹੈ, ਤਿੱਕੁਰ ਸਾਧੂ ਤੋ ਬਿਨਾ ਵਾਹਿਗੁਰੂ ਦੇ ਦਰਬਾਰ ਦੀ ਪਰਾਪਤੀ ਨਹੀਂ ਹੁੰਦੀ ॥

ਜੈਸੇ ਬਾਜੇ ਬਿਨ ਨਹੀ ਲੀਜੈ ਫੇਰੀ ॥
ਖਸਮਿ ਦੁਹਾਗਨਿ ਤਜਿ ਅਉਹੇਰੀ ॥

ਅਉਹੇਰੀ=ਦੇਖੀ ॥

ਜਿੱਕੁਰ ਵਾਜੇ ਤੋਂ ਬਿਨਾ ਭੁਆਟਣੀ ਨਹੀਂ ਲਈ ਜਾਂਦੀ, ਜਿਕੁਰ ਖਸਮ ਛਡੇ ਤੋਂ ਬਿਨਾ ਦੁਹਾਗਣ ਇਸਤ੍ਰੀ ਨਹੀਂ ਵੇਖੀਦੀ ਭਾਵ ਜੇ ਖਸਮ ਨੂੰ ਛਡੇ ਤਾਂ ਦੁਹਾਗਣ ਹੁੰਦੀ ਹੈ ॥

ਕਹੈ ਕਬੀਰ ਏਕੈ ਕਰਿ ਕਰਨਾ ॥
ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥ ੪ ॥ ੬ ॥

ਕਰਨਾ=ਕਿਰਪਾ ॥

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਇਕ ਸਾਡੇ ਤੇ ਕਿਰਪਾ ਕਰ ਜੋ ਅਸੀ ਗੁਰਮੁਖ ਹੋਈਏ ਅਤੇ ਸਾਡਾ ਫਿਰ ਜਨਮ ਨਾ ਹੋਵੇ ॥

"ਨਿੰਦਕਾਂ ਨੂੰ ਉਪਦੇਸ਼"

ਗੋਂਡ ॥

ਕੂਟਨ ਸੋਇ ਜੁ ਮਨ ਕਉ ਕੂਟੈ ॥
ਮਨ ਕੂਟੈ ਤਉ ਜਮ ਤੇ ਛੂਟੈ ॥

Digitized by Panjab Digital Library | www.panjabdigilib.org

ਕੁੱਟਣ ਸੋ ਕਹੀ ਦਾ ਹੈ ਜੋ ਮਨ ਨੂੰ ਮਾਰੇ ਮਨ ਨੂੰ ਮਾਰੇ ਤਾਂ ਜਮ ਤੋਂ ਛੁਟ ਜਾਂਦਾ ਹੈ ॥

ਕੂਟਿ ਕੂਟਿ ਮਨੁ ਕਸਵਟੀ ਲਾਵੈ ॥
ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥

ਮਨ ਨੂੰ ਕੁਟ ਕੁਟ ਕੇ (ਭੁਗਤੀ ਰੂਪ) ਕਸਵਟੀ ਉਤੇ ਲਾਵੇ, ਓਹ ਮਨ ਨੂੰ ਕਟਣ ਵਾਲਾ ਵੱਡੀ ਮੁਕਤੀ ਨੂੰ ਪਾ ਲੈਂਦਾ ਹੈ ॥

ਕੂਟਨੁ ਕਿਸੈ ਕਹਹੁ ਸੰਸਾਰ ॥
ਸਗਲ ਬੋਲਨ ਕੈ ਮਾਹਿ ਬੀਚਾਰ ॥੧॥ ਰਹਾਉ॥

ਹੇ ਲੋਕੋ ਤੁਸੀ ਕੁਟਣ ਵਾਲਾ ਕਿਸਨੂੰ ਕਹਿੰਦੇ ਹੋ ਕਿਉਂਕਿ ਵਿਚਾਰਵਾਨਾਂ ਦੇ ਤਾਂ ਸਾਰਿਆਂ ਬੋਲਾਂ ਵਿਚੋਂ ਚੰਗਾ ਵਿਚਾਰ ਨਿਕਲਦਾ ਹੈ।

ਨਾਚਨੁ ਸੋਇ ਜੁ ਮਨ ਸਿਉ ਨਾਚੈ ॥
ਝੂਠਿ ਨ ਪਤੀਐ ਪਰਚੈ ਸਾਚੈ ॥

ਅਸਲ ਨੱਚਣ ਵਾਲਾ ਓਹ ਹੈ ਜੇਹੜਾ ਮਨ ਨਾਲ (ਵਾਹਿਗੁਰੂ ਵਾਸਤੇ) ਨਚੇ, ਝੂਠਿਆਂ ਵਿਚ ਨਾ ਪਤੀਜੇ ਸਚੇ ਪਰਚੇ ਵਿਚ ਪਰਚੇ॥

ਇਸੁ ਮਨ ਆਗੈ ਪੂਰੈ ਤਾਲ ॥
ਇਸੁ ਨਾਚਨ ਕੇ ਮਨ ਰਖਵਾਲ ॥੨॥

ਇਸ ਮਨ ਅਗੇ ਤਾਲ ਪੂਰੇ, ਇਸਤਰਾਂ ਦੇ ਨੱਚਣ ਵਾਲੇ ਦਾ ਮਨ ਕਰਕੇ ਵਾਹਿਗੁਰ ਰਖਵਾਲਾ ਹੁੰਦਾ ਹੈ ਵਾ ਮਨ ਦਾ ਰਾਖਾ ਹੁੰਦਾ ਹੈ॥

ਬਾਜਾਰੀ ਸੋ ਜੁ ਬਜਾਰਹਿ ਸੋਧੈ ॥
ਪਾਂਚ ਪਲੀਤਹ ਕਉ ਪਰਬੋਧੈ ॥

ਮਸਕਰਾ ਸੋ ਹੈ ਜੋ ਆਪਣੇ ਬਜਾਰ ਵਤ ਵਿਸ਼ਿਆਂ ਨੂੰ ਸੋਧੇ। ਪੰਜਾਂ ਅਪਵਿਤ੍ਰ ਇੰਦ੍ਰੀਆਂ ਨੂੰ [ਵਾਹਿਗੁਰੂ ਦੇ ਗਿਆਨ ਵਾਸਤੇ] ਉਪਦੇਸ਼ ਦੇਵੇ॥

ਨਉ ਨਾਇਕ ਕੀ ਭਗਤਿ ਪਛਾਨੈ ॥
ਸੋ ਬਾਜਾਰੀ ਹਮ ਗੁਰ ਮਾਨੈ ॥੩॥

ਜੇਹੜਾ ਸੁਆਮੀ ਵਾਹਿਗੁਰੂ ਦੀ ਨੌਂ ਤਰਾਂ ਦੀ ਭਗਤ ਪਛਾਣੇ ਤਿਸ ਮਸਕਰੇ ਨੂੰ ਅਸੀ ਗੁਰੂ ਮੰਨਦੇ ਹਾਂ॥

ਤਸਕਰੁ ਸੋਇ ਜਿ ਤਾਤਿ ਨ ਕਰੈ ॥

Digitized by Panjab Digital Library | www.panjabdigilib.org

ਇੰਦ੍ਰੀ ਕੈ ਜਤਨਿ ਨਾਮੁ ਉਚਰੈ॥

ਤਸਕਰੁ=ਚੋਰ ॥ ਤਾਤਿ=ਇਛਾ ॥

ਚੋਰ ਉਹ ਹੈ ਜੇਹੜਾ ਕਿਸੇ ਚੀਜ ਦੀ ਇਛਾ ਹੀ ਨਾ ਕਰੇ । ਤਕੜੇ ਯਤਨ ਨਾਲ ਇੰਦ੍ਰੀਆਂ ਨੂੰ ਰੋਕਕੇ ਵਾਹਿਗੁਰੂ ਦਾ ਨਾਮ ਉਚਾਰੇ॥

ਕਹੁ ਕਬੀਰ ਹਮ ਐਸੇ ਲਖਨ ॥

ਧੰਨ ਗੁਰਦੇਵ ਅਤਿ ਰੂਪ ਬਿਚਖਣ ॥੪॥੭॥ ੧੦॥

ਬਿਚਖਨ=ਚਤੁਰ।

ਕਬੀਰ ਜੀ ਕਹਿੰਦੇ ਹਨ ਹੇ ਲੋਕੋ ! ਸਾਡੇ ਵਿਚ ਇਕੁਰ ਦੇ ਲੱਛਨ ਹਨ ॥ ਧੰਨ ਸਾਡੇ ਗੁਰਦੇਵ ਹਨ ਜਿਨਾਂ ਦੀ ਕਿਰਪਾ ਕਰਕੇ ਅਸੀ ਬਾਹਲੇ ਰੂਪ ਵਾਲੇ ਚਤੁਰ ਹੋ ਗਏ ਹਨ।

"ਅੰਨ ਨੂੰ ਛਡਿਆਂ ਰਬ ਨਹੀ ਮਿਲਦਾ"

ਗੌਂਡ ॥

ਧੰਨੁ ਗੁਪਾਲ ਧੰਨੁ ਗੁਰਦੇਵ ॥

ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥

ਅਨਾਦਿ=ਅੰਨ ॥ ਕਵਲੁ=ਕੌਲ ਫੁੱਲ [ਰਿਦਾ] ॥ ਟਹਕੇਵ=ਖਿੜਦਾ ਹੈ ॥

ਧੰਨ ਵਾਹਿਗੁਰੂ ਹੈ, ਧੰਨ ਗੁਰਦੇਵ ਹਨ, ਧੰਨ ਅੰਨ ਹੈ ਜੇਹੜਾ ਭੁੱਖੇ ਦਾ ਰਿਦਾ ਪ੍ਰਸੰਨ ਕਰ ਦੇਂਦਾ ਹੈ ॥

ਧਨੁ ਓਇ ਸੰਤ ਜਿਨ ਐਸੀ ਜਾਨੀ ॥

ਤਿਨ ਕਉ ਮਿਲਿਬੋ ਸਾਰਿੰਗਪਾਨੀ ॥

ਸਾਰਿੰਗ=ਧਨੁਖ,ਪਪੀਹਾ ॥ ਪਾਣੀ=ਹੱਥ ਵਾ ਜਲ ॥

ਧੰਨ ਉਹ ਸੰਤ ਹਨ ਜਿਨਾਂ ਨੇ ਇਕੁਰ ਦੀ [ਵਾਹਿਗੁਰੂ ਦੀ ਭਗਤੀ ਕਰਨੀ] ਜਾਣੀ ਹੈ, ਤਿਨਾਂ ਨੂੰ ਹੀ ਵਾਹਿਗੁਰੂ ਮਿਲੇ ਗਾ ॥

ਆਦਿ ਪੁਰਖ ਤੇ ਹੋਇ ਅਨਾਦਿ ॥

ਜਪੀਐ ਨਾਮੁ ਅੰਨ ਕੈ ਸਾਦਿ॥ ੧ ॥ ਰਹਾਉ ॥

ਵਾਹਿਗੁਰੂ ਤੋਂ ਹੀ ਅੰਨ ਹੋਇਆ ਹੈ, ਅੰਨ ਦੇ ਸੁਆਦ ਨਾਲ ਹੀ ਨਾਮ ਜਪਿਆ

Digitized by Panjab Digital Library | www.panjabdigilib.org

ਜਾਂਦਾ ਹੈ ਭਾਵ ਅੰਨ ਦੇ ਖਾਣ ਨਾਲ ॥

ਜਪੀਐ ਨਾਮੁ ਜਪੀਐ ਅੰਨੁ ॥
ਅੰਭੈ ਕੈ ਸੰਗਿ ਨੀਕਾ ਵੰਨੁ ॥

ਅੰਭੈ=ਪਾਣੀ ॥ ਨੀਕਾ=ਚੰਗਾ ॥ ਵੰਨੁ=ਰੰਗ ॥

ਨਾਮ ਨੂੰ ਜਪੀਏ, ਅੰਨ ਨੂੰ ਵੀ ਨਾਮ ਵਾਂਗੂ ਜਪੀਏ, ਪਾਣੀ ਕਰਕੇ ਅੰਨ ਦਾ ਚੰਗਾ ਰੰਗ ਹੋ ਜਾਂਦਾ ਹੈ ॥

ਅੰਨੈ ਬਾਹਰਿ ਜੋ ਨਰ ਹੋਵਹਿ ॥
ਤੀਨਿ ਭਵਨ ਮਹਿ ਅਪਨੀ ਖੋਵਹਿ ॥ ੨ ॥

ਜੇਹੜਾ ਆਦਮੀ ਅੰਨ ਤੋਂ ਬਿਨਾ ਹੁੰਦਾ ਹੈ ਓਹ ਤਿੰਨਾਂ ਲੋਕਾਂ ਵਿਚ ਆਪਣੀ ਇਜ਼ਤ ਬਰਬਾਦ ਕਰ ਲੈਂਦਾ ਹੈ।

ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥

ਜੇਹੜੇ ਅੰਨ ਛਡ ਕੇ (ਦੂਧਾ ਧਾਰੀ) ਪਾਖੰਡ ਕਰਦੇ ਹਨ ਓਹੁ ਨਾ ਸੁਹਾਗਣਾਂ ਵਾਂਗੂ ਹਨ ਨਾ ਰੰਡੀਆਂ ਵਾਂਗੂ ਹਨ ਭਾਵ ਨਾ ਉਨਾਂ ਨੂੰ ਵਾਹਿਗੁਰੂ ਮਿਲਿਆ ਅਤੇ ਨਾ ਓਹਨਾਂ ਦਾ ਨਾਮ ਰੰਡੀਆਂ ਵਿਚ ਲਿਖਿਆ ਗਿਆ ॥

ਜਗ ਮਹਿ ਬਕਤੇ ਦੂਧਾ ਧਾਰੀ ॥
ਗੁਪਤੀ ਖਾਵਹਿ ਵਟਿ ਕਾਸਾਰੀ ॥ ੩ ॥

ਵਟਿ=ਲੱਡੂ ਵਟਕੇ ॥ ਕਾਸਾਰੀ=ਪੰਜੀਰੀ ॥

ਜਗ ਵਿਚ ਬਕਦੇ ਹਨ ਕਿ ਅਸੀ ਦੂਧਾ ਧਾਰੀ ਹਾਂ ਰਾਤ ਨੂੰ ਗੁਪਤੀ ਲੱਡੂ, ਪੰਜੀਰੀ (ਆਦਿਕ ਦੇ ਵੱਟੀ ਵੱਟੀ, ਸੇਰ ਸੇਰ ਮਰੂੰਡੇ ਵੱਟਕੇ) ਖਾ ਜਾਂਦੇ ਹਨ ॥

ਅੰਨੈ ਬਿਨਾ ਨ ਹੋਇ ਸੁਕਾਲੁ ॥
ਤਜਿਐ ਅੰਨਿ ਨ ਮਿਲੈ ਗੁਪਾਲੁ ॥

ਅੰਨ ਤੋਂ ਬਿਨਾ ਸੁਕਾਲ (ਚੰਗਾ ਸਮਾ) ਨਹੀਂ ਹੁੰਦਾ, ਅੰਨ ਨੂੰ ਛੱਡਣ ਨਾਲ ਵਾਹਿਗੁਰੂ ਨਹੀਂ ਮਿਲਦਾ ॥

ਕਹੁ ਕਬੀਰ ਹਮ ਐਸੇ ਜਾਨਿਆ ॥
ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥

Digitized by Panjab Digital Library | www.panjabdigilib.org

ਕਬੀਰ ਜੀ ਕਹਿੰਦੇ ਹਨ, ਮੈਂ ਇੱਕੁਰ ਜਾਣਿਆ ਹੈ ਕਿ ਧੰਨ ਅੰਨ ਹੈ ਜਿਸ ਕਰਕੇ ਅਸਾਂ ਜੀਵਾਂ ਦਾ ਮਨ ਵਾਹਿਗੁਰੂ ਵਿਚ ਮੰਨਦਾ ਹੈ, ਵਾ ਵਾਹਿਗੁਰੂ ਨੇ ਵੀ ਅੰਨ ਨੂੰ ਚੰਗਾ ਮਨ ਵਿਚ ਮੰਨਿਆਂ ਹੈ ॥

## ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧

ੴ ਸਤਿਗੁਰਪ੍ਰਸਾਦਿ ॥

ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥
ਪ੍ਰਾਗ ਇਸਨਾਨੇ ॥ ੧ ॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥
ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ॥ ੧ ॥ ਰਹਾਉ ॥

ਭਾਵੇਂ (ਕੋਈ] ੧ ਅਸਮੇਧ ਜਗ ਕਰੇ, ੨ ਭਾਵੇਂ ਕੋਈ ਆਦਮੀ ਆਪਣੇ ਬਰਾਬਰ ਸੋਨਾ ਆਦਿਕ ਤੋਲ ਕੇ ਦਾਨ ਕਰੇ ਵਾ ਪੁਰਖ ਦੇ ਅੰਗ ਸੋਨੇ ਨਾਲ ਮੜ੍ਹਕੇ ਦਾਨ ਕਰੇ ੩ ਪ੍ਰਾਗ ਆਦਿਕ ਤੀਰਥਾਂ ਦਾ ਇਸਨਾਨ ਕਰੇ; ੪ ਫਿਰ ਵੀ ਨਾਮਦੇਵ ਜੀ ਕਹਿੰਦੇ ਹਨ ਉਪਰੋਕਤ ਦਾਨ ਕਰਨ ਵਾਲੇ ਦਾ ਦਾਨ ਵਾਹਿਗੁਰੂ ਦੇ ਕੀਰਤਨ ਵਾ ਭਗਤ ਬਰਾਬਰ ਨਹੀਂ ਹੋ ਸਕਦੇ। ੫ ਹੇ ਮਨ ! ਆਲਸੀਆ ਆਪਣੇ ਵਾਹਿਗੁਰੂ ਨੂੰ ਯਾਦ ਕਰ ॥

ਗਇਆ ਪਿੰਡ ਭਰਤਾ ॥ ਬਨਾਰਸਿ ਅਸਿ ਬਸਤਾ ॥
ਮੁਖ ਬੇਦ ਚਤੁਰ ਪੜਤਾ ॥ ੨ ॥

ਅਸਿ=ਹੈ ॥ ਵਾ=ਐਸਾ ॥

ਭਾਵੇਂ ਕੋਈ ੧ ਗਇਆ ਤੇ ਜਾਕੇ ਪਿਤਰਾਂ ਵਾਸਤੇ ਪਿੰਡ ਭਰੌਂਦਾ ਫਿਰੇ, ੨ ਕਾਸ਼ੀ ਵਿਚ (ਇਕੁਰ)ਵਸੇ, ੩ ਮੂੰਹੋਂ ਚੌਹਾਂ ਵੇਦਾਂ ਦਾ ਉਚਾਰਨ ਵਾਲਾ ਹੋਵੇ॥

ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥
ਖਟੁ ਕਰਮ ਸਹਤ ਰਹਤਾ ॥ ੩ ॥

ਅਛਿਤਾ=ਰਹਤ, ਸੰਜੁਕਤਿ ॥

ਸਾਰਿਆਂ ਧਰਮਾਂ ਦੇ ਸੰਜੁਕਤਿ ਭਾਵੇਂ ਹੋਵੇ, ਗੁਰਾਂ ਦੇ ਉਪਦੇਸ਼ ਕਰਕੇ ਇੰਦ੍ਰੀਆਂ ਨੂੰ

Digitized by Panjab Digital Library | www.panjabdigilib.org

ਰੋਕਣ ਵਾਲਾ ਵੀ ਹੋਵੇ, ਛੇ ਤਰਾਂ ਦੇ ਕਰਮਾਂ ਦੀ ਰਹਤ ਦੇ ਸੰਯੁਕਤ ਹੋਵੇ।

ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥
ਸਿਮਰਿ ਸਿਮਰਿ ਗੋਬਿੰਦੰ ॥
ਭਜੁ ਨਾਮਾ ਤਰਸਿ ਭਵ ਸਿੰਧੰ ॥ ੪ ॥ ੧ ॥

ਭਵ=ਸੰਸਾਰ। ਸਿੰਧੰ=ਸਮੁੰਦ੍ਰ॥

ਸ਼ਿਵਜੀ ਪਾਰਬਤੀ ਦਾ ਝਗੜਾ (ਰਾਮਾਇਣ) ਵੀ ਜਾਣਦਾ ਹੋਵੇ ਪਰ ਨਾਮ ਬਿਨਾ ਨਹੀਂ ਤਰ ਸਕਦਾ ਇਸ ਲਈ ਹੇ ਮਨ ! ਸਾਰੇ ਭੇਦਾਂ ਨੂੰ ਛਡ ਦੇ, ਵਾਹਿਗੁਰੂ ਨੂੰ ਬਾਰ ਬਾਰ ਯਾਦ ਕਰ, ਨਾਮਦੇਵ ਜੀ ਕਹਿੰਦੇ ਹਨ ਨਾਮ ਨੂੰ ਯਾਦ ਕਰ ਅਤੇ ਸੰਸਾਰ ਸਮੁੰਦ੍ਰ ਤੋਂ ਤਰ॥

## ਗੌਂਡ॥

ਨਾਦ ਭ੍ਰਮੇ ਜੈਸੇ ਮਿਰਗਾਏ ॥
ਪ੍ਰਾਨ ਤਜੇ ਵਾਂਕੋ ਧਿਆਨੁ ਨ ਜਾਏ ॥ ੧ ॥

'ਨਾਦ=ਸ਼ਬਦ। ਮਿਰਗਾਇ=ਹਰਨ॥

ਜਿਕੁਰ ਘੰਡੇ ਹੇੜੇ ਦੀ ਅਵਾਜ਼ ਵਲ ਹਰਨ ਭੌਂਦਾ ਹੈ ਅਤੇ ਪ੍ਰਾਣ ਦੇ ਦੇਂਦਾ ਹੈ ਪਰ ਉਸ ਹਰਨ ਦਾ ਉਸ ਸਬਦ ਵਲੋਂ ਧਿਆਨ ਨਹੀਂ ਜਾਂਦਾ ਭਾਵ ਮਰਦਾ ਹੋਯਾ ਭੀ ਉਧਰੇ ਧਿਆਨ ਰਖਦਾ ਹੈ॥

ਐਸੇ ਰਾਮਾ ਐਸੇ ਹੇਰਉ ॥ ਰਾਮ ਛੋਡਿ ਚਿਤੁ ਅਨਤ ਨ ਫੇਰਉ॥ ੧॥ ਰਹਾਉ॥

ਹੇਰਉ=ਵੇਖ। ਅਨਤ=ਹੋਰ ਪਾਸੇ॥

ਹੇ ਮਨ ! ਉਸ ਘੰਡੇ ਹੇੜੇ ਦੇ ਸ਼ਬਦ ਵਾਂਗੂ ਇਕੁਰ ਦੇ ਵਾਹਿਗੁਰੂ ਨੂੰ ਇੱਕਰ ਵੇਖ, ਵਾਹਿਗੁਰੂ ਨੂੰ ਛਡਕੇ ਚਿਤ ਹੋਰ ਪਾਸੇ ਵਲ ਨਾ ਫੇਰ॥

ਜਿਉ ਮੀਨਾ ਹੇਰੈ ਪਸੂਆਰਾ ॥
ਸੋਨਾ ਗਢਤੇ ਹਿਰੈ ਸੁਨਾਰਾ ॥ ੨ ॥

ਮੀਨਾ=ਮੱਛ। ਹੇਰੈ=ਵੇਖੈ। ਪਸੂਆਰਾ=ਦੁਤੀਰਾ ਜਾਨਵਰ ਦਾ ਪੰਛੀਆਂ ਨੂੰ ਮਾਰਨ ਵਾਲਾ। ਹਿਰੈ=ਵੇਖੈ, ਚੁਰਾਵੇ॥

ਜਿੱਕੁਰ ਬਗਲਾ ਮੱਛੀਆਂ ਨੂੰ ਵੇਖਦਾ ਹੈ, ਜਿਕੁਰ ਸੋਨਾ ਘੜਦਾ ਹੋਇਆ ਸੁਨਿਆਰ ਸੋਨੇ ਨੂੰ ਵੇਖਦਾ ਹੈ, ਭਾਵ ਉਸਦਾ 'ਦਾ' ਚੁਰੌਣ ਤੇ ਹੁੰਦਾ ਹੈ॥

Digitized by Panjab Digital Library | www.panjabdigilib.org

ਜਿਉ ਬਿਖਈ ਹੇਰੈ ਪਰ ਨਾਰੀ ॥
ਕਉਡਾ ਡਾਰਤ ਹਿਰੈ ਜੁਆਰੀ ॥ ੩ ॥

ਹੇਰੈ, ਹਿਰੈ=ਵੇਖੇ ॥

ਜਿਕੁਰ ਵਿਸ਼ਈ ਪਰਾਈ ਇਸਤ੍ਰੀ ਨੂੰ ਵੇਖਦਾ ਹੈ, ਜਿਕੁਰ ਜੁਆਰੀਆ ਕੌਡੀਆਂ ਨੂੰ ਸੁਟਦਾ ਹੋਇਆ ਆਪਣੇ ਦਾ ਨੂੰ ਵੇਖਦਾ ਹੈ ॥

ਜਹ ਜਹ ਦੇਖਉ ਤਹ ਤਹ ਰਾਮਾ ॥
ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥ ੪ ॥ ੨ ॥

ਇਕੁਰ ਹੀ ਮੈਂ ਜਿਥੇ ਜਿਥੇ ਦੇਖਦਾ ਹਾਂ ਓਥੇ ਓਥੇ ਵਾਹਿਗੁਰੂ ਹੈ ਵਾਹਿਗੁਰੂ ਦੇ ਚਰਨ ਰੋਜ ਹੀ ਨਾਮਾ ਧਿਔਂਦਾ ਹੈ ॥

(ਬੇਨਤੀ)

ਗੋਂਡ ॥

ਮੋਕਉ ਤਾਰਿ ਲੇ ਰਾਮਾ ਤਾਰਿ ਲੇ ॥
ਮੈ ਅਜਾਨੁ ਜਨੁ ਤਰਿਬੇ ਨ ਜਾਨਉ
ਬਾਪ ਬੀਠੁਲਾ ਬਾਹ ਦੇ ॥ ੧ ॥ ਰਹਾਉ ॥

ਹੇ ਵਾਹਿਗੁਰੂ ! ਮੈਨੂੰ ਤਾਰ ਲੈ ਤਾਰ ਲੈ, ਮੈਂ ਬੇ ਸਮਝ ਦਾਸ ਤਰਨਾ ਨਹੀਂ ਜਾਣਦਾ ਹੇ ਪਿਆਰੇ ਪਿਤਾ ਬਾਂਹ ਫੜਾ ॥

(ਗੁਰਾਂ ਦੀ ਕਿਰਪਾ ਨਾਲ)

ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖ-
ਲਾਈ ॥ ਨਰ ਤੇ ਉਪਜਿ ਸੁਰਗ ਕਉ ਜੀਤਿਓ
ਸੋ ਅਵਖਧ ਮੈ ਪਾਈ ॥

ਸੁਰ=ਦੇਵਤਾ ॥

ਆਦਮੀ ਤੋਂ ਦੇਵਤਾ ਇਕ ਛਿਨ ਵਿਚ ਹੋ ਜਾਂਦਾ ਹੈ, ਇਕੁਰ ਦੀ ਗੁਰਾਂਨੇ ਮੈਨੂੰ ਅਕਲ ਦਿਤੀ ਹੈ ਭਾਵ ਗਲ ਦਸੀ ਹੈ ਸੋ ਮੈਂ ਮਨੁਖਾ ਜਨਮ ਵਿਚੋਂ ਪ੍ਰਗਟ ਹੋਕੇ ਸੁਰਗ ਨੂੰ ਜਿਤ ਲਿਆ ਤੁਛ ਜਾਣਿਆ ਹੈ ਏਹ ਦਵਾਈ ਮੈਂ ਗੁਰਾਂ ਪਾਸੋ ਪਾਈ ਹੈ॥

ਜਹਾ ਜਹਾ ਧੂਅ ਨਾਰਦ ਟੇਕੇ ਨੈਕੁ ਟਿਕਾਵਹੁ ਮੋਹਿ ॥

Digitized by Panjab Digital Library | www.panjabdigilib.org

ਤੇਰੇ ਨਾਮੁ ਅਵਿਲੰਬਿ ਬਹੁਤੁ ਜਨ ਉਧਰੇ
ਨਾਮੇ ਕੀ ਨਿਜ ਮਤਿ ਏਹ ॥ ੨ ॥ ੩ ॥

ਅਵਿਲੰਬਿ=ਆਸਰਾ। ਨੇਕ=ਥੋੜਾ ਜੇਹਾ। ਨਿਜ=ਆਪਣੀ ॥

ਜਿਥੇ ਜਿਥੇ ਧ੍ਰੂ ਨਾਰਦ ਵਰਗਿਆਂ ਨੂੰ ਟਿਕਾਯਾ ਜੇ ਓਥੇ ਥੋੜਾ ਜਿਹਾ ਮੈਨੂੰ ਵੀ ਟਿਕਾਵੇਂ ਕਿਉਂਕਿ ਤੇਰੇ ਨਾਮ ਦੇ ਆਸਰੇ ਬਹੁਤ ਆਦਮੀ ਤਰ ਗਏ ਹਨ, ਏਹ ਨਾਮੇ ਦੀ ਆਪਣੀ ਅਕਲ ਹੈ ਭਾਵ ਇਹ ਮੇਰੀ ਸਮਝ ਵਿਚ ਗਲ ਆਈ ਹੈ ॥

ਗੌਂਡ ॥

ਮੋਹਿ ਲਾਗਤੀ ‡ ਤਾਲਾ ਬੇਲੀ ॥
ਬਛਰੇ ਬਿਨੁ ਗਾਇ ਅਕੇਲੀ ॥ ੧ ॥

ਬੇਲੀ=ਪਿਆਰ। ਤਾਲਾ=ਜਲਨਤਾ, ਇੱਛਾ ॥

ਹੇ ਪਿਆਰੇ ਵਾਹਿਗੁਰੂ! "ਮੈਨੂੰ ਇਕੁਰ ਤੇਰੀ ਇੱਛਾ ਲਗ ਰਹੀ ਹੈ" ਜਿਕੁਰ ਵੱਛੇ ਤੋਂ ਬਿਨਾ ਅਕੇਲੀ ਗਾਂ ਨੂੰ ਜਲਨਤਾ ਲਗਦੀ ਹੈ ॥

ਪਾਨੀਆ ਬਿਨੁ ਮੀਨੁ ਤਲਫੈ ॥
ਐਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ ॥ ੧ ॥ ਰਹਾਉ ॥

ਮੀਨ=ਮੱਛੀ ॥

ਜਿਕੁਰ ਮੱਛੀ ਪਾਣੀ ਤੋਂ ਬਿਨਾਂ ਤੜਫਦੀ ਹੈ ਇਕੁਰ ਵਿਚਾਰਾ ਨਾਮਾ (ਭਗਤ) ਵਾਹਿਗੁਰੂ ਦੇ ਨਾਮ ਤੋਂ ਬਿਨਾਂ ਤੜਫਦਾ ਹੈ ॥

ਜੈਸੇ ਗਾਇ ਕਾ ਬਾਛਾ ਛੂਟਲਾ ॥
ਥਨ ਚੋਖਤਾ ਮਾਖਨੁ *ਘੂਟਲਾ ॥

ਜਿਕੁਰ ਗਾਂ ਦਾ ਵੱਛਾ (ਜਦ) ਛੁਟ ਜਾਂਦਾ ਹੈ (ਤਾਂ) ਥਣਾਂ ਨੂੰ ਚੁੰਘਦਾ ਅਤੇ ਦੁਧ ਨੂੰ ਘੁਟ ਲੈਂਦਾ ਹੈ ਭਾਵ ਪੀ ਲੈਂਦਾ ਹੈ, ਵਾ ਮੱਖਨ ਵਾਲੇ ਦੁਧ ਦੇ ਘੁਟ ਭਰਦਾ ਹੈ ॥

ਨਾਮਦੇਉ ਨਾਰਾਇਨੁ ਪਾਇਆ ॥
ਗੁਰ ਭੇਟਤ ਅਲਖ ਲਖਾਇਆ ॥ ੩ ॥

‡ਘਬਰਾਹਟ, ਤੜਫਣਾ ਭੀ ਅਰਥ ਕਰਦੇ ਹਨ ॥
*ਮੱਖਨ=ਇਸ ਜਗਾ ਮੱਖਨ ਦੁਧ ਦਾ ਬੋਧਕ ਹੈ ॥

Digitized by Panjab Digital Library | www.panjabdigilib.org

8721



ਨਾਮਦੇਵ ਨੇ ਵਾਹਿਗੁਰੂ ਨੂੰ ਪਾ ਲਿਆ ਹੈ ਪਰ ਜਦ ਗੁਰੂ ਮਿਲੇ ਤਾਂ ਵਾਹਿਗੁਰੂ ਨੂੰ ਦਸ ਦਿਤਾ ॥

ਜੈਸੇ ਬਿਖੈ ਹੇਤ ਪਰ ਨਾਰੀ ॥
ਐਸੇ ਨਾਮੇ ਪ੍ਰੀਤਿ ਮੁਰਾਰੀ ॥੪॥

ਜਿਕੁਰ ਵਿਸ਼ੇ ਵਾਸਤੇ ਆਦਮੀ ਦੀ ਪਰਾਈ ਇਸਤ੍ਰੀ ਵਿਚ ਪ੍ਰੀਤੀ ਹੁੰਦੀ ਹੈ ਇਕੁਰ ਹੀ ਨਾਮਦੇਵ ਦੀ ਵਾਹਿਗੁਰੂ ਨਾਲ ਪ੍ਰੀਤੀ ਹੈ ॥

ਜੈਸੇ ਤਾਪ ਤੇ ‡ਨਿਰਮਲ ਘਾਮਾ ॥
ਤੈਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ ॥੫॥੪॥

ਘਾਮਾ=ਧੁਪ।

ਜਿਕੁਰ ਨਿਰਮਲ ਧੁਪ ਦੀ ਤਪਸ਼ ਤੇ ਆਦਮੀ ਦੀ ਪ੍ਰੀਤੀ ਬਿਰਛ ਦੀ ਛਾਇਆ ਨਾਲ ਹੁੰਦੀ ਹੈ ਤਿਕੁਰ ਹੀ ਵਿਚਾਰਾ ਨਾਮਾ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੈ।ਭਾਵ ਤਿਕੁਰ ਹੀ ਮੈਨੂੰ ਨਾਮ ਦੀ ਪ੍ਰੀਤੀ ਲਗੀ ਹੋਈ ਹੈ।

## ਰਾਗ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨

ੴ ਸਤਿਗੁਰਪ੍ਰਸਾਦਿ ॥

ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥
ਹਰਿ ਕੋ ਨਾਮੁ ਲੈ ਊਤਮ ਧਰਮਾ ॥

ਵਾਹਿਗੁਰੂ ਵਾਹਿਗੁਰੂ ਕਰਦਿਆਂ ਸਾਰੇ ਭਰਮ ਦੂਰ ਹੋ ਜਾਂਦੇ ਹਨ। ਵਾਹਿਗੁਰੂ ਦਾ ਨਾਮ ਲੈਣਾ ਇਹੋ ਵਡਾ ਧਰਮ ਹੈ ॥

ਹਰਿ ਹਰਿ ਕਰਤ ਜਾਤਿ ਕੁਲ ਹਰੀ ॥
ਸੋ ਹਰਿ ਅੰਧੁਲੇ ਕੀ ਲਾਕਰੀ ॥

ਵਾਹਿਗੁਰੂ ਵਾਹਿਗੁਰੂ ਕਰਦਿਆਂ ਨੀਚ ਜਾਤੀ, ਨੀਚ ਕੁਲ ਦੂਰ ਹੋ ਜਾਂਦੀ ਹੈ ਭਾਵ ਨੀਚ ਉਚੇ ਬਣ ਜਾਂਦੇ ਹਨ ਸੋ ਵਾਹਿਗੁਰੂ ਮੈਂ ਅੰਨੇ ਰੂਪ ਦੀ ਸੋਟੀ ਰੂਪ ਆਸਰਾ ਹੈ ॥

‡ਸਾਫ ਭਾਵ ਬੜੀ ਭਾਰੀ ਧੁਪ ਵਿਚ ਜੀਕਣ ਆਦਮੀ ਤਪਦਾ ਹੈ।

Digitized by Panjab Digital Library | www.panjabdigilib.org

ਹਰਿਏ ਨਮਸਤੇ ਹਰਿਏ ਨਮਹ ॥
ਹਰਿ ਹਰਿ ਕਰਤ ਨਹੀ ਦੁਖੁ ਜਮਹ ॥ ੧ ॥ ਰਹਾਉ ॥

ਤਿਸ ਵਾਹਿਗੁਰੂ ਨੂੰ ਬਾਰ ਬਾਰ ਨਮਸਕਾਰ ਹੈ। ਵਾਹਿਗੁਰੂ ੨ ਕਰਦਿਆਂ ਜਮਾਂ ਦਾ ਦੁਖ ਨਹੀ ਹੁੰਦਾ।

ਹਰਿ ਹਰਿਨਾਖਸ ਹਰੇ ਪਰਾਨ ॥
ਅਜੈਮਲ ਕੀਓ ਬੈਕੁੰਠਹ ਥਾਨ ॥

ਹਰੇ=ਨਾਸ

ਵਾਹਿਗੁਰੂ ਨੇ ਹਰਨਾਖਸ਼ ਦੇ ਪ੍ਰਾਣ ਕਢੇ, ਅਜਾਮਲ ਨੇ ਬੈਕੁੰਠ ਵਿਚ ਥਾਂ ਕੀਤਾ।

ਸੂਆ ਪੜਾਵਤ ਗਨਿਕਾ ਤਰੀ ॥
ਸੋ ਹਰਿ ਨੈਨਹੁ ਕੀ ਪੂਤਰੀ ॥ ੨ ॥

ਸੂਆ=ਤੋਤਾ ॥

ਗਨਿਕਾ ਤੋਤੇ ਨੂੰ ਪੜੌਂਦੀ ਹੋਈ ਤਰ ਗਈ ਸੋ ਵਾਹਿਗੁਰੂ ਮੇਰੇ ਨੇਤਰਾਂ ਦੀ ਪੁਤਲੀ ਹੈ ਭਾਵ ਮੈਨੂੰ ਬਹੁਤ ਪਿਆਰਾ ਹੈ ॥

ਹਰਿ ਹਰਿ ਕਰਤ ਪੂਤਨਾ ਤਰੀ ॥
‡ਬਾਲ ਘਾਤਨੀ ਕਪਟਹਿ ਭਰੀ ॥

ਵਾਹਿਗੁਰੂ ਵਾਹਿਗੁਰੂ ਕਰਦਿਆਂ ਪੂਤਨਾ ਰਾਖਸ਼ਨੀ(ਕ੍ਰਿਸ਼ਨ ਜੀ ਦੀ ਵੈਰਨ) ਤਰਗਈ ਬਾਲਕਾਂ ਨੂੰ ਮਾਰਨ ਵਾਲੀ ਕਪਟ ਨਾਲ ਭਰੀ ਹੋਈ ਸੀ ॥

ਸਿਮਰਨ ਦ੍ਰੋਪਦ ਸੁਤ ਉਧਰੀ ॥
ਗਊਤਮ ਸਤੀ ਸਿਲਾ ਨਿਸਤਰੀ ॥ ੩ ॥

ਵਾਹਿਗੁਰੂ ਦਾ ਸਿਮਰਨ ਕਰਦੀਹੋਈ ਦਰੁਪਦ ਰਾਜਾ ਦੀ ਪੁਤਰੀ ਦਰੋਪਦੀ ਤਰਗਈ ਤੇ ਵਾਹਿਗੁਰੂ ਦਾ ਸਿਮਰਨ ਕਰਦੀ ਹੋਈ ਹੋਰ ਗੌਤਮ ਰਿਖੀ ਦੀ ਸਤੀ (ਇਸਤ੍ਰੀ) ਸਿਲਾ ਰੂਪ ਹੋਈ ੨ ਸੀ ਤਰ ਗਈ॥

ਕੇਸੀ ਕੰਸ ਮਥਨੁ ਜਿਨਿ ਕੀਆ ॥

---

‡ਕੰਸ ਦੀ ਭੇਜੀ ਹੋਈ ਕ੍ਰਿਸ਼ਨ ਜੀ ਨੂੰ ਮਾਰਨ ਆਈ ਸੀ ਸੋ ਗੋਦੀ ਵਿਚ ਕ੍ਰਿਸ਼ਨ ਨੂੰ ਲੈਕੇ ਮੰਮਾ ਦੇਣ ਲੱਗੀ ਹੀ ਕ੍ਰਿਸ਼ਨ ਜੀ ਨੇ ਮਾਰ ਸੁਟੀ।

Digitized by Panjab Digital Library | www.panjabdigilib.org

ਜੀਅ ਦਾਨੁ ਕਾਲੀ ਕਉ ਦੀਆ ॥

ਮਥਨੁ=ਰਿੜਕਨਾ, ਮਲਨਾ ।

ਕੇਸੀ ਕੰਸ ਦੇ ਭਰਾ ਨੂੰ ਅਤੇ ਕੰਸ ਨੂੰ ਜਿਸਨੇ ਮਾਰਿਆ, ਕਾਲੀਨਾਗ ਨੂੰ ਜਿਸਨੇ ਪ੍ਰਾਣ ਦਾਨ ਦਿਤਾ ਭਾਵ ਬਚਾ ਲਿਆ ॥

ਪ੍ਰਣਵੈ ਨਾਮਾ ਐਸੋ ਹਰੀ ॥

ਜਾਸੁ ਜਪਤ ਭੈ ਅਪਦਾ ਟਰੀ ॥ ੪ ॥ ੧ ॥ ੫ ॥

ਨਾਮਦੇਵ ਜੀ ਕਹਿੰਦੇ ਹਨ ਓਹ ਇਕਰ ਦਾ ਵਾਹਿਗੁਰੂ ਹੈ ਜਿਸਨੂੰ ਜਪਦਿਆਂ ਹੋਯਾਂ ਪੂਰਬੋਕਤ ਸਾਰਿਆਂ ਦੀ ਭੈ ਦਾਯਕ ਅਪਦਾ ਟਲ ਗਈ ॥

ਗੌਂਡ ॥

ਭੈਰਉ ਭੂਤ ਸੀਤਲਾ ਧਾਵੈ ॥

ਖਰ ਬਾਹਨ ਉਹੁ ਛਾਰ ਉਡਾਵੈ ॥ ੧ ॥

ਜੇਹੜਾ ਭੈਰੋਂ ਨੂੰ ਜਪਦਾ ਹੈ ਓਹ ਉਸਦਾ ਬਾਹਨ ਕੁਤਾ ਬਣਦਾ ਹੈ, ਜੇੜਾ ਭੂਤ ਨੂੰ ਸੇਂਵਦਾ ਹੈ ਉਹ ਭੂਤਨਾ ਹੋਕੇ ਸੁਆਹ ਉਡੌਂਦਾ ਹੈ, ਜੇਹੜੀ ਇਸਤ੍ਰੀ ਵਾ ਆਦਮੀ ਦੇਵੀ ਨੂੰ ਪੂਜਦਾ ਹੈ ਉਹ ਖ਼ੋਤਾ ਹੁੰਦਾ ਹੈ ॥

ਹਉ ਤਉ ਏਕ ਰਮਈਆ ਲੈਹਉ ॥

ਆਨ ਦੇਵ*ਬਦਲਾਵਨਿ ਦੈਹਉ ॥ ੧ ॥ ਰਹਾਉ ॥

ਆਨ=ਹੋਰ । ਬਦਲਾਵਨਿ=ਬਦਲੌਣਾ, ਬਦਲੀ ਕਰਨੀ ॥

ਮੈਂ ਤਾਂ ਇਕ ਵਾਹਿਗੁਰੂ ਦਾ ਨਾਮ ਲਵਾਂਗਾ ਹੋਰ ਦੇਵਤਿਆਂ ਨੂੰ ਰਿਦੇ ਵਿਚੋਂ ਬਦਲਾ ਦਿਆਂਗਾ ॥

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥

ਬਰਦ ਚਢੇ ਡਉਰੂ ਢਮਕਾਵੈ ॥ ੨ ॥

ਬਰਦ=ਬੈਲ । ਢਮਕਾਵੈ=ਵਜਾਵੇ ॥

ਜੇਹੜੇ ਆਦਮੀ ਸ਼ਿਵਜੀ ਨੂੰ ਧਿਆਉਂਦੇ ਹਨ ਅਤੇ ਸ਼ਿਵ ੨ ਕਰਦੇ ਫਿਰਦੇ ਹਨ

*ਹੇ ਲੋਕੋ ਤੁਹਾਨੂੰ ਬਦਲੇ, ਵਟੇ ਸਟੇ, ਹੋਰ ਦੇਵਤਿਆਂ ਦੇ ਬਦਲੇ ਮੈਂ ਇਕ ਵਾਹਿਗੁਰੂ ਨਹੀ ਦਿਆਂਗਾ, ਇਕੁਰ ਵੀ ਅਰਥ ਕਰਦੇ ਹਨ ॥

Digitized by Panjab Digital Library | www.panjabdigilib.org

੬੧੫.



ਉਹ ਅੰਤ ਨੂੰ ਮਰਕੇ ਗਲ ਵਿਚ ਸਿਰਾਂ ਦੀ ਮਾਲਾ ਪਾਕੇ ਮੂੰਹ ਸਿਰ ਸੁਆਹ ਨਾਲ ਭਰਕੇ ਬੈਲ ਤੇ ਚੜ੍ਹਕੇ ਜਰੂਰ ਡੌਰੂ ਵਜੌਂਦੇ ਹਨ ਵਾ ਬੈਲ ਦੀ ਜੂਨੇ ਅਵੱਸ ਹੀ ਪੈਂਦੇ ਹਨ ॥

ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥ ੩ ॥

ਜੇਹੜਾ ਆਦਮੀ ਦੇਵੀਦੀ ਪੂਜਾ ਕਰਦਾ ਹੈ ਉਹ ਆਦਮੀ ਤੋਂ ਇਸਤ੍ਰੀ ਹੋਕੇ(ਉਤਰਦਾ) ਜੰਮਦਾ ਹੈ ਭਾਵ ਡੈੜੀ ਜੂਨ ਵਿਚ ਪੈਂਦਾ ਹੈ ॥

ਤੂ ਕਹੀਅਤ ਹੀ ਆਦਿ *ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥

ਤੂੰ ਤਾਂ ਆਦਿ ਭਵਾਨੀ ਕਹਾਉਂਦੀ ਹੈਂ, ਮੁਕਤਿ ਦੇ ਵੇਲੇ ਕਿਥੇ ਛਪ ਗਈ ਹੈਂ ?

ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥ ੨ ॥ ੬ ॥

ਗਹੁ=ਫੜ ॥

ਹੇ ਮਿਤ੍ਰ ! ਗੁਰਾਂ ਦੀ ਸਿਖਿਆ ਕਰਕੇ ਵਾਹਿਗੁਰੂ ਦਾ ਨਾਮ ਫੜ, ਇਕੁਰ ਨਾਮਾ ਗੀਤ ਕਹਿੰਦਾ ਹੈ ॥

"ਗਾਯਤ੍ਰੀ"

ਬਿਲਾਵਲੁ ਗੌਂਡ ॥

ਆਜੁ ਨਾਮੇ ਬੀਠਲੁ ਦੇਖਿਆ
ਮੂਰਖ ਕੋ ਸਮਝਾਊ ਰੇ ॥ ਰਹਾਉ ॥

ਅੱਜ ਨਾਮੇ ਨੇ ਪਿਆਰੇ ਵਾਹਿਗੁਰੂ ਨੂੰ ਵੇਖਿਆ ਹੈ, ਹੇ ਭਾਈ ! ਮੂਰਖ ਨੂੰ ਸਮਝਾਉਂਦਾ ਹਾਂ॥

*ਪੀਪਾ ਭਗਤ ਟੋਡਰਪੁਰ ਦਾ ਰਾਜਾ ਸੀ ਉਹ ਦੇਵੀ ਦੀ ਪੂਜਾ ਕਰਦਾ ਹੁੰਦਾ ਸੀ ਅੰਤ ਨੂੰ ਮੁਕਤੀ ਦੇ ਵੇਲੇ ਉਸ ਪਾਸੋਂ ਛਪ ਬੈਠੀ ਤਾਂ ਉਸਦਾ ਪ੍ਰਸੰਗ ਨਾਮ ਦੇਵ ਜੀ ਨੇ ਕਿਹਾ। ਹੇ ਹਿੰਦੂ ਸਿਖ ਵੀਰੋ ! ਇਸਤੋਂ ਸਿਖਿਆ ਲਵੋ ਤੇ ਦੇਵੀਆਂ ਪੂਜਣੀਆਂ ਛਡਕੇ ਅਕਾਲ ਪੁਰਖ ਨੂੰ ਸਿਮਰੋ ਹਾਂ ਜੇ ਦੇਵੀਆਂ ਦਾ ਦਰਸ਼ਨ ਕਰਨਾ ਹੈ ਤਾਂ ਮਾਈ ਭਾਗੋ ਵਲ ਵੇਖੋ ॥

Digitized by Panjab Digital Library | www.panjabdigilib.org

ਪਾਂਡੇ ਤੁਮਰੀ †ਗਾਇਤ੍ਰੀ
‡ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥

---

†ਇਹ ਇਕ ਕਥਾ ਪੁਰਾਣਾਂ ਵਿਚ ਇਸਤਰਾਂ ਲਿਖੀ ਹੋਈ ਹੈ ਕਿ ਵਸਿਸ਼ਟ ਵਿਸ਼ਵਾਮਿਤ੍ਰ ਨੂੰ ਰਾਜ ਰਿਸ਼ੀ ਆਖਿਆ ਕਰਦਾ ਸੀ ਅਤੇ ਓਹ ਅਗੋਂ ਇਸ ਗੱਲ ਦਾ ਬੜਾ ਗੁੱਸਾ ਕਰਦਾ ਹੁੰਦਾ ਸੀ ਏਸ ਗੁੱਸੇ ਕਰਕੇ ਵਿਸਵਾ ਮਿਤਰ ਵਸ਼ਿਸ਼ਟ ਦਾ ਇਕ ਪੁਤਰ ਰੋਜ ਮਾਰ ਜਾਂਦਾ ਹੁੰਦਾ ਸੀ, ਏਸੇ ਤਰਾਂ ਓਸ ਨੇ ਸੌ ਯਾ ਇਕੋਤਰ ਸੌ ਪੁਤਰ ਮਾਰ ਦਿਤਾ ਅਤੇ ਆਪ ਗਾਇਤ੍ਰੀ ਪੜ੍ਹਕੇ ਪਾਪਾਂ ਨੂੰ ਉਤਾਰ ਛਡਿਆ ਕਰੇ, ਸੋ ਗਾਇਤ੍ਰੀ ਠਾਕ ਓਸ ਵੇਲੇ ਵਿਸਵਾ ਮਿਤਰ ਦੇ ਪਾਪਾਂ ਦਾ ਖੇਤ ਖਾਂਦੀ ਰਹੀ ਭਾਵ ਓਸਨੂੰ ਪਾਪਾਂ ਤੋਂ ਨਿਰਭੈ ਕਰਦੀ ਰਹੀ । ਏਸ ਗਲ ਦਾ ਪਤਾ ਵਸਿਸ਼ਟ ਨੂੰ ਲੱਗਾ ਜੋ ਮੇਰੇ ਏਸਨੇ ਐਤਨੇ ਪੁਤਰ ਮਾਰ ਦਿਤੇ ਹਨ ਅੱਜ ਤੱਕ ਏਸ ਨੂ ਕੋਈ ਪਾਪ ਨਹੀਂ ਲੱਗਾ ਓਸੇ ਵੇਲੇ ਵਸ਼ਿਸ਼ਟ ਨੇ ਗਾਇਤ੍ਰੀ ਦਾ ਇਕ ਪਦ ਤੋੜ ਦਿਤਾ, ਅਗੇ ਚਾਰ ਚਰਨ ਸੀ ਫੇਰ ਬਾਕੀ ੩ ਰਹਿ ਗਏ, ਸੋ ਦੂਜਾ ਭਾਵ ਇਹ ਵੀ ਹੈ ਕਿ ਵਿਸਿਸ਼ਟ ਦੇ ਪੁਤਰਾਂ ਰੂਪ ਖੇਤ ਨੂੰ ਗਾਇਤ੍ਰੀ ਖਾਂਦੀ ਹੁੰਦੀ ਸੀ ਵਿਸ਼ਵਾਮਿਤਰ ਨੂੰ ਕੋਈ ਪਾਪ ਨਹੀਂ ਸੀ ਲਗਣ ਦੇਂਦੀ, ਪਰ ਭਗਤ ਜੀ ਆਖਦੇ ਹਨ ਹੇ ਪਾਂਡਿਆ ! ਹੁਣ ਓਸ ਵਿਚ ਕੋਈ ਸਤਿਆ ਨਹੀਂ ਰਹੀ ਕਿਉਂਕਿ ਵਸਿਸ਼ਟ ਨੇ ਇਕ ਪਦ ਵਿਚੋਂ ਕਢ ਛਡਿਆ ਹੈ ਹੁਣ ਤਾਂ ਲੰਙੀ ਲੰਙੀ ਲਗਾਂਦੀ ਲਗਾਂਦੀ ਜਾਂਦੀ ਹੈ ਲੋਕਾਂ ਤੇ ਕੁਝ ਅਸਰ ਨਹੀਂ ਕਰ ਸਕਦੀ ॥

ਇਕ ਹੋਰ ਸਾਖੀ ਲਾਉਂਦੇ ਹਨ, ਇਕ ਦਿਨ ਚੰਦ੍ਰਮਾਂ ਰੁੱਸ ਬੈਠਾ ਚੜ੍ਹਿਆ ਨਾ ਰਿਸ਼ੀਆਂ ਨੇ ਗਾਇਤ੍ਰੀ ਨੂੰ ਚੰਦ੍ਰਮਾਂ ਵੱਲ ਘਲਿਆ, ਪਰ ਚੰਦਮਾਂ ਨਾ ਮੰਨਿਆਂ ਗਾਇਤ੍ਰੀ ਚੰਦ੍ਰਮਾਂ ਨੂੰ ਆਪਣੇ ਪੰਜਿਆਂ ਤੇ ਚੁੰਝ ਵਿਚ ਫੜਕੇ ਅਸਮਾਨ ਨੂੰ ਉਡ ਗਈ ਓਸੇ ਵੇਲੇ ਇਕ ਜੱਟ ਚੰਦ੍ਰਮਾਂ ਦਾ ਪਹਿਰੇ ਦਾਰ ਖੜੋਤਾ ਸੀ ਓਸਨੇ ਤੀਰ ਮਾਰਕੇ ਖੱਬੀ ਲੱਤ ਦਾ ਨਹੁੰ ਵੱਢ ਸੁਟਿਆ ਸੋ ਲੰਗਾਂਦੀ ਲੰਗਾਂਦੀ ਜਾਂਦੀ ਹੈ ॥

‡ਜਿਮੀਂਦਾਰ ਦਾ ਨਾਮ ਹੈ ਜੇਹੜੇ ਕਾਸ਼ੀ ਵੱਲ ਵਾਹੀ ਕਰਦੇ ਹਨ ਓਨਾਂ ਵਿਚੋਂ ਕਿਸੇ ਇਕ ਕੌਮ ਦਾ ਨਾਮ ਹੈ, ਬ੍ਰਹਮਾ ਨੇ ਇਕ ਦਿਨ ਆਪਣੀ ਇਸਤ੍ਰੀ ਗਾਇਤ੍ਰੀ ਨੂੰ ਸ੍ਰਾਪ ਦੇ ਦਿੱਤਾ ਸੋ ਗੰਗਾ ਕਿਨਾਰੇ ਆਕੇ ਬੈਠ ਗਈ ਕਿਸੇ ਆਦਮੀ ਨੇ ਓਸਨੂੰ ਵਰਨਾ ਚਾਹਿਆ ਓਹ ਗਾਂ ਬਣਕੇ ਇਕ ਖੇਤ ਵਿਚ ਚੁਗਣ ਜਾ ਲਗੀ, ਲੋਧੇ ਜੱਟ ਨੇ ਵੇਖਿਆ ਕਿ ਇਹ ਤਾਂ ਮੇਰਾ ਖੇਤ ਨਾਸ ਕਰਨ ਲਗੀ ਹੋਈ ਹੈ ਓਸੇ ਵੇਲੇ ਲਾਠੀ ਲੈਕੇ ਓਸ ਦੀ ਲੱਤ ਉਤੇ ਮਾਰੀ ਅਤੇ ਲੱਤ ਤੋੜ ਦਿਤੀ ਸੋ ਲੜਾਂਦੀ ਲੜਾਂਦੀ ਭੱਜ ਗਈ ॥

ਹੇ ਪਾਂਡੇ ! ਤੇਰੀ ਗਾਇਤ੍ਰੀ ਦੇਖੀ ਹੈ ਲੋਧੇ ਜੱਟ ਦਾ ਖੇਤ ਖਾਂਦੀ ਸੀ ਲਾਠੀ ਲੈਕੇ "ਵਸਿਸ਼ਟ ਜਟ ਨੇ" ਟੰਗ ਤੋੜ ਦਿਤੀ, ਲੰਗੜੀ ਲੰਗੜੀ ਤੁਰੀ ਜਾਂਦੀ ਸੀ ॥

ਪਾਂਡੇ ਤੁਮਰਾ ਮਹਾਦੇਉ

ਧਉਲੇ ਬਲਦ ਚੜਿਆ ਆਵਤ ਦੇਖਿਆ ਥਾ ॥

ਹੇ ਪਾਂਡੇ ! ਤੇਰਾ ਮਹਾਦੇਉ ਬੀ ਚਿਟੇ ਬੈਲ ਤੇ ਚੜ੍ਹਿਆ ਆਉਂਦਾ ਦੇਖਿਆ ਸੀ ॥

*ਮੋਦੀ ਕੇ ਘਰ ਖਾਣਾ ਪਾਕਾ

ਵਾਕਾ ਲੜਿਕਾ ਮਾਰਿਆ ਥਾ॥ ੨ ॥

ਮੋਦੀ ਦੇ ਘਰ ਖਾਣਾ ਪੱਕਾ ਉਸਦਾ ਲੜਕਾ ਸ਼ਿਵਜੀ ਨੇ ਮਾਰਿਆ ਸੀ ॥

ਪਾਂਡੇ ਤੁਮਰਾ ‡ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥

ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥

ਸਰਬਰ=ਬਰਾਬਰੀ ॥ ਜੋਇ=ਇਸਤ੍ਰੀ ॥

ਹੇ ਪਾਂਡੇ ! ਜੇਹੜਾ ਤੇਰਾ ਰਾਮਚੰਦ ਹੈ ਸੋ ਵੀ ਆਉਂਦਾ ਦੇਖਿਆ ਸੀ ਉਸਨੇ ਆਪਣੀ ਘਰ ਦੀ ਇਸਤ੍ਰੀ ਹੀ ਗਵਾ ਲਈ ਸੀ, ਇਸ ਲਈ ਰਾਵਣ ਨਾਲ ਲੜਾਈ ਹੋਈ ॥

ਹਿੰਦੂ ਅੰਨਾ ਤੁਰਕੂ ਕਾਣਾ ॥

ਦੁਹਾਂ ਤੇ ਗਿਆਨੀ ਸਿਆਣਾ ॥

ਹਿੰਦੂ ਅੰਨਾ; ਤੁਰਕ ਕਾਣਾ, ਦੁਹਾਂ ਤੋਂ ਗਿਆਨੀ ਸਿਆਣਾ ਹੈ ॥

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ ॥

ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤ ॥ ੪ ॥੩॥੭

ਹਿੰਦੂ ਦੇਹੁਰਾ ਪੂਜਦਾ ਹੈ ਮੁਸਲਮਾਨ ਮਸੀਤ, ਨਾਮੇ ਨੇ ਸੋ ਸੇਵਿਆ ਹੈ ਜਿਸਦਾ ਨਾ

---

*ਮੋਦੀ ਅਨੰਦ ਦੇਣ ਵਾਲੀ ਇਸਤ੍ਰੀ ਨੂੰ ਆਖਦੇ ਹਨ, ਸੋ ਆਪਣੀ ਇਸਤ੍ਰੀ ਪਾਰਬਤੀ ਦਾ ਪੁਤਰ ਗਣੇਸ਼ ਹੀ ਜਿਸ ਕਰੋਧੀ ਨੇ ਮਾਰ ਦਿਤਾ ਸੀ, ਅਥਵਾ ਕੋਈ ਸ਼ਿਵਜੀ ਦਾ ਉਪਾਸ਼ਕ ਮੋਦੀ ਸਿਖ ਸੀ ॥

‡ਜੇਹੜੇ ਸਾਡੇ ਭਰਾ ਭਗਤਾਂ ਨੂੰ ਅਤੇ ਗੁਰੂ ਸਾਹਿਬਾਂ ਨੂੰ ਸ੍ਰੀ ਰਾਮਚੰਦ ਕ੍ਰਿਸ਼ਨ ਉਪਾਸ਼ਕ ਮੰਨਦੇ ਹਨ ਓਹ ਇਸ ਸ਼ਬਦ ਤੋਂ ਸਿੱਖਯਾ ਲੈਣ, ਦੇਖੋ "ਅੰਧੁਲੇ ਦਹਸਿਰ ਮੂੰਡ ਕਟਾਇਆ ਰਾਵਨ ਮਾਰ ਕਿਆ ਵਡਾ ਭਇਆ॥" ਆਸਾ ਮ: ੧

Digitized by Panjab Digital Library | www.panjabdigilib.org

ਠਾਕੁਰਦੁਆਰਾ ਨਾ ਮਸੀਤ ਹੈ ॥

## ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨

### ੧ ੴ ਸਤਿਗੁਰਪ੍ਰਸਾਦਿ ॥

ਮੁਕੰਦ ਮੁਕੰਦ ਜਪਹੁ ਸੰਸਾਰੁ ॥
ਬਿਨੁ ਮੁਕੰਦ ਤਨੁ ਹੋਇ ਅਉਹਾਰ॥

ਅਉ=ਰੇਤ। ਮੁਕੰਦ=ਮੁਕਤੀ ਦੇਣ ਵਾਲਾ ॥ ਹੇ ਸੰਸਾਰੀਓ! ਵਾਹਿਗੁਰੂ ਵਾਹਿਗੁਰੂ ਜਪੋ, ਬਿਨਾ ਵਾਹਿਗੁਰੂ ਤੋਂ ਤੁਹਾਡਾ ਸਰੀਰ ਨਾਸ ਹੋ ਜਾਵੇਗਾ ॥

ਸੋਈ ਮੁਕੰਦ ਮੁਕਤਿ ਕਾ ਦਾਤਾ ॥
ਸੋਈ ਮੁਕੰਦ ਹਮਰਾ ਪਿਤ ਮਾਤਾ ॥ ੧ ॥

ਸੋਈ ਵਾਹਿਗੁਰੂ ਮੁਕਤੀ ਦਾ ਦਾਤਾ ਹੈ, ਸੋਈ ਵਾਹਿਗੁਰੂ ਸਾਡਾ ਪਿਤਾ ਮਾਤਾ ਹੈ ।

ਜੀਵਤ ਮੁਕੰਦੇ ਮਰਤ ਮੁਕੰਦੇ ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥ ਰਹਾਉ ॥

ਅਸੀਂ ਜੀਉਂਦੇ ਵੀ ਵਾਹਿਗੁਰੂ ਨੂੰ ਅਤੇ ਮੋਏ ਵੀ ਵਾਹਿਗੁਰੂ ਨੂੰ ਜਪਦੇ ਹਾਂ, ਤਿਸ ਵਾਹਿਗੁਰੂ ਦੇ ਸੇਵਕਾਂ ਨੂੰ ਸਦਾ ਹੀ ਅਨੰਦ ਹੈ ॥

ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ‡ ਨੀਸਾਨੰ ॥

ਵਾਹਿਗੁਰੂ ਵਾਹਿਗੁਰੂ (ਇੱਕੁਰ ਆਖਣਾ) ਸਾਡੇ ਪ੍ਰਾਨ ਹਨ ਪਰ ਮਥੇ ਦੇ ਲੇਖਾਂ ਕਰ ਕੇ ਵਾਹਿਗੁਰੂ ਨੂੰ ਜਪੀਦਾ ਹੈ ॥

ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥ ੨ ॥

---

‡ਨਿਸ਼ਾਨਾ ਤਿਲਕ, ਨੂਰ, ਪ੍ਰਕਾਸ਼, ਭਾਵ ਜੇਹੜਾ ਵਾਹਿਗੁਰੂ ਨੂੰ ਜਪਦਾ ਹੈ ਓਹ ਸਾਰੇ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ, ਵਾ ਮੱਥੇ ਤੇ ਨਾਮ ਦਾ ਨਿਸ਼ਾਨਾ ਪੈ ਜਾਂਦਾ ਹੈ ਲੋਕ ਜਾਣਦੇ ਹਨ ਇਹ ਨਾਮੀ ਹੈ ॥

Digitized by Panjab Digital Library | www.panjabdigilib.org

ਵੈਰਾਗਵਾਨ ਵਾਹਿਗੁਰੂ ਦੀ ਸੇਵਾ ਕਰਦੇ ਹਨ, ਸੋਈ ਵਾਹਿਗੁਰੂ ਅਜਿਹਾਂ ਆਦਮੀਆਂ ਨੂੰ ਧਨ ਦੀ ਖਾਣ ਲੱਭੀ ਹੈ ॥

ਏਕੁ ਮੁਕੰਦੁ ਕਰੈ ਉਪਕਾਰੁ ॥
ਹਮਰਾ ਕਹਾ ਕਰੈ ਸੰਸਾਰੁ ॥

ਇਕ ਵਾਹਿਗੁਰੂ ਸਾਡੀ ਸਹਾਇਤਾ ਕਰਦਾ ਹੈ, ਸੰਸਾਰ ਸਾਡਾ ਕੀ ਕਰ ਸਕਦਾ ਹੈ ? ॥

ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗਤਾਰਿ ॥ ੩ ॥

ਜਾਤੀ ਨੂੰ ਦੂਰ ਕਰਕੇ ਵਾਹਿਗੁਰੂ ਦੇ ਬੂਹੇ ਤੇ ਪ੍ਰਾਪਤ ਹੋਏ ਹਾਂ ਹੇ ਵਾਹਿਗੁਰੂ ! ਤੂੰਹੇਂ ਹੀ ਜੁਗਾਂ ਜੁਗਾਂ ਵਿੱਚ ਜੀਵਾਂ ਨੂੰ ਤਾਰਨ ਵਾਲਾ ਹੈਂ ॥

ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥

ਸਾਨੂੰ ਗਿਆਨ ਉਪਜਿਆ ਤਾਂ ਪ੍ਰਕਾਸ਼ ਹੋਇਆ (ਵਾਹਿਗੁਰੂ ਨੇ) ਕਿਰਪਾ ਕਰਕੇ ਆਪਣੇ ਦਾਸ ਕਰ ਲਏ ਹਨ ॥

ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥
ਜਪਿ ਮੁਕੰਦ ਸੇਵਾ ਤਾਹੂ ਕੀ ॥ ੪ ॥ ੧ ॥

ਰਵਿਦਾਸ ਜੀ ਕਹਿੰਦੇ ਹਨ ਹੁਣ ਤ੍ਰਿਸ਼ਨਾ ਦੂਰ ਹੋ ਗਈ ਹੈ, ਇਸ ਲਈ ਅਸੀ ਵਾਹਿਗੁਰੂ ਨੂੰ ਹੀ ਜਪਦੇ ਹਾਂ ਅਤੇ ਤਿਸਦੀ ਹੀ ਸੇਵਾ ਕਰਦੇ ਹਾਂ ॥

"ਨਿੰਦਕ"

ਗੌਂਡ ॥

ਜੇ ਓਹੁ ਅਠਸਠਿ ਤੀਰਥ ਨਾਵੈ ॥
ਜੇ ਓਹੁ ਦੁਆਦਸਿ ਸਿਲਾ ਪੂਜਾਵੈ ॥

ਜੇ ਉਹ ਅਠਾਹਠ ਤੀਰਥਾਂ ਉਤੇ ਇਸ਼ਨਾਨ ਕਰੇ, ਜੇ ਓਹ ਬਾਰਾਂ ਸਿਲਾਂ(ਸ਼ਿਵਲਿੰਗਾਂ ਦੀਆਂ) ਪੂਜੇ ॥

Digitized by Panjab Digital Library | www.panjabdigilib.org

ਜੇ ਓਹ ਕੂਪ *ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧॥

ਕੂਪ=ਖੂਹ। ਤਟਾ=ਕਿਨਾਰੇ, ਤਾਲ।

ਜੇ ਓਹ ਖੂਹ ਤਾਲ ਲਵਾਕੇ (ਲੋਕਾਂ ਨੂੰ) ਦੇਵੇ, ਜੇ ਨਿੰਦਿਆ ਕਰੇ ਤਾਂ ਸਭ[ਦਾਨ] ਬਿਅਰਥ ਜਾਂਦੇ ਹਨ।

ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ॥ ੧ ॥ ਰਹਾਉ ॥

ਸਰਪਰ=ਜ਼ਰੂਰ।

ਸੰਤਾਂ ਦਾ ਨਿੰਦਕ ਕਿਸਤਰਾਂ ਤਰ ਸਕਦਾ ਹੈ, ਜ਼ਰੂਰ ਹੀ ਜਾਣੋ ਨਰਕ ਵਿਚ ਪਏਗਾ।

ਜੇ ਓਹੁ ਗ੍ਰਹਨ ਕਰੈ ਕੁਲਖੇਤਿ॥
ਅਰਪੈ ਨਾਰਿ ਸੀਗਾਰ ਸਮੇਤਿ॥

ਜੇ ਉਹ ਕੁਰਖੇਤਰ ਉਤੇ ਜਾ ਕੇ ਸੂਰਜ ਗ੍ਰਹਨ ਵਿੱਚ ਇਸ਼ਨਾਨ ਕਰੇ ਅਤੇ ਸਿੰਗਾਰ ਸਮੇਤ ਆਪਣੀ ਇਸਤ੍ਰੀ ਵੀ ਮਣਸ ਦੇਵੇ ॥

ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨ ॥

ਸਾਰੀਆਂ ਸਿੰਮ੍ਰਤੀਆਂ ਕੰਨੀ ਸੁਣੇ, ਜੇ ਨਿੰਦਿਆ ਕਰੇ ਤਾਂ ਕਿਸੇ ਗੁਣ ਨਹੀਂ ॥

ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭੂਮਿਦਾਨ ਸੋਭਾ ਮੰਡਪਿ ਪਾਵੈ ॥

ਜੇ ਉਹ ਅਨੇਕ ਤਰਾਂ ਦੇ ਸੰਤਾਂ ਨੂੰ ਪ੍ਰਸ਼ਾਦ ਖੁਲਾਵੇ, ਧਰਤੀ ਦਾਨ ਕਰੇ ਅਤੇ ਆਪਣੀ ਸੋਭਾ ਵਾਸਤੇ ਬੜੇ ਬੜੇ ਮੰਦਰ ਲੋਕਾਂ ਨੂੰ ਪਵਾ ਦੇਵੇ ॥

ਅਪਨਾ ਬਿਗਾਰਿ ਬਿਰਾਨਾ ਸਾਂਢੈ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥ ੩ ॥

ਬਿਰਾਨਾ=ਬਗਾਨਾਂ। ਸਾਂਢੈ=ਸਵਾਰੇ। ਹਾਂਢੈ=ਫਿਰੇ॥

ਆਪਣਾ ਕੰਮ ਵਿਗਾੜ ਕੇ ਬਗਾਨਾ ਸਵਾਰੇ ਪਰ ਜੇ ਨਿੰਦਿਆ ਕਰੇ

*ਖੂਹ ਦੀ ਮਣ ਅਥਵਾ ਥੜੀ ॥

Digitized by Panjab Digital Library | www.panjabdigilib.org

675



ਤਾਂ ਬਹੁਤ ਜੂਨੀਆਂ ਵਿਚ ਫਿਰੇਗਾ ॥

ਨਿੰਦਾ ਕਹਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥

ਪਹਾਰਾ=ਸੁਨਿਆਰੇ ਦਾ ਪਾਹਾਰਾ ਹੁੰਦਾ ਹੈ, ਮੁਰਾਦ ਸੰਸਾਰ ਪਸਾਰੇ ਤੋ ਹੈ ॥
ਹੇ ਸੰਸਾਰੀਓ ! ਨਿੰਦਿਆ ਕੀ ਕਰਦੇ ਹੋ, ਨਿੰਦਿਆ ਕਰਨ ਵਾਲੇ ਦਾ ਪਰਗਟ ਹੀ ਸੰਸਾਰ ਵਿਚ ਦੁਖ ਫਲ ਹੁੰਦਾ ਹੈ ਇਹ ਨਿਬੇੜਾ ਹੈ ॥

ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥
॥੪॥੨॥ ੧੧॥੭॥੨॥੪੯॥ ਜੋੜੁ ॥

ਸੰਤਾਂ ਨੇ ਹੱਛੀ ਤਰਾਂ ਵਿਚਾਰਿਆ ਹੈ "ਰਵਿਦਾਸ ਜੀ ਕਹਿੰਦੇ ਹਨ" ਪਾਪੀ ਨਰਕਾਂ ਨੂੰ ਜਾਂਦਾ ਹੈ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ ਇਹ ਹੈ—

ਟੀਕਾਕਾਰ ਬਿਸ਼ਨ ਸਿੰਘ ਗਿਆਨੀ
ਖਾਲਸਾ ਕਾਲਜ ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1441

Digitized by Panjab Digital Library / www.panjabdigilib.org

Digitized by Panjab Digital Library | www.panjabdigilib.org